## ਦੇਸ਼-ਧਰਮ ਦਾ ਰਾਖਾ

# ਸਰਦਾਰ ਜੱਸਾ ਸਿੰਘ ਆਹਲੂਵਾਲੀਆ



ਸੰਪਾਦਕ

### ਬਲਵਿੰਦਰ ਸਿੰਘ ਜੌੜਾਸਿੰਘਾ
### ਸਤਵਿੰਦਰ ਸਿੰਘ ਫੂਲਪੁਰ

SikhBookClub.Com

# ਦੇਸ਼-ਧਰਮ ਦਾ ਰਾਖਾ
# ਸਰਦਾਰ ਜੱਸਾ ਸਿੰਘ ਆਹਲੂਵਾਲੀਆ

SikhBookClub.Com

# ਦੇਸ਼-ਧਰਮ ਦਾ ਰਾਖਾ
# ਸਰਦਾਰ ਜੱਸਾ ਸਿੰਘ ਆਹਲੂਵਾਲੀਆ


*ਸੰਪਾਦਕ*

**ਬਲਵਿੰਦਰ ਸਿੰਘ ਜੌੜਾਸਿੰਘਾ**

**ਸਤਵਿੰਦਰ ਸਿੰਘ ਫੂਲਪੁਰ**



*ਪ੍ਰਕਾਸ਼ਕ*

**ਧਰਮ ਪ੍ਰਚਾਰ ਕਮੇਟੀ**

**(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)**

**ਸ੍ਰੀ ਅੰਮ੍ਰਿਤਸਰ**


SikhBookClub.Com

# ਦੇਸ਼-ਧਰਮ ਦਾ ਰਾਖਾ
# ਸਰਦਾਰ ਜੱਸਾ ਸਿੰਘ ਆਹਲੂਵਾਲੀਆ

ਸੰਪਾਦਕ

**ਬਲਵਿੰਦਰ ਸਿੰਘ ਜੌੜਾਸਿੰਘਾ**

**ਸਤਵਿੰਦਰ ਸਿੰਘ ਫੂਲਪੁਰ**

*ਪ੍ਰਕਾਸ਼ਕ*

**ਧਰਮ ਪ੍ਰਚਾਰ ਕਮੇਟੀ**

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)

ਸ੍ਰੀ ਅੰਮ੍ਰਿਤਸਰ।

ISBN: 978-81-940652-2-7

ਪਹਿਲੀ ਵਾਰ: ਸਤੰਬਰ 2019 3000

**ਕੀਮਤ : 200/-**

*ਛਾਪਕ*

**ਗੋਲਡਨ ਆਫਸੈੱਟ ਪ੍ਰੈਸ**

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)

ਸ੍ਰੀ ਅੰਮ੍ਰਿਤਸਰ।

SikhBookClub.Com

# ਤਤਕਰਾ


| | | |
|---|---|---|
| ਸੰਦੇਸ਼ | | 5 |
| ਭੂਮਿਕਾ | | 7 |
| - ਅੰਸ-ਬੰਸ ਸਰਦਾਰ ਜੱਸਾ ਸਿੰਘ ਆਹਲੂਵਾਲੀਆ | —ਡਾ. ਗੰਡਾ ਸਿੰਘ | 11 |
| - ਖੜਗਧਾਰੀ ਮਹਾਂਪੁਰਖ... | —ਬਾਵਾ ਪ੍ਰੇਮ ਸਿੰਘ ਹੋਤੀ ਮਰਦਾਨ | 15 |
| - 18ਵੀਂ ਸਦੀ ਦੇ ਸੂਰਵੀਰ ਯੋਧੇ... | —ਜਥੇਦਾਰ ਬਾਬਾ ਬਲਬੀਰ ਸਿੰਘ | 22 |
| - ਧਰਮ-ਧ੍ਰਜ... | —ਸ. ਬਲਵਿੰਦਰ ਸਿੰਘ ਜੌੜਾਸਿੰਘਾ | 26 |
| - ਜੀਵਨ ਸੰਘਰਸ਼ ਤੇ ਪ੍ਰਾਪਤੀਆਂ... | —ਪ੍ਰੋ. ਪ੍ਰਕਾਸ਼ ਸਿੰਘ | 36 |
| - ਸੁਲਤਾਨ-ਉਲ-ਕੌਮ... | —ਪ੍ਰਿੰ. ਸਤਿਬੀਰ ਸਿੰਘ | 45 |
| - ਸਰਦਾਰ ਜੱਸਾ ਸਿੰਘ ਆਹਲੂਵਾਲੀਆ | —ਡਾ. ਜੀਤ ਸਿੰਘ 'ਸੀਤਲ' | 58 |
| - ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ | —ਪ੍ਰੋ. ਲਾਭ ਸਿੰਘ | 68 |
| - ਆਹਲੂਵਾਲੀਆ ਮਿਸਲ | —ਗੋਕਲ ਚੰਦ ਨਾਰੰਗ | 79 |
| - ਸੁਲਤਨ-ਉਲ-ਕੌਮ : ਪੰਥ ਦਾ ਬਾਦਸ਼ਾਹ... | —ਪ੍ਰੋ. ਸੁਰਜੀਤ ਸਿੰਘ ਗਾਂਧੀ | 82 |
| - ਬਾਦਸ਼ਾਹ-ਏ-ਸਿੰਘਾਂ... | —ਸ. ਕੁਲਦੀਪ ਸਿੰਘ ਹਉਰਾ | 95 |
| - ਅਠ੍ਹਾਰਵੀਂ ਸਦੀ ਦਾ ਸੰਘਰਸ਼... | —ਸ. ਦੇਵਿੰਦਰ ਸਿੰਘ ਦੁੱਗਲ | 108 |
| - ਸਰਦਾਰ ਜੱਸਾ ਸਿੰਘ ਆਹਲੂਵਾਲੀਆ | —ਡਾ. ਬਲਕਾਰ ਸਿੰਘ | 125 |
| - ਸਰਦਾਰ ਜੱਸਾ ਸਿੰਘ ਆਹਲੂਵਾਲੀਆ... | —ਡਾ. ਹਰਬੰਸ ਸਿੰਘ | 138 |
| - ਸਿੱਖ ਤਵਾਰੀਖ਼ ਦਾ ਅਲੰਬਰਦਾਰ... | —ਸ. ਸਿਮਰਜੀਤ ਸਿੰਘ | 144 |
| - ਸੁਲਤਾਨ-ਉਲ-ਕੌਮ... | —ਦਿਲਜੀਤ ਸਿੰਘ 'ਬੇਦੀ' | 153 |
| - ਹਲੀਮੀ ਰਾਜ ਦਾ ਅਲੰਬਰਦਾਰ... | —ਸਤਵਿੰਦਰ ਸਿੰਘ ਫੂਲਪੁਰ | 156 |
| - ਸੂਝਵਾਨ ਕਮਾਂਡਰ... | —ਡਾ. ਸ਼ਮਸ਼ੇਰ ਸਿੰਘ | 161 |


SikhBookClub.Com

- ਧਰਮੀ ਮਾਂ ਦੇ ਸੰਸਕਾਰਾਂ ਦਾ ਪ੍ਰਗਟ ਰੂਪ... —*ਡਾ. ਇੰਦਰਜੀਤ ਸਿੰਘ ਗੋਗੋਆਣੀ* 164
- ਸੁਲਤਾਨ-ਉਲ-ਕੌਮ ਨੂੰ ਯਾਦ ਕਰਦਿਆਂ —*ਡਾ. ਪਰਮਵੀਰ ਸਿੰਘ* 168
- ਫ਼ਾਰਸੀ ਸਰੋਤਾਂ ਅਨੁਸਾਰ... —*ਡਾ. ਰਾਏ ਜਸਬੀਰ ਸਿੰਘ* 178
- ਖਾਲਸਈ ਪਰੰਪਰਾ ਦਾ ਪ੍ਰਤੀਕ... —*ਡਾ. ਗੁਰਨਾਮ ਕੌਰ* 190
- ਸਰਦਾਰ ਜੱਸਾ ਸਿੰਘ ਆਹਲੂਵਾਲੀਆ... —*ਡਾ. ਜਗਜੀਵਨ ਸਿੰਘ* 196
- ...ਰਾਜ-ਪ੍ਰਬੰਧ ਦਾ ਆਦਰਸ਼ —*ਸ. ਤਲਵਿੰਦਰ ਸਿੰਘ ਬੁੱਟਰ ਕਲਾਂ* 204
- ...ਰਾਖੀ ਪ੍ਰਬੰਧ —*ਗਿਆਨੀ ਸੁਰਿੰਦਰ ਸਿੰਘ ਨਿਮਾਣਾ* 211
- 18ਵੀਂ ਸਦੀ ਦਾ ਸਿੱਖ ਸੰਘਰਸ਼... —*ਡਾ. ਗੁਰਤੇਜ ਸਿੰਘ ਠੀਕਰੀਵਾਲਾ* 215
- ਨੌਜਵਾਨ ਵਰਗ ਲਈ ਪ੍ਰੇਰਨਾਦਾਇਕ... —*ਸ. ਬਿਕਰਮਜੀਤ ਸਿੰਘ ਜੀਤ* 226
- ਦਿੱਲੀ ਫ਼ਤਹਿ ਪਿੱਛੋਂ... —*ਸ. ਭਗਵਾਨ ਸਿੰਘ ਜੌਹਲ* 233
- ਆਦਰਸ਼ ਮਾਂ ਦੇ ਸਪੂਤ... —*ਸ. ਰਾਜਵਿੰਦਰ ਸਿੰਘ ਜੋਗਾ* 236
- ਰਾਜਾ ਜਵਾਹਰ ਸਿੰਘ ਭਰਪੂਰੀਏ ਨਾਲ ਸੰਬੰਧ —*ਡਾ. ਕੁਲਵਿੰਦਰ ਸਿੰਘ* 240
- ਇਤਿਹਾਸਿਕ ਸਰੋਤ: ਸ੍ਰੀ ਜੱਸਾ ਸਿੰਘ ਬਿਨੋਦ —*ਡਾ. ਧਰਮ ਸਿੰਘ* 253
- ਪੰਜਾਬੀ ਇਤਿਹਾਸਿਕ ਨਾਵਲਾਂ ਦੇ ਆਧਾਰ 'ਤੇ...—*ਡਾ. ਸਰਵਣ ਸਿੰਘ ਹਸਨਪੁਰਾ* 259
- ...ਪ੍ਰਾਪਤੀਆਂ ਅਤੇ ਖ਼ਿਤਾਬ —*ਜਗਰੂਪ ਸਿੰਘ ਪ੍ਰੋ਼ਫੈਸਰ* 266
- ਸਰਦਾਰ ਜੱਸਾ ਸਿੰਘ ਦੀ ਸ਼ਖ਼ਸੀਅਤ —*ਗੁਰਮੁਖ ਸਿੰਘ 'ਰਾਹੀ'* 271
- ਤਿਥਾਵਲੀ 275

SikhBookClub.Com

ੴ ਵਾਹਿਗੁਰੂ ਜੀ ਕੀ ਫ਼ਤਹ॥

ਭਾਈ ਗੋਬਿੰਦ ਸਿੰਘ ਲੌਂਗੋਵਾਲ

ਪ੍ਰਧਾਨ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

# ਸੰਦੇਸ਼

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸਿੱਖ-ਪੰਥ ਦੀ ਫ਼ਖ਼ਰ ਕਰਨ ਯੋਗ ਸ਼ਖ਼ਸੀਅਤ ਹਨ ਜਿਨ੍ਹਾਂ ਨੇ ਬਿਖੜੇ ਹਾਲਾਤਾਂ ਵਿਚ ਪੰਥਕ ਸ਼ਕਤੀ ਨੂੰ ਇਕ ਜੁੱਟ ਕਰ ਕੇ ਜਬਰ-ਜ਼ੁਲਮ ਦਾ ਟਾਕਰਾ ਕਰਨ ਦੇ ਸਮਰੱਥ ਬਣਾਇਆ। ਖ਼ਾਲਸਈ ਰਾਜ ਦੀਆਂ ਨੀਹਾਂ ਮਜ਼ਬੂਤ ਕਰਦਿਆਂ ਇਸ ਦਾ ਵਿਸਥਾਰ ਕੀਤਾ। ਵਿਦੇਸ਼ੀ ਹਮਲਾਵਰਾਂ ਦੇ ਹਮਲਿਆਂ ਨੂੰ ਮਾਤ ਦੇ ਕੇ ਗ਼ਜ਼ਨੀ ਦੇ ਬਜ਼ਾਰਾਂ ਵਿਚ ਬੇ-ਪੱਤ ਹੁੰਦੀਆਂ ਭਾਰਤੀ ਇਸਤਰੀਆਂ ਦੀ ਆਬਰੂ ਨੂੰ ਬਚਾਇਆ। ਆਪ ਜਿੱਥੇ ਮਹਾਨ ਜਰਨੈਲ ਸਨ, ਉੱਥੇ ਪੰਥ ਦੇ ਧਾਰਮਿਕ ਅਤੇ ਰਾਜਨੀਤਿਕ ਆਗੂ ਵੀ ਸਨ। ਨਵਾਬ ਕਪੂਰ ਸਿੰਘ ਜੀ ਤੋਂ ਬਾਅਦ ਆਪ ਜੀ ਨੇ ਖਾਲਸਾ ਪੰਥ ਦੀ ਅਗਵਾਈ ਕੀਤੀ। ਆਪ ਜੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ, ਬੁੱਢਾ ਦਲ ਦੇ ਮੁਖੀ, ਦਲ ਖਾਲਸਾ ਦੇ ਮੁਖੀ ਅਤੇ ਆਹਲੂਵਾਲੀਆ ਮਿਸਲ ਦੇ ਮੁਖੀ ਵਜੋਂ ਪੰਥ ਦੀ ਸੇਵਾ ਕਰਨ ਦਾ ਮਾਣ ਹਾਸਲ ਹੋਇਆ।

ਅਜਿਹੇ ਆਦਰਸ਼ਕ ਜੀਵਨ ਵਾਲੇ ਪਰਉਪਕਾਰੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਉੱਪਰ ਪੰਥ ਨੂੰ ਸਦਾ ਮਾਣ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੁਆਰਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ 300-ਸਾਲਾ ਜਨਮ ਦਿਹਾੜੇ ਮੌਕੇ 'ਤੇ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਦੁਆਰਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਜੀਵਨ-ਸ਼ਖ਼ਸੀਅਤ ਉੱਪਰ ਗੁਰਮਤਿ ਪ੍ਰਕਾਸ਼ ਦਾ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤਾ ਗਿਆ ਸੀ। ਪਾਠਕਾਂ ਦੀ ਮੰਗ ਨੂੰ ਧਿਆਨ ਵਿਚ ਰੱਖਦਿਆਂ ਹੁਣ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਜੀਵਨ ਤੇ ਸੰਘਰਸ਼ ਬਾਰੇ ਇਕ ਵਡਮੁੱਲੀ ਪੁਸਤਕ ਸੰਗਤਾਂ ਦੇ ਸਨਮੁਖ ਪੇਸ਼ ਕਰਨ ਦੀ ਖੁਸ਼ੀ ਲੈ ਰਹੇ ਹਾਂ। ਜਿਨ੍ਹਾਂ ਵਿਦਵਾਨ ਲੇਖਕਾਂ ਨੇ ਇਸ ਵਿਸ਼ੇਸ਼ ਅੰਕ ਲਈ ਆਪਣੇ ਵਡਮੁੱਲੇ ਲੇਖ ਲਿਖੇ ਹਨ ਮੈਂ ਉਨ੍ਹਾਂ ਦਾ ਸ਼ੁਕਰਗੁਜ਼ਾਰ ਹਾਂ।

ਮੈਂ ਸਮੂਹ ਸਹਿਯੋਗੀਆਂ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਆਪਣੀ ਮਿਹਨਤ ਤੇ ਲਗਨ ਨਾਲ ਇਸ ਪੁਸਤਕ ਨੂੰ ਤਿਆਰ ਕੀਤਾ ਹੈ।

ਮੈਨੂੰ ਪੂਰਨ ਆਸ ਹੈ ਕਿ ਇਹ ਪੁਸਤਕ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਆਦਰਸ਼ਕ ਗੁਰਸਿੱਖੀ ਜੀਵਨ ਨੂੰ ਲੋਕਾਂ ਸਾਹਮਣੇ ਪ੍ਰਗਟ ਕਰਨ ਵਿਚ ਸਹਾਈ ਹੋਵੇਗੀ ਅਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਇਸ ਕੌਮੀ ਨਾਇਕ ਦੇ ਮਹਾਨ ਪਰਉਪਕਾਰੀ ਕਾਰਜਾਂ ਤੋਂ ਪ੍ਰੇਰਨਾ ਲੈ ਕੇ ਆਪਣੀ ਸ਼ਖ਼ਸੀਅਤ ਨੂੰ ਸਵਾਰ ਸਕਣਗੀਆਂ।

ਗੁਰੂ-ਪੰਥ ਦਾ ਦਾਸ

(ਗੋਬਿੰਦ ਸਿੰਘ ਲੌਂਗੋਵਾਲ)

ਫੋਨ ਦਫ਼ਤਰ +91 183 255 3950, ਫੈਕਸ +91 183 2553919, ਮੋਬਾਇਲ 98558 95558
e-mail: info@sgpc.net, website: www.sgpc.net

SikhBookClub.Com

# ਭੂਮਿਕਾ

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਨਾਲ ਸਿੱਖ ਧਰਮ ਦੀ ਬੁਨਿਆਦ ਹੋਂਦ ਵਿਚ ਆਈ। ਇਹ ਉਹ ਸਮਾਂ ਸੀ ਜਦੋਂ ਸੰਸਾਰ ਦੇ ਵਰਤਾਰੇ ਵਿਚ ਕਾਫੀ ਉਥਲ-ਪੁਥਲ ਹੋ ਰਹੀ ਸੀ। ਵਿਸ਼ੇਸ਼ ਕਰਕੇ ਹਿੰਦੁਸਤਾਨ ਧਾਰਮਿਕ, ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਅਧੋਗਤੀ ਕਾਰਨ ਸੰਘਰਸ਼ ਵਿੱਚੋਂ ਗੁਜ਼ਰ ਰਿਹਾ ਸੀ। ਉਸ ਸਮੇਂ ਦੇਸ਼ ਦੇ ਹਾਲਾਤ ਬਾਰੇ ਗੁਰਬਾਣੀ ਅੰਦਰ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਭਰਪੂਰ ਜ਼ਿਕਰ ਮਿਲਦਾ ਹੈ:

**-ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥**

*(ਪੰਨਾ ੧੪੫)*

**-ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।**

*(ਵਾਰ ੧:੨੪)*

**-ਸਚੁ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਮ੍ਹਣਿ ਮਉਲਾਣੇ।**

*(ਵਾਰ ੧:੨੧)*

ਸਿੱਖ ਧਰਮ ਦੀ ਉਤਪਤੀ ਤੇ ਵਿਕਾਸ ਨਿਘਾਰ ਦੇ ਅਜਿਹੇ ਦੌਰ ਵਿਚ ਹੋਇਆ ਸੀ ਜਦੋਂ ਸਮਾਜ ਵਿਚ ਹਰ ਪਾਸੇ ਅਸਮਾਨਤਾ ਫੈਲੀ ਹੋਈ ਸੀ। ਸ੍ਰੀ ਗੁਰੁ ਨਾਨਕ ਪਾਤਸ਼ਾਹ ਜੀ ਦੁਆਰਾ ਜਗਤ-ਜਲੰਦੇ ਦੇ ਉੱਧਾਰ ਲਈ ਬਾਬਰ ਦੀਆਂ ਚੱਕੀਆਂ ਤੋਂ ਸ਼ੁਰੂ ਕੀਤੀ 'ਨਾਨਕ ਨਿਰਮਲ ਪੰਥ' ਦੀ ਜੱਦੋ-ਜਹਿਦ ਅੱਜ ਵੀ ਨਿਰੰਤਰ ਜਾਰੀ ਹੈ। ਇਸ ਸੰਘਰਸ਼ ਵਿਚ ਗੁਰੂ ਸਾਹਿਬਾਨ ਦੀਆਂ ਸ਼ਹੀਦੀਆਂ ਦੇ ਨਾਲ-ਨਾਲ ਬੇਅੰਤ ਗੁਰੂ ਦੇ ਪਿਆਰੇ ਸਿੱਖਾਂ ਨੂੰ ਤਸ਼ੱਦਦ ਸਹਿਣੇ ਪਏ ਅਤੇ ਸ਼ਹੀਦੀਆਂ ਵੀ ਪਾਉਣੀਆਂ ਪਈਆਂ। ਦੇਸ਼ ਵਿੱਚੋਂ ਜ਼ੁਲਮ ਦਾ ਨਾਸ਼ ਕਰ ਕੇ ਨਿਆਂਕਾਰੀ ਰਾਜ ਦੀ ਸਥਾਪਨਾ ਕਰਨ ਲਈ ਦੇਸ਼ੀ ਤੇ ਵਿਦੇਸ਼ੀ ਹਕੂਮਤਾਂ ਨਾਲ ਖਾਲਸਾ-ਪੰਥ ਨੂੰ ਬਹੁਤ ਸਾਰੇ ਜੰਗ-ਯੁੱਧ ਲੜਨੇ ਪਏ। ਇਸ ਸੰਘਰਸ਼ ਨੇ ਬਹੁਤ ਸਾਰੇ ਸਿਰਲੱਥ ਯੋਧੇ ਪੈਦਾ ਕੀਤੇ। ਜਿਨ੍ਹਾਂ



SikhBookClub.Com

ਸਿੱਖ ਯੋਧਿਆਂ ਨੇ ਵਿਦੇਸ਼ੀ ਹਮਲਾਵਰਾਂ ਨੂੰ ਆਪਣੀ ਤਾਕਤ ਦਾ ਲੋਹਾ ਮਨਵਾਇਆ ਉਨ੍ਹਾਂ ਯੋਧਿਆਂ ਦੀ ਫਹਿਰਿਸਤ ਬਹੁਤ ਲੰਮੀ ਹੈ। ਸਿੱਖਾਂ ਨੇ ਜ਼ਬਰ-ਜ਼ੁਲਮ ਵਿਰੁੱਧ ਸੰਘਰਸ਼ ਲੜ ਕੇ ਇਕ ਸ਼ਾਨਾਂਮੱਤੇ ਇਤਿਹਾਸ ਦੀ ਸਿਰਜਣਾ ਕੀਤੀ ਹੈ। ਕਹਿਣ ਦਾ ਭਾਵ ਕਿ ਸਿੱਖ ਇਤਿਹਾਸ ਦਾ ਹਰੇਕ ਪੱਤਰਾ ਮਨੁੱਖੀ ਹੱਕਾਂ, ਮਾਨਵੀ ਕਦਰਾਂ-ਕੀਮਤਾਂ ਦੀ ਰਾਖੀ ਅਤੇ ਸਤ-ਸੰਤੋਖ, ਨੇਕੀ ਦਇਆ, ਪਰਉਪਕਾਰ' ਜਿਹੇ ਸਦਗੁਣਾਂ ਨਾਲ ਭਰਪੂਰ ਹਲੀਮੀ-ਰਾਜ ਦੀ ਸਥਾਪਤੀ ਲਈ ਕੀਤੇ ਗਏ ਲੰਮੇ ਸੰਘਰਸ਼ ਦੀ ਦਾਸਤਾਨ ਨੂੰ ਆਪਣੇ ਅੰਦਰ ਸਮੋਈ ਬੈਠਾ ਹੈ। ਇਹ ਇਕ ਹਕੀਕਤ ਹੈ ਕਿ ਸਿੱਖ ਸੰਘਰਸ਼ ਤੋਂ ਬਗ਼ੈਰ ਹਿੰਦੁਸਤਾਨ ਦਾ ਮੁਹਾਂਦਰਾ ਉਹ ਨਹੀਂ ਸੀ ਹੋਣਾ ਜੋ ਅੱਜ ਅਜ਼ਾਦ ਦੇਸ਼ ਦੇ ਰੂਪ ਵਿਚ ਸਾਡੇ ਸਾਹਮਣੇ ਹੈ। ਸਾਡੇ ਪੁਰਖਿਆਂ ਨੇ ਆਪਣੇ ਸਰੀਰਾਂ ਉੱਪਰ ਫੱਟ ਖਾ ਕੇ ਹਿੰਦੁਸਤਾਨ ਦੀ ਦਾਸਤਾਨ ਨੂੰ ਨਵੇਂ ਸਿਰੇ ਤੋਂ ਸਿਰਜਿਆ ਹੈ। ਸਿੱਖ ਇਤਿਹਾਸ ਦੀਆਂ ਕੁਰਬਾਨੀਆਂ ਤੋਂ ਬਿਨਾ ਭਾਰਤੀ ਇਤਿਹਾਸ ਦੀ ਹੋਂਦ ਕਲਪੀ ਹੀ ਨਹੀਂ ਜਾ ਸਕਦੀ।

ਜਿਨ੍ਹਾਂ ਗੁਰੂ ਦੇ ਲਾਲਾਂ, ਗੁਰਸਿੱਖ ਸੂਰਬੀਰ ਯੋਧਿਆਂ ਨੇ ਇਸ ਲਾਸਾਨੀ ਇਤਿਹਾਸ ਨੂੰ ਸਿਰਜਿਆ ਹੈ ਉਨ੍ਹਾਂ ਵਿੱਚੋਂ ਇਕ ਨਾਮ ਕੌਮ ਦਾ ਫ਼ਖ਼ਰ 'ਸੁਲਤਾਨ-ਉਲ-ਕੌਮ' ਸਰਦਾਰ ਜੱਸਾ ਸਿੰਘ ਆਹਲੂਵਾਲੀਆ ਹੈ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਬਹੁਪੱਖੀ ਸ਼ਖ਼ਸੀਅਤ ਆਪਣੇ ਆਪ ਵਿਚ ਇੱਕ ਮਿਸਾਲ ਹੈ। ਸਰਦਾਰ ਜੱਸਾ ਸਿੰਘ ਆਹਲੂਵਲੀਆ ਇਕ ਮਹਾਨ ਪਰਉਪਕਾਰੀ, ਕਿਰਤੀ ਸਿੱਖ, ਨਾਮ-ਰਸੀਆ, ਧਰਮ ਦੀ ਰਹਿਣੀ ਦਾ ਅਲੰਬਰਦਾਰ ਅਤੇ ਮਹਾਨ ਸੂਰਮਾ ਸੀ ਜਿਸ ਦੀ ਅਗਵਾਈ ਹੇਠ ਖਾਲਸਾ-ਪੰਥ ਨਾ ਕੇਵਲ ਛੋਟੇ ਤੇ ਵੱਡੇ ਘੱਲੂਘਾਰੇ ਵਿੱਚੋਂ ਉੱਭਰਿਆ, ਸਗੋਂ ਉੱਤਰੀ ਭਾਰਤ ਦੀਆਂ ਜਿੱਤਾਂ ਵੀ ਪ੍ਰਾਪਤ ਕੀਤੀਆਂ। ਇੱਥੇ ਹੀ ਬਸ ਨਹੀਂ, ਅਹਿਮਦ ਸ਼ਾਹ ਅਬਦਾਲੀ ਵਰਗੇ ਅਰੁਕ ਜਰਨੈਲ ਦਾ ਅਜਿਹਾ ਮੂੰਹ ਤੋੜਿਆ ਕਿ ਅਫਗਾਨੀ, ਦੁਰਾਨੀ ਆਦਿ ਹਮਲਾਵਰ ਭਾਰਤ ਵੱਲ ਨੂੰ ਮੂੰਹ ਕਰਨ ਤੋਂ ਪਹਿਲਾਂ ਸੋਚਣ ਲੱਗ ਪਏ। ਉਹ ਪੰਜਾਬ ਅਤੇ ਭਾਰਤ ਦੇ ਇਤਿਹਾਸ ਉੱਤੇ ਇੱਕ ਅਜਿਹੀ ਅਮਿੱਟ ਛਾਪ ਛੱਡ ਗਿਆ ਜਿਸ ਬਿਨਾ 18ਵੀਂ ਸਦੀ ਦੇ ਮਗਰਲੇ ਪੰਜ ਦਹਾਕਿਆਂ ਦਾ ਪੰਜਾਬ ਤੇ ਉੱਤਰੀ ਭਾਰਤ ਦਾ ਇਤਿਹਾਸ ਕਲਮਬੱਧ ਨਹੀਂ ਹੋ ਸਕਦਾ। ਜਿਸ ਪੱਧਰ ਦਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਧਰਮ, ਕੌਮ ਅਤੇ ਦੇਸ਼ ਪ੍ਰਤੀ ਯੋਗਦਾਨ ਰਿਹਾ ਹੈ ਉਸ ਨੂੰ ਦੇਸ਼ ਤਾਂ ਭਾਵੇਂ ਆਪਣੀ ਸੰਕੀਰਨ ਜ਼ਿਹਨੀਅਤ ਸਦਕਾ ਯਾਦ ਰੱਖਣ ਦਾ



SikhBookClub.Com

ਫਰਜ਼ ਨਾ ਪਛਾਣੇ, ਪਰ ਸਿੱਖ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਗੁਰਬਾਣੀ, ਗੁਰਮਤਿ ਸਿਧਾਂਤਾਂ ਅਤੇ ਪੰਥ ਦੇ ਮਹਾਨ ਸੂਰਬੀਰ ਯੋਧਿਆਂ ਦੇ ਲਾਸਾਨੀ ਇਤਿਹਾਸ ਨੂੰ ਘਰ-ਘਰ ਪਹੁੰਚਾਉਣ ਲਈ ਵਚਨਬੱਧ ਹੈ। ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੁਆਰਾ ਪ੍ਰਕਾਸ਼ਿਤ ਕੀਤੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਪ੍ਰਕਾਸ਼' ਦਾ ਮਈ-2018 ਦਾ ਵਿਸ਼ੇਸ਼ ਅੰਕ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਜੀਵਨ ਤੇ ਸੰਘਰਸ਼ ਪ੍ਰਕਾਸ਼ਿਤ ਕੀਤਾ ਗਿਆ ਸੀ। ਪਾਠਕਾਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਜੀਵਨ ਤੇ ਸੰਘਰਸ਼ ਬਾਰੇ ਇਕ ਪੁਸਤਕ ਪ੍ਰਕਾਸ਼ਿਤ ਕਰਵਾਉਣ ਦਾ ਫ਼ੈਸਲਾ ਮਾਣਯੋਗ ਭਾਈ ਗੋਬਿੰਦ ਸਿੰਘ ਲੌਂਗੋਵਾਲ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੁਆਰਾ ਲਿਆ ਗਿਆ ਸੀ। ਇਸ ਲਈ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਵਿਸ਼ੇਸ਼ ਅੰਕ ਵਿਚ ਕੁਝ ਹੋਰ ਵਾਧੇ ਕਰਕੇ ਹਥਲੀ ਪੁਸਤਕ ਪਾਠਕਾਂ ਦੇ ਸਨਮੁਖ ਕਰ ਰਹੇ ਹਾਂ। ਇਸ ਪੁਸਤਕ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਜੀਵਨ ਅਤੇ ਸੰਘਰਸ਼ ਬਾਰੇ ਚਾਨਣਾ ਪਾਉਂਦੇ ਲੇਖ ਸ਼ਾਮਿਲ ਕੀਤੇ ਗਏ ਹਨ। ਅਸੀਂ ਮਾਣਯੋਗ ਪ੍ਰਧਾਨ ਸਾਹਿਬ ਭਾਈ ਗੋਬਿੰਦ ਸਿੰਘ ਜੀ ਲੌਂਗੋਵਾਲ ਅਤੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸਾਹਿਬਾਨ ਦੇ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਕਾਰਜ ਲਈ ਸਾਨੂੰ ਪ੍ਰੇਰਨਾ ਦਿੱਤੀ। ਪ੍ਰਧਾਨ ਸਾਹਿਬ ਜੀ ਨੇ ਇਸ ਪੁਸਤਕ ਲਈ ਆਪਣੇ ਵੱਲੋਂ ਸੰਦੇਸ਼ ਵੀ ਦਿੱਤਾ ਹੈ। ਸਮੂਹ ਲੇਖਕਾਂ ਦੇ ਬਹੁਤ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਜੀਵਨ ਸੰਬੰਧੀ ਦਿੱਤੇ ਗਏ ਵਿਸ਼ਿਆਂ ਉੱਪਰ ਆਪਣੇ ਖੋਜ-ਭਰਪੂਰ ਲੇਖ ਲਿਖ ਕੇ ਸਾਨੂੰ ਭੇਜੇ ਹਨ ਜਿਸ ਨਾਲ ਇਕ ਵਧੀਆ ਖੋਜ-ਭਰਪੂਰ ਪੁਸਤਕ ਸਾਹਮਣੇ ਆਈ ਹੈ। ਸ. ਦਿਲਜੀਤ ਸਿੰਘ 'ਬੇਦੀ' ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਆਪਣੇ ਸੋਵੀਨਰ ਵਿੱਚੋਂ ਸਾਨੂੰ ਸ਼ਸਤਰਾਂ ਦੀਆਂ ਤਸਵੀਰਾਂ ਅਤੇ ਲੋੜੀਂਦੇ ਲੇਖ ਮੁਹੱਈਆ ਕਰਵਾਏ ਹਨ।

ਸਾਰੇ ਲੇਖ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨਾਲ ਸਬੰਧਤ ਹੋਣ ਕਾਰਨ ਲੇਖਾਂ ਵਿੱਚ ਕਾਫੀ ਦੁਹਰਾਓ ਸੀ, ਜਿਸ ਨੂੰ ਸੰਭਵ ਹੱਦ ਤਕ ਘਟ ਕਨ ਦੀ ਕੋਸ਼ਿਸ਼ ਕੀਤੀ ਹੈ। ਇਸ ਪੁਸਤਕ ਵਿਚਲੀਆਂ ਤਰੀਕਾਂ ਨੂੰ ਅਸੀਂ ਡਾ. ਗੰਡਾ ਸਿੰਘ ਦੀਆਂ ਤਰੀਕਾਂ ਦੇ ਅਨੁਸਾਰ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਕਿਤਾਬ ਦੇ ਅੰਤ ਵਿਚ ਡਾ. ਗੰਡਾ ਸਿੰਘ ਵਾਲੀ ਤਿਥਾਵਲੀ ਦਿੱਤੀ ਗਈ ਹੈ।

'ਗੁਰਮਤਿ ਪ੍ਰਕਾਸ਼' ਸੰਪਾਦਨਾ ਬ੍ਰਾਂਚ ਅਤੇ ਗੋਲਡਨ ਆਫ਼ਸੈੱਟ ਪ੍ਰੈੱਸ ਦੇ



SikhBookClub.Com

ਸਮੂਹ ਅਮਲੇ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਪੁਸਤਕ ਨੂੰ ਤਿਆਰ ਕਰਨ ਵਿਚ ਆਪਣੀ ਅਹਿਮ ਭੂਮਿਕਾ ਨਿਭਾਈ ਹੈ। ਸਾਨੂੰ ਆਸ ਹੈ ਕਿ ਇਹ ਪੁਸਤਕ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਜੀਵਨ ਤੇ ਸੰਘਰਸ਼ ਦੇ ਇਤਿਹਾਸ ਬਾਰੇ ਪਾਠਕਾਂ ਬਾਰੇ ਵਡਮੁੱਲੀ ਜਾਣਕਾਰੀ ਮੁਹੱਈਆ ਕਰਵਾਏਗੀ। ਇਸ ਨਾਲ ਉਨ੍ਹਾਂ ਦੇ ਮਨੁੱਖਤਾਵਾਦੀ ਕਾਰਜਾਂ ਦਾ ਜਸ ਜਗਤ ਅੰਦਰ ਫ਼ੈਲੇਗਾ ਅਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਜੀਵਨ ਆਦਰਸ਼ ਤੋਂ ਸੇਧ ਲੈਂਦਿਆਂ ਆਉਣ ਵਾਲੀਆਂ ਪੀੜ੍ਹੀਆਂ ਵਿੱਚੋਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਵਰਗੇ ਧਰਮੀ ਤੇ ਪਰਮ-ਸੇਵਕ ਆਗੂ ਪੈਦਾ ਹੋ ਸਕਣਗੇ। ਯਕੀਨ ਹੈ ਕਿ ਇਹ ਪੁਸਤਕ ਪਾਠਕਾਂ ਨੂੰ ਪਸੰਦ ਆਵੇਗੀ।

*ਬਲਵਿੰਦਰ ਸਿੰਘ ਜੌੜਾਸਿੰਘਾ*

SikhBookClub.Com

# ਅੰਸ-ਬੰਸ
# ਸਰਦਾਰ ਜੱਸਾ ਸਿੰਘ ਆਹਲੂਵਾਲੀਆ

*—ਡਾ. ਗੰਡਾ ਸਿੰਘ*

## ਬੰਸਾਵਲੀ ਜੈਸਲਮੇਰ ਦੇ ਭੱਟੀ ਰਾਜ ਘਰਾਣੇ ਨਾਲ ਸੰਬੰਧਤ

ਆਹਲੂਵਾਲੀਆ ਖ਼ਾਨਦਾਨ ਭਾਵੇਂ ਆਮ ਤੌਰ 'ਤੇ 'ਕਲਾਲ' ਕਰਕੇ ਪ੍ਰਸਿੱਧ ਹੈ, ਪਰ ਕਪੂਰਥਲੇ ਦਾ ਰਾਜ-ਘਰਾਣਾ ਆਪਣੀ ਬੰਸਾਵਲੀ ਜੈਸਲਮੇਰ ਤੇ ਭੱਟੀ ਰਾਜ-ਘਰਾਣੇ ਨਾਲ ਮਿਲਦੀ ਮੰਨਦਾ ਹੈ। ਇਹ ਘਰਾਣਾ ਰਾਜਸਥਾਨ ਦੇ ਦੋ-ਚਾਰ ਖਾਸ ਉੱਘੇ ਘਰਾਣਿਆਂ ਵਿੱਚੋਂ ਹੈ ਅਤੇ ਆਪਣੇ ਬਾਹੂ-ਬਲ, ਸੂਰਬੀਰਤਾ ਅਤੇ ਅਣਖ ਲਈ ਖਾਸ ਮਾਣ-ਪ੍ਰਤਿਸ਼ਠਾ ਨਾਲ ਦੇਖਿਆ ਜਾਂਦਾ ਰਿਹਾ ਹੈ।

ਗਜ ਨਾਮੀ ਇਕ ਪ੍ਰਤਾਪੀ ਰਾਜਾ ਨੇ ਰੂਮੀ ਅਤੇ ਖੁਰਾਸਾਨੀ ਬਾਦਸ਼ਾਹਾਂ ਦੇ ਹੱਲੇ ਰੋਕਣ ਲਈ ਆਪਣੇ ਨਾਉਂ ਪਰ ਗਜ਼ਨੀ ਦਾ ਕਿਲ੍ਹਾ ਉਸਾਰਿਆ। ਇਸ ਨੇ ਦੋ-ਤਿੰਨ ਵਾਰੀ ਅੱਗੇ ਖੁਰਾਸਾਨੀਆਂ ਨੂੰ ਮਾਰ ਭਜਾਇਆ ਸੀ, ਪਰ ਜਦ ਇਕ ਹੱਲੇ ਵੇਲੇ ਖੁਰਾਸਾਨੀਆਂ ਅਤੇ ਰੂਮੀਆਂ ਦੀ ਮਿਲਵੀਂ ਬਹੁ-ਗਿਣਤੀ ਅੱਗੇ ਕੋਈ ਪੇਸ਼ ਜਾਂਦੀ ਨਾ ਦੇਖੀ ਤਾਂ ਉਸ ਨੇ ਆਪਣਾ ਟੱਬਰ ਕਬੀਲਾ ਆਪਣੇ ਪੁੱਤਰ ਸਾਲਿਬਾਹਨ ਨਾਲ ਚੜ੍ਹਦੇ ਵੱਲ ਪੰਜਾਬ ਨੂੰ ਤੋਰ ਦਿੱਤਾ ਅਤੇ ਆਪ ਆਪਣੇ ਦੋ ਹਜ਼ਾਰ ਸਾਥੀਆਂ ਸਮੇਤ ਗ਼ਜ਼ਨੀ ਦੀ ਰਣ-ਭੂਮੀ ਵਿਚ ਲੜ ਮੋਇਆ।

ਪੰਜਾਬ ਪਹੁੰਚ ਕੇ ਸਾਲਿਬਾਹਨ ਨੇ ਆਪਣੇ ਲਈ ਇਕ ਨਵਾਂ ਰਾਜ ਕਾਇਮ ਕਰ ਲਿਆ ਅਤੇ 8 ਭਾਦਰੋਂ ਸੰਮਤ 372 ਨੂੰ ਸ਼ਹਿਰ ਸਾਲਿਬਾਹਨਪੁਰ ਦੀ ਨੀਂਹ ਰੱਖੀ। ਇਹ ਸ਼ਹਿਰ ਹੁਣ ਸਿਆਲਕੋਟ ਕਰ ਕੇ ਪ੍ਰਸਿੱਧ ਹੈ।

ਇਹ ਭੀ ਕਿਹਾ ਜਾਂਦਾ ਹੈ ਕਿ ਸਿਆਲਕੋਟ ਪਾਂਡਵਾਂ ਦੇ ਸੰਬੰਧੀ ਰਾਜਾ ਸ਼ੱਲ ਨੇ ਵਸਾਇਆ ਸੀ। ਸਾਲਿਬਾਹਨ ਚੂੰਕਿ ਉਸੇ ਸ਼ੱਲ ਦੀ ਕੁਲ ਵਿੱਚੋਂ ਸੀ, ਇਸ ਲਈ ਉਸ ਨੇ ਨਵੇਂ ਸ਼ਹਿਰ ਦਾ ਨਾਉਂ ਤਾਂ ਸਾਲਿਬਾਹਨਪੁਰ ਰੱਖਿਆ ਅਤੇ ਪੁਰਾਣੇ ਕਿਲ੍ਹੇ ਦਾ ਨਾਉਂ ਸ਼ੱਲਕੋਟ ਹੀ ਰਹਿਣ ਦਿੱਤਾ। ਸ਼ੱਲਕੋਟ ਪਹਿਲਾਂ ਦਾ ਪ੍ਰਚਲਿਤ ਹੋਣ ਕਰ ਕੇ ਸ਼ਹਿਰ ਭੀ ਸ਼ੱਲਕੋਟ ਹੀ, ਸਿਲਕੋਟ (ਸਿਆਲਕੋਟ) ਪ੍ਰਸਿੱਧ ਹੋ ਗਿਆ। ਸਾਲਿਬਾਹਨ ਪੰਜਾਬ ਦਾ ਇਕ ਸਿਰ-ਕੱਢ ਸੂਰਮਾ ਹੋਇਆ ਹੈ। ਇਸ



SikhBookClub.Com

ਨੇ ਸ਼ੱਕਾਂ ਦੀ ਪੰਜਾਬ ਵੱਲ ਵਧਦੀ ਆ ਰਹੀ ਧਾੜ ਨੂੰ ਮੁਲਤਾਨ ਤੋਂ ਸੱਠ ਕੁ ਮੀਲ ਦੀ ਵਿੱਥ 'ਤੇ ਕਹਰੋੜ ਦੇ ਮੈਦਾਨ ਵਿਚ ਉਹ ਮਾਰ ਮਾਰੀ ਸੀ ਕਿ ਕਈ ਦੇਰ ਤਕ ਉਨ੍ਹਾਂ ਨੂੰ ਮੁੜ ਇਧਰ ਮੂੰਹ ਕਰਨ ਦਾ ਹੀਆ ਨਾ ਪਿਆ। ਇਸ ਜਿੱਤ ਨੇ ਇਸ ਦੀ ਇਤਨੀ ਚੜ੍ਹ ਮਚਾ ਦਿੱਤੀ ਕਿ ਇਸ ਨੇ ਆਪਣਾ ਨਾਉਂ ਹੀ ਸ਼ੱਕ ਅਰੀ (ਸ਼ਕ-ਅਰੀ), ਸ਼ੱਕਾਂ ਦਾ ਵੈਰੀ ਪ੍ਰਸਿੱਧ ਕਰ ਦਿੱਤਾ ਅਤੇ ਇਸੇ ਜਿੱਤ ਦੀ ਖੁਸ਼ੀ ਵਿਚ ਇਸ ਨੇ ਆਪਣਾ ਸੰਮਤ (ਸ਼ਕ ਸੰਮਤ) ਵੀ ਚਲਾ ਦਿੱਤਾ। ਇਹ ਸੰਨ 78 ਈ. ਤੋਂ ਸ਼ੁਰੂ ਹੁੰਦਾ ਹੈ।

ਸਾਲਿਬਾਹਨ ਦਾ ਪੋਤਾ ਭੱਟੀ ਇਕ ਪ੍ਰਸਿੱਧ ਜੋਧਾ ਹੋਇਆ ਹੈ, ਜਿਸ ਦੇ ਨਾਉਂ ਪਰ ਇਸ ਦੇ ਪਿੱਛੋਂ ਇਸ ਘਰਾਣੇ ਦਾ ਨਾਉਂ ਯਾਦੋ ਭੱਟੀ ਮਸ਼ਹੂਰ ਹੋ ਗਿਆ। ਆਲੇ-ਦੁਆਲੇ ਮੱਲਾਂ ਮਾਰ ਕੇ ਇਸ ਨੇ ਆਪਣੇ ਇਲਾਕੇ ਨੂੰ ਚੋਖਾ ਵੱਡਾ ਕਰ ਲਿਆ। ਕਈ ਪੀੜ੍ਹੀਆਂ ਤਕ ਇਸ ਦੀ ਸੰਤਾਨ ਚੜ੍ਹਦੇ ਪੰਜਾਬ ਦੇ ਇਕ ਵੱਡੇ ਹਿੱਸੇ ਪੁਰ ਰਾਜ ਕਰਦੀ ਰਹੀ, ਪਰ ਜਦ ਮੁਸਲਮਾਨਾਂ ਨੇ ਪਹਿਲੇ ਪਹਿਲ ਪੰਜਾਬ ਪਰ ਹੱਲੇ ਕਰਨੇ ਸ਼ੁਰੂ ਕੀਤੇ ਤਾਂ ਭੱਟੀ ਪੰਜਾਬ ਨੂੰ ਛੱਡ ਕੇ ਲੱਖੀ ਜੰਗਲ ਅਤੇ ਬੀਕਾਨੇਰ ਦੇ ਰੇਤ ਥਲਿਆਂ ਨੂੰ ਨਿਕਲ ਗਏ। ਸਥਾਨਕ ਵਸਨੀਕਾਂ ਨਾਲ ਲੜ-ਭਿੜ ਕੇ ਇਨ੍ਹਾਂ ਨੇ ਇੱਥੇ ਆਪਣੇ ਪੈਰ ਜਮਾ ਲਏ ਅਤੇ ਤਨੋਟ ਵਿਚ ਆਪਣੇ ਰਾਜਧਾਨੀ ਬਣਾ ਲਈ। ਇਹ ਤਨੋਟ ਹਾਲੇ ਤਕ ਭੀ ਜੈਸਲਮੇਰ ਦੇ ਇਲਾਕੇ ਵਿਚ ਕਿਸ਼ਨਗੜ੍ਹ ਤੋਂ ਲਹਿੰਦੇ ਦੱਖਣ ਨੂੰ ਇਕ ਉੱਘਾ ਸ਼ਹਿਰ ਹੈ। ਸਮੇਂ ਦੇ ਹੇਰ-ਫੇਰ ਨੇ ਇਨ੍ਹਾਂ ਨੂੰ ਬਹੁਤ ਚਿਰ ਤਨੋਟ ਠਹਿਰਨ ਨਾ ਦਿੱਤਾ। ਇੱਥੋਂ ਨਿਕਲ ਕੇ ਦਿਓ ਰਾਜ ਨੇ, ਜਿਸ ਨੇ ਭੱਟੀ ਖ਼ਾਨਦਾਨ ਵਿਚ ਸਾਰਿਆਂ ਨਾਲੋਂ ਪਹਿਲਾਂ 'ਰਾਵਲ' ਦਾ ਖਿਤਾਬ ਆਪਣੇ ਨਾਉਂ ਨਾਲ ਲਾਇਆ ਸੀ, ਸੰਮਤ 909 ਵਿਚ ਦਿਓ ਰਾਵਲ (ਦਿਓ ਗੜ੍ਹ) ਕਿਲ੍ਹਾ ਬਣਾਇਆ। ਪਿੱਛੋਂ ਇਹ ਨਾਉਂ ਵਿਗੜ ਕੇ ਦਿਓ-ਰਾਵਰ ਹੋ ਗਿਆ ਅਤੇ ਹੁਣ ਡੇਰਾਵੜ ਹੋ ਕੇ ਬਹਾਵਲਪੁਰ ਦੇ ਇਲਾਕੇ ਵਿਚ ਹੈ।

ਦਿਓ ਰਾਵਰ ਤੋਂ ਰਾਜਧਾਨੀ ਬਦਲ ਕੇ ਲੋਦਰਵਾ ਲਿਜਾਈ ਗਈ, ਪਰ ਇਹ ਥਾਂ ਵੈਰੀਆਂ ਨੂੰ ਰੋਕ ਸਕਣ ਲਈ ਚੰਗੀ ਸਾਬਤ ਨਾ ਹੋਈ। ਅੰਤ ਸਾਵਣ ਸੁਦੀ 11-12, ਸੰਮਤ 1212 ਨੂੰ ਰਾਵਲ ਜੈਸਲ ਨੇ ਤ੍ਰਿਕੁਟੀ ਪਹਾੜੀ ਪਰ ਇਕ ਗੜ੍ਹ ਰਚਿਆ ਅਤੇ ਉਸ ਦਾ ਨਾਉਂ ਜੈਸਮਲੇਰ ਰੱਖਿਆ। ਜਦ ਅਲਾਉੱਦੀਨ ਖਿਲਜੀ ਨੇ ਜੈਸਲਮੇਰ ਕਿਲ੍ਹੇ ਅਤੇ ਸ਼ਹਿਰ ਨੂੰ ਲੁਟ-ਪੁਟ ਕੇ ਬਰਬਾਦ ਕਰ ਦਿੱਤਾ ਤਾਂ ਕੁਝ ਭੱਟੀ ਉੱਥੋਂ ਨਿਕਲ ਕੇ ਪੰਜਾਬ ਵਿਚ ਆ ਵੱਸੇ ਅਤੇ ਕੁਝ ਕੁ ਨੇ ਉੱਥੇ ਹੀ ਲੁਕ-ਛਿਪ ਕੇ ਮੁਸੀਬਤ ਦੇ ਦਿਨ ਕੱਟ ਲਏ ਅਤੇ ਮੌਕਾ ਪਾ ਕੇ ਮੁੜ ਜੈਸਲਮੇਰ ਪਰ ਜਾ ਕਬਜ਼ਾ ਕੀਤਾ।

## ਅਕਬਰ ਨੇ ਰਾਣਾ ਤੁਲਸੀ ਪਾਸੋਂ ਉਸ ਦੀ ਲੜਕੀ ਦੀ ਮੰਗ ਕੀਤੀ

ਰਾਵਲ ਜੈਸਲ ਦੇ ਅੱਠ ਪੁੱਤਰ ਸਨ। ਇਨ੍ਹਾਂ ਵਿੱਚੋਂ ਕਰਨ ਅਤੇ ਧਮ ਬਹੁਤ



SikhBookClub.Com

ਉੱਘੇ ਹੋਏ ਹਨ। ਰਾਵਲ ਕਰਨ ਦੀ ਸੰਤਾਨ ਅੱਜ ਤਕ ਜੈਸਲਮੇਰ ਵਿਚ ਮੌਜੂਦ ਹੈ। ਕੁਝ ਕੁ ਬੇ-ਅਣਖੇ ਰਾਜਪੂਤਾਂ ਨੇ ਮੁਗ਼ਲਾਂ ਨੂੰ ਲੜਕੀਆਂ ਵਿਆਹੁਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਅਕਬਰ ਬਾਦਸ਼ਾਹ ਨੇ ਜੈਸਲਮੇਰ ਭੱਟੀਆਂ ਪਾਸੋਂ ਭੀ ਮੰਗ ਕੀਤੀ। ਉਸ ਵੇਲੇ ਰਾਣਾ ਹਰ ਰਾਇ ਜੈਸਲਮੇਰ ਦੀ ਗੱਦੀ ਪਰ ਸਨ। ਉਸ ਦੇ ਘਰ ਕੋਈ ਲੜਕੀ ਨਹੀਂ ਸੀ। ਇਸ ਲਈ ਇਹ ਮੰਗ ਉਸ ਦੇ ਭਾਈ ਰਾਣਾ ਤੁਲਸੀ ਪਾਸੋਂ ਕੀਤੀ ਗਈ। ਉਹ ਇਕ ਅਣਖੀਲਾ ਬੰਦਾ ਸੀ। ਉਸ ਨੇ ਬੇ-ਇੱਜ਼ਤੀ ਭਰੇ ਸੁਖੀ ਜੀਵਨ ਨਾਲੋਂ ਗਰੀਬੀ ਪਰਵਾਨ ਕਰ ਲਈ ਅਤੇ ਘਰ ਬਾਰ ਤਿਆਗ ਟੱਬਰ-ਟੀਰ ਨਾਲ ਪੰਜਾਬ ਨੂੰ ਆ ਗਿਆ। ਕੁਝ ਚਿਰ ਇਹ ਬਠਿੰਡੇ ਰਹੇ, ਫੇਰ ਇਨ੍ਹਾਂ ਦੇ ਪੁੱਤਰ ਪੋਤਰੇ ਲੱਖੀ ਜੰਗਲ ਵਿਚ ਫ਼ਿਰੋਜ਼ਪੁਰ ਦੇ ਲਾਗੇ ਬੀੜ ਅੰਬਰ-ਹਰ ਵਿਚ ਆ ਗਏ। ਪਰ ਜਦ ਇੱਥੇ ਵੀ ਟਿਕਾਅ ਨਾ ਹੋ ਸਕਿਆ ਤਾਂ ਇਹ ਟੱਬਰ ਤਰਨ ਤਾਰਨ ਦੇ ਗੌਰਖ ਚੱਕ ਵਿਚ ਆ ਵੱਸਿਆ।

ਪੰਜਾਬ ਦੇ ਜੱਟਾਂ ਦੀ ਘੁੱਗ ਵੱਸੋਂ ਵਿਚ ਰਹਿਣ ਕਰ ਕੇ ਉਨ੍ਹਾਂ ਨਾਲ ਰਲ-ਮਿਲ ਗਏ ਅਤੇ ਉਨ੍ਹਾਂ ਨਾਲ ਰਿਸ਼ਤੇ-ਨਾਤੇ ਕਰਨ ਲੱਗ ਪਏ। ਇਸ ਤਰ੍ਹਾਂ ਹੌਲੀ ਹੌਲੀ ਇਹ ਪੂਰੇ ਜੱਟ ਬਣ ਗਏ। ਸਿੱਖ ਪੰਥ ਨਾਲ ਇਨ੍ਹਾਂ ਦਾ ਸੰਬੰਧ ਛੇਵੇਂ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਤੋਂ ਅਰੰਭ ਹੁੰਦਾ ਹੈ ਜਦ ਕਿ ਭਾਈ ਸੈਨਾ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਵਧਾਵਾ ਸਿੰਘ ਸਤਿਗੁਰੂ ਦੀ ਦੁਸ਼ਟ-ਦਮਨ ਫ਼ੌਜ ਵਿਚ ਭਰਤੀ ਹੋਏ। ਇਨ੍ਹੀਂ ਦਿਨੀਂ ਇਹ ਤਰਨ ਤਾਰਨ ਦੇ ਲਾਗੇ ਪਿੰਡ ਗੁੱਜਰ ਚੱਕ ਵਿਚ ਰਹਿੰਦੇ ਸਨ। ਇਹ ਦੋਨੋਂ ਪਿਉ-ਪੁੱਤਰ ਬੜੇ ਦਲੇਰ, ਸੂਰਬੀਰ ਸਨ ਅਤੇ ਇਨ੍ਹਾਂ ਨੇ ਸਤਿਗੁਰੂ ਦੇ ਜੁੱਧਾਂ ਵਿਚ ਵਧ-ਚੜ੍ਹ ਕੇ ਸੇਵਾ ਕੀਤੀ। ਇਸ ਕਰਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਇਨ੍ਹਾਂ ਪਰ ਬੜੇ ਪ੍ਰਸੰਨ ਸਨ।

ਭਾਈ ਵਧਾਵਾ ਸਿੰਘ ਦਾ ਪੁੱਤਰ ਭਾਈ ਗੰਡਾ ਸਿੰਘ ਬੜਾ ਪ੍ਰਸਿੱਧ ਜੋਧਾ ਹੋਇਆ ਹੈ, ਇਸ ਨੇ ਸਹਿਜੇ ਹੀ ਆਲੇ-ਦੁਆਲੇ ਦੇ ਪਿੰਡਾਂ ਪਰ ਆਪਣਾ ਦਬਦਬਾ ਜਮਾ ਲਿਆ ਅਤੇ ਕਈ ਵਾਰੀ ਆਂਢ-ਗੁਆਂਢ ਭੀ ਉਗਰਾਹ ਖਾਧਾ। ਹੋਰ ਤਾਂ ਕੀ, ਦੋ ਤਿੰਨ ਵਾਰੀ ਦਿਨ ਦਿਹਾੜੇ ਲਾਹੌਰ ਦੇ ਚੜ੍ਹਦੇ ਮਹੱਲੇ ਭੀ ਜਾ ਲੁੱਟੇ ਅਤੇ ਸਰਕਾਰੀ ਫ਼ੌਜ ਦੇ ਪੁੱਜਣ ਤੋਂ ਪਹਿਲਾਂ-ਪਹਿਲਾਂ ਹੀ ਹਰਨ ਹੋ ਗਿਆ। ਇਸ ਵੇਲੇ ਲਾਹੌਰ ਦਾ ਨਾਇਬ ਹਾਕਮ ਦਿਲਾਵਰ ਖਾਨ ਸੀ। ਉਸ ਨੇ ਕਈ ਵਾਰੀ ਗੰਡਾ ਸਿੰਘ ਨੂੰ ਕਾਬੂ ਕਰਨ ਦਾ ਜਤਨ ਕੀਤਾ, ਪਰ ਕੁਝ ਪੇਸ਼ ਨਾ ਗਈ। ਆਖਰ ਸਮਝਾ ਬੁਝਾ ਕੇ ਸਰਕਾਰੀ ਫ਼ੌਜ ਵਿਚ ਨੌਕਰ ਰੱਖ ਲਿਆ। ਛੇਤੀ ਹੀ ਪਿੱਛੋਂ ਮੁਲਤਾਨ ਵੱਲ ਇਕ ਮੁਹਿੰਮ ਆ ਪਈ। ਇੱਥੇ ਗੰਡਾ ਸਿੰਘ ਨੇ ਅਜਿਹੀ ਬਹਾਦਰੀ ਵਿਖਾਈ ਕਿ ਲਾਹੌਰੀ ਫ਼ੌਜ ਦੀ ਹਾਰੀ ਜਾ ਰਹੀ ਲੜਾਈ ਜਿੱਤੀ ਗਈ।

## ਦਿਲਾਵਰ ਖਾਨ ਨੇ ਪੰਜ ਪਿੰਡ ਇਨਾਮ ਵਜੋਂ ਦਿੱਤੇ

ਇਸ ਦੀ ਸੂਰਮਗਤੀ ਵਿਚ ਦਿਲਾਵਰ ਖ਼ਾਨ ਇਤਨਾ ਖੁਸ਼ ਹੋਇਆ ਕਿ



SikhBookClub.Com

ਉਸ ਨੇ ਆਹਲੂ, ਹੱਲੋ, ਸਾਧੋ, ਤੂਰ ਅਤੇ ਚੱਕ ਦਾ ਜ਼ਿਮੀਂਦਾਰਾ ਇਸ ਨੂੰ ਇਨਾਮ ਵਿਚ ਦੇ ਦਿੱਤਾ ਅਤੇ ਆਹਲੂ ਪਿੰਡ ਦੀ ਮਾਫੀ ਲਿਖ ਦਿੱਤੀ। ਗੰਡਾ ਸਿੰਘ ਇਸ ਦੇ ਛੇਤੀ ਹੀ ਪਿੱਛੋਂ ਚਲਾਣਾ ਕਰ ਗਿਆ ਅਤੇ ਉਸ ਦੇ ਪੁੱਤਰ ਸਾਧੂ ਸਿੰਘ ਨੇ ਆਹਲੂ ਪਿੰਡ ਵਿਚ ਰਹਿਣਾ ਸ਼ੁਰੂ ਕਰ ਦਿੱਤਾ। ਆਹਲੂ ਪਿੰਡ ਦੇ ਵਸਨੀਕ ਹੋਣ ਕਰ ਕੇ ਸਾਧੂ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਪੋਤਰੇ ਆਲਹੂਵਾਲੀਏ ਪ੍ਰਸਿੱਧ ਹੋ ਗਏ।

ਛੋਟੀ ਉਮਰ ਵਿਚ ਸਾਧੂ ਸਿੰਘ ਆਪਣੇ ਨਾਨਕੇ ਪਿੰਡ ਰਿਹਾ ਕਰਦਾ ਸੀ। ਇੱਥੇ ਹੀ ਇਹ ਜੰਮਿਆ-ਪਲਿਆ ਸੀ ਅਤੇ ਇੱਥੇ ਹੀ ਆਪਣੇ ਗਵਾਂਢੀ ਕਲਾਲਾਂ ਦੇ ਬੱਚਿਆਂ ਨਾਲ ਖੇਡਦਾ ਰਿਹਾ ਸੀ। ਇਨ੍ਹਾਂ ਵਿਚ ਕਲਾਲਾਂ ਦੀ ਇਕ ਲੜਕੀ ਨਾਲ ਵਿਆਹ ਹੋਇਆ। ਇਨ੍ਹਾਂ ਦੇ ਚਾਰ ਪੁੱਤਰ—ਗੋਪਾਲ ਸਿੰਘ, ਹੇਮੂ, ਸਿਕੰਦਰ ਤੇ ਚਾਹਾ ਅਤੇ ਇਕ ਲੜਕੀ ਸੀ। ਇਨ੍ਹਾਂ ਸਾਰਿਆਂ ਦੀਆਂ ਸ਼ਾਦੀਆਂ ਕਲਾਲਾਂ ਦੇ ਘਰੀਂ ਹੋਈਆਂ ਅਤੇ ਇਸ ਤਰ੍ਹਾਂ ਇਹ ਖ਼ਾਨਦਾਨ ਆਹਲੂਵਾਲੀਏ ਕਲਾਲ ਕਰ ਕੇ ਪ੍ਰਸਿੱਧ ਹੋ ਗਿਆ।

ਕਪੂਰਥਲੇ ਦੇ ਆਹਲੂਵਾਲੀਏ ਖ਼ਾਨਦਾਨ ਦਾ ਅੱਗਾ ਗੋਪਾਲ ਸਿੰਘ ਅਤੇ ਉਸ ਦੇ ਪੁੱਤਰ ਦੇਵਾ ਸਿੰਘ ਤੋਂ ਤੁਰਦਾ ਹੈ। ਇਨ੍ਹਾਂ ਸੰਬੰਧੀ ਵਿਸਥਾਰ ਨਾਲ ਕੁਝ ਪਤਾ ਨਹੀਂ ਚਲਦਾ ਬਿਨਾਂ ਇਸ ਦੇ ਕਿ ਦੇਵਾ ਸਿੰਘ ਕੁਝ ਚਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿਚ ਸੇਵਾ ਕਰਦਾ ਰਿਹਾ ਸੀ। (ਰਾਮਜਸ, ਤਵਾਰੀਖ਼ ਰਿਆਸਤ ਕਪੂਰਥਲਾ, 78-88। ਗ੍ਰਿਫ਼ਨ, ਰਾਜਾਜ਼ ਔਫ ਦੀ ਪੰਜਾਬ, 496-93। ਮੁਹੰਮਦ ਹਸਨ, (ਉਰਦੂ ਰਾਜਿਗਾਨਿ ਪੰਜਾਬ), 1-6। ਤਵਾਰੀਖ ਗੁਰੂ ਖ਼ਾਲਸਾ (ਰਾ-ਖਾਲਸਾ 188-90) ਕਪੂਰਥਲਾ ਸਟੇਟ, ਇਟਸ ਪਾਸਟ ਐਂਡ ਪ੍ਰੈਜ਼ੈਂਟ, 1)।

ਸਰ ਲੈਪਿਲ ਗਿਫ੍ਰਿਨ ਨੇ ਇਸ ਘਰਾਣੇ ਦੇ ਜੈਸਲਮੀਰੇ ਮੁੱਢ ਦੀ ਵਾਰਤਾ ਨੂੰ ਪਰਵਾਨ ਨਹੀਂ ਕੀਤਾ ਅਤੇ ਇਕ ਘਾੜਤ ਸਮਝਦਾ ਹੈ, ਜਿਸ ਦੀ ਉਹ ਕਪੂਰਥਲੇ ਦੇ ਆਹਲੂਵਾਲੀਆ ਖ਼ਾਨਦਾਨ ਨੂੰ ਲੋੜ ਨਹੀਂ ਸਮਝਦਾ। ਉਸ ਦੇ ਖ਼ਿਆਲ ਵਿਚ ਸਰਦਾਰ ਜੱਸਾ ਸਿੰਘ ਦਾ ਤੇਜ ਪ੍ਰਤਾਪ, ਖਾਲਸਾ ਦਲ ਦਾ ਆਗੂ ਹੋਣਾ ਅਤੇ ਆਪਣੀ ਬਹਾਦਰੀ ਅਤੇ ਤੇਗ ਨਾਲ ਰਾਜ ਕਾਇਮ ਕਰ ਲੈਣਾ ਹੀ ਖ਼ਾਨਦਾਨ ਦੀ ਉਚਿਆਈ ਅਤੇ ਪ੍ਰਭੁਤਾ ਲਈ ਕਾਫ਼ੀ ਸਨ। (ਰਾਜਾਜ, 496)



SikhBookClub.Com



ਸਰਦਾਰ ਜੱਸਾ ਸਿੰਘ ਆਹਲੂਵਾਲੀਆ ਜੀ ਦੀ
ਕਪੂਰਥਲਾ ਵਿਖੇ ਰਿਹਾਇਸ਼ੀ ਹਵੇਲੀ

SikhBookClub.Com

## ਗੁਰਜ



ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਦੀ ਗੁਰਜ,
ਜੋ ਮਾਤਾ ਸੁੰਦਰੀ ਜੀ ਨੇ ਬਖ਼ਸ਼ਿਸ਼ ਕੀਤੀ ਸੀ

## ਢਾਲ



ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਦੀ ਢਾਲ

## ਫੌਲਾਦੀ ਗੋਲੀਆ



ਦਿੱਲੀ ਦੇ ਲਾਲ ਕਿਲ੍ਹੇ ਉੱਪਰ ਨਿਸ਼ਾਨ ਸਾਹਿਬ ਝੁਲਾਉਣ ਸਮੇਂ ਸਰਦਾਰ
ਜੱਸਾ ਸਿੰਘ ਜੀ ਆਹਲੂਵਾਲੀਆ ਦੇ ਗਾਤਰੇ ਦਾ ਫੌਲਾਦੀ ਗੋਲੀਆ

SikhBookClub.Com



ਵੱਡੇ ਘੱਲੂਘਾਰੇ ਦਾ ਦ੍ਰਿਸ਼

SikhBookClub.Com



ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਯਾਦਗਾਰ ਜੋ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਜੀ ਦੇ ਨਜ਼ਦੀਕ ਹੈ।

SikhBookClub.Com

# ਖੜਗਧਾਰੀ ਮਹਾਂਪੁਰਖ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ

*—ਬਾਵਾ ਪ੍ਰੇਮ ਸਿੰਘ ਹੋਤੀ ਮਰਦਾਨ*

ਖ਼ਾਲਸਾ ਪੰਥ ਦੀ ਰਤਨਾਂ ਦੀ ਖਾਨ ਵਿਚੋਂ ਨਵਾਬ ਜੱਸਾ ਸਿੰਘ ਜੀ ਇਕ ਐਸਾ ਅਮੋਲਕ ਲਾਲ ਸੀ, ਜਿਸ ਦੇ ਨਾਮ 'ਪਰ ਖ਼ਾਲਸੇ ਦੀਆਂ ਆਉਣ ਵਾਲੀਆਂ ਨਸਲਾਂ ਰਹਿੰਦੀ ਦੁਨੀਆਂ ਤਕ ਮਾਣ ਕਰਿਆ ਕਰਨਗੀਆਂ। ਆਪ ਧਾਰਮਿਕ ਦੀਵਾਨਾਂ ਵਿਚ ਪਰਮਾਰਥ ਦਾ ਉੱਚਾ ਨਮੂਨਾ, ਮੈਦਾਨੇ ਜੰਗ ਵਿਚ ਅਜਿੱਤ ਯੋਧਾ, ਨਿਡਰ ਸੂਰਮਾ ਸਨ, ਜੋ ਵੰਡ ਛਕਣ ਤੇ ਗੁਰਧਾਮਾਂ ਦੀ ਸੇਵਾ ਵਿਚ ਆਪਣਾ ਸਭ ਕੁਝ ਲਗਾ ਦੇਣ ਵਿਚ ਆਪਣੀ ਵੱਡੀ ਖ਼ੁਸ਼ੀ ਸਮਝਦੇ ਸਨ।

ਆਪ ਦੇ ਜੀਵਨ 'ਪਰ ਨਜ਼ਰ ਮਾਰਿਆਂ ਨਿਰੇ ਗੁਣ ਹੀ ਗੁਣ ਦਿੱਸਣਗੇ। ਆਪ ਖ਼ਾਲਸਾ ਧਰਮ ਦੇ ਵਾਧੇ ਲਈ ਆਪਣੇ ਸੀਨੇ ਵਿਚ ਅਗਾਧ ਪਿਆਰ ਰੱਖਦੇ ਸਨ। ਉਸ ਸਮੇਂ ਖ਼ਾਲਸਾ-ਪੰਥ ਵਿਚ ਇਹ ਇਕ ਆਮ ਖ਼ਿਆਲ ਸੀ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤੋਂ ਛੁੱਟ ਜਿੰਨੇ ਵੱਧ ਪ੍ਰਾਣੀਆਂ ਨੂੰ ਪੰਜਾ ਪਿਆਰਿਆਂ ਵਿਚ ਸ਼ਾਮਿਲ ਹੋ ਕੇ ਜੱਸਾ ਸਿੰਘ ਆਹਲੂਵਾਲੀਆ ਜੀ ਨੇ ਪਾਵਨ ਅੰਮ੍ਰਿਤ ਛਕਾਇਆ, ਸ਼ਾਇਦ ਹੀ ਕਿਸੇ ਨੇ ਛਕਾਇਆ ਹੋਵੇ। ਆਪ ਇਕ ਉੱਚੇ ਪਰਮਾਰਥੀ ਤੇ ਧਰਮੀ ਹੁੰਦੇ ਹੋਏ ਵੀ ਕੇਵਲ ਮਾਲਾਧਾਰੀ ਸੰਤ ਨਹੀਂ ਸਨ, ਬਲਕਿ ਖੜਗਧਾਰੀ ਮਹਾਂਪੁਰਖ ਵੀ ਸਨ। ਆਪ ਮਾਲਾ ਫੇਰਨਾ ਤੇ ਤਲਵਾਰ ਚਲਾਉਣਾ, ਦੋਹਾਂ ਦੀ ਉੱਚ ਵਰਤੋਂ ਦੇ ਭੇਦ ਨੂੰ ਅਸਲ ਅਰਥਾਂ ਵਿਚ ਜਾਣਦੇ ਸਨ। ਮਾਲਾ ਫੇਰਨ ਸਮੇਂ ਇਨ੍ਹਾਂ ਵਰਗਾ ਰਸਿਕ ਭਜਨੀਕ ਭੀ ਸੰਸਾਰ ਪਰ ਕੋਈ ਵਿਰਲਾ ਹੀ ਮਿਲੇਗਾ ਅਤੇ ਖੜਗ ਚਲਾਣ ਸਮੇਂ ਐਸਾ ਵਰਯਾਮ ਸੂਰਮਾ ਭੀ ਜਗਤ 'ਪਰ ਬਹੁਤ ਘਟ ਆਇਆ ਹੋਣਾ ਹੈ। ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪੂਰਨ ਆਦਰਸ਼ਕ 'ਖ਼ਾਲਸਾ ਸੰਤ' ਸੀ। ਆਪ ਜੀ ਦੇ ਸਰੀਰ 'ਪਰ 22 ਫੱਟ ਸਨ, ਜਿਹੜੇ ਆਪ ਜੀ ਨੂੰ ਕੌਮੀ ਤੇ ਧਰਮ ਯੁੱਧਾਂ ਵਿਚ ਲੱਗੇ ਸਨ[1]।

ਸਰਦਾਰ ਜੱਸਾ ਸਿੰਘ ਜੀ ਦਾ ਜਨਮ ਸਰਦਾਰ ਬਦਰ ਸਿੰਘ ਦੇ ਘਰ ਸੰਨ 1718 ਈ· ਵਿਚ ਖਾਸ ਸ੍ਰੀ ਕਲਗੀਧਰ ਜੀ ਦੀ ਅਸੀਸ ਨਾਲ ਹੋਇਆ ਸੀ। ਰੀਕਾਰਡ ਦੇ ਪੜਚੋਲਿਆਂ, ਲਿਖਤਾਂ ਮਿਲਦੀਆਂ ਹਨ ਕਿ ਸਰਦਾਰ ਬਦਰ ਸਿੰਘ ਦਾ ਵਿਆਹ ਸਰਦਾਰ ਬਾਘ ਸਿੰਘ ਜੀ ਦੀ ਭੈਣ ਨਾਲ ਹੋਇਆ। ਵਿਆਹ



SikhBookClub.Com

ਹੋਇਆਂ ਜਦ ਕਈ ਸਾਲ ਬੀਤ ਗਏ ਤੇ ਇਸ ਜੋੜੀ ਨੂੰ ਸੰਤਾਨ ਦਾ ਫਲ ਨਾ ਲੱਗਾ ਤਾਂ ਇਹ ਆਪਣੇ ਜੀਵਨ ਤੋਂ ਕੁਝ ਨਿਰਾਸ਼ ਜਿਹੇ ਹੋ ਗਏ। ਇਸ ਦਸ਼ਾ ਵਿਚ ਉਹ ਉਸ ਦਵਾਰੇ ਪਹੁੰਚੇ ਜਿੱਥੋਂ ਕਦੇ ਕੋਈ ਸਿਦਕੀ ਨਿਰਾਸ ਹੋ ਕੇ ਨਹੀਂ ਆਇਆ। ਇਹ ਦੰਪਤੀ ਵੀ ਸ੍ਰੀ ਦਸਮੇਸ਼ ਪਿਤਾ ਜੀ ਦੀ ਹਜ਼ੂਰੀ ਵਿਚ ਪਹੁੰਚੇ ਤੇ ਯੋਗ ਸਮਾਂ ਦੇਖ ਕੇ ਗਰੀਬ-ਨਿਵਾਜ ਜੀ ਅੱਗੇ ਆਪਣਾ ਸੱਧਰਾਂ ਭਰਿਆ ਦਿਲ ਖੋਲ੍ਹ ਕੇ ਰੱਖ ਦਿੱਤਾ। ਇਨ੍ਹਾਂ ਦੀ ਬੇਨਤੀ 'ਪੁਰ ਸਤਿਗੁਰੂ ਜੀ ਤਰੁੱਠੇ ਤੇ ਅਸੀਸਾਂ ਦੇ ਕੇ ਨਿਹਾਲ ਕਰ ਦਿੱਤਾ। ਇਸ ਤਰ੍ਹਾਂ ਇਹ ਜੋੜੀ ਮਨ ਬਾਂਛਤ ਦਾਤਾਂ ਪ੍ਰਾਪਤ ਕਰਕੇ 'ਆਹਲੂ' ਪਿੰਡ ਵੱਲ ਪਰਤ ਆਈ । ਇਥੇ ਕੁਝ ਸਮਾਂ ਬੀਤ ਜਾਣ ਦੇ ਉਪਰੰਤ ਇਨ੍ਹਾਂ ਦੇ ਘਰ ਬੱਚੇ ਦਾ ਜਨਮ ਹੋਇਆ, ਜਿਸ ਦਾ ਨਾਮ ਜੱਸਾ ਸਿੰਘ ਰੱਖਿਆ ਗਿਆ । ਇਹ ਗੱਲ ਸੰਮਤ 1775 ਬਿ. (1718 ਈ.)[2] ਦੀ ਹੈ ।

ਸਰਦਾਰ ਬਦਰ ਸਿੰਘ ਆਪਣੇ ਸੁੱਖਾਂ ਲੱਧੇ ਲਾਲ ਨੂੰ ਵੱਧਦਾ ਫੁਲਦਾ ਦੇਖ ਕੇ ਖ਼ੁਸ਼ੀ ਨਾਲ ਜਾਮੇ ਵਿਚ ਨਹੀਂ ਸੀ ਸਮਾਂਵਦਾ, ਪਰ ਕਾਦਰ ਦੀ ਕੁਦਰਤ ਕੁਝ ਅਸਚਰਜ ਜਿਹੀ ਬਣੀ, ਇਸ ਤੋਂ ਪਹਿਲਾਂ ਹੀ ਕਿ ਉਹ ਆਪਣੇ ਇਸ ਹੋਣਹਾਰ ਸਪੁੱਤਰ ਦੀਆਂ ਸਾਰੀਆਂ ਸਫ਼ਲਤਾਈਆਂ ਆਪਣੀ ਅੱਖੀਂ ਵੇਖਦਾ; ਧੁਰ ਦਰਗਾਹੋਂ ਸੱਦਾ ਆ ਗਿਆ ਤੇ ਸਰਦਾਰ ਬਦਰ ਸਿੰਘ ਥੋੜ੍ਹੇ ਦਿਨ ਬੀਮਾਰ ਰਹਿ ਕੇ ਸੰਨ 1722 ਈ. ਪ੍ਰਲੋਕ-ਗਮਨ ਕਰ ਗਿਆ।

ਸਰਦਾਰ ਬਦਰ ਸਿੰਘ ਦੇ ਚਲਾਣੇ ਉਪਰੰਤ ਕਾਕਾ ਜਥੇਦਾਰ ਜੱਸਾ ਸਿੰਘ ਦੀ ਮਾਤਾ ਦੀ ਇਹ ਤੀਬਰ ਇੱਛਾ ਸੀ ਕਿ ਉਹ ਇਸ ਗੁਰੂ-ਬਖ਼ਸ਼ਿਸ਼ ਨਾਲ ਜਨਮੇਂ ਬਾਲਕ ਨੂੰ ਗੁਰ-ਚਰਨਾਂ ਵਿਚ ਹਾਜ਼ਰ ਕਰੇ।

ਜਦ ਉਨ੍ਹਾਂ ਨੂੰ ਇਹ ਪਤਾ ਲੱਗਾ ਕਿ ਕਲਗੀਧਰ ਪਿਤਾ ਜੀ ਦੀ ਧਰਮ ਪਤਨੀ ਜਗਤ ਮਾਤਾ, ਮਾਤਾ ਸੁੰਦਰੀ ਜੀ ਦਿੱਲੀ ਵਿਚ ਬਿਰਾਜਦੇ ਹਨ ਤਾਂ ਘਰ ਦੇ ਸਭ ਕੰਮ-ਧੰਦੇ ਛੱਡ ਗੁਰੂ-ਪਤਨੀ ਗੁਰੂ ਤੁਲ ਜਾਣ ਕੇ ਦਰਸ਼ਨਾਂ ਲਈ ਆਪਣੇ ਭਰਾਤਾ ਸ. ਬਾਘ ਸਿੰਘ ਤੇ ਲਾਲ ਬਾਲ ਜੱਸਾ ਸਿੰਘ ਨੂੰ ਨਾਲ ਲੈ ਸਿੱਧੀ ਦਿੱਲੀ ਪਹੁੰਚੀ ਤੇ ਮਾਤਾ ਜੀ ਦੇ ਚਰਨਾਂ ਵਿਚ ਬਾਲਕ ਨੂੰ ਹਾਜ਼ਰ ਕਰਕੇ ਕ੍ਰਿਤ-ਕ੍ਰਿਤ ਹੋਈ।

ਬੱਚੇ ਨੂੰ ਗੁਰੂ-ਬਖਸ਼ਸ਼ ਦੀ ਦਾਤ ਸੁਣ ਕੇ ਮਾਤਾ ਸੁੰਦਰੀ ਜੀ ਇਸ ਨੂੰ ਦੇਖ-ਦੇਖ ਕੇ ਅਤਿ ਪ੍ਰਸੰਨ ਹੁੰਦੇ ਅਤੇ ਆਪਣੇ ਬੱਚਿਆਂ ਤੁੱਲ ਇਸ ਨੂੰ ਲਾਡ ਲਡਾਉਂਦੇ [3]। ਇਸ ਤਰ੍ਹਾਂ ਲਗਭਗ ਸੱਤ ਸਾਲ ਮਾਤਾ ਜੀ ਨੇ ਡਾਢੇ ਪਿਆਰ ਨਾਲ ਇਸ ਲਾਲ ਨੂੰ ਆਪਣੇ ਪਾਸ ਦਿੱਲੀ ਵਿਚ ਰੱਖਿਆ। ਇਸ ਦੇ ਉਪਰੰਤ ਜਦ ਹੁਣ ਜਥੇਦਾਰ ਜੱਸਾ ਸਿੰਘ ਦੀ ਮਾਂ ਨੇ ਮਾਤਾ ਸੁੰਦਰੀ ਜੀ ਤੋਂ ਘਰ ਜਾਣ ਲਈ ਵਿਦਾਇਗੀ ਮੰਗੀ ਤਾਂ ਮਾਤਾ ਜੀ ਨੇ ਇਕ ਬਹੁਮੁੱਲਾ ਪੁਸ਼ਾਕਾ ਆਪਣੇ ਹੱਥ ਨਾਲ ਕਾਕਾ ਜੀ ਨੂੰ ਪਹਿਨਾਇਆ ਤੇ ਖੁਸ਼ੀਆਂ ਬਖਸ਼ਦਿਆਂ ਆਖਿਆ ਕਿ ਇਹ ਬੱਚਾ ਬੜੇ ਮੁਰਾਤਬੇ ਵਾਲਾ ਹੋਵੇਗਾ, ਇਹ ਪੰਥ ਖ਼ਾਲਸੇ ਦਾ ਮਾਣ ਤੇ ਤ੍ਰਾਣ ਹੋਵੇਗਾ। ਇਸ ਦੇ ਨਾਲ ਹੀ ਇਕ ਚਾਂਦੀ



SikhBookClub.Com

ਦਾ ਆਸਾ ਅਤੇ ਸ੍ਰੀ ਕਲਗੀਧਰ ਜੀ ਦੇ ਕਰ-ਕਮਲਾਂ ਦਾ ਗੁਰਜ ਵੀ ਜੱਸਾ ਸਿੰਘ ਨੂੰ ਬਖ਼ਸ਼ਿਆ ਤੇ ਅਸੀਸ ਦਿੱਤੀ ਕਿ ਮੇਰੇ ਇਸ ਬੱਚੇ 'ਤੇ ਇਸ ਦੇ ਜਾਨਸ਼ੀਨਾਂ ਦੀਆਂ ਅਰਲਾਂ ਵਿਚ ਸਦਾ ਹੀ ਆਸਾ ਬਰਦਾਰ (ਚੋਬਦਾਰ) ਰਿਹਾ ਕਰਨਗੇ[4]।

ਨਵਾਬ[5] ਕਪੂਰ ਸਿੰਘ ਜੀ ਨੇ ਜੱਸਾ ਸਿੰਘ ਨੂੰ ਅੰਮ੍ਰਿਤ ਛਕਾ ਕੇ ਸਿੱਖੀ ਜੀਵਨ ਆਰੰਭ ਕਰ ਦਿੱਤਾ। ਥੋੜੇ ਦਿਨਾਂ ਵਿਚ ਹੀ ਨੌਜਵਾਨ ਜਥੇਦਾਰ ਜੱਸਾ ਸਿੰਘ ਦੀ ਰਹਿਣੀ-ਬਹਿਣੀ ਪਰ ਨਵਾਬ ਕਪੂਰ ਸਿੰਘ ਜੀ ਇਤਨੇ ਪ੍ਰਸੰਨ ਹੋਏ ਕਿ ਆਪਣੀ ਮਿਸਲ ਦੇ ਤੋਸ਼ਾਖਾਨੇ ਦੀਆਂ ਕੁੰਜੀਆਂ ਇਸ ਨੂੰ ਸੌਂਪ ਦਿੱਤੀਆਂ। ਇਸ ਕਾਰਜ ਨੂੰ ਜਥੇਦਾਰ ਜੱਸਾ ਸਿੰਘ ਨੇ ਥੋੜ੍ਹੇ ਸਮੇਂ ਵਿਚ ਹੀ ਇੰਨੀ ਯੋਗਤਾ ਨਾਲ ਚਲਾਇਆ ਕਿ ਖਾਲਸੇ ਵਿਚ ਆਪ ਲਈ ਪਿਆਰ ਤੇ ਸਤਿਕਾਰ ਖਿਲਰ ਗਿਆ।

ਇਸ ਤਰ੍ਹਾਂ ਸੇਵਾ ਕਰਦਿਆਂ 1753 ਈ. ਵਿਚ ਜਦ ਨਵਾਬ ਸਾਹਿਬ ਦੇ ਦਿਹਾਂਤ ਦਾ ਸਮਾਂ ਨੇੜੇ ਆਇਆ ਤਾਂ ਆਪ ਨੇ ਜਥੇਦਾਰ ਜੱਸਾ ਸਿੰਘ ਨੂੰ ਸ੍ਰੀ ਅੰਮ੍ਰਿਤਸਰ ਵਿਚ ਖਾਲਸੇ ਦੇ ਇਕ ਵੱਡੇ ਇਕੱਠ ਵਿਚ ਆਪਣਾ ਨਵਾਬੀ ਖਿਤਾਬ ਸ੍ਰੀ ਕਲਗੀਧਰ ਜੀ ਦੀ ਸ਼ਮਸ਼ੇਰ ਅਤੇ ਨਾਲ ਸਿਰੋਪਾ ਦੇ ਦਿੱਤਾ[6]। ਇਸ ਤੋਂ ਅਗਲੇ ਦਿਨ ਨਵਾਬ ਕਪੂਰ ਸਿੰਘ ਜੀ ਸੰਸਾਰ ਯਾਤਰਾ ਪੂਰਨ ਕਰਕੇ ਪਰਲੋਕ ਜਾ ਵੱਸੇ। ਆਪ ਜੀ ਦਾ ਅੰਤਮ ਸੰਸਕਾਰ ਆਪ ਦੀ ਸ਼ਾਨ ਅਨੁਸਾਰ ਕੀਤਾ ਗਿਆ।

ਕੁਝ ਸਮੇਂ ਦੇ ਬਾਅਦ ਨਵਾਬ ਜੱਸਾ ਸਿੰਘ ਜੀ ਨੇ ਆਪਣੇ ਸਿਖਯਾ ਦਾਤਾ ਜੀ ਦੀ ਯਾਦਗਾਰ, ਬਾਬਾ ਅਟੱਲ ਰਾਏ ਜੀ ਦੇ ਨੌਛੱਤੇ ਗੁਰਦੁਆਰੇ ਦੇ ਪੂਰਬ ਵੱਲ ਦੇ ਦਰਵਾਜ਼ੇ ਦੇ ਲਾਗੇ ਸੰਗਮਰਮਰ ਦੀ ਸੋਹਣੀ ਗੁੰਮਟੀਦਾਰ ਬਣਵਾਈ।

ਨਵਾਬ ਜੱਸਾ ਸਿੰਘ ਜੀ ਨੇ ਆਪਣੇ ਸਿਖਜਾਦਾਤਾ ਜੀ ਦੀਆਂ ਲੀਹਾਂ ਉੱਪਰ ਤੁਰਦੇ ਹੋਏ ਪੰਥ ਵਿਚ ਵੱਡਾ ਨਾਮ ਤੇ ਮਾਨ ਪ੍ਰਾਪਤ ਕੀਤਾ। ਆਹਲੂਵਾਲੀਆ ਮਿਸਲ ਨਾਲ ਆਪ ਨੇ ਖ਼ਾਲਸਾ ਪੰਥ ਦੀ ਬਹੁਤ ਸੇਵਾ ਕੀਤੀ। ਆਪ ਜੀ ਦੇ ਅਨੇਕਾਂ ਕਾਰਨਾਮਿਆਂ ਵਿਚੋਂ ਕੁਝ ਕੁ ਦਾ ਸੰਖੇਪ ਇਥੇ ਦਿੱਤਾ ਜਾਂਦਾ ਹੈ:

ਸਲਾਬਤ ਖਾਨ ਨੇ ਸ੍ਰੀ ਅੰਮ੍ਰਿਤਸਰ ਦੀ ਹਕੂਮਤ ਸਮੇਂ ਬੜੇ ਬੜੇ ਆਯੋਗ ਕਾਰੇ ਕੀਤੇ। ਖ਼ਾਲਸਾ ਇਸ ਦੇ ਇਨ੍ਹਾਂ ਜ਼ੁਲਮਾਂ ਨੂੰ ਲਹੂ ਭਰੀ ਨਿਗਾਹ ਨਾਲ ਦੇਖ ਰਿਹਾ ਸੀ। ਹੁਣ ਸਮਾਂ ਕੁਝ ਆਪਣੇ ਹੱਕ ਵਿਚ ਵੇਖ ਕੇ ਨਵਾਬ ਜੱਸਾ ਸਿੰਘ ਜੀ ਆਹਲੂਵਾਲੀਏ ਨੇ ਪੰਥਕ ਇਕੱਠ ਕੀਤਾ, ਜਿਸ ਵਿਚ ਇਹ ਗੁਰਮਤਾ ਸੋਧਿਆ ਗਿਆ ਕਿ ਛੇਤੀ ਤੋਂ ਛੇਤੀ ਗੁਰੂ-ਨਗਰੀ ਨੂੰ ਗ਼ੈਰਾਂ ਤੋਂ ਆਜ਼ਾਦ ਕਰਾਇਆ ਜਾਏ। ਇਸ ਮਹਾਨ ਕਾਰਜ ਦੀ ਸੇਵਾ ਨਵਾਬ ਜੱਸਾ ਸਿੰਘ ਜੀ ਨੇ ਆਪਣੇ ਆਪ ਨੂੰ ਵਡਭਾਗੀ ਜਾਣ ਕੇ ਆਪਣੇ ਜ਼ਿੰਮੇ ਲੈ ਲਈ। ਥੋੜ੍ਹੇ ਦਿਨਾਂ ਵਿਚ ਹੀ ਖ਼ਾਲਸੇ ਨੇ ਸਰਦਾਰ ਜੱਸਾ ਸਿੰਘ ਦੀ ਅਗਵਾਈ ਵਿਚ ਸਲਾਬਤ ਖਾਨ ਪਰ ਚੜ੍ਹਾਈ ਕਰ ਦਿੱਤੀ। ਅੱਗੋਂ ਖਾਨ ਨੂੰ ਜਦ ਸਿੰਘਾਂ ਦੇ ਕੂਚ ਦੀ ਕਿਸੇ ਸੂਹ ਆ ਦਿੱਤੀ ਤਾਂ ਉਸ ਨੇ ਤੁਰਤ-ਫੁਰਤ ਆਪਣੀ ਬਹੁਤ ਸਾਰੀ ਫ਼ੌਜ ਇਕੱਠੀ ਕਰਕੇ ਖ਼ਾਲਸੇ ਦੇ ਹੱਲੇ ਨੂੰ ਠੱਲ੍ਹਣ ਲਈ ਮੈਦਾਨ ਵਿਚ ਲੈ ਆਂਦੀ। ਇਸ ਸਮੇਂ ਖ਼ਾਲਸਾ ਜੀ ਨੇ ਸ੍ਰੀ ਦਰਬਾਰ



SikhBookClub.Com

ਸਾਹਿਬ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਦੇ ਜੋਸ਼ ਵਿਚ ਆਪਣੀਆਂ ਜਾਨਾਂ ਤੋਂ ਹੱਥ ਧੋ ਕੇ ਵੈਰੀ ਪਰ ਅਜਿਹਾ ਸ਼ੇਰਵਾਈ ਹੱਲਾ ਕੀਤਾ ਕਿ ਸਲਾਬਤ ਖਾਨ ਆਪਣੀ ਫ਼ੌਜ ਨੂੰ ਲੱਖ ਦਿਲਬਰੀਆਂ ਦਿੰਦਾ ਹੋਇਆ ਵੀ ਖ਼ਾਲਸੇ ਦੇ ਅਗਾਧ ਜੋਸ਼ ਅੱਗੇ ਇੰਵ ਰੁੜ੍ਹ ਗਿਆ ਜਿਵੇਂ ਹੜ੍ਹ ਅੱਗੇ ਕੱਖ-ਕਾਨੇ। ਇਸ ਨਾਜ਼ਕ ਸਮੇਂ ਖਾਨ ਆਪਣੀ ਨੱਸੀ ਜਾਂਦੀ ਫ਼ੌਜ ਦੇ ਰੋਕਣ ਲਈ ਅੱਗੇ ਆਇਆ ਹੀ ਸੀ ਕਿ ਨਵਾਬ ਜੱਸਾ ਸਿੰਘ ਜੀ ਨੇ ਇਸ ਨੂੰ ਵੇਖ ਲਿਆ ਅਤੇ ਇਸ ਪਰ ਐਸਾ ਤੇਜ਼ੀ ਨਾਲ ਵਾਰ ਕੀਤਾ ਕਿ ਸਲਾਬਤ ਖਾਨ ਦਾ ਸੀਸ ਤਨ ਤੋਂ ਵੱਖ ਕਰ ਦਿੱਤਾ। ਹੁਣ ਵੈਰੀ ਦੀ ਫ਼ੌਜ ਨੇ ਜਦ ਆਪਣੇ ਆਗੂ ਨੂੰ ਇਸ ਤਰ੍ਹਾਂ ਤੜਫਦਾ ਡਿੱਠਾ ਤਾਂ ਉਨ੍ਹਾਂ ਦਾ ਰਿਹਾ-ਖਿਹਾ ਦਮ ਵੀ ਟੁੱਟ ਗਿਆ ਤੇ ਜਿਧਰ ਕਿਸੇ ਨੂੰ ਰਾਹ ਲੱਭਾ, ਆਪਣੀ ਪਿਆਰੀ ਜਾਨ ਖ਼ਾਲਸੇ ਦੀਆਂ ਤੇਗਾਂ ਤੋਂ ਬਚਾਉਣ ਲਈ, ਉਧਰ ਹੀ ਉੱਠ ਨੱਠਾ। ਖ਼ਾਲਸੇ ਨੇ ਭਗੌੜਿਆਂ ਦਾ ਦੂਰ ਤਕ ਪਿੱਛਾ ਕੀਤਾ ਤੇ ਬਹੁਤ ਵੱਡੀ ਗਿਣਤੀ ਵਿਚ ਵੈਰੀਆਂ ਦੇ ਸ਼ਸਤ੍ਰ ਤੇ ਘੋੜੇ ਖੋਹ ਲਏ। ਹੁਣ ਖ਼ਾਲਸੇ ਨੇ ਫ਼ਤਹ ਦੇ ਨਗਾਰੇ ਵਜਾਉਂਦਿਆਂ ਹੋਇਆਂ ਸ੍ਰੀ ਦਰਬਾਰ ਸਾਹਿਬ ਵਿਖੇ ਜਾ ਡੇਰੇ ਲਾਏ। ਇਹ ਗੱਲ ਸੰਨ 1748 ਈ. ਦੀ ਹੈ[7]। ਇਸ ਫ਼ਤਹ ਦੇ ਨਾਲ ਨਵਾਬ ਜੱਸਾ ਸਿੰਘ ਦਾ ਸਤਿਕਾਰ ਸਾਰੇ ਪੰਥ ਵਿਚ ਬਹੁਤ ਵੱਧ ਗਿਆ। ਇਸ ਸਮੇਂ ਆਪ ਜੀ ਨਾਲ ਮਿਲ ਕੇ ਭਾਈ ਤਾਰਾ ਸਿੰਘ ਵਾਂਈਆਂ ਤੇ ਭਾਈ ਚੂਹੜ ਸਿੰਘ ਭਕਣੀਏ ਨੇ ਵੀ ਖ਼ੂਬ ਸੇਵਾ ਕੀਤੀ।

ਦਿੱਲੀ ਦਾ ਵਜ਼ੀਰ ਸਫ਼ਦਰ ਜੰਗ ਮੀਰ ਮੰਨੂੰ ਨਾਲ ਦਿਲੋਂ ਵਿਰੋਧ ਰੱਖਦਾ ਸੀ। ਪੰਜਾਬ ਵਿਚ ਇਸ ਦੀ ਤਾਕਤ ਨੂੰ ਘਟਾਉਣ ਲਈ ਸੰਨ 1749 ਵਿਚ ਸਫਦਰ ਜੰਗ ਨੇ ਸ਼ਾਹ ਨਿਵਾਜ਼ ਖਾਨ ਨੂੰ ਮੁਲਤਾਨ ਦਾ ਸੂਬਾ ਮੁਕੱਰਰ ਕਰਵਾ ਦਿੱਤਾ। ਇਹ ਗੱਲ ਮੀਰ ਮੰਨੂੰ ਚੰਗੀ ਤਰ੍ਹਾਂ ਜਾਣਦਾ ਸੀ ਕਿ ਮੁਲਤਾਨ ਦੀ ਸੂਬੇਦਾਰੀ ਸ਼ਾਹ ਨਿਵਾਜ਼ ਖਾਨ ਦੇ ਹੱਥ ਹੋਣੀ ਉਸ ਦੀ ਸਲਾਮਤੀ ਲਈ ਕਿੰਨੀ ਹਾਨੀਕਾਰਕ ਸੀ। ਇਸ ਖ਼ਤਰੇ ਨੂੰ ਦੂਰ ਕਰਨ ਲਈ ਮੀਰ ਮੰਨੂੰ ਨੇ ਮੁਲਤਾਨ ਪੁਰ ਚੜ੍ਹਾਈ ਲਈ ਇਕ ਮੁਹਿੰਮ ਤਿਆਰ ਕੀਤੀ, ਜਿਸ ਦੀ ਅਗਵਾਈ ਉਸ ਨੇ ਦੀਵਾਨ ਕੌੜਾ ਮੱਲ ਜੀ ਦੇ ਹੱਥ ਸੌਂਪ ਦਿੱਤੀ ਪਰ ਆਪਣੀ ਫ਼ੌਜ ਦਾ ਵਧੇਰਾ ਭਾਗ ਉਸ ਆਪਣੇ ਪਾਸ ਰੱਖ ਲਿਆ ਤੇ ਬਾਕੀ ਦੀ ਥੋੜ੍ਹੀ ਜਿਹੀ ਫ਼ੌਜ ਦੀਵਾਨ ਜੀ ਨਾਲ ਤੋਰੀ; ਨਾਲ ਹੀ ਦੀਵਾਨ ਜੀ ਨੂੰ ਇਹ ਖੁੱਲ੍ਹ ਦੇ ਦਿੱਤੀ ਕਿ ਉਹ ਆਪਣੇ ਆਪ ਜਿੰਨੀ ਸਹਾਇਤਾ ਖ਼ਾਲਸੇ ਤੋਂ ਲੈਣੀ ਚਾਹੇ ਪ੍ਰਾਪਤ ਕਰ ਲਏ ਅਤੇ ਇਸ ਦੇ ਰਸਦ ਪਾਣੀ ਆਦਿ ਦਾ ਖ਼ਰਚ ਲਾਹੌਰ ਦੇ ਖ਼ਜ਼ਾਨੇ ਤੋਂ ਤਾਰਿਆ ਜਾਏਗਾ।

ਦੀਵਾਨ ਕੌੜਾ ਮੱਲ ਜੀ ਚੂੰਕਿ ਖ਼ਾਲਸੇ ਵਿਚ ਪਿਆਰਿਆ ਜਾਂਦਾ ਸੀ, ਇਸ ਨੇ ਇਸ ਸਮੇਂ ਆਪਣੀ ਸਫਲਤਾ ਲਈ ਖ਼ਾਲਸੇ ਤੋਂ ਮਦਦ ਮੰਗੀ ਤੇ ਖ਼ਾਲਸੇ ਦੀ ਵਧੇਰੀ ਪ੍ਰਸੰਨਤਾ ਪ੍ਰਾਪਤ ਕਰਨ ਲਈ ਨਾਲ ਹੀ ਇਹ ਅਰਦਾਸਾ ਵੀ ਕਰਵਾਇਆ ਕਿ ਇਸ ਮੁਹਿੰਮ ਦੀ ਫ਼ਤਹ ਉਪਰੰਤ ਉਹ ਆਪਣੇ ਆਪ ਨੂੰ ਵਡਭਾਗੀ ਸਮਝ ਕੇ ਤਿੰਨ ਲੱਖ ਰੁਪਏ ਲਗਾ ਕੇ ਸ੍ਰੀ ਨਨਕਾਣਾ ਸਾਹਿਬ ਵਿਖੇ ਬਾਲ ਲੀਲ੍ਹਾ ਦੇ



SikhBookClub.Com

ਗੁਰਦੁਆਰੇ ਦੀ ਸੇਵਾ ਕਰਵਾਏਗਾ। ਦੀਵਾਨ ਜੀ ਦੀ ਗੁਰੂ ਘਰ ਲਈ ਇੰਨੀ ਸ਼ਰਧਾ ਦੇਖ ਕੇ ਨਵਾਬ ਜੱਸਾ ਸਿੰਘ ਜੀ ਆਹਲੂਵਾਲੀਏ ਨੇ ਦਸ ਹਜ਼ਾਰ ਖ਼ਾਲਸੇ ਨਾਲ ਮੁਲਤਾਨ ਵੱਲ ਕੂਚ ਕਰ ਦਿੱਤਾ। ਉਧਰ ਸ਼ਾਹ ਨਿਵਾਜ਼ ਖਾਨ ਨੂੰ ਜਦ ਇਸ ਫ਼ੌਜ ਦੇ ਮੁਲਤਾਨ ਵੱਲ ਕੂਚ ਦੀ ਖ਼ਬਰ ਪਹੁੰਚੀ ਤਾਂ ਉਸ ਨੇ ਇਨ੍ਹਾਂ ਦੇ ਟਾਕਰੇ ਲਈ ਬਹੁਤ ਸਾਰੀ ਫ਼ੌਜ ਨਾਲ ਦੁਰਾਣਾ ਪਿੰਡ ਦੇ ਲਾਗੇ ਦੀਵਾਨ ਜੀ ਦੀ ਫ਼ੌਜ ਨੂੰ ਆ ਰੋਕਿਆ। ਹੁਣ ਲੱਗੀ ਹੱਥੋਂ-ਹੱਥ ਸਿਰੀ ਸਾਹਿਬ ਚੱਲਣ। ਇਸ ਸਮੇਂ ਸ਼ਾਹ ਨਿਵਾਜ਼ ਖਾਨ ਬੜੀ ਬਹਾਦਰੀ ਨਾਲ ਮੈਦਾਨ ਵਿਚ ਲੜਿਆ, ਇੰਨੇ ਨੂੰ ਜਦ ਕਿ ਲੜਾਈ ਗਹਿਗੱਚ ਹੋ ਰਹੀ ਸੀ, ਖ਼ਾਲਸੇ ਨੇ ਫ਼ੌਜ ਦੇ ਉਸ ਹਿੱਸੇ ਨੂੰ ਘੇਰੇ ਵਿਚ ਰੱਖ ਲਿਆ, ਜਿਥੇ ਸ਼ਾਹ ਨਿਵਾਜ਼ ਖਾਨ ਆਪ ਆਪਣੀਆਂ ਫ਼ੌਜਾਂ ਦੇ ਹੌਂਸਲੇ ਵਧਾ ਰਿਹਾ ਸੀ। ਇਥੇ ਨਵਾਬ ਜੱਸਾ ਸਿੰਘ ਜੀ ਦੀ ਅੜਚਲ ਦਾ ਇਕ ਜੁਵਾਨ ਸ. ਭੀਮ ਸਿੰਘ ਨਾਮੀ ਸ਼ਾਹ ਨਿਵਾਜ਼ ਨੂੰ ਸਾਹਮਣੇ ਦੇਖ ਕੇ ਉਸ ਪਰ ਟੁੱਟ ਪਿਆ ਤੇ ਆਪਣੇ ਤੇਗੇ ਦੀ ਉਸ ਨੇ ਇਕੋ ਸੱਟ ਨਾਲ ਉਸ ਦੀ ਅਲਖ ਮੁਕਾ ਦਿੱਤੀ। ਸਿਪਾਹ ਸਾਲਾਰ ਦੇ ਮਰਨ ਦੇ ਬਾਅਦ ਹੁਣ ਕਿਸੇ ਕੀ ਲੜਨਾ ਸੀ? ਮੁਲਤਾਨੀ ਫ਼ੌਜ ਮੈਦਾਨ ਦੀਵਾਨ ਕੌੜਾ ਮੱਲ ਜੀ ਦੇ ਹੱਥ ਛੱਡ ਕੇ ਖਿੰਡ ਗਈ ਤੇ ਹੁਣ ਦੀਵਾਨ ਜੀ ਦਾ ਮੁਲਤਾਨ ਪਰ ਪੂਰੀ ਤਰ੍ਹਾਂ ਕਬਜ਼ਾ ਹੋ ਗਿਆ[8]।

ਚੂੰਕਿ ਸ਼ਾਹ ਨਿਵਾਜ਼ ਖਾਨ ਇਸ ਲੜਾਈ ਵਿਚ ਬੜੀ ਬਹਾਦਰੀ ਨਾਲ ਲੜਿਆ ਸੀ, ਇਸ ਲਈ ਦੀਵਾਨ ਕੌੜਾ ਮੱਲ ਜੀ ਨੇ ਬਹਾਦਰਾਂ ਤੇ ਉੱਚ ਕੋਟੀ ਦੇ ਨੀਤੀਵਾਨਾਂ ਦੀ ਤਰ੍ਹਾਂ ਨਿਰਵੈਰ ਹੋ ਕੇ ਇਸ ਦੀ ਲਾਸ਼ ਨੂੰ ਬਹੁਤ ਵੱਡੀ ਫ਼ੌਜੀ ਸ਼ਾਨ ਨਾਲ[9] ਸ਼ਮਸ ਦੀਨ ਤਬਰੇਜ਼ੀ ਦੀ ਖਾਨਗਾਹ ਵਿਚ ਦਫਨਵਾ ਦਿੱਤਾ।[10]

ਮੁਲਤਾਨ ਦੇ ਯੋਗ ਪ੍ਰਬੰਧ ਦੇ ਬਾਅਦ ਜਦ ਦੀਵਾਨ ਕੌੜਾ ਮੱਲ ਜੀ ਖ਼ਾਲਸੇ ਨਾਲ ਲਾਹੌਰ ਪੁੱਜੇ ਤਾਂ ਮੀਰ ਮੰਨੂੰ ਨੇ ਇਸ ਮੁਹਿੰਮ ਦੀ ਸਫਲਤਾ ਲਈ ਇਨ੍ਹਾਂ ਨੂੰ 'ਮਹਾਰਾਜਾ ਬਹਾਦਰ' ਦਾ ਖਿਤਾਬ ਦਿੱਤਾ[11] ਅਤੇ ਖ਼ਾਲਸੇ ਨਾਲ ਦੀਵਾਨ ਜੀ ਇਸ ਸਮੇਂ ਬਹੁਤ ਮਿੱਠਾ ਹੋ ਕੇ ਵਰਤੇ ਸੀ, ਇਸ ਲਈ ਪੰਥ ਵਲੋਂ ਨਵਾਬ ਜੱਸਾ ਸਿੰਘ ਜੀ ਨੇ ਇਨ੍ਹਾਂ ਨੂੰ ਬਜਾਏ ਕੌੜਾ ਮੱਲ ਦੇ 'ਮਿੱਠਾ-ਮੱਲ' ਦਾ ਖਿਤਾਬ ਬਖ਼ਸ਼ਿਆ[12]।

ਦੀਵਾਨ ਜੀ ਨੇ ਆਪਣੀ ਮੰਨਤ ਅਨੁਸਾਰ ਤਿੰਨ ਲੱਖ ਤੋਂ ਵਧ ਰੁਪਿਆ ਖ਼ਰਚ ਕੇ ਬਾਲ-ਲੀਲ੍ਹਾ ਦਾ ਗੁਰਦੁਆਰਾ ਅਤੇ ਇਸ ਨਾਲ ਲਗਵਾਂ ਸਰੋਵਰ ਬਣਵਾਇਆ[13] ਜਿਹੜਾ ਅੱਜ ਤਕ ਆਪ ਜੀ ਦੀ ਯਾਦ ਚੇਤੇ ਕਰਵਾ ਰਿਹਾ ਹੈ।

ਸੰਨ 1761 ਈ. ਵਿਚ ਅਹਿਮਦਸ਼ਾਹ ਦੁਰਾਨੀ ਨੇ ਮੁੜ ਹਿੰਦ ਪਰ ਧਾਵਾ ਕੀਤਾ। ਉਹ ਬਹੁਤ ਸਾਰੀਆਂ ਹਿੰਦੂ ਪੁਰਖ ਇਸਤਰੀਆਂ ਬੰਦੀ ਬਣਾ ਕੇ ਅਫ਼ਗਾਨਿਸਤਾਨ ਵੱਲ ਮੁੜ ਪਿਆ। ਇਹ ਦੁਖ ਭਰੀ ਖ਼ਬਰ ਜਦ ਨਵਾਬ ਜੱਸਾ ਸਿੰਘ ਜੀ ਤਕ ਪਹੁੰਚੀ ਤਾਂ ਆਪ ਦੀ ਅਣਖ ਇਸ ਨੂੰ ਨਾ ਸਹਾਰ ਸਕੀ ਤੇ ਮਨੁੱਖੀ-ਪਿਆਰ ਦੇ ਜੋਸ਼ ਨੇ ਐਸਾ ਹੁਲਾਰਾ ਖਾਧਾ ਕਿ ਆਪ ਉਸੇ ਵਕਤ ਆਪਣੇ ਕਈ ਹਜ਼ਾਰ ਸਿਰਲੱਥ ਸੂਰਮਿਆਂ ਨੂੰ ਆਪਣੇ ਨਾਲ ਲੈ ਕੇ ਦੁਰਾਨੀ ਉੱਪਰ ਟੁੱਟ



SikhBookClub.Com

ਪਏ। ਇਸ ਸਮੇਂ ਜਿਹੜਾ ਵੀ ਰਾਹ ਰੋਕਣ ਲਈ ਸਾਹਮਣੇ ਆਇਆ ਉਸ ਨੂੰ ਤਲਵਾਰ ਦੀ ਧਾਰ ਤੋਂ ਪਾਰ ਕੀਤਾ ਤੇ ਆਪ ਰਵਾ-ਰਵੀਂ ਸਿੱਧਾ ਉਥੇ ਪਹੁੰਚ ਗਏ ਜਿਥੇ ਦੁਰਾਨੀ ਨੇ ਨਿਮਾਣੇ ਕੈਦੀਆਂ ਨੂੰ ਡਕਿਆ ਹੋਇਆ ਸੀ। ਆਪ ਨੇ ਆਪਣੇ ਜਵਾਨਾਂ ਨੂੰ ਹੁਕਮ ਦਿੱਤਾ ਕਿ ਇਨ੍ਹਾਂ ਦੀ ਬੰਦ ਖ਼ਲਾਸ ਕਰਕੇ ਸਭ ਨੂੰ ਆਪਣੇ ਨਾਲ ਲੈ ਚੱਲੋ। ਇਹ ਸਭ ਕੁਝ ਇੰਨੀ ਤੇਜ਼ੀ ਨਾਲ ਕੀਤਾ ਗਿਆ ਕਿ ਜਦ ਤਕ ਅਫ਼ਗਾਨੀ ਫ਼ੌਜ ਤਿਆਰ ਹੁੰਦੀ ਰਹੀ ਇਹ ਸਭ ਮੱਖਣ ਵਿਚੋਂ ਵਾਲ ਦੀ ਤਰ੍ਹਾਂ ਇਨ੍ਹਾਂ ਦੀ ਮਾਰ ਤੋਂ ਨਿਕਲ ਗਏ। ਇਹ ਕਰਤੱਵ ਨਵਾਸ ਜੱਸਾ ਸਿੰਘ ਜੀ ਨੇ ਆਪਣਾ ਸੀਸ ਤਲੀ ਪਰ ਰੱਖ ਕੇ ਕੀਤਾ ਸੀ।

ਸੰਨ 1774 ਈ. ਵਿਚ ਨਵਾਬ ਜੱਸਾ ਸਿੰਘ ਜੀ ਨੇ ਰਾਏ ਇਬਰਾਹੀਮ ਭੱਟੀ ਤੋਂ ਕਪੂਰਥਲਾ ਫ਼ਤਹ ਕਰਕੇ, ਆਪਣੀ ਰਾਜਧਾਨੀ ਕਾਇਮ ਕੀਤੀ।

ਇਸ ਤਰ੍ਹਾਂ ਬਾਦਸ਼ਾਹ ਜਥੇਦਾਰ ਜੱਸਾ ਸਿੰਘ ਜੀ ਆਪਣਾ ਸਾਰਾ ਜੀਵਨ ਪੰਥ ਤੇ ਦੇਸ਼ ਦੀ ਸੇਵਾ ਵਿਚ ਲਾਉਂਦੇ ਹੋਏ ਸੰਨ 1783 ਵਿਚ ਸ੍ਰੀ ਅੰਮ੍ਰਿਤਸਰ ਗੁਰ-ਚਰਨਾਂ ਵਿਚ ਜਾ ਵੱਸੇ।

## ਹਵਾਲੇ ਤੇ ਟਿੱਪਣੀਆਂ

1. ਦੀਵਾਨ ਰਾਮਜਸ, *ਤਵਾਰੀਖ਼ਿ ਰਿਆਸਤਿ ਕਪੂਰਥਲਾ*, ਪੰਨਾ 10.
2. *ਕਪੂਰਥਲਾ ਸਟੇਟ: ਇਟਸ ਪਾਸ ਐਂਡ ਪ੍ਰੈਜ਼ੈਂਟ*, ਕਪੂਰਥਲਾ, ਪੰਨਾ 1.
3. *ਰੋਜ਼ਨਾਮਚਾ ਰਿਆਸਤ ਕਪੂਰਥਲਾ*, ਪੰਨਾ 102.
4. ਗ੍ਰਿਫਨ, *ਦੀ ਰਾਜਾਜ਼ ਆਫ ਦੀ ਪੰਜਾਬ*, ਪੰਨਾ 455. *ਤਵਾਰੀਖ਼ਿ ਰਿਆਸਤਿ ਕਪੂਰਥਲਾ*, ਪੰਨਾ 102.
5. ਸੰਮਤ 1797 ਬਿ. ਵਿਚ ਖ਼ਾਲਸੇ ਦੇ ਧਾਵਿਆਂ ਤੋਂ ਤੰਗ ਆ ਕੇ ਜ਼ਕਰੀਆ ਖਾਨ ਸੂਬਾ ਲਾਹੌਰ ਨੇ ਨਵਾਬੀ ਦਾ ਖਿਤਾਬ, ਇਕ ਲੱਖ ਰੁਪਏ ਦੀ ਜਾਗੀਰ ਅਤੇ ਵੱਡਮੁੱਲਾ ਖ਼ਿਲਤ ਅੰਮ੍ਰਿਤਸਰ ਖ਼ਾਲਸੇ ਨੂੰ ਭੇਜਿਆ ਤਾਂ ਕਿ ਪਰਸਪਰ ਮੇਲ ਹੋ ਜਾਵੇ। ਇਹ ਗੱਲ ਅਜੇ ਤਕ ਇਕ ਇਤਿਹਾਸਕ ਬੁਝਾਰਤ ਚਲੀ ਆਈ ਹੈ ਕਿ ਰਾਜਾ ਯਾ ਮਹਾਰਾਜਾ ਦੀ ਥਾਂ ਖ਼ਾਲਸੇ ਨੂੰ ਨਵਾਬੀ ਦਾ ਖਿਤਾਨ ਦੇਣਾ। ਮਾਲੂਮ ਹੁੰਦਾ ਹੈ ਕਿ ਸਮੇਂ ਦੀ ਹਕੂਮਤ ਖ਼ਾਲਸੇ ਨੂੰ ਹਿੰਦੂਆਂ ਤੋਂ ਨਿਆਰਾ ਸਮਝਦੀ ਸੀ, ਇਸ ਲਈ ਰਾਜਾ ਦੀ ਥਾਂ ਨਵਾਬੀ ਦਾ ਪਦ ਦਿੱਤਾ।
6. ਇਹ ਸਿਰੀ ਸਾਹਿਬ ਇਸ ਸਮੇਂ ਤਕ ਰਿਆਸਤ ਕਪੂਰਥਲਾ ਦੇ ਤੋਸ਼ੇਖਾਨੇ ਵਿਚ ਮੌਜੂਦ ਹੈ।
7. *ਕਪੂਰਥਲਾ ਸਟੇਟ: ਇਟਸ ਪਾਸਟ ਐਂਡ ਪ੍ਰੈਜ਼ੈਂਟ*, ਪੰਨਾ 3, ਸਯਦ ਮੁਹੰਮਦ ਲਤੀਫ਼, *ਹਿਸਟਰੀ ਆਫ ਦੀ ਪੰਜਾਬ*, ਪੰਨਾ 315, *ਰਾਜਾਜ਼ ਆਫ ਦੀ ਪੰਜਾਬ*, ਸਫ਼ਾਨ 457·
8. ਸ਼ੇਖ ਮੁਹੰਮਦ ਯੂਸਫ਼, *ਹਾਲਾਤ ਮੁਲਤਾਨ*, ਪੰਨਾ 53-54; ਅਲ-ਓ-ਦੀਨ ਮੁਫਤੀ, *ਇਬਰਤਨਾਮਾ*, ਪੰਜਾਬੀ ਅਦਬੀ ਅਕੈਡਮੀ, ਲਾਹੌਰ, ਪੰਨਾ 238; ਰਾਮਜਸ, *ਤਾਰੀਖ ਕਪੂਰਥਲਾ*, ਪੰਨਾ 143-144.
9. *ਤਾਰੀਖ ਆਲੀ*, ਪੰਨਾ 175-176; ਸ਼ੇਖ ਮੁਹੰਮਦ ਯੂਸਫ, *ਹਾਲਾਤ ਮੁਲਤਾਨ*, ਪੰਨਾ 53-54.
10. ਸ਼ਮਸ਼ ਤਬਰੇਜ਼ ਦੇ ਮਕਬਰੇ ਵਿਚ ਸ਼ਾਹ ਨਿਵਾਜ਼ ਖਾਨ ਦੀ ਕਬਰ ਅਜੇ ਤਕ ਮੌਜੂਦ ਹੈ।



SikhBookClub.Com

11. *ਇਬਰਤਨਾਮਾ*, ਪੰਨਾ 231-232, ਕੰਨਿਘਮ, *ਹਿਸਟਰੀ ਔਫ਼ ਦੀ ਸਿਖਸ*, ਪੰਨਾ 102, ਖੁਸ਼ਵਕਤ ਰਾਏ, *ਤਾਰੀਖ ਸਿੱਖਾਂ*, ਪੰਨਾ 69.
12. *ਤਾਰੀਖ ਰਿਆਸਤ ਕਪੂਰਥਲਾ*, ਪੰਨਾ 143.
13. *ਤਾਰੀਖ਼ ਰਿਆਸਤ ਕਪੂਰਥਲਾ* ਦਾ ਲੇਖਕ ਪੰਨਾ 144 ਪਰ ਲਿਖਦਾ ਹੈ ਕਿ ਬਾਲ ਲੀਲ੍ਹਾ ਦੇ ਗੁਰਦੁਆਰੇ ਦੀ ਇਕ ਦੀਵਾਰ ਪਰ ਦੀਵਾਨ ਕੌੜਾ ਮੱਲ ਜੀ ਦੀ ਇਕ ਬੜੀ ਸ਼ਾਨਦਾਰ ਤਸਵੀਰ ਚਿੱਤਰੀ ਹੋਈ ਸੀ। ਅਸੀਂ ਇਸ ਤਸਵੀਰ ਦੀ ਇਥੇ ਭਾਲ ਕੀਤੀ, ਪਰ ਅਫ਼ਸੋਸ ਹੈ ਕਿ ਖਾਲਸੇ ਦੀ ਆਪਣੇ ਇਤਿਹਾਸ ਵਲੋਂ ਅਣਗਹਿਰੀ ਦੇ ਕਾਰਨ ਇਹ ਤਸਵੀਰ ਉਸ ਥਾਂ ਤੋਂ ਮਿਟਾ ਦਿੱਤੀ ਗਈ ਹੈ।



SikhBookClub.Com

# 18ਵੀਂ ਸਦੀ ਦੇ ਸੂਰਵੀਰ ਯੋਧੇ
# ਜਥੇਦਾਰ ਬਾਬਾ ਜੱਸਾ ਸਿੰਘ ਜੀ ਆਹਲੂਵਾਲੀਆ

*-ਜਥੇਦਾਰ ਬਾਬਾ ਬਲਬੀਰ ਸਿੰਘ*

ਖ਼ਾਲਸਾ ਪੰਥ ਦੇ ਇਤਿਹਾਸ ਦੇ ਸੁਨਿਹਰੀ ਪੱਤਿਰਆਂ 'ਤੇ ਦਰਜ 18ਵੀਂ ਸਦੀ ਦੇ ਮਹਾਨ ਸੂਰਵੀਰ ਅਤੇ ਧਰਮਵੀਰ ਯੋਧੇ ਸ੍ਰੀ ਅਕਾਲ ਤਖਤ ਸਾਹਿਬ ਅਤੇ ਖ਼ਾਲਸਾ ਪੰਥ ਬੁੱਢਾ ਦਲ ਦੇ ਜਥੇਦਾਰ ਬਾਬਾ ਜੱਸਾ ਸਿੰਘ ਜੀ ਆਹਲੂਵਾਲੀਆ ਜਿਹਨਾਂ ਦੀ ਸੂਰਬੀਰਤਾ ਅਤੇ ਪੰਥ ਲਈ ਕੀਤੀ ਕੁਰਬਾਨੀ ਦੀ ਗਾਥਾ ਭੁਲਾਈ ਨਹੀਂ ਜਾ ਸਕਦੀ। ਬੰਦੀ-ਛੋੜ ਅਤੇ ਸੁਲਤਾਨ-ਉਲ-ਕੌਮ ਵਜੋਂ ਮਾਣ ਪ੍ਰਾਪਤ ਕਰਨ ਵਾਲੇ ਜਥੇਦਾਰ ਬਾਬਾ ਜੱਸਾ ਸਿੰਘ ਜੀ ਆਹਲੂਵਾਲੀਆ ਦਾ ਜਨਮ 3 ਮਈ 1718 ਈ. ਨੂੰ ਸਰਦਾਰ ਬਦਰ ਸਿੰਘ ਦੇ ਘਰ ਪਿੰਡ ਆਹਲੂ ਵਿਖੇ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਬਚਨਾਂ ਦੁਆਰਾ ਹੋਇਆ। ਜਥੇਦਾਰ ਬਾਬਾ ਜੱਸਾ ਸਿੰਘ ਜੀ ਆਹਲੂਵਾਲੀਆ ਕੇਵਲ 4 ਸਾਲ ਦੀ ਅਵਸਥਾ ਵਿਚ ਸਨ ਕਿ ਉਹਨਾਂ ਦੇ ਪਿਤਾ ਸਰਦਾਰ ਬਦਰ ਸਿੰਘ ਜੀ ਅਕਾਲ ਪੁਰਖ ਵਾਹਿਗੁਰੂ ਦੇ ਚਰਨਾਂ ਚ ਜਾ ਬਿਰਾਜੇ। ਇਸ ਉਪਰੰਤ ਆਪ ਜੀ ਦੇ ਮਾਮਾ ਭਾਈ ਬਾਘ ਸਿੰਘ ਜੀ ਆਪ ਜੀ ਦੀ ਮਾਤਾ ਸਮੇਤ ਦਿੱਲੀ ਮਾਤਾ ਸੁੰਦਰ ਕੌਰ ਜੀ ਪਾਸ ਦਰਸ਼ਨਾਂ ਲਈ ਪਹੁੰਚੇ। ਆਪ ਜੀ ਦੇ ਮਾਤਾ ਜੀ ਪੱਕੇ ਨਿਤਨੇਮੀ ਅਤੇ ਸਿੱਖੀ ਨੂੰ ਪ੍ਰਨਾਏ ਹੋਏ ਸਨ। ਆਪ ਜੀ ਛੋਟੀ ਉਮਰ ਤੋਂ ਹੀ ਆਪਣੀ ਮਾਤਾ ਜੀ ਨਾਲ ਸੰਗਤ ਵਿਚ ਬੈਠ ਦੁਤਾਰੇ ਨਾਲ ਕੀਰਤਨ ਕਰਦੇ ਸਨ। ਜਿਸ ਤੋਂ ਪ੍ਰਸੰਨ ਹੋ ਕੇ ਆਪ ਜੀ ਨੂੰ ਮਾਤਾ ਸੁੰਦਰ ਕੌਰ ਜੀ ਨੇ ਧਾਰਮਿਕ ਵਿਦਿਆ ਦੇਣ ਲਈ ਆਪਣੇ ਪਾਸ ਦਿੱਲੀ ਵਿਖੇ ਹੀ ਰੱਖ ਲਿਆ।

ਮਾਤਾ ਸੁੰਦਰ ਕੌਰ ਤੋਂ ਆਗਿਆ ਲੈ ਜਦੋਂ ਦਿੱਲੀ ਤੋਂ ਚਲਣ ਲੱਗੇ ਤਾਂ ਆਪ ਜੀ ਨੂੰ ਯੋਗ ਜਾਣਦਿਆਂ ਹੋਇਆ ਮਾਤਾ ਸੁੰਦਰੀ ਜੀ ਨੇ ਇਕ ਗੁਰਜ, ਇਕ ਢਾਲ, ਇਕ ਤੀਰਾਂ ਦਾ ਭੱਥਾ, ਇਕ ਚਾਂਦੀ ਦੀ ਚੋਬ, ਇਕ ਪੁਸ਼ਾਕਾ ਬਖ਼ਸ਼ਿਸ ਵਜੋਂ ਦਿੱਤੇ ਅਤੇ ਬਚਨ ਕੀਤੇ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਵਰੋਸਾਏ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਦੇ ਨਾਮ 'ਤੇ ਵਿਚਰ ਰਹੇ ਖ਼ਾਲਸਾ ਪੰਥ ਬੁੱਢਾ ਦਲ ਦੇ ਜਥੇਦਾਰ ਨਵਾਬ ਕਪੂਰ ਸਿੰਘ ਜੀ ਹੋਰਾਂ ਪਾਸ ਰਹਿ ਕੇ ਪੰਥ ਦੀ ਸੇਵਾ ਕਰਨੀ।



SikhBookClub.Com

ਮਾਮਾ ਬਾਘ ਸਿੰਘ ਅਤੇ ਮਾਤਾ ਜੀ ਨਾਲ ਆਪ ਨਵਾਬ ਕਪੂਰ ਸਿੰਘ ਕੋਲ ਆ ਗਏ। ਸਵੇਰ ਵੇਲੇ ਸਜੇ ਦੀਵਾਨ ਵਿਚ ਬਾਲਕ ਜੱਸਾ ਸਿੰਘ ਨੇ ਆਪਣੇ ਮਾਤਾ ਜੀ ਨਾਲ ਦੋਧਾਰੇ ਤੇ 'ਆਸਾ ਦੀ ਵਾਰ' ਕੀਰਤਨ ਕੀਤਾ। ਸਿੱਖੀ ਸਿਦਕ ਸੇਵਾ ਭਾਵ ਅਤੇ ਸੁਰੀਲੀ ਅਵਾਜ ਦਾ ਨਵਾਬ ਕਪੂਰ ਸਿੰਘ ਤੇ ਗਹਿਰਾ ਅਸਰ ਪਿਆ। ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਜਿਕਰ ਕਰਦਿਆਂ ਲਿਖਦੇ ਹਨ:

**ਅੰਮ੍ਰਿਤ ਵੇਲੇ ਵਾਇ ਦੁਤਾਰਾ ਆਸਾ ਵਾਰ ਲਗਾਈ।**
**ਮਾਤਾ ਸੁਤ ਕੀ ਸੁਰ ਰਾਸੀਲੀ ਭਰੀ ਪਰੇਮ ਰਸ ਗਾਈ।**
**ਸੁਨਕੈ ਸਿੰਘ ਸਰਬ ਖੁਸ਼ਿ ਥੀਏ ਅਰ ਹਵਾਲ ਸੁਨ ਸਾਰਾ।**
**ਸਿੰਘ ਕਪੂਰ ਨਵਾਬ ਖੁਸ਼ੀ ਹੋ ਬਾਲਕ ਤਈ ਹਕਾਰਾ।**

*(ਗਿਆਨੀ ਗਿਆਨ ਸਿੰਘ ਪੰਥ ਪ੍ਰਕਾਸ਼)*

ਨਵਾਬ ਕਪੂਰ ਸਿੰਘ ਅਤੇ ਬਾਕੀ ਜਥੇਦਾਰ ਰਸਭਿੰਨੇ ਕੀਰਤਨ ਤੋਂ ਇਨ੍ਹੇ ਪ੍ਰਭਾਵਤ ਹੋਏ ਕਿ ਉਨ੍ਹਾਂ ਨੇ ਆਪ ਜੀ ਨੂੰ ਆਪਣੇ ਪਾਸ ਹੀ ਰੱਖ ਲਿਆ। ਆਪ ਜੀ ਨੂੰ ਖ਼ਾਲਸਾ ਪੰਥ ਬੁੱਢਾ ਦਲ ਦੇ ਘੋੜਿਆਂ ਦੀ ਸੇਵਾ ਸੌਂਪੀ ਗਈ। ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਇਹ ਸੇਵਾ ਪੂਰੀ ਨਿਸ਼ਠਾ ਨਾਲ ਨਿਭਾਈ। ਇਥੇ ਆਪ ਸ਼ਾਸਤਰ ਦੇ ਨਾਲ-ਨਾਲ ਸ਼ਸਤਰ ਵਿਦਿਆ ਵਿਚ ਵੀ ਨਿਪੁੰਨ ਹੋ ਗਏ। ਜਥੇਦਾਰ ਜੱਸਾ ਸਿੰਘ ਦੀ ਬਹਾਦਰੀ ਅਤੇ ਸੂਝ-ਬੂਝ ਨੇ ਜਲਦੀ ਹੀ ਉਨ੍ਹਾਂ ਨੂੰ ਮੋਹਰੀ ਜਥੇਦਾਰਾਂ ਵਿਚ ਖੜਾ ਕਰ ਦਿੱਤਾ। ਨਵਾਬ ਕਪੂਰ ਸਿੰਘ ਨੇ ਆਪ ਪੰਜ ਪਿਆਰਿਆਂ ਵਿਚ ਸ਼ਾਮਲ ਹੋ ਕੇ ਖੰਡੇਬਾਟੇ ਦੀ ਪਾਹੁਲ ਦਿੱਤੀ। ਅਕਤੂਬਰ 1753 ਈ. ਨੂੰ ਨਵਾਬ ਕਪੂਰ ਸਿੰਘ ਚਲਾਣਾ ਕਰ ਗਏ। ਇਸ ਪਿਛੋਂ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਕੌਮ ਦਾ ਜਥੇਦਾਰ ਥਾਪਿਆ ਗਿਆ।

ਭਾਵੇਂ ਇਹ ਸਮਾਂ ਜੰਗਾਂ-ਯੁੱਧਾਂ ਦਾ ਸੀ, ਪਰੰਤੂ ਜਥੇਦਾਰ ਬਾਬਾ ਜੱਸਾ ਸਿੰਘ ਨੇ ਅੰਮ੍ਰਿਤ ਦੇ ਪ੍ਰਚਾਰ ਵੱਲ ਵਿਸ਼ੇਸ ਧਿਆਨ ਦਿੱਤਾ। ਉਹ ਸੰਗਤ ਵਿਚ ਆਪ ਕੀਰਤਨ ਕਰਦੇ ਸਨ। ਪਟਿਆਲਾ ਪਤਿ ਰਾਜਾ ਅਮਰ ਸਿੰਘ ਵੀ ਆਪ ਜੀ ਤੋਂ ਖੰਡੇ ਦੀ ਪਾਹੁਲ ਲੈ ਕੇ ਸਿੰਘ ਸਜੇ। ਬੁੱਢਾ ਜੋਹੜ ਦੀ ਧਰਤੀ ਤੋਂ ਆਪ ਜੀ ਨੇ ਹੀ ਬਾਬਾ ਸੁੱਖਾ ਸਿੰਘ, ਬਾਬਾ ਮਹਿਤਾਬ ਸਿੰਘ ਹੋਰਾਂ ਨੂੰ ਮੱਸੇ ਰੰਗੜ ਦਾ ਸੋਧਾ ਲਾਉਣ ਲਈ ਅੰਮ੍ਰਿਤਸਰ ਦੀ ਧਰਤੀ 'ਤੇ ਭੇਜਿਆ। ਪੰਥ ਵਿਚ ਰਹਿ ਕੇ ਆਪ ਜੀ ਨੇ ਅਨੇਕਾਂ ਮੱਲਾਂ ਮਾਰੀਆਂ। ਅੰਮ੍ਰਿਤਸਰ ਦੇ ਹਾਕਮ ਸਲਾਬਤ ਖਾਨ ਨੂੰ ਕਤਲ ਕਰਕੇ ਬਹੁਤ ਸਾਰੇ ਇਲਾਕਿਆਂ ਨੂੰ ਫ਼ਤਹਿ ਕਰ ਖ਼ਾਲਸਾ ਪੰਥ ਦੇ ਨਿਸ਼ਾਨ ਲਹਿਰਾਏ। 1753 ਈ. ਵਿੱਚ ਜਲੰਧਰ ਦੇ ਹਾਕਮ ਅਦੀਨਾ ਬੇਗ ਨੂੰ ਜਿੱਤ ਕੇ ਫਤਹਿਬਾਦ ਪਰਗਣੇ 'ਤੇ ਖ਼ਾਲਸਾ ਪੰਥ ਦੇ ਨਿਸ਼ਾਨ ਲਿਹਰਾਏ। ਇਤਿਹਾਸ ਵਿਚ ਮਿਲਦਾ ਹੈ



SikhBookClub.Com

ਕਿ ਅਹਿਮਦ ਸ਼ਾਹ ਦੁਰਾਨੀ ਵੱਲੋਂ ਹਰਿਮੰਦਰ ਸਾਹਿਬ ਨੂੰ ਬਾਰੂਦ ਨਾਲ ਉਡਵਾ ਕੇ ਤਾਲ ਭਰਵਾ ਦਿੱਤਾ ਤਾਂ ਖ਼ਾਲਸਾ ਪੰਥ ਨੇ ਜਥੇਦਾਰ ਬਾਬਾ ਜੱਸਾ ਸਿੰਘ ਆਹਲੂਵਾਲੀਆ ਜੀ ਦੇ ਹੱਥੋ ਨੀਂਹ ਰਖਵਾ ਕੇ ਕੁਝ ਵਰਿਆਂ ਵਿਚ ਪਹਿਲੇ ਤੁਲ ਹੀ ਹਰਿਮੰਦਰ ਸਾਹਿਬ ਦੀ ਇਮਾਰਤ ਤਿਆਰ ਕਰਵਾ ਦਿੱਤੀ।

ਮਈ 1746 ਵਿਚ ਦੀਵਾਨ ਲਖਪਤ ਰਾਇ ਨਾਲ ਕਾਹਨੂੰਵਾਨ ਦੇ ਛੰਬ ਪਾਸ ਖ਼ਾਲਸੇ ਦਾ ਮੋਰਚਾ ਲੱਗਿਆ ਜਿਸ ਨੂੰ ਛੋਟਾ ਘਲੂਘਾਰਾ ਕਹਿ ਕੇ ਯਾਦ ਕੀਤਾ ਜਾਂਦਾ ਹੈ, 5 ਫਰਵਰੀ, 1762 ਈ. ਵਿਚ ਅਹਿਮਦ ਸ਼ਾਹ ਦੁਰਾਨੀ ਨਾਲ ਰਾਇਪੁਰ ਗੁੱਜਰਾਵਾਲ ਪਾਸ ਕੁੱਪਰਹੀੜੇ ਖ਼ਾਲਸਾ ਦਾ ਮੋਰਚਾ ਲਗਿਆ ਜਿਸ ਵਿਚ ਜਥੇਦਾਰ ਬਾਬਾ ਜੱਸਾ ਸਿੰਘ ਜੀ ਆਹਲੂਵਾਲੀਆ ਜੀ ਦੇ 22 ਜ਼ਖ਼ਮ ਸਰੀਰ 'ਤੇ ਹੋ ਚੁੱਕੇ ਸਨ ਪਰੰਤੂ ਫਿਰ ਵੀ ਬਹੁਤ ਦਲੇਰੀ ਨਾਲ ਲੜਦੇ ਰਹੇ ਜਿਸ ਨੂੰ ਵੱਡਾ ਘੱਲੂਘਾਰਾ ਦੇ ਨਾਮ ਨਾਲ ਸਿੱਖ ਇਤਿਹਾਸ ਦੇ ਪੰਨਿਆ 'ਤੇ ਯਾਦ ਕੀਤਾ ਜਾਂਦਾ ਹੈ। ਭਾਈ ਰਤਨ ਸਿੰਘ ਭੰਗੂ ਸ੍ਰੀ ਗੁਰੂ ਪੰਥ ਪ੍ਰਕਾਸ਼ ਵਿਚ ਇਸ ਦਾ ਜਿਕਰ ਇੰਜ ਕਰਦੇ ਹਨ:

*ਜੱਸਾ ਸਿੰਘ ਖਾਇ ਬਾਈ ਘਾਇ।*
*ਤੌ ਭੀ ਸਿੰਘ ਜੀ ਲੜਤੋ ਜਾਇ।*

ਅੰਮ੍ਰਿਤਸਰ ਦੇ ਪਾਸ ਇਕ ਕਿਲ੍ਹਾ ਵੈਰੀ ਦੇ ਹੱਲ੍ਹੇ ਨੂੰ ਰੋਕਣ ਲਈ ਬਣਾਯਾ ਜਿਸ ਦਾ ਨਾਮ ਚੌਥੇ ਪਾਤਸ਼ਾਹ ਦੇ ਨਾਮ ਤੇ ਰਾਮ ਰਾਉਣੀ ਦਾ ਕਿਲ੍ਹਾ ਰੱਖਿਆ। ਆਪ ਜੀ ਨੇ ਅਹਿਮਦ ਸ਼ਾਹ ਦੁਰਾਨੀ ਦੀ ਕੈਦ ਤੋਂ ਭਾਰਤ ਦੀਆ ਧੀਆਂ ਭੈਣਾਂ ਨੂੰ ਰਿਹਾ ਕਰਵਾ ਕੇ ਘਰ-ਘਰ ਪਹੁੰਚਾਇਆ ਜਿਥੋਂ ਪੰਥ ਨੇ ਆਪ ਜੀ ਨੂੰ ਬੰਦੀ-ਛੋੜ ਦੇ ਖਿਤਾਬ ਨਾਲ ਨਿਵਾਜਿਆ। ਭਾਈ ਰਤਨ ਸਿੰਘ 'ਭੰਗੂ' ਸ੍ਰੀ ਗੁਰੁ ਪੰਥ ਪ੍ਰਕਾਸ਼ ਵਿਚ ਇਸ ਦਾ ਜ਼ਿਕਰ ਵੀ ਕਰਦੇ ਹਨ ਕਿ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਦੇ ਬਚਨ ਸਨ ਕਿ ਮੇਰੇ ਖ਼ਾਲਸਾ ਜੀ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਕੇ ਸਤਲੁੱਜ ਦਰਿਆ ਵਿਚ ਰੋੜ ਦੇਣਾ ਅਤੇ ਸਰਹੰਦ ਦੇ ਕਿਲ੍ਹਿਆਂ ਨੂੰ ਢਾਹ ਕੇ ਏਥੇ ਗਧਿਆਂ ਨਾਲ ਹਲ ਚਲਾਉਣੇ ਤਾਂ ਖ਼ਾਲਸਾ ਪੰਥ ਬੁੱਢਾ ਦਲ ਦੇ ਜਥੇਦਾਰ ਬਾਬਾ ਜੱਸਾ ਸਿੰਘ ਜੀ ਆਹਲੂਵਾਲੀਆ ਜੀ ਨੇ ਇਹ ਬਚਨ ਪੁਗਾਏ। 1783 ਈ. ਵਿਚ ਆਪ ਜੀ ਨੇ ਲਾਲ ਕਿਲ੍ਹੇ ਦੇ ਉਪਰ ਗੁਰੂ ਖ਼ਾਲਸਾ ਪੰਥ ਦਾ ਨਿਸ਼ਾਨ ਸਾਹਿਬ ਝੁਲਾਇਆ ਇਸ ਤੋਂ ਬਾਦ ਪੰਥ ਨੇ ਕਈ ਵਾਰ ਨਿਸ਼ਾਨ ਸਾਹਿਬ ਲਾਲ ਕਿਲ੍ਹੇ ਦੇ ਉਪਰ ਝੁਲਾਇਆ। 1774 ਈ. ਵਿਚ ਕਪੂਰਥਲਾ ਕਬਜੇ 'ਚ ਲੈ ਕੇ ਆਪਣੀ ਰਾਜਧਾਨੀ ਕਾਇਮ ਕੀਤੀ ਅਤੇ ਆਪਣਾ ਸਿੱਕਾ ਚਲਾਯਾ।

ਜਥੇਦਾਰ ਬਾਬਾ ਜੱਸਾ ਸਿੰਘ ਜੀ ਆਹਲੂਵਾਲੀਆ ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਪੰਥ ਅਕਾਲੀ ਪੰਥ ਬੁੱਢਾ ਦਲ ਦੇ ਚੌਥੇ ਮੁਖੀ ਸਨ, ਐਸੇ ਮਹਾਨ ਜਰਨੈਲ ਦੇ ਕਦਮ ਚਿਨ੍ਹਾਂ ਤੇ ਚੱਲਣ ਲਈ ਉਪਰਾਲਾ



SikhBookClub.Com

ਕਰੀਏ। ਜਿਸ ਤਰ੍ਹਾਂ ਜਥੇਦਾਰ ਬਾਬਾ ਜੱਸਾ ਸਿੰਘ ਜੀ ਆਹਲੂਵਾਲੀਆ ਨੇ ਗੁਰੂ ਸਾਹਿਬਾਨ ਦੇ ਹੁਕਮ "ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥" ਦੇ ਅਨੁਸਾਰ ਸਮੁੱਚੀਆਂ ਮਿਸਲਾਂ, ਸਮੁੱਚੇ ਜਥੇ, ਇਕ ਨਿਸ਼ਾਨ ਦੀ ਤਾਬਿਆ 'ਚ ਇਕੱਤਰ ਕਰਕੇ ਗੁਰੂ ਗ੍ਰੰਥ ਅਤੇ ਗੁਰੂ ਪੰਥ ਦੇ ਸਿਧਾਂਤ ਨੂੰ ਘਰ-ਘਰ ਪਹੁੰਚਾਇਆ ਸੀ, ਆਓ! ਆਪਾਂ ਵੀ ਸਾਰੇ ਵਖਰੇਵੇਂ ਭੁਲਾ ਕੇ ਇਕੋ ਨਿਸ਼ਾਨ ਦੀ ਅਗਵਾਈ ਵਿਚ ਇਕਤਰ ਹੋ ਕੇ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਦੇ ਸਿਧਾਂਤ ਮੁਤਾਬਿਕ ਆਪਣੇ ਜੀਵਨ ਨੂੰ ਢਾਲੀਏ।



SikhBookClub.Com

# ਧਰਮ ਧ੍ਰਿਜ: ਸਰਦਾਰ ਜੱਸਾ ਸਿੰਘ ਆਹਲੂਵਾਲੀਆ

*—ਸ. ਬਲਵਿੰਦਰ ਸਿੰਘ ਜੌੜਾਸਿੰਘਾ*

18ਵੀਂ ਸਦੀ ਦੇ ਮਹਾਨ ਵਿਅਕਤੀਆਂ ਵਿਚ ਇਕ ਨਾਮ 'ਸੁਲਤਾਨ-ਉਲ-ਕੌਮ' ਸਰਦਾਰ ਜੱਸਾ ਸਿੰਘ ਆਹਲੂਵਾਲੀਆ ਮੋਢੀ ਸਿੱਖ ਜਰਨੈਲਾਂ ਵਿਚ ਲਿਆ ਜਾਂਦਾ ਹੈ। ਸਰਦਾਰ ਜੱਸਾ ਸਿੰਘ ਧਰਮ ਧ੍ਰਿਜ ਸਨ। ਆਪਣੇ ਸੰਤ ਸੁਭਾਅ ਕਰਕੇ ਜਾਣੇ ਜਾਂਦੇ ਧਰਮੀ ਪੁਰਸ਼ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਜਿੱਥੇ ਸਿੱਖੀ ਗੁਣਾਂ ਕਰਕੇ ਵਿਸ਼ੇਸ਼ ਸਤਿਕਾਰ ਪ੍ਰਾਪਤ ਕੀਤਾ, ਉੱਥੇ ਇਕ ਕੁਸ਼ਲ ਪ੍ਰਬੰਧਕ, ਨਿਪੁੰਨ ਨੀਤੀਵਾਨ ਤੇ ਮਹਾਨ ਯੋਧੇ ਦੇ ਰੂਪ ਵਿਚ ਵੀ ਆਪ ਕਮਾਲ ਸਨ। ਸਰਦਾਰ ਜੱਸਾ ਸਿੰਘ ਸਿੱਖ ਧਰਮ ਦੇ ਧ੍ਰਿਜ ਸਨ, ਬਾਰੇ ਗੱਲ ਕਰਦਿਆਂ ਜਦੋਂ ਉਨ੍ਹਾਂ ਦੇ ਸਮੁੱਚੇ ਜੀਵਨ ਇਤਿਹਾਸ ਨੂੰ ਗਹੁ ਨਾਲ ਵਾਚਿਆ ਜਾਂਦਾ ਹੈ ਤਾਂ ਉਨ੍ਹਾਂ ਦੀ ਸ਼ਖ਼ਸੀਅਤ ਧਰਮ ਨਾਲ ਓਤ-ਪੋਤ ਹੋਈ ਨਜ਼ਰ ਆਉਂਦੀ ਹੈ। ਉਨ੍ਹਾਂ ਦਾ ਸਾਰਾ ਜੀਵਨ ਹੀ ਗੁਰੂ ਸਾਹਿਬ ਦੀਆਂ ਬਖ਼ਸ਼ਿਸ਼ਾਂ ਤੇ ਧਰਮ ਆਧਾਰਿਤ ਕਦਰਾਂ-ਕੀਮਤਾਂ ਨਾਲ ਭਰਿਆ ਪਿਆ ਹੈ।

ਆਮ ਕਰਕੇ ਕਿਹਾ ਜਾਂਦਾ ਹੈ ਕਿ ਉੱਚੇ ਮਹੱਲਾਂ ਦੀਆਂ ਨੀਹਾਂ ਹਮੇਸ਼ਾ ਮਜ਼ਬੂਤ ਹੁੰਦੀਆਂ ਹਨ ਜਾਂ ਦੂਜੇ ਸ਼ਬਦੀਂ ਮਜ਼ਬੂਤ ਨੀਹਾਂ ਉੱਪਰ ਹੀ ਮਹੱਲ ਉਸਾਰੇ ਜਾ ਸਕਦੇ ਹਨ, ਇਸੇ ਤਰ੍ਹਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਪੈਦਾਇਸ਼ ਤੇ ਬਾਲਪਨ ਜਿਵੇਂ ਦਾ ਹੋਇਆ ਉਹ ਇਕ ਧਰਮ ਦੇ ਧ੍ਰਿਜ ਦੀ ਮਜਬੂਤੀ ਦਾ ਸੰਕੇਤ ਦਿੰਦੇ ਹਨ। ਸਰਦਾਰ ਜੱਸਾ ਸਿੰਘ ਦੇ ਪਿਤਾ ਸ. ਬਦਰ ਸਿੰਘ ਨੇ ਆਪਣੇ ਪਿਤਾ ਸ. ਦੇਵਾ ਸਿੰਘ ਨਾਲ ਕਲਗੀਆਂ ਵਾਲੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਈ ਵਾਰ ਦਰਸ਼ਨ ਕੀਤੇ ਸਨ ਅਤੇ ਉਨ੍ਹਾਂ ਦੀ ਸਿਦਕਵਾਨ ਮਾਤਾ ਹੱਲੋ-ਸੰਧੀਏ ਸਰਦਾਰ ਬਾਘ ਸਿੰਘ ਦੀ ਭੈਣ ਸੀ, ਜੋ ਸਿੱਖੀ ਵਿਚ ਬੜੀ ਪਰਪੱਕ, ਗੁਰਬਾਣੀ ਪਾਠ ਤੇ ਕੀਰਤਨ ਬੜੇ ਰਸ ਵਿਚ ਭਿੱਜ ਕੇ ਕਰਦੇ ਹੁੰਦੇ ਸਨ। ਗੁਰਬਾਣੀ ਦੀ ਪੋਥੀ ਆਪ ਦੀ ਕਿਰਪਾਨ ਦੇ ਗਾਤਰੇ ਨਾਲ ਸਜੀ ਹੁੰਦੀ ਸੀ। ਉਨ੍ਹਾਂ ਦਾ ਜੀਵਨ ਅਸਲ ਮਾਇਨਿਆਂ ਵਿਚ ਇਕ ਪੁਰਾਤਨ ਸਿੰਘਣੀਆਂ ਵਾਲਾ ਸੀ। ਇਸ ਤਰ੍ਹਾਂ ਸਿੱਖੀ ਜੀਵਨ ਵਿਚ ਭਿੱਜੀਆਂ ਰੂਹਾਂ ਦੇ ਰਕਤ-ਬਿੰਦ ਤੋਂ ਉਪਜੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਜੀਵਨ ਉੱਪਰ ਆਪਣੇ ਮਾਤਾ-ਪਿਤਾ ਦੇ ਧਰਮੀ ਜੀਵਨ ਦਾ ਅਸਰ ਪ੍ਰਤੱਖ ਮਿਲਦਾ ਹੈ। ਬੱਚੇ ਦੀ ਬਖ਼ਸ਼ਿਸ਼ ਲਈ ਜਦੋਂ



SikhBookClub.Com

ਪਤੀ-ਪਤਨੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ 'ਚ ਹਾਜ਼ਰ ਹੋ ਕੇ ਅਰਦਾਸ ਕੀਤੀ ਤਾਂ ਪਾਤਸ਼ਾਹ ਨੇ ਅਸੀਸ ਦਿੱਤੀ, 'ਵਾਹਿਗੁਰੂ ਅਕਾਲ ਪੁਰਖ ਦੀ ਅਰਾਧਨਾ ਕਰੋ, ਸਾਧ ਸੰਗਤ ਦੀ ਸੇਵਾ ਕਰੋ, ਗੁਰੂ ਨਾਨਕ ਦਾ ਧਿਆਨ ਕਰੋ, ਗੁਰੂ ਅੰਗ-ਸੰਗ ਹੈ, ਤੁਹਾਡਾ ਪੁੱਤਰ ਗੁਰੂ ਕਾ ਲਾਲ ਹੋਵੇਗਾ।' ਇਸੇ ਅਸੀਸ ਸਦਕਾ ਇਸ ਗੁਰੂ ਕੇ ਲਾਲ ਦਾ ਜਨਮ ਬੈਸਾਖ ਸੁਦੀ 15 ਪੂਰਨਮਾਸ਼ੀ, ਸੰਮਤ 1775 ਮੁਤਾਬਕ 3 ਮਈ ਸੰਨ 1718 ਈ. ਨੂੰ ਹੋਇਆ।[1]

ਅਜੇ ਉਹ 4 ਸਾਲ ਦੇ ਹੀ ਸਨ ਕਿ ਪਿਤਾ ਦਾ ਸਾਇਆ ਸਿਰ ਤੋਂ ਉੱਠ ਗਿਆ, ਪਰੰਤੂ ਮਾਤਾ ਜੀ ਨੇ ਛੋਟੀ ਉਮਰ ਵਿਚ ਗੁਰੂ ਕੇ ਲਾਲ ਨੂੰ ਗੁਰਬਾਣੀ ਤੇ ਕੀਰਤਨ ਵਿਚ ਨਿਪੁੰਨ ਕਰ ਦਿੱਤਾ। ਫਿਰ ਮਾਤਾ ਜੀ ਗੁਰੂ ਕੇ ਮਹਿਲ ਮਾਤਾ ਸੁੰਦਰੀ ਜੀ ਕੋਲ ਦਿੱਲੀ ਚਲੇ ਗਏ ਤੇ ਉਨ੍ਹਾਂ ਨੂੰ ਗੁਰਬਾਣੀ, ਕੀਰਤਨ ਸੁਣਾ ਕੇ ਸੇਵਾ ਕਰਦੇ ਰਹੇ। ਬਾਲ ਜੱਸਾ ਸਿੰਘ ਵੀ ਆਪਣੀ ਮਾਤਾ ਨਾਲ ਸ਼ਬਦ ਪੜ੍ਹਦੇ ਤੇ ਕੀਰਤਨ ਕਰਦੇ ਅਤੇ ਸੰਗਤਾਂ ਸੁਣ ਕੇ ਨਿਹਾਲ ਹੁੰਦੀਆਂ ਸਨ। ਇਸ ਧਰਮ ਧ੍ਰੂਜ ਦਾ ਪਾਲਣ ਵੀ ਮਾਤਾ ਸੁੰਦਰੀ ਜੀ ਦੀ ਨਿਗਰਾਨੀ ਵਿਚ ਹੋਇਆ। ਮਾਤਾ ਸੁੰਦਰੀ ਜੀ ਸਰਦਾਰ ਜੱਸਾ ਸਿੰਘ ਨੂੰ ਬਹੁਤ ਪਿਆਰ ਕਰਿਆ ਕਰਦੇ ਸਨ ਅਤੇ ਆਪਣੇ ਬੱਚਿਆਂ ਦੀ ਤਰ੍ਹਾਂ ਖੁਆਉਂਦੇ-ਪਿਆਉਂਦੇ ਤੇ ਪਾਲਣ-ਪੋਸ਼ਣ ਕਰਦੇ। ਮਾਤਾ ਸੁੰਦਰੀ ਜੀ ਬਾਲ ਜੱਸਾ ਸਿੰਘ ਦੀ ਬਾਲਪਨ ਅਵਸਥਾ ਵਿਚ ਧਾਰਮਿਕ ਪਰਪੱਕਤਾ ਤੇ ਗੁਰਬਾਣੀ ਲਈ ਪ੍ਰੇਮ ਵੇਖ ਕੇ ਬਹੁਤ ਸਾਰੀਆਂ ਅਸੀਸਾਂ ਦਿਆ ਕਰਦੇ ਸਨ। ਇਸ ਤਰ੍ਹਾਂ ਕੋਈ ਸੱਤ ਕੁ ਸਾਲ ਮਾਤਾ ਸੁੰਦਰੀ ਜੀ ਦੀ ਸੇਵਾ ਵਿਚ ਰਹੇ।

ਮਾਤਾ ਸੁੰਦਰੀ ਜੀ ਤੋਂ ਵਿਦਾਇਗੀ ਤੇ ਅਸੀਸਾਂ ਲੈ ਕੇ ਜਦੋਂ ਨਵਾਬ ਕਪੂਰ ਸਿੰਘ ਨੂੰ ਮਿਲਣ ਗਏ ਤਾਂ ਤੀਖਣ ਬੁੱਧੀ ਬਾਲਕ ਜੱਸਾ ਸਿੰਘ ਨੇ ਸਵੇਰ ਵੇਲੇ ਖਾਲਸੇ ਦੇ ਦੀਵਾਨ 'ਚ ਆਪਣੇ ਮਾਤਾ ਜੀ ਨਾਲ 'ਆਸਾ ਦੀ ਵਾਰ' ਦਾ ਕੀਰਤਨ ਕੀਤਾ। ਬਾਲਕ ਦੇ ਬੋਲ ਬਾਣੀ ਦੀ ਮਿਠਾਸ, ਸੁਰੀਲੀ ਅਵਾਜ਼, ਰੰਗ-ਢੰਗ, ਸੁਭਾਅ, ਸਿੱਖੀ ਸਿਦਕ ਤੇ ਸੇਵਾ ਭਾਵ ਦਾ ਨਵਾਬ ਕਪੂਰ ਸਿੰਘ ਉੱਤੇ ਗਹਿਰਾ ਅਸਰ ਪਿਆ ਤੇ ਉਨ੍ਹਾਂ ਨੇ ਮਾਤਾ ਤੇ ਸਰਦਾਰ ਬਾਘ ਸਿੰਘ ਪਾਸੋਂ ਸਰਦਾਰ ਜੱਸਾ ਸਿੰਘ ਨੂੰ ਮੰਗ ਲਿਆ। ਮਹਾਨ ਆਤਮਾ ਦਾ ਬਚਨ ਮੋੜਿਆ ਨਾ ਗਿਆ ਤੇ ਨਿਮਰਤਾ ਨਾਲ ਬੱਚਾ ਝੋਲੀ ਪਾ ਦਿੱਤਾ:-

*ਅੰਮ੍ਰਿਤ ਵੇਲੇ ਵਾਇ ਦੁਤਾਰਾ ਆਸਾ ਵਾਰ ਲਗਾਈ।*
*ਮਾਤਾ ਸੁਤ ਕੀ ਸੁਰ ਰਾਸੀਲੀ ਭਰੀ ਪਰੇਮ ਰਸ ਗਾਈ।*
*ਸੁਨਕੈ ਸਿੰਘ ਸਰਬ ਖੁਸ਼ਿ ਥੀਏ ਅਰ ਹਵਾਲ ਸੁਨ ਸਾਰਾ।*
*ਸਿੰਘ ਕਪੂਰ ਨਵਾਬ ਖੁਸ਼ੀ ਹੋ ਬਾਲਕ ਤਈ ਹਕਾਰਾ।*
*ਅਪਨੀ ਗੋਦ ਵੀਚ ਬੈਠਾ ਕੇ ਦੀਨੋ ਪਜਾਰ ਬਧੇਰੇ।*
*ਪਾਂਚ ਅਸੂਫੀ ਖਰਚ ਦਿਵਾਯੋ ਪੁਤ੍ਰ ਕਹਿ ਕੈ ਟੇਰੇ।*
*ਬਾਘ ਸਿੰਘ ਨੇ ਹਾਥ ਜੋੜ ਤਬ ਵੀਚ ਦਿਵਾਨ ਅਲਾਯੋ।*



SikhBookClub.Com

*ਇਹ ਪੁਤ੍ਰੈਲਾ ਭਯੋ ਆਪ ਕਾ ਹਮ ਗੋਦੀ ਤੁਵ ਪਾਯੋ ।*
*ਇਹ ਸੁਨ ਪੰਥ ਖਾਲਸੇ ਝਟ ਪਟ ਸੋਧ ਅਰਦਾਸਾ ਦੀਓ ।*
*ਜਸਾ ਸਿੰਘ ਨਵਾਬ ਕਾ ਪੁਤ੍ਰ ਤਬ ਹੀ ਤੈ ਪਰਗਟੀਓ ।*[2]

ਇਸ ਤਰ੍ਹਾਂ ਸਰਦਾਰ ਜੱਸਾ ਸਿੰਘ ਸ੍ਰੀ ਗੁਰੂ ਨਾਨਕ ਸਾਹਿਬ ਦੇ ਨਿਰਮਲ ਧਰਮ ਦੀ ਗੁੜ੍ਹਤੀ ਲੈ, ਧਰਮ ਦੀ ਰਹਿਤ-ਬਹਿਤ ਵਿਚ ਹੀ ਜਵਾਨ ਹੋਇਆ। ਡਾ. ਗੰਡਾ ਸਿੰਘ ਦੇ ਸ਼ਬਦਾਂ ਵਿਚ "ਸਰਦਾਰ ਜੱਸਾ ਸਿੰਘ ਬੜੇ ਭਾਗਾਂ ਵਾਲਾ ਨੌਜਵਾਨ ਸੀ ਜਿਸ ਨੂੰ ਵਾਹਿਗੁਰੂ ਅਕਾਲ ਪੁਰਖ ਨੇ ਇਕ ਮਹਾਨ-ਆਤਮਾ ਮਾਤਾ ਬਖਸ਼ੀ, ਜਿਸ ਨੇ ਉਸ ਦੇ ਜੀਵਨ ਨੂੰ ਗੁਰਸਿੱਖੀ ਦੇ ਢਾਂਚੇ ਵਿਚ ਢਾਲਿਆ। ਉਸ ਦੇ ਉਪਰੰਤ ਉਸ ਨੂੰ ਮਾਤਾ ਸੁੰਦਰੀ ਜੀ ਦੇ ਚਰਨਾਂ ਵਿਚ ਰਹਿ ਕੇ ਸੇਵਾ-ਭਰਪੂਰ ਜੀਵਨ ਬਣਾਉਣ ਦਾ ਅਵਸਰ ਮਿਲਿਆ। ਹੁਣ ਉਸ ਨੂੰ ਇਕ ਪੂਰਣ ਸਿੰਘ ਅਤੇ ਗੁਰੂ ਕਾ ਖਾਲਸਾ ਬਣ ਕੇ ਕੌਮ ਅਤੇ ਦੇਸ਼ ਦੀ ਸੇਵਾ ਲਈ ਨਿਤਰਨ ਵਾਸਤੇ ਸਰਦਾਰ ਕਪੂਰ ਸਿੰਘ ਵਰਗੇ ਮਹਾਂਪੁਰਖ ਦੀ ਸੰਗਤ ਪ੍ਰਾਪਤ ਹੋ ਗਈ।"[3]

ਸਰਦਾਰ ਕਪੂਰ ਸਿੰਘ ਨੇ ਆਪਣੇ ਹੱਥੀਂ ਸਰਦਾਰ ਜੱਸਾ ਸਿੰਘ ਨੂੰ ਆਪ ਪੰਜ ਪਿਆਰਿਆਂ ਵਿਚ ਸ਼ਾਮਲ ਹੋ ਕੇ ਖੰਡੇ-ਬਾਟੇ ਦੀ ਪਾਹੁਲ ਦਿੱਤੀ ਅਤੇ ਖਾਲਸੇ ਦੀ ਰਹਿਤ ਦਾ ਉਪਦੇਸ਼ ਦਿੱਤਾ। ਖੰਡੇ ਦੇ ਅੰਮ੍ਰਿਤ ਅਤੇ ਸਰਦਾਰ ਕਪੂਰ ਸਿੰਘ ਦੀ ਸਿੱਖਿਆ ਨੇ ਉਸ ਪੁਰ ਸੋਨੇ ਉੱਤੇ ਸੁਹਾਗੇ ਦਾ ਕੰਮ ਕੀਤਾ। ਕੁੰਦਨ ਤਾਂ ਉਹ ਅੱਗੇ ਹੀ ਸੀ, ਹੁਣ ਅੰਮ੍ਰਿਤ ਦੀ ਪੁੱਠ ਨੇ ਉਸ ਨੂੰ ਪਾਰਸ ਬਣਾ ਦਿੱਤਾ। ਜਿੱਥੇ ਅੱਗੇ ਉਹ ਗੁਰਬਾਣੀ ਦੇ ਸਰੂਰ ਵਿਚ ਹਰ ਵੇਲੇ ਉਸੇ ਦਾ ਗਾਇਨ ਕਰਦਾ ਸੀ, ਹੁਣ ਚੜ੍ਹਦੀ ਜਵਾਨੀ ਵਿਚ ਖਾਲਸਈ ਜੋਸ਼ ਉਸ ਦੇ ਮਨ-ਸਮੁੰਦਰ ਵਿਚ ਛੱਲਾਂ ਮਾਰਨ ਲੱਗ ਪਿਆ ਅਤੇ ਉਹ ਹਰ ਸੇਵਾ ਵਿਚ ਅੱਗੇ ਵੱਧ ਕੇ ਹਿੱਸਾ ਲੈਣ ਲੱਗ ਪਿਆ।[4]

ਅੰਮ੍ਰਿਤ ਦੀ ਦਾਤ, ਗੁਰਮਤਿ ਦੀ ਰਹਿਣੀ-ਬਹਿਣੀ, ਦੀਵਾਨ ਵਿਚ ਸੰਗਤਾਂ ਦੀ ਸੇਵਾ ਕਰਨਾ, ਪੱਖਾ ਝੱਲਣਾ, ਗੁਰੂ ਕੇ ਲੰਗਰ ਵਿਚ ਭਾਂਡੇ ਮਾਂਜਣੇ, ਸਵੇਰੇ-ਸ਼ਾਮ ਗੁਰਬਾਣੀ ਦੇ ਪਾਠ ਤੇ ਸ਼ਬਦ-ਕੀਰਤਨ ਦੀ ਸੇਵਾ ਨੇ ਉਸ ਵਿਚ ਧਰਮ ਦੀ ਪੂਰੀ ਤਰ੍ਹਾਂ ਪਰਪੱਕਤਾ ਲੈ ਆਂਦੀ। ਇਸ ਤਰ੍ਹਾਂ ਗੁਰਸਿੱਖੀ ਜੀਵਨ ਹੀ ਉਨ੍ਹਾਂ ਦਾ ਧਰਮ ਬਣ ਗਿਆ। ਇਸੇ ਧਰਮ ਦੀ ਸੇਵਾ, ਧਰਮ ਦੀ ਰਾਖੀ, ਧਰਮ ਅਸਥਾਨਾਂ ਦੀ ਸੇਵਾ, ਗ਼ਰੀਬ-ਮਜ਼ਲੂਮਾਂ ਦੀ ਸੇਵਾ, ਧਰਮ ਦੇ ਨਿਸ਼ਾਨਾਂ ਨੂੰ ਉੱਚਾ ਚੁੱਕਣ, ਖਾਲਸੇ ਦੀ ਚੜ੍ਹਦੀ ਕਲਾ ਬਣਾਉਣ ਲਈ ਆਪਣਾ ਸਾਰਾ ਜੀਵਨ ਲੇਖੇ ਲਾ ਦਿੱਤਾ।

## ਖਾਲਸੇ ਦੀ ਧਾਰਮਿਕ ਤੇ ਰਾਜਨੀਤਿਕ ਅਗਵਾਈ:-

ਸਰਦਾਰ ਜੱਸਾ ਸਿੰਘ ਦੇ ਮੁੱਢਲੇ ਜੀਵਨ ਵਿਚ ਦੇਸ਼ ਅਤੇ ਖਾਲਸਾ ਪੰਥ ਦੀ ਹਾਲਤ ਬਹੁਤ ਵਧੀਆ ਨਹੀਂ ਸੀ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ



SikhBookClub.Com

ਪਿੱਛੋਂ ਖਾਲਸੇ ਉੱਤੇ ਸਖਤੀ ਦਾ ਦੌਰ ਅਰੰਭ ਹੋ ਗਿਆ। ਲਾਹੌਰ ਦੇ ਸੂਬੇਦਾਰ ਅਬਦੁ-ਸਮੱਦ ਖਾਨ ਨੇ ਸਿੱਖਾਂ ਦਾ ਕਤਲ-ਏ-ਆਮ ਅਰੰਭ ਕਰ ਦਿੱਤਾ। ਉਸ ਸਮੇਂ ਦੇ ਹਾਲਾਤ ਨੂੰ ਸੱਯਦ ਮੁਹੰਮਦ ਲਤੀਫ਼ ਉਲੇਖ ਕਰਦਿਆਂ ਲਿਖਦਾ ਹੈ ਕਿ:

"ਸਿੱਖਾਂ ਨੂੰ ਨੀਚਾ ਵਿਖਾ ਕੇ ਅਤੇ ਉਨ੍ਹਾਂ ਦੇ ਆਗੂ ਬੰਦਾ (ਸਿੰਘ) ਨੂੰ ਮਾਰ ਮੁਕਾ ਕੇ, ਉਨ੍ਹਾਂ ਦੀ ਤਾਕਤ ਨੂੰ ਬਰਬਾਦ ਕਰਨ ਅਤੇ ਉਨ੍ਹਾਂ ਦੀ ਕੌਮ ਦਾ ਖੁਰਾ-ਖੋਜ ਮਿਟਾ ਦੇਣ ਲਈ ਅਬਦੁ-ਸਮੱਦ ਖਾਨ ਨੇ ਬੜੀ ਸਖਤੀ ਕੀਤੀ। ਇਕ ਬਾਦਸ਼ਾਹੀ ਫ਼ਰਮਾਨ ਜਾਰੀ ਕੀਤਾ ਗਿਆ ਕਿ (ਗੁਰੂ) ਨਾਨਕ ਦੇ ਧਰਮ ਨੂੰ ਮੰਨਣ ਵਾਲਿਆਂ ਨੂੰ ਕਤਲ ਕਰ ਦਿੱਤਾ ਜਾਏ ਅਤੇ ਹਰ ਇਕ ਸਿੱਖ ਦੇ ਸਿਰ ਲਈ ਨਕਦ ਇਨਾਮ ਰੱਖ ਦਿੱਤਾ ਗਿਆ। ਖਿਝੇ ਹੋਏ ਮੁਸਲਮਾਨਾਂ ਨੇ ਉਨ੍ਹਾਂ ਨੂੰ ਕਿਧਰੇ ਟਿਕਣ ਨਾ ਦਿੱਤਾ ਅਤੇ ਜਿੱਥੇ ਕਿਧਰੇ ਭੀ ਕੋਈ ਸਿੱਖ ਮਿਲਿਆ ਉਸ ਨੂੰ ਬੜੀ ਬੇ-ਰਹਿਮੀ ਨਾਲ ਕਤਲ ਕਰ ਦਿੱਤਾ ਗਿਆ।"[5]

ਲਗਾਤਾਰ ਕਈ ਵਰ੍ਹੇ ਸਖਤੀਆਂ ਤੇ ਜ਼ੁਲਮਾਂ ਦਾ ਦੌਰ ਚੱਲਦਾ ਰਿਹਾ। ਭਾਈ ਮਨੀ ਸਿੰਘ ਦੀ ਸ਼ਹੀਦੀ ਹੋਈ। ਜੂਨ 1734 ਈ. ਨਾਦਰਸ਼ਾਹ ਦੇ ਹਮਲੇ, ਨਾਦਰ ਸ਼ਾਹ ਦੇ ਕਾਫਲਿਆਂ ਦੀ ਲੁੱਟ, ਜ਼ਕਰੀਆ ਖਾਨ ਦੀਆਂ ਸਖਤੀਆਂ, ਮੱਸੇ ਰੰਗੜ ਦਾ ਕਤਲ, ਬਾਬਾ ਬੋਤਾ ਸਿੰਘ-ਬਾਬਾ ਗਰਜਾ ਸਿੰਘ ਦੀ ਸ਼ਹੀਦੀ, ਜੁਲਾਈ 1745 ਈ. ਵਿਚ ਭਾਈ ਤਾਰੂ ਸਿੰਘ ਦੀ ਸ਼ਹੀਦੀ, ਦੀਵਾਨ ਜਸਪਤ ਰਾਇ ਦੀ ਮੌਤ, ਛੋਟਾ ਘੱਲੂਘਾਰਾ (1746 ਈ.) ਆਦਿ ਘਟਨਾਵਾਂ ਹੋਈਆਂ। ਛੋਟੇ ਘੱਲੂਘਾਰੇ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਬੜੀ ਸੂਰਮਗਤੀ ਨਾਲ ਲੜੇ।

ਫਿਰ ਖਾਲਸੇ ਨੇ ਦੁਰਾਨੀਆਂ, ਅਫਗਾਨੀਆਂ ਨਾਲ ਟਾਕਰਾ ਕੀਤਾ, ਦੀਨਾ ਬੇਗ ਨਾਲ ਟੱਕਰ (1748 ਈ.), ਮੀਰ ਮੰਨੂੰ ਦੀਆਂ ਸਖਤੀਆਂ, ਅਹਿਮਦਸ਼ਾਹ ਦੁਰਾਨੀ ਦਾ ਦੂਜਾ ਹਮਲਾ (1747 ਈ.), ਦੀਵਾਨ ਕੌੜਾ ਮੱਲ ਦੀ ਸ਼ਾਹ ਨਿਵਾਜ ਨਾਲ ਮੁਲਤਾਨ ਦੀ ਲੜਾਈ ਹੋਈ ਇਸ ਲੜਾਈ ਵਿਚ ਖਾਲਸਾ ਪੰਥ ਨੇ ਦੀਵਾਨ ਕੌੜਾ ਮੱਲ ਦੀ ਮਦਦ ਕੀਤੀ ਤੇ ਜਿੱਤ ਪ੍ਰਾਪਤ ਕੀਤੀ। ਦੀਵਾਨ ਕੌੜਾ ਮੱਲ ਦੀ ਜਿੱਤ ਪਿੱਛੋਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਧਰਮ ਧ੍ਰਜ ਬਣ ਕੇ ਦੀਵਾਨ ਕੌੜਾ ਮੱਲ ਕੋਲੋਂ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਅਤੇ ਸਰੋਵਰ ਦੀ ਕਾਰ-ਸੇਵਾ ਕਰਵਾਈ ਅਤੇ ਦੀਵਾਨ ਕੌੜਾ ਮੱਲ ਕੋਲੋਂ ਹੀ ਤਿੰਨ ਲੱਖ ਰੁਪਏ ਖਰਚ ਕੇ ਗੁਰਦੁਆਰਾ ਬਾਲ ਲੀਲਾ ਨਨਕਾਣਾ ਸਾਹਿਬ ਦੀ ਇਮਾਰਤ ਤੇ ਇਕ ਵੱਡਾ ਸਰੋਵਰ ਬਣਾਇਆ।[6]

## ਖਾਲਸਾ ਪੰਥ ਦੀ ਧਾਰਮਿਕ ਅਗਵਾਈ

ਧਰਮ ਧ੍ਰਜ ਬਣ ਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵਜੋਂ ਖਾਲਸਾ ਪੰਥ ਦੀ ਧਾਰਮਿਕ ਅਗਵਾਈ ਵੀ ਕੀਤੀ। 'ਮਿਸਲ ਕਾਲ' ਸਮੇਂ ਜਦੋਂ ਸਰਦਾਰ ਕਪੂਰ ਸਿੰਘ ਨੂੰ ਨਵਾਬੀ ਮਿਲੀ ਤਾਂ


SikhBookClub.Com

ਉਸ ਵੇਲੇ ਨਵਾਬ ਕਪੂਰ ਸਿੰਘ ਖਾਲਸਾ ਪੰਥ ਦੇ ਰਾਜਸੀ ਤੇ ਧਾਰਮਿਕ ਜਥੇਦਾਰ ਸਨ ਅਤੇ ਸਾਰੇ ਸਿੱਖ ਉਨ੍ਹਾਂ ਦੀ ਅਗਵਾਈ ਵਿਚ ਧਾਰਮਿਕ ਤੇ ਰਾਜਸੀ ਫੈਸਲੇ ਕਰਦੇ ਸਨ। 7 ਅਕਤੂਬਰ, 1753 ਈ. ਨੂੰ ਨਵਾਬ ਕਪੂਰ ਸਿੰਘ ਅਕਾਲ ਚਲਾਣਾ ਕਰ ਗਏ।[7] 10 ਅਪ੍ਰੈਲ, 1754 ਈ. ਨੂੰ ਵੈਸਾਖੀ ਦੇ ਦਿਹਾੜੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਖਾਲਸਾ ਦੀਵਾਨ ਸਜਿਆ। ਸਰਬੱਤ ਸੰਗਤ ਨੇ ਨਵਾਬ ਕਪੂਰ ਸਿੰਘ ਲਈ ਅਰਦਾਸ ਕੀਤੀ ਅਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਹਰ ਪ੍ਰਕਾਰ ਯੋਗ ਜਾਣ ਕੇ ਨਵਾਬ ਕਪੂਰ ਸਿੰਘ ਦੀ ਥਾਂ ਖਾਲਸੇ ਦਾ ਰਾਜਸੀ ਤੇ ਧਾਰਮਿਕ ਜਥੇਦਾਰ ਥਾਪਿਆ,[8] ਨਵਾਬੀ ਦਾ ਖ਼ਿਤਾਬ ਵੀ ਸਰਦਾਰ ਜੱਸਾ ਸਿੰਘ ਨੂੰ ਦੇ ਦਿੱਤਾ। ਇਸ ਤਰ੍ਹਾਂ ਆਪ ਧਾਰਮਿਕ ਤੇ ਰਾਜਸੀ ਤੌਰ 'ਤੇ ਖਾਲਸਾ ਪੰਥ ਦੇ ਝੰਡਾ ਬਰਦਾਰ (ਧਰਮ ਧ੍ਵਜ) ਪੱਕੇ ਤੌਰ 'ਤੇ ਬਣ ਗਏ।

**ਅੰਮ੍ਰਿਤ ਪ੍ਰਚਾਰ ਲਈ ਚੇਤਨਾ:-** ਧਰਮ ਧ੍ਵਜ ਹੁੰਦਿਆਂ ਸਰਦਾਰ ਜੱਸਾ ਸਿੰਘ ਨੇ ਸਿੱਖੀ ਦੇ ਪ੍ਰਚਾਰ ਲਈ ਵੀ ਅੰਮ੍ਰਿਤ ਸੰਚਾਰ 'ਤੇ ਜ਼ੋਰ ਦਿੱਤਾ। ਭਾਵੇਂ ਉਹ ਸਮਾਂ ਜੰਗਾਂ-ਯੁੱਧਾਂ ਦਾ ਸੀ, ਪਰੰਤੂ ਸਰਦਾਰ ਜੱਸਾ ਸਿੰਘ ਨਾਲ ਨਾਲ ਅੰਮ੍ਰਿਤ ਦੇ ਪ੍ਰਚਾਰ ਵੱਲ ਵੀ ਧਿਆਨ ਦਿੰਦੇ ਸਨ। ਸੰਗਤ ਵਿਚ ਕੀਰਤਨ ਕਰਦੇ ਰਹੇ। 'ਆਸਾ ਦੀ ਵਾਰ' ਕਦੇ ਖੁੰਝਾਈ ਨਹੀਂ।

ਬਾਬਾ ਦੀਪ ਸਿੰਘ ਜੀ ਜਦ ਬੀੜ ਦੀ ਸੁਧਾਈ ਲਈ ਕਰਤਾਰਪੁਰ ਆਏ ਤਾਂ ਆਪ ਹੱਥੀਂ ਉਨ੍ਹਾਂ ਦੀ ਸੇਵਾ ਕਰਦੇ ਰਹੇ ਅਤੇ ਰਾਖੀ ਦੇ ਪੂਰੇ ਇੰਤਜ਼ਾਮ ਵੀ ਕੀਤੇ। ਉਨ੍ਹਾਂ ਦੇ ਇਸ ਵਤੀਰੇ ਕਰਕੇ ਬਹੁਤੇ ਲੋਕੀਂ ਅੰਮ੍ਰਿਤ-ਪਾਨ ਕਰਨ ਲਈ ਉਨ੍ਹਾਂ ਕੋਲ ਆਉਂਦੇ ਸਨ। ਅੰਮ੍ਰਿਤ-ਪਾਨ ਕਰਨ ਵਾਲੇ ਨੂੰ ਕਛਹਿਰਾ, ਕੁੜਤਾ, ਦਸਤਾਰ, ਚਾਦਰ ਤੇ ਕਿਰਪਾਨ ਉਹ ਆਪਣੇ ਵੱਲੋਂ ਦਿੰਦੇ ਸਨ। ਕੜਾਹ ਪ੍ਰਸ਼ਾਦ ਤੇ ਹੋਰ ਅਰਦਾਸ ਵੀ ਆਪਣੇ ਵੱਲੋਂ ਕਰਦੇ ਸਨ। ਅੰਮ੍ਰਿਤ ਛਕਣ ਤੋਂ ਬਾਅਦ ਕੋਈ ਉਨ੍ਹਾਂ ਪਾਸ ਰਹਿਣਾ ਚਾਹੁੰਦਾ ਤਾਂ ਪੂਰੀ ਆਗਿਆ ਸੀ, ਪਰ ਜੇ ਕੋਈ ਹੋਰ ਜਥੇ ਵਿਚ ਜਾਣਾ ਚਾਹੁੰਦਾ ਜਾਂ ਘਰ ਜਾਣਾ ਚਾਹੁੰਦਾ ਤਾਂ ਵੀ ਨਾ ਰੋਕਦੇ।[9]

ਨਾਮ-ਰਸੀ ਤੇ ਉੱਚੇ ਕਿਰਦਾਰ ਦੀ ਰੂਹ ਕਰਦੇ ਹੀ ਪਟਿਆਲਾ ਰਿਆਸਤ ਦੇ ਮਹਾਰਾਜੇ ਅਮਰ ਸਿੰਘ ਨੇ ਵੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਪਾਸੋਂ ਅੰਮ੍ਰਿਤ ਛਕਿਆ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਧਰਮ ਧ੍ਵਜ ਹੋਣ ਕਰਕੇ ਪੰਥਕ ਏਕਤਾ ਲਈ ਵੀ ਆਪਣਾ ਯੋਗਦਾਨ ਪਾਇਆ। ਪੰਥ ਵਿਚ ਕਦੇ ਦੁਫੇੜ ਨਹੀਂ ਪੈਣ ਦਿੱਤਾ। ਜਦੋਂ ਇਕ ਵਾਰ ਬਾਬਾ ਆਲਾ ਸਿੰਘ ਪਟਿਆਲੇ ਨੂੰ ਅਬਦਾਲੀ ਦੀ ਮਦਦ ਕਰਨ ਕਰਕੇ ਸਜ਼ਾ ਦੇਣ ਦਾ ਫ਼ੈਸਲਾ ਕਰ ਲਿਆ ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਆਪ ਦਖ਼ਲ ਦੇ ਕੇ ਮਿਸਲਾਂ ਦੇ ਸਰਦਾਰਾਂ ਨੂੰ ਸਮਝਾਇਆ ਕਿ ਬਾਬਾ ਆਲਾ ਸਿੰਘ ਨੇ ਜੋ ਕੁਝ ਠੀਕ ਜਾਂ ਗਲਤ ਕੀਤਾ ਹੈ, ਉਹ ਵਕਤ ਦੀ ਕੂਟਨੀਤਕ ਲੋੜ ਸੀ। ਸਮਾਂ ਟਾਲਣਾ ਜ਼ਰੂਰੀ ਸੀ ਜੇ ਉਹ ਅਬਦਾਲੀ ਨੂੰ ਪਾਣੀਪਤ ਰਸਦ ਭੇਜਦਾ ਰਿਹਾ ਤਾਂ ਦੂਜੇ ਪਾਸੇ ਤੁਹਾਨੂੰ ਗੋਲਾ,



SikhBookClub.Com

ਬਾਰੂਦ ਤੇ ਘੋੜੇ ਦਿੰਦਾ ਰਿਹਾ। ਇਸ ਤਰ੍ਹਾਂ ਪੰਥਕ ਅੰਗ ਵੱਖਰੇ ਕਰਨੇ ਠੀਕ ਨਹੀਂ ਤੇ ਇੱਥੋਂ ਤਕ ਕਿਹਾ ਕਿ ਇਹ ਗੁਰੂ ਦਾ ਸਿੱਖ ਹੈ, ਇਨ੍ਹਾਂ ਵਿਰੁੱਧ ਕੋਈ ਸ਼ਬਦ ਹੱਤਕ ਵਾਲਾ ਵੀ ਨਹੀਂ ਬੋਲਣਾ। ਚੰਗਾ ਇਹ ਹੋਵੇਗਾ ਕਿ ਇਨ੍ਹਾਂ ਨੂੰ ਤਨਖਾਹ ਲਗਾ ਕੇ ਮੁੜ ਅੰਮ੍ਰਿਤ ਛਕਾ ਕੇ ਪੰਥ ਵਿਚ ਰਲਾ ਲਿਆ ਜਾਵੇ।[10] ਫਿਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਬਾਬਾ ਆਲਾ ਸਿੰਘ ਜੀ ਨੂੰ ਅੰਮ੍ਰਿਤ ਵੀ ਆਪਣੇ ਹੱਥੀਂ ਪੰਜ ਪਿਆਰਿਆਂ 'ਚ ਸ਼ਾਮਲ ਹੋ ਕੇ ਛਕਾਇਆ ਤੇ ਆਪਣੇ ਹੱਥੀਂ ਕੜਾਹ ਪ੍ਰਸ਼ਾਦ ਵਰਤਾਇਆ ਤੇ ਸਭ ਸਰਦਾਰਾਂ ਨਾਲ ਬੈਠ ਕੇ ਇਕੱਠਿਆਂ ਲੰਗਰ ਛਕਿਆ।[11] ਪੰਥਕ ਏਕਤਾ ਦੀ ਇਕ ਹੋਰ ਘਟਨਾ ਸਾਹਮਣੇ ਆਉਂਦੀ ਹੈ, ਜਦੋਂ ਕਰਤਾਰਪੁਰ ਦੇ ਧੀਰਮੱਲੀਆਂ 'ਚੋਂ ਸੋਢੀ ਗੁਲਾਬ ਸਿੰਘ ਨੇ ਪੰਥ ਦਾ ਅੰਗ ਬਣਨ ਦੀ ਬੇਨਤੀ ਕੀਤੀ ਤਾਂ ਸਿੱਖ ਸਰਦਾਰਾਂ ਦਰਬਾਰਾ ਸਿੰਘ ਆਦਿ ਨੇ ਕਿਹਾ ਕਿ ਇਸ ਵਾਸਤੇ ਅੰਮ੍ਰਿਤ ਛਕ ਸਿੰਘ ਸਜਣ ਉਪਰੰਤ ਹੀ ਪੰਥ ਵਿਚ ਸ਼ਾਮਲ ਹੋਇਆ ਜਾ ਸਕਦਾ ਹੈ। ਜਦੋਂ ਕਰਤਾਰਪੁਰ (ਜਲੰਧਰ) ਇਕੱਠ ਕੀਤਾ ਤਾਂ ਖਾਲਸੇ ਨੂੰ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਸੀ ਕਿ ਧੀਰਮੱਲੀਆਂ ਨਾਲ ਨਹੀਂ ਵਰਤਣਾ, ਪਰ ਹੁਣ ਇਨ੍ਹਾਂ ਲੋਕਾਂ ਨੇ ਖੰਡੇ ਦਾ ਅੰਮ੍ਰਿਤ ਛਕ ਕੇ ਸਿੰਘ ਬਣਨਾ ਕਬੂਲ ਕਰ ਲਿਆ ਹੈ। ਇਸ ਲਈ ਮਹਾਰਾਜ ਦੀ ਆਗਿਆ ਅਨੁਸਾਰ ਇਹ ਲਾਇਕ ਸ਼ਮੂਲੀਅਤ ਪੰਥ ਹੈ। ਉਨ੍ਹਾਂ ਨੂੰ ਆਪਣੇ ਹੱਥੀਂ ਅੰਮ੍ਰਿਤ ਛਕਾਇਆ। ਫਿਰ ਉਨ੍ਹਾਂ ਨੂੰ ਕਿਹਾ ਲੰਗਰ ਤਿਆਰ ਕਰੋ ਤੇ ਸਾਰਿਆਂ ਨੇ ਪੰਗਤ ਵਿਚ ਬੈਠ ਕੇ ਉਨ੍ਹਾਂ ਦੇ ਹੱਥੀਂ ਲੰਗਰ ਛਕਿਆ।[12] ਪਿੱਛੋਂ ਫਿਰ ਧੀਰਮੱਲੀਆਂ ਨੇ ਆਪਣੇ ਗੁਰੂ-ਡੰਮ ਤੇ ਭੂਤਾਂ-ਪ੍ਰੇਤਾਂ ਦੀ ਆੜ ਲੈ ਲਈ ਤੇ ਉਹ ਪੰਥ ਨਾਲੋਂ ਕੱਟੇ ਗਏ।

## ਧਰਮ ਤੇ ਗੁਰੂ ਵਿਚ ਵਿਸ਼ਵਾਸ

ਧਰਮ ਧ੍ਰੂਜ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਇਕ ਧਰਮੀ ਪੁਰਸ਼ ਸੀ। ਦਸ ਗੁਰੂ ਸਾਹਿਬਾਨ ਤੇ ਅਕਾਲ ਪੁਰਖ ਦੀ ਸਰਪ੍ਰਸਤੀ ਤੇ ਸ਼ਕਤੀ, ਬਖ਼ਸ਼ਿਸ਼ ਵਿਚ ਉਨ੍ਹਾਂ ਦਾ ਦ੍ਰਿੜ੍ਹ ਇਰਾਦਾ ਤੇ ਅਟੱਲ ਵਿਸ਼ਵਾਸ ਸੀ। ਇਸ ਦੀ ਇਕ ਮਿਸਾਲ ਇਹ ਮਿਲਦੀ ਹੈ ਕਿ ਇਕ ਵਾਰ ਜਲੰਧਰ ਦੇ ਸੂਬੇਦਾਰ ਅਦੀਨਾ ਬੇਗ ਨੇ ਸਾਂਝਾ ਮੁਹਾਜ ਬਣਾਉਣ ਤੇ ਆਪਣਾ ਰਾਜ ਬਣਾਉਣ ਲਈ ਪੱਤਰ ਲਿਖਿਆ ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਵਾਹਿਗੁਰੂ 'ਤੇ ਭਰੋਸਾ ਪ੍ਰਗਟ ਕਰਦਿਆਂ ਕਿਹਾ ਕਿ 'ਸਮਝੌਤਾ ਕਿਸੇ ਸੂਰਤ ਵਿਚ ਨਹੀਂ ਹੋ ਸਕਦਾ ਕਿਉਂਕਿ ਦੋਹਾਂ ਵਿਚ ਖ਼ਿਆਲਾਂ ਦਾ ਅੰਤਰ ਹੈ। ਸਿੱਖ ਉਸੇ ਹੀ ਤਲਵਾਰ ਨਾਲ ਰਾਜ ਬਣਾਉਣਗੇ ਜਿਸ ਨਾਲ ਮੁਗ਼ਲਾਂ ਬਣਾਇਆ ਹੈ। ਮੁਲਾਕਾਤ ਮੈਦਾਨ-ਏ-ਜੰਗ ਵਿਚ ਹੀ ਹੋਵੇਗੀ। ਸ਼ਹੀਦੀਆਂ ਲਏ ਤੇ ਖ਼ੂਨ ਬਹਾਏ ਬਗੈਰ ਅਜ਼ਾਦੀਆਂ ਨਹੀਂ ਮਿਲਦੀਆਂ। ਸਿੱਖਾਂ ਦੀ ਚਮਕਦੀ ਤੇਗ ਦੇਖ ਕੇ ਮੁਗ਼ਲ ਸਮਝੌਤੇ ਦੀਆਂ ਗੱਲਾਂ ਕਰਨ ਲੱਗ ਪਏ ਹਨ। ਜਦ ਇਹ ਕਿਰਪਾਨ ਚੱਲ ਪਈ ਤਾਂ ਰਾਜ ਕਦਮਾਂ



SikhBookClub.Com

'ਚ ਹੋਵੇਗਾ। 'ਰਾਜ ਕਰੇਗਾ ਖਾਲਸਾ' ਦਾ ਵਾਕ ਕਿਸੇ ਦੇ ਰਹਮ-ਕਰਮ ਨਾਲ ਨਹੀਂ, ਇਹ ਵਾਹਿਗੁਰੂ ਦੀ ਰਹਿਮਤ ਤੇ ਬਖ਼ਸ਼ਿਸ਼ ਨਾਲ ਪੂਰਾ ਹੋਵੇਗਾ। ਜਿਨ੍ਹਾਂ ਦੇ ਮੱਥੇ 'ਤੇ ਰੱਬ ਆਪੂੰ ਮੁਲਖ ਲਿਖ ਦੇਵੇ ਉਹ ਹੋਰਨਾਂ ਪਾਸੋਂ ਕਾਗਜ਼ 'ਤੇ ਕੀ ਲਿਖਵਾਵੇ। ਜਿਸ 'ਤੇ ਦੋਹਾਂ ਜ਼ਹਾਨਾਂ ਦਾ ਪਾਤਸ਼ਾਹ ਪ੍ਰਸੰਨ ਹੋਵੇ ਉਸ ਨੂੰ ਹੋਰ ਕਿਸੇ ਖੁਸ਼ੀ ਦੀ ਲੋੜ ਨਹੀਂ।[13] ਇਹ ਬੋਲ ਧਰਮ ਧ੍ਰੂਜ ਸਰਦਾਰ ਜੱਸਾ ਸਿੰਘ ਦੇ ਗੁਰੂ ਤੇ ਗੁਰੂ ਦੀਆਂ ਬਖ਼ਸ਼ਿਸ਼ਾਂ ਲਈ ਅਟੱਲ ਵਿਸ਼ਵਾਸ ਦਾ ਸਿਖ਼ਰ ਸੀ ਅਤੇ ਗੁਰੂ ਸਿੱਖਾਂ ਨੂੰ ਆਪਣੇ ਰਾਜ ਤੇ ਬਾਦਸ਼ਾਹਤ ਦੀ ਮੁਰਾਦ ਪੂਰੀ ਵੀ ਕੀਤੀ।

## ਸ੍ਰੀ ਦਰਬਾਰ ਸਾਹਿਬ ਦੀ ਸੇਵਾ

ਮੁਗ਼ਲਾਂ ਤੇ ਦੁਰਾਨੀਆਂ ਨੇ ਛੋਟੇ, ਵੱਡੇ ਘੱਲੂਘਾਰਿਆਂ ਵੇਲੇ ਅਤੇ ਹੋਰ ਛੋਟੀਆਂ-ਮੋਟੀਆਂ ਝੜਪਾਂ ਵੇਲੇ ਖਾਲਸਾ ਪੰਥ ਦਾ ਬਹੁਤ ਨੁਕਸਾਨ ਕੀਤਾ। ਵੱਡੇ ਘੱਲੂਘਾਰੇ ਸਮੇਂ ਇਕ ਹੀ ਦਿਨ ਵਿਚ 30,000 ਤੋਂ ਜ਼ਿਆਦਾ ਸਿੰਘਾਂ-ਸਿੰਘਣੀਆਂ ਤੇ ਬੱਚਿਆਂ ਨੂੰ ਸ਼ਹੀਦ ਕਰਵਾ ਕੇ ਵੀ ਖਾਲਸਾ ਪੰਥ ਤੱਤ ਖਾਲਸੋ ਸੋ ਰਹਯੋ, ਗਯੋ ਸੁ ਖੋਟ ਗਵਾਇ ਬੋਲਦਾ ਚੜ੍ਹਦੀ ਕਲਾ ਵਿਚ ਰਹਿੰਦਾ ਹੈ। ਦੁਰਾਨੀਆਂ ਦੁਆਰਾ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਨੂੰ ਢਾਹੁਣਾ, ਸਰੋਵਰ ਨੂੰ ਪੂਰਨਾ, ਬੁੰਗੇ ਬਰਬਾਦ ਕਰਨੇ ਇਹ ਸਭ ਤੋਂ ਜ਼ਿਆਦਾ ਅਸਹਿ ਸੀ। ਦੂਜੇ ਪਾਸੇ ਵੱਡੇ ਘੱਲੂਘਾਰੇ ਤੋਂ ਬਾਅਦ ਅਹਿਮਦਸ਼ਾਹ ਦੁਰਾਨੀ ਸ੍ਰੀ ਦਰਬਾਰ ਸਾਹਿਬ ਅਤੇ ਉਸ ਦੀ ਜ਼ਿੰਮੀਦਾਰੀ ਜ਼ਮੀਨ ਨੁਸ਼ਹਿਰਾ ਪੰਨੂੰਆਂ ਦੇ ਚੌਧਰੀ ਸਾਹਿਬ ਰਾਇ ਪਾਸ ਗਹਿਣੇ ਰੱਖ ਗਿਆ ਸੀ। ਉਸ ਲਈ ਸ਼ਰਤ ਇਹ ਸੀ ਕਿ ਜਦੋਂ ਤਕ ਇਹ ਰਕਮ ਵਾਪਸ ਨਹੀਂ ਹੁੰਦੀ, ਦਰਬਾਰ ਸਾਹਿਬ ਦੀ ਚੜ੍ਹਤ ਚੌਧਰੀ ਸਾਹਿਬ ਰਾਇ ਲਵੇਗਾ।[14] ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਧਰਮ ਧ੍ਰੂਜ ਬਣ ਕੇ ਸਰਹੰਦ ਫਤਿਹ ਕੀਤਾ। ਸਰਹੰਦ ਦੀ ਫਤਿਹ ਤੋਂ ਪਿੱਛੋਂ ਖਾਲਸੇ ਨੂੰ ਬਹੁਤ ਸਾਰਾ ਧਨ ਮਿਲਿਆ। ਸਰਦਾਰਾਂ ਦੁਆਰਾ ਇਸ ਧਨ ਦੀ ਵੰਡ 'ਚ ਸਰਦਾਰ ਜੱਸਾ ਸਿੰਘ ਨੂੰ ਨੌ ਲੱਖ ਉਸ ਸਮੇਂ ਹਿੱਸੇ ਆਇਆ।[15] ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਸਰਬੱਤ ਖਾਲਸਾ ਸੱਦ ਕੇ ਸ੍ਰੀ ਹਰਿਮੰਦਰ ਸਾਹਿਬ, ਸਰੋਵਰ ਤੇ ਬੁੰਗਿਆਂ ਦੀ ਕਾਰ-ਸੇਵਾ ਲਈ ਗੁਰੂ ਦੇ ਨਾਮ ਉੱਤੇ ਸੇਵਾ ਇਕੱਠੀ ਕਰਨ ਲਈ 'ਗੁਰੂ ਕੀ ਚਾਦਰ' ਵਿਛਾ ਦਿੱਤੀ ਤੇ ਸਭ ਤੋਂ ਪਹਿਲਾਂ ਆਪ ਨੌ ਲੱਖ ਰੁਪਇਆ ਸੇਵਾ ਲਈ ਚਾਦਰ ਉੱਪਰ ਰੱਖ ਦਿੱਤਾ। ਪੰਜ ਲੱਖ ਹੋਰ ਸਰਦਾਰਾਂ ਪਾਸੋਂ ਇਕੱਠਾ ਹੋਇਆ। ਸਭ ਮਾਇਆ ਇਕੱਠੀ ਕਰ ਕੇ ਭਾਈ ਦੇਸ ਰਾਜ ਬਿਧੀਚੰਦੀਏ ਨੂੰ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਕਰਾਉਣ ਲਈ ਲਾਇਆ।

ਇਸ ਦੇ ਨਾਲ ਹੀ ਚੌਧਰੀ ਰਾਇ ਨੂੰ ਬੁਲਾ ਕੇ ਸਤਿਕਾਰ ਦਿੰਦਿਆਂ ਤਿੰਨ ਲੱਖ ਦੇ ਕੇ ਸ੍ਰੀ ਦਰਬਾਰ ਸਾਹਿਬ ਨੂੰ ਗਹਿਣੇ 'ਚੋਂ ਛੁਡਾਇਆ ਅਤੇ ਹੋਰ ਪੁਜਾਰੀਆਂ ਤੇ ਅਕਾਲੀਆਂ ਦੇ ਜੁਰਮਾਨੇ ਦੀ ਰਕਮ ਵੀ ਭਰ ਦਿੱਤੀ।[16] ਉਨ੍ਹਾਂ ਨੇ



SikhBookClub.Com

ਆਪਣੇ ਜੀਵਨ ਦੇ ਅੰਤਲੇ ਚਾਰ-ਪੰਜ ਸਾਲ ਸ੍ਰੀ ਦਰਬਾਰ ਸਾਹਿਬ ਦੀ ਸੇਵਾ, ਬੁੰਗਿਆਂ ਦੀ ਉਸਾਰੀ ਅਤੇ ਸ਼ਹਿਰ ਦੀ ਸੇਵਾ 'ਚ ਲਾਏ ਅਤੇ ਆਪਣੇ ਧਰਮ ਧ੍ਰੂਜ ਹੋਣ ਦਾ ਪਹਿਰਾ ਦਿੱਤਾ।

## ਸੁਲਤਾਨ-ਉਲ-ਕੌਮ ਤੇ ਖਾਲਸੇ ਦਾ ਸਿੱਕਾ

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ 'ਚ ਜਦੋਂ ਖਾਲਸਾ ਪੰਥ ਦਾ ਲਾਹੌਰ ਉੱਤੇ ਕਬਜ਼ਾ ਹੋਇਆ ਤਾਂ ਨਵਾਬ ਕਪੂਰ ਸਿੰਘ ਦੁਆਰਾ ਕੀਤੀ ਹੋਈ ਭਵਿੱਖ ਬਾਣੀ ਦੇ ਸ਼ਬਦ ਜੋ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਬਚਪਨ ਵੇਲੇ ਉਚਾਰੇ ਸਨ ਕਿ "ਤੇਰੇ ਔਰ ਤੇਰੀ ਸੰਤਾਨ ਦੇ ਅੱਗੇ ਆਸਿਆਂ ਵਾਲੇ ਚੋਬਦਾਰ ਚਲਿਆ ਕਰਨਗੇ" ਅਤੇ ਸਰਦਾਰ ਜੱਸਾ ਸਿੰਘ ਨੂੰ ਕਿਹਾ ਕਿ "ਮੈਨੂੰ ਇਸ ਗਰੀਬ-ਨਿਵਾਜ਼ ਪੰਥ ਨੇ ਨਵਾਬ ਬਣਾ ਦਿੱਤਾ ਹੈ, ਤੈਨੂੰ, ਕੀ ਪਤਾ, ਪਾਤਸ਼ਾਹ ਹੀ ਬਣਾ ਦੇਣ।"[17] ਇਹ ਭਵਿੱਖਤ ਵਾਕ ਸੱਚ ਸਾਬਿਤ ਹੋਏ। ਗੁਰੂ ਦੀ ਮੇਹਰ ਸਦਕਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ 'ਸੁਲਤਾਨ-ਉਲ-ਕੌਮ' ਪੰਥ ਦੇ ਬਾਦਸ਼ਾਹ ਦੀ ਪਦਵੀ ਪ੍ਰਾਪਤ ਹੋਈ।[18] ਪੰਥ-ਸੇਵਕ ਤੇ ਧਰਮ ਧ੍ਰੂਜ ਹੁੰਦਿਆਂ ਸਰਦਾਰ ਜੱਸਾ ਸਿੰਘ ਨੇ ਵੀ ਬਾਬਾ ਬੰਦਾ ਸਿੰਘ ਬਹਾਦਰ ਦੀ ਤਰ੍ਹਾਂ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਉੱਤੇ ਖਾਲਸਾ ਸਿੱਕਾ ਜਾਰੀ ਕੀਤਾ। ਭਾਵ ਕਿ ਆਪ ਨੇ ਆਪਣੇ ਨਿਜ ਦੀ ਥਾਂ ਆਪਣੇ ਸਤਿਗੁਰਾਂ ਅਤੇ ਧਰਮ ਦੇ ਝੰਡੇ ਬੁਲੰਦ ਕੀਤੇ।

## ਕੈਦੀ ਇਸਤਰੀਆਂ ਨੂੰ ਛੁਡਾਉਣਾ

ਸਿੱਖ ਧਰਮ ਵਿਚ ਇਸਤਰੀ ਨੂੰ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਕਹਿ ਕੇ ਸਤਿਕਾਰਿਆ ਜਾਂਦਾ ਹੈ। ਕਾਜ਼ੀ ਨੂਰ ਮੁਹੰਮਦ ਲਿਖਦਾ ਹੈ ਕਿ ਸਿੱਖ, ਇਸਤਰੀਆਂ ਨੂੰ 'ਬੁੜੀ' ਜਾਂ 'ਬੁੱਢੀ' ਕਹਿੰਦੇ ਹਨ ਤੇ ਹਰ ਇਸਤਰੀ ਭਾਵੇਂ ਉਹ ਆਪਣੀ ਹੋਵੇ ਜਾਂ ਕਿਸੇ ਦੁਸ਼ਮਣ ਦੀ ਨੂੰ ਸਤਿਕਾਰ ਦਿੰਦੇ ਹਨ। ਧਰਮ ਧ੍ਰੂਜ ਹੁੰਦਿਆਂ ਸਰਦਾਰ ਜੱਸਾ ਸਿੰਘ ਨੇ ਖਾਲਸਾ ਪੰਥ ਦੀ ਅਗਵਾਈ ਕਰਦਿਆਂ 2200 ਤੋਂ ਉੱਪਰ ਹਿੰਦੂ ਇਸਤਰੀਆਂ ਗੋਇੰਦਵਾਲ ਸਾਹਿਬ ਨੇੜੇ ਅਹਿਮਦਸ਼ਾਹ ਦੇ ਕੈਂਪ 'ਚੋਂ ਛੁਡਾਈਆਂ ਫੇਰ ਸਭ ਨੂੰ ਖਰਚ ਦੇ ਕੇ ਘਰੋਂ-ਘਰੀਂ ਪਹੁੰਚਾ ਦਿੱਤਾ। ਡਾ. ਗੰਡਾ ਸਿੰਘ ਦੇ ਸ਼ਬਦਾਂ ਅਨੁਸਾਰ ਇਸ ਹਮਦਰਦੀ ਤੇ ਬਹਾਦਰੀ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਉਜਾਗਰ ਕਰ ਦਿੱਤਾ ਅਤੇ ਉਸ ਦੀ ਦਲੇਰੀ ਤੇ ਨਿਸ਼ਕਾਮ ਸੇਵਾ ਦੀ ਧਾਂਕ ਹਰ ਪਾਸੇ ਪੈ ਗਈ ਤੇ ਉਹ 'ਬੰਦੀ ਛੋੜ' ਕਰਕੇ ਮਸ਼ਹੂਰ ਹੋ ਗਿਆ।[19]

ਇਸੇ ਤਰ੍ਹਾਂ ਇਸਤਰੀ ਦੇ ਸਤਿਕਾਰ ਦੀ ਇਕ ਹੋਰ ਮਿਸਾਲ ਵੀ ਮਿਲਦੀ ਹੈ ਕਿ ਜਦੋਂ ਆਪਣੇ ਘੋਰ ਦੁਸ਼ਮਣ ਅਬਦਾਲੀ ਦਾ ਨੀਯਤ ਕੀਤਾ ਜਰਨੈਲ ਜਹਾਨ



SikhBookClub.Com

ਖਾਨ ਜਦੋਂ ਮੈਦਾਨ-ਏ-ਜੰਗ ਵਿੱਚੋਂ ਘੋੜੇ 'ਤੇ ਚੜ੍ਹ ਕੇ ਭੱਜ ਗਿਆ ਤੇ ਆਪਣੀ ਬੇਗ਼ਮ ਨੂੰ ਵੀ ਛੱਡ ਗਿਆ ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਬੜੇ ਸਤਿਕਾਰ ਨਾਲ ਬੇਗ਼ਮ ਨੂੰ ਪੁੱਛਿਆ ਕਿ ਉਸ ਨੂੰ ਕਿੱਥੇ ਪਹੁੰਚਾਇਆ ਜਾਵੇ? ਤਾਂ ਉਸ ਨੇ ਕਿਹਾ ਜੰਮੂ ਦੇ ਰਾਜੇ ਦੀ ਰਾਣੀ ਉਸ ਦੀ ਮੂੰਹ ਬੋਲੀ ਭੈਣ ਹੈ ਉਸ ਕੋਲ ਭੇਜੇ ਜਾਣ 'ਤੇ ਉਹ ਆਪੇ ਘਰ ਪੁੱਜ ਜਾਵੇਗੀ। ਸਰਦਾਰ ਸਾਹਿਬ ਨੇ ਆਪਣੇ ਚੌਣਵੇਂ ਸਰਦਾਰ ਨਾਲ ਭੇਜ ਕੇ ਬੇਗ਼ਮ ਨੂੰ ਜੰਮੂ ਪਹੁੰਚਾਇਆ।[20] ਇਸੇ ਤਰ੍ਹਾਂ ਪਾਣੀਪਤ ਦੇ ਮੈਦਾਨ ਵਿਚ ਜਦੋਂ ਮਰਹੱਟਾ ਜਰਨੈਲ ਹੁਲਕਰ ਤੇ ਉਸ ਦੀ ਸੈਨਾ ਦੁਰਾਨੀਆਂ ਤੋਂ ਹਾਰ ਕੇ ਭੱਜ ਗਏ ਤਾਂ ਸੈਂਕੜੇ ਮਰਹੱਟਣਾਂ ਬੰਦੀ ਬਣਾ ਲਈਆਂ ਗਈਆਂ। ਸਰਦਾਰ ਜੱਸਾ ਸਿੰਘ ਦੀ ਅਗਵਾਈ ਵਿਚ ਸਿੰਘਾਂ ਨੇ ਇਨ੍ਹਾਂ ਮਰਹੱਟਣਾਂ ਨੂੰ ਉਨ੍ਹਾਂ ਦੇ ਘਰਾਂ ਮਹਾਰਾਸ਼ਟਰ ਤਕ ਬੜ੍ਹੇ ਜ਼ਫ਼ਰ ਜਾਲ ਕੇ ਪਹੁੰਚਾਇਆ।[21] ਇਸਤਰੀਆਂ ਤੇ ਇੱਜ਼ਤ ਪਤ ਦੀ ਰਾਖੀ ਤੇ ਸਨਮਾਨ ਦੀ ਇਹ ਸੇਵਾ ਵੀ ਸਰਦਾਰ ਜੱਸਾ ਸਿੰਘ ਦੇ ਧਰਮ ਧ੍ਵਜ ਹੋਣ ਦੀ ਸ਼ਾਹਦੀ ਭਰਦੀ ਹੈ।

ਇਸ ਤਰ੍ਹਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਪੰਥ-ਸੇਵਕ ਤੇ ਧਰਮ ਧ੍ਵਜ ਹੋਣ ਦੀ ਗੱਲ ਕਰਦਿਆਂ ਸਾਫ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਨੇ ਪੰਥ ਦਾ ਝੰਡਾ-ਬਰਦਾਰ ਬਣ ਕੇ ਆਪਣੇ ਜੀਵਨ ਨੂੰ ਬਾਣੀ, ਬਾਣੇ ਨਾਲ ਓਤ-ਪੋਤ ਹੁੰਦਿਆਂ ਧਰਮ ਨੂੰ ਆਪਣੇ ਜੀਵਨ ਦਾ ਆਧਾਰ ਬਣਾਇਆ।

ਅਕਾਲ ਪੁਰਖ ਵਾਹਿਗੁਰੂ ਦੀ ਰਜ਼ਾ ਵਿਚ ਆਪਣਾ ਤਨ, ਮਨ, ਧਨ ਸਭ ਕੁਝ ਅਰਪਨ ਕਰ ਕੇ ਧਰਮੀ ਕਾਰਜ ਕੀਤੇ, ਖਾਲਸਾ ਪੰਥ ਨੂੰ ਬੁਲੰਦੀਆਂ 'ਤੇ ਪਹੁੰਚਾਇਆ, ਖਾਲਸਾ ਰਾਜ ਕਾਇਮ ਕੀਤਾ ਤੇ ਆਪਣੇ ਆਪ ਨੂੰ ਨਿਮਾਣਾ ਪੰਥ ਸੇਵਕ ਕਹਾ ਕੇ ਧਰਮ ਦੇ ਝੰਡੇ ਗੱਡੇ।

## ਹਵਾਲੇ


1. ਡਾ. ਗੰਡਾ ਸਿੰਘ, *ਸਰਦਾਰ ਜੱਸਾ ਸਿੰਘ ਆਹਲੂਵਾਲੀਆ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011, ਪੰਨਾ 5.
2. ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਪੰਨਾ 1217-18.
3. ਡਾ. ਗੰਡਾ ਸਿੰਘ, ਉਕਤ, ਪੰਨਾ 10.
4. ਉਹੀ
5. Muhammad Latif, *History of Punjab*, Calcutta 1891, P-188.
6. ਡਾ. ਗੰਡਾ ਸਿੰਘ, ਉਕਤ, 63-64.
7. ਡਾ. ਹਰੀਰਾਮ ਸਿੰਘ ਗੁਪਤਾ, *ਹਿਸਟਰੀ ਆਫ ਦ ਸਿਖਸ*।
8. ਡਾ. ਗੰਡਾ ਸਿੰਘ, ਉਕਤ, 75.
9. ਪ੍ਰਿੰ. ਸਤਿਬੀਰ ਸਿੰਘ, *ਸੁਲਤਾਨ-ਉਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ*, ਗੁਰਮਤਿ ਪ੍ਰਕਾਸ਼, ਅਕਤੂਬਰ 1983, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਨਾ 35.





SikhBookClub.Com

10 ਡਾ. ਕਿਰਪਾਲ ਸਿੰਘ, ਬਾਬਾ ਆਲਾ ਸਿੰਘ
11. ਪ੍ਰਿੰ. ਸਤਿਬੀਰ ਸਿੰਘ, ਉਕਤ
12. ਪ੍ਰੇਮ ਸਿੰਘ ਹੋਤੀ ਮਰਦਾਨ
13. ਪ੍ਰਿੰ. ਸਤਿਬੀਰ ਸਿੰਘ, ਉਕਤ, ਪੰਨਾ 33-34.
14. ਡਾ. ਗੰਡਾ ਸਿੰਘ, ਉਕਤ, ਪੰਨਾ 207.
15. ਉਹੀ, ਪੰਨਾ 134-135.
16. ਉਹੀ, ਪੰਨਾ 207.
17. ਉਹੀ, ਪੰਨਾ 108-109.
18. ਉਹੀ
19. ਸ਼ਮਸ਼ੇਰ ਖਾਲਸਾ 145/507, ਗੰਡਾ ਸਿੰਘ, ਉਕਤ, ਪੰਨਾ 105.
20. ਪ੍ਰਿੰ. ਸਤਿਬੀਰ ਸਿੰਘ, ਉਕਤ, ਪੰਨਾ 39.
21. ਉਹੀ, 39-40.



SikhBookClub.Com

# ਜੀਵਨ ਸੰਘਰਸ਼ ਤੇ ਪ੍ਰਾਪਤੀਆਂ
# ਸਰਦਾਰ ਜੱਸਾ ਸਿੰਘ ਆਹਲੂਵਾਲੀਆ

*—ਪ੍ਰੋ. ਪ੍ਰਕਾਸ਼ ਸਿੰਘ*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਦਸ ਸਾਲ ਬਾਅਦ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਸ਼ਹੀਦ ਹੋਣ ਤੋਂ ਦੋ ਸਾਲ ਮਗਰੋਂ, ਪਿੰਡ ਆਹਲੂ ਜ਼ਿਲ੍ਹਾ ਲਾਹੌਰ ਵਿਚ ਕਲਾਲ ਖ਼ਾਨਦਾਨ ਵਿਚ ਸ. ਬਦਰ ਸਿੰਘ ਦੇ ਘਰ 1718 ਈ. ਨੂੰ ਜੱਸਾ ਸਿੰਘ ਦਾ ਜਨਮ ਹੋਇਆ। ਇਹ ਜੱਸਾ ਸਿੰਘ ਆਹਲੂਵਾਲੀਆ ਦੇ ਨਾਮ ਨਾਲ ਪ੍ਰਸਿੱਧ ਹੋਇਆ ਤੇ ਜਿਸ ਨੂੰ ਖ਼ਾਲਸਾ ਜੀ ਨੇ 'ਪਾਤਸ਼ਾਹ' ਥਾਪ ਕੇ ਸੁਲਤਾਨ-ਉਲ-ਕੌਮ ਦਾ ਖ਼ਿਤਾਬ ਦਿੱਤਾ। ਜਿਸ ਨੇ ਨਵਾਬ ਕਪੂਰ ਸਿੰਘ ਤੋਂ ਬਾਅਦ 1748 ਤੋਂ 1783 ਤੱਕ ਸਿੱਖ ਕੌਮ ਦੀ ਅਗਵਾਈ ਕੀਤੀ। ਆਪ ਆਹਲੂਵਾਲੀਆ ਮਿਸਲ ਦੇ ਸਭ ਤੋਂ ਵੱਧ ਪ੍ਰਸਿੱਧ ਤੇ ਸੂਰਬੀਰ ਜਰਨੈਲ ਸਨ। ਆਹਲੂਵਾਲੀਆ ਮਿਸਲ ਉਹਨਾਂ ਬਾਰਾਂ ਮਿਸਲਾਂ ਵਿਚੋਂ ਇਕ ਮਿਸਲ ਹੈ ਜਿਸ ਦਾ ਇਤਿਹਾਸ ਬੜਾ ਹੀ ਗੌਰਵਮਈ ਹੈ।

## ਮਿਸਲਾਂ ਸਮੇਂ ਸਿੰਘਾਂ ਦਾ ਆਚਰਣ

ਮਿਸਲਾਂ ਦੇ ਸਮੇਂ ਸਿੰਘਾਂ ਦਾ ਆਚਰਣ ਬਹੁਤ ਹੀ ਪਵਿੱਤਰ ਤੇ ਆਦਰਸ਼ਕ ਸੀ। ਧਾਰਮਿਕ ਤੌਰ 'ਤੇ ਨੇਮ ਵਿਚ ਬੱਝੇ ਹੋਏ ਉਹ ਸਾਦਾ ਜੀਵਨ ਬਤੀਤ ਕਰਦੇ ਸਨ ਅਤੇ ਰਾਜਨੀਤਕ ਤੌਰ 'ਤੇ ਉਹ ਬਹੁਤ ਮਜ਼ਬੂਤ ਤੇ ਚੜ੍ਹਦੀ ਕਲਾ ਵਿਚ ਵਿਚਰਣ ਵਾਲੇ ਸਨ। ਉਸ ਸਮੇਂ ਸਿੰਘ ਅੰਮ੍ਰਿਤ ਵੇਲੇ ਉਠਦੇ, ਸੌਚ ਇਸ਼ਨਾਨ ਤੋਂ ਬਾਅਦ ਨਿਤਨੇਮ ਦਾ ਪਾਠ ਤੇ ਸਿਮਰਨ ਕਰਦੇ ਸਨ। ਉਹ ਮਿਹਨਤੀ ਸਨ, ਦੁਖ-ਸੁਖ ਵਿਚ ਹਮੇਸ਼ਾਂ ਸਮਤੋਲ ਤੇ ਉੱਚੀ ਸੁਰਤ ਰੱਖਦੇ। ਹਰ ਪ੍ਰਕਾਰ ਦੇ ਕਸ਼ਟ ਤੇ ਭੁੱਖ ਆਦਿ ਸਹਿ ਲੈਂਦੇ। ਸ਼ਸਤਰ ਚਲਾਉਣੇ ਹਰੇਕ ਸਿੰਘ ਨੂੰ ਆਉਂਦੇ ਸਨ। ਉਹ ਚੰਗੇ ਘੋੜ ਸਵਾਰ ਸਨ। ਧਰਮ ਤੇ ਪੰਥ ਦੀ ਖ਼ਾਤਰ ਜੰਗ ਵਿਚ ਜੂਝ ਕੇ ਮਰਨਾ ਆਪਣਾ ਚੰਗਾ ਕਰਮ ਸਮਝਦੇ ਸਨ। ਮੈਦਾਨਿ-ਜੰਗ ਵਿਚ ਜਿਸ ਸਿੰਘ ਨੂੰ ਜਿਤਨੇ ਵੱਧ ਜ਼ਖ਼ਮ ਹੁੰਦੇ ਉਤਨਾ ਹੀ ਉਹ ਵੱਧ ਬਹਾਦਰ ਤੇ ਵਡਭਾਗਾ ਗਿਣਿਆ ਜਾਂਦਾ ਸੀ।



SikhBookClub.Com

ਉਦੋਂ ਸਿੰਘਾਂ ਵਿਚ ਧਰਮ ਤੇ ਗੁਰਬਾਣੀ ਲਈ ਅਤੁੱਟ ਸ਼ਰਧਾ ਸੀ। ਜੀਵਨ ਪਰਉਪਕਾਰੀ ਸੀ। ਅਣਖ ਤੇ ਇੱਜ਼ਤ ਦੀ ਖ਼ਾਤਰ ਮਰ-ਮਿਟਣ ਦੀ ਤੜਪ ਸੀ। ਨੇਕੀ ਲਈ ਹਰ ਵੇਲੇ ਸਿੰਘ ਕਮਰ ਕੱਸੀ ਤਿਆਰ-ਬਰ-ਤਿਆਰ ਹੁੰਦੇ ਸਨ। ਹਰ ਰੋਜ਼ ਨਿੱਤ ਦੀ ਅਰਦਾਸ ਤੋਂ ਮਗਰੋਂ ਉਹ ਇਹ ਦੋਹਰਾ ਜ਼ਰੂਰ ਪੜ੍ਹਦੇ:

**ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ,**
**ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।**
**ਗੁਰੂ ਗ੍ਰੰਥ ਜੀ ਮਾਨਿਓ ਪਰਗਟ ਗੁਰਾਂ ਕੀ ਦੇਹ,**
**ਜੋ ਪ੍ਰਭ ਕੋ ਮਿਲਬੋ ਚਹੇ ਖੋਜ ਸ਼ਬਦ ਮਹਿ ਲੇਹ।**
**ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ,**
**ਖ਼ੁਆਰ ਹੋਏ ਸਭ ਮਿਲਹਿੰਗੇ ਬਚੇ ਸ਼ਰਨ ਜੋ ਹੋਇ।**

ਕਾਜ਼ੀ ਨੂਰ ਮੁਹੰਮਦ ਨੇ ਉਸ ਸਮੇਂ ਦੇ ਸਿੱਖਾਂ ਬਾਰੇ ਸ਼ਬਦ ਕਹੇ ਹਨ:

> "...ਇਕ ਗੱਲ ਹੋਰ ਵੀ ਸੁਣੋ, ਜੋ ਦੂਜਿਆਂ ਲੜਾਕਿਆਂ ਨਾਲੋਂ ਇਨ੍ਹਾਂ ਵਿਚ ਖਾਸ ਦਿੱਸਦੀ ਹੈ, ਉਹ ਇਹ ਹੈ ਕਿ ਇਹ ਨਿਰਬਲ ਨੂੰ ਨਹੀਂ ਮਾਰਦੇ। ਭਗੌੜੇ ਦਾ ਪਿੱਛਾ ਨਹੀਂ ਕਰਦੇ। ਕਿਸੇ ਇਸਤਰੀ ਨੂੰ ਨਹੀਂ ਲੁੱਟਦੇ ਭਾਵੇਂ ਉਹ ਮਲਕਾ ਹੀ ਕਿਉਂ ਨਾ ਹੋਵੇ। ਇਨ੍ਹਾਂ ਵਿਚ ਚੋਰੀ ਤੇ ਯਾਰੀ ਬਿਲਕੁਲ ਹੀ ਨਹੀਂ।"

## ਆਹਲੂਵਾਲੀਆ ਮਿਸਲ ਤੇ ਸਰਦਾਰ ਜੱਸਾ ਸਿੰਘ

ਆਹਲੂਵਾਲੀਆ ਮਿਸਲ ਦੇ ਮੋਢੀ ਸ· ਬਾਘ ਸਿੰਘ ਪਿੰਡ ਹਲੋਵਾਲ ਵਾਲੇ ਸਨ ਤੇ ਇਸ ਦੇ ਪ੍ਰਸਿੱਧ ਮੁਖੀ ਸ. ਜੱਸਾ ਸਿੰਘ ਹੋਏ, ਜੋ ਕਿ ਆਹਲੂ ਪਿੰਡ ਜ਼ਿਲ੍ਹਾ ਲਾਹੌਰ ਦੇ ਸਨ। ਜੋ ਖਾਲਸਾ ਦਲ ਦੀ ਜਥੇਬੰਦੀ ਤੇ ਮਿਸਲਾਂ ਕਾਇਮ ਕਰਨ ਵਾਲਿਆਂ ਵਿਚੋਂ ਸਿਰ-ਕੱਢ ਸਨ। ਜੰਗ ਸਮੇਂ ਜਾਂ ਕਿਤੇ ਹੱਲਾ ਕਰਨ ਵੇਲੇ ਆਪ ਪੰਥ ਦੀ ਅਗਵਾਈ ਕਰਦੇ ਸਨ। ਸ. ਬਾਘ ਸਿੰਘ ਹਲੋਵਾਲ ਸ. ਜੱਸਾ ਸਿੰਘ ਦੇ ਮਾਮਾ ਸਨ। ਇਨ੍ਹਾਂ ਦੀ ਕੋਈ ਸੰਤਾਨ ਨਹੀਂ ਸੀ ਇਸ ਲਈ ਇਨ੍ਹਾਂ ਨੇ ਆਪਣੀ ਮਿਸਲ ਦੀ ਸਰਦਾਰੀ ਸਰਦਾਰ ਜੱਸਾ ਸਿੰਘ ਨੂੰ ਸੌਂਪੀ।

ਸਰਦਾਰ ਜੱਸਾ ਸਿੰਘ ਅਜੇ ਛੋਟੀ ਉਮਰ ਦੇ ਹੀ ਸਨ ਕਿ ਉਨ੍ਹਾਂ ਦੇ ਪਿਤਾ ਦੀ ਮੌਤ ਹੋ ਗਈ। ਆਪ ਦੇ ਮਾਤਾ ਜੀ ਆਪ ਨੂੰ ਦਿੱਲੀ ਮਾਤਾ ਸੁੰਦਰੀ ਜੀ ਪਾਸ ਲੈ ਗਏ। ਉਥੇ ਮਾਤਾ ਸੁੰਦਰੀ ਜੀ ਨੇ ਬਾਲਕ ਦੀ ਪੜ੍ਹਾਈ ਦਾ ਪ੍ਰਬੰਧ ਕੀਤਾ। ਗੁਰਮੁਖੀ ਤੋਂ ਇਲਾਵਾ ਆਪ ਨੇ ਫ਼ਾਰਸੀ ਵੀ ਪੜ੍ਹੀ। ਦੋ-ਤਾਰੇ ਨਾਲ ਕੀਰਤਨ ਕਰਨਾ ਸਿਖਿਆ। ਮਾਤਾ ਸੁੰਦਰੀ ਜੀ ਨੇ ਇਸ ਹੋਣਹਾਰ ਬਾਲਕ ਨੂੰ ਇਕ ਗੁਰਜ ਦੀ ਬਖ਼ਸ਼ਿਸ਼ ਕੀਤੀ। ਕੁਝ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਮਾਤਾ ਜੀ ਨੇ ਸਰਦਾਰ ਜੱਸਾ ਸਿੰਘ ਨੂੰ ਇਕ ਤਲਵਾਰ, ਢਾਲ, ਤੀਰਾਂ ਦਾ ਭੱਥਾ ਤੇ ਚਾਂਦੀ ਦੀ ਇਕ ਚੋਬ ਦੀ ਬਖ਼ਸ਼ਿਸ਼ ਕੀਤੀ।



SikhBookClub.Com

## ਮਾਮਾ ਬਾਘ ਸਿੰਘ ਨੇ ਆਪ ਨੂੰ ਘੋੜ-ਸਵਾਰੀ ਤੇ ਸ਼ਸਤਰ ਵਿਦਿਆ ਸਿਖਾਈ

1729 ਈ. ਵਿਚ ਸ. ਬਾਘ ਸਿੰਘ ਦਿੱਲੀ ਗਏ ਅਤੇ ਉਹ ਆਪਣੀ ਭੈਣ ਤੇ ਭਾਣਜੇ ਨੂੰ ਮਾਤਾ ਜੀ ਪਾਸੋਂ ਲੈ ਆਏ। ਸਰਦਾਰ ਜੱਸਾ ਸਿੰਘ ਦੇ ਮਾਮਾ ਜੀ ਨੇ ਆਪ ਨੂੰ ਘੋੜ-ਸਵਾਰੀ ਤੇ ਸ਼ਸਤਰ ਵਿਦਿਆ ਸਿਖਾਈ।

ਇਕ ਵਾਰੀ ਅੰਮ੍ਰਿਤ ਵੇਲੇ ਦੇ ਦੀਵਾਨ ਵਿਚ ਜਦ ਨਵਾਬ ਕਪੂਰ ਸਿੰਘ ਨੇ ਨੌਜਵਾਨ ਜੱਸਾ ਸਿੰਘ ਨੂੰ ਆਪਣੀ ਮਾਤਾ ਨਾਲ ਬੈਠ ਕੇ ਦੋ-ਤਾਰਾ ਵਜਾਂਦੇ ਦੇਖਿਆ, ਜਦ ਮਾਂ-ਪੁਤ ਕੀਰਤਨ ਕਰ ਰਹੇ ਸਨ। ਨਵਾਬ ਕਪੂਰ ਸਿੰਘ ਨੂੰ ਜੱਸਾ ਸਿੰਘ ਨੇ ਬਹੁਤ ਹੀ ਪ੍ਰਭਾਵਤ ਕੀਤਾ। ਉਹਨਾਂ ਨੇ ਜੱਸਾ ਸਿੰਘ ਦੀ ਮਾਂ ਤੋਂ ਉਸ ਨੂੰ ਮੰਗ ਲਿਆ ਤੇ ਉਸ ਦਿਨ ਤੋਂ ਉਸ ਦੀ ਦੇਖ-ਭਾਲ ਕਰਨੀ ਸ਼ੁਰੂ ਕਰ ਦਿੱਤੀ।

ਇੰਜ ਉਹ ਖ਼ਾਲਸਾ ਦਲ ਨਾਲ ਆ ਮਿਲੇ। ਨਵਾਬ ਕਪੂਰ ਸਿੰਘ ਨੇ ਆਪਣੇ ਜਥੇ ਨਾਲ ਸਰਦਾਰ ਜੱਸਾ ਸਿੰਘ ਨੂੰ ਅੰਮ੍ਰਿਤ ਛਕਾਇਆ ਅਤੇ ਇਕ ਕਿਰਪਾਨ ਵੀ ਦਿੱਤੀ। ਮਗਰੋਂ ਸਰਦਾਰ ਜੱਸਾ ਸਿੰਘ ਨੇ ਵੀ ਆਪਣੇ ਜਥੇ ਰਾਹੀਂ ਕਈ ਸਰਦਾਰਾਂ ਨੂੰ ਅੰਮ੍ਰਿਤ ਛਕਾਇਆ, ਜਿਨ੍ਹਾਂ ਵਿਚੋਂ ਇਕ ਰਾਜਾ ਅਮਰ ਸਿੰਘ ਪਟਿਆਲਾ ਸਨ।

## ਸੂਰਬੀਰ ਤੇ ਨਿਪੁੰਨ ਨੀਤੀਵਾਨ

ਸਰਦਾਰ ਜੱਸਾ ਸਿੰਘ ਬੜੇ ਸੂਰਬੀਰ, ਸੁੰਦਰ, ਜਵਾਨ ਤੇ ਦ੍ਰਿੜ੍ਹ ਇਰਾਦੇ ਦੇ ਮਾਲਕ ਸਨ। ਆਪ ਉੱਚੇ ਆਚਰਨ ਵਾਲੇ ਕੁਰਬਾਨੀ ਦੇ ਪੁਤਲੇ ਤੇ ਨੀਤੀ ਵਿਚ ਨਿਪੁੰਨ ਸਨ। ਹਰ ਗੱਲ ਨੂੰ ਛੇਤੀ ਸਮਝਣ ਦੀ ਸੂਝ ਰੱਖਦੇ ਤੇ ਜਦੋਂ ਫੈਸਲਾ ਕਰ ਲੈਂਦੇ ਤਾਂ ਇਕਦਮ ਅਮਲ ਕਰਨ ਲਈ ਕੁਦ ਪੈਂਦੇ।

ਅਨੇਕਾਂ ਮੁਹਿੰਮਾਂ ਵਿਚ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਦੇ ਸਮੇਂ ਆਪ ਨੇ ਬੜੀ ਬਹਾਦਰੀ ਦਾ ਸਬੂਤ ਦਿੱਤਾ। ਖ਼ਾਲਸਾ ਦਲ ਦੀਆਂ ਚੜ੍ਹਾਈਆਂ ਵਿਚ ਸਰਦਾਰ ਜੱਸਾ ਸਿੰਘ ਨੇ ਬੜੀ ਸੁਚੱਜੀ ਅਗਵਾਈ ਕੀਤੀ। ਪੰਥ ਨੇ ਆਪ ਨੂੰ ਸੁਲਤਾਨ-ਉਲ-ਕੌਮ ਦਾ ਖ਼ਿਤਾਬ ਦਿੱਤਾ। ਆਪ ਨੇ ਸਿੱਕਾ ਜਾਰੀ ਕੀਤਾ। ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਕੀਤੀ ਤੇ ਮੁੜ ਉਸਾਰੀ ਕਰਵਾਈ। ਹਜ਼ਾਰਾਂ ਹਿੰਦੂ ਬੱਚੀਆਂ ਪਠਾਣਾਂ ਨਾਲ ਲੜ ਕੇ ਉਹਨਾਂ ਪਾਸੋਂ ਛੁਡਵਾਈਆਂ।

ਵੱਡੇ ਘੱਲੂਘਾਰੇ ਵਿਚ ਆਪ ਨੇ ਬੜੀ ਬੀਰਤਾ ਨਾਲ ਲੜਦੇ ਹੋਏ ਆਪਣੇ ਜਿਸਮ ਉਪਰ ਕਈ ਵਾਰ ਝੱਲੇ। ਇੰਜ ਆਪ ਦੇ ਸਰੀਰ 'ਤੇ ਬਾਈ ਜ਼ਖ਼ਮ ਲੱਗੇ। 1774 ਈ. ਵਿਚ ਸਰਦਾਰ ਜੱਸਾ ਸਿੰਘ ਨੇ ਰਾਇ ਇਬਰਾਹੀਮ ਤੋਂ ਕਪੂਰਥਲਾ ਲਿਆ। ਚਾਲ੍ਹੀ ਲੱਖ ਦਾ ਇਲਾਕਾ ਆਪ ਦੇ ਅਧੀਨ ਸੀ ਤੇ ਅੱਠ ਹਜ਼ਾਰ ਸਵਾਰ ਆਪ ਪਾਸ ਰਹਿੰਦੇ ਸਨ। ਆਪ ਦਾ ਦੇਹਾਂਤ 1783 ਨੂੰ ਅੰਮ੍ਰਿਤਸਰ ਵਿਚ



SikhBookClub.Com

ਹੋਇਆ। ਬਾਬਾ ਅਟੱਲ ਸਾਹਿਬ ਦੇ ਗੁਰਦੁਆਰੇ ਪਾਸ ਆਪ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ।

ਸਰਦਾਰ ਜੱਸਾ ਸਿੰਘ ਦੀਆਂ ਦੋ ਲੜਕੀਆਂ ਹੀ ਸਨ, ਲੜਕਾ ਕੋਈ ਨਹੀਂ ਸੀ। ਇਸ ਲਈ ਆਪ ਨੇ ਆਪਣੀ ਮਿਸਲ ਦੀ ਸਰਦਾਰੀ ਆਪਣੇ ਚਾਚੇ ਗੁਰਬਖਸ਼ ਸਿੰਘ ਦੇ ਪੁੱਤਰ ਸ. ਭਾਗ ਸਿੰਘ ਨੂੰ ਦਿੱਤੀ।

## ਆਹਲੂਵਾਲੀਆ ਮਿਸਲ ਦੇ ਇਲਾਕੇ

ਦੁਆਬੇ ਵਿਚ ਮਿਸਲ ਦੇ ਇਲਾਕੇ ਵਿਚ ਕਪੂਰਥਲਾ, ਤਲਵੰਡੀ, ਜੰਡਿਆਲਾ (ਜਲੰਧਰ) ਸ਼ਾਮਲ ਹਨ। ਇਨ੍ਹਾਂ ਤੋਂ ਬਿਨਾਂ ਹੁਣ ਦੇ ਜ਼ਿਲ੍ਹਾ ਅੰਮ੍ਰਿਤਸਰ ਵਿਚੋਂ ਸਰਹਾਲੀ, ਜੰਡਿਆਲਾ, ਬੰਡਾਲਾ, ਜਲਾਲਾਬਾਦ, ਵੈਰੋਵਾਲ, ਫਤਿਆਬਾਦ ਤੇ ਗੋਇੰਦਵਾਲ ਵੀ ਸਨ।

ਹੁਣ ਅੱਗੇ ਸਰਦਾਰ ਜੱਸਾ ਸਿੰਘ ਵਲੋਂ ਕੀਤੇ ਕੁਝ ਕਾਰਨਾਮਿਆਂ ਦਾ ਜ਼ਿਕਰ ਹੈ, ਜਿਨ੍ਹਾਂ ਤੋਂ ਉਨ੍ਹਾਂ ਦੇ ਕੀਤੇ ਸੰਘਰਸ਼ ਤੇ ਪ੍ਰਾਪਤੀਆਂ ਦੀ ਕੁਝ ਝਲਕ ਪਏਗੀ।

## ਕਰਤਾਰਪੁਰ ਦੀ ਜੰਗ

ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਮਗਰੋਂ ਅਬਦਾਲੀਆਂ ਨੇ ਅਦੀਨਾ ਬੇਗ ਨੂੰ ਜਲੰਧਰ ਤੋਂ ਕੱਢ ਦਿੱਤਾ। ਉਸ ਦੀ ਥਾਂ ਨਾਸਰ ਅਲੀ ਹਾਕਮ ਥਾਪਿਆ ਗਿਆ, ਜਿਸ ਨੇ ਕਰਤਾਰਪੁਰ (ਜਲੰਧਰ) 'ਤੇ ਹਮਲਾ ਕਰਕੇ ਸ਼ਹਿਰ ਨੂੰ ਲੁੱਟਿਆ ਅਤੇ ਗੁਰਦੁਆਰਾ ਥੰਮ੍ਹ ਸਾਹਿਬ ਨੂੰ ਸਾੜ ਦਿੱਤਾ। ਹਿੰਦੂ ਤੇ ਸਿੱਖ ਇਸਤਰੀਆਂ ਦੀ ਬੇਪਤੀ ਕੀਤੀ।

ਅਦੀਨਾ ਬੇਗ ਨੇ ਸੋਢੀ ਵਡਭਾਗ ਸਿੰਘ ਨੂੰ ਲਿਖਿਆ ਕਿ ਜੇ ਸਿੱਖ ਮੇਰੀ ਮਦਦ ਕਰਨ ਤਾਂ ਮੈਂ ਹਮੇਸ਼ਾ ਸਿੱਖਾਂ ਦਾ ਵਫ਼ਾਦਾਰ ਰਹਾਂਗਾ। ਵਡਭਾਗ ਸਿੰਘ ਨੇ ਖ਼ਾਲਸੇ ਨੂੰ ਪੁੱਛਿਆ, ਸਿੰਘਾਂ ਨੇ ਸਹਾਇਤਾ ਕਰਨੀ ਮਨਜ਼ੂਰ ਕਰ ਲਈ।

ਖ਼ਾਲਸਾ ਦਲ ਤੇ ਅਦੀਨਾ ਬੇਗ ਦੀ ਫ਼ੌਜ ਕਰਤਾਰਪੁਰ ਦੇ ਨੇੜੇ ਇਕੱਠੀ ਹੋ ਗਈ। ਨਾਸਰ ਅਲੀ ਵੀ ਟੱਕਰ ਲੈਣ ਲਈ ਤਿਆਰ ਸੀ। ਉਹ ਤਕੜੀ ਫ਼ੌਜ ਲੈ ਕੇ ਆ ਪੁੱਜਾ। ਆਹਮੋ-ਸਾਹਮਣੇ ਲੜਾਈ ਹੋਣ ਲੱਗੀ।

ਅਦੀਨਾ ਬੇਗ ਨੇ ਜੱਸਾ ਸਿੰਘ ਆਹਲੂਵਾਲੀਆ ਨੂੰ ਕਿਹਾ—"ਮੁਗ਼ਲ ਤੇ ਪਠਾਣ ਸਿਪਾਹੀ ਇਕੋ ਜਿਹੇ ਹਨ, ਤੁਹਾਡੇ ਸਿੰਘ ਭੁਲੇਖੇ ਵਿਚ ਮੇਰੀ ਫ਼ੌਜ ਦੀ ਹੀ ਕਟਾ-ਵਢੀ ਨਾ ਕਰ ਦੇਣ?"

ਸਰਦਾਰ ਜੱਸਾ ਸਿੰਘ, ਜੋ ਕਿ ਬੜੇ ਨੀਤੀਵਾਨ ਸਨ, ਇਕਦਮ ਬੋਲੇ— "ਤੇਰੇ ਸਿਪਾਹੀ ਸਿਰ ਉਪਰ ਕਣਕ ਦੇ ਸਿੱਟੇ ਜਾਂ ਹਰੇ ਪੱਤੇ ਟੰਗ ਲੈਣ, ਸਿੰਘ ਉਨ੍ਹਾਂ ਨੂੰ ਪਛਾਣ ਲੈਣਗੇ।" ਇੰਜ ਹੀ ਕੀਤਾ ਗਿਆ।

ਮਾਰੂ ਵੱਜ ਗਿਆ। ਪਹਿਲਾਂ ਅਦੀਨਾ ਬੇਗ ਦੀ ਫ਼ੌਜ ਨੂੰ ਪਠਾਣਾਂ ਨੇ ਪਿਛਾਂਹ



SikhBookClub.Com

ਧੱਕ ਦਿੱਤਾ। ਇਹ ਦੇਖ ਕੇ ਸਰਦਾਰ ਜੱਸਾ ਸਿੰਘ, ਸ. ਸਿਆਮ ਸਿੰਘ ਤੇ ਸ. ਕਰਮ ਸਿੰਘ ਪੰਜਗੜ੍ਹ ਦੇ ਜਥੇ ਅੱਗੇ ਵਧੇ। ਉਨ੍ਹਾਂ ਐਸਾ ਟਾਕਰਾ ਕੀਤਾ ਕਿ ਪਠਾਣਾਂ ਦਾ ਮੂੰਹ ਫੇਰ ਦਿੱਤਾ। ਨਾਸਰ ਅਲੀ ਮਾਰਿਆ ਗਿਆ, ਉਸ ਦੀ ਫ਼ੌਜ ਭੱਜ ਗਈ। ਇੰਜ 1757 ਈ· ਦੇ ਅੰਤ ਵਿਚ ਇਹ ਜੰਗ ਮੁੱਕੀ।

## ਖ਼ਾਲਸੇ ਨੇ ਤੀਹ ਹਜ਼ਾਰ ਖਿਰਾਜ ਲਿਆ

ਜਦ ਪਾਨੀਪਤ ਦੀ ਤੀਜੀ ਲੜਾਈ ਖ਼ਤਮ ਹੋਈ ਤਾਂ ਉਸ ਮਗਰੋਂ ਖ਼ਾਲਸਾ ਦਲ ਨੇ ਆਪਣੀ ਤਾਕਤ ਵਧਾਉਣ ਦੇ ਉਪਰਾਲੇ ਅਰੰਭੇ। ਦੁਰਾਨੀ ਨੇ ਲਾਹੌਰ ਵਿਖੇ ਕੋਈ ਮਜ਼ਬੂਤ ਗਵਰਨਰ ਨਹੀਂ ਸੀ ਥਾਪਿਆ। ਸਿੱਖ ਚੋਖੀ ਗਿਣਤੀ ਵਿਚ ਇਕੱਠੇ ਹੋਏ। ਉਹਨਾਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਲਾਹੌਰ ਨੂੰ ਜਾ ਘੇਰਿਆ। ਦੁਰਾਨੀ ਦੇ ਮੁਖਤਿਆਰਾਂ ਨੇ ਖਾਲਸਾ ਜੀ ਨਾਲ ਗਲ-ਬਾਤ ਕੀਤੀ ਤੇ ਤੀਹ ਹਜ਼ਾਰ ਖਿਰਾਜ ਲੈ ਕੇ ਖਾਲਸਾ ਜੀ ਨੇ ਆਪਣੀਆਂ ਫ਼ੌਜਾਂ ਪਿਛਾਂਹ ਹਟਾਈਆਂ।

## ਖ਼ਾਲਸੇ ਦਾ ਲਾਹੌਰ 'ਤੇ ਕਬਜ਼ਾ

ਖਵਾਜਾ ਅਬੀਦ ਨੇ ਜਦ ਗੁਜਰਾਂਵਾਲੇ ਵੱਲ ਮੂੰਹ ਕੀਤਾ ਤਾਂ ਸ· ਚੜ੍ਹਤ ਸਿੰਘ ਨੇ ਇਕਦਮ ਮੁਕਾਬਲੇ ਲਈ ਤਿਆਰੀ ਕਰ ਲਈ। ਭੰਗੀ ਤੇ ਕਨ੍ਹਈਏ ਉਸ ਦੀ ਮਦਦ ਲਈ ਆਏ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਵੀ ਉਸ ਦੀ ਸਹਾਇਤਾ ਲਈ ਪਹੁੰਚ ਗਏ। ਇਸ ਸਾਂਝੇ ਹੱਲੇ ਦਾ ਇਹ ਨਤੀਜਾ ਹੋਇਆ ਕਿ ਖਵਾਜਾ ਮਾਰ ਖਾ ਕੇ ਭੱਜ ਖੜੋਤਾ। ਉਹ ਐਸਾ ਭੱਜਾ ਕਿ ਲਾਹੌਰ ਆ ਕੇ ਸਾਹ ਲਿਆ। ਖ਼ਾਲਸੇ ਨੇ ਤੋੜ ਤਕ ਉਸ ਦਾ ਪਿੱਛਾ ਕੀਤਾ। ਖ਼ਾਲਸਾ ਦਲ ਦੀਆਂ ਫ਼ੌਜਾਂ ਨੇ ਲਾਹੌਰ ਨੂੰ ਘੇਰਾ ਆ ਘੱਤਿਆ। ਖਵਾਜਾ ਬਹੁਤ ਡਰਿਆ ਤੇ ਕਿਲ੍ਹੇ ਦੇ ਅੰਦਰ ਜਾ ਛੁਪਿਆ।

ਇਧਰ ਅੰਮ੍ਰਿਤਸਰ ਵਿਚ 1761 ਈ. ਵਿਚ ਸਿੱਖ ਸੰਗਤਾਂ ਭਾਰੀ ਗਿਣਤੀ ਵਿਚ ਇਕੱਠੀਆਂ ਹੋਈਆਂ। ਇਥੇ ਗੁਰਮਤਾ ਪਾਸ ਹੋਇਆ ਕਿ ਲਾਹੌਰ 'ਤੇ ਹਮਲਾ ਕੀਤਾ ਜਾਏ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਲਾਹੌਰ ਨੂੰ ਘੇਰ ਲਿਆ ਗਿਆ, ਸ਼ਹਿਰ ਦੀ ਚਾਰ ਦੀਵਾਰੀ ਤੋੜ ਕੇ ਅੰਦਰ ਦਾਖਲ ਹੋਣ ਦਾ ਫੈਸਲਾ ਕੀਤਾ ਗਿਆ ਪਰ ਸ਼ਹਿਰ ਵਾਸੀਆਂ ਨੇ ਇਹ ਦੇਖ ਕੇ ਕਿ ਲਾਹੌਰ ਦਾ ਗਵਰਨਰ ਇਸ ਕਾਬਲ ਨਹੀਂ ਕਿ ਸ਼ਹਿਰ ਨੂੰ ਬਚਾ ਸਕੇ ਤਾਂ ਉਨ੍ਹਾਂ ਨੇ ਸ਼ਹਿਰ ਦੇ ਦਰਵਾਜ਼ੇ ਖੋਲ੍ਹ ਦਿੱਤੇ। ਸ਼ਹਿਰ ਦੇ ਮੁਖੀਆਂ ਨੇ ਸਰਦਾਰ ਜੱਸਾ ਸਿੰਘ ਨਾਲ ਸਮਝੌਤੇ ਦੀ ਗੱਲ ਕੀਤੀ। ਇੰਜ ਖ਼ਾਲਸੇ ਨੇ ਲਾਹੌਰ ਉਪਰ ਕਬਜ਼ਾ ਕਰ ਲਿਆ।



SikhBookClub.Com

## ਸੁਲਤਾਨ-ਉਲ-ਕੌਮ ਦੀ ਪਦਵੀ

ਲਾਹੌਰ ਵਿਚ ਵਸਦੇ ਸਭ ਲੋਕਾਂ ਨੇ ਈਨ ਮੰਨ ਲਈ। ਸਿੰਘ ਅਰਦਾਸ ਮਗਰੋਂ ਜੋ ਨਿੱਤ ਪੜ੍ਹਦੇ ਸਨ 'ਰਾਜ ਕਰੇਗਾ ਖ਼ਾਲਸਾ' ਉਹ ਨਾਅਰਾ ਸਾਕਾਰ ਰੂਪ ਵਿਚ ਪੂਰਾ ਹੋਇਆ। ਖ਼ਾਲਸੇ ਨੇ ਸ਼ਹਿਰ ਦਾ ਪ੍ਰਬੰਧ ਸੰਭਾਲਿਆ। ਸਭ ਕੰਮ-ਕਾਜ ਕੁਝ ਦਿਨਾਂ ਵਿਚ ਹੀ ਠੀਕ-ਠਾਕ ਹੋ ਗਿਆ। ਇਸ ਮੌਕੇ 'ਤੇ ਪੰਥ ਨੇ ਸਰਦਾਰ ਜੱਸਾ ਸਿੰਘ ਨੂੰ ਬਾਦਸ਼ਾਹ ਮੰਨਿਆ। ਉਨ੍ਹਾਂ ਨੂੰ 'ਸੁਲਤਾਨ-ਉਲ-ਕੌਮ' ਦਾ ਖ਼ਿਤਾਬ ਦਿੱਤਾ ਗਿਆ। ਪੰਜਾਬ ਦੀ ਰਾਜਧਾਨੀ ਉਪਰ ਕਬਜ਼ਾ ਕਰਕੇ ਸਰਦਾਰ ਜੱਸਾ ਸਿੰਘ ਨੇ ਸਿੱਕਾ ਜਾਰੀ ਕੀਤਾ।

1. ਲੋਹਗੜ੍ਹ ਦੇ ਕਿਲ੍ਹੇ ਵਿਚ ਖ਼ਾਲਸੇ ਦਾ ਪਹਿਲਾ ਸਿੱਕਾ ਬਾਬਾ ਬੰਦਾ ਸਿੰਘ ਬਹਾਦਰ ਨੇ ਜਾਰੀ ਕੀਤਾ ਸੀ।
2. ਦੂਜੀ ਵੇਰ ਖ਼ਾਲਸੇ ਦਾ ਸਿੱਕਾ ਲਾਹੌਰ ਵਿਚੋਂ ਸਰਦਾਰ ਜੱਸਾ ਸਿੰਘ ਨੇ ਜਾਰੀ ਕੀਤਾ।
3. ਇਸ ਦੇ ਬਾਅਦ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਦੇ ਤਖ਼ਤ ਉੱਪਰ ਬੈਠ ਕੇ ਸਿੱਕਾ ਚਲਾਇਆ, ਜਿਸ ਦਾ ਨਾਮ ਨਾਨਕ ਸ਼ਾਹੀ ਸਿੱਕਾ ਸੀ।

## ਵੱਡਾ ਘੱਲੂਘਾਰਾ (1762)

ਵੱਡਾ ਘੱਲੂਘਾਰਾ ਜਿਸ ਵਿਚ ਮਲੇਰਕੋਟਲੇ ਲਾਗੇ ਹਜ਼ਾਰਾਂ ਹੀ ਸਿੱਖ ਅਹਿਮਦ ਸ਼ਾਹ ਅਬਦਾਲੀ ਦੀਆਂ ਫ਼ੌਜਾਂ ਨਾਲ ਲੜਦੇ ਸ਼ਹੀਦ ਹੋਏ, ਇਹ ਦਰਦਨਾਕ ਸਾਕਾ ਸੀ। ਖ਼ਾਲਸੇ ਦੇ ਵਹੀਰ ਵਿਚ (ਵਹੀਰ ਉਸ ਜਥੇ ਨੂੰ ਕਹਿੰਦੇ ਹਨ, ਜਿਸ ਵਿਚ ਮਰਦਾਂ ਦੇ ਨਾਲ ਇਸਤਰੀਆਂ ਤੇ ਬੱਚੇ ਵੀ ਸ਼ਾਮਿਲ ਹੋਣ ਅਤੇ ਘਰੋਗੀ ਸਾਮਾਨ ਵੀ ਨਾਲ ਹੀ ਹੋਵੇ) ਕੋਈ ਪੰਜਾਹ ਹਜ਼ਾਰ ਸਿੰਘ ਸਨ। ਵਹੀਰ ਨੇ ਕੁਪ ਵਿਖੇ ਖੁੱਲ੍ਹੇ ਮੈਦਾਨ ਵਿਚ ਡੇਰਾ ਕੀਤਾ। ਸਾਮਾਨ ਸਮੇਤ ਇਸਤਰੀਆਂ ਤੇ ਬੱਚੇ ਪਿੰਡ ਗਰਮਾ ਵਿਖੇ ਟਿਕਾਏ ਗਏ। ਖ਼ਾਲਸਾ ਦਲ ਦੀ ਅਗਵਾਈ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਉਨ੍ਹਾਂ ਦੇ ਸਾਥੀ ਸ· ਸਿਆਮ ਸਿੰਘ, ਸ. ਚੜ੍ਹਤ ਸਿੰਘ, ਸ. ਕ੍ਰੋੜਾ ਸਿੰਘ, ਸ. ਕਰਮ ਸਿੰਘ, ਸ. ਹਰੀ ਸਿੰਘ ਤੇ ਸ. ਨਾਹਰ ਸਿੰਘ ਕਰ ਰਹੇ ਸਨ।

ਪਹਿਲਾਂ ਜ਼ੈਨ ਖ਼ਾਂ, ਸਰਬੁਲੰਦ ਤੇ ਕਾਸਮ ਖ਼ਾਂ ਪੱਟੀ ਨੇ ਹਮਲਾ ਕੀਤਾ, ਸਿੰਘਾਂ ਨੇ ਮੂੰਹ-ਤੋੜ ਜਵਾਬ ਦਿੱਤਾ। ਇਹ ਤੱਕ ਕੇ ਅਹਿਮਦ ਸ਼ਾਹ ਨੇ ਹਮਲਾ ਕੀਤਾ। ਕੁਪ ਰਹੀੜੇ ਦੇ ਮੈਦਾਨ ਵਿਚ ਸਿੰਘਾਂ 'ਤੇ ਬੜੀ ਬਿਪਤਾ ਆਈ। ਵਹੀਰ ਚੁਪਾਸਿਓਂ ਫ਼ੌਜਾਂ ਨਾਲ ਘਿਰ ਗਈ। ਭਾਰੀ ਕਤਲਾਮ ਹੋਇਆ। ਨੌਂ ਮਿਸਲਾਂ ਨੇ ਰਲ ਕੇ ਵਹੀਰ ਦੀ ਰੱਖਿਆ ਲਈ ਲੜਾਈ ਕੀਤੀ। ਸਿੰਘ ਲੜਦੇ-ਲੜਦੇ ਅੱਗੇ ਵਧ ਰਹੇ



SikhBookClub.Com

ਸਨ। ਇੰਜ ਸਿੰਘ ਢਾਈ ਤਿੰਨ ਮੀਲ ਹੀ ਅੱਗੇ ਵਧੇ ਸਨ ਕਿ ਸਰਦਾਰ ਜੱਸਾ ਸਿੰਘ ਨੂੰ ਪਤਾ ਲੱਗਾ ਕਿ ਸ਼ਾਹ ਵਲੀ ਖਾਂ 8000 (ਅੱਠ ਹਜ਼ਾਰ) ਪਠਾਣਾਂ ਨੂੰ ਲੈ ਕੇ ਵਹੀਰ ਉਪਰ ਆ ਪਿਆ ਹੈ। ਸਰਦਾਰ ਜੀ ਨੇ ਅੱਗੇ ਵੱਧ ਕੇ ਵਹੀਰ ਦੇ ਬਚਾਉ ਦਾ ਯਤਨ ਕੀਤਾ, ਉਨ੍ਹਾਂ ਨਾਲ ਸ. ਚੜ੍ਹਤ ਸਿੰਘ ਤੇ ਉਸ ਦੀ ਫ਼ੌਜ ਵੀ ਸੀ। ਬੜੀ ਭਿਆਨਕ ਲੜਾਈ ਹੋਈ। ਇਥੇ ਇਕ ਮੌਕੇ 'ਤੇ ਸਰਦਾਰ ਜੱਸਾ ਸਿੰਘ ਦੁਸ਼ਮਣਾਂ ਦੀ ਫ਼ੌਜ ਵਿਚ ਘਿਰ ਗਏ। ਸ. ਗੁਰਮੁਖ ਸਿੰਘ ਨੇ ਇਹ ਵੇਖ ਕੇ ਆਖਿਆ—

"ਸਰਦਾਰ ਜੀ! ਅੱਗੇ ਨਿਕਲ ਚਲੋ।"

ਸਰਦਾਰ ਜੀ ਨੇ ਉੱਤਰ ਦਿੱਤਾ—

"ਮੈਨੂੰ ਪੰਥ ਆਪਣਾ ਸਰਦਾਰ ਕਹਿੰਦਾ ਹੈ। ਮੁਸੀਬਤ ਸਮੇਂ ਮੈਂ ਜਾਨ ਬਚਾ ਕੇ ਭੱਜ ਜਾਵਾਂ, ਇਹ ਮੈਥੋਂ ਨਹੀਂ ਹੁੰਦਾ। ਇਸ ਜ਼ਿੰਦਗੀ ਨਾਲੋਂ ਤਾਂ ਮੌਤ ਚੰਗੀ। ਜੇ ਮੈਂ ਬਚ ਕੇ ਨਿਕਲ ਜਾਵਾਂ ਤਾਂ ਪੰਥ ਮੇਰੇ 'ਤੇ ਹੱਸੇਗਾ। ਸੂਰਮੇ ਦਾ ਕੰਮ ਡੱਟ ਕੇ ਲੜਨਾ ਹੈ, ਮੈਦਾਨ ਛੱਡ ਕੇ ਦੌੜਨਾ ਨਹੀਂ।"

ਇੰਜ ਕਹਿ ਕੇ ਸਰਦਾਰ ਜੱਸਾ ਸਿੰਘ ਨੇ ਐਸੀ ਤਲਵਾਰ ਚਲਾਈ ਤੇ ਖੰਡਾ ਖੜਕਾਇਆ ਕਿ ਦੁਸ਼ਮਣਾਂ ਦੇ ਆਹੂ ਲਾਹ ਸੁੱਟੇ। ਆਪਣੇ ਸਰੀਰ 'ਤੇ ਬਾਈ (22) ਜ਼ਖ਼ਮ ਖਾਧੇ। ਲਹੂ-ਲੁਹਾਨ ਹੋ ਗਏ ਪਰ ਦਲੇਰੀ ਨਾਲ ਅੱਗੇ ਵਧੀ ਤੁਰੀ ਗਏ ਅਤੇ ਲੜਦੇ ਹੀ ਗਏ। ਇਹ ਕਤਲਾਮ 5 ਫ਼ਰਵਰੀ, 1762 ਈ· ਨੂੰ ਹੋਇਆ ਜੋ ਕਿ ਵੱਡਾ ਘੱਲੂਘਾਰਾ ਕਰਕੇ ਪ੍ਰਸਿੱਧ ਹੈ।

## ਪੰਜਾਬ ਵਿਚ ਖ਼ਾਲਸੇ ਦਾ ਰਾਜ

1762 ਵਿਚ ਅਹਿਮਦ ਸ਼ਾਹ ਅਬਦਾਲੀ ਨੇ ਸ੍ਰੀ ਹਰਿਮੰਦਰ ਸਾਹਿਬ ਨੂੰ ਬਰੂਦ ਨਾਲ ਉਡਾ ਦਿੱਤਾ ਅਤੇ ਨਾਲ ਲੱਗਦੀਆਂ ਕਈ ਇਮਾਰਤਾਂ ਵੀ ਢਾਹ-ਢੇਰੀ ਕਰ ਦਿੱਤੀਆਂ। ਮਲਬੇ ਅਤੇ ਮਿੱਟੀ ਨਾਲ ਸਰੋਵਰ ਪੂਰ ਦਿੱਤਾ। ਅਬਦਾਲੀ ਨੌਂ ਮਹੀਨੇ ਲਾਹੌਰ ਰਿਹਾ। ਮਾਲਵੇ ਵਿਚੋਂ ਉਠ ਕੇ ਖ਼ਾਲਸੇ ਨੇ ਜ਼ੈਨ ਖਾਂ ਸਰਹੰਦ 'ਤੇ ਹਮਲਾ ਕੀਤਾ। ਸੂਬੇ ਨੇ ਪੰਜਾਹ ਹਜ਼ਾਰ ਦੇ ਕੇ ਜਾਨ ਬਚਾਈ। ਇਸ ਦੌਰਾਨ ਦੀਵਾਲੀ ਆ ਗਈ। ਸ੍ਰੀ ਅੰਮ੍ਰਿਤਸਰ ਮੇਲੇ ਦੇ ਸੰਬੰਧ ਵਿਚ ਸੱਠ ਹਜ਼ਾਰ (60000) ਸਿੰਘਾਂ ਨੇ ਅੰਮ੍ਰਿਤਸਰ ਵਲ ਕੂਚ ਕੀਤਾ ਤੇ ਉਥੇ ਆ ਜੁੜੇ। ਅਬਦਾਲੀ ਲਾਹੌਰੋਂ ਫ਼ੌਜ ਲੈ ਕੇ ਅੰਮ੍ਰਿਤਸਰ ਵੱਲ ਚੜ੍ਹ ਪਿਆ। ਖ਼ੂਬ ਲੜਾਈ ਹੋਈ ਅਤੇ ਅਬਦਾਲੀ ਦੀ ਹਾਰ ਹੋਈ। ਉਹ ਰਾਤੋ ਰਾਤ ਭੱਜ ਕੇ ਲਾਹੌਰ ਵਾਪਸ ਚਲਾ ਗਿਆ।

ਪੰਥ ਨੇ ਹੁਣ ਆਪਣੇ ਝੰਡੇ ਝੁਲਾ ਦਿੱਤੇ। 1763 ਵਿਚ ਅੰਮ੍ਰਿਤਸਰ ਵਿਖੇ ਵਿਸਾਖੀ ਤੇ ਦੀਵਾਲੀ ਦੇ ਮੇਲੇ ਜੁੜੇ। ਸਰੋਵਰ ਨੂੰ ਸਾਫ਼ ਕੀਤਾ ਗਿਆ। ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਰਨ ਦੀ ਵਿਚਾਰ ਕੀਤੀ ਗਈ। ਨਾਲ ਹੀ ਇਹ ਫ਼ੈਸਲਾ ਹੋਇਆ ਕਿ ਦਰਬਾਰ ਸਾਹਿਬ ਦੀ ਸੁਰੱਖਿਆ ਲਈ ਆਪਣੀ ਸੈਨਿਕ ਸ਼ਕਤੀ ਨੂੰ ਵਧਾਇਆ ਜਾਵੇ।



SikhBookClub.Com

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਬੁੱਢਾ ਦਲ ਨੇ ਦੁਆਬੇ ਦੇ ਕਾਫ਼ੀ ਹਿੱਸੇ 'ਤੇ ਕਬਜ਼ਾ ਕਰ ਲਿਆ। ਸਆਦਤ ਖਾਂ ਨੂੰ ਇਥੋਂ ਦੁੜਾ ਦਿੱਤਾ ਗਿਆ। ਜਦ 1763 ਵਿਚ ਦੀਵਾਲੀ ਦੇ ਮੌਕੇ 'ਤੇ ਸਿੱਖ ਸੰਗਤਾਂ ਸ੍ਰੀ ਅੰਮ੍ਰਿਤਸਰ ਇਕੱਠੀਆਂ ਹੋਈਆਂ ਤਾਂ ਪਤਾ ਲੱਗਾ ਕਿ ਕਾਬਲ ਤੋਂ ਜਹਾਨ ਖਾਂ ਫ਼ੌਜ ਲੈ ਕੇ ਆ ਰਿਹਾ ਹੈ। ਸਿੰਘਾਂ ਨੇ ਵੀ ਜੰਗ ਦੀ ਤਿਆਰੀ ਕਰ ਲਈ। ਮਿਸਲਾਂ ਨੇ ਉਸ ਨੂੰ ਝਨਾਂ ਦੇ ਕੰਢੇ 'ਤੇ ਜਾ ਘੇਰਿਆ। ਐਸੀ ਮਾਰ ਦਿੱਤੀ ਕਿ ਉਸ ਦੇ ਹੋਸ਼ ਭੁਲਾ ਦਿੱਤੇ। ਉਹ ਹਾਰ ਖਾ ਕੇ ਮੁੜ ਗਿਆ।

## ਮਿਸਲਾਂ ਦੇ ਸਰਦਾਰਾਂ ਨੂੰ ਆਪਸੀ ਝਗੜੇ ਵਿਚ ਪੈਣ ਤੋਂ ਵਰਜਿਆ

ਜਦੋਂ ਮਹਾਰਾਜਾ ਆਲਾ ਸਿੰਘ ਨੇ 1763 ਵਿਚ ਅਹਿਮਦ ਸ਼ਾਹ ਅਬਦਾਲੀ ਨੂੰ ਖਿਰਾਜ ਦੇਣਾ ਪਰਵਾਨ ਕਰ ਲਿਆ ਤਾਂ ਦਲ ਖ਼ਾਲਸੇ ਨੇ ਮਹਾਰਾਜੇ ਦਾ ਵਿਰੋਧ ਕੀਤਾ। ਇਦੋਂ ਡਰ ਸੀ ਕਿ ਸਿੱਖਾਂ ਦੇ ਦੋ ਧੜੇ ਆਪਸ ਵਿਚ ਹੀ ਨਾ ਲੜ ਪੈਣ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਉਸ ਵੇਲੇ ਆਪਣਾ ਰਸੂਖ ਵਰਤ ਕੇ ਤੂਰ ਦੇ ਵਿਰੋਧੀਆਂ ਨੂੰ ਰੋਕ ਲਿਆ। ਇੰਜ ਖ਼ੂਨ ਖਰਾਬਾ ਹੋਣੋਂ ਬਚ ਗਿਆ। ਸਰਦਾਰ ਜੱਸਾ ਸਿੰਘ ਨੇ ਸਿੱਖ ਸੰਗਤਾਂ ਨੂੰ ਸਮਝਾਇਆ ਕਿ ਮਹਾਰਾਜੇ ਨੇ ਸਮੇਂ ਦੀ ਨਜ਼ਾਕਤ ਨੂੰ ਮੁੱਖ ਰੱਖ ਕੇ ਕੀਤਾ। ਮਹਾਰਾਜੇ ਨੇ ਦਲ ਖ਼ਾਲਸੇ ਪ੍ਰਤੀ ਆਪਣੀ ਵਫ਼ਾਦਾਰੀ ਦਾ ਸਬੂਤ ਦੇਂਦੇ ਹੋਏ ਨਵੇਂ ਫ਼ੌਜੀ ਅਹੁਦੇ ਖ਼ਤਮ ਕਰ ਦਿੱਤੇ ਤਾਂ ਜੋ ਸਿੱਖ ਸਰਦਾਰ ਆਪਣੇ-ਆਪਣੇ ਇਲਾਕਿਆਂ ਵਿਚ ਆਪਣਾ ਇਖਤਿਆਰ ਮੁੜ ਕਾਇਮ ਰੱਖ ਸਕਣ। ਮਹਾਰਾਜਾ ਜਮੁਨਾ ਤੋਂ ਪਾਰ ਦੀਆਂ ਸਿੱਖ ਫ਼ੌਜਾਂ ਨੂੰ ਮਦਦ ਕਰਨ ਲਈ ਵੀ ਮੰਨ ਗਿਆ।

## ਮਿਸਲਾਂ ਦਾ ਦਿੱਲੀ 'ਤੇ ਕਬਜ਼ਾ

ਜਦੋਂ ਤੈਮੂਰ ਸ਼ਾਹ ਹਾਰ ਖਾ ਕੇ ਪੰਜਾਬ ਵਿਚੋਂ ਕਾਬਲ ਨੂੰ ਪਰਤ ਰਿਹਾ ਸੀ ਤਾਂ ਵੀਹ ਹਜ਼ਾਰ ਸਿੰਘਾਂ ਨੇ ਉਸ ਉਪਰ ਹੱਲਾ ਕਰ ਕੇ ਲੁੱਟ ਲਿਆ। ਉਸ ਨੂੰ ਅਟਕ ਤੋਂ ਪਾਰ ਹੋਣ ਤੱਕ ਪਿੱਛਾ ਕੀਤਾ।

ਦਿੱਲੀ ਦਾ ਤਖ਼ਤ ਓਦੋਂ ਡਾਵਾਂ-ਡੋਲ ਸੀ। ਸ਼ਾਹ ਆਲਮ ਸਾਨੀ ਨਾਮ-ਮਾਤਰ ਹੀ ਬਾਦਸ਼ਾਹ ਸੀ। ਸਿੱਖ, ਮਰਹੱਟੇ, ਰੁਹੇਲੇ ਤੇ ਅੰਗਰੇਜ਼ ਵੱਖ-ਵੱਖ ਇਲਾਕੇ ਮੱਲੀ ਬੈਠੇ ਸਨ।

ਸਰਦਾਰ ਬਘੇਲ ਸਿੰਘ ਨੇ ਚਾਹਿਆ ਕਿ ਪੰਜਾਬ ਦੇ ਨਾਲ ਹੀ ਦਿੱਲੀ ਦੇ ਤਖ਼ਤ ਉੱਪਰ ਵੀ ਸਿੰਘਾਂ ਦਾ ਕਬਜ਼ਾ ਹੋ ਜਾਵੇ। ਉਹਨਾਂ ਮਿਸਲਾਂ ਦੇ ਸਰਦਾਰਾਂ ਨੂੰ ਬੁਲਾ ਭੇਜਿਆ। ਉਹ ਆਪਣੇ ਆਪਣੇ ਜਥੇ ਲੈ ਕੇ ਆ ਗਏ। ਲਗ-ਪਗ ਚਾਲ੍ਹੀ ਹਜ਼ਾਰ ਸਿੰਘਾਂ ਨੇ ਦਿੱਲੀ ਵਲ ਕੂਚ ਕੀਤਾ। ਸਿੰਘ ਦਿੱਲੀ ਜਾ ਵੜੇ। ਮਜਨੂੰ ਦੇ ਟਿੱਲੇ ਪਹੁੰਚ ਕੇ ਅਜਮੇਰੀ ਦਰਵਾਜ਼ੇ ਰਾਹੀਂ ਜਦ ਸਿੰਘ ਸ਼ਹਿਰ ਵਿਚ ਦਾਖਲ ਹੋਏ



SikhBookClub.Com

ਤਾਂ ਉਹਨਾਂ ਦੀ ਅਗਵਾਈ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਕਰ ਰਹੇ ਸਨ। ਇਹ ਦੋਵੇਂ ਸਰਦਾਰ ਲਾਲ ਕਿਲ੍ਹੇ ਵਿਚ ਜਾ ਪਹੁੰਚੇ। ਸ਼ਾਹ ਆਲਮ ਘਬਰਾ ਗਿਆ। ਉਸ ਨੇ ਆਪਣੇ ਵਜ਼ੀਰ ਨੂੰ ਕਿਹਾ ਕਿ ਜਿਵੇਂ ਵੀ ਹੋਵੇ ਸਿੱਖਾਂ ਕੋਲੋਂ ਬਚਾਣ ਦਾ ਕੋਈ ਉਪਰਾਲਾ ਕਰੋ। ਬਾਦਸ਼ਾਹ ਦੀ ਬੇਗਮ (ਸਮਰੂ ਬੇਗਮ) ਨੇ ਇਹ ਸਲਾਹ ਦਿੱਤੀ ਕਿ ਜਿਵੇਂ ਵੀ ਹੋਵੇ ਮਿਸਲਾਂ ਨਾਲ ਸਮਝੌਤਾ ਕਰ ਲਓ।

ਬਾਦਸ਼ਾਹ ਦੀ ਤੇ ਸਰਦਾਰ ਬਘੇਲ ਸਿੰਘ ਦੀ ਮੁਲਾਕਾਤ ਹੋਈ। ਇਕ ਸ਼ਰਤਨਾਮਾ ਤਹਿ ਹੋਇਆ ਅਤੇ ਸਰਦਾਰ ਬਘੇਲ ਸਿੰਘ ਦੀਆਂ ਫ਼ੌਜਾਂ ਦਿੱਲੀ ਦੇ ਗੁਰਦੁਆਰਿਆਂ ਦੀ ਉਸਾਰੀ ਤੇ ਮੁਰੰਮਤ ਆਦਿ ਕਰਵਾਉਣ ਤੱਕ ਦਿੱਲੀ ਵਿਚ ਹੀ ਰਹੀਆਂ।

ਇਹ ਹਨ ਕੁਝ ਕੁ ਕਾਰਨਾਮੇ ਜਿਨ੍ਹਾਂ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦਾ ਭਰਪੂਰ ਹਿੱਸਾ ਹੈ।



SikhBookClub.Com

# ਸੁਲਤਾਨ-ਉਲ-ਕੌਮ
# ਸਰਦਾਰ ਜੱਸਾ ਸਿੰਘ ਆਹਲੂਵਾਲੀਆ

*—ਪ੍ਰਿੰ. ਸਤਿਬੀਰ ਸਿੰਘ*

ਸਿੱਖ ਇਤਿਹਾਸ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਜਿਹੇ ਸਿੱਖ ਜਰਨੈਲ ਸਨ ਜਿਨ੍ਹਾ ਨੇ ਚਾਲੀ ਸਾਲ ਦਿਨ ਰਾਤ ਇਕ ਕਰ ਬਿੱਖੜੇ ਸਮੇਂ ਕੌਮ ਦੀ ਅਗਵਾਈ ਤੇ ਸੇਵਾ ਕੀਤੀ, ਕੌਮ ਦਾ ਪਿਆਰ ਲਿਆ ਤੇ ਸਤਿਕਾਰ ਮਾਣਿਆ। ਉਹ ਹੀ ਇਕੋ ਇਕ ਸਿੱਖ ਹੈ ਜਿਸ ਨੂੰ ਸਮੁੱਚੀ ਕੌਮ ਨੇ 'ਸੁਲਤਾਨ-ਉਲ-ਕੌਮ' ਕਿਹਾ। ਸਰਦਾਰ ਜੱਸਾ ਸਿੰਘ ਐਸੀ ਸ਼ਖ਼ਸੀਅਤ ਹੈ ਜਿਸ ਦਾ ਜਨਮ ਹੀ ਦਸਮੇਸ਼ ਪਿਤਾ ਦੀ ਅਸੀਸ ਨਾਲ ਹੋਇਆ। ਉਹ ਭਾਵੇਂ ਚਾਰ ਸਾਲ ਦੇ ਹੀ ਯਤੀਮ ਹੋ ਗਏ ਪਰ ਮਾਂ ਨੇ, ਜਿਸ ਵਿਚ ਸਿੱਖੀ ਕੁੱਟ ਕੁੱਟ ਕੇ ਭਰੀ ਹੋਈ ਸੀ, ਬੱਚੇ ਨੂੰ ਓਝੜੇ ਨਾ ਪੈਣ ਦਿੱਤਾ। ਮਾਂ ਨੇ ਬੱਚੇ ਨੂੰ ਗੁਰਬਾਣੀ ਦੀ ਐਸੀ ਗੁੜ੍ਹਤੀ ਦਿੱਤੀ ਤੇ ਕੀਰਤਨ ਦੀ ਅਜਿਹੀ ਘੁੱਟੀ ਪਿਲਾਈ ਕਿ ਸਾਰੀ ਉਮਰ ਗੁਰਬਾਣੀ ਉਸ ਦਾ ਆਧਾਰ ਬਣੀ ਰਹੀ। ਗੁਰਬਾਣੀ ਰਾਹੀਂ ਉਨ੍ਹਾਂ ਵਿਚ ਇਤਨੀ ਰਵਾਦਾਰੀ ਭਰੀ ਗਈ ਕਿ ਮੁਸਲਮਾਨਾਂ ਤਕ ਨੂੰ ਉਠਾਲਣ ਵੇਲੇ ਇਹ ਹੀ ਕਹਿੰਦੇ: "ਉਠੋ ਸੁਬਹ ਸੌਣ ਲਈ ਨਹੀਂ, ਉਸ ਦੀ ਯਾਦ ਵਿਚ ਜੁੜਨ ਲਈ ਹੈ।" ਸਰਦਾਰ ਜੱਸ੍ਹਾ ਸਿੰਘ ਐਸੇ ਖ਼ੁਸ਼ਕਿਸਮਤ ਹਨ ਜਿਨ੍ਹਾਂ ਨੂੰ ਮਾਤਾ ਸੁੰਦਰੀ ਜੀ ਨੇ ਆਪਣੇ ਪਾਸ ਦਿੱਲੀ ਸੱਤ ਸਾਲ ਰੱਖ ਕੇ ਸੰਵਾਰਿਆ। ਉਹ ਐਸੇ ਜਰਨੈਲ ਸਨ, ਜਿਨ੍ਹਾਂ ਦੇ ਜੀਵਨ ਨੂੰ ਨਵਾਬ ਕਪੂਰ ਸਿੰਘ ਜੀ ਨੇ ਘੜ ਕੇ ਅਜਿਹਾ ਸਾਜਿਆ ਕਿ ਸਮੁੱਚੀ ਕੌਮ ਦੀ ਵਾਗ-ਡੋਰ ਹੀ ਸੰਨ 1748 ਨੂੰ ਉਨ੍ਹਾਂ ਦੇ ਹੱਥ ਸੌਂਪ ਦਿੱਤੀ। ਸਰਦਾਰ ਜੱਸਾ ਸਿੰਘ ਨੇ ਵੀ ਜ਼ਿੰਮੇਵਾਰੀ ਨੂੰ ਅੰਤਮ ਸ੍ਵਾਸਾਂ ਤੱਕ ਅਜਿਹਾ ਨਿਭਾਇਆ ਕਿ ਉਨ੍ਹਾਂ ਦੇ ਅਕਾਲ ਚਲਾਣੇ 'ਤੇ ਭਾਵੇਂ ਉਨ੍ਹਾਂ ਦੇ ਹੁਕਮ ਮੁਤਾਬਿਕ ਕਿਸੇ ਅੱਥਰੂ ਨਾ ਵਗਾਇਆ ਪਰ ਸਸਕਾਰ ਹੋ ਜਾਣ ਉਪਰੰਤ ਕੋਈ ਸਿੱਖ ਅਜਿਹਾ ਨਹੀਂ ਸੀ ਜਿਸ ਦੀ ਅੱਖ ਸੇਜਲ ਨਾ ਹੋਵੇ।

## ਨਿਮ੍ਰਤਾ

ਸਰਦਾਰ ਜੱਸਾ ਸਿੰਘ ਨੇ ਨਿਮ੍ਰਤਾ ਨਾਲ ਸਿੱਖ-ਪੰਥ ਦੀ ਸੇਵਾ ਕੀਤੀ ਤੇ ਕਦੇ ਉਲ੍ਹਾਮਾ ਆਉਣ ਨਾ ਦਿੱਤਾ ਤੇ ਆਪੂੰ ਗਿਲਾ ਨਾ ਕੀਤਾ। ਰਸਦ ਵਰਤਾਉਣ ਦਾ



SikhBookClub.Com

ਪ੍ਰਬੰਧ ਵੀ ਅਜਿਹਾ ਕੀਤਾ ਕਿ ਜੁਦਾ ਜੁਦਾ ਮੋਦੀਖਾਨੇ ਬਣਾ ਦਿੱਤੇ। ਦੋਹਾਂ ਤਰਫ਼ ਪਹਿਰਾ ਲਗਾ ਦਿੱਤਾ ਅਤੇ ਕਿਹਾ ਕਿ ਹਰ ਇਕ ਜਥਾ ਇਕ ਕਤਾਰ ਵਿਚ ਆਏ ਤੇ ਦੂਜੀ ਕਤਾਰ ਵਿਚ ਵਾਪਸ ਜਾਵੇ। ਜਿਹੜਾ ਰਸਦ ਲੈਣ ਲਈ ਪਹਿਲੇ ਆਵੇਗਾ, ਉਸ ਨੂੰ ਪਹਿਲਾਂ ਮਿਲੇਗੀ। ਕੋਈ ਪੇਸ਼ ਦਸਤੀ ਨਾ ਕਰੇ। ਐਸਾ ਇੰਤਜ਼ਾਮ ਹੋਇਆ ਕਿ ਸਭ ਰਾਜ਼ੀ ਹੋਏ। ਸਿੰਘ ਹੈ ਹੀ ਸਨ ਜਤੀ ਸਤੀ ਭੋਲੇ ਭੰਡਾਰੇ। ਸਬਰ ਦੀਆਂ ਮੂਰਤਾਂ। ਇਤਨਾ ਇਕ ਦੂਜੇ ਨਾਲ ਪਿਆਰ ਕਰਦੇ ਕਿ ਸਭ ਸਕੇ ਭਰਾ ਲੱਗਦੇ। ਸ਼ਿਕਵੇ ਸ਼ਿਕਾਇਤ ਤੇ ਗਿਲੇ ਗੁਜ਼ਾਰੀਆਂ ਦਾ ਨਾਂ ਤੱਕ ਨਹੀਂ ਸੀ।

*'ਕੋਈ ਨ ਕਰੇ ਕਿਸੇ ਸ਼ਰੀਕਾ।*
*ਕੋਈ ਨ ਸੁਣਾਵੈ ਦੁਖ ਨਿਜ ਜੀ ਕਾ।'*

## ਜਾਗਤ ਸੁਭਾਅ

ਇਤਨੇ ਸੁਚੇਤ ਤੇ ਜਾਗਤ ਸੁਭਾਅ ਵਾਲੇ ਜੱਸਾ ਸਿੰਘ ਬਣ ਗਏ ਸਨ ਕਿ ਇਕ ਵਾਰੀ ਰਾਤ ਨੂੰ ਨਵਾਬ ਕਪੂਰ ਸਿੰਘ ਜੀ ਨੇ ਕਈ ਵਾਰੀ ਆਵਾਜ਼ ਦਿੱਤੀ ਕਿ ਕੋਈ ਹਾਜ਼ਰ ਹੈ! ਤਾਂ ਹਰ ਵਾਰੀ ਜੱਸਾ ਸਿੰਘ 'ਜੀ, ਆਇਆ' ਆਖ ਕੇ ਤੱਟ-ਫੱਟ ਸਾਹਮਣੇ ਆ ਖੜੇ ਹੁੰਦੇ। ਇਸ ਲਗਨ ਦੀ ਅਗਲੇ ਦਿਨ ਨਵਾਬ ਸਾਹਿਬ ਨੇ ਭਰੇ ਦੀਵਾਨ ਵਿਚ ਪ੍ਰਸੰਸਾ ਕੀਤੀ।

## ਮੁਹਿੰਮਾਂ

ਨਵਾਬ ਕਪੂਰ ਸਿੰਘ ਜੀ ਦੀ ਅਗਵਾਈ ਹੇਠਾਂ ਕੰਮ ਦੇ ਜਥੇ ਬਣ ਗਏ ਸਨ ਤੇ ਐਸੀ ਸੁਚੱਜੀ ਅਗਵਾਈ ਮਿਲ ਗਈ ਸੀ ਕਿ ਹਰ ਘਰੋਂ ਸਿਰ ਤੁਹਨੇ ਲੋਕ ਸਿੰਘ ਸੱਜ ਰਹੇ ਸਨ। ਇਤਨੇ ਨੂੰ ਨਾਦਰ ਦਾ ਹੱਲਾ ਹੋ ਗਿਆ। ਨਾਦਰ ਦੇ ਹੱਲੇ ਵੇਲੇ ਸਰਦਾਰ ਜੱਸਾ ਸਿੰਘ ਆਪਣੇ ਹੱਥ ਦਿਖਲਾਉਣ ਲੱਗ ਪਏ ਸਨ। ਭਾਵੇਂ 20 ਕੁ ਸਾਲਾਂ ਦੇ ਮਸਾਂ ਸਨ। ਨਵਾਬ ਕਪੂਰ ਸਿੰਘ ਜੀ ਦੀ ਅਗਵਾਈ ਹੇਠਾਂ ਜੱਸਾ ਸਿੰਘ ਨੇ ਨਾਦਰ ਦੀ ਮੁੜਦੀ ਫ਼ੌਜ ਨੂੰ ਹਰ ਪੜਾਅ 'ਤੇ ਮਜਬੂਰੀ ਦਾ ਅਹਿਸਾਸ ਕਰਾਇਆ। ਨਾਦਰ ਨੇ ਗ਼ੁੱਸੇ ਵਿਚ ਆਪਣੇ ਸੁਭਾਅ ਮੁਤਾਬਿਕ ਜਦ ਜ਼ਕਰੀਆ ਖਾਨ ਨੂੰ ਕਿਹਾ, ਕਿ ਇਨ੍ਹਾਂ ਦੇ ਘਰ ਘਾਟ ਫੂਕ ਦਿਓ ਤਾਂ ਜ਼ਕਰੀਆ ਖਾਂ ਨੇ ਕਿਹਾ, 'ਹਜ਼ੂਰ! ਇਨ੍ਹਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ 'ਤੇ ਹਨ।'

*'ਖਾਨਾਇ ਊਸ਼ਾਂ ਜ਼ੀਨ ਅਸਤ'*

ਤਾਂ ਨਾਦਰ ਨੇ ਮੰਦ-ਮੰਦ ਮੁਸਕਰਾ ਕੇ ਕਿਹਾ, 'ਅਜਿਹੇ ਲੋਕਾਂ ਤੋਂ ਤਾਂ ਡਰਨਾ ਚਾਹੀਦਾ ਹੈ। ਉਹ ਸਮਾਂ ਦੂਰ ਨਹੀਂ ਜਦ ਇਹ ਸਿਰ ਉਠਾਉਣਗੇ ਤੇ ਇਸ ਮੁਲਕ ਦੇ ਮਾਲਕ ਬਣਨਗੇ।'

*'ਈ ਮੁਲਕ ਰਾ ਖਵਾਹੰਦ ਗ੍ਰਿਫਤ'*



SikhBookClub.Com

'ਪ੍ਰਾਚੀਨ ਪੰਥ ਪ੍ਰਕਾਸ਼' ਦੇ ਸ਼ਬਦਾਂ ਵਿਚ ਨਾਦਰ ਨੇ ਕਿਹਾ:

**ਮਾਰਤ ਹੈ ਤੁਮ ਆਪ ਹੀ ਆਪਣੇ ਪੈਰ ਕੁਠਾਰ।**
**ਕੁਛ ਦਿਨ ਕੋ ਸਿੰਘ ਹੋਇ ਹੈ ਭੂਪਤਿ ਮੁਲਕ ਮਝਾਰ।**

## ਸਖ਼ਤੀ ਦਾ ਦੌਰ-ਦੌਰਾ

ਜ਼ਕਰੀਆ ਖਾਨ ਨੇ ਇਸ਼ਾਰਾ ਉਲਟ ਸਮਝਿਆ। ਜਗੀਰ ਜ਼ਬਤ ਕਰ ਲਈ। ਸਖ਼ਤੀ ਦਾ ਦੌਰ ਫਿਰ ਚਲਿਆ। ਭਾਈ ਮਨੀ ਸਿੰਘ ਜੀ, ਭਾਈ ਤਾਰੂ ਸਿੰਘ ਜੀ, ਭਾਈ ਗੁਲਜ਼ਾਰ ਸਿੰਘ ਜੀ, ਭਾਈ ਸੁਬੇਗ ਸਿੰਘ ਜੀ, ਭਾਈ ਸ਼ਹਿਬਾਜ਼ ਸਿੰਘ ਜੀ, ਭਾਈ ਹਕੀਕਤ ਰਾਇ ਜੀ ਅਤੇ ਹੋਰ ਅਨੇਕਾਂ ਸ਼ਹੀਦ ਕੀਤੇ ਗਏ। ਸਿੰਘਾਂ ਨੂੰ ਘਰ ਬਾਹਰ ਛੱਡ ਮਾਲਵੇ ਵੱਲ ਤੇ ਪਹਾੜਾਂ ਵਲ ਜਾਣਾ ਪਿਆ। ਜ਼ਕਰੀਆ ਖਾਨ ਦੀ ਮੌਤ ਪਿੱਛੋਂ ਸ਼ਾਹ ਨਿਵਾਜ਼ ਨੇ ਕੁਝ ਚਿਰ ਨਵਾਬੀ ਕੀਤੀ ਪਰ ਯਾਹੀਆ ਖਾਨ ਨੇ ਲਖਪਤ ਰਾਇ ਨੂੰ ਨਾਲ ਲੈ ਕੇ ਕਰੜਾ ਹੱਲਾ ਬੋਲ ਦਿੱਤਾ।

ਇਥੇ ਇਹ ਲਿਖਣਾ ਕੁਥਾਂ ਨਹੀਂ ਹੋਵੇਗਾ ਕਿ ਜਦ ਜਸਪਤ ਰਾਇ ਨੂੰ ਰੋੜੀ ਸਾਹਿਬ, ਭਾਈ ਬੀਰੂ ਸਿੰਘ ਨੇ ਹਾਥੀ ਦੇ ਹੁੱਦੇ ਵਿਚ ਹੀ ਮਾਰ ਮੁਕਾਇਆ ਸੀ ਤਾਂ ਕੋਈ ਛੁਪ ਕੇ ਨਹੀਂ, ਦਿਨ ਦਿਹਾੜੇ ਉਸ ਨੂੰ ਕਹੇ ਕੁਬੋਲਾਂ ਦੀ ਸਜ਼ਾ ਦੇਣ ਲਈ। ਜਸਪਤ ਦੇ ਭਰਾ ਲਖਪਤ ਰਾਇ ਨੇ ਬਦਲੇ ਦੀ ਨੀਅਤ ਨਾਲ ਬੇਦੋਸ਼ਿਆਂ ਸਿੰਘਾਂ ਦਾ ਕਤਲਿ-ਆਮ ਲਾਹੌਰ ਵਿਚ ਆਰੰਭ ਕਰ ਦਿੱਤਾ।

## ਸਰਦਾਰ ਜੱਸਾ ਸਿੰਘ ਦਾ ਨਵਾਬ ਲਾਹੌਰ ਨੂੰ ਤਾੜਨਾ ਭਰਿਆ ਪੱਤਰ

ਜਦ ਸਰਦਾਰ ਜੱਸਾ ਸਿੰਘ ਨੇ ਸੁਣਿਆ ਤਾਂ ਉਸ ਵੇਲੇ ਨਵਾਬ ਲਾਹੌਰ ਨੂੰ ਲਿਖਿਆ, ਜਿਸ ਨੂੰ ਸਿੱਖਾਂ ਦੀ ਜੰਗ ਨੀਤੀ ਵੀ ਕਹਿ ਸਕਦੇ ਹਾਂ। ਸਰਦਾਰ ਜੱਸਾ ਸਿੰਘ ਨੇ ਲਿਖਿਆ:

> "ਸਾਨੂੰ ਮਾਤਾ ਸੁੰਦਰੀ ਜੀ ਨੇ ਮੱਤ ਦਿੱਤੀ ਸੀ ਕਿ ਕਿਸੇ ਨੂੰ ਬਿਲਾ-ਵਜਹ ਤਕਲੀਫ਼ ਨਹੀਂ ਦੇਣੀ। ਅਸੀਂ ਰੋੜ੍ਹੀ ਸਾਹਿਬ ਅਬਾਦਤ ਲਈ ਗਏ ਸਾਂ। ਲਖਪਤ ਰਾਇ ਦੇ ਭਾਈ ਨੇ ਬੇ-ਸ਼ੁਮਾਰ ਫ਼ੌਜ ਭੇਜ ਦਿੱਤੀ ਤੇ ਸਿੰਘਾਂ ਨੂੰ ਤੰਗ ਕਰਨਾ ਆਰੰਭਿਆ। ਜੰਗ ਉਸ ਨੇ ਆਰੰਭੀ। ਫ਼ਤਹ ਅਖ਼ਤਿਆਰ ਅਕਾਲ ਪੁਰਖ ਦੇ ਹੈ। ਜਸਪਤ ਰਾਇ ਨੂੰ ਸ਼ਿਕੱਸਤ ਹੋਈ ਤੇ ਉਹ ਮਾਰਿਆ ਗਿਆ। ਜੰਗ ਵਿਚ ਕਿਸੇ ਨੂੰ ਮਾਰਨਾ ਕੋਈ ਗੁਨਾਹ ਨਹੀਂ ਹੈ ਅਤੇ ਖਾਸ ਕਰ ਉਸ ਨੂੰ ਜੋ ਪੇਸ਼-ਦਸਤੀ ਕਰੇ। ਲੱਖਪਤ ਰਾਇ ਨੂੰ ਆਖ ਕਿ 'ਖ਼ੂਨ ਬੇ-ਗੁਨਾਹੋਂ ਕੇ ਬਾਜ਼ ਆਵੇ।
> ਜੇ ਉਸ ਨੂੰ ਆਪਣੇ ਭਾਈ ਦੇ ਮਰਨ ਦਾ ਰੰਜ ਹੈ ਤਾਂ ਉਹ ਮੇਰੇ ਹੱਥੋਂ ਮਰਿਆ ਹੈ। ਮੇਰੇ ਨਾਲ ਮੁਕਾਬਲੇ ਲਈ ਆ ਤੇ ਭਾਈ ਦਾ ਬਦਲਾ ਲੈ।



SikhBookClub.Com

ਮਗਰ ਆਜਿਜ਼; ਬੇ-ਗੁਨਾਹ ਸਿੱਖਾਂ ਦਾ ਕਤਲ ਕਰਨਾ ਕਿਸੀ ਤਰ੍ਹਾਂ ਵਾਜਬ ਨਹੀਂ।"

ਇਹ ਚਿੱਠੀ ਨਵਾਬ ਨੇ ਪੜ੍ਹ ਕੇ ਲਖਪਤ ਰਾਇ ਨੂੰ ਸੁਣਾਈ ਪਰ ਉਹ ਤਾਂ ਕੀਨੇ ਤੇ ਹੰਕਾਰ ਦੀ ਅੱਗ ਵਿਚ ਇਤਨਾ ਸੜ ਰਿਹਾ ਸੀ ਕਿ ਸਗੋਂ ਸਿਰੋਂ ਪਗੜੀ ਉਤਾਰ ਕਹਿਣ ਲੱਗਾ ਕਿ ਹੁਣ ਤਦ ਹੀ ਬੰਨ੍ਹਾਂਗਾ ਜਦ ਸਿੰਘਾਂ ਦਾ ਖੁਰਾ-ਖੋਜ ਮਿਟਾ ਲਵਾਂਗਾ, ਪਰ ਉਹ ਭੁੱਲ ਗਿਆ_

**ਕਿਸੈ ਨ ਬਦੈ ਆਪਿ ਅਹੰਕਾਰੀ॥**
**ਧਰਮ ਰਾਇ ਤਿਸੁ ਕਰੇ ਖੁਆਰੀ॥** *(ਅੰਗ ੨੭੮)*

## ਛੋਟਾ ਘੱਲੂਘਾਰਾ (1746)

ਛੋਟਾ ਘੱਲੂਘਾਰਾ ਆਰੰਭ ਹੋਇਆ। ਇਸ ਛੋਟੇ ਘੱਲੂਘਾਰੇ ਵਿਚ ਸਿੰਘਾਂ ਦਾ ਇਹ ਹਾਲ ਸੀ ਕਿ ਸਿੰਘ ਚਾਰੇ ਪਾਸਿਓਂ ਹੀ ਘੇਰੇ ਗਏ। ਸੱਜੇ ਪਾਸੇ ਰਾਵੀ, ਪਿੱਛੇ ਮੁਗ਼ਲਈ ਫ਼ੌਜ, ਅੱਗੇ ਪਹਾੜੀਏ ਅਤੇ ਪਹਾੜ। ਨਾ ਰਸਦ, ਨਾ ਆਬ, ਨਾ ਤੋਪਾਂ, ਨਾ ਬਾਰੂਦ, ਘੋੜੇ ਥਕੇ ਮਾਂਦੇ, ਸ਼ਸਤਰ ਖੁੰਢੇ, ਕਮਾਨਾਂ ਕਮਜ਼ੋਰ, ਤੀਰ ਤਕ ਮੁੱਕ ਗਏ। ਨੇਜ਼ਿਆਂ ਦੇ ਫਾਲੇ ਲਾਸ਼ਾਂ ਦੇ ਤਨਾਂ ਵਿਚ ਰਹਿ ਗਏ ਤੇ ਹੋਰ ਘੜੇ ਨਹੀਂ ਸਨ ਜਾ ਸਕਦੇ। ਪਰ ਫਿਰ ਵੀ ਸਿੰਘ ਚੜ੍ਹਦੀਆਂ ਕਲਾਂ ਵਿਚ ਸਨ।

***ਅੱਧੀ ਮੌਤ ਮੁਸਾਫ਼ਰੀ, ਅੱਧੀ ਮੌਤ ਸੁ ਭੁੱਖ।***

ਪਰ ਸਿੰਘਾਂ ਨੂੰ ਦੋਵੇਂ ਆ ਪਈਆਂ। ਅਗਵਾਈ ਨਵਾਬ ਕਪੂਰ ਸਿੰਘ ਜੀ ਆਪੂੰ ਕਰ ਰਹੇ ਸਨ। ਸਰਦਾਰ ਜੱਸਾ ਸਿੰਘ ਜੀ ਇਕ ਸਿਰੇ ਨੂੰ ਸਾਂਭੀ ਬੈਠੇ ਸਨ। ਸਰਦਾਰ ਸੁੱਖਾ ਸਿੰਘ ਅੱਗੇ ਹੋ ਲੜ ਰਹੇ ਸਨ। ਨੇੜੇ ਹੀ ਸੀ ਕਿ ਸਰਦਾਰ ਸੁੱਖਾ ਸਿੰਘ ਲਖਪਤ ਰਾਇ ਨੂੰ ਮਾਰ ਮੁਕਾਂਦੇ ਪਰ ਤੋਪ ਦਾ ਗੋਲਾ ਅਜਿਹਾ ਲੱਗਾ ਕਿ ਉਹਨਾਂ ਦੀ ਲੱਤ ਉੱਡ ਗਈ। ਸਰਦਾਰ ਜੱਸਾ ਸਿੰਘ ਜੀ ਦੇ ਪੱਟ 'ਤੇ ਵੀ ਗੋਲੀ ਲੱਗੀ। ਉਹਨਾਂ ਪੱਟ ਨੂੰ ਹੰਨੇ ਨਾਲ ਬੰਨ੍ਹ ਲਿਆ ਤੇ ਲੜਦੇ ਰਹੇ। ਜਦ ਕੋਈ ਰਾਹ ਨਿਕਲਣ ਦਾ ਨਾ ਦਿਸਿਆ ਤਾਂ ਇਹ ਵਿਚਾਰ ਕੇ ਜਿਥੇ ਵੀ ਜਾ ਸਕਦੇ ਹੋ, ਚਲੇ ਜਾਓ ਪਰ ਅਜਾਈਂ ਮੌਤ ਨਹੀਂ ਮਰਨਾ। 'ਮੁੜ ਮੁੜ ਲੜੋ, ਔਰ ਤੁਰਦੇ ਜਾਵੋ' ਦਾ ਤਰੀਕਾ ਅਪਣਾਇਆ। ਜੇਠ ਹਾੜ ਦੀ ਧੁੱਪ ਪਿੰਡਿਆਂ 'ਤੇ ਸਹਾਰ, ਭੁੱਖੇ ਤ੍ਰਿਹਾਏ ਦੁਆਬੇ ਪੁੱਜ ਗਏ।

## ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਦਲ ਖ਼ਾਲਸਾ ਦੀ ਸਰਦਾਰੀ ਸੌਂਪੀ ਗਈ

ਉਧਰ ਸ਼ਾਹ ਨਿਵਾਜ਼ ਤੇ ਯਾਹੀਆ ਖਾਨ ਦੀ ਐਸੀ ਲੜਾਈ ਛਿੜੀ ਕਿ ਸਿੰਘਾਂ ਨੇ ਅੰਮ੍ਰਿਤਸਰ ਅਗਲੇ ਸਾਲ ਕਬਜ਼ਾ ਕਰ ਲਿਆ ਤੇ ਰਾਮ ਰੌਣੀ ਬਣਾ



SikhBookClub.Com

ਲਈ। ਨਾਦਰ ਸ਼ਾਹ ਦੇ ਕਤਲ ਅਤੇ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਦਾ ਹੋਣਾ ਸੁਣ ਕੇ ਨਵਾਬ ਕਪੂਰ ਸਿੰਘ ਜੀ ਨੇ ਸਰਬੱਤ ਖ਼ਾਲਸੇ ਦਾ ਇਕੱਠ ਸੱਦ ਕੇ 'ਦਲ ਖ਼ਾਲਸਾ' ਬਣਾਇਆ ਤੇ ਜਥੇਦਾਰੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਸੌਂਪੀ। ਗੁਰੂ ਗੋਬਿੰਦ ਸਿੰਘ ਜੀ ਦਾ ਗੁਰਜ ਤੇ ਕ੍ਰਿਪਾਨ ਜੋ ਨਵਾਬ ਕਪੂਰ ਸਿੰਘ ਜੀ ਸਦਾ ਆਪਣੇ ਪਾਸ ਰੱਖਦੇ ਸਨ, ਸਰਦਾਰ ਜੱਸਾ ਸਿੰਘ ਜੀ ਨੂੰ ਸੌਂਪ ਦਿੱਤੀਆਂ। ਇਹ ਵੀ ਕਿਹਾ 'ਜਦ ਵਾਹਿਗੁਰੂ ਦਾ ਫ਼ਜ਼ਲ ਸ਼ਾਮਲ ਹਾਲ ਹੈ ਤਾਂ ਕਿੱਲਤ ਕੱਸ਼ਤ ਦਾ ਕਿਆ ਖਿਆਲ ਹੈ। ਜੋ ਕਸੀਰ ਹੈ, ਵਹੁ ਹਕੀਰ ਹੈ।'

ਸਰਬਤ ਖ਼ਾਲਸੇ ਨੇ ਅਕਾਲ ਤਖ਼ਤ 'ਤੇ ਪਹਿਲਾ ਮਤਾ ਕੀਤਾ ਕਿ:

> 'ਪੰਜਾਬ ਨੂੰ ਨਾ ਮੁਗ਼ਲ ਸਾਮਰਾਜ ਦਾ ਹਿੱਸਾ ਰਹਿਣ ਦੇਣਾ ਹੈ ਅਤੇ ਨਾ ਹੀ ਅਫ਼ਗਾਨ ਸਾਮਰਾਜ ਦਾ ਬਣਨ ਦੇਣਾ ਹੈ।'

ਇਹ ਵੀ ਫ਼ੈਸਲਾ ਲਿਆ ਕਿ:

> 'ਜੋ ਹੁਣ ਸਿੱਖਾਂ ਨੂੰ ਸਤਾਏ ਉਸ ਨੂੰ ਸਜ਼ਾ ਦੇਵੋ। ਹਰ ਹਮਲੇ ਦਾ ਮੂੰਹ ਤੋੜ ਉੱਤਰ ਦੇਣ ਲਈ ਤਿਆਰ ਹੋ ਜਾਓ।'

ਗਾਰਡਨ ਨੇ ਠੀਕ ਲਿਖਿਆ ਹੈ ਕਿ ਸਰਬੱਤ ਖ਼ਾਲਸਾ ਬੁਲਾ ਕੇ ਸਰਦਾਰ ਜੱਸਾ ਸਿੰਘ ਜੀ ਨੂੰ ਸਾਰਿਆਂ ਸਾਹਮਣੇ ਜਥੇਦਾਰ ਥਾਪਨਾ ਸਿੱਖਾਂ ਦੀ ਸਭ ਤੋਂ ਵੱਡੀ ਸਿਆਣਪ ਸੀ। ਇਸ ਤਰ੍ਹਾਂ ਲੋਕ ਰਾਜ ਵਾਲੀ ਸ਼ਕਤੀ ਵੀ ਸਿੱਖਾਂ ਵਿਚ ਆ ਗਈ ਤੇ ਇਕ ਦਾ ਹੁਕਮ ਮੰਨਣ ਵਾਲੀ ਕ੍ਰਿਆ ਵੀ। ਇਸ ਤਰ੍ਹਾਂ ਕੌਮ ਵਿਚ ਕੁਰੀਤੀਆਂ ਵੀ ਨਹੀਂ ਆ ਸਕਦੀਆਂ ਸਨ। ਗ਼ਲਤ ਕਾਰਜ ਕਰਨ ਵਾਲੇ ਨੂੰ ਟੋਕ ਦਿੱਤਾ ਜਾਂਦਾ ਸੀ। ਗੰਗਾ-ਜਮਨੀ ਖ਼ਿਆਲਾਂ ਵਾਲੇ ਢਿੱਲੜ ਪੈਦਾ ਨਹੀਂ ਸਨ ਹੋ ਸਕਦੇ। ਐਸਾ ਦਲ ਤਿਆਰ ਹੋ ਗਿਆ ਸੀ ਜੋ ਰਾਵਾਂ ਦੇ ਲੈ ਕੇ, ਸੋਧ ਕਰ ਕੇ, ਅਗਵਾਈ ਦੇ ਕੇ, ਕੌਮ ਨੂੰ ਆਉਣ ਵਾਲੇ ਖ਼ਤਰਿਆਂ ਤੋਂ ਸੁਚੇਤ ਕਰ ਕੇ ਧਰਮ ਦਾ ਚਾਅ ਪੈਦਾ ਕਰਦਾ ਸੀ।

## ਮੀਰ ਮਨੂੰ ਦਾ ਕਮਾਨ ਸੰਭਾਲਣਾ

ਮੀਰ ਮਨੂੰ ਦੇ ਗਵਰਨਰ ਬਣਨ ਵੇਲੇ ਆਰੰਭ ਵਿਚ ਉਸ ਨੇ ਸਿੰਘਾਂ ਨਾਲ ਵਿਗਾੜਨੀ ਠੀਕ ਨਾ ਸਮਝੀ। ਦੀਵਾਨ ਲੱਖਪਤ ਰਾਇ ਨੂੰ ਸਿੰਘਾਂ ਦੇ ਹਵਾਲੇ ਕਰ ਕੇ ਦੀਵਾਨ ਕੌੜਾ ਮੱਲ ਨੂੰ ਭੇਜਿਆ। ਸਰਦਾਰ ਜੱਸਾ ਸਿੰਘ ਨੇ ਕਿਹਾ ਸੀ ਕਿ ਅਸੀਂ ਮਦਦ ਕਰਨ ਨੂੰ ਤਿਆਰ ਹਾਂ ਪਰ ਗੁਰਦੁਆਰਾ ਨਨਕਾਣਾ ਸਾਹਿਬ ਤੇ ਬਾਲ ਲੀਲ੍ਹਾ ਦੇ ਗੁਰਦੁਆਰੇ ਉਸਾਰਨ ਦੀ ਆਗਿਆ ਹੋਵੇ। ਇਹ ਸਾਰਾ ਜ਼ਿੰਮਾ ਦੀਵਾਨ ਕੌੜਾ ਮੱਲ ਨੇ ਆਪਣੇ 'ਤੇ ਲਿਆ। ਸਰਦਾਰ ਜੱਸਾ ਸਿੰਘ ਜੀ ਨੇ ਪੰਥ ਵਲੋਂ ਉਹਨਾਂ ਨੂੰ 'ਮਿੱਠਾ ਮੱਲ' ਦਾ ਖ਼ਿਤਾਬ ਦਿੱਤਾ



SikhBookClub.Com

## ਜੁਰਅਤਿ ਭਰਿਆ ਉੱਤਰ

ਇਧਰ ਇਹ ਗੱਲਾਂ ਹੋ ਰਹੀਆਂ ਸਨ ਕਿ ਅਦੀਨਾ ਬੇਗ਼ ਨੇ ਸਾਂਝਾ ਮੁਹਾਜ਼ ਬਣਾਉਣ ਲਈ ਸਰਦਾਰ ਜੱਸਾ ਸਿੰਘ ਨੂੰ ਲਿਖਿਆ ਕਿ ਉਹ ਵੀ ਆਪਣਾ ਵੱਖ ਰਾਜ ਬਣਾ ਲਵੇ ਤੇ ਮਨਜ਼ੂਰੀ ਦਿੱਲੀ ਤੋਂ ਲੈ ਦਿਆਂਗੇ। ਤਾਂ ਉਸੇ ਵੇਲੇ ਜੁਰਅਤਿ ਭਰਿਆ ਉੱਤਰ ਦੇਂਦੇ ਸਰਦਾਰ ਜੱਸਾ ਸਿੰਘ ਨੇ ਕਿਹਾ:

> "ਸਮਝੌਤਾ ਕਿਸੇ ਸੂਰਤ ਵਿਚ ਨਹੀਂ ਹੋ ਸਕਦਾ ਕਿਉਂਕਿ ਦੋਵਾਂ ਵਿਚ ਖ਼ਿਆਲਾਂ ਦਾ ਅੰਤਰ ਹੈ। ਸਿੱਖ ਉਸੇ ਹੀ ਤਲਵਾਰ ਨਾਲ ਰਾਜ ਬਣਾਉਣਗੇ ਜਿਸ ਨਾਲ ਮੁਗ਼ਲਾਂ ਬਣਾਇਆ ਹੈ। ਮੁਲਾਕਾਤ ਮੈਦਾਨਿ-ਜੰਗ ਵਿਚ ਹੀ ਹੋਵੇਗੀ। ਸ਼ਹੀਦੀਆਂ ਲਏ ਅਤੇ ਖ਼ੂਨ ਬਹਾਏ ਬਗ਼ੈਰ ਆਜ਼ਾਦੀਆਂ ਨਹੀਂ ਮਿਲਦੀਆਂ। ਸਿੱਖਾਂ ਦੀ ਚਮਕਦੀ ਤਲਵਾਰ ਦੇਖ ਕੇ ਮੁਗ਼ਲ ਸਮਝੌਤੇ ਦੀਆਂ ਗੱਲਾਂ ਕਰਨ ਲੱਗੇ ਹਨ। ਜਦ ਇਹ ਕ੍ਰਿਪਾਨ ਚਲ ਪਈ ਤਾਂ ਰਾਜ ਕਦਮਾਂ ਵਿਚ ਹੋਵੇਗਾ। 'ਰਾਜ ਕਰੇਗਾ ਖਾਲਸਾ' ਕਿਸੇ ਦੇ ਰਹਿਮ-ਕਰਮ ਨਾਲ ਨਹੀਂ, ਵਾਹਿਗੁਰੂ ਦੀ ਰਹਿਮਤ ਤੇ ਬਖ਼ਸ਼ਿਸ਼ ਨਾਲ ਹੋਵੇਗਾ। ਜਿਨ੍ਹਾਂ ਦੇ ਮੱਥੇ 'ਤੇ ਰੱਬ ਆਪੂੰ ਮੁਲਖ ਲਿਖ ਦੇਵੇ, ਉਹ ਹੋਰਨਾਂ ਪਾਸੋਂ ਕਾਗ਼ਜ਼ 'ਤੇ ਕੀ ਲਿਖਵਾਏ, ਜਿਸ 'ਤੇ ਦੋਹਾਂ ਜਹਾਨਾਂ ਦਾ ਪਾਤਸ਼ਾਹ ਪ੍ਰਸੰਨ ਹੋਵੇ। ਉਸ ਨੂੰ ਹੋਰ ਕਿਸੇ ਖ਼ੁਸ਼ੀ ਦੀ ਲੋੜ ਨਹੀਂ।"

ਅਦੀਨਾ ਬੇਗ ਦੀ ਚਾਲ ਨਾਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਆ ਗਏ ਪਰ ਰਾਮ ਰੌਣੀ ਦੇ ਹਮਲੇ ਵੇਲੇ ਉਹ ਫਿਰ ਦਲ ਖ਼ਾਲਸਾ ਵਿਚ ਆ ਸ਼ਾਮਲ ਹੋਏ। ਦੀਵਾਨ ਕੌੜਾ ਮੱਲ ਦੀ ਮ੍ਰਿਤੂ ਉਪਰੰਤ ਅਤੇ ਮਨੂੰ ਦਾ ਅਬਦਾਲੀ ਦੇ ਕੈਂਪ ਵਿਚ ਜਾ ਕੇ ਈਨ ਮੰਨ ਲੈਣ ਨਾਲ ਅਤਿਆਚਾਰਾਂ ਦੇ ਚੱਕਰ ਫਿਰ ਸ਼ੁਰੂ ਹੋ ਗਏ। ਮਨੂੰ ਨੇ ਸਿੰਘਾਂ ਨੂੰ ਸ਼ਹੀਦ ਕਰਕੇ ਸ਼ਹੀਦ ਗੰਜ ਹੀ ਉਸਾਰ ਦਿੱਤਾ। ਪਰ ਕੌਮ ਇਹ ਹੀ ਪੜ੍ਹਦੀ ਰਹੀ:

> ***"ਮਨੂੰ ਅਸਾਂ ਦੀ ਦਾਤਰੀ ਅਸੀਂ ਮਨੂੰ ਦੇ ਸੋਏ।***
> ***ਜਿਉਂ-ਜਿਉਂ ਮਨੂੰ ਵੱਢਦਾ ਅਸੀਂ ਦੂਣੇ ਚੌਣੇ ਹੋਏ।"***

ਸਰਦਾਰ ਜੱਸਾ ਸਿੰਘ ਨੇ ਅਜਿਹੀ ਅਗਵਾਈ ਦਿੱਤੀ ਕਿ ਕੌਮ ਅੱਗੇ-ਅੱਗੇ ਹੀ ਵਧਦੀ ਗਈ। ਬਹਾਦਰੀ ਜਵਾਂ ਮਰਦੀ ਤੇ ਸਖਾਵਤ ਵਿਚ ਸਰਦਾਰ ਜੱਸਾ ਸਿੰਘ ਦੇ ਟਾਕਰੇ 'ਤੇ ਕੋਈ ਨਹੀਂ ਸੀ। ਰਹਿਮ ਦਿਲ, ਬੇ-ਤਅਸਬ ਤੇ ਹਰ ਵੇਲੇ ਪੰਥ ਦੇ ਵਾਧੇ ਲਈ ਤਤਪਰ ਅਤੇ ਜੰਗ ਵਿਚ ਹਮੇਸ਼ਾ ਸਭ ਤੋਂ ਅੱਗੇ।

## ਨੁਹਾਰ ਤੇ ਸੁਭਾਅ

ਉਨ੍ਹਾਂ ਦਾ ਕੱਦ ਲੰਮਾ, ਰੰਗ ਨਿੱਖਰਿਆ ਹੋਇਆ ਗੰਦਮ ਵਰਗਾ, ਚੌੜਾ ਮੱਥਾ, ਭਰਵੇਂ ਭਰਵੱਟੇ, ਖੁੱਲ੍ਹੀਆਂ ਅੱਖਾਂ, ਲੰਮੀਆਂ ਬਾਹਵਾਂ ਜੋ ਗੋਡਿਓਂ ਹੇਠਾਂ ਤੱਕ



SikhBookClub.Com

ਜਾਂਦੀਆਂ ਸਨ। ਖੁਰਾਕ ਵੀ ਬੜੀ ਸੀ। ਇਕ ਸੇਰ ਪੱਕਾ ਮੱਖਣ ਤੇ ਮਿਸ਼ਰੀ ਤਾਂ ਕੇਵਲ ਨਾਸ਼ਤਾ ਹੀ ਸੀ। ਤੀਰ ਅੰਦਾਜ਼ ਬੜੇ ਸਨ। ਸੁਰਮਈ ਬਸਤ੍ਰ ਸਦਾ ਪਹਿਨਦੇ ਸਨ। ਜੰਗਾਂ ਲੜਦੇ ਇਹ ਤੱਕ ਲਿਆ ਸੀ ਕਿ ਵੱਡੀਆਂ ਤੋਪਾਂ ਜੰਗ ਵਿਚ ਕੰਮ ਨਹੀਂ ਆਉਂਦੀਆਂ। ਜੇ ਪਿਛੇ ਛੱਡ ਜਾਈਏ ਤਾਂ ਨਮੋਸ਼ੀ ਹੁੰਦੀ ਹੈ ਅਤੇ ਨਾਲ ਲੈ ਜਾਈਏ ਤਾਂ ਫ਼ੌਜ-ਕਸ਼ੀ ਨਹੀਂ ਹੋ ਸਕਦੀ। ਇਸ ਲਈ ਫ਼ੌਜ ਨਾਕਾ ਸਵਾਰਾਂ (ਊਠਣੀਆਂ ਦਾ ਜੱਥਾ ਬਣਾਇਆ) ਜਿਸ 'ਤੇ ਹਲਕੀਆਂ ਤੋਪਾਂ ਹੁੰਦੀਆਂ, ਜੋ ਹਰ ਥਾਂ ਪੁੱਜ ਜਾਂਦੀਆਂ ਸਨ।

ਆਪ ਜੀ ਸ਼ਾਦੀ ਵੀ 1745 ਈ· ਨੂੰ ਫਤਿਆਬਾਦ ਹੋ ਗਈ ਸੀ।

ਬਹਾਦਰੀ ਦੇ ਬੜੇ ਕਦਰਦਾਨ ਸਨ। ਕਾਦੀਆਂ ਵਿਖੇ ਇਕ ਝੜਪ ਵਿਚ ਜਦ ਦੀਵਾਨ ਬਿਸ਼ੰਬਰ ਦਾਸ ਤੇ ਰਾਜਾ ਭੂਪ ਚੰਦ ਪਹਾੜੀਏ, ਆਪ ਜੀ ਦੇ ਹੱਥੋਂ ਮਾਰੇ ਗਏ ਤਾਂ ਅੱਗੇ ਵੱਧ ਕੇ ਆਪਣੇ ਵਲੋਂ ਦੁਸ਼ਾਲਾ ਬਿਸ਼ੰਬਰ ਦਾਸ 'ਤੇ ਪਾਇਆ ਤੇ ਕਿਹਾ ਕਿ ਬੜੀ ਬਹਾਦਰੀ ਨਾਲ ਲੜਦੇ ਉਸ ਜਾਨ ਦਿੱਤੀ ਹੈ।

## ਅੰਮ੍ਰਿਤ ਪ੍ਰਚਾਰ ਵਲ ਖ਼ਾਸ ਧਿਆਨ

ਸਰਦਾਰ ਜੱਸਾ ਸਿਘ ਜੀ ਭਾਵੇਂ ਜੰਗਾਂ-ਜੁੱਧਾਂ ਵਿਚ ਰੁਝੇ ਰਹਿੰਦੇ ਸਨ, ਪਰ ਪੂਰਾ ਧਿਆਨ ਅੰਮ੍ਰਿਤ ਪ੍ਰਚਾਰ ਵਲ ਦੇਂਦੇ। ਕੀਰਤਨ ਹੁਣ ਵੀ ਆਪੂੰ ਕਰਦੇ। ਆਸਾ ਦੀ ਵਾਰ ਕਦੇ ਖੁੰਝਾਈ ਨਹੀਂ ਸੀ। ਜੰਗਾਂ-ਜੁੱਧਾਂ ਸਮੇਂ ਵੀ ਨਿਤਨੇਮ ਕੀਰਤਨ ਅਤੇ ਅੰਮ੍ਰਿਤ ਪ੍ਰਚਾਰ ਦਾ ਸਮਾਂ ਨਹੀਂ ਖੁੰਝਾਇਆ। ਲੰਗਰ ਸਦਾ ਵਰਤਦਾ ਰਹਿੰਦਾ। ਕੋਈ ਆਵੇ ਛਕੇ। ਕਿਧਰੇ ਕਾਲ ਪਿਆ ਸੁਣਦੇ ਤਾਂ ਆਪੂੰ ਜਾ ਕੇ ਲੰਗਰ ਲਗਾਉਂਦੇ।

ਉਹਨਾਂ ਦੇ ਇਸ ਵਤੀਰੇ-ਵਿਹਾਰ ਕਰਕੇ ਬਹੁਤੇ ਲੋਕੀਂ ਅੰਮ੍ਰਿਤ ਪਾਨ ਕਰਨ ਲਈ ਪੁੱਜਦੇ। ਕੱਛ-ਕੁੜਤਾ, ਦਸਤਾਰ, ਚਾਦਰ ਤੇ ਕਿਰਪਾਨ ਆਪਣੇ ਵਲੋਂ ਦੇਂਦੇ। ਇਥੋਂ ਤਕ ਕਿ ਕੜਾਹ ਪ੍ਰਸਾਦ ਤੇ ਹੋਰ ਅਰਦਾਸੇ ਵੀ ਆਪਣੇ ਵਲੋਂ ਹੀ ਕਰਦੇ। ਅੰਮ੍ਰਿਤ ਛਕਣ ਤੋਂ ਬਾਅਦ ਕੋਈ ਜਥੇ ਵਿਚ ਰਹਿਣਾ ਚਾਹੁੰਦਾ ਤਾਂ ਪੂਰੀ ਆਗਿਆ ਸੀ, ਪਰ ਜੇ ਕੋਈ ਹੋਰ ਕਿਸੇ ਜਥੇ ਵਿਚ ਸ਼ਾਮਲ ਹੋਣਾ ਚਾਹੁੰਦਾ ਜਾਂ ਘਰ ਜਾਣਾ ਚਾਹੁੰਦਾ ਤਾਂ ਵੀ ਨਾ ਰੋਕਦੇ।

ਸਿੰਘਾਂ ਦੇ ਕਮਾਲ ਦੇ ਆਚਰਨ ਕਾਰਨ ਇਤਨੀ ਇੱਜ਼ਤ ਸੀ, ਜਿਥੇ ਵੀ ਸਿੰਘ ਜਾਂਦੇ ਲੋਕੀਂ ਆਦਰ ਦੀ ਨਿਗਾਹ ਨਾਲ ਤੱਕਦੇ। ਸਿੰਘ ਸਭਨਾਂ ਦੀ ਇੱਜ਼ਤ ਦੇ ਰਾਖੇ ਜੂ ਗਿਣੇ ਜਾਂਦੇ ਸਨ।

## ਸੁਚੱਜੀ ਅਗਵਾਈ

ਅਬਦਾਲੀ ਦਾ ਹਰ ਹਮਲਾ ਜੋ ਸਿੰਘ ਦੀ ਤਾਕਤ ਵਧਾਉਣ ਦਾ ਕਾਰਨ ਬਣਿਆ ਤਾਂ ਇਹ ਸਰਦਾਰ ਜੱਸਾ ਸਿੰਘ ਦੀ ਸੂਝ ਦਾ ਸਦਕਾ ਸੀ।



SikhBookClub.Com

## ਅੰਗ ਨਹੀਂ ਤੋੜਨੇ

ਪੰਥ ਵਿਚ ਕਦੇ ਪਾੜ ਨਹੀਂ ਪੈਣ ਦਿੱਤਾ। ਇਕ ਵਾਰੀ ਜਦ ਪੰਥ ਨੇ ਫ਼ੈਸਲਾ ਕਰ ਦਿੱਤਾ ਕਿ ਬਾਬਾ ਆਲਾ ਸਿੰਘ ਨੂੰ ਅਬਦਾਲੀ ਦੀ ਮਦਦ ਕਰਨ ਕਾਰਨ ਸਜ਼ਾ ਦੇਣੀ ਹੈ ਤਾਂ ਆਪ ਜੀ ਨੇ ਵਿਚ ਪੈ ਕੇ ਸਮਝਾਇਆ ਕਿ ਉਸ ਨੇ ਜੋ ਕੀਤਾ ਸੀ ਉਹ ਸਮਾਂ ਟਾਲਣੇ ਲਈ ਸੀ। ਜੇ ਅਬਦਾਲੀ ਨੂੰ ਆਲਾ ਸਿੰਘ ਪਾਨੀਪਤ ਰਸਦ ਪਹੁੰਚਾਂਦਾ ਰਿਹਾ ਹੈ ਤਾਂ ਤੁਹਾਨੂੰ ਉਹ ਗੋਲਾ ਬਾਰੂਦ ਤੇ ਘੋੜੇ ਵੀ ਭੇਜਦਾ ਰਿਹਾ ਹੈ। ਇਸ ਤਰ੍ਹਾਂ ਅੰਗ ਨਿਖੇੜਨੇ ਠੀਕ ਨਹੀਂ। ਇਥੋਂ ਤਕ ਕਿਹਾ—ਇਹ ਗੁਰੂ ਦਾ ਸਿੱਖ ਹੈ, ਕੋਈ ਸ਼ਬਦ ਹੱਤਕ ਵਾਲਾ ਵੀ ਇਨ੍ਹਾਂ ਨੂੰ ਨਹੀਂ ਕਹਿਣਾ। ਚੰਗਾ ਇਹ ਕਿ ਤਨਖ਼ਾਹ ਲਗਾ ਕੇ ਫਿਰ ਨਵੇਂ ਸਿਰਿਓਂ ਅੰਮ੍ਰਿਤ ਛਕਾ ਨਾਲ ਰਲਾ ਲਿਆ ਜਾਵੇ। ਫਿਰ ਅੰਮ੍ਰਿਤ ਵੀ ਸਰਦਾਰ ਜੱਸਾ ਸਿੰਘ ਨੇ ਆਪੂੰ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋ ਛਕਾਇਆ। ਬਾਬਾ ਆਲਾ ਸਿੰਘ ਜੀ ਨੇ ਆਪਣੇ ਹੱਥੀਂ ਕੜਾਹ ਪ੍ਰਸ਼ਾਦ ਵਰਤਾਇਆ ਤੇ ਇਕੱਠਿਆਂ ਸਭ ਸਰਦਾਰਾਂ ਨੇ ਲੰਗਰ ਛਕਿਆ। ਆਪੂੰ ਕਿਤਨੀ ਦੇਰ ਢੀਂਗਾ ਮਾਜਰਾ ਪਟਿਆਲਾ ਦੀ ਰਿਆਸਤ ਰਹੇ ਤਾਂਕਿ ਕੋਈ ਉਨ੍ਹਾਂ ਨੂੰ ਨੁਕਸਾਨ ਨਾ ਪਹੁੰਚਾਏ। ਇਸੇ ਤਰ੍ਹਾਂ ਸਾਰੇ ਪੰਥ ਨੂੰ ਨਵਾਂ ਰਾਹ ਦਰਸਾਇਆ ਕਿ ਜੋ ਭੁਲ ਮੰਨ ਪੰਥ ਦੀ ਸ਼ਰਨ ਆਵੇ ਉਸ ਨੂੰ ਬਖਸ਼ ਦੇਣਾ ਚਾਹੀਦਾ ਹੈ।

ਇਸ ਤਰ੍ਹਾਂ ਜਦ ਕਰਤਾਰਪੁਰ ਇਕੱਠ ਕੀਤਾ ਤਾਂ ਸਰਬੱਤ ਖ਼ਾਲਸੇ ਨੂੰ ਕਿਹਾ ਕਿ ਹੁਕਮ ਗੁਰੂ ਗੋਬਿੰਦ ਸਿੰਘ ਜੀ ਦਾ ਸੀ ਕਿ ਧੀਰ ਮੱਲੀਆਂ ਨਾਲ ਨਹੀਂ ਵਰਤਣਾ। ਪਰ ਹੁਣ ਇਨ੍ਹਾਂ ਲੋਕਾਂ ਖੰਡੇ ਦੀ ਪਾਹੁਲ ਲੈ ਸਿੰਘ ਬਣਨਾ ਕਬੂਲ ਕਰ ਲਿਆ ਹੈ। ਇਸੇ ਲਈ ਮਹਾਰਾਜ ਦੀ ਆਗਿਆ ਅਨੁਸਾਰ ਇਹ ਲਾਇਕ ਸ਼ਮੂਲੀਅਤ ਪੰਥ ਹੈ। ਆਪਣੀ ਹੱਥੀਂ ਅੰਮ੍ਰਿਤ ਛਕਾਇਆ। ਫਿਰ ਉਹਨਾਂ ਨੂੰ ਕਿਹਾ ਕਿ ਲੰਗਰ ਤਿਆਰ ਕਰੋ ਅਤੇ ਸਾਰਿਆਂ ਨੇ ਪੰਗਤ ਵਿਚ ਬੈਠ ਕੇ ਉਨ੍ਹਾਂ ਦੇ ਹੱਥੀਂ ਛਕਿਆ।

## ਵੱਡੇ ਘੱਲੂਘਾਰੇ ਵੇਲੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਕਰਤੱਵ

ਵੱਡੇ ਘੱਲੂਘਾਰੇ ਵੇਲੇ ਜਦ ਅਹਿਮਦ ਸ਼ਾਹ ਅਬਦਾਲੀ ਨੇ ਅਚਾਨਕ ਹਮਲਾ ਕੀਤਾ ਤੇ ਵਹੀਰ ਦਾ ਬਚਣਾ ਮੁਸ਼ਕਲ ਹੋ ਗਿਆ ਤਾਂ ਸਰਦਾਰ ਜੱਸਾ ਸਿੰਘ ਨੇ ਕੌਮ ਦੇ ਸਭ ਜਥੇਦਾਰਾਂ ਦਾ ਇਕੱਠ ਕੀਤਾ ਅਤੇ ਗੋਲਾਕਾਰ ਬਣਾ ਕੇ ਵਹੀਰ ਨੂੰ ਬਚਾ ਲੈ ਜਾਣ ਲਈ ਕਿਹਾ। ਉਸ ਸਮੇਂ ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ ਨੇ ਤਜਵੀਜ਼ ਰੱਖੀ ਕਿ ਵੱਖ-ਵੱਖ ਮਿਸਲਾਂ ਦੇ ਝੰਡੇ ਹੇਠ ਟਾਕਰਾ ਕਰਨਾ ਚਾਹੀਦਾ ਹੈ ਤਾਂ ਸਰਦਾਰ ਆਹਲੂਵਾਲੀਆ ਨੇ ਕਿਹਾ:

*"ਮਿਸਲ ਵੰਡ ਅਬ ਕਬਹੂੰ ਨ ਪਾਵੋ।*



SikhBookClub.Com

*ਰਲ ਮਿਲ ਖੜ ਤੁਰ ਪੰਥ ਬਚਾਵੋ॥੫੨॥"*

ਆਪੂੰ ਅੱਗੇ ਹੋ ਅਗਵਾਈ ਕੀਤੀ। ਸਰਦਾਰ ਚੜ੍ਹਤ ਸਿੰਘ ਜੀ ਨੇ ਵੀ ਅੱਗੇ ਅੱਗੇ ਹੋ ਅਫ਼ਗਾਨ ਫ਼ੌਜਾਂ ਨੂੰ ਰੋਕਾਂ ਪਾਈਆਂ।

ਇਕ ਵਾਰੀ ਸਰਦਾਰ ਜੱਸਾ ਸਿੰਘ ਜੀ ਐਸੇ ਘਿਰੇ ਕਿ ਉਨ੍ਹਾਂ ਦੇ ਅੰਗ ਪਾਲਕ ਭਾਈ ਗੁਰਮੁਖ ਸਿੰਘ ਨੇ ਚਾਬਕ ਚੁੱਕੀ ਤਾਂ ਕਿ ਘੋੜਾ ਦੌੜ ਕੇ ਪਾਸੇ ਹੋ ਜਾਏ ਤਾਂ ਉਸ ਸਮੇਂ ਬੜੀ ਉੱਚੀ ਆਵਾਜ਼ ਵਿਚ ਸਰਦਾਰ ਜੱਸਾ ਸਿੰਘ ਨੇ ਕਿਹਾ, "ਐਸੀ ਨ ਕਰੀਂ। ਨੱਸ ਭੱਜ ਦਾਗ਼ ਲੱਗ ਜਾਣ ਨਾਲੋਂ ਤਾਂ ਸ਼ਹੀਦ ਹੋ ਜਾਣਾ ਬਿਹਤਰ ਹੈ।"

*"ਪੰਥ ਸੁਨੈ ਹਮ ਕੋ ਕਰੈ ਠੱਠਾ।*
*ਘੋੜਾ ਕੁਟਾਇ ਜੱਸਾ ਸਿੰਘ ਨੱਠਾ।*
*ਕਯਾ ਮੁਖ ਲੈ ਮੈਂ ਬਹੋਂ ਦਿਵਾਨ।*
*ਕਰੈਂ ਮਸਕਰੀ ਹਮ ਕੋ ਆਨ॥੮੬॥*
*ਮੈਂ ਖਾਲਸੈ ਪਾਤਿਸ਼ਾਹੁ ਕਹਾਯੋ।*
*ਤੁਮ ਚਾਹਤ ਹਮ ਗੀਦੀ ਬਨਾਯੋ।*
*ਇਸ ਜੀਵਣ ਤੇ ਮਰਨੋ ਬੇਸ਼।*
*ਰਹੈ ਜੱਸ ਜਿਸ ਜਗ ਮੈਂ ਲੇਸ਼॥੮੭॥"*

ਆਪ ਜੀ ਹਮੇਸ਼ਾ ਬੜੇ ਕੀਮਤੀ ਚੰਗੇ ਘੋੜੇ 'ਤੇ ਸਵਾਰੀ ਕਰਦੇ ਸਨ। ਕਈ ਵਾਰ ਸਰਦਾਰਾਂ ਨੇ ਕਿਹਾ ਕਿ ਅਜਿਹਾ ਨਾ ਕੀਤਾ ਕਰੋ ਕਿਉਂਕਿ ਘੋੜੇ ਤੋਂ ਫੱਟ ਪਛਾਣੇ ਜਾਂਦੇ ਹੋ। ਇਸ ਲਈ ਅਜਿਹੇ ਘੋੜੇ ਦੀ ਸਵਾਰੀ ਘੱਟ ਤੋਂ ਘੱਟ ਜੰਗ ਸਮੇਂ ਤਾਂ ਨਾ ਕੀਤਾ ਕਰੋ ਪਰ ਆਪ ਜੀ ਨੇ ਕਿਹਾ:

"ਮੇਰਾ ਅਜਿਹੇ ਘੋੜੇ ਰੱਖਣ ਦਾ ਮੰਤਵ ਹੀ ਇਹ ਹੈ ਕਿ ਫਟ ਪਛਾਣਿਆ ਜਾਵਾਂ ਤਾਂ ਕਿ ਸਿੱਧਾ ਟਾਕਰਾ ਹੋਵੇ।"

ਸਰਦਾਰ ਜੱਸਾ ਸਿੰਘ ਨੇ ਇਸੇ ਘੱਲੂਘਾਰੇ ਵਿਚ ਅਹਿਮਦ ਸ਼ਾਹ ਨੂੰ ਵੀ ਵੰਗਾਰਿਆ।

ਵੰਗਾਰ ਦੇ ਸ਼ਬਦ ਇਹ ਸਨ:

"ਅਗਰ ਬਹਾਦਰੀ ਦਾ ਰਤਾ ਕੁ ਮਾਨ ਸਿਰ ਵਿਚ ਹੈ" (ਗੁਰੂਰਿ-ਸ਼ੁਜਾਹ) ਤਾਂ ਅੱਗੇ ਵੱਧ ਦੋ ਦੋ ਹੱਥ ਤਲਵਾਰ ਦਿਖਲਾ। ਕਿਉਂਕਿ ਇਹ ਸਮਾਂ ਬਹਾਦਰਾਂ ਦੀ ਬਹਾਦਰੀ ਦਿਖਲਾਨੇ ਕਾ ਹੈ।"

ਪਰ ਕੁਝ ਅਜਿਹਾ ਅਸਰ ਅਹਿਮਦ ਸ਼ਾਹ 'ਤੇ ਪਿਆ ਕਿ ਉਸ ਪਿੱਛੇ ਹੱਟ ਜਾਣਾ ਹੀ ਠੀਕ ਸਮਝਿਆ। ਉਧਰੋਂ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਆ ਵੀ ਘੋੜਾ ਦੌੜਾ ਅਹਿਮਦ ਸ਼ਾਹ ਪਿੱਛੇ ਲੱਗ ਪਏ।



SikhBookClub.Com

## ਸਰਹੰਦ ਦੀ ਜਿੱਤ

ਭਾਵੇਂ ਪੰਜਾਹ ਹਜ਼ਾਰ ਸਿੰਘ ਇਕੋ ਦਿਨ ਇਸ ਘੱਲੂਘਾਰੇ ਵਿਚ ਸ਼ਹੀਦ ਹੋ ਗਿਆ ਸੀ ਪਰ ਸਰਦਾਰ ਜੱਸਾ ਸਿੰਘ ਦੀ ਅਗਵਾਈ ਨੇ ਕੌਮ ਵਿਚ ਬੇ-ਦਿਲੀ ਨਾ ਆਉਣ ਦਿੱਤੀ ਤੇ ਸਰਹੰਦ 'ਤੇ ਹਮਲਾ ਕਰਕੇ ਜ਼ੈਨ ਖਾਨ ਨੂੰ ਮਾਰ ਮੁਕਾਇਆ। ਉਸ ਨੂੰ ਵੀ ਆਪੂੰ ਦਫ਼ਨਾਇਆ। ਉਸ ਦੀ ਤਲਵਾਰ ਤੋਹਫ਼ੇ ਦੇ ਤੌਰ 'ਤੇ ਪਾਸ ਰੱਖੀ ਤੇ ਸ਼ਹਿਰ ਦੀ ਅਹਿਲਕਾਰੀ ਬਾਬਾ ਆਲਾ ਸਿੰਘ ਦੇ ਹਵਾਲੇ ਕੀਤੀ। ਗੁਰਦੁਆਰੇ ਦੀ ਉਸਾਰੀ ਆਪੂੰ ਕਰਵਾਈ ਤੇ ਗੁਰਦੁਆਰੇ ਦੀ ਸੰਭਾਲ ਲਈ ਮੁਆਮਲਾ ਵੀ ਮੁਕੱਰਰ ਕਰਾਇਆ।

## ਦਰਬਾਰ ਸਾਹਿਬ ਦੀ ਮੁੜ ਉਸਾਰੀ

ਸ੍ਰੀ ਅੰਮ੍ਰਿਤਸਰ ਵੀ ਉਸੇ ਸਾਲ 1762 ਜਾ ਲਿਆ ਤੇ ਪਹਿਲਾ ਕੰਮ ਅਰਦਾਸ ਉਪਰੰਤ ਇਹ ਕੀਤਾ ਕਿ ਚਾਦਰ ਵਿਛਾਈ ਤੇ ਨਵੇਂ ਸਿਰਿਓਂ ਉਸਾਰੀ ਕਰਨ ਦਾ ਸੁਝਾ ਦਿੱਤਾ। ਆਪਣੇ ਵਲੋਂ ਪਹਿਲਾਂ 9 ਲੱਖ ਰੁਪਿਆ ਕੁਝ ਜਿਤਨਾ ਖ਼ਜ਼ਾਨੇ ਵਿਚ ਸੀ ਚਾਦਰ 'ਤੇ ਰੱਖਿਆ ਤੇ 5 ਲੱਖ ਰੁਪੈ ਉਸ ਸਮੇਂ ਹੋਰ ਇਕੱਠੇ ਕੀਤੇ। ਚੌਦਾਂ ਲੱਖ ਰੁਪੈ ਭਾਈ ਦੇਸ ਰਾਜ ਨੂੰ ਦੇ ਕੇ ਨੀਯਤ ਕੀਤਾ ਕਿ ਉਸਾਰੀ ਦੇ ਕੰਮ ਨੂੰ ਸਿਰੇ ਚਾੜ੍ਹਨ। ਜਿਥੇ ਗੁਰੂ ਰਾਮਦਾਸ ਜੀ ਬੈਠ ਸਰੋਵਰ ਦੀ ਸੇਵਾ ਕਰਵਾਉਂਦੇ ਸਨ, ਉਹ ਅਠਸਠ ਤੀਰਥ ਪਹਿਲਾਂ ਬਣਾਇਆ। ਦਰਬਾਰ ਸਾਹਿਬ ਦਾ ਉਹ ਹੀ ਦਸਤੂਰ-ਅਮਲ ਜਾਰੀ ਕੀਤਾ ਜੋ ਭਾਈ ਮਨੀ ਸਿੰਘ ਜੀ ਨੇ ਜਾਰੀ ਕੀਤਾ ਸੀ। ਬਾਣੀ ਦੇ ਸਤਿਕਾਰ ਤੇ ਸਿੱਖੀ ਪਿਆਰ ਲਈ ਪੂਰਨੇ ਪਾਏ। ਇਸੇ ਤਰ੍ਹਾਂ ਸੁਲਤਾਨਪੁਰ ਦੇ ਸਭ ਗੁਰਦੁਆਰੇ—ਹੱਟ ਸਾਹਿਬ, ਬੇਰ ਸਾਹਿਬ, ਬਾਗ਼ ਮਹਲ ਅਤੇ ਗੁ: ਬੇਬੇ ਨਾਨਕੀ ਉਸਾਰੇ। ਜਦ ਇਹ ਪਤਾ ਲੱਗਾ ਕਿ ਭਾਈ ਧਿਆਨ ਸਿੰਘ ਛੀਂਬੇ ਨੂੰ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਯਾਦ ਹੈ ਤਾਂ ਉਚੇਚੇ ਉਸ ਪਾਸ ਜਾ ਆਦਰ ਦਿੱਤਾ।

## ਇਨਸਾਫ਼-ਪਸੰਦ

ਇਨਸਾਫ਼-ਪਸੰਦ ਇਤਨੇ ਕਿ ਸਾਹਿਬ ਰਾਇ ਨੂੰ ਤਿੰਨ ਲੱਖ ਰੁਪਿਆ ਆਪਣੇ ਖ਼ਜ਼ਾਨੇ ਵਿਚੋਂ ਦਿੱਤਾ। ਇਹ ਸਾਹਿਬ ਰਾਇ ਉਹੋ ਹੀ ਸੀ ਜਿਸ ਨੇ ਦਰਬਾਰ ਸਾਹਿਬ ਨੂੰ ਹੋਰ ਨੁਕਸਾਨ ਤੋਂ ਬਚਾਉਣ ਲਈ ਅਬਦਾਲੀ ਨੂੰ ਤਿੰਨ ਲੱਖ ਰੁਪਏ ਦੇ ਕੇ ਆਪਣੇ ਪਾਸ ਰਹਿਣ ਰੱਖ ਰਿਹਾ ਸੀ ਅਤੇ ਹੁਣ ਚੜ੍ਹਤ ਲੈ ਰਿਹਾ ਸੀ। ਸਿੰਘਾਂ ਨੇ ਜਦ ਚੜ੍ਹਤ ਨਾ ਦੇਣ ਦੀ ਗੱਲ ਕਹੀ ਤਾਂ ਸਰਦਾਰ ਜੱਸਾ ਸਿੰਘ ਨੇ ਕਿਹਾ ਕਿ ਜੋ ਸਾਹਿਬ ਰਾਏ ਦਾ ਬਣਦਾ ਏ ਦੇ ਦਿਉ। ਇਸ ਵਿਚਾਰੇ ਦਾ ਕੀ ਕਸੂਰ ਹੈ। ਉਸ ਕੋਲੋਂ ਤਾਂ ਸਗੋਂ ਧਰਮ ਦਾ ਕੰਮ ਹੋਇਆ ਹੈ। ਤਿੰਨ ਲੱਖ ਰੁਪਏ ਦੇ ਕੇ ਰਹਿਣ ਛੁਡਵਾਇਆ।



SikhBookClub.Com

## ਉਦਾਰ-ਚਿੱਤ

ਉਦਾਰ-ਚਿੱਤ ਇਤਨੇ ਕਿ ਜਦ ਵੈਰੋਵਾਲ ਦੇ ਯਤੀਮ ਬੱਚੇ ਜੀਵਨ ਖਾਨ ਪਠਾਣ ਦੀ ਬੇਵਾ ਸਰਦਾਰ ਜੱਸਾ ਸਿੰਘ ਪਾਸ ਆਈ ਕਿ ਵੈਰੀ ਪਠਾਣ ਉਸ ਨੂੰ ਲਾਚਾਰ ਜਾਣ ਉਸ ਦੇ ਪਿੰਡ 'ਤੇ ਕਬਜ਼ਾ ਕਰਨਾ ਲੋੜਦੇ ਸਨ ਤਾਂ ਵੈਰੋਵਾਲ ਤੋਂ ਬਾਹਰ ਕਿਲ੍ਹਾ ਬਣਵਾ ਦਿੱਤਾ। ਇਸੇ ਤਰ੍ਹਾਂ ਜਦ ਦੇਖਿਆ ਕਿ ਰਾਜਾ ਜਵਾਹਰ ਸਿੰਘ ਭਰਤਗੜ੍ਹੀਆ ਨੇ ਪ੍ਰਣ ਕਰ ਰੱਖਿਆ ਹੈ ਕਿ ਜਦ ਤਕ ਆਪਣੇ ਬਾਪ ਸੂਰਜ ਮੱਲ ਦੇ ਕਾਤਲ ਸ਼ੇਰ ਖਾਨ ਨੂੰ ਇਹ ਨਹੀਂ ਮੁਕਾਂਦਾ, ਦਸਤਾਰ ਨਹੀਂ ਬੰਨ੍ਹੇਗਾ ਤਾਂ ਉਸ ਨੂੰ ਢਾਰਸ ਦਿੱਤੀ ਕਿ ਇਹ ਕਾਰਜ ਉਨ੍ਹਾਂ 'ਤੇ ਛੱਡੇ। ਆਪਣੇ ਹੱਥੀਂ ਜਵਾਹਰ ਮੱਲ ਨੂੰ ਪੱਗੜੀ ਬੰਨ੍ਹੀ ਤੇ ਨਜੀਬ -ਉਦ ਦੌਲਾ ਨੂੰ ਵਕੀਲ ਰਾਹੀਂ ਲਿਖ ਭੇਜਿਆ ਕਿ ਸ਼ੇਰ ਖਾਨ ਨੂੰ ਹਵਾਲੇ ਕਰੋ; ਨਹੀਂ ਤੇ ਇਲਾਕਾ ਉਜਾੜ ਦਿੱਤਾ ਜਾਵੇਗਾ। ਨਜੀਬ ਖ਼ਾਨ ਦੇ ਯਕੀਨ ਦਿਵਾਉਣ 'ਤੇ ਕਿ ਸ਼ੇਰ ਖਾਨ ਦੀ ਜੰਗ ਵਿਚ ਮ੍ਰਿਤੂ ਹੋ ਗਈ ਹੈ ਤੇ ਉਹ ਰਿਆਸਤ ਵਿਚ ਨਹੀਂ, ਤਸੱਲੀ ਹੋ ਜਾਣ 'ਤੇ ਹੀ ਪੰਜਾਬ ਮੁੜੇ।

## ਅਬਦਾਲੀ ਦੇ ਜਰਨੈਲ ਜਹਾਨ ਖਾਨ ਦੀ ਬੇਗਮ ਨੂੰ ਸੁਰੱਖਿਅਤ ਘਰ ਪਹੁੰਚਾਇਆ

ਅਬਦਾਲੀ ਦੇ ਕਾਬਲ ਮੁੜਨ ’ਤੇ ਉਸ ਦੇ ਨੀਯਤ ਕੀਤੇ ਜਰਨੈਲ ਜਹਾਨ ਖਾਨ ਨੂੰ ਮਾਰ ਨਸਾਇਆ। ਜਹਾਨ ਖਾਨ ਹਾਥੀ ਤੋਂ ਉਤਰ ਘੋੜੇ ’ਤੇ ਚੜ੍ਹ ਅਜਿਹਾ ਭੱਜਿਆ ਕਿ ਆਪਣੀ ਬੇਗ਼ਮ ਨੂੰ ਛੱਡ ਗਿਆ। ਸਰਦਾਰ ਜੱਸਾ ਸਿੰਘ ਜੀ ਨੇ ਬੇਗ਼ਮ ਨੂੰ ਪੁੱਛਿਆ ਕਿ ਉਹਨਾਂ ਨੂੰ ਕਿਥੇ ਪਹੁੰਚਾਇਆ ਜਾਵੇ? ਤਾਂ ਉਸ ਕਿਹਾ ਕਿ ਜੰਮੂ ਦੇ ਰਾਜੇ ਦੀ ਰਾਣੀ ਉਸ ਦੀ ਮੂੰਹ ਬੋਲੀ ਭੈਣ ਹੈ, ਉਸ ਪਾਸ ਭੇਜੇ ਜਾਣ ’ਤੇ ਉਹ ਆਪੇ ਘਰ ਪੁੱਜ ਜਾਵੇਗੀ। ਬੜੇ ਆਦਰ ਨਾਲ ਚੋਣਵੇਂ ਸਰਦਾਰਾਂ ਨਾਲ ਬੇਗ਼ਮ ਨੂੰ ਜੰਮੂ ਪਹੁੰਚਾਇਆ।

## ਅਕਾਲ ਬਖਸ਼

ਉਹ ਹਾਥੀ ਜਿਸ ਨੂੰ ਮਰਹੱਟਾ ਜਰਨੈਲ ਹੁਲਕਰ ਪਾਣੀਪਤ ਦੇ ਮੈਦਾਨ ਛੱਡ ਗਏ ਸਨ ਅਤੇ ਕਬਜ਼ਾ ਕਰ ਪਹਿਲਾਂ ਅਬਦਾਲੀ ਸਵਾਰੀ ਕਰਦਾ ਰਿਹਾ ਤੇ ਫਿਰ ਜਹਾਨ ਖਾਨ ਨੂੰ ਦੇ ਗਿਆ ਸੀ, ਉਸ ਨੂੰ ਸਰਦਾਰ ਜੱਸਾ ਸਿੰਘ ਨੇ ਪਾਸ ਰੱਖਿਆ ਤੇ ਹੁਣ ਨਾਮ ਅਕਾਲ ਬਖਸ਼ ਰੱਖਿਆ। ਦੇਸ਼ ਦੀ ਜਾਂਦੀ ਇੱਜ਼ਤ ਦੇ ਰਾਖੇ ਸਿੰਘ ਹੀ ਹਨ। ਇਹ ਯਾਦ ਰਵ੍ਹੇ ਕਿ ਪਾਣੀਪਤ ਦੇ ਮੈਦਾਨ ਵਿਚੋਂ ਮਰਹੱਟਣਾਂ ਨੂੰ ਵੀ ਦੂਰ ਮਹਾਰਾਸ਼ਟਰ ਵਿਚ ਆਪਣੇ ਘਰਾਂ ਤੱਕ ਸਿੰਘਾਂ ਨੇ ਜ਼ਫ਼ਰ ਜਾਲ ਪਹੁੰਚਾਇਆ ਸੀ। ਬਾਈ ਸੌ ਬੱਚੀ ਜੋ ਅਬਦਾਲੀ ਨਾਲ ਲੈ ਜਾ ਰਿਹਾ ਸੀ, ਉਸ ਦੀ ਪੱਤ ਵੀ ਖ਼ਾਲਸੇ ਨੇ ਰੱਖੀ ਸੀ।



SikhBookClub.Com

ਜਦ ਜਲਾਲਾਬਾਦ ਦੇ ਇਕ ਬ੍ਰਾਹਮਣ ਨੇ ਆ ਕੇ ਫਰਿਆਦ ਕੀਤੀ ਕਿ ਸੱਯਦ ਮੁਹੰਮਦ ਖਾਨ ਹਾਕਮ ਜਲਾਲਾਬਾਦ ਲੌਹਾਰੀ ਨੇ ਕਵਾਰੀ ਬੱਚੀ ਨੂੰ ਹਰਮ ਪਾ ਲਿਆ ਹੈ ਤਾਂ ਹਮਲਾ ਕਰਕੇ ਲੜਕੀ ਨੂੰ ਬ੍ਰਾਹਮਣ ਘਰ ਪਹੁੰਚਾਇਆ ਤੇ ਸੱਯਦ ਖਾਨ ਨੂੰ ਕੁਕਰਮਾਂ ਦੀ ਸਜ਼ਾ ਦਿੱਤੀ। ਸਭ ਰਾਹਜ਼ਨਾਂ ਨੂੰ ਪਕੜ ਮਾਰਿਆ ਤਾਂ ਕਿ ਉੱਤਰੀ ਹਿੰਦੁਸਤਾਨ ਵਿਚ ਕਿਸੇ ਆਉਣ-ਜਾਣ 'ਤੇ ਕੋਈ ਹੱਥ ਨਾ ਉਠਾਏ।

ਜਦ ਦਿੱਲੀ ਦੇ ਤਖ਼ਤ 'ਤੇ 11 ਮਾਰਚ, 1783 ਈ. ਨੂੰ ਬੈਠਾ ਤਾਂ ਉਸ ਸਮੇਂ ਹੀ ਉਤਰ ਆਏ, ਕਿਉਂਕਿ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਕਿਹਾ ਸੀ ਕਿ ਉਸ ਦਾ ਹੱਕ ਹੈ, ਕਿਉਂਕਿ ਗੰਗਾ ਜਮਨਾ ਦੁਆਬ ਵਿਚ ਉਹੋ ਹੀ ਤੇਗਾਂ ਮਾਰਦੇ ਰਹੇ ਸਨ। ਉਸੇ ਵਕਤ ਤਖ਼ਤ ਤੋਂ ਹੇਠਾਂ ਆਏ ਅਤੇ ਕਿਹਾ; ਕਿ ਮੈਂ ਤਾਂ ਮਾਤਾ ਸੁੰਦਰੀ ਜੀ ਤੇ ਪੰਥ ਦੇ ਹੁਕਮ ਦਾ ਬੱਝਾ ਬੈਠਾ ਹਾਂ। ਇਥੇ ਝਗੜਨਾ ਜ਼ੇਬ ਨਹੀਂ ਦੇਂਦਾ:

*"ਹਮ ਕੋ ਤੋ ਸ੍ਰੀ ਅਕਾਲ ਪੁਰਖ ਜੀ ਕੇ ਨਾਮ*
*ਕਾ ਤਖ਼ਤ ਐਸਾ ਹਾਂਸਲ ਹੈ, ਜਿਸ ਕੋ ਕਭੀ*
*ਜਵਾਲ ਨਹੀਂ ਯਹ ਤਖ਼ਤ ਕਿਆ ਮਾਲ ਹੈ।"*

ਸਦਾ ਇਤਨੀ ਨਿਮ੍ਰਤਾ ਦੱਸੀ ਕਿ ਕਦੇ ਆਪਣੇ ਨਾਮ ਨਾਲ ਕੋਈ ਲਕਬ ਰਾਜਾ, ਨਵਾਬ ਜਾਂ ਪਾਤਸ਼ਾਹ ਨਾ ਲਗਾਇਆ। ਕੇਵਲ 'ਅਕਾਲ ਸਹਾਇ ਜੱਸਾ ਸਿੰਘ' ਹੀ ਲਿਖਦੇ।

## ਅਕਾਲ ਚਲਾਣਾ

ਦੀਵਾਲੀ ਦੇ ਮੇਲੇ ਸ੍ਰੀ ਅੰਮ੍ਰਿਤਸਰ ਜਾਂਦਿਆਂ ਪੇਟ ਵਿਚ ਸੂਲ ਉਠਿਆ ਤੇ ਜਦ ਦੇਖਿਆ ਕਿ ਇਲਾਜ ਦੇ ਬਾਵਜੂਦ ਤਬੀਅਤ ਠੀਕ ਨਹੀਂ ਹੋ ਰਹੀ ਤਾਂ ਸਭ ਸਰਦਾਰਾਂ ਨੂੰ ਬੁਲਾ ਕੇ ਕਿਹਾ ਕਿ:

"ਅੰਤਮ ਸਮਾਂ ਨੇੜੇ ਆ ਗਿਆ ਹੈ, ਹੁਣ ਉਨ੍ਹਾਂ ਦਾ ਧਿਆਨ ਹੋਰ ਕਿਸੇ ਪਾਸੇ ਨਾ ਖਿੱਚਣਾ। ਕੋਈ ਦੁਨਿਆਵੀ ਗੱਲ ਕੰਨਾਂ ਤਕ ਨਾ ਪਹੁੰਚਾਈ ਜਾਏ।"

ਸਾਰਾ ਸਮਾਂ ਗੁਰਬਾਣੀ ਸੁਣਨ ਤੇ ਪੜ੍ਹਨ ਵਿਚ ਹੀ ਲਗਾਂਦੇ।

## ਅਖੀਰੀ ਬੇਨਤੀ—'ਅਰਥੀ ਨਾਲ ਕੋਈ ਵੀ ਹੰਝੂ ਨਾ ਵਹਾਏ'

ਸਾਰੇ ਸਰਦਾਰ ਦੀਵਾਲੀ ਕਾਰਨ ਪੁੱਜੇ ਹੋਏ ਸਨ। ਸਭ ਨੂੰ ਕਿਹਾ:

"ਤੁਸਾਂ ਬੜਾ ਪਿਆਰ ਦਿੱਤਾ ਹੈ। ਮੇਰੇ ਜਿਹੇ ਨਾਚੀਜ਼ ਨੂੰ ਪਾਤਸ਼ਾਹ ਬਣਾਇਆ। ਇਹ ਪੰਥ ਦੀ ਗਰੀਬ-ਨਿਵਾਜ਼ੀ ਹੈ। ਮੇਰੀ ਇਕੋ ਹੀ ਬੇਨਤੀ ਹੈ ਕਿ ਸਸਕਾਰ ਹੋਣ ਤਕ ਕੋਈ ਅਰਥੀ ਨਾਲ ਹੰਝੂ ਨਾ



SikhBookClub.Com

ਵਗਾਏ। ਸਾਰੇ 'ਵਾਹਿਗੁਰੂ-ਵਾਹਿਗੁਰੂ' ਹੀ ਕਰਦੇ ਜਾਣ। ਸਸਕਾਰ ਨਵਾਬ ਕਪੂਰ ਸਿੰਘ ਜੀ ਦੇ ਲਾਗੇ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਦੇ ਪਾਸ ਹੀ ਕਰਨਾ।"

ਸਾਰਿਆਂ ਨੇ ਯਕੀਨ ਦਿਲਵਾਇਆ ਅਤੇ ਕਿਹਾ ਕਿ 'ਅਜਿਹਾ ਹੀ ਹੋਵੇਗਾ।'

ਆਪ ਜੀ 20 ਅਕਤੂਬਰ, 1783 ਈ. ਨੂੰ ਅਕਾਲ ਚਲਾਣਾ ਕਰ ਗਏ। ਸੁਖਮਨੀ ਸਾਹਿਬ ਦੇ ਪਾਠ ਤੇ ਕੀਰਤਨ ਹੁੰਦੇ ਰਹੇ।

ਕੌਮ ਨੇ ਉਂਜ ਹੀ ਕੀਤਾ, ਜਿਵੇਂ ਕਹਿ ਗਏ ਸਨ। ਸਾਰੇ ਸਰਦਾਰ, ਸਿੰਘ, ਸੰਗਤਾਂ, ਸਿਰਫ਼ ਫੁੱਲਾਂ ਦੀ ਬਾਰਸ਼ ਕਰ ਰਹੇ ਸਨ ਤੇ ਕਿਸੇ ਅੱਥਰੂ ਤਕ ਨਾ ਵਹਾਇਆ। ਪਰ ਸਸਕਾਰ ਹੋ ਜਾਣ ਉਪਰੰਤ ਕਿਸੇ ਦੇ ਹੰਝੂ ਨਾ ਰੁਕੇ। ਸਭ ਇਹ ਕਹਿ ਰਹੇ ਸਨ ਕਿ ਬਾਬਾ ਬੰਦਾ ਸਿੰਘ ਬਹਾਦਰ ਤੇ ਨਵਾਬ ਕਪੂਰ ਸਿੰਘ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਦੇ ਲਗਾਏ ਬਾਗ਼ ਖ਼ਾਲਸਾ ਨੂੰ ਮਾਲੀ ਹੋ ਕੇ ਅਜਿਹਾ ਸਰਸਬਜ਼ ਕੀਤਾ ਹੈ, ਜਿਸ ਦੀ ਖ਼ੁਸ਼ਬੂ ਸ਼ੁਜਾਹਤ, ਪੂਰਬ ਤੋਂ ਪੱਛਮ ਤੱਕ, ਉੱਤਰ ਤੋਂ ਦੱਖਣ ਤਕ ਫੈਲੀ ਹੈ।

ਉਨ੍ਹਾਂ ਦੀ ਤੇਗ ਨੇ ਦਿੱਲੀ ਝੁਕਾਈ, ਕਾਬਲ ਨਿਵਾਇਆ ਅਤੇ ਪੰਜਾਬ 'ਤੇ ਖ਼ਾਲਸਾ ਰਾਜ ਸਥਾਪਤ ਕੀਤਾ। ਜਿਧਰ ਤੇਗ ਲੈ ਨਿਕਲੇ ਦੁਸ਼ਮਨ ਖਰਗੋਸ਼ ਦੀ ਤਰ੍ਹਾਂ ਨੱਸੇ। ਐਸਾ ਰਾਜ-ਪ੍ਰਬੰਧ ਕੀਤਾ ਕਿ ਸ਼ੇਰ ਬੱਕਰੀ ਇਕ ਘਾਟ ਪਾਣੀ ਪੀਂਦੇ ਰਹੇ।

ਗਿਆਨੀ ਗਿਆਨ ਸਿੰਘ ਜੀ ਨੇ ਉਨ੍ਹਾਂ ਦੇ ਅਕਾਲ ਚਲਾਣੇ ਦਾ ਦ੍ਰਿਸ਼ ਦੇਂਦੇ ਖ਼ੂਬ ਲਿਖਿਆ ਹੈ-

**"ਦਸ ਅਠ ਚਾਲੀਏ ਮੈਂ ਦਰਦ ਸ਼ਿਕਮ ਸੰਗ,**
**ਆਪ ਗੁਰੁ ਪੂਰਿ ਗਯੋ ਸੁਧਾਸਰ ਮਾਂਹਿ ਹੈ।**
**ਤਾਂਹਿ ਕਾ ਮਰਨ ਸੁਨਿ ਰੋਇ ਸਭਿ ਸਿੰਘ ਕਹੈਂ,**
**ਏ ਰੇ ਜਮ ਰਾਜ! ਤੈ ਅਕਾਜ ਕੀਨੋ ਕਾਂਹਿ ਹੈ?**
**ਪਰ ਉਪਕਾਰੀ ਸੂਰੋ ਪੂਰੋ ਬੀਰ ਅਤਿ ਭਾਰੀ,**
**ਪੰਥ ਖਾਲਸੇ ਕਾ ਪਾਰੀ ਥਾ ਉਦਾਰੀ ਵਾਹਿ ਹੈ।**
**ਕੌਨ ਕੋ ਕਹੇਂਗੇ ਬਾਦਸ਼ਾਹਿ ਹਮ ਚਾਹਿ ਨਿਜ,**
**ਕੌਨ ਦੇਗ ਤੇਗ ਫਤੇ ਸੁਜਸ ਲਹਾਹਿ ਹੈ॥੯੪॥"**

*(ਪੰਥ ਪ੍ਰਕਾਸ਼)*



SikhBookClub.Com

# ਸਰਦਾਰ ਜੱਸਾ ਸਿੰਘ ਆਹਲੂਵਾਲੀਆ

*—ਡਾ. ਜੀਤ ਸਿੰਘ 'ਸੀਤਲ'*

## ਜਨਮ ਤੇ ਪਰਵਰਿਸ਼

ਭਾਈ ਕਾਨ੍ਹ ਸਿੰਘ ਨਾਭਾ (ਗੁਰਸ਼ਬਦ ਰਤਨਾਕਰ ਮਹਾਨ ਕੋਸ਼) ਅਨੁਸਾਰ-ਜੱਸਾ ਸਿੰਘ ਆਹਲੂਵਾਲੀਆ ਸਰਦਾਰ ਬਦਰ ਸਿੰਘ ਦੇ ਘਰ ਪਿੰਡ ਆਹਲੂ (ਜ਼ਿਲ੍ਹਾ ਲਾਹੌਰ) ਵਿਖੇ 1718 ਈ. ਵਿਚ ਪੈਦਾ ਹੋਇਆ। ਇਸ ਘਰਾਣੇ ਦਾ ਮੋਢੀ ਸਾਧੂ ਸਿੰਘ (ਸੱਦਾ ਸਿੰਘ) ਸੀ, ਜਿਸ ਨੇ ਪਿੰਡ ਆਹਲੂ (ਲਾਹੌਰ) ਬੰਨ੍ਹਿਆ। ਇਸ ਦਾ ਪੜੋਤਾ ਸ. ਬਦਰ ਸਿੰਘ ਨਵਾਬ ਕਪੂਰ ਸਿੰਘ ਫ਼ੈਜ਼ੁਲਾਪੁਰ ਦਾ ਚਾਟੜਾ ਸੀ, ਜਿਸ ਦਾ ਦੇਹਾਂਤ 1722 ਈ. ਵਿਚ ਹੋ ਗਿਆ। ਉਦੋਂ ਜੱਸਾ ਸਿੰਘ ਮਸਾਂ ਚਾਰ ਕੁ ਸਾਲਾਂ ਦਾ ਸੀ। ਮਾਤਾ ਸੁੰਦਰੀ ਜੀ ਨੇ ਇਸ ਨੂੰ ਅਸ਼ੀਰਵਾਦ ਦੇ ਕੇ ਇਕ ਗੁਰਜ ਦੀ ਬਖ਼ਸ਼ਿਸ਼ ਕੀਤੀ ਸੀ। ਪੰਥ ਵਿਚ ਜੱਸਾ ਸਿੰਘ ਦਾ ਮਾਨ-ਸਤਿਕਾਰ ਬਹੁਤ ਵੱਧ ਗਿਆ। ਪਟਿਆਲਾ-ਪਤਿ ਰਾਜਾ ਅਮਰ ਸਿੰਘ ਨੇ ਸ. ਜੱਸਾ ਸਿੰਘ ਦੇ ਜੱਥੇ ਤੋਂ ਹੀ ਅੰਮ੍ਰਿਤ ਛਕਿਆ ਸੀ। ਸ. ਜੱਸਾ ਸਿੰਘ ਨੂੰ 1747 ਈ. ਵਿਚ ਅੰਮ੍ਰਿਤਸਰ ਦੇ ਹਾਕਮ ਸਲਾਬਤ ਖ਼ਾਨ ਨੂੰ ਪਾਰ ਬੁਲਾ ਕੇ ਉਸ ਦਾ ਬਹੁਤ ਸਾਰਾ ਇਲਾਕਾ ਆਪਣੇ ਅਧੀਨ ਕਰ ਲਿਆ। ਜੱਸਾ ਸਿੰਘ ਨੇ 1749 ਈ. ਵਿਚ ਸ਼ਾਹਨਵਾਜ਼ ਨੂੰ ਮੁਲਤਾਨੋਂ ਖਾਰਜ ਕਰਨ ਲਈ ਦੀਵਾਨ ਕੌੜਾ ਮੱਲ ਨੂੰ ਭਾਰੀ ਸਹਾਇਤਾ ਦਿੱਤੀ ਸੀ। 1753 ਈ. ਵਿਚ ਜੱਸਾ ਸਿੰਘ ਨੇ ਜਲੰਧਰ ਦੇ ਹਾਕਮ ਅਦੀਨਾ ਬੇਗ ਨੂੰ ਜਿੱਤ ਕੇ ਫ਼ਤੇਬਾਦ ਪਰਗਣੇ ਪੁਰ ਕਬਜ਼ਾ ਕਰ ਲਿਆ।

ਜਦ ਅਹਿਮਦਸ਼ਾਹ ਅਬਦਾਲੀ ਮਰਹੱਟਿਆਂ ਨੂੰ ਸੋਧ ਕੇ ਬਹੁਤ ਸਾਰਾ ਲੁਟਮਾਰ ਦਾ ਮਾਲ-ਅਸਬਾਬ ਲੈ ਕੇ ਅਤੇ ਹਜ਼ਾਰਾਂ ਹਿੰਦੂ ਮਰਦ-ਇਸਤ੍ਰੀਆਂ ਨੂੰ ਬੰਦੀ ਬਣਾ ਕੇ ਲਾਹੌਰ ਤੋਂ ਲੰਘ ਕੇ ਵਾਪਸ ਕਾਬਲ ਜਾਣ ਲੱਗਾ ਤਾਂ ਸ. ਜੱਸਾ ਸਿੰਘ ਨੇ ਦੂਜੇ ਸਿੰਘ ਸਰਦਾਰਾਂ ਨੂੰ ਲੈ ਕੇ ਉਸ ਦਾ ਬਹੁਤ ਸਾਰਾ ਮਾਲ ਵੀ ਲੁੱਟ ਲਿਆ ਅਤੇ ਉਨ੍ਹਾਂ ਸਾਰੇ ਬੰਦੀਆਂ ਨੂੰ ਵੀ ਛੁਡਾ ਕੇ ਘਰੋ-ਘਰੀ ਪਹੁੰਚਾ ਦਿੱਤਾ ਜਿਸ ਕਰ ਕੇ ਉਸ ਨੂੰ ਬੰਦੀ-ਛੋੜ ਦੀ ਪਦਵੀ ਮਿਲੀ। ਇਸ ਤਰ੍ਹਾਂ 'ਬੰਦੀ ਛੋੜ' ਸਤਿਗੁਰੂ ਹਰਿਗੋਬਿੰਦ ਸਾਹਿਬ ਦੇ ਸੱਚੇ ਸਿੰਘ ਨੇ ਆਪਣੇ ਗੁਰੂ ਦੀ ਮਰਯਾਦਾ ਨੂੰ ਕਾਇਮ ਰੱਖਿਆ।



SikhBookClub.Com

ਸ. ਜੱਸਾ ਸਿੰਘ ਨੇ ਵੱਡੇ ਘੱਲੂਘਾਰੇ ਵਿਚ ਬੜੀ ਸੂਰਬੀਰਤਾ ਵਿਖਾਈ। ਉਸ ਨੇ ਬਾਈ ਜ਼ਖ਼ਮ ਖਾਧੇ ਪਰ ਫਿਰ ਵੀ ਲੜਦਾ ਤੇ ਜੂਝਦਾ ਰਿਹਾ। ਸ. ਜੱਸਾ ਸਿੰਘ ਮਹਾਨ ਧਰਮਵੀਰ ਜੋਧਾ, ਨਿਰਮਾਣ ਦਾਨੀ, ਸੱਚਾ ਹਿਤੈਸ਼ੀ ਤੇ ਵੱਡਾ ਸਦਾਚਾਰੀ ਸੀ। ਸ. ਜੱਸਾ ਸਿੰਘ ਦਾ ਦੇਹਾਂਤ 1783 ਈ. ਵਿਚ ਅੰਮ੍ਰਿਤਸਰ ਵਿਖੇ ਹੋਇਆ। ਉਸ ਦੀ ਸਮਾਧ ਬਾਬਾ ਅਟੱਲ ਰਾਏ ਜੀ ਦੇ ਗੁਰਦੁਆਰੇ ਸਾਹਿਬ ਦੇ ਪਾਸ ਹੈ।

ਸ. ਕਪੂਰ ਸਿੰਘ ਨੇ ਦੇਹਾਂਤ ਸਮੇਂ ਆਪਣੇ ਸੂਰਬੀਰ ਪਾਲਕ ਜੱਸਾ ਸਿੰਘ ਨੂੰ ਕਲਗੀਧਰ ਜੀ ਦੀ ਉਹ ਤਲਵਾਰ ਸੌਂਪੀ ਸੀ, ਜੋ ਉਨ੍ਹਾਂ ਨੂੰ ਮਾਤਾ ਸੁੰਦਰੀ ਜੀ ਤੋਂ ਪ੍ਰਾਪਤ ਹੋਈ ਸੀ। ਇਹ ਅਨਮੋਲ ਵਸਤ ਰਿਆਸਤ ਦੇ ਤੋਸ਼ੇਖ਼ਾਨੇ ਵਿਚ ਮੌਜੂਦ ਰਹੀ। ਜੱਸਾ ਸਿੰਘ ਨੂੰ ਆਹਲੂਵਾਲੀਆ ਮਿਸਲ ਦੀ ਸਰਦਾਰੀ (ਜਥੇਦਾਰੀ) ਮਿਲੀ। ਉਸ ਨੇ ਇਸ ਪਦਵੀ ਪੁਰ ਪੰਥ ਦੀ ਭਾਰੀ ਸੇਵਾ ਕੀਤੀ।

ਹੁਣ ਜੱਸਾ ਸਿੰਘ ਦੀ ਸਾਖੀ ਸ਼ਹੀਦ ਰਤਨ ਸਿੰਘ ਭੰਗੂ ਕਰਤਾ 'ਸ੍ਰੀ ਗੁਰੂ ਪੰਥ ਪ੍ਰਕਾਸ਼' (ਪੰਨੇ 217-18) ਦੀ ਜ਼ਬਾਨੀ ਸੁਣੋ, ਕਿ ਕਿਵੇਂ ਪੰਥ ਦੀ ਸ਼ਰਣ ਆ ਕੇ ਇਕ ਮੰਗਤਾ ਪਾਤਸ਼ਾਹ ਬਣ ਗਿਆ-

**ਦੋਹਰਾ**

**ਸਾਖੀ ਜੱਸਾ ਸਿੰਘ ਕੀ, ਅਬ ਮੈਂ ਦਿਉਂ ਸੁਨਾਇ।**
**ਮੰਗਤ ਖਾਤ ਖਾਲਸੈ ਰਲਜੋ, ਭਯੋ ਪੰਥ ਪਤਿਸ਼ਾਹਿ।**

*(ਰਤਨ ਸਿੰਘ ਭੰਗੂ)*

ਆਹਲੂਵਾਲੀਆ ਕੌਮ ਦਾ ਇਕ ਗਰੀਬ ਕਲਾਲ ਆਹਲੂ ਪਿੰਡ ਨੇੜੇ ਲਾਹੌਰ ਦਾ ਵਸਨੀਕ ਤੇ ਗੁਰੂ ਦਾ ਲਾਲ ਦਯਾਲ ਸਿੰਘ* ਸੀ। ਉਹ ਸਭ ਪ੍ਰਕਾਰ ਦੇ ਕੰਮ ਕਰਦਾ ਸੀ। ਉਸ ਦੇ ਮਰਨ ਪੁਰ ਪਿਛੋਂ ਉਸ ਦੀ ਨਾਰ ਤੇ ਇਕ ਪੁੱਤਰ ਰਹਿ ਗਏ। ਮਾਂ ਪੁੱਤਰ ਦਾ ਬਹੁਤ ਪਿਆਰ ਸੀ। ਇਹ ਨਾਰ, ਸਿੰਘ ਘਰ ਦੀ ਬੇਟੀ ਸੀ, ਜਿਸ ਨੂੰ ਉਸ ਦੇ ਪਿਤਾ ਨੇ ਗੁਰਮੁਖੀ ਅੱਖਰ ਪੜ੍ਹਾ ਦਿੱਤੇ ਸਨ ਤੇ ਗੁਰਬਾਣੀ ਕੰਠ ਕਰਵਾ ਦਿੱਤੀ ਸੀ।

ਉਹ ਸਹੁਰਿਓਂ-ਪੇਕਿਓਂ ਦੋਹਾਂ ਧਿਰਾਂ ਤੋਂ ਸਿੱਖਣੀ ਸੀ। ਉਹ ਪੋਥੀ ਹਮੇਸ਼ਾਂ ਆਪਣੇ ਗਾਤਰੇ ਵਿਚ ਪਾਈ ਰੱਖਦੀ ਅਤੇ ਜਿਥੇ ਕਿਧਰੇ ਸਿੰਘਾਂ ਦੀ ਸੰਗਤ ਹੁੰਦੀ, ਉਥੇ ਪੁੱਜ ਕੇ ਸ਼ਬਦ ਕੀਰਤਨ ਦੀ ਚੌਂਕੀ ਕਰਦੀ। ਸੰਝ ਸਮੇਂ ਨਿੱਤ ਸੋਦਰੁ ਦਾ ਪਾਠ ਕਰਦੀ ਉਹ ਦੁਤਾਰਾ ਫੜ ਕੇ ਕੀਰਤਨ ਕਰਦੀ। ਉਸ ਦਾ ਬਾਲ-ਪੁੱਤਰ ਤੇ ਦਾਸੀ ਬੜੇ ਪ੍ਰੇਮ ਨਾਲ ਉਸ ਕੀਰਤਨ ਵਿਚ ਸ਼ਾਮਲ ਹੁੰਦੇ। ਦੋਵੇਂ ਵਕਤ ਉਹ ਸ਼ਬਦ ਚੌਂਕੀ ਕਰਦੀ। ਜਿਥੇ ਕਿਧਰੇ ਵੀ ਸਿੱਖ ਸੰਗਤ ਉਸ ਨੂੰ ਕੀਰਤਨ ਕਰਨ ਲਈ ਸੱਦਦੀ ਉਹ ਅਵੱਸ਼ ਪੁੱਜਦੀ। ਰਾਤ ਦਿਨ ਉਹ ਚੌਂਕੀ ਕਰਦੀ। ਕੋਈ ਜੋੜ ਮੇਲਾ ਨਾ ਖੁੰਝਾਉਂਦੀ।

---

* ਸ. ਬਦਰ ਸਿੰਘ



SikhBookClub.Com

ਇਕ ਵਾਰ ਮਾਂ-ਪੁੱਤ ਨੇ ਪ੍ਰੇਮ ਨਾਲ ਸ਼ਬਦ ਚੌਂਕੀ ਕੀਤੀ। ਪੰਥ ਨੇ ਸੁਣੀ। ਸਾਰੇ ਸ਼ਾਂਤੀ ਵਰਤ ਗਈ। ਪੰਥ ਉਸ ਪਰ ਅਤਿ ਪ੍ਰਸੰਨ ਹੋਇਆ। ਉਹ ਭਲੇ ਵਕਤ ਉਥੇ ਆਈ ਸੀ। ਨਵਾਬ ਕਪੂਰ ਸਿੰਘ ਦੀ ਨਜ਼ਰ ਉਸ ਦੇ ਬਾਲਕ ਪੁਰ ਪਈ। ਉਸ ਨੇ ਬਾਲਕ ਨੂੰ ਬੁਲਾ ਕੇ ਉਸ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਦਿੱਤਾ। ਉਸ ਬਾਲਕ ਦੀ ਮਾਤਾ ਨੂੰ ਇਸ ਪੁਰ ਬਹੁਤ ਖੁਸ਼ੀ ਹੋਈ। ਉਸ ਨੇ ਆਪਣੇ ਬਾਲਕ ਦੀ ਬਾਂਹ ਨਵਾਬ ਕਪੂਰ ਸਿੰਘ ਦੇ ਹੱਥ ਫੜਾ ਦਿੱਤੀ।

ਇਹ ਗੁਰੂ-ਘਰ ਦੀ ਸੱਚੀ ਪ੍ਰੇਮਣ ਤੇ ਨਿੱਤ ਕੀਰਤਨ ਕਰਨ ਵਾਲੀ ਉਸ ਬਾਲਕ ਦੀ ਮਾਤਾ ਸੀ, ਜਿਸਦਾ ਨਾਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਪ੍ਰਸਿੱਧ ਹੋਇਆ-

**ਅਤਿ ਪ੍ਰਸੰਨ ਪੰਥ ਤਿਸ ਪਰ ਭਯੋ।**
**ਭਲੇ ਵਖਤ ਕਿਤ ਵਹੁ ਥੋ ਅਯੋ।**
**ਕਪੂਰ ਸਿੰਘ ਲਜੋ ਬਾਲ ਬੁਲਾਇ।**
**ਕੀਯੋ ਸਿੰਘ ਨਿਜ ਅੰਮ੍ਰਿਤ ਛਕਾਇ॥੧੦॥**

*(ਰਤਨ ਸਿੰਘ ਭੰਗੂ)*

ਇਹੋ ਬਾਲਕ ਜੱਸਾ ਸਿੰਘ ਆਹਲੂਵਾਲੀਆ ਸੀ, ਜਿਸ ਦੀ ਬਾਂਹ ਉਸ ਦੀ ਮਾਤਾ ਨੇ ਨਵਾਬ ਕਪੂਰ ਸਿੰਘ ਨੂੰ ਫੜਾਈ ਸੀ-

**ਦੋਹਰਾ**
**ਮਾਤਾ ਭੀ ਉਸ ਹੁਇ ਖੁਸ਼ੀ ਦੀਨੀ ਬਾਂਹਿ ਫੜਾਇ।**
**ਭਲੇ ਭਾਗ ਉਸ ਕੇ ਭਏ ਰਹਯੋ ਨਿਬਾਬੈ ਪਾਹਿ॥੧੧॥**

*(ਰਤਨ ਸਿੰਘ ਭੰਗੂ)*

ਨਵਾਬ ਕਪੂਰ ਸਿੰਘ ਨੇ ਉਸ ਬਾਲਕ ਨੂੰ ਆਪਣੇ ਡੇਰੇ ਹੀ ਰੱਖ ਲਿਆ ਅਤੇ ਘੋੜਿਆਂ ਨੂੰ ਦਾਣਾ ਵੰਡਣ ਦਾ ਕੰਮ ਸੌਂਪ ਦਿੱਤਾ। ਪਰ ਦੂਜੇ ਲੋਕਾਂ ਨੇ ਉਸ ਬਾਲਕ ਨੂੰ ਬਹੁਤ ਤੰਗ ਕੀਤਾ ਤੇ ਉਹ ਰੋਣ ਲੱਗਾ। ਰੋਂਦੇ-ਰੋਂਦੇ ਹੀ ਉਹ ਨਵਾਬ ਕਪੂਰ ਸਿੰਘ ਪਾਸ ਆਇਆ ਤੇ ਕਿਹਾ :

**ਮੈਥੋਂ ਦਾਨਾ ਵਰਤੇ ਨਾਹੀਂ।**
**ਧੌਲ ਧਪੋ ਮੁਹਿ ਬਹੁਤ ਕਰਾਹੀਂ।** *(ਰਤਨ ਸਿੰਘ ਭੰਗੂ)*

ਇਸ ਪੁਰ ਨਵਾਬ ਕਪੂਰ ਸਿੰਘ ਨੇ ਉਸ ਨੂੰ ਪਿਆਰ ਦਿੱਤਾ, ਸਿਰ 'ਤੇ ਹੱਥ ਰੱਖਿਆ ਤੇ ਕਿਹਾ :

> "ਤੂੰ ਘੋੜਿਆਂ ਨੂੰ ਦਾਨਾ ਦੇਣਾ ਹੈ, ਜੇ ਕਰ ਪੰਥ ਮੈਨੂੰ ਨਵਾਬੀ ਬਖਸ਼ ਸਕਦਾ ਹੈ ਤੇ ਤੇਰੇ ਤਾਬਿਆ ਵੀ ਪਾਤਸ਼ਾਹੀ ਕਰ ਸਕਦਾ ਹੈ।"

ਬੱਸ, ਜੱਸਾ ਸਿੰਘ ਮਾਨੋ ਨਿਹਾਲ ਹੋ ਗਿਆ—ਸਿੰਘ ਦਾ ਬੋਲਿਆ ਅਕਾਰਥ ਥੋੜਾ ਜਾਣਾ ਸੀ। ਉਹ ਬਾਲਕ ਜੱਸਾ ਸਿੰਘ 'ਪਾਤਿਸ਼ਾਹ ਜੱਸਾ ਸਿੰਘ ਆਹਲੂਵਾਲੀਆ'



SikhBookClub.Com

ਬਣਿਆ। ਇਕ ਜ਼ਮਾਨੇ ਨੇ ਵੇਖਿਆ, ਨਵਾਬ ਸਾਹਿਬ ਦੀ ਗੱਲ ਸੱਚੀ ਹੋਈ :

*'ਕਹੀ ਬਾਤ ਮੁਖ ਦਯੋ ਪਿਆਰ।*
*'ਤੁਧ ਦਾਣੋ' ਦੇਣੈ ਬੱਗ ਹਜ਼ਾਰ॥੧੪॥*
*ਹਮ ਤੌ ਕੀਨ ਪੰਥ ਨਵਾਬੈ।*
*ਤੇਰੈ ਕਰਿਯਗੁ ਪਤਿਸ਼ਾਹੀ ਤਾਬੈ।*
*ਉਸੀ ਵਕਤ ਤੇ ਭਯੋ ਨਿਹਾਲ।*
*ਸ਼ਾਹਿ ਕਹਾਯੋ ਜੱਸਾ ਸਿੰਘ ਕਲਾਲ'॥੧੫॥*

*(ਰਤਨ ਸਿੰਘ ਭੰਗੂ, ਸ੍ਰੀ ਗੁਰੂ ਪੰਥ ਪ੍ਰਕਾਸ਼)*

ਤੇ ਨਿਰਸੰਦੇਹ ਜੱਸਾ ਸਿੰਘ ਕਲਾਲ ਬਾਦਸ਼ਾਹ ਬਣਿਆ, ਜਿਸ ਨੇ ਪਹਿਲੀ ਵਾਰ ਸਿੱਕਾ ਚਲਾਇਆ ਤੇ ਖ਼ਾਲਸਾ ਰਾਜ ਸਥਾਪਤ ਕੀਤਾ, ਅਹਿਮਦ ਸ਼ਾਹ ਅਬਦਾਲੀ ਦਾ ਮਾਰਿਆ ਮੁਲਕ ਆਪਣੇ ਤਾਬਿਆ ਕੀਤਾ ਤੇ ਇਸ ਤਰ੍ਹਾਂ ਸ਼ਾਹਾਂ ਦਾ ਸ਼ਾਹ ਕਹਿਲਵਾਇਆ।

'ਸ਼ਮਸ਼ੇਰ ਖਾਲਸਾ' ਕ੍ਰਿਤ ਗਿਆਨੀ ਗਿਆਨ ਸਿੰਘ ਜੀ ਵਿਚ ਦਰਜ ਹੈ ਕਿ-

"ਜਦ ਅਹਿਮਦ ਸ਼ਾਹ ਮਰਹੱਟਿਆਂ 'ਤੇ ਫਤਹ ਪਾ ਕੇ ਲਾਹੌਰ ਪਰਤਿਆ ਤੇ ਲਾਹੌਰ ਆ ਕੇ ਉਹ ਤਖ਼ਤ 'ਤੇ ਬੈਠਾ ਤਾਂ ਸਾਰੇ ਚੌਧਰੀਆਂ, ਸਰਦਾਰਾਂ, ਅਮੀਰਾਂ ਆਦਿ ਨੂੰ ਹਾਜ਼ਰ ਹੋਣ ਲਈ ਹੁਕਮ ਕੀਤਾ। ਕਸੂਰ ਦੇ ਮੀਰ ਮੁਹੰਮਦ ਖਾਂ ਨੂੰ ਇਸ ਲਈ ਕੈਦ ਕਰ ਲਿਆ ਕਿ ਉਸ ਨੇ ਸਿੰਘਾਂ ਨੂੰ ਰੁਪਯਾ ਦਿੱਤਾ ਸੀ, ਉਸ ਸਮੇਂ ਉਹ ਵੀਹ ਬਾਈ ਹਜ਼ਾਰ ਹਿੰਦੂ ਮਰਦ, ਔਰਤਾਂ, ਇਆਣੇ, ਸਿਆਣੇ, ਕੁੜੀਆਂ ਮੁੰਡੇ ਰੋਂਦੇ, ਕੁਰਲਾਂਦੇ ਫੜੇ ਹੋਏ ਗੱਡਿਆਂ ਉੱਤੇ ਬੰਨ੍ਹ ਕੇ ਲਈ ਜਾ ਰਿਹਾ ਸੀ ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਉਸ ਨੂੰ ਸਭ ਸਿੱਖ ਸਰਦਾਰਾਂ ਨੂੰ ਨਾਲ ਲੈ ਕੇ ਗੋਇੰਦਵਾਲ ਪਾਸ ਬਿਆਸਾ ਟੱਪਦੇ ਹੋਇਆ ਅਚਨਚੇਤ ਜਾ ਦੱਬਿਆ ਅਤੇ ਕੈਦੀਆਂ ਦੇ ਬੰਧਨ ਕੱਟ ਦਿੱਤੇ ਉਨ੍ਹਾਂ ਨੂੰ ਘਰੋ ਘਰੀ ਭੇਜ ਦਿੱਤਾ। ਇਹ ਅਤਿ ਪਰੋਪਕਾਰੀ ਨੇਕਨਾਮੀ ਸਰਦਾਰ ਜੱਸਾ ਸਿੰਘ ਨੂੰ ਆਈ। ਬਾਦਸ਼ਾਹ ਲਹੂ ਦੇ ਘੁੱਟ ਭਰਦਾ ਹੋਇਆ ਚਲਾ ਗਿਆ।"

*(ਪੰਨੇ 196-97)*

'ਸ਼ਮਸ਼ੇਰ ਖ਼ਾਲਸਾ' ਵਿਚ ਵੱਡੇ ਘੱਲੂਘਾਰੇ ਬਾਰੇ ਵੀ ਸੰਕੇਤ ਮਿਲਦਾ ਹੈ ਕਿ—

"ਸਾਰੇ ਸਰਦਾਰ ਤਲਵਾਰਾਂ ਖਿੱਚ ਕੇ ਘੋੜੇ ਦੌੜਾ ਕੇ ਦੁੱਰਾਨੀਆਂ ਵਿਚ ਜਾ ਵੜੇ ਅਤੇ ਵੱਡੀ ਭਾਰੀ ਕਟਾ-ਵੱਢੀ ਕੀਤੀ।



SikhBookClub.Com

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਸਰਦਾਰ ਚੜ੍ਹਤ ਸਿੰਘ ਨੇ ਚਾਰ ਹਜ਼ਾਰ ਸੂਰਬੀਰ ਲੈ ਕੇ ਤਿੰਨ ਵਾਰੀ ਖਾਸ ਅਹਿਮਦ ਸ਼ਾਹ ਨਾਲ ਜੂਝਣ ਲਈ ਦੁੱਰਾਨੀਆਂ ਦੀ ਸੈਨਾ ਗਾਹ ਮਾਰੀ। ਦੋ ਵਾਰ ਸ਼ਾਹ ਤਕ ਨਾ ਪਹੁੰਚ ਸਕੇ, ਪਰ ਤੀਜੀ ਵਾਰ ਸ਼ਾਹ ਦੇ ਨਜ਼ਦੀਕ ਜਾ ਕੇ ਜੱਸਾ ਸਿੰਘ ਨੇ ਗੱਜ ਕੇ ਕਿਹਾ, 'ਐ ਅਹਿਮਦ ਸ਼ਾਹ! ਜੇ ਤੂੰ ਮਰਦ ਏਂ, ਤਾਂ ਜਿਸ ਤਰ੍ਹਾਂ ਲੜਨਾ ਚਾਹੇਂ, ਆ ਲੜ ਲੈ, ਮੇਰਾ ਤੇਰਾ ਦੋਹਾਂ ਦਾ ਜੰਗ ਹੋਵੇ ਤੇ ਖਲਕਤ ਵੇਖੇ।' ਸਿੰਘ ਨੇ ਬਥੇਰਾ ਵੰਗਾਰਿਆ ਪਰ ਅਬਦਾਲੀ ਨੂੰ ਹੌਸਲਾ ਨਾ ਹੋਇਆ ਤੇ ਉਹ ਟਲ ਗਿਆ।" *(ਪੰਨਾ 298)*

'ਚਹਾਰਿ ਬਾਗਿ-ਪੰਜਾਬ' ਕ੍ਰਿਤ ਗਣੇਸ਼ ਦਾਸ ਵਡਹਿਰਾ ਵਿਚ ਸਰਦਾਰ ਜੱਸਾ ਸਿੰਘ ਕਲਾਲ ਆਹਲੂਵਾਲੀਆ ਬਾਰੇ ਲਿਖਿਆ ਹੈ ਕਿ :

**'ਊ ਤਰਫ਼ੇ-ਕਪੂਰਥਲਾ ਵਗੈਰਾ ਅਲਮ-ਅਫ਼ ਰਾਜ਼ਿ—**
**ਸਲਤਨਦ ਸ਼ੁਦ, ਕਿ ਲਸ਼ਕਰੇ-ਊ ਰਾ ਯੋਧਾ ਦਲ ਗੁਫ਼ਤੰਦੇ'**

ਅਰਥਾਤ ਜੱਸਾ ਸਿੰਘ ਆਹਲੂਵਾਲੀਆ ਸਰਦਾਰ ਨੇ ਕਪੂਰਥਲਾ ਆਦਿ ਵਲ ਸਲਤਨਤ ਦਾ ਝੰਡਾ ਝੁਲਾ ਦਿੱਤਾ (ਪਾਤਸ਼ਾਹ ਬਣ ਗਿਆ) ਅਤੇ ਉਸ ਦੇ ਲਸ਼ਕਰ ਨੂੰ 'ਯੋਧਾ ਦਲ' ਕਹਿੰਦੇ ਹਨ।

ਇਸ ਤੋਂ ਭਾਵ ਇਹ ਹੈ ਕਿ ਉਸ ਸਮੇਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਯੋਧੇ ਖਾਲਸਾ ਦਲ ਦਾ ਮੁਖੀ ਸੀ।

ਰਾਜ ਖਾਲਸਾ ਦੇ ਪਹਿਲੇ ਮਾਰੇ (ਚਲਾਏ) ਸਿੱਕੇ ਬਾਰੇ ਗਨੇਸ਼ ਦਾਸ ਲਿਖਦਾ ਹੈ ਕਿ—

ਸਰਦਾਰ ਜੱਸਾ ਸਿੰਘ, ਗੰਡਾ ਸਿੰਘ, ਝੰਡਾ ਸਿੰਘ ਆਦਿ ਭੰਗੀ ਸਰਦਾਰਾਂ ਨੇ 1821 ਬਿਕ੍ਰਮੀ ਅਰਥਾਤ 1764 ਈ. ਵਿਚ ਚਾਂਦੀ ਦੇ ਰੁਪਏ ਦਾ ਸਿੱਕਾ ਗੁਰੂ ਗੋਬਿੰਦ ਸਿੰਘ ਦੇ ਨਾਮ 'ਤੇ ਟਕਸਾਲ ਵਿਚ ਮਾਰਿਆ ਅਤੇ ਇਹ ਬੈਂਤ ਫਤਹਿ ਦਾ ਸੂਚਕ ਉਸ ਉਪਰ ਲਿਖਾਇਆ—

**ਦੇਗੋ ਤੇਗੋ ਫਤਹਿ-ਓ-ਨੁਸਰਤ ਬੇਦਰੰਗ,**
**ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ** *(ਪੰਨਾ 130)*

ਚੁਨਾਂਚਿ ਨਕੋਦਰ ਸਰਾਇ, ਸ੍ਰੀ ਅੰਮ੍ਰਿਤਸਰ, ਸ਼ਹਿਰ ਲਾਹੌਰ ਸਿਆਲਕੋਟ, ਗੁਜਰਾਤ ਆਦਿ ਤੇ ਪੰਜਾਬ ਦੇ ਸਾਰੇ ਮੁਲਕਾਂ (ਇਲਾਕਿਆਂ) ਵਿਚ ਇਹ ਸਿੱਕਾ ਰਾਇਜ਼ ਭਾਵ ਪ੍ਰਚੱਲਤ ਹੋ ਗਿਆ ਅਤੇ ਅਹਿਮਦ ਸ਼ਾਹੀ ਸਿੱਕਾ ਚਲਣੋਂ ਬੰਦ ਹੋ ਗਿਆ।

ਇਸ ਸਬੰਧ ਵਿਚ ਪੰਜਾਬ ਦੇ ਮੁਤਅੱਸਬੀ ਆਲਮਾਂ ਨੇ ਕੁਝ ਇਕ ਸਿੱਕਿਆਂ ਉੱਤੇ ਇਕ ਹੋਰ ਬੈਂਤ ਆਪ ਉਕਰਾ ਕੇ ਅਹਿਮਦਸ਼ਾਹ ਪਾਸ ਕਾਬਲ ਵਿਖੇ ਲੈ



SikhBookClub.Com

ਗਏ (ਉਸ ਨੂੰ ਭੜਕਾਉਣ ਲਈ) ਤੇ ਉਹ ਸਿੱਕਾ ਉਹੀ ਸੀ, ਜਿਸ ਉਪਰ ਖਾਲਸਾ ਸਲਤਨਤ ਦੇ ਪਾਤਿਸ਼ਾਹ ਜੱਸਾ ਸਿੰਘ ਦਾ ਨਾਮ ਖੁਦਿਆ ਹੋਇਆ ਸੀ (ਇਹ ਪਹਿਲਾ ਸਿੱਕਾ ਖਾਲਸਾ ਰਾਜ ਦਾ ਸੀ) ਤੇ ਉਹ ਸੀ—

> ***'ਸਿੱਕਾ ਜਦ ਦਰ ਜਹਾਂ ਬ-ਫ਼ਜ਼ਲਿ-ਅਕਾਲ,***
> ***ਤਖ਼ਤਿ ਅਹਿਮਦ ਗਰਿਫ਼ਤ ਜੱਸਾ ਕਲਾਲ।***

ਭਾਵ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸਦਕਾ, ਜੋ ਉਸ ਸਮੇਂ ਖ਼ਾਲਸਾ ਜੀ ਦਾ ਪ੍ਰਮੁੱਖ ਜਥੇਦਾਰ ਤੇ ਸਰਦਾਰ ਸੀ, ਸਿੰਘ ਅੱਜ ਅਹਿਮਦ ਸ਼ਾਹ ਅਬਦਾਲੀ ਦੇ ਮਾਰੇ ਮੁਲਕ ਪੰਜਾਬ ਦੇ ਤਖ਼ਤ ਰਾਜ ਦੇ ਮਾਲਕ ਬਣ ਗਏ ਹਨ ਤੇ ਇਹ ਸੇਹਰਾ ਮਾਤਾ ਸੁੰਦਰੀ ਜੀ ਦੀ ਕ੍ਰਿਪਾ ਦ੍ਰਿਸ਼ਟੀ ਅਤੇ ਨਵਾਬ ਕਪੂਰ ਸਿੰਘ ਦੇ ਮੁੱਖ ਚਾਟੜੇ ਸਰਦਾਰ ਜੱਸਾ ਸਿੰਘ ਕਲਾਲ ਨੂੰ ਜਾਂਦਾ ਹੈ। ਬੇਸ਼ੱਕ ਸਰਦਾਰ ਆਹਲੂਵਾਲੀਆ ਖ਼ਾਲਸਾ ਰਾਜ ਦੀ ਸਥਾਪਤੀ ਦਾ ਤਜੱਸਵੀ ਜਰਨੈਲ ਸੀ, ਜੋ ਪ੍ਰਚੰਡ ਸੂਰਜ ਵਾਂਗ ਪੰਜਾਬ ਦੇ ਧੁੰਧਲੇ ਆਕਾਸ਼ ਪੁਰ ਸਿੱਖਾਂ ਦੇ ਜਾਹੋ-ਜਲਾਲ ਦੇ ਪ੍ਰਤੀਕ ਵਤ ਚਮਕ ਪਿਆ ਅਤੇ ਜਿਸ ਨੇ ਖ਼ਾਲਸਾ ਪਾਤਿਸ਼ਾਹੀ ਦਾ ਚਿੱਟਾ-ਦੁੱਧ ਦਿਨ ਚਾੜ੍ਹ ਦਿੱਤਾ—(ਅਫ਼ਸੋਸ, ਇਹ ਦੁਪਹਿਰਾ ਝੱਟ ਹੀ ਪੰਥ ਧਰੋਹੀਆਂ ਦੀਆਂ ਕੋਝੀਆਂ ਚਾਲਾਂ ਕਰਕੇ, ਸ਼ਾਮਾਂ ਵਿਚ ਢੱਲ ਗਿਆ।)

ਸਰਦਾਰ ਖੁਸ਼ਵੰਤ ਸਿੰਘ, 'ਹਿਸਟਰੀ ਆਫ਼ ਦਾ ਸਿੱਖਸ' ਵਿਚ ਭੰਗੂ ਦੇ 'ਸ੍ਰੀ ਗੁਰ ਪੰਥ ਪ੍ਰਕਾਸ਼' ਅਤੇ ਦੂਜੇ ਇਤਿਹਾਸਕਾਰਾਂ ਦੀ ਪ੍ਰੋੜ੍ਹਤਾ ਕਰਦਾ ਹੋਇਆ ਲਿਖਦਾ ਹੈ ਕਿ :

> 'ਸਰਦਾਰ ਜੱਸਾ ਸਿੰਘ ਕਲਾਲ ਪਿੰਡ ਆਹਲੂ (ਇਸ ਕਰਕੇ ਆਹਲੂਵਾਲੀਆ) ਵਿਖੇ 1718 ਈਸਵੀ ਵਿਚ ਜਨਮਿਆ। ਪੰਜ ਸਾਲ ਦੀ ਆਯੂ ਵਿਚ ਹੀ ਪਿਤਾ ਬਦਰ ਸਿੰਘ ਦਾ ਸਾਯਾ ਸਿਰ ਤੋਂ ਉਠ ਗਿਆ, ਪਹਿਲਾ ਗੁਰੂ ਗੋਬਿੰਦ ਸਿੰਘ ਜੀ ਦੇ ਮਹਲ ਮਾਤਾ ਸੁੰਦਰੀ ਜੀ ਨੇ ਉਸ ਦੀ ਪਾਲਣਾ ਪੋਸ਼ਣਾ ਕੀਤੀ ਤੇ ਫਿਰ ਪਿੱਛੋਂ ਨਵਾਬ ਕਪੂਰ ਸਿੰਘ ਨੇ ਉਸ ਦੀ ਦੇਖ ਭਾਲ ਸੰਭਾਲੀ।
>
> ਉਸ ਨੇ ਰਾਇ ਇਬਰਾਹੀਮ ਭੱਟੀ ਤੋਂ ਕਪੂਰਥਲਾ ਖੋਹ ਲਿਆ ਅਤੇ ਇਸ ਨਗਰ ਨੂੰ ਆਪਣੀ ਰਾਜਧਾਨੀ ਬਣਾ ਲਿਆ। ਜੱਸਾ ਸਿੰਘ ਦੀ ਮ੍ਰਿਤੂ 1783 ਈ. ਵਿਚ ਅੰਮ੍ਰਿਤਸਰ ਵਿਚ ਹੋਈ। ਉਸ ਦੀ ਕੋਈ ਔਲਾਦ ਨਾ ਹੋਣ ਕਰਕੇ ਭਾਗ ਸਿੰਘ ਉਸ ਦਾ ਗੱਦੀ ਨਸ਼ੀਨ ਬਣਿਆ ਜੋ 1801 ਈ. ਵਿਚ ਕਾਲਵਾਸ ਹੋ ਗਿਆ ਅਤੇ ਉਸ ਦਾ ਲੜਕਾ ਫਤਹਿ ਸਿੰਘ ਕਪੂਰਥਲਾ ਰਿਆਸਤ ਦਾ ਵਾਰਿਸ ਹੋਇਆ, ਜੋ ਮਹਾਰਾਜਾ ਰਣਜੀਤ ਸਿੰਘ ਦਾ ਗੂੜ੍ਹਾ ਤੇ ਸ਼ਕਤੀਸ਼ਾਲੀ ਸਮਰਥਕ ਰਿਹਾ।'
>
> *(ਪੰਨਾ 123)*



SikhBookClub.Com

ਅੱਗੇ ਚਲ ਕੇ ਖੁਸ਼ਵੰਤ ਸਿੰਘ ਲਿਖਦਾ ਹੈ ਕਿ—

> 1745 ਈ. ਦੀ ਦੀਵਾਲੀ ਸਮੇਂ ਸਰਬਤ ਖਾਲਸਾ ਨੇ ਗੁਰਮਤਾ ਕੀਤਾ ਕਿ ਸਾਰੇ ਜਥਿਆਂ ਨੂੰ 25 ਰੈਜਮੈਂਟਾਂ ਵਿਚ ਵੰਡ ਕੇ ਨਵਾਬ ਕਪੂਰ ਸਿੰਘ ਨੂੰ ਪਰਮ ਜਥੇਦਾਰ (ਕਮਾਂਡਰ-ਇਨ-ਚੀਫ਼) ਥਾਪ ਦਿੱਤਾ ਜਾਵੇ। ਸਰਦਾਰ ਹਰੀ ਸਿੰਘ ਭੰਗੀ, ਨੌਧ ਸਿੰਘ ਸ਼ੁਕਰਚੱਕੀਆ, ਜੱਸਾ ਸਿੰਘ ਆਹਲੂਵਾਲੀਆ ਤੇ ਜੈ ਸਿੰਘ ਕਨ੍ਹਈਆ ਇਨ੍ਹਾਂ ਰੈਜਮੈਂਟਾਂ ਵਿਚੋਂ ਪ੍ਰਸਿੱਧ ਜਰਨੈਲ ਸਨ, ਜਿਨ੍ਹਾਂ ਨੇ ਪੰਜਾਬ ਨੂੰ ਮੁਗ਼ਲਾਂ ਤੇ ਬਿਦੇਸ਼ੀ ਜਰਵਾਣਿਆਂ ਤੋਂ ਮੁਕਤ ਕਰਵਾਉਣ ਵਿਚ ਫੈਸਲਾਕੁੰਨ ਰੋਲ ਅਦਾ ਕੀਤਾ।'

ਬੇਸ਼ੱਕ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਇਕ ਸੁਪ੍ਰਸਿੱਧ, ਮਹਾਨ ਤੇ ਮੁਖੀ ਜਥੇਦਾਰ (ਸਰਦਾਰ) ਸੀ, ਜਿਸ ਨੂੰ ਪੰਜਾਬ ਦੇ ਸਿਰਕੱਢ 'ਤੇ ਚੋਟੀ ਦੇ ਜੋਧਿਆਂ ਤੇ ਸੂਰਬੀਰਾਂ ਵਿਚ ਸਹਿਜੇ ਹੀ ਸ਼ੁਮਾਰ ਕੀਤਾ ਜਾ ਸਕਦਾ ਹੈ। ਨਮਸਕਾਰ ਹੈ ਇਸ ਸੱਚੇ ਸੁੱਚੇ ਸਿੰਘ ਨੂੰ, ਜਿਸ ਦੇ ਸੀਸ ਪੁਰ ਨਵਾਬ ਕਪੂਰ ਸਿੰਘ ਦਾ ਹੱਥ ਸੀ ਤੇ ਜਿਸ ਨੂੰ ਮਾਤਾ ਸੁੰਦਰੀ ਜੀ ਦੀ ਚਰਨ-ਛੂਹ ਪ੍ਰਾਪਤ ਸੀ ਤੇ ਜੋ ਖ਼ਾਲਸਾ ਜੀ ਦੀ ਗੁਰ-ਮਾਤਾ ਦੀ ਕ੍ਰਿਪਾ-ਦ੍ਰਿਸ਼ਟੀ ਦਾ ਪਾਤਰ ਸੀ।

ਉਸ ਭਿਆਨਕ ਕਾਲ ਦੇ ਸਿੱਖ ਵੱਡੇ ਭਾਗਾਂ ਵਾਲੇ ਸਨ, ਜਿਨ੍ਹਾਂ ਨੂੰ ਜੱਸਾ ਸਿੰਘ ਆਹਲੂਵਾਲੀਆ, ਹਰੀ ਸਿੰਘ ਭੰਗੀ, ਚੜ੍ਹਤ ਸਿੰਘ ਸ਼ੁਕਰਚੱਕੀਆ ਜਿਹੇ ਮਹਾਨ ਨੇਤਾ ਤੇ ਸਰਦਾਰ ਨਸੀਬ ਹੋਏ। ਇਨ੍ਹਾਂ ਮਹਾਨ ਸੂਰਬੀਰਾਂ ਨੇ ਬਿਦੇਸ਼ੀ ਜਾਬਰਾਂ ਤੇ ਜਰਵਾਣਿਆਂ ਨਾਲ ਲੋਹਾ ਲਿਆ ਅਤੇ ਖ਼ਾਲਸਾ ਪਾਤਿਸ਼ਾਹਤ ਨੂੰ ਉਸਾਰਿਆ, ਉਸ ਦੀਆਂ ਨੀਹਾਂ ਵਿਚ ਆਪਣਾ ਲਹੂ ਵੀਟ ਕੇ ਉਸ ਨੂੰ ਪਕੇਰਿਆਂ ਕੀਤਾ ਤੇ ਨਾਲ ਮੁਗ਼ਲਾਂ ਤੇ ਜਰਵਾਣਿਆਂ ਦੇ ਲਸ਼ਕਰਾਂ ਦਾ ਇਹ ਤਲਿੱਸਮ ਵੀ ਤੋੜ ਕੇ ਚਕਨਾਚੂਰ ਕਰ ਦਿੱਤਾ ਕਿ ਉਹ (ਮੁਗ਼ਲ ਪਠਾਣ ਫ਼ੌਜਾਂ) ਅਜੈਯ ਤੇ ਅਜਿੱਤ ਹਨ। ਇਨ੍ਹਾਂ ਸਰਦਾਰਾਂ ਨੇ ਬਿਦੇਸ਼ੀ ਜ਼ਾਲਮ ਸ਼ਾਸਕਾਂ ਦੇ ਹਊਏ ਦਾ ਭਰਮ ਵੀ ਦੇਸ਼ ਵਾਸੀਆਂ ਦੇ ਦਿਲਾਂ ਵਿਚੋਂ ਪੱਟੀ ਵਾਂਗ ਪੋਚ ਕੇ ਰੱਖ ਦਿੱਤਾ। ਇਹ ਸਰਦਾਰ ਦੇਸ਼ ਦੀ ਸੁਤੰਤਰਤਾ ਦੇ ਮੋਹਰੀ ਤੇ ਮਹਾਨ ਨੇਤਾ ਸਨ, ਦੇਸ਼ ਦੇ ਮੁਕਤੀ-ਦਾਤਾ ਸਨ।

ਨਵਾਬ ਕਪੂਰ ਸਿੰਘ ਦੀ ਸਰਦਾਰੀ ਤੇ ਬਹਾਦਰੀ ਦਾ ਅਸਲ ਉਤਰਾਧਿਕਾਰੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਹੀ ਸੀ, ਉਸ ਦੀ ਸੂਰਮਤਾਈ ਦਾ ਸਿੱਕਾ ਜੰਮ ਚੁੱਕਾ ਸੀ, ਧਮਾ ਬੈਠ ਚੁੱਕਾ ਸੀ ਤੇ ਉਹ ਹੀ ਸਰਬੱਤ ਖ਼ਾਲਸਾ ਜਾਂ ਦਲ ਖ਼ਾਲਸਾ ਦਾ ਬੇਤਾਜ ਬਾਦਸ਼ਾਹ ਪਰਵਾਨ ਹੋ ਚੁੱਕਾ ਸੀ। ਨਵਾਬ ਕਪੂਰ ਸਿੰਘ 1753 ਈ. ਵਿਚ ਸੁਰਗਵਾਸ ਹੋਇਆ, ਪਰ 1748 ਈ. ਦੀ ਵੈਸਾਖੀ ਨੂੰ ਅੰਮ੍ਰਿਤਸਰ ਵਿਖੇ ਜਦ ਸਰਬੱਤ ਖ਼ਾਲਸਾ ਦਾ ਭਾਰੀ ਇਕੱਠ ਹੋਇਆ ਤਾਂ ਸਰਦਾਰ ਜੱਸਾ ਸਿੰਘ ਉਸ ਤੋਂ ਪਹਿਲਾਂ ਮੱਧ ਪੰਜਾਬ ਦਾ ਮੁੱਖ ਨੇਤਾ ਤੇ ਅਜਿੱਤ ਵਿਜੇਤਾ ਸਥਾਪਤ ਹੋ ਚੁੱਕਾ ਸੀ।



SikhBookClub.Com

ਆਦੀਨਾ ਬੇਗ ਖਾਂ ਨੂੰ ਹੁਸ਼ਿਆਰਪੁਰ ਵਿਖੇ ਭਾਰੀ ਭਾਂਜ ਦੇ ਕੇ ਉਸ ਦੇ ਇਲਾਕੇ ਦੇ ਸ਼ਾਸਕ ਬਣ ਕੇ ਉਹ ਉਪਰੋਕਤ ਵੈਸਾਖੀ ਸਮੇਂ ਅੰਮ੍ਰਿਤਸਰ ਸਰਬੱਤ ਖ਼ਾਲਸਾ ਦੀ ਬੈਠਕ ਵਿਚ ਪਹੁੰਚ ਗਿਆ। ਉਸੇ ਜੋੜ ਮੇਲੇ 'ਤੇ ਸਰਬੱਤ ਖ਼ਾਲਸਾ ਨੇ ਗੁਰਮਤਾ ਕਰਕੇ ਦਲ ਖ਼ਾਲਸਾ ਨੂੰ ਗਿਆਰਾਂ ਮਿਸਲਾਂ ਵਿਚ ਵੰਡਿਆ ਸੀ ਅਤੇ ਸ. ਜੱਸਾ ਸਿੰਘ ਜਿਥੇ ਆਹਲੂਵਾਲੀਆ ਮਿਸਲ ਦਾ ਸਰਦਾਰ ਜੀ, ਉਥੇ ਨਾਲ ਹੀ ਉਹ ਸਾਰੀਆਂ ਮਿਸਲਾਂ ਦਾ ਪ੍ਰਮੁੱਖ ਸਰਦਾਰ ਤੇ ਸੁਪਰੀਮ ਕਮਾਂਡਰ ਵੀ ਥਾਪਿਆ ਗਿਆ। ਕਪੂਰ ਸਿੰਘ ਨੂੰ ਤਾਂ ਖ਼ਾਲਸਾ ਜੀ 'ਨਵਾਬ' ਨਾਮ ਨਾਲ ਸੰਬੋਧਨ ਕਰਦੇ ਸਨ, ਹੁਣ ਸ. ਜੱਸਾ ਸਿੰਘ ਨੂੰ 'ਪਾਤਸ਼ਾਹ' ਕਰਕੇ ਸੰਬੋਧਨ ਕੀਤਾ ਜਾਣ ਲੱਗਾ।

***(ਵੇਖੋ, ਖੁਸ਼ਵੰਤ ਸਿੰਘ ਰਚਿਤ 'ਏ ਹਿਸਟਰੀ ਆਫ਼ ਦੀ ਸਿਖਸ', ਪੰਨਾ ੧੩੨)***

ਅਤੇ ਇਕ ਜ਼ਮਾਨੇ ਨੇ ਕੁਝ ਹੀ ਸਾਲਾਂ ਪਿਛੋਂ ਇਸੇ ਪਾਤਸ਼ਾਹ ਨੂੰ ਅਕਾਲ ਪੁਰਖ ਦੀ ਪਾਤਿਸ਼ਾਹੀ ਦਾ ਸਿੱਕਾ ਮਾਰਦਿਆਂ ਵੇਖਿਆ। ਲਾਹੌਰ ਉਸ ਪਾਤਿਸ਼ਾਹੀ ਦੀ ਰਾਜਧਾਨੀ ਬਣਾ ਦਿੱਤਾ ਗਿਆ ਸੀ। ਇਹ ਜੱਸਾ ਸਿੰਘ ਆਹਲੂਵਾਲੀਆ ਹੀ ਸੀ, ਜੋ ਅਜ਼ੀਮ ਫਤਿਹ (ਮਹਾਨ ਵਿਜੇਤਾ) ਦੇ ਰੂਪ ਵਿਚ 1762 ਈ. ਵਿਚ ਇਸੇ ਲਾਹੌਰ ਵਿਚ ਦਲ ਖ਼ਾਲਸਾ ਦੀਆਂ ਸਰਬੱਤ ਫ਼ੌਜਾਂ ਦਾ ਮੁਹਰੀ ਬਣ ਕੇ ਦਾਖਲ ਹੋਇਆ ਸੀ ਤੇ ਸਿੱਖ ਪਾਤਿਸ਼ਾਹੀ ਦਾ ਪਹਿਲਾ ਸਿੱਕਾ ਮਾਰਿਆ ਸੀ।

'ਪਾਤਿਸ਼ਾਹ' ਕਹਿਲਾਵਣ ਵਾਲਾ ਜੱਸਾ ਸਿੰਘ ਕਲਾਲ ਸਚਮੁੱਚ ਹੀ ਲਾਹੌਰ ਮਾਰਨ ਨਾਲ ਖ਼ਾਲਸਾ ਪਾਤਿਸ਼ਾਹੀ ਦਾ ਬਾਦਸ਼ਾਹ ਬਣ ਚੁੱਕਾ ਸੀ। ਲੋਕਾਂ ਉਸ ਦਾ ਭਾਰੀ ਸਵਾਗਤ ਕੀਤਾ, ਉਹ ਹੁਣ ਪਾਤਿਸ਼ਾਹ ਜੱਸਾ ਸਿੰਘ ਨੂੰ 'ਸੁਲਤਾਨ-ਉਲ-ਕੌਮ' ਕਹਿ ਕੇ ਬੁਲਾਉਣ ਲੱਗ ਪਏ ਸਨ।

ਬਾਬਾ ਦੀਪ ਸਿੰਘ ਸ਼ਹੀਦ ਦੇ ਛੋਹੇ ਕੰਮ ਨੂੰ ਸਿਰੇ ਚੜ੍ਹਾਉਣ ਵਾਲਾ ਵੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸੀ। ਬਾਬਾ ਦੀਪ ਸਿੰਘ ਜੀ ਦੀ ਸ਼ਹਾਦਤ ਪਿੱਛੋਂ ਜਾਬਰ ਸ਼ਾਸਕਾਂ ਤੇ ਮੁਗ਼ਲ ਪਠਾਣਾਂ ਨੂੰ ਅਭੁੱਲ ਸਬਕ ਸਿਖਾਉਣ ਲਈ ਜੱਸਾ ਸਿੰਘ ਆਹਲੂਵਾਲੀਆ ਨੇ ਹੀ ਸਮੂਹ ਮਿਸਲਦਾਰਾਂ ਨੂੰ ਇਹ ਬਦਲਾ ਲੈਣ ਲਈ ਲਲਕਾਰਿਆ ਸੀ ਤੇ ਜਲੰਧਰ ਤਕ ਮੁਗ਼ਲ ਪਠਾਣੀ ਫ਼ੌਜਾਂ ਧਕਦਾ ਹੋਇਆ 1758 ਈ. ਵਿਚ ਉਨ੍ਹਾਂ ਨੂੰ ਵਾਪਸ ਕਾਬਲ ਭੱਜ ਜਾਣ ਲਈ ਮਜਬੂਰ ਕਰ ਦਿੱਤਾ। ਤੈਮੂਰ (ਅਬਦਾਲੀ ਦਾ ਪੁੱਤਰ) ਤੇ ਉਸ ਦਾ ਚੀਫ਼ ਕਮਾਂਡਰ ਜਹਾਨ ਖਾਨ ਮਸਾਂ ਜਾਨਾਂ ਬਚਾ ਕੇ ਨੱਸ ਸਕੇ। ਵਜ਼ੀਰਾਬਾਦ ਪਾਸ ਚਨਾਬ ਦਰਿਆ ਲੰਘਣ ਲੱਗਿਆਂ ਵੀ ਉਹਨਾਂ ਦਾ ਸਾਰਾ ਮਾਲ-ਅਸਬਾਬ ਵੀ ਲੁੱਟ ਲਿਆ ਅਤੇ ਪਠਾਣ ਲਸ਼ਕਰੀਆਂ ਨੂੰ ਬੰਨ੍ਹ ਕੇ ਅੰਮ੍ਰਿਤਸਰ ਲਿਆਂਦਾ ਗਿਆ ਤੇ ਉਹਨਾਂ ਪਾਸੋਂ ਹਰਿਮੰਦਰ ਸਰੋਵਰ ਸਾਫ਼ ਸ਼ੁੱਧ ਕਰਵਾਇਆ ਗਿਆ। ਅਬਦਾਲੀ ਨੇ ਜੋ ਬੇ-ਹੁਰਮਤੀ ਸ੍ਰੀ ਦਰਬਾਰ ਸਾਹਿਬ ਦੀ ਕੀਤੀ ਸੀ, ਉਸ ਦਾ ਪੂਰਾ-ਪੂਰਾ ਬਦਲਾ ਲਿਆ। ਹੁਣ ਸਿੱਖ ਇਕ ਤਰ੍ਹਾਂ ਦੇ ਪੰਜਾਬ ਦੇ ਵਾਹਿਦ ਹਾਕਮ ਸਨ।

ਜਿਸ ਤਰ੍ਹਾਂ ਸ. ਜੱਸਾ ਸਿੰਘ ਖ਼ਾਲਸਾ ਪਾਤਿਸ਼ਾਹੀ ਸਥਾਪਤ ਕਰਨ ਵਿਚ ਵੀ



SikhBookClub.Com

ਮੁਹਰੀ ਸੀ ਤੇ ਜਿਸ ਆਦਰ-ਸਤਿਕਾਰ ਦਾ ਪਾਤਰ ਸੀ, ਉਸ ਦੇ ਉਹ ਯੋਗ ਵੀ ਸੀ ਤੇ ਅਹਿਲ ਵੀ। ਉਹ ਸਰਬੱਤ ਖ਼ਾਲਸਾ ਜੀ ਨਾਲ ਹਰ ਥਾਂ ਖੜ੍ਹਾ ਹੈ। ਖ਼ਾਲਸਾ ਜੀ ਦੀ ਸੂਰਮਗਤੀ ਸਥਾਪਤ ਕਰਨ ਵਿਚ, ਵੈਰੀ ਤੇ ਜਾਬਰ ਨੂੰ ਵੰਗਾਰਨ ਵਿਚ, ਪਾਤਿਸ਼ਾਹੀ ਦਾ ਝੰਡਾ ਗੱਡਣ ਵਿਚ, ਤਖ਼ਤੋ-ਤਾਜ ਦੇ ਹਾਸਲ ਕਰਨ ਵਿਚ, ਖ਼ਾਲਸਾ ਜੀ ਦੇ ਸਿਰ ਪੁਰ ਸ਼ਾਹੀ ਛਤਰ ਝੁਲਾਉਣ ਵਿਚ ਆਜ਼ਾਦ ਕੀਤੇ ਪੰਜਾਬ ਤੇ ਮੁਕਤ ਕੀਤੇ ਦੇਸ਼ ਦੀ ਧਰਤ ਪਰ ਖ਼ਾਲਸਾਈ ਨਿਸ਼ਾਨ ਸਾਹਿਬ ਗੱਡਣ ਤੇ ਉਚੇਰਾ ਰੱਖਣ ਵਿਚ ਅਤੇ ਅਖੀਰ ਤਕ ਭੀੜਾ ਸਮੇਂ ਵੀ ਘਲੂਘਾਰਿਆਂ ਵਿਚੋਂ ਬੇ-ਸ਼ੁਮਾਰ ਜ਼ਖ਼ਮ ਖਾ-ਖਾ ਕੇ ਵਹੀਰਾਂ ਦੇ ਵਹੀਰਾਂ ਨੂੰ ਵੈਰੀ ਦੇ ਹੱਲੇ ਤੋਂ ਬਚਾ ਕੇ ਸੁਰਖਿਅਤ ਥਾਂ 'ਤੇ ਲੈ ਜਾਵਣ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸਦਾ ਖਲੋਤਾ ਨਜ਼ਰ ਆਇਆ। ਖ਼ਾਲਸਾ ਪਾਤਸ਼ਾਹੀ ਦਾ ਇਹ ਅਜਿਹਾ ਮਹਾਨ ਰਾਖਾ ਮਾਤਾ ਸੁੰਦਰੀ ਜੀ ਦੀ ਅਸੀਸ ਤੇ ਨਵਾਬ ਕਪੂਰ ਸਿੰਘ ਦੀ ਗੁਰ-ਭਗਤੀ ਸਦਕਾ ਹੀ ਖ਼ਾਲਸਾ ਜੀ ਨੂੰ ਨਸੀਬ ਹੋਇਆ।

ਅਜਿਹਾ ਮਹਾਨ ਨੇਤਾ, ਪਰਮ ਗੁਰਸਿੱਖ ਸੂਰਬੀਰ ਸੈਨਾ-ਪਤੀ ਤੇ ਸੂਝਵਾਨ ਉਸਰੱਈਆ ਸੀ, ਸਰਦਾਰ ਜੱਸਾ ਸਿੰਘ ਕਲਾਲ, ਗੁਰੂ ਕਾ ਲਾਲ, ਪਾਤਸ਼ਾਹ ਸਰਦਾਰ, ਖ਼ਾਲਸਾ ਦਲਾਂ ਦਾ ਮੁਹਰੀ, ਸੁਲਤਾਨ-ਉਲ-ਕੌਮ ਤੇ ਫਖਰ-ਉਲ ਕੌਮ, ਜਿਸ ਪੁਰ ਗੁਰ-ਮਾਤਾ, ਪੰਥ-ਮੁਖੀਏ ਤੇ ਸਿੱਖ ਸੰਗਤਾਂ ਦੀ ਮੇਹਰ ਦੀ ਦ੍ਰਿਸ਼ਟੀ ਸੀ ਤੇ ਉਹਨਾਂ ਦਾ ਪੂਰਨ ਵਿਸ਼ਵਾਸ ਪ੍ਰਾਪਤ ਸੀ।

ਅਰਥਾਤ ਇਨ੍ਹਾਂ ਵਿਚੋਂ ਕੋਈ ਇਕ ਹੀ ਭਾਗਸ਼ਾਲੀ ਮਾਤਾ ਦਾ ਸਪੂਤ ਹੁੰਦਾ ਹੈ, ਪਰੰਤੂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤਾਂ ਗੁਰ-ਮਾਤਾ-ਭਗਤ ਵੀ ਸੀ, ਜਿਸ ਨੇ ਗੁਰ-ਮਾਤਾ ਤੇ ਗੁਰ ਪਿਤਾ ਤੇ ਕਲਗੀਧਰ ਦੀ ਅਨਿੰਨ ਭਗਤੀ ਕੀਤੀ, ਆਪਣੇ ਪਾਲਕ ਤੇ ਮੁਰਸ਼ਿਦ ਨਵਾਬ ਕਪੂਰ ਸਿੰਘ ਅਤੇ ਸਿੱਖ ਪੰਥ ਨਾਲ ਵਫਾ ਪੂਰੀ ਨਿਭਾਈ ਅਤੇ ਜੋ ਰਣ-ਭੂਮੀ ਦਾ ਸੂਰਮਾ ਨਿਹੰਗ ਸੀ—ਜਿਸ ਨੇ ਆਪਣਾ ਲਹੂ-ਪਸੀਨਾ ਪੰਥ ਦੀ ਉਸਾਰੀ ਵਿਚ ਲਾ ਦਿੱਤਾ—

> ਕਿੱਡਾ ਵੱਡਾ ਭਗਤ ਸੀ, ਜੋ ਗੁਰ-ਭਗਤੀ ਤੋਂ ਡੋਲਿਆ ਨਾਂਹ। ਕਿੱਡਾ ਮਹਾਨ ਦਾਤਾ ਸੀ, ਜਿਸ ਨੇ ਆਪਣੇ ਪ੍ਰਾਣਾਂ ਤੇ ਖ਼ੂਨ ਦੇ ਦਾਨ ਦੀ ਆਹੂਤੀ ਪਾਈ।

ਤੇ—

> ਕਿਤਨਾ ਮਹਾਨ ਸੂਰਮਾ ਸੀ, ਜਿਸ ਨੇ ਕਾਬਲ, ਕੰਧਾਰ ਤੇ ਹਿੰਦੁਸਤਾਨ ਦੇ ਜਾਬਰ ਵਿਜੇਤੇ, ਜ਼ਾਲਮ ਦਰਿੰਦੇ ਅਬਦਾਲੀ ਨੂੰ ਰਣ-ਤੱਤੇ ਵਿਚ ਵੰਗਾਰਿਆ ਅਤੇ ਅਖੀਰ ਧਰਮ ਯੁੱਧ ਵਿਚ ਵਿਜੈ ਪ੍ਰਾਪਤ ਕੀਤੀ।

ਨਿਰ-ਸੰਦੇਹ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਠਾਰ੍ਹਵੀਂ ਸਦੀ ਦਾ ਲਾਸਾਨੀ ਜਰਨੈਲ, ਗੁਰੂ-ਪੰਥ ਖ਼ਾਲਸੇ ਦਾ ਵਫ਼ਾਦਾਰ ਸੰਤ-ਸਿਪਾਹੀ ਅਤੇ ਸਿੱਖ



SikhBookClub.Com

ਸੰਗਤਾਂ ਦਾ ਨਿਰਮਾਣ ਸੇਵਕ ਸੀ। ਜ਼ਮਾਨਾ ਕਦੀ ਸਾਜ਼ੋ-ਨਾਦਰ ਹੀ ਅਜਿਹੇ ਮਹਾਨ ਵਿਅਕਤੀ ਪੈਦਾ ਕਰਦਾ ਹੈ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਸਿੱਧ ਕਰ ਦਿੱਤਾ ਕਿ ਦ੍ਰਿੜ੍ਹ ਵਿਸ਼ਵਾਸ, ਨਿਰੰਤਰ ਜਤਨ ਅਤੇ ਧਰਮ ਤੇ ਦੇਸ਼ ਨਾਲ ਅਟੁੱਟ ਪਿਆਰ ਮੁਹੱਬਤ ਹੀ ਸੂਰਬੀਰ ਜੋਧਿਆਂ ਦੀਆਂ ਸ਼ਮਸ਼ੀਰਾਂ ਤਲਵਾਰਾਂ ਤੇ ਜੰਗ ਦੇ ਹਥਿਆਰ ਹੁੰਦੇ ਹਨ, ਜੋ ਅਖੀਰ ਜ਼ਾਲਮ ਨੂੰ ਸ਼ਫਹਾ-ਏ ਹਸਤੀ ਤੋਂ ਹਰਫੇ-ਗਲਤ ਵਾਂਗ ਮਿਟਾ ਕੇ ਰੱਖ ਦੇਂਦੇ ਹਨ ਅਤੇ ਕੌਮ ਦੀਆਂ ਸਦੀਆਂ ਦੀ ਗੁਲਾਮੀ ਤੇ ਪ੍ਰਾਧੀਨਤਾ ਦੀਆਂ ਜ਼ੰਜੀਰਾਂ ਤੋੜ ਕੇ ਪਾਸ-ਪਾਸ ਕਰ ਦੇਂਦੇ ਹਨ—

*ਯਕੀਂ ਮੁਹਕਮ, ਅਮਲ ਪੈਹਮ, ਮੁਹੱਬਤ ਫ਼ਾਤਿਹੇ ਆਲਮ,*
*ਜਹਾਦਿ-ਜ਼ਿੰਦਗਾਨੀ ਮੇਂ ਹੈਂ ਯਿਹ ਮਰਦੋਂ ਕੀ ਸ਼ਮਸ਼ੀਰੇਂ।*

ਅਤੇ—

*ਗੁਲਾਮੀ ਮੇਂ ਨਾ ਕਾਮ ਆਤੀ ਹੈਂ ਸ਼ਮਸ਼ੀਰੇਂ ਨਾ ਤਦਬੀਰੇਂ।*
*ਜੋ ਹੋ ਜ਼ੌਕਿ-ਯਕੀਂ ਪੈਦਾ ਤੇ ਕੱਟ ਜਾਤੀਂ ਹੈ ਜ਼ੰਜੀਰੇਂ।*

*(ਇਕਬਾਲ)*

ਸਰਦਾਰ ਜੱਸਾ ਸਿੰਘ ਨੇ ਉਸ ਜ਼ੁਲਮ, ਜਬਰ, ਗ਼ੁਲਾਮੀ ਦੀ ਹਨ੍ਹੇਰੀ ਰਾਤ ਵਿਚ ਆਪਣੇ ਤਨ-ਬਦਨ 'ਤੇ ਅਨੇਕਾਂ ਘਾਉ ਫੱਟ ਸਹਾਰ ਕੇ ਅਤੇ ਸਰੀਰ ਦਾ ਆਖ਼ਰੀ ਕਤਰਾ ਵੀ ਬਹਾ ਕੇ ਇਸ ਕਾਲੀ ਬੋਲੀ ਰਾਤ ਨੂੰ ਮਿਟਾ ਕੇ ਰੱਖ ਦਿੱਤਾ। ਜਿਵੇਂ ਸੈਂਕੜੇ ਹਜ਼ਾਰਾਂ ਤਾਰਿਆਂ ਦੇ ਖ਼ੂਨ ਨਾਲ ਅਖੀਰ ਚਿੱਟੇ ਚਾਨਣ ਦੀ ਪ੍ਰਭਾਤ ਉਜਾਗਰ ਹੁੰਦੀ ਹੈ, ਤਿਵੇਂ ਹੀ ਇਸ ਸੁਲਤਾਨ-ਉਲ-ਕੌਮ ਨੇ ਔਕੜਾਂ, ਮੁਸ਼ਕਲਾਂ ਤੇ ਤਕਲੀਫਾਂ ਦੀ ਰਤਾ ਪ੍ਰਵਾਹ ਨਾ ਕਰਦੇ ਹੋਏ ਅਖੀਰ ਖ਼ਾਲਸਾ ਪਾਤਿਸ਼ਾਹਤ ਦਾ ਸੂਰਜ ਉਦੈ ਕਰ ਵਿਖਾਇਆ, ਜਿਸ ਨਾਲ ਪੰਜ ਦਰਿਆਵਾਂ ਦੀ ਧਰਤ ਤੋਂ ਜ਼ੁਲਮ, ਅਨਿਆਇ ਤੇ ਅੱਤਿਆਚਾਰ ਦਾ ਗੂੜ੍ਹਾ ਕਾਲਾ ਸ਼ਾਹ ਹਨੇਰਾ ਸਦਾ ਲਈ ਦੂਰ ਹੋ ਗਿਆ। ਲੋਕਾਈ ਨੇ ਇਸ ਤੇਜਸਵੀ ਸੂਰਜ ਨੂੰ ਨਿਵ-ਨਿਵ ਸਲਾਮਾਂ ਕੀਤੀਆਂ, ਜਿਸ ਦੇ ਕੀਤੇ ਅਤੇ ਅੰਕੁਲੀਆਂ ਭਰ-ਭਰ ਉਸ ਨੂੰ ਗੰਗਾ-ਜਲ ਚੜ੍ਹਾਇਆ।

ਲੋੜ ਹੈ ਅੱਜ ਗੁਰੂ-ਪੰਥ ਵਿਚ ਮੁੜ ਕੋਈ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਪੈਦਾ ਹੋਵੇ, ਜੋ ਅਨਿਆਇ, ਕਾਣੀ ਵੰਡ ਤੇ ਵਿਤਕਰੇ ਦੇ ਜਬਰ ਭਰੇ ਲਸ਼ਕਰ ਨੂੰ ਪਛਾੜ ਦੇਵੇ ਅਤੇ ਸੱਚੇ ਅੱਖਰਾਂ ਵਿਚ ਦੇਸ਼ ਵਿਚ :

**"ਸਚਾ ਅਮਰੁ ਸਚੀ ਪਾਤਸ਼ਾਹੀ"**

ਸਥਾਪਤ ਕਰੇ। ਸਾਰਾ ਪੰਥ ਇਹੋ ਆਸ ਲਾਈ ਬੈਠਾ ਹੈ।



SikhBookClub.Com

# ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ

*—ਪ੍ਰੋ. ਲਾਭ ਸਿੰਘ*

ਆਪਣੀ ਸੰਸਾਰਕ ਯਾਤਰਾ ਸਮਾਪਤ ਕਰਨ ਤੋਂ ਕੁਝ ਕੁ ਸਮਾਂ ਪਹਿਲਾਂ 1708 ਈ. ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਵੱਲ ਜ਼ਾਲਮਾਂ ਨੂੰ ਸੋਧਣ ਹਿੱਤ ਭੇਜਿਆ ਸੀ। ਉਹ 1709 ਈ. ਵਿਚ ਏਥੇ ਪੁੱਜੇ ਅਤੇ ਗੁਰੂ ਸਾਹਿਬ ਦੇ ਆਦੇਸ਼ਾਂ ਅਨੁਸਾਰ ਉਨ੍ਹਾਂ ਨੇ ਜ਼ਾਲਮਾਂ ਦੀ ਸੋਧ-ਸੁਧਾਈ ਦਾ ਕਾਰਜ ਆਰੰਭ ਕੀਤਾ। ਸਤਲੁਜ ਤੋਂ ਪਾਰਲੇ ਇਲਾਕੇ ਵਿਚ ਸਰਹੰਦ ਮੁਗ਼ਲ-ਸ਼ਕਤੀ ਦਾ ਗੜ੍ਹ ਸੀ। ਏਥੋਂ ਦੇ ਜ਼ਾਲਮ ਸੂਬੇਦਾਰ ਵਜ਼ੀਰ ਖ਼ਾਂ ਨੂੰ ਬੰਦਾ ਸਿੰਘ ਬਹਾਦਰ ਨੇ 12 ਮਈ, 1710 ਈ. ਨੂੰ ਚਪੜਚਿੜੀ ਦੇ ਸਥਾਨ 'ਤੇ ਹਾਰ ਦਿੱਤੀ ਅਤੇ ਉਹ ਹੱਥੋਂ-ਹੱਥ ਲੜਾਈ ਵਿਚ ਸ. ਬਾਜ ਸਿੰਘ ਤੇ ਫਤਹ ਸਿੰਘ ਹੱਥੋਂ ਮਾਰਿਆ ਗਿਆ। ਸਰਹੰਦ 'ਤੇ ਬਾਬਾ ਬੰਦਾ ਸਿੰਘ ਬਹਾਦਰ ਦਾ ਕਬਜ਼ਾ ਹੋ ਗਿਆ। ਪੰਜਾਬ ਵੱਲੋਂ ਪੁੱਜ ਰਹੀਆਂ ਅਜਿਹੀਆਂ ਖ਼ਬਰਾਂ ਨੇ ਦੱਖਣ ਵਿਚ ਬਾਦਸ਼ਾਹ ਬਹਾਦਰ ਸ਼ਾਹ ਦੀ ਨੀਂਦ ਹਰਾਮ ਕਰ ਦਿੱਤੀ। ਉਹ ਵਾਹੋ-ਦਾਹੀ ਪੰਜਾਬ ਵੱਲ ਦੌੜਿਆ। 8 ਸਤੰਬਰ ਨੂੰ ਉਸ ਨੇ ਹੁਕਮ ਜਾਰੀ ਕੀਤਾ ਕਿ ਸਾਰੇ ਹਿੰਦੂ ਸਰਕਾਰੀ ਮੁਲਾਜ਼ਮ ਆਪਣੀਆਂ ਦਾੜ੍ਹੀਆਂ ਮੁਨਵਾ ਲੈਣ ਤਾਂ ਕਿ ਇਨ੍ਹਾਂ ਵਿੱਚੋਂ ਸਿੱਖਾਂ ਦੀ ਸ਼ਨਾਖ਼ਤ ਹੋ ਸਕੇ। ਇਸ ਉਪਰੰਤ 10 ਦਸੰਬਰ, 1710 ਈ. ਨੂੰ ਬਹਾਦਰ ਸ਼ਾਹ ਨੇ ਸਿੱਖਾਂ ਦੇ ਸਰਬਨਾਸ਼ ਲਈ ਇਹ ਪਹਿਲਾ ਹੁਕਮ ਜਾਰੀ ਕੀਤਾ:-

*"ਨਾਨਕ ਪ੍ਰਸਤਾਨ ਰਾ ਹਰ ਜਾ ਕਿਹ,*
*ਬ-ਬਾਬੰਦ ਬ ਕਤਲ ਰਸਨੰਦ।"* *(ਤੁਜ਼ਕ-ਏ-ਜਹਾਂਗੀਰੀ)*

ਭਾਵ, (ਕਿ ਨਾਨਕ ਪੂਜ {ਸਿੱਖ} ਜਿਥੇ ਕਿਧਰੇ ਵੀ ਮਿਲਣ ਕਤਲ ਕਰ ਦਿੱਤੇ ਜਾਣ)

ਜ਼ਾਲਮਾਂ ਵਿਰੁੱਧ ਛੇ ਕੁ ਸਾਲ ਨਿਰੰਤਰ ਸੰਘਰਸ਼ ਜਾਰੀ ਰੱਖਣ ਉਪਰੰਤ ਬਾਬਾ ਬੰਦਾ ਸਿੰਘ ਬਹਾਦਰ ਗ੍ਰਿਫ਼ਤਾਰ ਹੋ ਗਿਆ ਅਤੇ ਉਸ ਨੂੰ 9 ਜੂਨ, 1716 ਈ. ਨੂੰ ਦਿੱਲੀ ਵਿਖੇ ਭਿਆਨਕ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।

ਇਸ ਸ਼ਹੀਦੀ ਦੇ ਫੌਰਨ ਬਾਅਦ ਬਾਦਸ਼ਾਹ ਫਰੁਖ਼ਸੀਅਰ ਨੇ ਸਿੱਖਾਂ ਪ੍ਰਤੀ ਮੁੜ ਇਸ ਭਾਵ ਦਾ ਹੁਕਮ ਜਾਰੀ ਕੀਤਾ:



SikhBookClub.Com

*"ਬਾਦ ਕਤਲਿ ਓ ਹੁਕਮ ਸ਼ੁਦ ਕਿ ਹਰ ਜਾ ਈਂ,*
*ਫਿਰਕਾ ਰਾ-ਬਾਬੰਦ, ਬੇ ਤਅਮਲ ਬਿ-ਕੁਸ਼ੰਦ ।"*

*(ਤੁਜ਼ਕ-ਏ-ਜਹਾਂਗੀਰੀ)*

ਭਾਵ : {ਉਸ (ਬੰਦਾ ਸਿੰਘ) ਦੇ ਕਤਲ ਤੋਂ ਬਾਅਦ ਹੁਕਮ ਹੋ ਗਿਆ ਕਿ ਇਸ ਫਿਰਕੇ ਦੇ ਲੋਕ ਜਿਥੇ ਵੀ ਲੱਭਣ ਬਿਨਾਂ ਪੁੱਛ-ਪੜਤਾਲ ਦੇ ਮਾਰ ਦਿੱਤੇ ਜਾਣ}।

ਇਉਂ ਸਿੰਘਾਂ ਉਪਰ ਜਿਸ ਸਮੇਂ ਰਾਜ ਕੋਪ ਦਾ ਦਮਨ ਚੱਕਰ ਜ਼ੋਰ-ਸ਼ੋਰ ਨਾਲ ਚਲ ਰਿਹਾ ਸੀ ਤਾਂ ਦਸਮੇਸ਼ ਪਿਤਾ ਦੀ ਰਹਿਮਤ ਦਾ ਸਦਕਾ ਲਾਹੌਰ ਤੋਂ ਕੋਈ ਪੰਜ ਕੁ ਕੋਹ ਚੜ੍ਹਦੇ ਵੱਲ ਆਹਲੂ ਪਿੰਡ ਵਾਸੀ ਭਾਈ ਬਦਰ ਸਿੰਘ ਦੇ ਘਰ 3 ਮਈ 1718 ਈ. ਨੂੰ ਉਸ ਹੋਣਹਾਰ ਬਾਲਕ ਜੱਸਾ ਸਿੰਘ ਜੀ ਨੇ ਜਨਮ ਲਿਆ, ਜਿਸ ਦੇ ਭਾਗਾਂ ਵਿਚ ਅਠਾਰ੍ਹਵੀਂ ਸਦੀ ਦੇ ਅਤੀ ਬਿਖੜੇ ਕਾਲਾਂ ਦੇ ਦੌਰਾਨ ਨਿਰੰਤਰ ਪੈਂਤੀ ਸਾਲ ਤੱਕ ਪੰਥਕ ਜਥੇਬੰਦੀ ਦੀ ਅਗਵਾਈ ਕਰਨੀ ਲਿਖੀ ਸੀ। ਇਹ ਜਥੇਦਾਰ ਜੱਸਾ ਸਿੰਘ ਜੀ ਹੀ ਸੀ ਜਿਸ ਨੇ ਜ਼ਕਰੀਆਂ ਖਾਂ, ਸ਼ਾਹ ਨਿਵਾਜ ਖ਼ਾਂ, ਮੀਰ ਮਨੂੰ, ਅਹਿਮਦ ਸ਼ਾਹ ਅਬਦਾਲੀ ਤੇ ਅਦੀਨਾਬੇਗ ਇਨ੍ਹਾਂ ਸਾਰਿਆਂ ਦੀ ਸਿੱਖ ਪੰਥ ਤੇ ਕਰੋਪੀ ਦਾ ਸਾਹਸ ਤੇ ਦਲੇਰੀ ਨਾਲ ਟਾਕਰਾ ਕੀਤਾ। ਜੰਗਲ ਬੇਲਿਆਂ ਤੇ ਪਹਾੜਾਂ ਦੀਆਂ ਕੰਦਰਾਂ ਵਿਚ ਜਾਨਵਰਾਂ ਦੀ ਤਰ੍ਹਾਂ ਲੁੱਕ ਛਿਪ ਕੇ ਝੱਟ ਲੰਘਾ ਰਹੇ ਸਿੰਘਾਂ ਨੂੰ ਯਮੁਨਾ ਤੋਂ ਸਿੰਧ ਤੱਕ ਦੇ ਇਲਾਕੇ ਤੇ ਖ਼ੁਦਮੁਖ਼ਤਿਆਰ ਹਾਕਮ ਬਣਾ ਦਿੱਤਾ। ਦਸਮੇਸ਼ ਪਿਤਾ ਦੇ ਹੰਨੇ ਹੰਨੇ ਪਾਤਸ਼ਾਹੀਆਂ ਮਾਣਨ ਦੇ ਭਵਿੱਖ ਵਾਕ ਸੱਚ ਕਰ ਵਿਖਾਏ ।

ਮਨੁੱਖ ਦੀ ਜੀਵਨ ਗਤੀ ਦੀ ਸੇਧ ਨਿਸ਼ਚਤ ਕਰਨ ਵਿਚ ਉਸ ਦੇ ਪਰਿਵਾਰਕ ਪਿਛੋਕੜ ਦਾ ਬੜਾ ਅਹਿਮ ਰੋਲ ਹੁੰਦਾ ਹੈ। ਜਥੇਦਾਰ ਜੱਸਾ ਸਿੰਘ ਜੀ ਦੇ ਸਿੱਖੀ ਸਿਦਕ ਤੇ ਪਿਆਰ ਨੂੰ ਸਮਝਣ ਲਈ ਵੀ ਉਨ੍ਹਾਂ ਦੇ ਪਰਿਵਾਰਕ ਪਿਛੋਕੜ ਨੂੰ ਸਮਝਣਾ ਜ਼ਰੂਰੀ ਹੋ ਜਾਂਦਾ ਹੈ। ਇਸ ਜਾਣਕਾਰੀ ਤੋਂ ਇਹ ਵੀ ਪਤਾ ਲੱਗੇਗਾ ਕਿ ਉਨ੍ਹਾਂ ਨੂੰ ਆਹਲੂਵਾਲੀਆ ਜਾਂ ਕਲਾਲ ਕਿਉਂ ਆਖਿਆ ਜਾਂਦਾ ਹੈ।

ਗਿਆਨੀ ਗਿਆਨ ਸਿੰਘ ਨੇ ਆਪਣੀ ਪੁਸਤਕ ਤਵਾਰੀਖ਼ ਰਾਜ ਖ਼ਾਲਸਾ ਵਿਚ ਜਥੇਦਾਰ ਜੱਸਾ ਸਿੰਘ ਜੀ ਦੀ ਪੁਰਾਤਨ ਬੰਸਾਵਲੀ ਦਾ ਜੋ ਛਿਜਰਾ ਦਿੱਤਾ ਹੈ, ਉਸ ਅਨੁਸਾਰ ਇਨ੍ਹਾਂ ਦੇ ਖ਼ਾਨਦਾਨ ਦਾ ਸਬੰਧ ਯਾਦੂਬੰਸੀ ਭੱਟੀ ਕੁੱਲ ਦੇ ਜੈਸਲਮੇਰੀ ਰਾਜਪੂਤ ਰਾਜਿਆਂ ਨਾਲ ਜੁੜਦਾ ਹੈ। ਅਕਬਰ ਦੇ ਰਾਜ ਸਮੇਂ ਇਸ ਗੱਦੀ ਤੇ ਰਾਣਾ ਹਰਿ ਰਾਇ ਬੈਠਾ ਸੀ। ਹੋਰਨਾਂ ਰਾਜਪੂਤ ਰਾਜਿਆਂ ਵਾਂਗ ਅਕਬਰ ਨੇ ਇਨ੍ਹਾਂ ਪਾਸੋਂ ਵੀ ਲੜਕੀ ਦੀ ਮੰਗ ਕੀਤੀ। ਰਾਣਾ ਹਰਿ ਰਾਇ ਦੇ ਕੋਈ ਲੜਕੀ ਨਾ ਹੋਣ ਕਾਰਨ ਇਹ ਮੰਗ ਉਸ ਦੇ ਭਾਈ ਰਾਣਾ ਤੁਲਸੀ ਪਾਸੋਂ ਕੀਤੀ ਗਈ। ਰਾਣਾ ਤੁਲਸੀ ਬੜਾ ਗੈਰਤਮੰਦ ਇਨਸਾਨ ਸੀ, ਉਸ ਨੇ ਸੁਖ ਤੇ ਐਸ਼ਵਰਜ ਦੀ ਬੇ-ਗੈਰਤ ਜ਼ਿੰਦਗੀ ਜਿਉਣ ਨਾਲੋਂ ਗਰੀਬੀ ਦਾਅਵੇ ਵਾਲੀ ਅਣਖ ਭਰਪੂਰ ਜ਼ਿੰਦਗੀ



SikhBookClub.Com

ਬਸਰ ਕਰਨ ਦਾ ਨਿਸ਼ਚਾ ਕਰ ਲਿਆ। ਆਪਣੇ ਪਰਿਵਾਰ ਸਮੇਤ ਉਹ ਘਰ ਘਾਟ ਛੱਡ ਕੇ ਪੰਜਾਬ ਵੱਲ ਆ ਗਿਆ। ਉਸ ਦਾ ਪਰਿਵਾਰ ਕੁਝ ਪੁਸ਼ਤਾਂ ਤਕ ਬਠਿੰਡਾ ਤੇ ਫਿਰੋਜ਼ਪੁਰ ਦੇ ਇਲਾਕਿਆਂ ਵਿਚ ਰਹਿਣ ਤੋਂ ਬਾਅਦ ਤਰਨ ਤਾਰਨ ਦੇ ਲਾਗੇ ਗੋਰਖ ਚੱਕ ਵਿਚ ਆ ਵੱਸਿਆ। ਜੱਟਾਂ ਨਾਲ ਰਿਸ਼ਤੇ ਨਾਤਿਆਂ ਦੀ ਸਾਂਝ ਪਾ ਕੇ ਇਹ ਉਨ੍ਹਾਂ ਨਾਲ ਹੀ ਘੁਲ-ਮਿਲ ਗਏ ।

ਇਨ੍ਹਾਂ ਦੇ ਪਰਿਵਾਰ ਵਿੱਚੋਂ ਭਾਈ ਸੈਨਾ ਸਿੰਘ ਤੇ ਉਸ ਦੇ ਪੁੱਤਰ ਭਾਈ ਵਧਾਵਾ ਸਿੰਘ ਨੇ ਮੀਰੀ-ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਦੀ ਫ਼ੌਜ ਵਿਚ ਭਰਤੀ ਹੋ ਕੇ ਤਨ ਮਨ ਧਨ ਨਾਲ ਸੇਵਾ ਕੀਤੀ ਸੀ। ਦੋਵੇਂ ਪਿਉ ਪੁੱਤਰ ਬੜੇ ਬਹਾਦਰ ਤੇ ਸੂਰਬੀਰ ਸਨ ।

ਭਾਈ ਵਧਾਵਾ ਸਿੰਘ ਦਾ ਪੁੱਤਰ ਗੰਡਾ ਸਿੰਘ ਵੀ ਇਕ ਨਿਧੜਕ ਜੋਧਾ ਹੋਇਆ ਹੈ। ਉਸ ਨੇ ਲਾਹੌਰ ਦੇ ਹਾਕਮ ਦਿਲਾਵਰ ਖ਼ਾਂ ਦੇ ਮਨ ਤੇ ਆਪਣੇ ਬੀਰਤਾ ਦੀ ਧਾਕ ਜਮਾਂ ਦਿੱਤੀ ਸੀ। ਦਿਲਾਵਰ ਖ਼ਾਂ ਨੇ ਉਸ ਨੂੰ ਆਪਣੀ ਫ਼ੌਜ ਵਿਚ ਭਰਤੀ ਕਰ ਕੇ ਮੁਲਤਾਨ ਦੀ ਮੁਹਿੰਮ ਤੇ ਭੇਜਿਆ ਜਿੱਥੇ ਗੰਡਾ ਸਿੰਘ ਦੀ ਬਹਾਦਰੀ ਨੇ ਉਥੇ ਦਿਲਾਵਰ ਖ਼ਾਂ ਦੀ ਹੋ ਰਹੀ ਹਾਰ ਨੂੰ ਜਿੱਤ ਵਿਚ ਤਬਦੀਲ ਕਰ ਦਿੱਤਾ। ਪ੍ਰਸੰਨ ਹੋ ਕੇ ਦਿਲਾਵਰ ਖ਼ਾਂ ਨੇ ਉਸ ਨੂੰ ਆਹਲੂ ਪਿੰਡ ਦੀ ਮਾਫ਼ੀ ਲਿਖ ਦਿੱਤੀ ਅਤੇ ਹੋਰ ਚਾਰ ਪਿੰਡਾਂ ਦਾ ਜ਼ਿਮੀਂਦਾਰਾ ਇਨਾਮ ਵਜੋਂ ਦਿੱਤਾ। ਗੰਡਾ ਸਿੰਘ ਦੇ ਅਕਾਲ ਚਲਾਣੇ ਪਿੱਛੋਂ ਉਸ ਦੇ ਪੁੱਤਰ ਸਾਧੂ ਸਿੰਘ ਆਹਲੂ ਪਿੰਡ ਆ ਵਸਿਆ। ਇਸ ਤਰ੍ਹਾਂ ਜੱਸਾ ਸਿੰਘ ਜੀ ਦੇ ਵੱਡੇ ਵਡੇਰੇ ਆਹਲੂਵਾਲੀਏ ਪ੍ਰਸਿੱਧ ਹੋਏ।

ਸਾਧੂ ਸਿੰਘ ਦੇ ਵੱਡੇ ਪੁੱਤਰ ਗੁਪਾਲ ਸਿੰਘ ਨੂੰ ਕਪੂਰਥਲੇ ਦੇ ਆਹਲੂਵਾਲੀਆਂ ਦਾ ਵੱਡਾ ਵਡੇਰਾ ਮੰਨਿਆ ਜਾਂਦਾ ਹੈ। ਜਥੇਦਾਰ ਜੱਸਾ ਸਿੰਘ ਜੀ ਦਾ ਦਾਦਾ ਦੇਵਾ ਸਿੰਘ ਇਸ ਗੁਪਾਲ ਸਿੰਘ ਦਾ ਪੁੱਤਰ ਸੀ। ਉਹ ਕੁਝ ਸਮਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿਚ ਸੇਵਾ ਕਰਦਾ ਰਿਹਾ ਸੀ। ਦੇਵਾ ਸਿੰਘ ਦੇ ਤਿੰਨ ਪੁੱਤਰਾਂ-ਗੁਰਬਖ਼ਸ਼ ਸਿੰਘ, ਸਦਰ ਸਿੰਘ ਤੇ ਬਦਰ ਸਿੰਘ ਵਿੱਚੋਂ ਜੱਸਾ ਸਿੰਘ ਜੀ ਦਾ ਪਿਤਾ ਬਦਰ ਸਿੰਘ ਸਭ ਤੋਂ ਛੋਟਾ ਸੀ। ਜੱਸਾ ਸਿੰਘ ਜੀ ਦੀ ਮਾਂ ਹੱਲੋ-ਸਾਧੋ ਦੇ ਪ੍ਰਸਿੱਧ ਸਰਦਾਰ ਬਾਘ ਸਿੰਘ ਦੀ ਭੈਣ ਸੀ। ਬਦਰ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀ ਸਿੰਘਾਂ ਪਾਸੋਂ ਅੰਮ੍ਰਿਤ ਪਾਨ ਕੀਤਾ ਸੀ। ਜਥੇਦਾਰ ਜੱਸਾ ਸਿੰਘ ਜੀ ਦੀ ਮਾਤਾ ਨੂੰ ਗੁਰਮੁਖੀ ਪੜ੍ਹਨ ਦਾ ਚੰਗਾ ਅਭਿਆਸ ਸੀ। ਬਹੁਤ ਸਾਰੀ ਗੁਰਬਾਣੀ ਵੀ ਉਸ ਦੇ ਜ਼ਬਾਨੀ ਕੰਠ ਸੀ। ਗੁਰਬਾਣੀ ਦੀ ਇਕ ਪੋਥੀ ਉਹ ਹਮੇਸ਼ਾਂ ਆਪਣੇ ਗਾਤਰੇ ਪਾਈ ਰੱਖਦੀ। ਉਹ ਸੁਭਾ ਸ਼ਾਮ ਦੇ ਨਿਤਨੇਮ ਦੀ ਮਰਯਾਦਾ ਦੀ ਪੱਕੀ ਧਾਰਨੀ ਸੀ ਅਤੇ ਦੁਤਾਰੇ ਤੇ ਬਹੁਤ ਅੱਛਾ ਕੀਰਤਨ ਕਰਦੀ ਸੀ।

ਕਾਫ਼ੀ ਸਮਾਂ ਬੀਤ ਜਾਣ ਤਕ ਵੀ ਜਦ ਬਦਰ ਸਿੰਘ ਦੇ ਘਰ ਕੋਈ ਔਲਾਦ ਨਾ ਹੋਈ ਤਾਂ ਪਤੀ ਪਤਨੀ ਗੁਰੂ ਚਰਨਾਂ ਵਿਚ ਹਾਜ਼ਰ ਹੋਏ। ਮਿਹਰ ਦੇ ਘਰ ਆ ਕੇ ਦਸਮੇਸ਼ ਪਿਤਾ ਨੇ ਅਸੀਸ ਬਖ਼ਸ਼ੀ-



SikhBookClub.Com

**"ਅਕਾਲ ਪੁਰਖ ਦੀ ਅਰਾਧਨਾ ਕਰੋ,**
**ਸਾਧ ਸੰਗਤ ਦੀ ਸੇਵਾ ਕਰੋ,**
**ਗੁਰੂ ਨਾਨਕ ਦਾ ਧਿਆਨ ਧਰੋ,**
**ਗੁਰੂ ਅੰਗ-ਸੰਗ ਹੈ,**
**ਤੁਹਾਡਾ ਪੁੱਤਰ ਗੁਰੂ ਕਾ ਲਾਲ ਹੋਵੇਗਾ।"**

ਢੇਰ ਸਮਾਂ ਬੀਤ ਜਾਣ ਤੋਂ ਬਾਅਦ ਸਤਿਗੁਰੂ ਦੀ ਅਸੀਸ ਫਲੀਭੂਤ ਹੋਈ। ਇਸ ਸ਼ਰਧਾਵਾਨ ਗੁਰਸਿੱਖ ਜੋੜੇ ਦੇ ਘਰ ਗੁਰੂ ਕੇ ਲਾਲ ਜੱਸਾ ਸਿੰਘ ਜੀ ਨੇ ਜਨਮ ਲਿਆ। ਬਾਲ ਜੱਸਾ ਸਿੰਘ ਜੀ ਦਾ ਪਿਤਾ ਉਸ ਤੋਂ ਕੋਈ ਚਾਰ ਕੁ ਸਾਲ ਬਾਅਦ 1722 ਈ. ਵਿਚ ਅਕਾਲ ਚਲਾਣਾ ਕਰ ਗਿਆ, ਜਿਸ ਕਰਕੇ ਉਸ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਉਸ ਦੀ ਮਾਤਾ ਨੇ ਨਿਭਾਈ। ਪਤੀ ਦੇ ਚਲਾਣੇ ਤੋਂ ਬਾਅਦ ਬਾਲ ਜੱਸਾ ਸਿੰਘ ਜੀ ਦੀ ਮਾਤਾ ਉਸ ਨੂੰ ਮਾਤਾ ਸੁੰਦਰ ਕੌਰ ਜੀ ਦੇ ਦਰਸ਼ਨਾਂ ਲਈ ਦਿੱਲੀ ਲੈ ਗਈ। ਮਾਂ ਪੁੱਤਰ ਦਾ ਸਿੱਖੀ ਪਿਆਰ ਦੇਖ ਕੇ ਅਤੇ ਉਨ੍ਹਾਂ ਪਾਸੋਂ ਸਵੇਰ ਸ਼ਾਮ ਦੇ ਦੀਵਾਨਾਂ ਵਿਚ ਸੁਰੀਲੀ ਅਵਾਜ਼ ਨਾਲ ਦੁਤਾਰੇ ਤੇ ਕੀਰਤਨ ਸੁਣ ਕੇ ਮਾਤਾ ਸੁੰਦਰ ਕੌਰ ਜੀ ਬਹੁਤ ਪ੍ਰਸੰਨ ਹੋਏ। ਪਿਆਰ ਨਾਲ ਮਾਂ ਪੁੱਤਰ ਨੂੰ ਸੱਤ ਸਾਲ ਤਕ ਆਪਣੇ ਪਾਸ ਰੱਖਿਆ। ਮਾਤਾ ਸੁੰਦਰ ਕੌਰ ਜੀ ਨੇ ਬਾਲ ਜੱਸਾ ਸਿੰਘ ਜੀ ਨੂੰ ਪੁਤਰੈਲਾ ਭਾਵ (ਧਰਮ ਪੁੱਤਰ) ਬਣਾ ਲਿਆ। ਧਾਰਮਿਕ ਵਿਦਿਆ ਤੋਂ ਇਲਾਵਾ ਉਸ ਲਈ ਮਤਲਬ ਦੀ ਪੜ੍ਹਾਈ ਦਾ ਵੀ ਪ੍ਰਬੰਧ ਕੀਤਾ।

ਕੋਈ ਸੱਤ ਸਾਲ ਬਾਅਦ 1729 ਈ. ਵਿਚ ਜਥੇਦਾਰ ਜੱਸਾ ਸਿੰਘ ਜੀ ਦਾ ਮਾਮਾ ਸਰਦਾਰ ਬਾਘ ਸਿੰਘ ਆਪਣੀ ਭੈਣ ਤੇ ਭਾਣਜੇ ਨੂੰ ਮਾਤਾ ਜੀ ਪਾਸੋਂ ਪੰਜਾਬ ਲੈ ਆਇਆ।

ਵਿਦਾਇਗੀ ਸਮੇਂ ਮਾਤਾ ਸੁੰਦਰ ਕੌਰ ਜੀ ਨੇ ਇਨ੍ਹਾਂ ਸਾਰਿਆਂ ਨੂੰ ਸਿੱਖੀ ਸਿਦਕ ਦੇ ਉਪਦੇਸ਼ ਤੋਂ ਇਲਾਵਾ ਬਾਲ ਜੱਸਾ ਸਿੰਘ ਜੀ ਨੂੰ ਇਕ ਤਲਵਾਰ, ਇਕ ਗੁਰਜ, ਢਾਲ ਕਮਾਨ ਤੇ ਤੀਰਾਂ ਦਾ ਭੱਥਾ, ਪੁਸ਼ਾਕਾ ਤੇ ਇਕ ਚਾਂਦੀ ਦਾ ਚੋਬ (ਆਸਾ) ਬਖ਼ਸ਼ੀ ਤੇ ਬਚਨ ਕੀਤਾ ਕਿ:

**'ਤੇਰੇ ਔਰ ਤੇਰੀ ਸੰਤਾਨ ਅੱਗੇ**
**ਆਸਿਆਂ ਵਾਲੇ (ਚੋਬਦਾਰ) ਚਲਿਆ ਕਰਨਗੇ ।'**

ਸਿੰਘਾਂ ਲਈ ਪੰਜਾਬ ਵਿਚ ਇਹ ਬਿਖੜਾ ਸਮਾਂ ਸੀ। ਸਰਦਾਰ ਬਾਘ ਸਿੰਘ ਦਾ ਪਿੰਡ ਹਲੋ ਲਾਹੌਰ ਦੇ ਲਾਗੇ ਹੋਣ ਕਰ ਕੇ ਸੁਰੱਖਿਅਤ ਨਹੀਂ ਸੀ, ਇਸ ਲਈ ਉਹ ਪਰਿਵਾਰ ਸਮੇਤ ਜਲੰਧਰ ਆ ਗਿਆ।

ਲੰਬਾ ਅਰਸਾ ਮਾਤਾ ਸੁੰਦਰ ਕੌਰ ਜੀ ਦੀ ਸੰਗਤ ਵਿਚ ਰਹਿਣ ਕਰ ਕੇ ਜਥੇਦਾਰ ਜੱਸਾ ਸਿੰਘ ਜੀ ਦਾ ਜੀਵਨ ਗੁਰਸਿੱਖੀ ਢਾਂਚੇ ਵਿਚ ਢੱਲ ਚੁੱਕਾ ਸੀ, ਪਰ ਉਸ ਦੇ ਜੀਵਨ ਦਾ ਨਵਾਂ ਕਾਂਡ ਉਸ ਸਮੇਂ ਆਰੰਭ ਹੋਇਆ, ਜਦ ਉਹ ਆਪਣੀ



SikhBookClub.Com

ਮਾਤਾ ਤੇ ਮਾਮੇ ਸਮੇਤ ਕਰਤਾਰਪੁਰ ਵਿਖੇ ਸਰਦਾਰ ਕਪੂਰ ਸਿੰਘ ਜੀ ਦੇ ਦਰਸ਼ਨਾਂ ਲਈ ਆਇਆ। ਸਰਦਾਰ ਕਪੂਰ ਸਿੰਘ ਜੋ ਇਕ ਮਹਾਨ ਆਤਮਾ, ਪੰਥ ਦੇ ਨਿਸ਼ਕਾਮ ਸੇਵਕ, ਸੰਤ ਸਿਪਾਹੀ, ਤਪੀ, ਤਿਆਗੀ, ਕਥਨੀ ਦੇ ਪੂਰੇ ਤੇ ਕਰਨੀ ਦੇ ਸੂਰੇ ਸਨ; ਪੰਥ ਵਿਚ ਉਨ੍ਹਾਂ ਦਾ ਬੜਾ ਸਤਿਕਾਰ ਸੀ। ਉਹ ਪੰਥ ਦੇ ਚੋਣਵੇਂ 1
ਸਰਦਾਰਾਂ ਵਿੱਚੋਂ ਇਕ ਸਨ।

ਅੰਮ੍ਰਿਤ ਵੇਲੇ ਦਾ ਦੀਵਾਨ ਸਜਿਆ। ਜਥੇਦਾਰ ਜੱਸਾ ਸਿੰਘ ਜੀ ਨੇ ਆਪਣੀ ਮਾਤਾ ਜੀ ਨਾਲ ਸੁਰੀਲੀ ਆਵਾਜ਼ ਵਿਚ ਸ਼ਬਦ ਕੀਰਤਨ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰ ਦਿੱਤਾ। ਸਰਦਾਰ ਕਪੂਰ ਸਿੰਘ ਜੀ ਦੀ ਪਾਰਖੂ ਅੱਖ ਨੇ ਜਥੇਦਾਰ ਜੱਸਾ ਸਿੰਘ ਜੀ ਦੇ ਸਿੱਖੀ ਪਿਆਰ, ਸੇਵਾ ਭਾਵ ਤੇ ਨੇਕ ਸੁਭਾਅ ਨੂੰ ਭਾਂਪ ਕੇ ਉਸ ਨੂੰ ਆਪਣੇ ਪਾਸ ਰੱਖਣ ਦੀ ਖ਼ਾਹਿਸ਼ ਪ੍ਰਗਟ ਕੀਤੀ। ਸਰਦਾਰ ਬਾਘ ਸਿੰਘ ਤੇ ਉਨ੍ਹਾਂ ਦੀ ਭੈਣ ਨੇ ਸਤਿਕਾਰ ਸਹਿਤ ਬੱਚਾ ਸਰਦਾਰ ਕਪੂਰ ਸਿੰਘ ਦੀ ਝੋਲੀ ਪਾ ਦਿੱਤਾ। ਇਉਂ ਜਥੇਦਾਰ ਜੱਸਾ ਸਿੰਘ ਜੀ ਹੁਣ ਸਰਦਾਰ ਕਪੂਰ ਸਿੰਘ ਦਾ ਧਰਮ ਪੁੱਤਰ ਬਣ ਗਿਆ। ਸਰਦਾਰ ਕਪੂਰ ਸਿੰਘ ਦੀ ਆਪਣੀ ਕੋਈ ਔਲਾਦ ਨਹੀਂ ਸੀ। ਇਸ ਲਈ ਉਨ੍ਹਾਂ ਨੇ ਬਾਲ ਜੱਸਾ ਸਿੰਘ ਜੀ ਦੀ ਹਰ ਪ੍ਰਕਾਰ ਦੇਖ ਭਾਲ ਕੀਤੀ। ਪੰਜ ਪਿਆਰਿਆਂ ਵਿਚ ਖ਼ੁਦ ਸ਼ਾਮਲ ਹੋ ਕੇ ਜਥੇਦਾਰ ਜੱਸਾ ਸਿੰਘ ਜੀ ਨੂੰ ਅੰਮ੍ਰਿਤ ਪਾਨ ਕਰਵਾਇਆ। ਘੋੜ ਸਵਾਰੀ ਤੇ ਸ਼ਸਤਰ ਵਿਦਿਆ ਵਿਚ ਵੀ ਉਸ ਨੂੰ ਚੰਗੀ ਤਰ੍ਹਾਂ ਸਿਖਿਅਤ ਕੀਤਾ। ਕੀਰਤਨ ਤੋਂ ਇਲਾਵਾ ਜਥੇਦਾਰ ਜੱਸਾ ਸਿੰਘ ਜੀ ਦੀਵਾਨ ਵਿਚ ਪੱਖਾ ਝੱਲਣ, ਲੰਗਰ ਦੇ ਭਾਂਡੇ ਮਾਂਜਣ ਅਤੇ ਜਥੇ ਦੇ ਸਿੰਘਾਂ ਦੇ ਘੋੜਿਆਂ ਲਈ ਦਾਣਾ ਵੰਡਣ ਦੀ ਸੇਵਾ ਬੜੇ ਉਤਸ਼ਾਹ ਨਾਲ ਨਿਭਾਉਂਦਾ।

ਸਰਦਾਰ ਤੋਂ ਭਾਈ ਤਾਰਾ ਸਿੰਘ ਵਾਂ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਸਰਦਾਰ ਕਪੂਰ ਸਿੰਘ ਆਪਣੇ ਜਥੇ ਸਮੇਤ ਦੀਵਾਨ ਦਰਬਾਰਾ ਸਿੰਘ ਦੇ ਜਥੇ ਵਿਚ ਸ਼ਾਮਲ ਹੋ ਗਿਆ ਸੀ। ਸਿੰਘਾਂ ਨੇ ਖੁਡੀਆਂ, ਚਵਿੰਡਾ ਤੇ ਕਾਨ੍ਹਾਂ ਕਾਛਾ ਆਦਿ ਥਾਵਾਂ ਤੋਂ ਕੋਈ ਪੰਜ ਲੱਖ ਰੁਪਏ ਸਰਕਾਰੀ ਖ਼ਜ਼ਾਨਾ ਲੁਟਿਆ। ਮੁਰਤਜ਼ਾ ਖਾਨ ਉਚਕਜ਼ਈ ਦੇ ਘੋੜੇ ਤੇ ਹਥਿਆਰ ਲੁੱਟਣ ਨਾਲ ਖਾਲਸੇ ਦੀ ਘੋੜੇ ਤੇ ਹਥਿਆਰਾਂ ਦੀ ਸਾਰੀ ਘਾਟ ਪੂਰੀ ਹੋ ਗਈ।

ਸਿੰਘਾਂ ਵਿਰੁੱਧ ਪੂਰੀ ਸਖ਼ਤੀ ਵਰਤਣ ਤੋਂ ਬਾਅਦ ਵੀ ਜ਼ਕਰੀਆ ਖ਼ਾਂ ਸੂਬੇ ਵਿਚ ਅਮਨ ਅਮਾਨ ਰੱਖਣ ਲਈ ਅਸਫਲ ਹੋ ਗਿਆ। ਸਿੰਘ ਆਪਣੇ ਸੂਹੀਆਂ ਰਾਹੀਂ ਜਾਣਕਾਰੀ ਲੈ ਕੇ ਲਾਹੌਰ ਵਲ ਜਾਂਦਾ ਸਰਕਾਰੀ ਖ਼ਜ਼ਾਨਾ ਤੇ ਹੋਰ ਮਾਲ ਅਸਬਾਬ ਲੁੱਟ ਲੈਂਦੇ। ਤੰਗ ਆ ਕੇ ਜ਼ਕਰੀਆ ਖ਼ਾਂ ਨੇ ਦਿੱਲੀ ਸਰਕਾਰ ਦੀ ਪ੍ਰਵਾਨਗੀ ਨਾਲ 1733 ਈ. ਵਿਚ ਸਿੰਘਾਂ ਨੂੰ ਨਵਾਬੀ ਦਾ ਖ਼ਿਤਾਬ ਦੇ ਕੰਗਨਵਾਲ, ਝਬਾਲ ਦੇ ਦੀਪਾਲਪੁਰ ਦੇ ਪਰਗਨਿਆਂ ਦੀ ਇਕ ਲੱਖ ਸਲਾਨਾ ਦੀ ਜਾਗੀਰ ਦੀ ਪੇਸਕਸ਼ ਕੀਤੀ ।

ਕਾਫ਼ੀ ਨਾਂਹ-ਨੁੱਕਰ ਤੋਂ ਬਾਅਦ ਖ਼ਾਲਸਾ ਜੀ ਨੇ ਭਾਈ ਸੁਬੇਗ ਸਿੰਘ ਦੀ



SikhBookClub.Com

ਸਲਾਹ ਮੰਨ ਕੇ ਨੀਤੀ ਵਜੋਂ ਕੁਝ ਸਮੇਂ ਲਈ ਇਹ ਪੇਸਕਸ਼ ਪ੍ਰਵਾਨ ਕਰ ਲਈ । ਨਵਾਬ ਕਪੂਰ ਸਿੰਘ ਜੀ ਦਾ ਉੱਚਾ-ਸੁੱਚਾ ਸਿੱਖੀ ਜੀਵਨ ਅਤੇ ਪੰਥਕ ਸੇਵਾ ਨੂੰ ਮੁੱਖ ਰੱਖ ਕੇ ਖ਼ਾਲਸਾ ਜੀ ਨੇ ਉਨ੍ਹਾਂ ਨੂੰ ਨਵਾਬ ਬਣਾ ਦਿੱਤਾ ।

ਦੀਵਾਨ ਦਰਬਾਰਾ ਸਿੰਘ ਜੁਲਾਈ 1734 ਈ. ਵਿਚ ਅਕਾਲ ਚਲਾਣਾ ਕਰ ਗਏ। ਉਨ੍ਹਾਂ ਤੋਂ ਬਾਅਦ ਸਰਦਾਰ ਕਪੂਰ ਸਿੰਘ ਸਰਬੱਤ ਖ਼ਾਲਸੇ ਦੇ ਜਥੇਦਾਰ ਬਣੇ। ਪਿਛਲੇ ਚਾਰ ਸਾਲ ਤੋਂ ਨਵਾਬ ਕਪੂਰ ਸਿੰਘ, ਦੀਵਾਨ ਦਰਬਾਰਾ ਸਿੰਘ ਅਤੇ ਸਰਦਾਰ ਬਾਘ ਸਿੰਘ ਹੱਲੋਵਾਲੀ ਆਦਿ ਜਥੇਦਾਰਾਂ ਦੇ ਜਥੇ ਵਿਚ ਵਿਚਰਨ ਕਰਕੇ ਜਥੇਦਾਰ ਜੱਸਾ ਸਿੰਘ ਜੀ ਨੇ ਸੰਘਰਸ਼ਮਈ ਜੀਵਨ ਨਾਲ ਆਪਣੇ-ਆਪ ਨੂੰ ਇਕਸੁਰ ਕਰ ਲਿਆ ਸੀ। ਨਵਾਬ ਕਪੂਰ ਸਿੰਘ ਦੇ ਜਥੇਦਾਰ ਬਣਨ ਤੋਂ ਬਾਅਦ ਜਥੇਦਾਰ ਜੱਸਾ ਸਿੰਘ ਜੀ ਦੇ ਮੋਢਿਆਂ ਤੇ ਜ਼ਿੰਮੇਵਾਰੀ ਦਾ ਭਾਰ ਵਧਣਾ ਸ਼ੁਰੂ ਹੋਇਆ। ਸਰਕਾਰ ਵੱਲੋਂ ਸਖ਼ਤੀ ਮੱਠੀ ਹੋਣ ਕਰਕੇ ਖ਼ਾਲਸੇ ਦੀ ਗਿਣਤੀ ਵੀ ਤੇਜ਼ੀ ਨਾਲ ਵਧਣ ਲੱਗੀ ।

ਦਿੱਲੀ ਵਿਖੇ ਪੜ੍ਹਨ ਲਿਖਣ ਤੇ ਰਹਿਣ ਕਰਕੇ ਜਥੇਦਾਰ ਜੱਸਾ ਸਿੰਘ ਜੀ ਦੀ ਬੋਲਚਾਲ ਵਿਚ ਹਿੰਦੁਸਤਾਨੀ ਬੋਲੀ ਦੇ ਸ਼ਬਦ ਸਮਿਲਤ ਹੋ ਗਏ ਸਨ। ਘੋੜਿਆਂ ਲਈ ਦਾਣਾ ਲੈਣ ਸਮੇਂ ਜਥੇ ਦੇ ਸਿੰਘ 'ਹਮ ਕੋ-ਤੁਮ ਕੋ' ਕਹਿਕੇ ਉਸ ਨੂੰ ਠੱਠਾ-ਮਖੌਲ ਕਰਦੇ। ਜੱਸਾ ਸਿੰਘ ਜੀ ਗੰਭੀਰ ਸੁਭਾਅ ਵਾਲਾ ਸੀ। ਇਕ ਦਿਨ ਦਾਣਾ ਲੈਣ ਆਏ ਸਿੰਘਾਂ ਦੀ ਆਪੋ-ਧਾਪੀ ਤੇ ਠੱਠੇ-ਮਖੌਲ ਤੋਂ ਖਿੱਝ ਕੇ ਜਥੇਦਾਰ ਜੱਸਾ ਸਿੰਘ ਜੀ ਹੰਝੂਆਂ ਭਰੀਆਂ ਅੱਖਾਂ ਨਾਲ ਨਵਾਬ ਕਪੂਰ ਸਿੰਘ ਪਾਸ ਜਾ ਕੇ ਕਹਿਣ ਲੱਗਾ :

> *"ਮੈਥੋਂ ਦਾਣਾ ਵਰਤੇ ਨਾਹੀ"*

ਨਵਾਬ ਸਾਹਿਬ ਨੇ ਗੱਲ ਸਮਝ ਕੇ ਪਿਆਰ ਨਾਲ ਧੀਰਜ ਦਿੱਤੀ ਤੇ ਬਚਨ ਕੀਤੇ :

> "ਘਬਰਾਓ ਨਹੀਂ, ਤੂ? ਤੇ ਹਜ਼ਾਰਾਂ ਵੱਗਾਂ ਨੂੰ ਦਾਣਾ ਦੇਣਾ ਹੈ। ਇਹ ਪੰਥ ਗੁਰੂ ਦੀਆਂ ਲਾਡਲੀਆਂ ਫ਼ੌਜਾਂ ਨੇ। ਸੇਵਾ ਤੋਂ ਮੇਵਾ ਮਿਲਦਾ ਹੈ। ਮੈਨੂੰ ਇਸ ਗਰੀਬ-ਨਿਵਾਜ਼ ਪੰਥ ਨੇ ਨਵਾਬ ਬਣਾ ਦਿੱਤਾ। ਤੈਨੂੰ ਕੀ ਪਤਾ ਪਾਤਸ਼ਾਹੀ ਬਖ਼ਸ਼ ਦੇਣ।"

ਨਵਾਬ ਕਪੂਰ ਸਿੰਘ ਦੇ ਮੂੰਹੋਂ ਨਿਕਲੇ ਹਰ ਵਾਕ ਨੂੰ ਅਟੱਲ ਸਚਾਈ ਮੰਨਦੇ ਸਨ। ਉਨ੍ਹਾਂ ਪਿਆਰ ਵਿਚ ਜਥੇਦਾਰ ਜੱਸਾ ਸਿੰਘ ਜੀ ਨੂੰ ਜੋ ਸ਼ਬਦ ਆਖੇ ਉਹ ਸੁਣ ਕੇ ਸਿੰਘਾਂ ਨੇ ਖ਼ੁਸ਼ੀ ਵਿਚ ਜੈਕਾਰਾ ਗਜਾ ਦਿੱਤਾ। ਸਮਾਂ ਪਾ ਕੇ ਉਨ੍ਹਾਂ ਦੇ ਇਹ ਵਾਕ ਸਹੀ ਸਿੱਧ ਹੋਏ।

ਅੱਲੜ੍ਹ ਜੁਆਨੀ ਵਿੱਚੋਂ ਨਿਕਲ ਕੇ ਜੱਸਾ ਸਿੰਘ ਜੀ ਨੇ ਖ਼ਾਲਸੇ ਦੀਆਂ ਮੁਹਿੰਮਾਂ ਵਿਚ ਭਾਗ ਲੈਣਾ ਸ਼ੁਰੂ ਕੀਤਾ। ਉਹ, ਸੁੱਖਾ ਸਿੰਘ ਮਾੜੀ ਕੰਬੋ ਨਾਲ ਉਸ



SikhBookClub.Com

ਵਹੀਰ ਵਿਚ ਸ਼ਾਮਲ ਸੀ, ਜਿਸ ਵਹੀਰ ਨਾਲ ਟੱਕਰ ਲੈਣ ਕਾਰਨ 1746 ਈ. ਦੇ ਅਰੰਭ ਵਿਚ ਐਮਨਾਬਾਦ ਦਾ ਫ਼ੌਜਦਾਰ ਜਸਪਤ ਰਾਇ ਮਾਰਿਆ ਗਿਆ ਸੀ।

ਮਈ 1746 ਈ. ਦੇ ਛੋਟੇ ਘੱਲੂਘਾਰੇ ਸਮੇਂ ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਪੰਥ ਦੇ ਹੋਰ ਮੁਖੀ ਸਰਦਾਰਾਂ ਸਮੇਤ ਕਾਹਨੂੰਵਾਨ ਦੇ ਛੰਭ ਪਾਸ ਮੌਜੂਦ ਸੀ। ਏਥੇ ਸਿੰਘਾਂ ਦਾ ਭਾਰੀ ਨੁਕਸਾਨ ਹੋਇਆ। ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ, ਨਵਾਬ ਕਪੂਰ ਸਿੰਘ, ਸਰਦਾਰ ਚੜ੍ਹਤ ਸਿੰਘ ਅਤੇ ਸਰਦਾਰ ਸੁੱਖਾ ਸਿੰਘ ਲਖਪਤ ਰਾਇ ਦੀਆਂ ਸਫਾਂ ਚੀਰਦੇ ਹੋਏ ਉਸ ਦੀ ਫ਼ੌਜ ਦਾ ਕਾਫ਼ੀ ਨੁਕਸਾਨ ਕਰਕੇ ਉਸ ਦੇ ਘੇਰੇ ਵਿੱਚੋਂ ਨਿਕਲ ਗਏ।

1747 ਈ. ਵਿਚ ਸਿੰਘਾਂ ਦੇ ਅੰਮ੍ਰਿਤਸਰ ਪੁੱਜਣ 'ਤੇ ਰੋਕ ਲਾਉਣ ਲਈ ਪਿੰਡ ਠਰੂ ਦਾ ਰਾਜਪੂਤ ਸਲਾਬਤ ਖਾਂ ਏਥੇ ਡੇਰੇ ਜਮਾਈ ਬੈਠਾ ਸੀ। ਉਸ ਨੂੰ ਸੋਧਣ ਦਾ ਗੁਰਮਤਾ ਕਰਕੇ ਸਿੰਘਾਂ ਨੇ ਉਸ ਉਪਰ ਧਾਵਾ ਬੋਲ ਦਿੱਤਾ। ਸਲਾਬਤ ਖਾਂ ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਏ ਹੱਥੋਂ ਮਾਰਿਆ ਗਿਆ। 1748 ਈ. ਦੀ ਵੈਸਾਖੀ ਦੇ ਮੌਕੇ 'ਤੇ ਜਥੇਦਾਰ ਜੱਸਾ ਸਿੰਘ ਜੀ ਦੀ ਇੱਛਾ ਅਨੁਸਾਰ ਸਿੰਘਾਂ ਨੇ ਅੰਮ੍ਰਿਤਸਰ ਵਿਚ ਰਾਮ ਰਾਉਣੀ ਕਾਇਮ ਕਰਨ ਦਾ ਫ਼ੈਸਲਾ ਕੀਤਾ, ਜਿਸ ਨੂੰ ਸਰਬੱਤ ਦਲ ਖ਼ਾਲਸਾ ਦੇ ਸਿੰਘਾਂ ਨੇ ਰਲ ਮਿਲ ਕੇ ਛੇਤੀ-ਛੇਤੀ ਹੀ ਮੁਕੰਮਲ ਕਰ ਲਿਆ।

ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਏ ਨੂੰ ਰਣਭੂਮੀ ਦਾ ਨਿਰਭੈ ਜੋਧਾ ਤੇ ਦਲ ਖ਼ਾਲਸੇ ਦੀ ਅਗਵਾਈ ਕਰਨ ਦੇ ਹਰ ਪ੍ਰਕਾਰ ਯੋਗ ਬਣਾ ਕੇ ਨਵਾਬ ਕਪੂਰ ਸਿੰਘ 7 ਅਕਤੂਬਰ 1753 ਈ. ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ। ਚਲਾਣੇ ਤੋਂ ਪਹਿਲਾਂ ਜਥੇਦਾਰ ਜੱਸਾ ਸਿੰਘ ਜੀ ਨੂੰ ਆਪਣੇ ਪਾਸ ਬੁਲਾ ਕੇ ਦਸਮ ਪਾਤਸ਼ਾਹ ਦਾ ਫ਼ੌਲਾਦੀ ਚੋਬ ਉਨ੍ਹਾਂ ਨੂੰ ਸੌਂਪਿਆ ਅਤੇ ਪੰਥਕ ਸੇਵਾ ਦੀ ਤਾਕੀਦ ਕੀਤੀ। 10 ਅਪ੍ਰੈਲ 1754 ਈ. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਖ਼ਾਲਸਾ ਜੀ ਦਾ ਦੀਵਾਨ ਸਜਿਆ। ਨਵਾਬ ਕਪੂਰ ਸਿੰਘ ਜੀ ਲਈ ਅਰਦਾਸਾ ਸੋਧਿਆ ਗਿਆ। ਹਾਜ਼ਰ ਸੰਗਤਾਂ ਨੇ ਜਥੇਦਾਰ ਜੱਸਾ ਸਿੰਘ ਜੀ ਨੂੰ ਹਰ ਪੱਖੋਂ ਯੋਗ ਸਮਝ ਕੇ ਨਵਾਬ ਕਪੂਰ ਸਿੰਘ ਦੀ ਥਾਂ ਜਥੇਦਾਰ ਥਾਪਿਆ। ਹੁਣ ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਹਜ਼ਾਰਾਂ ਵੱਗਾਂ ਨੂੰ ਦਾਣਾ ਵੰਡਣ ਵਾਲਾ ਤਾਂ ਬਣ ਚੁੱਕਾ ਸੀ, ਮਾਤਾ ਜੀ ਦੀਆਂ ਅਸੀਸਾਂ ਤੇ ਸਰਦਾਰ ਕਪੂਰ ਸਿੰਘ ਦੇ ਦੂਸਰੇ ਭਵਿੱਖ ਵਾਕ ਹਾਲਾਂ ਫਲੀਭੂਤ ਹੋਣੇ ਬਾਕੀ ਸਨ। ਉਨ੍ਹਾਂ ਦੀ ਪੂਰਤੀ ਦਾ ਸਮਾਂ ਵੀ ਕੋਈ ਦੂਰ ਨਹੀਂ ਸੀ।

ਜਦ ਅਹਿਮਦ ਸ਼ਾਹ ਦੁਰਾਨੀ ਸੰਨ 1761 ਈ. ਵਿਚ ਪਾਨੀਪਤ ਦੇ ਸਥਾਨ ਮਰਹਟਿਆ ਨੂੰ ਕਰਾਰੀ ਹਾਰ ਦੇਣ ਤੋਂ ਬਾਅਦ ਲੁੱਟ ਦੇ ਮਾਲ-ਅਸਬਾਬ ਸਮੇਤ ਅਫਗਾਨਿਸਤਾਨ ਨੂੰ ਪਰਤ ਰਿਹਾ ਸੀ ਤਾਂ ਸਰਦਾਰ ਚੜ੍ਹਤ ਸਿੰਘ ਨੇ ਦਰਿਆ ਸਿੰਧ ਤੱਕ ਉਸ ਦਾ ਪਿੱਛਾ ਕੀਤਾ। ਅਬਦਾਲੀ ਦੇ ਕਾਫਲਿਆਂ ਨੂੰ ਕਈ ਵਾਰ



SikhBookClub.Com

ਲੁੱਟਿਆ ਤੇ ਉਸ ਨੂੰ ਖੱਜਲ ਖੁਆਰ ਤੇ ਚਿੱਤ ਕੀਤਾ। ਕਰੋਧ ਵਿਚ ਆ ਕੇ ਅਹਿਮਦ ਸ਼ਾਹ ਨੇ ਸਰਦਾਰ ਚੜ੍ਹਤ ਸਿੰਘ ਨੂੰ ਸਜ਼ਾ ਦੇਣ ਲਈ ਨੂਰਦੀਨ ਬਾਮੇਜਈ ਦੀ ਕਮਾਨ ਹੇਠ ਬਾਰਾਂ ਹਜ਼ਾਰ ਘੋੜ ਸਵਾਰ ਭੇਜੇ। ਸਰਦਾਰ ਚੜ੍ਹਤ ਸਿੰਘ ਨੇ ਬਾਮੇਜਈ ਨੂੰ ਸਿਆਲ ਕੋਟ ਵਿਖੇ ਘੇਰ ਕੇ ਉਸ ਦਾ ਸਾਰਾ ਮਾਲ ਅਸਬਾਬ ਲੁੱਟ ਲਿਆ। ਲਾਹੌਰ ਦੇ ਸੂਬੇਦਾਰ ਉਬੈਦਾ ਖਾਂ ਨੇ ਸ਼ਾਹ ਦੀ ਕਰੋਪੀ ਤੋਂ ਡਰਦਿਆਂ ਸਰਦਾਰ ਚੜ੍ਹਤ ਸਿੰਘ ਵਿਰੁੱਧ ਚੜ੍ਹਾਈ ਕਰ ਦਿੱਤੀ ਅਤੇ ਗੁਜਰਾਂਵਾਲੇ ਨੂੰ ਘੇਰਾ ਪਾ ਲਿਆ। ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਨੂੰ ਜਦ ਇਹ ਖ਼ਬਰ ਪੁੱਜੀ ਤਾਂ ਉਹ ਝਣ-ਪਟ ਹੀ ਭੰਗੀ, ਕਨ੍ਹਈਆ ਤੇ ਹੋਰ ਮਿਸਲਾਂ ਦੇ ਸਰਦਾਰਾਂ ਸਮੇਤ ਸਰਦਾਰ ਚੜ੍ਹਤ ਸਿੰਘ ਦੀ ਸਹਾਇਤਾ ਲਈ ਪੁੱਜ ਗਿਆ। ਇੱਕੋ ਝੜਪ ਹੋਣ ਪਿੱਛੋਂ ਉਬੈਦਾ ਖਾਂ ਆਪਣਾ ਸਭ ਕੁਝ ਖ਼ਾਲਸੇ ਨੂੰ ਸੌਂਪ ਕੇ ਲਾਹੌਰ ਨੂੰ ਉਠ ਨੱਠਾ।

ਸਿੰਘਾਂ ਨੇ ਗੁਰਮਤਾ ਸੋਧ ਕੇ ਲਾਹੌਰ 'ਤੇ ਧਾਵਾ ਬੋਲ ਦਿੱਤਾ। ਲਾਹੌਰ ਵਾਸੀਆਂ ਨੂੰ ਉਬੈਦਾ ਖਾਂ ਦੀ ਬੁਜ਼ਦਿਲੀ ਦਾ, ਜੋ ਕਿਲ੍ਹੇ ਵਿਚ ਕੈਦ ਹੋ ਬੈਠਾ ਸੀ, ਗਿਆਨ ਹੋ ਚੁੱਕਾ ਸੀ। ਉਨ੍ਹਾਂ ਨੇ ਖ਼ਾਲਸੇ ਦੇ ਰੋਹ ਨੂੰ ਠੰਡਾ ਕਰਨ ਲਈ ਸ਼ਹਿਰ ਦੇ ਸਾਰੇ ਬੂਹੇ ਖੋਲ੍ਹ ਦਿੱਤੇ। ਵਿਜਈ ਖ਼ਾਲਸਾ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਸ਼ਹਿਰ ਵਿਚ ਦਾਖ਼ਲ ਹੋ ਗਿਆ। ਸਿੰਘਾਂ ਨੇ ਲਾਹੌਰ 'ਤੇ ਕਬਜ਼ਾ ਕਰਕੇ ਜੈਕਾਰਿਆਂ ਦੀ ਗੂੰਜ ਹੇਠ ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਨੂੰ 'ਸੁਲਤਾਨ-ਉਲ-ਕੌਮ', ਸਿੱਖ ਕੌਮ ਦਾ ਪਾਤਸ਼ਾਹ ਘੋਸ਼ਤ ਕਰ ਦਿੱਤਾ।

ਇਸ ਜਿੱਤ ਦੀ ਖ਼ੁਸ਼ੀ ਵਿਚ ਖ਼ਾਲਸਾ ਜੀ ਨੇ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਦਾ ਸਿੱਕਾ ਜਾਰੀ ਕੀਤਾ। ਇਸ ਤਰ੍ਹਾਂ ਜਥੇਦਾਰ ਜੱਸਾ ਸਿੰਘ ਜੀ ਅੱਗੇ, ਆਸਿਆਂ ਵਾਲੇ (ਚੋਬਦਾਰ) ਚਲਣ ਵਾਲੀ, ਮਾਤਾ ਸੁੰਦਰ ਕੌਰ ਜੀ ਦੀ ਅਸੀਸ ਤੇ ਖ਼ਾਲਸਾ ਪੰਥ ਦਾ ਪਾਤਸ਼ਾਹ ਬਣਨ ਵਾਲੇ ਨਵਾਬ ਕਪੂਰ ਸਿੰਘ ਜੀ ਦੇ ਭਵਿੱਖ ਵਾਕ ਅੱਖਰ-ਅੱਖਰ ਸੱਚ ਹੋ ਗਏ। ਸਿੰਧ ਤੋਂ ਸਤਲੁਜ ਤਕ ਖ਼ਾਲਸਾ ਜੀ ਦਾ ਬੋਲ-ਬਾਲਾ ਹੋ ਗਿਆ।

ਅਹਿਮਦ ਸ਼ਾਹ ਦੁਰਾਨੀ, ਨਵਾਬ ਮਲੇਰਕੋਟਲਾ ਤੇ ਸਰਹੰਦ ਦੀਆਂ ਸਾਂਝੀਆਂ ਫ਼ੌਜਾਂ ਨੇ, 5 ਫ਼ਰਵਰੀ, 1762 ਈ. ਨੂੰ ਕੁੱਪ ਰਹੀੜੇ ਦੇ ਸਥਾਨ ਤੇ ਸਿੰਘਾਂ ਦੇ ਡੇਰੇ ਉਪਰ ਅਚਾਨਕ ਹਮਲਾ ਕਰਕੇ ਉਨ੍ਹਾਂ ਦਾ ਭਾਰੀ ਨੁਕਸਾਨ ਕੀਤਾ। ਸਿੱਖ ਇਤਿਹਾਸ ਵਿਚ ਇਸ ਨੂੰ ਵੱਡਾ ਘਲੂਘਾਰਾ ਆਖਿਆ ਜਾਂਦਾ ਹੈ। ਭਾਰੀ ਹਮਲੇ ਵਿਚ ਸਿੰਘ ਜ਼ਖ਼ਮੀ ਤੇ ਸ਼ਹੀਦ ਹੋਏ। ਦੁਸ਼ਮਣ ਦੀ ਫ਼ੌਜ ਦਾ ਘੇਰਾ ਤੋੜਨ ਤੇ ਵਹੀਰ ਨੂੰ ਬਚਾਉਣ ਸਮੇਂ ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਏ ਦੇ ਸਰੀਰ ਤੇ 22 ਜ਼ਖ਼ਮ ਲੱਗੇ।

ਸਰਦਾਰ ਰਤਨ ਸਿੰਘ ਭੰਗੂ ਨੇ ਲਿਖਿਆ ਹੈ:

**ਜੱਸਾ ਸਿੰਘ ਜੀ ਖਾਇ ਬਾਈ ਘਾਇ।**



SikhBookClub.Com

**ਤੌਂ ਭੀ ਸਿੰਘ ਜੀ ਲੜਤੋ ਜਾਇ।** *(ਪ੍ਰਾਚੀਨ ਪੰਥ ਪ੍ਰਕਾਸ਼)*

ਅਹਿਮਦ ਸ਼ਾਹ ਦੁਰਾਨੀ ਨੇ ਮਹਿਸੂਸ ਕਰ ਲਿਆ ਕਿ ਉਹ ਸਖ਼ਤੀ ਨਾਲ ਸਿੰਘਾਂ ਨੂੰ ਨਹੀਂ ਦਬਾ ਸਕੇਗਾ। ਉਸ ਨੇ ਸੁਲਾਹ ਦਾ ਯਤਨ ਵੀ ਕੀਤਾ, ਜਿਸ ਨੂੰ ਜਥੇਦਾਰ ਜੱਸਾ ਸਿੰਘ ਜੀ ਨੇ ਠੁਕਰਾ ਦਿੱਤਾ। ਉਹ ਹਾਲਾਂ ਪੰਜਾਬ ਵਿਚ ਹੀ ਸੀ ਕਿ ਖ਼ਾਲਸੇ ਨੇ ਜੈਨ ਖਾਂ ਸਰਹੰਦ ਪਾਸੋਂ ਪੰਜਾਹ ਹਜ਼ਾਰ ਰੁਪਏ ਨਜ਼ਰਾਨਾ ਵਸੂਲ ਕਰ ਲਿਆ। ਇਸ ਸਾਲ ਦੀਵਾਲੀ ਦੇ ਮੌਕੇ ਤੇ ਸਿੰਘਾਂ ਨੇ ਅੰਮ੍ਰਿਤਸਰ ਦੀ ਲੜਾਈ ਵਿਚ ਦੁਰਾਨੀ ਨੂੰ ਸਿੱਧੀ ਟੱਕਰ ਵਿਚ ਹਾਰ ਦਿੱਤੀ। ਕੋਈ ਸਾਲ ਕੁ ਭਰ ਦੇ ਅੰਦਰ ਅੰਦਰ ਦੁਰਾਨੀ ਦੇ ਸਾਰੇ ਹਾਕਮ ਮਾਰ ਭਜਾਏ। 14 ਜਨਵਰੀ, 1764 ਈ. ਨੂੰ ਜੈਨ ਖਾਂ ਨੂੰ ਕਤਲ ਕਰਕੇ ਗੁਰੂ ਮਾਰੀ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ। ਉਥੇ ਖੋਤਿਆਂ ਦੇ ਹਲ ਚਲਾਏ ਗਏ। ਜਥੇਦਾਰ ਜੱਸਾ ਸਿੰਘ ਜੀ ਨੇ ਸਰਹਿੰਦ ਦੀ ਲੁੱਟ ਦਾ ਆਪਣੇ ਹਿੱਸੇ ਆਉਂਦਾ ਸਾਰਾ ਨੌਂ ਲੱਖ ਰੁਪਿਆ ਸ੍ਰੀ ਹਰਿਮੰਦਰ ਸਾਹਿਬ ਦੀ ਮੁੜ ਉਸਾਰੀ ਤੇ ਸਰੋਵਰ ਨੂੰ ਸਾਫ਼ ਕਰਾਉਣ ਲਈ 'ਗੁਰੂ ਕੀ ਚਾਦਰ' 'ਤੇ ਰੱਖ ਦਿੱਤਾ। ਪੰਜ ਲੱਖ ਰੁਪਿਆ ਬਾਕੀ ਸਰਦਾਰਾਂ ਨੇ ਵੀ ਦਿੱਤਾ। ਇਸ ਤੋਂ ਬਾਅਦ ਮੁਰਿੰਡਾ ਤੇ ਗੜ੍ਹਸ਼ੰਕਰ ਦੇ ਰੰਘੜਾਂ ਨੂੰ ਸੋਧਿਆ ਗਿਆ। ਜਥੇਦਾਰ ਜੱਸਾ ਸਿੰਘ ਜੀ ਨੇ ਚੜ੍ਹਤ ਸਿੰਘ ਦੀ ਸਹਾਇਤਾ ਕਰਕੇ ਅਬਦਾਲੀ ਦੇ ਸਿੰਘਾਂ ਵਿਰੁੱਧ ਭੇਜੇ ਬਖ਼ਸ਼ੀ ਜਹਾਨ ਖ਼ਾਂ ਨੂੰ ਰੁਹਤਾਸ ਗੜ੍ਹ ਵਲ ਮਾਰ ਭਜਾਇਆ। ਉਹ ਆਪਣਾ ਬਾਲ ਬੱਚਾ ਵੀ ਸਿੰਘਾਂ ਦੇ ਰਹਿਮ ਤੇ ਛੱਡ ਗਿਆ।

ਜਥੇਦਾਰ ਜੱਸਾ ਸਿੰਘ ਜੀ ਨੇ ਨਜੀਬੁਦੌਲਾ ਰੁਹੇਲੇ ਵਿਰੁੱਧ ਭਰਤ ਪੁਰ ਦੇ ਜਾਟ ਰਾਜੇ ਜਵਾਹਰ ਸਿੰਘ ਦੀ ਸਹਾਇਤਾ ਕੀਤੀ ਅਤੇ ਗੰਗ ਦੁਆਬ 'ਤੇ ਵੀ ਚੜ੍ਹਾਈ ਕੀਤੀ ।

1764 ਈ. ਦੇ ਸੱਤਵੇਂ ਹਮਲੇ ਤੋਂ ਬਾਅਦ ਅਬਦਾਲੀ ਵਾਪਸ ਪਰਤ ਗਿਆ। ਸਿੰਘਾਂ ਨੇ 1765 ਈ. ਵਿਚ ਮੁੜ ਲਾਹੌਰ 'ਤੇ ਕਬਜ਼ਾ ਕਰਕੇ ਸਿੱਕਾ ਜਾਰੀ ਕੀਤਾ। ਸ੍ਰੀ ਅੰਮ੍ਰਿਤਸਰ ਵਿਚ ਮਿਸਲਾਂ ਦੇ ਸਰਦਾਰਾਂ ਨੇ ਆਪਣੇ ਆਪਣੇ ਬੁੰਗੇ ਬਣਵਾਏ ਅਤੇ ਅੱਡ-ਅੱਡ ਇਲਾਕਿਆਂ ਨੂੰ ਆਪਸ ਵਿਚ ਵੰਡ ਲਿਆ।

ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਏ ਦੇ ਇਲਾਕੇ ਆਮ ਤੌਰ 'ਤੇ ਜਲੰਧਰ ਦੁਆਬ ਵਿਚ ਸਨ। ਪਰ ਕੁਝ ਕੁ ਪਿੰਡ ਅੰਮ੍ਰਿਤਸਰ ਲਾਗੇ ਜਿਵੇਂ ਸਠਿਆਲਾ, ਜੰਡਿਆਲਾ, ਬੁਤਾਲਾ, ਬੁੰਡਾਲਾ ਅਤੇ ਮਹਿਤਾਬ ਕੋਟ ਪਰਗਨਾ ਅੰਮ੍ਰਿਤਸਰ ਦੇ ਦੱਖਣੀ ਅੱਧ ਵਿਚ ਅਤੇ ਜਲਾਲਾਬਾਦ, ਵੈਰੋਵਾਲ, ਫਤਹਿਆਬਾਦ ਅਤੇ ਕੋਟ ਮੁਹੰਮਦ ਖਾਨ ਪਰਗਨਾ ਤਰਨ ਤਾਰਨ ਵਿਚ। ਉਸ ਦੇ ਚਾਲ੍ਹੀ ਪਿੰਡ ਸਤਿਲੁਜੋਂ ਦੱਖਣ ਵਲ ਈਸੜੂ ਦੇ ਆਲੇ ਦੁਆਲੇ ਸਨ।

ਫਤਹਿਬਾਦ ਦਾ ਪਰਗਨਾ ਜਥੇਦਾਰ ਜੱਸਾ ਸਿੰਘ ਜੀ ਨੇ ਜਲੰਧਰ ਦੇ ਹਾਕਮ ਅਦੀਨਾ ਬੇਗ ਨੂੰ ਹਾਰ ਦੇ ਕੇ ਉਸ ਪਾਸੋਂ ਜਿੱਤਿਆ ਸੀ। ਕਾਫ਼ੀ ਸਮੇਂ ਤਕ ਇਸ ਨਗਰ ਨੂੰ ਉਨ੍ਹਾਂ ਨੇ ਆਪਣੀ ਰਾਜਧਾਨੀ ਬਣਾਈ ਰੱਖਿਆ।



SikhBookClub.Com

ਕਪੂਰਥਲਾ ਰਿਆਸਤ ਦਾ ਜਨਮ ਵੀ ਇਸੇ ਮਿਸਲ ਵਿੱਚੋਂ ਹੋਇਆ। ਸੰਨ 1777 ਈ. ਵਿਚ ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਏ ਰਾਇ ਇਬਰਾਹੀਮ ਭੱਟੀ ਪਾਸੋਂ ਕਪੂਰਥਲਾ ਜਿੱਤ ਕੇ ਇਸ ਨੂੰ ਆਹਲੂਵਾਲੀਆ ਮਿਸਲ ਦੀ ਰਾਜਧਾਨੀ ਬਣਾਇਆ। ਇਨ੍ਹਾਂ ਨੇ ਜਲੰਧਰ ਦੁਆਬ ਵਿੱਚੋਂ ਅਦੀਨਾ ਬੇਗ ਦੇ ਉਤਰਾ ਅਧਿਕਾਰੀਆਂ ਦੀ ਰਾਜਸੀ ਸ਼ਕਤੀ ਦਾ ਮੁਕੰਮਲ ਤੌਰ 'ਤੇ ਸਫ਼ਾਇਆ ਕਰ ਦਿੱਤਾ। ਇਨ੍ਹਾਂ ਦੇ ਵਧਦੇ ਪ੍ਰਤਾਪ ਤੋਂ ਪ੍ਰਭਾਵਿਤ ਹੋ ਕੇ ਕਰਤਾਰਪੁਰ ਦੇ ਧੀਰ ਮਲੀਏ ਵੀ ਉਸ ਸਮੇਂ ਅੰਮ੍ਰਿਤ ਪਾਨ ਕਰਕੇ, ਗੁਰੂ ਪੰਥ ਦੀ ਸ਼ਰਨ ਵਿਚ ਆ ਗਏ ਸਨ।

ਇਸ ਲੇਖ ਨੂੰ ਸਮਾਪਤ ਕਰਨ ਤੋਂ ਪਹਿਲਾਂ ਸਾਡਾ ਧਿਆਨ ਮੁੜ ਅਠਾਰ੍ਹਵੀਂ ਸਦੀ ਦੇ ਸਿੱਖ ਇਤਿਹਾਸ ਦੇ ਉਸ ਰੱਤ-ਰੰਗੇ ਖ਼ੂਨੀ ਕਾਂਡ ਵਲ ਜਾਂਦਾ ਹੈ, ਜਿਸ ਕਾਂਡ ਵਿਚ ਕੋਈ ਸਵਾ ਲੱਖ ਤੋਂ ਵੱਧ ਕੀਮਤੀ ਜਾਨਾਂ ਗੁਰੂ ਪੰਥ ਤੋਂ ਨਿਸ਼ਾਵਰ ਕਰਕੇ ਸਿੰਘਾਂ ਦੇ ਅੰਤ ਨੂੰ ਸੁਰਖ਼ਰੂ ਹੋ ਨਿਕਲਣ ਦੇ ਹਿਰਦੇ ਵੇਧਿਕ ਪ੍ਰਸੰਗ ਅੰਕਤ ਕੀਤੇ ਹੋਏ ਹਨ। ਇਸ ਅਤਿ ਬਿਖੜੇ ਦੌਰ ਵਿੱਚੋਂ ਕੱਢ ਕੇ ਸਿੰਘਾਂ ਨੂੰ ਸਫਲਤਾ ਦੀ ਗੌਰਵਸ਼ਾਲੀ ਸਰਵੁਚ ਚੋਟੀ ਤਕ ਪਹੁੰਚਾ ਦੇਣ ਵਿਚ ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਦੀ ਜਥੇਦਾਰੀ ਤੇ ਨੇਤ੍ਰਿਤਵ ਨੇ ਅਹਿਮ ਭੂਮਿਕਾ ਨਿਭਾਈ ਹੈ। ਗੁਰੂ ਆਸ਼ੇ ਅਨੁਸਾਰ ਨਵਾਬ ਕਪੂਰ ਸਿੰਘ ਜੀ ਦੇ ਪੂਰਨਿਆਂ 'ਤੇ ਚਲਦਿਆਂ ਉਨ੍ਹਾਂ ਕਦੇ ਆਪਣੀ ਜਾਂ ਕਿਸੇ ਹੋਰ ਸਰਦਾਰ ਦੀ ਹਉਮੈ ਜਾਂ ਸੁਆਰਥ ਨੂੰ ਪੰਥਕ ਭਲਾਈ ਦੇ ਰਾਹ ਦਾ ਰੋੜਾ ਨਾ ਬਣਨ ਦਿੱਤਾ। ਸਰਬੱਤ ਦਲ ਖ਼ਾਲਸਾ ਦੇ ਪੰਥਕ ਨਿਰਨਿਆਂ (ਗੁਰਮਤੇ) ਦੀ ਆਪ ਨੇ ਸਾਰੀ ਉਮਰ ਇਕ ਸ਼ਰਧਾਵਾਨ ਗੁਰਸਿੱਖ ਵਜੋਂ ਪਾਲਣਾ ਕੀਤੀ।

ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਏ ਦਾ ਨਿੱਜੀ ਜੀਵਨ ਗੁਰਸਿੱਖੀ ਦਾ ਨਮੂਨਾ ਸੀ। ਉਹ ਬੜੇ ਨਿਰਮਾਣ ਤੇ ਨਿਸ਼ਕਾਮ, ਸਖੀ ਤੇ ਦਾਨੀ, ਪੰਥ ਸੇਵਕ ਤੇ ਦੇਸ਼ ਹਿਤੈਸ਼ੀ, ਪਰਉਪਕਾਰੀ ਤੇ ਸਦਾਚਾਰੀ ਗੁਰਸਿੱਖ ਸਰਦਾਰ ਸਨ। ਆਪ ਜੀ ਦੇ ਲੰਗਰ ਵਿੱਚੋਂ ਹਰ ਰੋਜ਼ ਹਜ਼ਾਰਾਂ ਲੋਕਾਂ ਨੂੰ ਪ੍ਰਸ਼ਾਦਾ ਮਿਲਦਾ ਸੀ। ਆਪ ਜੀ ਦੇ ਹੱਥੋਂ ਅੰਮ੍ਰਿਤ ਪਾਨ ਕਰਨਾ ਫ਼ਖ਼ਰ ਵਾਲੀ ਗੱਲ ਸਮਝੀ ਜਾਂਦੀ ਸੀ। ਪਟਿਆਲਾ ਰਿਆਸਤ ਦੇ ਮਹਾਰਾਜਾ ਅਮਰ ਸਿੰਘ ਨੇ ਆਪ ਜੀ ਪਾਸੋਂ ਹੀ ਅੰਮ੍ਰਿਤ ਪਾਨ ਕੀਤਾ ਸੀ ।

ਰਿਆਸਤ ਪਟਿਆਲਾ ਦੀ ਅਜੀਬ ਸਥਿਤੀ ਰਹੀ ਹੈ। ਉਹ ਅਬਦਾਲੀ ਤੋਂ ਡਰਦੇ ਉਸ ਦੀ ਅਧੀਨਗੀ ਵੀ ਪ੍ਰਵਾਨ ਕਰ ਲੈਂਦੇ ਸਨ ਅਤੇ ਲੁਕ ਛਿਪ ਕੇ ਖ਼ਾਲਸੇ ਪਾਸ ਵੀ ਸਹਾਇਤਾ ਦਿੰਦੇ ਲੈਂਦੇ ਰਹਿੰਦੇ ਸਨ। ਜਿਸ ਸਮੇਂ ਬਾਬਾ ਆਲਾ ਸਿੰਘ ਨੇ ਅਬਦਾਲੀ ਪਾਸੋਂ ਧੌਂਸਾ, ਨਿਸ਼ਾਨ ਆਦਿ ਤਬਲੋ ਆਲਮ ਪ੍ਰਾਪਤ ਕੀਤਾ ਤਾਂ ਸਿੰਘਾਂ ਨੇ ਇਸ ਨੂੰ ਖ਼ਾਲਸੇ ਦੀ ਹੇਠੀ ਸਮਝਿਆ। ਉਹ ਪਟਿਆਲਾ ਪਤੀ ਨੂੰ ਸਜ਼ਾ ਦੇਣੀ ਚਾਹੁੰਦੇ ਸਨ ਪਰ ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਨੇ ਖ਼ਾਲਸੇ ਨੂੰ



SikhBookClub.Com

ਆਪਸ ਵਿਚ ਲੜ ਮਰਨ ਤੋਂ ਵਰਜ ਦਿੱਤਾ। ਆਪ ਨੇ ਸਿੰਘਾਂ ਪਾਸੋਂ ਮਹਾਰਾਜਾ ਅਮਰ ਸਿੰਘ ਦੀ ਵੀ ਇਕ ਦੋ ਵੇਰਾਂ ਖਲਾਸੀ ਕਰਾਈ।

ਦੇਸ਼ ਵਾਸੀਆਂ ਦੇ ਦਿਲਾਂ ਤੋਂ ਅਬਦਾਲੀ ਦੀ ਸ਼ਕਤੀ ਦਾ ਭੈ ਮੇਟ ਦਿੱਤਾ ਸੀ। ਗਿਆਨੀ ਗਿਆਨ ਸਿੰਘ ਦੇ ਕਥਨ ਅਨੁਸਾਰ, ਆਪ ਨੇ ਦੇਸ਼ ਦੀਆਂ ਕੋਈ ਬਾਈ ਸੌ ਮਰਦ ਔਰਤਾਂ ਨੂੰ ਅਬਦਾਲੀ ਦੇ ਪੰਜੇ ਵਿੱਚੋਂ ਛੁਡਵਾਇਆ।

ਆਪ ਦੇ ਸਰੀਰ ਤੇ 22 ਜ਼ਖ਼ਮ ਦੇ ਨਿਸ਼ਾਨ ਸਨ। ਇਉਂ ਪੰਜਾਬ ਦੀ ਧਰਤੀ ਦੇ ਚੱਪੇ ਚੱਪੇ ਤੇ ਖ਼ਾਲਸਈ ਨਿਸ਼ਾਨ ਝੁਲਾ ਕੇ 20 ਅਕਤੂਬਰ, 1783 ਈ. ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਗੁਰੂ ਚਰਨਾਂ ਵਿਚ ਜਾ ਬਿਰਾਜੇ।



SikhBookClub.Com

# ਆਹਲੂਵਾਲੀਆ ਮਿਸਲ

*-ਗੋਕਲ ਚੰਦ ਨਾਰੰਗ*

ਆਹਲੂਵਾਲੀਆ ਮਿਸਲ ਦੀ ਨੀਂਹ ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਕਲਾਲ ਨੇ ਰੱਖੀ। ਉਸ ਦੇ ਮਾਪੇ ਆਹਲੂ ਪਿੰਡ ਦੇ ਸਨ। ਉਸ ਦੀ ਮਾਤਾ ਭਾਈ ਬਾਘ ਸਿੰਘ ਦੀ ਭੈਣ ਸੀ, ਜਿਸ ਨੇ ਭਾਈ ਮਨੀ ਸਿੰਘ ਜੀ ਦੇ ਜਥੇ ਤੋਂ ਅੰਮ੍ਰਿਤ ਛਕਿਆ ਸੀ। ਜਥੇਦਾਰ ਜੱਸਾ ਸਿੰਘ ਜੀ ਜਿਹੜਾ ਕਿ 1718 ਈ. ਵਿਚ ਪੈਦਾ ਹੋਇਆ ਸੀ ਨੇ ਆਪਣੇ ਮਾਮੇ ਦੀਆਂ ਸਾਰੀਆਂ ਖੂਬੀਆਂ ਵਿਰਸੇ ਵਜੋਂ ਪ੍ਰਾਪਤ ਕੀਤੀਆਂ ਸਨ ਅਤੇ ਆਪਣੇ ਸਮੇਂ ਵਿਚ ਉਹ ਸਿੱਖਾਂ ਦਾ ਇਕ ਮਹਾਨ ਸਰਦਾਰ ਬਣ ਗਿਆ ਸੀ ਤੇ ਇਕ ਪੱਖੋਂ ਤਾਂ ਉਹ ਸਾਰਿਆਂ ਨਾਲੋਂ ਹੀ ਉਘੜਵਾਂ ਸਿੱਧ ਹੋਇਆ ਸੀ। ਉਸ ਨੇ ਹੀ ਸਭ ਤੋਂ ਪਹਿਲਾਂ ਖ਼ਾਲਸੇ ਨੂੰ ਸ਼ਾਹੀ ਕਿਰਦਾਰ ਪ੍ਰਦਾਨ ਕੀਤਾ।

ਉਹ ਮਹਾਨ ਸੈਨਿਕ ਗੁਣਾਂ ਦਾ ਧਾਰਨੀ ਸੀ। ਭਾਵੇਂ ਉਸ ਨੇ ਆਪਣਾ ਜੀਵਨ ਨਵਾਬ ਕਪੂਰ ਸਿੰਘ ਦੀ ਫ਼ੌਜ ਵਿਚ ਇਕ ਸਿਪਾਹੀ ਦੇ ਤੌਰ 'ਤੇ ਆਰੰਭ ਕੀਤਾ ਸੀ ਪਰ ਨਵਾਬ ਦੀ ਮ੍ਰਿਤੂ ਤੋਂ ਪਿੱਛੋਂ ਉਸ ਨੇ ਆਪਣੀ ਸੁਤੰਤਰਤਾ ਸਥਾਪਤ ਕਰ ਲਈ ਅਤੇ ਛੇਤੀ ਹੀ ਕਈ ਪਿੰਡ ਜਿੱਤ ਲਏ। ਬਿਆਸ ਦੇ ਦੂਜੇ ਪਾਸੇ ਉਸ ਨੇ ਸੁਲਤਾਨਪੁਰ ਅਤੇ ਤਲਵੰਡੀ 'ਤੇ ਕਬਜ਼ਾ ਕਰ ਲਿਆ ਅਤੇ ਕਪੂਰਥਲਾ ਨੂੰ ਉਸ ਨੇ 1780 ਈ. ਵਿਚ ਆਪਣੇ ਅਧੀਨ ਕਰ ਕੇ ਆਪਣੀ ਰਾਜਧਾਨੀ ਬਣਾ ਲਿਆ ਸੀ। ਸਤਲੁੱਜ ਦੇ ਦੂਜੇ ਪਾਸੇ ਉਸ ਨੇ ਈਸਾ ਖਾਂ ਤੇ ਜਗਰਾਉਂ 'ਤੇ ਅਧਿਕਾਰ ਕਰ ਲਿਆ ਅਤੇ ਬਿਸਤ ਜਲੰਧਰ ਵਿਚ ਸਭ ਤੋਂ ਵੱਡਾ ਸਰਦਾਰ ਸਮਝਿਆ ਜਾਣ ਲੱਗ ਪਿਆ। ਉਸ ਦੇ ਅਨੁਯਾਈ ਉਸ ਨੂੰ ਬਾਦਸ਼ਾਹ ਕਹਿੰਦੇ ਸਨ ਭਾਵੇਂ ਖ਼ਾਲਸੇ ਦੀ ਸਾਂਝੀ ਕਮੇਟੀ ਉਸ ਨੂੰ ਬਾਦਸ਼ਾਹ ਨਹੀਂ ਆਖਦੀ ਸੀ। ਉਸ ਦਾ ਸੁਭਾਅ ਅਤਿ ਖੁੱਲ੍ਹਾ ਸੀ ਤੇ ਆਪਣੇ

ਅਨੁਯਾਈਆਂ ਨੂੰ ਉਹ ਖੁੱਲ੍ਹੇ ਦਿਲ ਨਾਲ ਉਪਹਾਰ ਦਿਆ ਕਰਦਾ ਸੀ। ਉਹ ਮਹਾਨ ਦੇਸ਼ ਭਗਤ ਸੀ ਅਤੇ ਆਪਣੇ ਦੇਸ਼ ਦੀ ਜਨਤਾ ਲਈ ਤੇ ਆਪਣੇ ਧਰਮ ਲਈ ਆਪਣੀ ਜ਼ਿੰਦਗੀ ਤੇ ਨਿੱਜੀ ਸੁਤੰਤਰਤਾ ਨੂੰ ਖ਼ਤਰੇ ਵਿਚ ਪਾਉਣ ਲਈ ਸਦਾ ਤਿਆਰ ਰਹਿੰਦਾ ਸੀ। ਇਕ ਵਾਰ ਅਹਿਮਦ ਸ਼ਾਹ ਭਾਰਤ ਤੋਂ ਬਹੁਤ



SikhBookClub.Com

ਸਾਰੀਆਂ ਇਸਤਰੀਆਂ ਤੇ ਕੁੜੀਆਂ ਖਰਾਜ ਵਜੋਂ ਲੈ ਜਾ ਰਿਹਾ ਸੀ। ਇਹ ਖ਼ਬਰ ਜਥੇਦਾਰ ਜੱਸਾ ਸਿੰਘ ਜੀ ਕੋਲ ਪੁੱਜੀ। ਉਸ ਨੇ ਸ਼ਾਹ ਦਾ ਪਿੱਛਾ ਕਰਨਾ ਆਰੰਭ ਕੀਤਾ ਅਤੇ ਉਸ ਦੇ ਡੇਰੇ 'ਤੇ ਰਾਤੋ-ਰਾਤ ਸਫਲ ਹਮਲਾ ਕਰ ਕੇ ਇਨ੍ਹਾਂ ਮਾਸੂਮ ਜੀਵਾਂ ਨੂੰ ਬਚਾਇਆ ਅਤੇ ਉਨ੍ਹਾਂ ਨੂੰ ਖੁੱਲ੍ਹਾ ਧਨ ਤੇ ਹੋਰ ਲੋੜੀਂਦੀਆਂ ਵਸਤਾਂ ਦੇ ਕੇ ਯੋਗ ਰਖਵਾਲ-ਦਸਤੇ ਦੀ ਰਾਖੀ ਵਿਚ ਆਪਣੇ ਆਪਣੇ ਘਰੀਂ ਪਹੁੰਚਾ ਦਿੱਤਾ। ਇਸ ਬਹਾਦਰੀ ਅਤੇ ਦੇਸ਼ ਭਗਤੀ ਦੇ ਕਾਰਨਾਮੇ ਨੇ ਜਥੇਦਾਰ ਜੱਸਾ

ਸਿੰਘ ਜੀ ਨੂੰ ਹਿੰਦੂਆਂ ਦੀਆਂ ਸਾਰੀਆਂ ਸ਼੍ਰੇਣੀਆਂ ਵਿਚ ਨ ਕੇਵਲ ਲੋਕ-ਪ੍ਰਿਯ ਬਣਾ ਕੇ ਉਸ ਦੀ ਸ਼ਕਤੀ ਤੇ ਪ੍ਰਭਾਵ ਵਿਚ ਹੀ ਵਾਧਾ ਕੀਤਾ ਸਗੋਂ ਸਿੱਖਾਂ ਦੀ ਮਾਨ-ਮਰਯਾਦਾ ਤੇ ਲੋਕ-ਪ੍ਰਿਯਤਾ ਵਿਚ ਵੀ ਵਾਧਾ ਕਰ ਦਿੱਤਾ।

1783 ਈ. ਵਿਚ ਅੰਮ੍ਰਿਤਸਰ ਵਿਖੇ ਜਥੇਦਾਰ ਜੱਸਾ ਸਿੰਘ ਜੀ ਦੀ ਮ੍ਰਿਤੂ ਹੋ ਗਈ ਅਤੇ ਉਸ ਦੀ ਥਾਂ ਭਾਗ ਸਿੰਘ ਨੇ ਲਈ । ਇਸ ਸਰਦਾਰ ਨੇ ਕੋਈ ਨਵਾਂ ਇਲਾਕਾ ਨਾ ਜਿੱਤਿਆ।

ਸ. ਭਾਗ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ ਇਕਲੌਤੇ ਪੁੱਤਰ ਫਤਿਹ ਸਿੰਘ ਨੇ ਉਸ ਦੇ ਇਲਾਕੇ ਦਾ ਅਧਿਕਾਰ ਸੰਭਾਲਿਆ। ਉਹ ਹੱਦ ਦਰਜੇ ਦਾ ਯੋਗ ਪੁਰਸ਼ ਸੀ ਅਤੇ ਜੋ ਉਸ ਪਾਸ ਰਣਜੀਤ ਸਿੰਘ ਵਰਗਾ ਦਲੇਰ ਤੇ ਰੋਅਬਦਾਰ ਚਰਿੱਤਰ ਸੀ। ਫਤਿਹ ਸਿੰਘ ਰਣਜੀਤ ਸਿੰਘ ਲਈ ਬਹੁਤ ਸਹਾਇਕ ਸਿੱਧ ਹੋਇਆ ਅਤੇ ਉਸ ਨੇ ਉਸ ਲਈ ਵਿਸ਼ਾਲ ਇਲਾਕਾ ਫਤਹਿ ਕੀਤਾ। ਫਤਿਹ ਸਿੰਘ ਇਕ ਅਜਿਹੀ ਪੌੜੀ ਸੀ, ਜਿਸ ਰਾਹੀਂ ਰਣਜੀਤ ਸਿੰਘ ਮਹਾਨਤਾ ਦੀ ਸਿਖਰ 'ਤੇ ਅਪੜਿਆ।

ਜਨਵਰੀ 1806 ਨੂੰ ਸਦਭਾਵਨਾ ਤੇ ਮਿੱਤਰਤਾ ਦੀ ਇਕ ਸੰਧੀ ਤੇ ਈਸਟ ਇੰਡੀਆ ਕੰਪਨੀ ਜਿਸ ਦੀ ਪ੍ਰਤਿਨਿਧਤਾ ਲਾਰਡ ਲੇਕ ਨੇ ਕੀਤੀ ਅਤੇ ਫਤਿਹ ਸਿੰਘ ਜਿਹੜਾ ਕਪੂਰਥਲਾ ਦੀ ਰਿਆਸਤ ਅਤੇ ਲਾਹੌਰ ਰਾਜ ਦੀ ਪ੍ਰਤਿਨਿਧਤਾ ਕਰਦਾ ਸੀ, ਵਿਚਕਾਰ ਦਸਤਖ਼ਤ ਕੀਤੇ ਗਏ। ਇਸ ਤਰ੍ਹਾਂ ਉੱਤਰ ਵਿਚ ਅੰਗ੍ਰੇਜ਼ੀ ਸਰਕਾਰ ਨਾਲ ਸਭ ਤੋਂ ਪਹਿਲਾਂ ਸੰਧੀ ਕਰਨ ਵਾਲਾ ਕਪੂਰਥਲਾ ਰਾਜ ਸੀ। ਮਹਾਰਾਜਾ ਦੇ ਨਾਂ 'ਤੇ ਯੁੱਧ ਦੇ ਸਰਗਰਮ ਜੀਵਨ ਪਿੱਛੋਂ ਉਸ ਨੇ ਆਪਣੇ ਜੀਵਨ ਦੇ ਪਿਛਲੇ ਸੋਲਾਂ ਸਤਾਰਾਂ ਵਰ੍ਹੇ ਅਮਨ ਅਮਾਨ ਨਾਲ ਕਪੂਰਥਲੇ 'ਤੇ ਰਾਜ ਕੀਤਾ, ਜਿਥੇ ਉਹ 1837 ਈ. ਵਿਚ ਮਰ ਗਿਆ। ਉਸ ਤੋਂ ਪਿੱਛੋਂ ਉਸਦੀ ਔਲਾਦ ਕਪੂਰਥਲੇ ਦੀ ਰਿਆਸਤ ਤੇ ਅੰਗਰੇਜ਼ੀ ਸਰਕਾਰ ਦੀ ਵਫਾਦਾਰ ਹਮਾਇਤੀ ਬਣ ਕੇ ਰਾਜ ਕਰਦੀ ਰਹੀ।[1]



SikhBookClub.Com

## ਟਿੱਪਣੀ

1. ਸਿੱਖਾਂ ਦੀ ਦੂਸਰੀ ਲੜਾਈ ਵਿਚ ਨਿਹਾਲ ਸਿੰਘ ਨੇ ਅੰਗ੍ਰੇਜ਼ਾਂ ਦੀ ਭਾਰੀ ਮਦਦ ਕੀਤੀ। ਉਸ ਦੀ ਲਾਭਵੰਦ ਸੇਵਾ ਦੇ ਫਲ ਵਜੋਂ ਉਸ ਨੂੰ ਰਾਜੇ ਦਾ ਖ਼ਿਤਾਬ ਬਖ਼ਸ਼ ਦਿੱਤਾ।

   1857 ਦੇ ਗਦਰ ਵਿਚ ਕਪੂਰਥਲੇ ਦੇ ਰਾਜੇ ਨੇ ਬਰਤਾਨਵੀ ਸਰਕਾਰ ਦੀ ਬੜੀ ਮਦਦ ਕੀਤੀ। ਇਸ ਸਹਾਇਤਾ ਦੇ ਬਦਲੇ ਵਜੋਂ ਵੀਹ ਲੱਖ ਦੀ ਆਮਦਨੀ ਵਾਲਾ ਇੱਕ ਵੱਡਾ ਤਅਲਕਾ ਉਸ ਨੂੰ ਬਖਸ਼ਿਆ ਗਿਆ ਜਿਹੜਾ ਹੁਣ ਤਕ ਰਿਆਸਤ ਦੇ ਕਬਜ਼ੇ ਵਿਚ ਹੈ।

   ਆਹਲੂਵਾਲੀਆ ਮਿਸਲ ਅਤੇ ਕਪੂਰਥਲਾ ਰਿਆਸਤ ਦਾ ਪਿਛਲਾ ਮਹਾਰਾਜਾ ਜਗਤਜੀਤ ਸਿੰਘ ਸੀ ਜੋ ਕਿ ਅਤਿ ਸੱਭਯ ਰਾਜਾ ਸੀ ਅਤੇ ਜਿਸ ਨੇ ਦੂਰ-ਦੂਰ ਦੇ ਦੇਸ਼ਾਂ ਦੀ ਯਾਤਰਾ ਕੀਤੀ ਤੇ ਤੇ ਰਾਜ ਘਰਾਣਿਆਂ ਤੇ ਆਮ ਲੋਕਾਂ ਵਿਚ ਜਿਸ ਦਾ ਭਾਰੀ ਆਦਰ ਸੀ। ਉਸ ਦੀ ਹਕੂਮਤ ਦੇ ਸਮੇਂ ਵਿਚ ਰਿਆਸਤ ਨੇ ਹਰ ਪਾਸੇ ਖਾਸ ਕਰ ਕੇ ਉਦਯੋਗਾਂ ਵਿਚ ਉੱਘੜਵੀਂ ਉੱਨਤੀ ਕੀਤੀ ਸੀ ।



SikhBookClub.Com

# ਸੁਲਤਨ-ਉਲ਼-ਕੌਮ : ਪੰਥ ਦਾ ਬਾਦਸ਼ਾਹ
# ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ

*—ਪ੍ਰੋ. ਸੁਰਜੀਤ ਸਿੰਘ ਗਾਂਧੀ*

ਤੈਮੂਰ ਅਤੇ ਉਸ ਦੇ ਨਾਇਬ ਜਹਾਨ ਖ਼ਾਂ ਦੇ ਪੰਜਾਬ ਛੱਡ ਕੇ ਵਾਪਸ ਕਾਬਲ ਜਾਣ ਨਾਲ ਪੰਜਾਬ ਵਿਚ ਦੁਰਾਨੀਆਂ ਦਾ ਰਾਜ ਖ਼ਤਮ ਹੋ ਗਿਆ ਸੀ। ਅਹਿਮਦ ਸ਼ਾਹ ਲਈ ਇਹ ਨੁਕਸਾਨ ਅਸਹਿ ਸੀ। ਇਸ ਵਿੱਚ ਉਹ ਆਪਣੀ ਮਾਨ-ਹਾਨੀ ਸਮਝ ਰਿਹਾ ਸੀ ਪਰ ਕਲਾਤ ਦੀ ਮੁਹਿੰਮ ਵਿੱਚ ਰੁਝਿਆ ਹੋਣ ਕਾਰਨ ਉਹ ਭਾਰਤ ਵੱਲ ਉੱਕਾ ਹੀ ਧਿਆਨ ਨਹੀਂ ਦੇ ਸਕਿਆ ਸੀ। ਇਸ ਦੌਰਾਨ ਉਸ ਦੇ ਜਰਨੈਲਾਂ ਰਾਹੀਂ ਭਾਰਤ ਉੱਤੇ ਇਕਾ-ਦੁੱਕਾ ਹਮਲੇ ਕੀਤੇ ਗਏ ਪਰ ਕੋਈ ਵਿਸ਼ੇਸ਼ ਕਾਮਯਾਬੀ ਪ੍ਰਾਪਤ ਨਹੀਂ ਹੋਈ ਸੀ। ਜਦੋਂ ਅਕਤੂਬਰ 1759 ਈ. ਵਿਚ ਉਸ ਨੂੰ ਕਲਾਤ ਤੋਂ ਵਿਹਲ ਮਿਲੀ, ਤਾਂ ਉਸ ਨੇ ਤੁਰੰਤ 40 ਹਜਾਰ ਚੋਣਵੇਂ ਸਿਪਾਹੀਆਂ ਦੀ ਫ਼ੌਜ ਨਾਲ ਲੈ ਕੇ ਭਾਰਤ ਉੱਤੇ ਹਮਲਾਂ ਕਰਨ ਲਈ ਕੂਚ ਕਰ ਦਿੱਤਾ। ਇਹ ਭਾਰਤ ਉੱਤੇ ਉਸ ਦਾ ਪੰਜਵਾਂ ਹਮਲਾ ਸੀ। ਉਸ ਦੀ ਯੋਜਨਾ ਇਹ ਸੀ ਕਿ ਪਹਿਲਾਂ ਉਹ ਮਰਾਠਿਆਂ ਨੂੰ ਸੋਧੇ ਤੇ ਫਿਰ ਸਿੱਖਾਂ ਨੂੰ ਟਿਕਾਣੇ ਲਗਾ ਕੇ ਪੰਜਾਬ ਵਿੱਚ ਮੁੜ ਕੇ ਅਫ਼ਗਾਨੀ ਰਾਜ ਕਾਇਮ ਕਰੇ।

ਅਕਤੂਬਰ, 1759 ਈ. ਨੂੰ ਉਸ ਦਰਿਆ ਅਟਕ ਪਾਰ ਕੀਤਾ। ਮਰਾਠਿਆਂ ਨੇ ਕਿਧਰੇ ਵੀ ਉਸ ਦਾ ਟਾਕਰਾ ਨਾ ਕੀਤਾ ਅਤੇ ਉਹ ਰਵਾਂ-ਰਵੀਂ ਲਾਹੌਰ ਪਹੁੰਚ ਗਿਆ।

ਇਸ ਅਵਸਥਾ ਵਿੱਚ ਸਿੱਖ ਕੀ ਨੀਤੀ ਅਪਣਉਂਦੇ ? ਕੀ ਉਸ ਨੂੰ ਦਿੱਲੀ ਬਗ਼ੈਰ ਲੜਾਈ ਦੇ ਜਾਣ ਦੇਣ ਜਾਂ ਉਸ ਨੂੰ ਰਾਹ ਵਿੱਚ ਜਿੱਤ ਕੇ ਉਸ ਦੀ ਤਾਕਤ ਕਮਜ਼ੋਰ ਕਰਨ ਤਾਂ ਕਿ ਉਹ ਮਰਾਠਿਆਂ ਵਿਰੁੱਧ ਕੋਈ ਸਫ਼ਲਤਾ ਪ੍ਰਾਪਤ ਨਾ ਕਰ ਸਕੇ। ਸਿੱਖਾਂ ਨੇ ਅੰਤਲਾ ਰਾਹ ਅਪਣਾਇਆ। 20 ਅਕਤੁਬਰ ਦੀ ਦੀਵਾਲੀ ਵਾਲੇ ਦਿਨ ਇਨ੍ਹਾਂ ਨੇ ਮਤਾ ਪਾਸ ਕੀਤਾ ਕਿ ਲਾਹੌਰ ਵਿਖੇ ਦੁਰਾਨੀ ਦੀ ਫ਼ੌਜ ਉੱਤੇ ਹੱਲਾ ਕੀਤਾ ਜਾਵੇ। ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਉਨ੍ਹਾਂ ਮੋਹਰੀਆਂ ਵਿੱਚੋਂ ਸਨ ਜਿਨ੍ਹਾਂ ਨੇ ਅਕਾਲ ਬੁੰਗੇ ਵਿੱਚ ਬੈਠ ਕੇ ਇਹ ਮਤਾ ਪਕਇਆ ਸੀ। ਮਤੇ ਅਨੁਸਾਰ ਸਿੰਘਾਂ ਨੇ ਦੁਰਾਨੀ ਫ਼ੌਜ ਉਤੇ ਧਾਵਾ ਬੋਲ ਦਿੱਤਾ। ਦੁਰਾਨੀ



SikhBookClub.Com

ਸਿਪਾਹੀ ਭੱਜ ਉਠੇ। ਇਨ੍ਹਾਂ ਬਾਗਬਾਨ ਪੂਰਾ ਅਤੇ ਬੇਗਮਪੂਰਾ ਬਸਤੀਆਂ ਤਕ ਦੁਰਾਨੀਆਂ ਦਾ ਪਿੱਛਾ ਕੀਤਾ ਅਤੇ ਜੋ ਕੁਝ ਘੋੜੇ ਖਚਰਾਂ ਆਦਿ ਉੱਥੋਂ ਮਿਲਿਆ ਕਾਬੂ ਕਰ ਲਿਆ। ਇਹ ਹੱਲਾ ਬੜਾ ਅਚਨਚੇਤ ਸੀ ਅਤੇ ਅਹਿਮਦ ਸ਼ਾਹ ਅਬਦਾਲੀ ਨੂੰ ਜਦੋਂ ਸੂਹ ਮਿਲੀ ਉਦੋਂ ਤੱਕ ਸਿੰਘ ਵਾਪਸ ਜਾ ਚੁੱਕੇ ਸਨ।

ਖਿਝੇ ਹੋਏ ਅਹਿਮਦ ਸ਼ਾਹ ਨੇ ਜਹਾਨ ਖ਼ਾਂ ਨੂੰ ਫ਼ੌਜ ਦੇ ਕੇ ਉਨ੍ਹਾਂ ਦੇ ਮੁਕਾਬਲੇ ਲਈ ਭੇਜਿਆ। ਜਥੇਦਾਰ ਜੱਸਾ ਸਿੰਘ ਜੀ ਦੀ ਸੁਪਰੀਮ ਕਮਾਂਡ ਹੇਠ ਖ਼ਾਲਸੇ ਨੇ ਅਫ਼ਗਾਨਾਂ ਨੂੰ ਇੰਨਾ ਤੰਗ ਕੀਤਾ ਕਿ ਉਹ ਅਚੰਭਿਤ ਰਹਿ ਗਏ। ਸ. ਜਹਾਨ ਖ਼ਾਂ ਜ਼ਖ਼ਮੀ ਹੋ ਗਿਆ। ਸ਼ਾਮ ਤੱਕ ਘਮਸਾਨ ਦੀ ਲੜਾਈ ਹੁੰਦੀ ਰਹੀ। ਬਹੁਤ ਸਾਰੇ ਪਠਾਣ ਮਾਰ ਗਏ। ਫਿਰ ਖ਼ਾਲਸਾ ਮਾਝੇ ਦੇ ਇਲਾਕੇ ਵਿੱਚ ਖਿੰਡ ਪੁੰਡ ਗਿਆ।

ਅਹਿਮਦ ਸ਼ਾਹ ਅਬਦਾਲੀ ਨੇ ਚੂੰਕਿ ਦਿੱਲੀ ਵੱਲ ਜਾਣਾ ਇਸ ਲਈ ਉਹ ਬਹੁਤ ਦੇਰ ਲਾਹੌਰ ਨਾ ਠਹਿਰਿਆ। ਉਸ ਨੇ ਆਪਣੇ ਵਜ਼ੀਰ ਸ਼ਾਹ ਵਲੀ ਖ਼ਾਂ ਦੇ ਭਰਾ ਹਾਜੀ ਕਰੀਮਦਾਦ ਖ਼ਾਨ ਨੂੰ ਲਾਹੌਰ ਦਾ ਹਾਕਮ, ਅਮੀਰ ਖ਼ਾਂ ਨੂੰ ਉਸ ਦਾ ਨਾਇਬ ਅਤੇ ਜ਼ੈਨ ਖ਼ਾਂ ਨੂੰ ਚਾਰ ਮਹਾਲ ਦਾ ਫ਼ੌਜਦਾਰ ਨੀਯਤ ਕੀਤਾ। 20 ਨਵੰਬਰ, ਨੂੰ ਸ਼ਾਹ ਨੇ ਗੋਇੰਦਵਾਲ ਦੇ ਪੱਤਣ ਤੋਂ ਦਰਿਆ ਬਿਆਸ ਪਾਰ ਕੀਤਾ। ਗਾਜ਼ੀ-ਉਦਦੀਨ ਨੇ 29 ਨਵੰਬਰ, 1759 ਈ. ਨੂੰ ਬਾਦਸ਼ਾਹ ਆਲਮਗੀਰ ਦੂਜੇ ਨੂੰ ਮਰਵਾ ਦਿੱਤਾ।

ਲਾਹੌਰੋਂ ਜਾਣ ਦੀ ਦੇਰ ਹੀ ਸੀ ਕਿ ਸਿੰਘਾਂ ਨੇ ਅਫ਼ਗਾਨੀ ਰਾਜ ਪ੍ਰਬੰਧ ਨੂੰ ਤਕੜੀਆਂ ਸੱਟਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਲਾਹੌਰੋਂ ਜਾਣ ਤੋਂ ਥੋੜ੍ਹੇ ਹੀ ਸਮੇਂ ਪਿੱਛੋਂ ਅਹਿਮਦ ਸ਼ਾਹ ਨੇ ਕਰੀਮਦਾਦ ਨੂੰ ਆਪਣੇ ਪਾਸ ਬੁਲਾ ਲਿਆ ਸੀ ਅਤੇ ਉਸ ਦੀ ਥਾਂ ਸਰਬੁਲੰਦ ਖ਼ਾਂ ਨੂੰ ਭੇਜ ਦਿੱਤਾ। ਉਹ ਖ਼ਾਲਸਾ ਜੀ ਪਾਸੋਂ ਇੰਨਾਂ ਡਰ ਗਿਆ ਕਿ ਉਹ ਜਲੰਧਰ ਰਹਿਣ ਲੱਗ ਪਿਆ ਅਤੇ ਆਪਣੇ ਨਾਇਬ ਸਆਦਤ ਯਾਰ ਖਾਨ ਨੂੰ ਲਾਹੌਰ ਦਾ ਪ੍ਰਬੰਧ ਸੌਂਪ ਦਿੱਤਾ। ਸਿੰਘਾਂ ਦੇ ਨਿੱਤ ਦੇ ਧਾਵਿਆਂ ਤੋਂ ਘਬਰਾ ਕੇ ਉਸ ਨੇ ਅਸਤੀਫ਼ਾ ਦੇ ਦਿੱਤਾ। ਇਸ ਤੋਂ ਪਿੱਛੋਂ ਸਰਬੁਲੰਦ ਖ਼ਾਂ ਨੇ ਲਾਹੌਰ ਦੀ ਨਾਇਬੀ ਇਕ ਹਿੰਦੂ ਸ਼ਾਹੂਕਾਰ ਨੂੰ ਦੇ ਦਿੱਤੀ। ਸ਼ਾਇਦ ਉਸ ਨੂੰ ਇਹ ਖਿਆਲ ਸੀ ਕਿ ਇਹ ਹਿੰਦੂ ਹੋਣ ਕਰਕੇ ਸਿੰਘਾਂ ਨੂੰ ਪਰਚਾ ਲਵੇਗਾ। ਉਸ ਪਾਸੋਂ ਵੀ ਕੰਮ ਨਾ ਸੰਭਾਲਿਆ ਗਿਆ ਅਤੇ ਮੀਰ ਮੁਹੰਮਦ ਖਾਨ ਨੂੰ ਲਾਹੌਰ ਦਾ ਨਾਇਬ ਹਾਕਮ ਮੁਕੱਰਰ ਕੀਤਾ। ਇਹ ਵਾਕਿਆ ਸਤੰਬਰ-ਅਕਤੂਬਰ 1760 ਦਾ ਹੈ।

ਅਕਤੂਬਰ 1760 ਦੀ ਗੱਲ ਹੈ ਕਿ 50 ਕੁ ਸਿੰਘਾਂ ਨੂੰ ਖ਼ਬਰ ਮਿਲੀ ਕਿ ਸਿਆਲਕੋਟ ਵਿੱਚ ਰੁਸਤਮ ਖ਼ਾਂ ਡੇਢ ਕੁ ਸੌ ਸਵਾਰ ਨਾਲ ਲੈ ਕੇ ਉਗਰਾਹੀ ਕਰ ਰਿਹਾ ਹੈ। ਉਨ੍ਹਾਂ ਨੇ ਤੁਰੰਤ ਉਸ ਉਤੇ ਹਮਲਾ ਕਰ ਕੇ ਉਸ ਨੂੰ ਪਕੜ ਲਿਆ ਅਤੇ ਉਸ ਦੇ ਨਾਲ ਹੀ ਮੁਰਾਦ ਬੇਗਮ ਦੇ ਕਾਰਦਰ ਤਹਿਪਾਕ ਖ਼ਾਂ ਨੂੰ ਵੀ ਧਰ ਲਿਆ। ਰੁਸਤਮ ਖ਼ਾਂ ਨੇ ਜੰਮੂ ਦੇ ਰਾਜੇ ਦੀ ਮਾਰਫ਼ਤ ਵੀਹ ਹਜ਼ਾਰ ਰੁਪਇਆ ਖ਼ਾਲਸਾ ਜੀ ਨੂੰ ਨਜ਼ਰ ਦੇ ਕੇ ਆਪਣੀ ਖ਼ਲਾਸੀ ਕਰਾਈ।



SikhBookClub.Com

7 ਨਵੰਬਰ, 1760 ਈ. ਦੀ ਦੀਵਾਲੀ ਨੂੰ ਅੰਮ੍ਰਿਤਸਰ ਵਿਖੇ ਖ਼ਾਲਸੇ ਦਾ ਇਕ ਤਕੜਾ ਇਕੱਠ ਹੋਇਆ। ਇਸ ਵਿੱਚ ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ, ਸ. ਚੜ੍ਹਤ ਸਿੰਘ ਸ਼ੁਕਰਚੱਕੀਆ, ਸ. ਜੈ ਸਿੰਘ ਘਨ੍ਹਈਆ, ਸ. ਹਰੀ ਸਿੰਘ ਭੰਗੀ, ਸ. ਜੱਸਾ ਸਿੰਘ ਜੀ ਰਾਮਗੜ੍ਹੀਆ, ਸ. ਹਕੀਕਤ ਸਿੰਘ, ਸ. ਗੁੱਜਰ ਸਿੰਘ, ਸ. ਲਹਿਣਾ ਸਿੰਘ ਆਦਿ ਸਰਦਾਰ ਮੌਜੂਦ ਸਨ। ਸਰਬਤ ਖ਼ਾਲਸੇ ਨੇ ਫ਼ੈਸਲਾ ਕੀਤਾ ਕਿ ਅਹਿਮਦ ਸ਼ਾਹ ਅਬਦਾਲੀ ਦੀ ਦਿੱਲੀ ਤੋਂ ਵਾਪਸੀ ਤੋਂ ਪਹਿਲਾਂ ਪਹਿਲਾਂ ਲਾਹੌਰ ਵਿਚ ਅਫ਼ਗਾਨ ਪ੍ਰਬੰਧ ਨੂੰ ਇਕ ਅਜਿਹੀ ਕਰਾਰੀ ਸੱਟ ਮਾਰੀ ਜਾਏ ਜਿਸ ਦੁਆਰਾ ਅਹਿਮਦ ਸ਼ਾਹ ਅਬਦਾਲੀ ਉਤੇ ਤਹਿਲਕਾ ਮਚਾ ਦੇਣ ਵਾਲਾ ਪ੍ਰਭਾਵ ਪਵੇ। ਰਹੱਸ ਇਹ ਸੀ ਕਿ ਜੇ ਮਰਾਠਿਆਂ ਵਿਰੁੱਧ ਜਿੱਤ ਕਾਰਣ ਅਹਿਮਦ ਸ਼ਾਹ ਦਾ ਸਿਰ ਫਿਰ ਜਾਵੇ ਤਾਂ ਵੀ ਉਹ ਸਿੱਖਾਂ ਨਾਲ ਲੋਹਾ ਲੈਣ ਤੋਂ ਪਹਿਲਾਂ ਕਈ ਵਾਰ ਸੋਚੇ ਅਤੇ ਜੇ ਉਹ ਹਾਰ ਗਿਆ ਤਾਂ ਸਿੱਖਾਂ ਲਈ ਲਾਹੌਰ ਦਾ ਰਾਜ ਪ੍ਰਬੰਧ ਸੰਭਾਲਣ ਵਿੱਚ ਸੌਖ ਹੋ ਜਾਵੇਗੀ ਕਿਉਂਕਿ ਘਬਰਾਏ ਹੋਏ ਅਫ਼ਗਾਨ ਅਧਿਕਾਰੀ ਸਿੱਖਾਂ ਦੀ ਵਿਰੋਧਤਾ ਕਰਨ ਦਾ ਹੀਆ ਨਹੀਂ ਕਰਨਗੇ ।

ਗੁਰਮਤੇ ਅਨੁਸਾਰ, ਸਿੱਖਾ ਨੇ ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਦੀ ਅਗਵਾਈ ਹੇਠ ਖ਼ਾਲਸੇ ਨੇ ਲਾਹੌਰ ਉਤੇ ਚੜ੍ਹਾਈ ਕੀਤੀ ਅਤੇ ਬਾਹਰ ਦੀਆਂ ਬਸਤੀਆਂ ਜਾ ਮਾਰੀਆਂ। ਮੀਰ ਮੁਹੰਮਦ ਖ਼ਾਂ ਨੇ ਸ਼ਹਿਰ ਦੀ ਫ਼ਸੀਲ ਦੇ ਦਰਵਾਜ਼ੇ ਬੰਦ ਕਰ ਲਏ। ਇਸ ਤਰ੍ਹਾਂ ਸ਼ਹਿਰ ਲਾਹੌਰ ਆਪਣੇ ਆਪ ਹੀ ਘੇਰਿਆ ਗਿਆ ਅਤੇ ਸਭ ਆਵਾਜਾਈ ਬੰਦ ਹੋ ਗਈ। ਗਿਆਰਾਂ ਦਿਨ ਲਗਾਤਾਰ ਪੱਕੀ ਤਰ੍ਹਾਂ ਘੇਰਾ ਪਿਆ ਰਿਹਾ ਅਤੇ ਲੋਕੀਂ ਬਹੁੱਤ ਤੰਗ ਆ ਗਏ ਅਤੇ ਮੀਰ ਮਹੰਮਦ ਖ਼ਾਂ ਘਬਰਾ ਗਿਆ ਪਰ ਸਿੰਘਾਂ ਦੀ ਨੀਅਤ ਲੋਕਾਂ ਨੂੰ ਤੰਗ ਕਰਨ ਦੀ ਤਾਂ ਹੈ ਹੀ ਨਹੀਂ ਸੀ। ਉਹ ਤਾਂ ਕੇਵਲ ਹਕੂਮਤ ਨੂੰ ਬੇਵੱਸ ਕਰਕੇ ਪੈਰੋਂ ਕੱਢਣਾ ਚਾਹੁੰਦੇ ਸਨ। ਇਸ ਲਈ ਸਰਦਾਰ ਲਹਿਣਾ ਸਿੰਘ ਨੇ ਇਕ ਮੁਹਤਬਰ ਮੀਰ ਮੁਹੰਮਦ ਖ਼ਾਨ ਪਾਸ ਭੇਜਿਆ ਕਿ ਜੇ ਉਹ ਖ਼ੈਰ ਚਾਹੁੰਦਾ ਹੈ ਤਾਂ ਸਿੰਘਾਂ ਨੂੰ ਕੜਾਹ ਪ੍ਰਸ਼ਾਦਿ ਲਈ ਨਜ਼ਰਾਨੇ ਦੀ ਰਕਮ ਦੇਣਾ ਕਬੂਲ ਕਰ ਲਵੇ। ਮੀਰ ਮੁਹੰਮਦ ਹੁਣ ਬੇਵੱਸ ਸੀ ਅਤੇ ਰਕਮ ਦੀ ਵੀ ਘਾਟ ਸੀ। ਇਸ ਨਾਜ਼ਕ ਸਮੇਂ ਤੇ ਅਹਿਮਦ ਸ਼ਾਹ ਦੇ ਖ਼ਜਾਨਚੀ ਗੁਲ ਮੁਹੰਮਦ ਖ਼ਾਨ ਨੇ ਪਸਰੂਰ ਦੇ ਮਾਮਲੇ ਦੀ ਰਕਮ ਯਾਕੂਬ ਖ਼ਾਂ ਦੇ ਰਾਹੀਂ ਭੇਜੀ ਸੀ। ਉਸ ਵਿਚੋਂ ਤੀਹ ਹਜ਼ਾਰ ਰੁਪਈਆ ਪੀਰਜ਼ਾਦਾ ਗ਼ੁਲਾਮ ਹੁਸੈਨ ਸਰਹੰਦੀ, ਮੀਆਂ ਮੁਹੰਮਦ ਤਕੀ, ਮੀਰ ਨੱਥੂ ਸ਼ਾਹ ਅਤੇ ਹਾਫ਼ਜ਼ ਕਾਦਰ ਬਖ਼ਸ਼ ਆਦਿ ਸ਼ਹਿਰ ਦੇ ਪਤਵੰਤਿਆਂ ਦੇ ਹੱਥੀਂ ਖ਼ਾਲਸਾ ਜੀ ਦੀ ਦੇਗ ਲਈ ਨਜ਼ਰ ਹਾਜ਼ਰ ਕੀਤੀ। ਇਸ ਲਈ ਹਕੂਮਤ ਝੁਕ ਗਈ ਅਤੇ ਖ਼ਾਲਸੇ ਦਾ ਮਤਲਬ ਪੂਰਾ ਹੋ ਗਿਆ ਅਤੇ ਉਹ ਅੰਮ੍ਰਿਤਸਰ ਨੂੰ ਆਪਣਾ ਹੋਰ ਪ੍ਰੋਗਰਾਮ ਭੁਗਤਾਉਣ ਲਈ ਵਾਪਿਸ ਮੁੜ ਪਏ।

ਮੁਫਤੀ ਗੁਲਾਮ ਸਰਵਰ 'ਤਾਰੀਖਿ ਮਖ਼ਜ਼ਹਿ ਪੰਜਾਬ' ਵਿਚ ਲਿਖਦਾ ਹੈ



SikhBookClub.Com

ਕਿ, "ਜਦ ਘੇਰੇ ਵਿਚ ਆਇਆ ਹੋਇਆ ਲਾਹੌਰ ਦਾ ਹਾਕਮ ਬਹੁਤ ਤੰਗ ਆ ਗਿਆ ਤਾਂ ਪਹਿਲਾਂ ਉਸ ਨੇ ਸੁਲਾਹ ਲਈ ਸੁਨੇਹਾ ਭੇਜਿਆ ਸੀ ਜੋ ਖ਼ਾਲਸੇ ਨੇ ਪਰਵਾਨ ਕਰ ਲਿਆ ਅਤੇ, ਤੀਹ ਹਜ਼ਾਰ ਰੁਪਈਆ ਕੜਾਹ ਪ੍ਰਸ਼ਾਦਿ ਲਈ ਨਜ਼ਰ ਦਿੱਤੀ।"

1761 ਈ. ਵਿਚ ਮਰਾਠਿਆਂ ਨੂੰ ਪਾਨੀਪੱਤ ਦੇ ਯੁੱਧ ਵਿਚ ਹਰਾ ਕੇ ਸ਼ਾਹ ਆਲਮ ਦੂਜੇ ਨੂੰ ਦਿੱਲੀ ਦਾ ਤਖ਼ਤ ਦੇ ਕੇ, ਅਹਿਮਦ ਸ਼ਾਹ ਦੁਰਾਨੀ ਨੇ ਅਫ਼ਗਾਨਿਸਤਾਨ ਵਾਪਿਸ ਜਾਣ ਦਾ ਫ਼ੈਸਲਾ ਕੀਤਾ। ਉਹ ਭਰਤਪੁਰੀਣੇ ਸੂਰਜ ਮੱਲ ਜਾਟ ਵਿਰੁੱਧ ਚੜ੍ਹਾਈ ਕਰਨਾ ਚਾਹੁੰਦਾ ਸੀ ਪਰ ਉਸ ਦੇ ਕਿਲ੍ਹਿਆਂ ਦੀ ਮਜ਼ਬੂਤੀ, ਦੁਰਾਨੀ ਸਿਪਾਹੀਆਂ ਦੀ ਘਰਾਂ ਨੂੰ ਮੁੜਨ ਦੀ ਤਾਂਘ ਅਤੇ ਆ ਰਹੀ ਘੋਰ ਗਰਮੀ ਦੀ ਰੁੱਤ ਦੇ ਕਾਰਣ ਉਸ ਨੂੰ ਆਪਣਾ ਇਰਾਦਾ ਬਦਲਣਾ ਪਿਆ। 13 ਮਾਰਚ, 1761 ਈ. ਨੂੰ ਸ਼ਾਹ ਨੇ ਆਪਣੀ ਹਰਾਵਲ ਫ਼ੌਜ ਅਤੇ ਪੇਸ਼ ਖੈਮੇ ਤੋਰ ਦਿੱਤੇ ਅਤੇ 20 ਮਾਰਚ ਨੂੰ ਆਪ ਵੀ ਦਿੱਲੀਓਂ, ਅਫ਼ਗਾਨਿਸਤਾਨ ਨੂੰ ਚੱਲ ਪਿਆ। 27 ਮਾਰਚ ਨੂੰ ਉਹ ਅੰਬਾਲੇ ਪਾਸ ਪੁੱਜਾ ਅਤੇ 29 ਮਾਰਚ ਨੂੰ ਉਸ ਨੇ ਸਰਹਿੰਦ ਵਿਖੇ ਪੜਾਅ ਕੀਤਾ। ਉਥੇ ਉਸ ਨੇ ਜ਼ੈਨ ਖਾਂ ਨੂੰ ਸਰਹਿੰਦ ਦਾ ਫ਼ੌਜਦਾਰ ਨਿਯੁਕਤ ਕੀਤਾ ਅਤੇ 22 ਸ਼ਾਬਾਮ ਸੰਨ 1174 ਹਿਜ਼ਰੀ (29 ਮਾਰਚ, 1761 ਈ.) ਦੇ ਫੁਰਮਾਨ ਰਾਹੀਂ ਬਾਬਾ ਆਲਾ ਸਿੰਘ ਪਟਿਆਲੇ ਵਾਲੇ ਨੂੰ ਉਸ ਦੇ ਕਬਜ਼ੇ ਹੇਠ ਦੇ ਇਲਾਕੇ ਦਾ ਹਾਕਮ ਪ੍ਰਵਾਨ ਕਰ ਲਿਆ ।

ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਅਤੇ ਹੋਰ ਸਰਦਾਰ ਇਹ ਸਭ ਕੁਝ ਦੇਖ ਰਹੇ ਸਨ। ਅਹਿਮਦ ਸ਼ਾਹ ਅਬਦਾਲੀ ਦੇ ਸਿਪਾਹੀਆਂ ਦੀ ਬਰਬਰੀਅਤ ਦੀਆਂ ਕਹਾਣੀਆਂ ਉਨ੍ਹਾਂ ਤਕ ਪਹੁੰਚ ਰਹੀਆਂ ਸਨ। ਗੁਰੂ ਸਾਹਿਬ ਨੇ ਨਾਰੀ ਨੂੰ ਨਰ ਨਾਲੋਂ ਕਿਸੇ ਵੀ ਤਰ੍ਹਾਂ ਅਧੂਰਾ ਜਾਂ ਘਟੀਆ ਨਹੀਂ ਮੰਨਿਆ ਸੀ, ਸਗੋਂ ਉਸ ਨੂੰ ਰਾਜਿਆਂ ਅਥਵਾ ਧਰਮਾਤਮਾਵਾਂ ਦੀ ਜਨਨੀ ਕਹਿ ਕੇ ਸਤਿਕਾਰਿਆ ਸੀ ਤੇ ਨਾ-ਮਾਤਰੀ ਪ੍ਰਧਾਨ, ਉਹ ਤਾਂ ਅਜਿਹਾ ਪਰਵਾਰ ਸੀ ਜਿਸ ਵਿਚ ਮੁਕੰਮਲ ਸਮਾਨਤਾ ਅਤੇ ਸਮਸੁਰਤਾ ਸੀ। ਪਰੰਤੂ ਦੁਰਾਨੀਆਂ ਦੇ ਸਾਹਮਣੇ ਇਨ੍ਹਾਂ ਉਚੇਰੇ ਅਸੂਲਾਂ ਦਾ ਕੋਈ ਪਾਸ ਨਹੀਂ ਸੀ। ਉਨ੍ਹਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਭਾਰਤੀ ਨਾਰੀਆਂ ਨੂੰ ਕੈਦੀ ਬਣਾ ਲਿਆ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਪਰਵਾਰਾਂ ਤੋਂ ਜ਼ੋਰੀ ਅਲੱਗ ਕਰਕੇ ਅਪਣੀ ਹਵਸ ਦੀ ਪੂਰਤੀ ਲਈ ਅਫ਼ਗਾਨਿਸਤਾਨ ਲੈ ਜਾ ਰਹੇ ਸਨ। ਇਨ੍ਹਾਂ ਵਿਚੋਂ 2200 ਹਿੰਦੂ ਔਰਤਾਂ ਸਨ। ਇਸ ਵੇਲੇ ਦੇਸ਼ ਮਾਨੋਂ ਬੈ-ਖਰੀਦ ਹੋ ਚੁੱਕਿਆ ਸੀ। ਬੜੇ-ਬੜੇ ਹਿੰਦੂ ਰਾਜੇ ਅਤੇ ਸੂਰਮੇ ਮੌਜੂਦ ਸਨ, ਪਰ ਨੈਤਿਕ ਪਤਨ ਦੀ ਹਦ ਮੁੱਕ ਚੁੱਕੀ ਸੀ। ਕੋਈ ਵੀ ਭਾਰਤੀ ਨਾਰੀਆਂ ਦੀ ਇੱਜ਼ਤ ਬਚਾਉਣ ਲਈ ਜਾਨ ਹੂਲਣ ਲਈ ਤਿਆਰ ਨਹੀਂ ਸੀ।

ਜਦ ਕਿਸੇ ਪਾਸਿਓਂ ਕੋਈ ਢੋਈ ਨਾ ਮਿਲੀ ਤਾਂ ਕੁਝ ਕੁ ਹਿੰਦੂ ਅਤੇ ਮੁਸਲਮਾਨ ਆਗੂਆਂ ਨੇ ਸੋਚਿਆ ਕਿ ਖ਼ਾਲਸਾ ਜੀ ਅੱਗੇ ਕਿਉਂ ਨਾ ਬੇਨਤੀ ਕੀਤੀ



SikhBookClub.Com

ਜਾਏ। 10 ਅਪ੍ਰੈਲ, 1761 ਈ. ਨੂੰ ਵੈਸਾਖੀ ਸੀ ਅਤੇ ਹਰ ਸਾਲ ਵਾਂਗ ਖ਼ਾਲਸਾ ਜੀ ਮੇਲੇ ਲਈ ਇਥੇ ਆਏ ਹੋਏ ਸਨ। ਉਨ੍ਹਾਂ ਨੇ ਅਕਾਲ ਤਖ਼ਤ ਤੇ ਸਨਮੁਖ ਪੁਕਾਰ ਕੀਤੀ ਕਿ ਭਾਰਤੀ ਨਾਰੀ ਦੀ ਰਖਿਆ ਕੀਤੀ ਜਾਏ।

ਗੁਰੂ ਦੇ ਦਰਬਾਰ ਵਿਚ ਕੀਤੀ ਹੋਈ ਦੀਨ ਦੁਖੀਆਂ ਦੀ ਪੁਕਾਰ ਅਣਸੁਣੀ ਨਹੀਂ ਰਹਿ ਸਕਦੀ ਸੀ। ਗੁਰੂ ਜੀ ਦਾ ਜੀਉਂਦਾ ਜਾਗਦਾ ਰੂਪ ਖ਼ਾਲਸਾ ਹੈ ਅਤੇ ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਗੁਰੂ ਘਰ ਦਾ ਵਰਸੋਇਆ ਹੋਇਆ ਖ਼ਾਲਸੇ ਦਾ ਜਥੇਦਾਰ ਹੈ। ਸੋ ਜਥੇਦਾਰ ਜੱਸਾ ਸਿੰਘ ਜੀ ਨੇ ਕ੍ਰਿਪਾਨ ਧੂ ਲਈ, ਖ਼ਾਲਸੇ ਨੂੰ ਵੰਗਾਰ ਪਾਈ, ਅੱਖ ਦੇ ਫੁਰਕਾਰੇ ਵਿੱਚ ਸਿੰਘ ਤੇਗਾਂ ਮਿਆਨੋ ਕੱਢ ਦੁਸ਼ਟਾਂ ਦਾ ਟਾਕਰਾ ਕਰਨ ਲਈ ਤਤਪਰ ਹੋ ਗਏ। ਉਨ੍ਹਾਂ ਨੇ ਜਥੇਦਾਰ ਜੱਸਾ ਸਿੰਘ ਜੀ ਦੀ ਅਗਵਾਈ ਹੇਠ ਗੋਇੰਦਵਾਲ ਦੇ ਪੱਤਣ ਦੇ ਦੁਆਲੇ ਬੀੜਾਂ ਵਿਚ ਜਾ ਓਟ ਲਈ। ਜਿਉਂ ਹੀ ਅਹਿਮਦ ਸ਼ਾਹ ਅਬਦਾਲੀ ਦੀ ਫ਼ੌਜ ਟੱਪਣ ਲੱਗੀ, ਸਿੰਘਾਂ ਨੇ ਓਟ ਸਥਾਨਾਂ ਤੋਂ ਨਿਕਲ ਕੇ ਅਚਨਚੇਤ ਇੰਨੇ ਜ਼ੋਰ ਨਾਲ ਹਮਲਾ ਕੀਤਾ ਕਿ ਦੁਰਨੀਆਂ ਦੇ ਹੋਸ਼-ਹਵਾਸ ਉੱਡ ਗਏ। ਇਸ ਭਗਦੜ ਵਿੱਚ ਖ਼ਾਲਸੇ ਨੇ ਕੈਦੀ ਇਸਤਰੀਆਂ ਨੂੰ ਛੁਡਾ ਲਿਆ ਅਤੇ ਫੇਰ ਉਨ੍ਹਾਂ ਨਾਰੀਆਂ ਨੂੰ ਖ਼ਰਚ ਦੇ ਕੇ ਘਰੋ ਘਰੀ ਪਹੁੰਚਾ ਦਿੱਤਾ।

ਇਸ ਹਮਦਰਦੀ ਤੇ ਵੀਰਤਾ ਨੇ ਆਮ ਲੋਕਾਂ ਦੇ ਦਿਲਾਂ ਵਿਚ ਖ਼ਾਲਸੇ ਦਾ ਮਾਣ ਬਹੁਤ ਵਧਾ ਦਿੱਤਾ। ਜਿਥੋਂ ਤਕ ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਦਾ ਸਬੰਧ ਸੀ, ਉਹ ਤਾਂ ਲੋਕਾਂ ਦੇ ਸਤਿਕਾਰ ਦਾ ਕੇਂਦਰ ਬਣ ਗਿਆ। ਪਿਆਰ ਨਾਲ ਲੋਕ ਉਸ ਨੂੰ 'ਬੰਦੀਛੋੜ' ਆਖਦੇ ਤੇ ਉਸ ਦੀ ਖ਼ੈਰੀਅਤ ਲਈ ਰੱਬ ਅੱਗੇ ਅਰਦਾਸਾਂ ਕਰਦੇ। ਉਹ ਲੋਕਾਂ ਭਾਣੇ ਬੇਤਾਜ ਬਾਦਸ਼ਾਹ ਬਣ ਗਿਆ ਸੀ ।

26 ਅਪ੍ਰੈਲ, 1761 ਈ. ਨੂੰ ਅਹਿਮਦ ਸ਼ਾਹ ਅਬਦਾਲੀ ਲਾਹੌਰ ਪੁੱਜਾ ਅਤੇ ਸਰ ਬੁਲੰਦ ਖ਼ਾਨ ਦੀ ਥਾਂ ਖ਼ੁਆਜਾ ਉਬੈਦ ਖ਼ਾਂ ਨੂੰ ਲਾਹੌਰ ਦਾ ਹਾਕਮ ਅਤੇ ਘੁਮੰਡ ਚੰਦ ਕਟੋਚੀਏ ਨੂੰ ਦੁਆਬਾ ਬਿਸਤ ਜਲੰਧਰ ਦਾ ਫ਼ੌਜਦਾਰ ਨਿਯਤ ਕਰ ਕੇ ਅਫ਼ਗਾਨਿਸਤਾਨ ਨੂੰ ਮੁੜ ਗਿਆ ਅਤੇ ਚਹਾਰ ਮਹਾਲ ਦੇ ਫ਼ੌਜਦਾਰ ਰੁਸਤਮ ਖ਼ਾਂ ਦੀ ਥਾਂ ਖ਼ਵਾਜਾ ਮਿਰਜ਼ਾ ਜਾਨ ਨੂੰ ਫ਼ੌਜਦਾਰ ਨਿਯੁਕਾਤ ਕਰ ਗਿਆ।

ਪੰਜਾਬੋਂ ਕਾਬਲ ਵੱਲ ਮੁੜਦੇ ਹੋਏ, ਸਿੱਖਾਂ ਨੇ ਅਹਿਮਦ ਸ਼ਾਹ ਨੂੰ ਬਹੁਤ ਤੰਗ ਕੀਤਾ ਸੀ। ਸਿੰਧ ਦਰਿਆ ਦੇ ਕੰਢੇ ਤਕ, ਉਨ੍ਹਾਂ ਨੇ ਉਸ ਉਤੇ ਕਈ ਵਾਰੀ ਅਚਾਨਕ ਹਮਲੇ ਕੀਤੇ ਅਤੇ ਬਹੁਤ ਸਾਰਾ ਮਾਲ ਖੋਹ ਲਿਆ। ਉਨ੍ਹਾਂ ਵਲੋਂ ਥਾਪੇ ਗਏ ਚਹਾਰ ਮਹਾਲ ਦੇ ਫ਼ੌਜਦਾਰ ਮਿਰਜ਼ਾ ਜਾਨ ਨੂੰ ਵੀ ਉਨ੍ਹਾਂ ਨੇ ਮਾਰ ਦਿੱਤਾ ਸੀ। ਇਨ੍ਹਾਂ ਸਾਰੀਆਂ ਅਪਮਾਨਜਨਕ ਗੱਲਾਂ ਨੂੰ ਸਹਿਣ ਕਰਨਾ ਬੜਾ ਔਖਾ ਸੀ, ਇਸ ਲਈ ਉਸ ਨੇ ਕੰਧਾਰ ਪਹੁੰਚਦਿਆਂ ਸਾਰ ਆਪਣੇ ਤਜਰਬਾਕਾਰ ਜਰਨੈਲ ਨੂਰਦੀਨ ਬਾਗੋਜ਼ਈ ਨੂੰ ਬਾਰਾਂ ਹਜ਼ਾਰ ਫ਼ੌਜ ਦੇ ਕੇ ਸਿੱਖਾਂ ਨੂੰ ਸੋਧਣ ਲਈ ਭੇਜਿਆ। ਝਨਾਂ ਦੇ ਕੰਢੇ ਵਜ਼ੀਰਾਬਾਦ ਦੇ ਲਾਗੇ ਇਕ ਤਕੜੀ ਲੜਾਈ ਹੋਈ। ਨੂਰੱਦੀਨ ਟਾਕਰਾ ਨਾ



SikhBookClub.Com

ਕਰ ਸਕਿਆ ਉਥੋਂ ਦੌੜ ਕੇ ਸਿਆਲਕੋਟ ਦੇ ਕਿਲ੍ਹੇ ਵਿਚ ਜਾ ਵੜਿਆ। ਸਰਦਾਰ ਚੜ੍ਹਤ ਸਿੰਘ ਦੇ ਦਬਾ ਪਾਉਣ ਤੇ ਉਹ ਆਪਣੇ ਸਾਥੀਆਂ ਨੂੰ ਕਿਲ੍ਹੇ ਵਿਚ ਹੀ ਛੱਡ ਕੇ ਵਾਪਸ ਕੰਧਾਰ ਨੱਸ ਗਿਆ। ਸ. ਚੜ੍ਹਤ ਸਿੰਘ ਨੇ ਕੈਦੀ ਅਫ਼ਗਾਨ ਸਿਪਾਹੀਆਂ ਨਾਲ ਬੜਾ ਚੰਗਾ ਸਲੂਕ ਕੀਤਾ। ਇਥੋਂ ਤਕ ਕਿ ਉਸ ਨੇ ਉਨ੍ਹਾਂ ਨੂੰ ਵਾਪਸ ਆਪਣੇ ਵਤਨ ਜਾਣ ਲਈ ਵੀ ਲੋੜੀਂਦੀਆਂ ਸਹੂਲਤਾਂ ਉਪਲਬਧ ਕੀਤੀਆਂ। ਇਸ ਤੋਂ ਪਿੱਛੋਂ ਚੜ੍ਹਤ ਸਿੰਘ ਗੁਜਰਾਂਵਾਲੇ ਆ ਗਿਆ।

ਜਥੇਦਾਰ ਜੱਸਾ ਸਿੰਘ ਜੀ ਨੂੰ ਸ. ਚੜ੍ਹਤ ਸਿੰਘ ਦੀ ਜਿੱਤ ਦੀ ਖ਼ਬਰ ਸੁਣ ਕੇ ਬਹੁਤ ਖੁਸ਼ੀ ਹੋਈ ਪਰ ਲਾਹੌਰ ਦਾ ਸੂਬੇਦਾਰ ਉਬੈਦ ਖ਼ਾਂ ਬਹੁਤ ਤਲਮਲਾਇਆ। ਉਸ ਨੇ ਤੁਰੰਤ ਇਕ ਤਕੜੀ ਫ਼ੌਜ ਸਹਿਤ ਗੁਜਰਾਂਵਾਲੇ ਵੱਲ ਕੂਚ ਕਰ ਦਿੱਤਾ। ਉਸ ਨੂੰ ਫਿਕਰ ਪੈ ਗਿਆ ਸੀ ਕਿ ਨੂਰੱਦੀਨ ਦੀ ਹਾਰ ਇਕ ਤਰ੍ਹਾਂ ਨਾਲ ਲਾਹੌਰ ਹਕੂਮਤ ਦੀ ਹਾਰ ਹੈ। ਜਿਸ ਨਾਲ ਅਹਿਮਦਸ਼ਾਹ ਅਬਦਾਲੀ ਉਸ 'ਤੇ ਬਹੁਤ ਨਾਰਾਜ਼ ਹੋਵੇਗਾ। ਉਬੈਦ ਖ਼ਾਂ ਕੁਝ ਦਿਨ ਐਮਨਾਬਾਦ ਠਹਿਰਿਆ ਅਤੇ ਫਿਰ ਸਾਰੇ ਹਾਲਾਤ ਦਾ ਜਾਇਜ਼ਾ ਲੈ ਕੇ ਗੁਜਰਾਂਵਾਲੇ ਦਾ ਘੇਰਾ ਪਾਉਣ ਲਈ ਤੁਰ ਪਿਆ।

ਇਸ ਸਮੇਂ ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਜੋ ਸਮੁੱਚੇ ਪੰਥ ਦੀਆਂ ਕਾਰਵਾਈਆਂ ਦਾ ਉਸ ਨੂੰ ਪਤਾ ਰਹਿੰਦਾ ਸੀ ਸ. ਚੜ੍ਹਤ ਸਿੰਘ ਦੀ ਸਹਾਇਤਾ ਦਾ ਪ੍ਰੋਗਰਾਮ ਬਣਾਇਆ। ਉਹ ਸ. ਜੈ ਸਿੰਘ ਕਨ੍ਹਈਆ, ਸ. ਹਰੀ ਸਿੰਘ ਭੰਗੀ, ਸ. ਲਹਿਣਾ ਸਿੰਘ, ਸ. ਸੋਭਾ ਸਿੰਘ, ਸ. ਗੁੱਜਰ ਸਿੰਘ ਆਦਿ ਸਰਦਾਰਾਂ ਨੂੰ ਨਾਲ ਲੈ ਕੇ ਆ ਪੁੱਜਾ ਅਤੇ ਆਉਂਦੇ ਸਾਰ ਹੀ ਰਾਤ ਨੂੰ ਇਕ ਅਜਿਹਾ ਜ਼ੋਰਦਾਰ ਹੱਲਾ ਕੀਤਾ ਕਿ ਉਬੈਦ ਖ਼ਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਅਤੇ ਘਬਰਾਹਟ ਵਿੱਚ ਉਹ ਆਪਣਾ ਤੋਪਖ਼ਾਨਾ, ਤੋਪਾਂ, ਜੰਬੂਰੇ ਅਤੇ ਘੋੜੇ, ਊਠ ਅਤੇ ਸਾਰਾ ਜੰਗੀ ਸਾਮਾਨ ਉਥੇ ਹੀ ਛੱਡ ਕੇ ਵਾਹੋਦਾਹੀ ਲਾਹੌਰ ਨੂੰ ਉਠ ਨੱਸਿਆ ।

ਸਿੰਘਾਂ ਨੇ ਉਸ ਦਾ ਪਿੱਛਾ ਕੀਤਾ ਅਤੇ ਲਾਹੌਰ ਤਕ ਦੱਬੀ ਗਏ। ਉਹ ਲਾਹੌਰ ਦੇ ਕਿਲ੍ਹੇ ਵਿੱਚ ਵੜ ਗਿਆ ਅਤੇ ਸਿੰਘਾਂ ਨੇ ਸ਼ਹਿਰ ਨੂੰ ਘੇਰਾ ਪਾ ਲਿਆ। ਹੁਣ ਤਕ ਸ਼ਹਿਰ ਨਿਵਾਸੀਆਂ ਨੂੰ ਪਤਾ ਲੱਗ ਚੁੱਕਿਆ ਸੀ ਕਿ ਸਿੱਖ ਹਕੂਮਤ ਦੇ ਖ਼ਿਲਾਫ਼ ਹਨ ਨਾ ਕੇ ਆਮ ਜਨਤਾ ਦੇ। ਉਨ੍ਹਾਂ ਨੂੰ ਇਹ ਵੀ ਪਤਾ ਸੀ ਕਿ ਉਬੈਦ ਖ਼ਾਂ ਕੋਈ ਵੱਡਾ ਸੂਰਮਾ ਨਹੀਂ ਜੋ ਸਿੰਘਾਂ ਦਾ ਬਹੁਤਾ ਚਿਰ ਟਾਕਰਾ ਕਰ ਸਕੇ ਅਤੇ ਜੇ ਉਹ ਸਿੰਘਾਂ ਨੂੰ ਨਜ਼ਰਾਨਾ ਦੇ ਕੇ ਅਧੀਨਗੀ ਪ੍ਰਵਾਨ ਕਰ ਲੈਣਗੇ ਤਾਂ ਉਹ ਉਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਣੇ। ਇਸ ਲਈ ਉਨ੍ਹਾਂ ਦੇ ਮੁਖੀਆਂ ਨੇ ਜਥੇਦਾਰ ਜੱਸਾ ਸਿੰਘ ਜੀ ਨਾਲ ਗੱਲਬਾਤ ਕੀਤੀ ਅਤੇ ਸ਼ਹਿਰ ਦੇ ਸਾਰੇ ਦਰਵਾਜ਼ੇ ਖ਼ਾਲਸਾ ਜੀ ਲਈ ਖੋਲ੍ਹ ਦਿੱਤੇ।

ਇਸ ਤਰ੍ਹਾਂ ਲਾਹੌਰ ਦੇ ਲੋਕਾਂ ਦੀ ਬੇਨਤੀ ਪ੍ਰਵਾਨ ਕਰ ਕੇ ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਦੀ ਸੁਯੋਗ ਅਗਵਾਈ ਹੇਠ ਵਿਜਈ ਖ਼ਾਲਸਾ ਫ਼ੌਜ



SikhBookClub.Com

'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਉਂਦੇ ਲਾਹੌਰ ਸ਼ਹਿਰ ਵਿੱਚ ਪ੍ਰਵੇਸ਼ ਕਰ ਗਏ। ਇਹ ਖ਼ਾਲਸਾ ਜੀ ਦੀ ਪਹਿਲੀ ਰਾਜਸੀ ਫ਼ਤਹਿ ਸੀ। ਸਿੱਖਾ ਦੀ ਮਾਨ ਪ੍ਰਤਿਸ਼ਠਤਾ ਬਹੁਤ ਵੱਧ ਗਈ। ਆਮ ਲੋਕਾਂ ਵਿਚ ਇਹ ਵਿਸ਼ਵਾਸ ਬੱਝ ਗਿਆ ਕਿ ਪੰਜਾਬ ਦੇ ਸਹੀ ਰਾਖੇ ਅਤੇ ਹੁਕਮਰਾਨ ਸਿੱਖ ਹਨ ਨਾ ਕਿ ਕੋਈ ਹੋਰ ਤਾਕਤ।

ਸਿੱਖ ਤਾਂ ਫੁੱਲੇ ਨਹੀਂ ਸਮਾਉਂਦੇ ਸਨ। ਜਥੇਦਾਰ ਜੱਸਾ ਸਿੰਘ ਜੀ ਨੇ ਪੰਜਾਬ ਦੀ ਰਾਜਧਾਨੀ ਉਨ੍ਹਾਂ ਦੇ ਚਰਨਾਂ ਵਿੱਚ ਲਿਆ ਨਿਵਾਈ ਸੀ ਅਤੇ ਪੰਥ ਦੀ ਸ਼ਾਨ ਨੂੰ ਚਾਰ ਚੰਦ ਲਾਏ ਸਨ। ਉਹ ਉਸ ਦੇ ਸਦਕੜੇ ਜਾ ਰਹੇ ਸਨ ਉਥੇ ਨਾਲ ਹੀ ਵਾਹਿਗੁਰੂ ਦਾ ਕੋਟਾਨ-ਕੋਟ ਧੰਨਵਾਦ ਕਰ ਰਹੇ ਸਨ। ਇਸ ਮੌਕੇ 'ਤੇ ਉਨ੍ਹਾਂ ਨੂੰ ਮਾਤਾ ਸੁੰਦਰ ਕੌਰ ਜੀ ਦੇ ਸ਼ਬਦ ਚੇਤੇ ਆਏ ਜੋ ਅਭੋਲ ਹੀ ਉਨ੍ਹਾਂ ਨੇ ਜਥੇਦਾਰ ਜੱਸਾ ਸਿੰਘ ਜੀ ਨੂੰ ਦਿੱਲੀ ਤੋਂ ਵਿਦਾ ਕਰਨ ਵੇਲੇ ਕਹੇ ਸਨ ਕਿ "ਤੇਰੇ ਔਰ ਤੇਰੀ ਸੰਤਾਨ ਦੇ ਅੱਗੇ ਆਸਿਆਂ ਵਾਲੇ ਚੋਬਦਾਰ ਚਲਿਆ ਕਰਨਗੇ"। ਫਿਰ ਉਨ੍ਹਾਂ ਦੇ ਚੇਤੇ ਵਿਚ ਨਵਾਬ ਕਪੂਰ ਸਿੰਘ ਦੇ ਬੋਲੇ ਹੋਏ ਵਾਕ ਵੀ ਉੱਭਰ ਪਏ 'ਮੈਨੂੰ ਇਸ ਗ਼ਰੀਬ ਨਿਵਾਜ ਪੰਥ ਨੇ ਨਵਾਬ ਬਣਾ ਦਿੱਤਾ ਹੈ, ਕੀ ਪਤਾ, ਤੈਨੂੰ ਪਾਦਸ਼ਾਹੀ ਹੀ ਆ ਕੇ ਦੇਣ'। ਇੰਨ੍ਹਾਂ ਵਾਕਾਂ ਨੂੰ ਪੂਰਾ ਕਰਨਾ ਵੀ ਤਾਂ ਖ਼ਾਲਸੇ ਦਾ ਫ਼ਰਜ਼ ਸੀ। ਹੁਲਾਸ ਵਿਚ, ਸ਼ੁਕਰ ਦੀ ਭਾਵਨਾਂ ਨਾਲ ਤਰੰਗਿਤ ਖ਼ਾਲਸੇ ਨੇ ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਨੂੰ ਉੱਚੀ ਤੋਂ ਉੱਚੀ ਪਦਵੀ ਸੁਲਤਾਨੁਲ-ਕੌਮ ਪੰਥ ਦਾ ਬਾਦਸ਼ਾਹ ਨਾਲ ਨਿਵਾਜਿਆ ਅਤੇ ਸ਼ੁਕਰਾਨੇ ਵਜੋਂ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੇ ਨਾਉਂ ਖ਼ਾਲਸਾ ਜੀ ਦਾ ਸਿੱਕਾ ਜਾਰੀ ਕੀਤਾ ਜਿਸ ਉਤੇ ਫ਼ਾਰਸੀ ਦਾ ਨਿਮਨ ਲਿਖਤ ਬੰਦ ਲਿਖਵਾਇਆ ਗਿਆ।

***ਦੇਗ ਤੇਗ ਫ਼ਤਿਹ ਨੁਸਰਤ ਬੇਦੰਰਗ।***
***ਯਫ਼ਤ ਅਜ ਨਾਨਕ ਗੁਰੂ ਗੋਬਿੰਦ ਸਿੰਘ।***

ਕੁਝ ਵਿਦਵਾਨਾਂ ਦਾ ਇਹ ਖ਼ਿਆਲ ਹੈ ਕਿ ਇਸ ਮੌਕੇ 'ਤੇ ਜਥੇਦਾਰ ਜੱਸਾ ਸਿੰਘ ਜੀ ਨੇ ਸਿੱਕੇ ਉਤੇ ਨਿਮਨ ਲਿਖਤ ਸ਼ਬਦ ਉਕਰਾਏ:

***ਸਿੱਕਾ ਜ਼ਦ ਦਰ ਜਹਾਂ ਬ-ਫਜ਼ਲਿ ਅਕਾਲ।***
***ਮੁਲਕ-ਏ-ਅਹਿਮਦ ਗ੍ਰਿਫ਼ਤ ਜੱਸਾ ਕਲਾਲ।***

ਪਰ ਇਹ ਗੱਲ ਠੀਕ ਨਹੀਂ ਜਾਪਦੀ। ਇਨ੍ਹਾਂ ਸ਼ਬਦਾ ਵਿੱਚ ਜਥੇਦਾਰ ਜੱਸਾ ਸਿੰਘ ਜੀ ਦੀ ਹੈਂਕੜ ਤੇ ਹਉਮੈ ਨਜ਼ਰ ਆਉਂਦੀ ਹੈ ਜਿਨ੍ਹਾਂ ਦਾ ਯਕੀਨਨ ਜੱਸਾ ਸਿੰਘ ਜੀ ਵਿਚ ਅਭਾਵ ਸੀ। ਉਪਰੰਤ ਕੋਈ ਅੰਮ੍ਰਿਤਧਾਰੀ ਅਤੇ ਖ਼ਾਸ ਤੌਰ 'ਤੇ ਜਥੇਦਾਰ ਜੱਸਾ ਸਿੰਘ ਜੀ ਵਰਗਾ, ਆਪਣਾ ਅੱਧਾ ਨਾ ਨਹੀਂ ਲਵੇਗਾ ਕਿਉਂਕਿ ਸਿੱਖ ਨਿਸਚੇ ਅਨੁਸਾਰ ਅੰਮ੍ਰਿਤਧਾਰੀ ਸਿੱਖ ਦਾ ਅੱਧਾ ਨਾਂ ਲੈਣਾ ਗਾਲ ਸਮਝੀ ਜਾਂਦੀ ਹੈ। ਪਰ ਡਾਕਟਰ ਗੰਡਾ ਸਿੰਘ ਅਨੁਸਾਰ ਇਹ ਗੁੰਝਲ ਨੂੰ ਗਣੇਸ਼ ਦਾਸ ਵਡਿਹਾਰੇ ਨੇ ਆਪਣੀ ਪੁਸਤਕ ਚਾਰ ਬਾਗਿ ਪੰਜਾਬ ਵਿਚ ਸਾਫ਼ ਕਰ ਦਿੱਤਾ ਹੈ


SikhBookClub.Com

ਜਿਥੇ ਉਹ ਲਿਖਦਾ ਹੈ ਕਿ ਜਦ ਖ਼ਾਲਸਾ ਜੀ ਦੇ ਦੇਗ ਤੇਗ ਵਾਲਾ ਸਿੱਕਾ ਚੱਲਣ ਲੱਗ ਪਿਆ ਅਤੇ ਪੁਰਾਣਾਂ ਮੁਹੰਮਦ ਸ਼ਾਹੀ ਸਿੱਕਾ ਬੰਦ ਹੋਣ ਲੱਗਾ 'ਸਿੱਕਾ ਜਦ ਦਰ ਜਹਾਂ ਬਫਜ਼ਲੇ ਅਕਾਲ। ਮੁਲਕ-ਏ-ਅਹਿਮਦ ਗਰਿਫ਼ਤ ਜੱਸਾ ਕਲਾਲ।' ਮੁੜ ਕੇ ਲਾ ਦਿੱਤਾ ਅਤੇ ਇਹ ਸਿਕੇ ਅਹਿਮਦ ਅਬਦਾਲੀ ਨੂੰ ਕਾਬਲ ਭੇਜ ਦਿੱਤੇ। ਇਹ ਦੇਖ ਕੇ ਅਹਿਮਦ ਸ਼ਾਹ ਬਾਦਸ਼ਾਹ ਦੀ ਗੈਰਤ ਭੜਕ ਉਠੀ ਅਤੇ ਉਹ ਪੰਜਾਬ ਉੱਤੇ ਹੱਲਾ ਕਰਨ ਲਈ ਚੜ੍ਹ ਆਇਆ।

ਸਤੰਬਰ ਦੇ ਅੰਤ ਅਕਤੂਬਰ ਦੇ ਅਰੰਭ ਵਿਚ ਲਾਹੌਰ ਵਿਚ ਦੋਹਰੇ ਹਾਕਮ ਸਨ, ਇਕ ਖ਼ਾਲਸਾ ਜੀ ਜਿਨ੍ਹਾਂ ਨੇ ਇਥੇ ਨਵਾਂ ਕਬਜ਼ਾ ਕੀਤਾ ਸੀ ਅਤੇ ਦੂਸਰਾ ਉਬੈਦ ਖ਼ਾਂ ਜੋ ਕਿਲ੍ਹੇ ਅੰਦਰ ਬੰਦ ਸੀ। 'ਖ਼ਜ਼ਾਨਿ ਅਮੀਰਾ' ਦੇ ਲੇਖਕ ਦਾ ਕਥਨ ਹੈ ਕਿ ਉਹ ਛੇਤੀ ਹੀ ਮਰ ਗਿਆ ਸੀ ਪਰ ਉਹ ਕਿੰਨੀ ਕੁ-ਦੇਰ ਲਾਹੌਰ ਕਿਲ੍ਹੇ ਵਿਚ ਬੈਠਾ ਰਿਹਾ ਇਸ ਬਾਰੇ ਨਿਸਚਿਤ ਰੂਪ ਵਿਚ ਕੁਝ ਨਹੀਂ ਕਿਹਾ ਜਾ ਸਕਦਾ।

ਇਸ ਘਟਨਾ ਦੇ ਤੁਰੰਤ ਪਿੱਛੋਂ ਘੁਮੰਡ ਚੰਦ ਕਟੋਚੀਆ ਚੁੱਪ ਕਰ ਕੇ ਪਹਾੜ ਨੂੰ ਖਿਸਕ ਗਿਆ। ਜਥੇਦਾਰ ਜੱਸਾ ਸਿੰਘ ਜੀ ਨੇ ਦੁਆਬਾ ਬਿਸਤ ਜਲੰਧਰ ਵਿਚ ਦੁਰਾਨੀ ਕਾਰਿੰਦਿਆਂ ਸਆਦਤ ਖ਼ਾਂ ਅਤੇ ਸਿਦੀਕ ਬੇਗ ਨੂੰ ਭਜਾ ਦਿੱਤਾ। ਉਧਰ ਸਰਦਾਰ ਚੜ੍ਹਤ ਸਿੰਘ ਭੰਗੀ ਸਰਦਾਰ ਨੇ ਲਾਹੌਰੋਂ ਉੱਤਰ ਦਾ ਇਲਾਕਾ ਸਾਫ਼ ਕਰ ਦਿੱਤਾ। ਇਹ ਸਭ ਕੁਝ ਥੋੜ੍ਹੇ ਦਿਨਾਂ ਵਿਚ ਮੁਕਾ ਕੇ ਖ਼ਾਲਸਾ ਦੀਵਾਲੀ ਲਈ ਅੰਮ੍ਰਿਤਸਰ ਇਕੱਠਾ ਹੋਇਆ।

## ਅੰਤਲੇ ਸਾਲ

ਜਥੇਦਾਰ ਜੱਸਾ ਸਿੰਘ ਜੀ ਉੱਕਾ ਹੀ ਬੇ.ਗਰਜ਼ ਵਿਅਕਤੀ ਸੀ। ਉਹ ਪੰਥ ਦੀ ਚੜ੍ਹਦੀ ਕਲਾ ਦਾ ਜ਼ਬਰਦਸਤ ਮੁਦੱਈ ਸੀ ਅਤੇ ਇਸ ਲਈ ਹਰ ਸੰਭਵ ਯਤਨ ਕਰਦਾ ਸੀ ਕਿ ਪੰਥ ਦੀ ਆਭਾ ਵਧੇ। ਸੁਭਾਅ ਤੋਂ ਅਤੀ ਸੰਤੋਖੀ ਅਤੇ ਗੁਰੂ 'ਤੇ ਅਤੁੱਟ ਵਿਸ਼ਵਾਸ ਰੱਖਣ ਵਾਲਾ ਸੀ। ਜਥੇਦਾਰ ਜੱਸਾ ਸਿੰਘ ਜੀ ਦਾ ਮਨਸ਼ਾ ਨਿੱਜੀ ਪੱਧਰ ਅਤੇ ਨਿੱਜ ਲਈ ਬਹੁਤੀਆਂ ਮੱਲਾਂ ਮਾਰਨ ਵਾਲਾ ਨਹੀਂ ਸੀ। ਉਸ ਨੂੰ ਪੰਥ ਨੇ ਨਿਵਾਜਿਆ ਸੀ ਅਤੇ ਸਨਮਾਨਿਤ ਕੀਤਾ ਸੀ। ਇਸ ਵਿਚ ਉਹ ਪ੍ਰਸੰਨ ਅਤੇ ਸੰਤੁਸ਼ਟ ਸੀ। ਉਸ ਨੇ ਇਸ ਉੱਚ ਪਦਵੀ ਦਾ ਕਦੀ ਵੀ ਨਜਾਇਜ਼ ਫਾਇਦਾ ਨਹੀਂ ਉਠਾਇਆ ਸੀ। ਲਾਹੌਰ ਅਤੇ ਸਰਹੰਦ ਦੀਆਂ ਜਿੱਤਾਂ ਪਿੱਛੋਂ ਵੀ ਉਸ ਨੇ ਨਾਮ ਮਾਤਰ ਹੀ ਇਲਾਕੇ ਆਪਣੇ ਪਾਸ ਰੱਖੇ ਸਨ। ਕਪੂਰਥਲਾ ਉਸ ਦੀ ਮੂੰਹੀ ਦੇ ਮੋਢੀ ਦਾ ਆਦਿ ਅਸਥਾਨ ਸੀ, ਪਰ ਇਥੇ ਵੀ ਕਬਜ਼ਾ ਉਸ ਨੇ ਬੜੀ ਦੇਰ ਨਾਲ ਕੀਤਾ ਸੀ।

1773-74 ਈ. ਵਿਚ ਜਥੇਦਾਰ ਜੱਸਾ ਸਿੰਘ ਜੀ ਨੇ ਰਾਏ ਇਬਰਾਈਮ ਦੇ ਇਲਾਕੇ ਕਪੂਰਥਲਾ ਉਪਰ ਕਬਜ਼ਾ ਕਰ ਲਿਆ ਸੀ ਪਰ ਫਿਰ ਉਸ ਨੂੰ ਇਸ



SikhBookClub.Com

ਸ਼ਰਤ 'ਤੇ ਵਾਪਸ ਕਰ ਦਿੱਤਾ ਸੀ ਕਿ ਉਹ ਸਾਲਾਨਾਂ ਕਰ ਜਥੇਦਾਰ ਜੱਸਾ ਸਿੰਘ ਜੀ ਨੂੰ ਦਿਆ ਕਰੇਗਾ ਪਰ ਰਾਏ ਇਬਰਾਈਮ ਨੇ ਕੁਝ ਸਮੇਂ ਪਿੱਛੋਂ ਅਵਗਿਆ ਕਰਨੀ ਸ਼ੁਰੂ ਕਰ ਦਿੱਤੀ। ਪ੍ਰਚਲਤ ਰਿਵਾਜ ਅਨੁਸਾਰ ਉਸ ਨੇ ਨਾਂ ਤਾਂ ਜਥੇਦਾਰ ਜੱਸਾ ਸਿੰਘ ਜੀ ਦੇ ਜਵਾਈ ਸਰਦਾਰ ਮੇਹਰ ਸਿੰਘ ਦੇ ਦਿਹਾਂਤ 'ਤੇ ਜਥੇਦਾਰ ਜੱਸਾ ਸਿੰਘ ਜੀ ਪਾਸ ਪਰਚਾਵਣੀ ਲਈ ਆਇਆ ਤੇ ਨਾ ਹੀ ਵੇਲੇ ਸਿਰ ਮਾਮਲਾ ਪਹੁੰਚਾਇਆ। ਉਪਰੰਤ ਉਹ ਆਪਣੀ ਰਿਆਇਆ ਉੱਤੇ ਬੜੇ ਜ਼ੁਲਮ ਕਰਨ ਲੱਗ ਪਿਆ, ਜਿਸ ਦੇ ਨਤੀਜੇ ਵਜੋਂ ਲੋਕਾਂ ਵਿਚ ਬੜੀ ਬੇਚੈਨੀ ਫੈਲ ਗਈ। ਇਹ ਹੀ ਕਾਰਣ ਸੀ ਕਿ ਕਿਸੇ ਨੇ ਉਸ ਦਾ ਪੁੱਤਰ ਕਤਲ ਕਰ ਦਿੱਤਾ। 1777 ਈ. ਵਿਚ ਕੰਵਰ ਭਾਗ ਸਿੰਘ ਜਿਸ ਨੂੰ ਜਥੇਦਾਰ ਜੱਸਾ ਸਿੰਘ ਜੀ ਨੇ ਕਾਰ ਵਿਹਾਰ ਸੰਭਾਲ ਦਿੱਤਾ ਹੋਇਆ ਸੀ ਨੇ ਰਾਏ ਵਿਰੁੱਧ ਜਥੇਦਾਰ ਜੱਸਾ ਸਿੰਘ ਜੀ ਅੱਗੇ ਸ਼ਿਕਾਇਤ ਕੀਤੀ। ਸਰਦਾਰ ਨੇ ਇਬਰਾਈਮ ਦੇ ਸ਼ਾਸ਼ਨ ਨੂੰ ਖ਼ਤਮ ਕਰਨ ਦੀ ਆਗਿਆ ਦੇ ਦਿੱਤੀ।

ਇਸ ਲਈ ਕੰਵਰ ਭਾਗ ਸਿੰਘ ਫ਼ੌਜ ਲੈ ਕੇ ਕਪੂਰਥਲਾ 'ਤੇ ਕਬਜ਼ਾ ਕਰਨ ਲਈ ਅੱਗੇ ਵਧਿਆ। ਜਥੇਦਾਰ ਜੱਸਾ ਸਿੰਘ ਜੀ ਵੀ ਨਾਲ ਗਿਆ। ਇਬਰਾਈਮ ਭੈਭੀਤ ਹੋ ਗਿਆ। ਉਸ ਨੇ ਆਪਣੇ ਵਕੀਲ ਲਾਹੌਰ ਮੱਲ ਅਤੇ ਬੂੜਾ ਮੱਲ ਨੂੰ ਸੁਲਾਹ ਲਈ ਜਥੇਦਾਰ ਜੱਸਾ ਸਿੰਘ ਜੀ ਪਾਸ ਭੇਜਿਆ ਪਰ ਇੰਨੇ ਨੂੰ ਕੰਵਰ ਭਾਗ ਸਿੰਘ ਦੀ ਫ਼ੌਜ ਕਪੂਰਥਲਾ ਵਿਚ ਜਾ ਚੁੱਕੀ ਸੀ ਅਤੇ ਰਾਏ ਦੀ ਫ਼ੌਜ ਨੂੰ ਛੇਤੀ ਹੀ ਹਰਾ ਕੇ ਅੰਦਰ ਸ਼ਹਿਰ ਅਤੇ ਕਿਲ੍ਹੇ ਉੱਤੇ ਕਬਜ਼ਾ ਕਰ ਲਿਆ ਸੀ।

ਅਜਿਹੀ ਅਵਸਥਾ ਵਿਚ ਰਾਏ ਇਬਰਾਈਮ ਨੇ ਆਪ ਜਥੇਦਾਰ ਜੱਸਾ ਸਿੰਘ ਜੀ ਪਾਸ ਹਾਜ਼ਰ ਹੋਣਾ ਮੁਨਾਸਬ ਸਮਝਿਆ। ਜਥੇਦਾਰ ਜੱਸਾ ਸਿੰਘ ਜੀ ਨੇ ਉਸ ਨੂੰ ਯਕੀਨ ਦਿਵਾਇਆ ਕਿ ਉਸ ਉੱਤੇ ਕੋਈ ਸਖ਼ਤੀ ਨਹੀਂ ਕੀਤੀ ਜਾਵੇਗੀ। ਸ਼ਹਿਰ ਦੇ ਅੰਦਰ ਮਕਾਨ ਉਸ ਕੋਲ ਹੀ ਰਹਿਣ ਦਿੱਤੇ ਜਾਣਗੇ, ਜਿਥੇ ਉਸ ਨੂੰ ਰਹਿਣ ਦੀ ਪੂਰੀ ਖੁੱਲ੍ਹ ਹੋਵੇਗੀ।

ਇਸ ਤਰ੍ਹਾਂ ਕਪੂਰਥਲਾ ਸ਼ਹਿਰ ਉੱਤੇ ਜਥੇਦਾਰ ਜੱਸਾ ਸਿੰਘ ਜੀ ਦਾ ਕਬਜ਼ਾ ਹੋ ਗਿਆ ਅਤੇ ਰਏ ਇਬਰਾਈਮ ਦੇ ਗੁਜ਼ਾਰੇ ਲਈ ਵਜ਼ੀਫਾ ਲਾ ਦਿੱਤਾ ਗਿਆ। ਸੱਯਦ ਮੁਹੰਮਦ ਲਤੀਫ ਨੇ 'ਹਿਸਟਰੀ ਆਫ਼ ਦੀ ਪੰਜਾਬ' ਵਿਚ ਇਸ ਘਟਨਾ ਦੀ ਮਿਤੀ ਸੰਨ 1777 ਦਿੱਤੀ ਹੈ, ਜਦੋਂ ਕਿ ਸ੍ਰੀ ਜੱਸਾ ਸਿੰਘ ਜੀ ਵਿਨੋਦ ਨਾਮਕ ਪੁਸਤਕ ਵਿਚ ਇਸ ਦੀ ਮਿਤੀ 1780 ਈ. ਹੈ। ਗਿਆਨੀ ਗਿਆਨ ਸਿੰਘ ਤਵਾਰੀਖ ਗੁਰੂ ਖ਼ਾਲਸਾ ਰਾਜ ਖ਼ਾਲਸਾ ਵਿਚ ਇਸ ਵਾਕਿਆ ਦੀ ਤਾਰੀਖ 1777 ਦੱਸਦਾ ਹੈ। ਸਾਡੇ ਆਪਣੇ ਖਿਆਲ ਅਨੁਸਾਰ 1777 ਈ. ਦੀ ਮਿਤੀ ਵਧੇਰੇ ਠੀਕ ਹੈ।

ਇੰਜ ਮਾਲੂਮ ਹੁੰਦਾ ਹੈ ਕਿ ਜਥੇਦਾਰ ਜੱਸਾ ਸਿੰਘ ਜੀ ਨੇ ਆਪਣੇ ਅੰਤਲੇ 4–5 ਸਾਲਾਂ ਵਿਚ ਬਹੁਤ ਘੱਟ ਵਾਰੀ ਮੁਹਿਮਾ ਚੜ੍ਹਾਈਆਂ। ਵਾਸਤਵ ਵਿਚ



SikhBookClub.Com

ਪੰਜਾਬ ਦੇਸੀ ਅਤੇ ਵਿਦੇਸ਼ੀ ਜਰਵਾਣਿਆਂ ਤੋਂ ਆਜ਼ਾਦ ਹੋ ਚੁੱਕਾ ਸੀ। ਪੰਥ ਦੀ ਚੜ੍ਹਦੀ ਕਲਾ ਦੀਆਂ ਹਰ ਪਾਸੀਂ ਗੂੰਜਾਂ ਪੈ ਰਹੀਆਂ ਸਨ। ਸਿਆਣਾ ਵਿਅਕਤੀ ਹੋਣ ਦੇ ਨਾਤੇ ਉਹ ਇਹ ਚਾਹੁੰਦਾ ਸੀ ਕਿ ਅਗਲੇਰੀ ਪੀੜ੍ਹੀ ਕੰਮ-ਕਾਜ ਸੰਭਾਲੇ, ਇਸ ਲਈ ਉਸ ਨੇ ਨੌਜਵਾਨ ਸਰਦਾਰਾਂ ਦੇ ਮਾਮਲੇ ਵਿਚ ਦਖ਼ਲ ਦੇਣਾ ਬਹੁਤ ਘੱਟ ਕਰ ਦਿੱਤਾ ਸੀ। ਉਸ ਨੇ ਆਪਣਾ ਬਹੁਤਾ ਧਿਆਨ ਨਿਰੋਲ ਪੰਥਕ ਸੇਵਾ ਦੇ ਮਾਮਲਿਆਂ ਵਿਚ ਕੇਂਦਰਿਤ ਕਰ ਦਿੱਤਾ ਸੀ।

ਕਰਤਾਰਪੁਰੀਏ ਸੋਢੀ ਸਾਹਿਬਜ਼ਾਦੇ ਬਾਬਾ ਧੀਰ ਮੱਲ ਦੀ ਸੰਤਾਨ ਸਨ, ਜਿਨ੍ਹਾਂ ਨਾਲ ਵਰਤੋਂ ਵਿਹਾਰ ਮੀਣੇ ਅਤੇ ਮਸੰਦਾਂ ਵਾਂਗ ਖ਼ਾਲਸੇ ਲਈ ਵਰਜਿਤ ਸਨ। ਇਥੋਂ ਤੱਕ ਕਿ ਕੋਈ ਸਿੱਖ ਉਨ੍ਹਾਂ ਨਾਲ ਰੋਟੀਬੇਟੀ ਜਾਂ ਹੋਰ ਕਿਸੇ ਤਰ੍ਹਾਂ ਦੀ ਸਾਂਝ ਪਾਉਣਾ, ਗੁਰੂ ਪੰਥ ਦੇ ਹੁਕਮਾਂ ਦੀ ਖਿਲਾਫ-ਵਰਜ਼ੀ ਸਮਝਦਾ ਸੀ।

ਕਰਤਾਰਪੁਰ ਦੇ ਗੱਦੀ ਨਸ਼ੀਨ ਸੋਢੀ ਵਡਭਾਗ ਸਿੰਘ ਤਾਂ ਪਹਿਲੋਂ ਹੀ ਖੰਡੇ-ਬਾਟੇ ਦਾ ਅੰਮ੍ਰਿਤ ਛਕ ਕੇ ਖ਼ਾਲਸੇ ਨਾਲ ਅਭੇਦ ਹੋ ਚੁੱਕੇ ਸਨ, ਪਰ ਉਨ੍ਹਾਂ ਤੋਂ ਪਿਛੋਂ ਸੋਢੀ ਗੁਲਾਬ ਸਿੰਘ ਨੇ ਅਜੇ ਤੱਕ ਅੰਮ੍ਰਿਤ ਨਹੀਂ ਛਕਿਆ ਸੀ।

ਖ਼ਾਲਸੇ ਦੀ ਚੜ੍ਹਦੀ ਕਲਾ ਵੇਖ ਕੇ ਗੁਲਾਬ ਸਿੰਘ ਨੇ ਮਹਿਸੂਸ ਕੀਤਾ ਕਿ ਉਹ ਖ਼ਾਲਸੇ ਤੋਂ ਵੱਖ ਨਹੀਂ ਰਹਿ ਸਕੇਗਾ। ਇਸ ਲਈ ਉਸ ਨੇ ਕੰਵਰ ਭਾਗ ਸਿੰਘ ਅੱਗੇ ਬੇਨਤੀ ਕੀਤੀ ਕਿ ਉਹ ਕਰਤਾਰਪੁਰ ਦਰਸ਼ਨ ਦੇਣ ਅਤੇ ਉਸ ਪਾਸੋਂ ਪ੍ਰਸ਼ਾਦਾ ਛਕ ਕੇ ਨਿਵਾਜਣ। ਸ. ਭਾਗ ਸਿੰਘ ਨੇ ਜਥੇਦਾਰ ਜੱਸਾ ਸਿੰਘ ਜੀ ਨਾਲ ਗੱਲਬਾਤ ਕੀਤੀ। ਉਸ ਨੇ ਹੋਰਨਾਂ ਸਰਦਾਰਾਂ ਨਾਲ ਸਲਾਹ ਕਰਨ ਪਿੱਛੋਂ ਇਹ ਗੱਲ ਕਹਿਲਵਾ ਭੇਜੀ ਕਿ ਖ਼ਾਲਸੇ ਨਾਲ ਆਪਣੇ ਅਭੇਦ ਹੋਣ ਦਾ ਇਕੋ-ਇੱਕ ਰਾਹ ਅੰਮ੍ਰਿਤ ਛਕਣਾ ਹੈ।

ਸ. ਗੁਲਾਬ ਸਿੰਘ ਨੇ ਇਹ ਗੱਲ ਪ੍ਰਵਾਨ ਕਰ ਲਈ। ਫਲਸਰੂਪ ਜਥੇਦਾਰ ਜੱਸਾ ਸਿੰਘ ਜੀ, ਟਿਕਾ ਭਾਗ ਸਿੰਘ ਅਤੇ ਹੋਰ ਦੂਜੇ ਸਰਦਾਰ ਕਰਤਾਰਪੁਰ ਗਏ ਅਤੇ ਇੱਕ ਵਿਸ਼ਾਲ ਦੀਵਾਨ ਵਿਚ ਉਸ ਨੂੰ ਅੰਮ੍ਰਿਤ ਛਕਾਇਆ ਅਤੇ ਨਾਲ ਹੀ ਐਲਾਨ ਕੀਤਾ ਕਿ ਚੂੰਕਿ ਸ. ਗੁਲਾਬ ਸਿੰਘ ਨੇ ਅੰਮ੍ਰਿਤ ਛਕ ਲਿਆ ਹੈ। ਇਹ ਗੁਰੂ ਦੇ ਹੋ ਗਏ ਹਨ, ਇਹ ਮੁਕੰਮਲ ਤੌਰ 'ਤੇ ਖ਼ਾਲਸਾ-ਪੰਥ ਵਿਚ ਅਭੇਦ ਹੋ ਗਏ ਹਨ। ਹੁਣ ਖ਼ਾਲਸੇ ਨੂੰ ਇਨ੍ਹਾਂ ਦਾ ਪ੍ਰਸ਼ਾਦਾ ਪ੍ਰਵਾਨ ਕਰਨ ਵਿਚ ਖੁਸ਼ੀ ਪ੍ਰਤੀਤ ਹੁੰਦੀ ਹੈ।

ਜਥੇਦਾਰ ਜੱਸਾ ਸਿੰਘ ਜੀ ਅਤੇ ਹੋਰਨਾਂ ਸਰਦਾਰਾਂ ਨੇ ਲੰਗਰ ਵਿਚ ਜਾ ਕੇ ਸਰਬੱਤ ਸੰਗਤ ਨਾਲ ਬੈਠ ਕੇ ਪ੍ਰਸ਼ਾਦਾ ਛਕਿਆ ਅਤੇ ਸੋਢੀ ਗੁਲਾਬ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਪੰਥ ਨਾਲ ਮਿਲਾ ਲਿਆ ।

ਜਥੇਦਾਰ ਜੱਸਾ ਸਿੰਘ ਜੀ ਨੂੰ ਜਿਥੇ ਪੰਥ ਦੇ ਰਾਜਸੀ ਮਾਮਲਿਆਂ ਵਿਚ ਇੱਕ ਵੱਡੀ ਸ਼ਖ਼ਸੀਅਤ ਮੰਨਿਆ ਜਾਂਦਾ ਸੀ ਓਥੇ ਉਹ ਉੱਘੇ ਧਾਰਮਿਕ ਨੇਤਾ ਦੇ ਤੌਰ 'ਤੇ ਵੀ ਸਤਿਕਾਰਿਆ ਜਾਂਦਾ ਸੀ। ਇਸ ਲਈ ਪੰਥ ਦੇ ਉੱਘੇ ਸਰਦਾਰਾਂ ਨੇ



SikhBookClub.Com

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਜੱਥੇ ਪਾਸੋਂ ਅੰਮ੍ਰਿਤ ਛਕਿਆ ਸੀ। ਬਾਬਾ ਆਲਾ ਸਿੰਘ ਅਤੇ ਮਹਾਰਾਜਾ ਅਮਰ ਸਿੰਘ ਨੇ ਵੀ ਇਨ੍ਹਾਂ ਦੇ ਜੱਥੇ ਪਾਸੋਂ ਹੀ ਪਾਹੁਲ ਲਈ ਸੀ। ਬਾਬਾ ਆਲਾ ਸਿੰਘ ਅਤੇ ਮਹਾਰਾਜਾ ਅਮਰ ਸਿੰਘ ਨੇ ਵੀ ਇਨ੍ਹਾਂ ਦੇ ਜੱਥੇ ਪਾਸੋਂ ਹੀ ਪਾਹੁਲ ਲਈ ਸੀ। ਹੁਣ ਮਹਾਰਾਜਾ ਅਮਰ ਸਿੰਘ ਦੀ ਖਾਹਿਸ਼ ਸੀ ਕਿ ਉਨ੍ਹਾਂ ਦਾ ਪੁੱਤਰ ਸਾਹਿਬ ਸਿੰਘ ਜਥੇਦਾਰ ਜੱਸਾ ਸਿੰਘ ਜੀ ਦੇ ਜੱਥੇ ਪਾਸੋਂ ਹੀ ਅੰਮ੍ਰਿਤ ਛਕੇ ਅਤੇ ਉਸ ਦਾ ਸਰਦਾਰ ਗੰਡਾ ਸਿੰਘ ਭੰਗੀ ਦੀ ਸਪੁੱਤਰੀ ਬੀਬੀ ਰਤਨ ਕੌਰ ਨਾਲ ਵਿਆਹ ਦੇ ਸਮੇਂ ਉਹ ਹੀ ਲਾਵਾਂ ਪੜ੍ਹਨ। ਅਜੇ ਤਿਆਰੀਆਂ ਹੀ ਹੋ ਰਹੀਆਂ ਸਨ ਕਿ ਮਹਾਰਾਜਾ ਅਮਰ ਸਿੰਘ ਗੁਰਪੁਰੀ ਸਿਧਾਰ ਗਏ (1782) ਜਥੇਦਾਰ ਜੱਸਾ ਸਿੰਘ ਜੀ ਨੇ ਕਿਹਾ ਕਿ ਮਹਾਰਾਜਾ ਸਾਹਿਬ ਨੂੰ ਵਿਆਹ ਤੋਂ ਪਹਿਲਾਂ ਅੰਮ੍ਰਿਤ ਛਕਾ ਦਿੱਤਾ ਜਾਏਗਾ।

ਵਿਆਹ ਦਾ ਪ੍ਰਬੰਧ ਦੀਵਾਨ ਨਾਨੂ ਮੱਲ ਦੇ ਸਪੁਰਦ ਸੀ ਅਤੇ ਜੰਞ ਵਿਚ ਰਾਜਾ ਭਾਗ ਸਿੰਘ ਜ਼ੀਂਦ, ਸਰਦਾਰ ਹਮੀਰ ਸਿੰਘ ਨਾਭਾ, ਭਾਈ ਦੇਸੂ ਸਿੰਘ ਕੈਂਥਲ, ਰਾਏ ਅਹਿਮਦ ਜਗਰਾਉਂ, ਨਵਾਬ ਅਤਾ ਉਲ੍ਹਾ ਖਾਨ ਮਲੇਰਕੋਟਲਾ ਆਦਿ ਸ਼ਾਮਲ ਸਨ। ਜਦੋਂ ਜੰਞ ਕਪੂਰਥਲਾ ਪੁੱਜੀ ਤਾਂ ਜਥੇਦਾਰ ਜੱਸਾ ਸਿੰਘ ਜੀ ਨੇ ਕਿਹਾ ਕਿ ਸਾਹਿਬ ਸਿੰਘ ਨੂੰ ਤਰਨ ਤਾਰਨ ਦੇ ਪਾਵਨ ਗੁਰਦੁਆਰਾ ਸਾਹਿਬ ਵਿਚ ਅੰਮ੍ਰਿਤ ਛਕਾਇਆ ਜਾਵੇਗਾ। ਸੋ ਜੰਞ ਕਪੂਰਥਲੇ ਤੋਂ ਤਰਨ ਤਾਰਨ ਪੁੱਜੀ ਜਿਥੇ ਜਥੇਦਾਰ ਜੱਸਾ ਸਿੰਘ ਜੀ ਨੇ ਆਪ ਪੰਜ ਪਿਆਰਿਆਂ ਵਿਚ ਸ਼ਾਮਲ ਹੋ ਕੇ ਸ. ਸਾਹਿਬ ਸਿੰਘ ਨੂੰ ਅੰਮ੍ਰਿਤ ਪਾਨ ਕਰਾਇਆ।

ਦਰਬਾਰ ਸਾਹਿਬ ਅਜਿਹਾ ਥਾਉਂ ਹੈ ਜਿਸ ਦਾ ਕੋਈ ਮੁਕਾਬਲਾ ਨਹੀਂ ਹੈ। ਇਹ ਸਿੱਖਾਂ ਦਾ ਧਾਰਮਿਕ ਕੇਂਦਰ ਹੈ ਅਤੇ ਧਾਰਮਿਕ ਅਤੇ ਸੰਸਾਰਿਕ ਮਾਮਲਿਆਂ ਨੂੰ ਸੇਧ ਮਿਲਦੀ ਹੈ। ਇਥੋਂ ਮਿਲੇ ਉਤਸ਼ਾਹ ਤੇ ਵਿਚਾਰਧਾਰਾ ਦੁਆਰਾ ਸਿੱਖਾਂ ਨੇ ਇੰਨੀ ਵੱਡੀ ਜੱਦੋਜਹਿਦ ਕੀਤੀ ਅਤੇ ਸਫਲਤਾ ਪ੍ਰਾਪਤ ਕੀਤੀ। ਇਸ ਦੌਰਾਨ ਸਿੱਖਾਂ ਦਾ ਬੜਾ ਨੁਕਸਾਨ ਹੋਇਆ। ਉਨ੍ਹਾਂ ਦੇ ਸਿਰਾਂ ਦੇ ਮੁੱਲ ਪਏ। ਉਨ੍ਹਾਂ ਦੀਆਂ ਖੋਪੜੀਆਂ ਲੁਹਾਈਆਂ ਗਈਆਂ, ਸਿੰਘ ਬੀਬੀਆਂ ਦੇ ਬੱਚਿਆਂ ਦੇ ਟੋਟੇ-ਟੋਟੇ ਕੀਤੇ ਗਏ ਅਤੇ ਫਿਰ ਉਨ੍ਹਾਂ ਟੋਟਿਆਂ ਨੂੰ ਬੀਬੀਆਂ ਦੀਆਂ ਝੋਲੀਆਂ ਵਿਚ ਪਾਇਆ ਗਿਆ ਪ੍ਰੰਤੂ ਇਹ ਸਭ ਕੁਝ ਵੀ ਸਿੱਖਾਂ ਨੇ ਸਹਿ ਲਿਆ ਪਰ ਦਰਬਾਰ ਸਾਹਿਬ ਦੀ ਬੇਅਦਬੀ ਜੋ ਦੁਰਾਨੀਆਂ ਨੇ ਕੀਤੀ, ਕੇਵਲ ਇਹ ਗੱਲ ਅਸਹਿ ਸੀ। ਉਨ੍ਹਾਂ ਪਾਵਨ ਸਰੋਵਰ ਨੂੰ ਗੰਦਗੀ ਨਾਲ ਭਰਿਆ ਅਤੇ ਹਰਿਮੰਦਰ ਸਾਹਿਬ, ਅਕਾਲ ਤਖ਼ਤ ਸਾਹਿਬ ਅਤੇ ਬੁੰਗਿਆਂ ਨੂੰ ਬਰੂਦ ਨਾਲ ਉਡਾਇਆ। ਇਹ ਬਰਦਾਸ਼ਤ ਕਰਨਾ ਬਹੁਤ ਔਖਾ ਸੀ। ਇਹ ਉਨ੍ਹਾਂ ਦੀ ਵਿਚਾਰਧਾਰਾ ਨੂੰ, ਉਨ੍ਹਾਂ ਦੀ ਅਣਖ ਨੂੰ, ਉਨ੍ਹਾਂ ਦੇ ਸਵੈਮਾਨ ਨੂੰ ਸਿੱਧਾ ਚੈਲੰਜ ਸੀ। ਸਰਹੰਦ ਦੀ ਤੁਰੰਤ ਫ਼ਤਹਿ ਪਿੱਛੋਂ ਜਥੇਦਾਰ ਜੱਸਾ ਸਿੰਘ ਜੀ ਨੇ ਚਾਦਰ ਫੈਲਾਈ। ਉਸ ਵਿਚ ਉਸ ਨੇ ਸਭ ਤੋਂ ਪਹਿਲਾਂ ਆਪ ਮਾਇਆ ਪਾਈ ਤੇ ਫਿਰ ਬਾਕੀ ਦੇ ਸਰਦਾਰਾਂ ਅਤੇ ਸੰਗਤਾਂ ਨੇ



SikhBookClub.Com

ਯਥਾਸ਼ਕਤ ਮਾਇਆ ਰੱਖੀ। ਇਕ ਵੱਡੀ ਰਕਮ ਹੋ ਗਈ, ਜਿਸ ਨੂੰ ਭਾਈ ਦੇਸ ਰਾਜ ਬਿਧੀ ਚੰਦੀਏ ਦੇ ਸਪੁਰਦ ਕੀਤਾ ਗਿਆ ਤਾਂ ਜੋ ਉਹ ਦਰਬਾਰ ਸਾਹਿਬ ਦੇ ਪਰਿਸਰ ਵਿਚ ਢੱਠੀਆਂ ਹੋਈਆਂ ਇਮਾਰਤਾਂ ਮੁੜ ਨਿਰਮਿਤ ਕਰ ਸਕੇ।

ਵੱਡੇ ਘੱਲੂਘਾਰੇ ਤੋਂ ਮਗਰੋਂ ਅਹਿਮਦ ਸ਼ਾਹ ਅਬਦਾਲੀ ਦਰਬਾਰ ਸਾਹਿਬ ਅਤੇ ਉਸ ਦੀ ਜ਼ਿਮੀਦਾਰੀ ਜਾਗੀਰ ਆਦਿ ਤਿੰਨ ਲੱਖ ਰੁਪਏ ਵਿਚ ਨੁਸ਼ਹਿਰਾ ਪੰਨੂਆਂ ਦੇ ਚੌਧਰੀ ਸਾਹਿਬ ਰਾਏ ਪਾਸ ਗਿਰਵੀ ਰੱਖ ਗਿਆ ਸੀ। ਸ਼ਰਤ ਇਹ ਮਿਥੀ ਗਈ ਸੀ ਕਿ ਜਿਨ੍ਹਾਂ ਚਿਰ ਤੱਕ ਉਹ ਮਿਥੀ ਹੋਈ ਮਾਲੀਏ ਦੀ ਰਕਮ ਅਹਿਮਦ ਸ਼ਾਹ ਨੂੰ ਦਿੰਦਾ ਰਹੇਗਾ, ਦਰਬਾਰ ਸਾਹਿਬ ਦੀ ਚੜ੍ਹਤ ਵੀ ਉਸ ਦੀ ਹੋਵੇਗੀ। ਇਸ ਸਬੰਧੀ ਜਦ ਸਿੰਘਾਂ ਨੇ ਜਥੇਦਾਰ ਜੱਸਾ ਸਿੰਘ ਜੀ ਅੱਗੇ ਸ਼ਿਕਾਇਤ ਕੀਤੀ ਤਾਂ ਉਸ ਨੇ ਕ੍ਰੋਧ ਵਿਚ ਅਉਣ ਦੀ ਬਜਾਏ ਇਹ ਕਿਹਾ ਕਿ ਉਸ ਨੇ ਸਗੋਂ ਚੰਗਾ ਕੀਤਾ ਹੈ। ਇੰਝ ਕਰਕੇ ਉਸ ਨੇ ਦਰਬਾਰ ਸਾਹਿਬ ਦੀਆਂ ਇਮਾਰਤਾਂ ਨੂੰ ਹੋਰ ਨੁਕਸਾਨ ਪੁੱਜਣ ਤੋਂ ਬਚਾ ਲਿਆ ਹੈ। ਉਸ ਨੇ ਸਾਹਿਬ ਰਾਏ ਨੂੰ ਬੁਲਾ ਲਿਆ, ਬੜਾ ਸਤਿਕਾਰ ਕੀਤਾ ਅਤੇ ਤਿੰਨ ਲੱਖ ਰੁਪਈਆ ਵੀ ਉਸ ਦੀ ਝੋਲੀ ਪਾਇਆ ਅਤੇ ਦਰਬਾਰ ਸਾਹਿਬ ਨੂੰ ਉਸ ਦੀ ਗਿਰਵੀ ਤੋਂ ਛੁਡਾਇਆ। ਇਸ ਤਰ੍ਹਾਂ ਉਸ ਨੇ ਬੜੀ ਭਾਰੀ ਇਖਲਾਕੀ ਜਿੰਮੇਵਾਰੀ ਨਿਭਾਈ। ਇਸ ਤਰ੍ਹਾਂ ਦਰਬਾਰ ਸਾਹਿਬ ਦਾ ਪ੍ਰਬੰਧ ਉਸ ਨੇ ਸੁਤੰਤਰਤਾ ਪੂਰਵਕ ਅਕਾਲੀ ਸਿੰਘਾਂ ਦੇ ਹੱਥ ਦੇ ਦਿੱਤਾ।

ਜਥੇਦਾਰ ਜੱਸਾ ਸਿੰਘ ਜੀ ਦੀਵਾਲੀ ਤੇ ਵੈਸਾਖੀ ਦੇ ਮੌਕਿਆਂ 'ਤੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸਨ ਅਤੇ ਸਰੋਵਰ ਵਿਚ ਇਸ਼ਨਾਨ ਲਈ ਜਰੂਰ ਜਾਇਆ ਕਰਦੇ ਸੀ। ਉਸ ਦਿਨ ਸਰਬੱਤ ਖ਼ਾਲਸੇ ਦਾ ਇਕੱਠ ਹੋਇਆ ਕਰਦਾ ਸੀ ਜਿਥੇ ਪਿਛਲੀ ਛੇਮਾਹੀ ਦੇ ਕਾਰਨਾਮਿਆਂ ਅਥਵਾ ਸਰਗਰਮੀਆਂ ਦਾ ਮੁਲੰਕਣ ਕੀਤਾ ਜਾਂਦਾ ਸੀ ਅਤੇ ਅਗਲੀ ਛਿਮਾਹੀ ਲਈ ਪ੍ਰੋਗਰਾਮ ਉਲੀਕਿਆ ਜਾਂਦਾ ਸੀ।

"ਬਾਬਾ ਬੰਦਾ ਸਿੰਘ ਤੇ ਨਵਾਬ ਕਪੂਰ ਸਿੰਘ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਦੇ ਲਗਾਏ ਬਾਗ ਖ਼ਾਲਸਾ ਨੂੰ ਮਾਲੀ ਹੋ ਕੇ ਅਜਿਹਾ ਸਰਸਬਜ਼ ਕੀਤਾ ਹੈ, ਜਿਸ ਦੀ ਖੁਸ਼ਬੂ ਪੂਰਬ ਤੋਂ ਪੱਛਮ ਤਕ, ਉਤਰ ਤੋਂ ਦੱਖਣ ਤੱਕ ਫੈਲੀ ਹੈ"। ਗਿਆਨੀ ਗਿਆਨ ਸਿੰਘ ਜੀ ਨੇ ਉਨ੍ਹਾਂ ਦੇ ਅਕਾਲ ਚਲਾਣੇ ਦਾ ਦ੍ਰਿਸ਼ ਖਿੱਚਦੇ ਹੋਏ ਖ਼ੂਬ ਲਿਖਿਆ ਹੈ:

*ਦਾਮ ਸੱਠ ਚਾਲੀਏ ਮੈਂ ਦਰਦ ਸਿਕਮ ਸੰਗ,*
*ਆਖ ਗੁਰੂ ਪੁਰਿ ਗਯੋ ਸੁਧਾਸਰ ਮਾਂਹਿ ਹੈ।*
*ਤਾਂਹਿ ਕਾ ਮਰਨ ਸੁਨਿ ਹੋਇ ਸਭਿ ਸਿੰਘ ਕੈਹੈਂ,*
*ਏ ਰੇ ਜਮ ਰਾਜ। ਤੈ ਅਕਾਜ਼ ਕੀਨੋ ਕਾਹਿ ਹੈ?*
*ਪਰਉਪਕਾਰੀ ਸੂਰੋ ਪੂਰੋ ਬੀਰ ਅਤਿ ਭਾਰੀ।*
*ਪੰਥ ਖਾਲਸੇ ਕਾ ਪਾਰੀ ਥਾ ਉਦਾਰੀ ਵਾਹਿ ਹੈ।*



SikhBookClub.Com

*ਕੌਨ ਕੋ ਕਹੇਂਗੇ ਬਾਦਸ਼ਾਹਿ ਹਮ ਚਾਹਿ ਨਿਜ*
*ਕੌਨ ਦੇਗ ਤੇਗ ਫਤੇ ਸੁ ਜਸ ਲਹਾਹਿ ਹੈ॥੯੪॥*

*(ਪੰਥ ਪ੍ਰਕਾਸ਼ ੨੨੦੨)*

ਇਸ ਤਰ੍ਹਾਂ ਪੰਜਾਬ ਦਾ ਮਹਾਨ ਸਪੂਤ, ਸਿਰਜਨਾਤਮਿਕ ਪ੍ਰਤਿਭਾ ਦਾ ਧਾਰਨੀ, ਸੂਰਬੀਰ-ਯੋਧਾ, ਅਦੁੱਤੀ ਪ੍ਰਬੰਧਕ ਤੇ ਸੰਸਥਾਪਕ, ਉਦਮ ਭਰਪੂਰ ਸੰਸਾਰਕ ਜੀਵਨ ਬਤੀਤ ਕਰਨ ਅਤੇ ਪੰਜਾਬ ਨੂੰ ਵਿਦੇਸ਼ੀਆਂ ਦੇ ਖ਼ਤਰਿਆਂ ਤੋਂ ਮੁਕਤ ਕਰਨ ਪਿੱਛੋਂ ਅਕਾਲ ਪੁਰਖ ਵਾਹਿਗੁਰੂ ਨੂੰ ਪਿਆਰਾ ਹੋ ਗਿਆ ।



SikhBookClub.Com

# ਬਾਦਸ਼ਾਹ-ਏ-ਸਿੰਘਾਂ—ਸਰਦਾਰ ਜੱਸਾ ਸਿੰਘ ਆਹਲੂਵਾਲੀਆ

*—ਸ. ਕੁਲਦੀਪ ਸਿੰਘ ਹਉਰਾ*

ਅਪਰੈਲ 1748 ਵਿਚ ਮੀਰ ਮਨੂੰ ਪੰਜਾਬ ਦਾ ਗਵਰਨਰ ਨਿਯਤ ਹੋਇਆ। ਉਸ ਨੇ ਦੀਵਾਨ ਲਖਪਤ ਰਾਇ ਨੂੰ ਕੈਦ ਕਰ ਲਿਆ ਤੇ ਦੀਵਾਨ ਕੌੜਾ ਮਲ ਨੂੰ ਆਪਣਾ ਨਾਇਬ ਮੁਕੱਰਰ ਕੀਤਾ ਅਤੇ ਜਲੰਧਰ ਦੁਆਬ ਦਾ ਫ਼ੌਜਦਾਰ ਅਦੀਨਾ ਬੇਗ ਨੂੰ ਮੁਕੱਰਰ ਕੀਤਾ। ਅਦੀਨਾ ਬੇਗ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਮੁਲਾਕਾਤ ਲਈ ਸੱਦਿਆ। ਉਸ ਦਾ ਮਕਸਦ ਕੁਝ ਸ਼ਰਤਾਂ ਰੱਖ ਕੇ ਸਿੱਖਾਂ ਨਾਲ ਸਮਝੌਤਾ ਕਰਨ ਦਾ ਸੀ, ਪਰ ਵਿਚੋਂ ਉਸ ਦੀ ਨੀਅਤ ਖੋਟੀ ਸੀ। ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਮੁਲਾਕਾਤ ਕਰਨ ਤੋਂ ਇਨਕਾਰ ਕਰਦਿਆਂ ਲਿਖਿਆ—

> "ਮੁਲਾਕਾਤ ਤਾਂ ਹਮਾਰੀ ਤੁਮਾਰੀ ਲੜਾਈ ਮੇਂ ਹੀ ਹੋਏਗੀ ਤੇ ਜੌਨਸੇ ਊਹਾਂ ਹਥਿਆਰ ਛੂਟੇਂਗੇ ਸੋਈ ਦਿਲੀ ਬਾਤਾਂ ਜ਼ਾਹਰ ਹੋਵੈਗੀਆਂ। ਅਰੁ ਜਬ ਅਵਲ ਤੁਸਾਂ ਬੰਦੋਬਸਤ ਕਰਿਆ ਸਾ ਜਿਸ ਦੀ ਮਦਤ ਸੈ, ਸੋ ਅਬ ਉਨ ਕੀ ਮਦਦ ਸੈ ਹਮ ਕਰੈਂਗੇ। ਤਾਂ ਮਿਲ ਕੇ ਕਰਨਾ ਕਿਆ ਜ਼ਰੂਰ ਹੈ। ਅਰ ਜਿਸ ਕੋ ਗੋਬਿੰਦ ਬਖਸ਼ੇ ਉਹ ਹੋਰ ਸੀਂ ਕੈਸੇ ਲੇਵੇ। ਅਰੁ ਜਿਸ ਕੇ ਤਾਲਿਆ ਮੈਂ ਖਾਵਿੰਦ ਲਿਖ ਦੇਵੇ ਸੋ ਔਰ ਸੀਂ ਕਾਗ਼ਜ਼ਾਂ ਉਪਰ ਕਿਆ ਲਿਖਾਵੇ ਤੇ ਜਿਸ ਉਪਰ ਦੋਨਾਂ ਜਹਾਨਾਂ ਕਾ ਬਾਦਸ਼ਾਹ ਖ਼ੁਸ਼ ਹੋਵੇ ਉਸ ਕੋ ਔਰ ਕਿਆ ਚਾਹੀਏ? ਤੇ ਬਿਨਾਂ ਜਵਾਨੋਂ ਕੇ ਨੁਕਸਾਨ ਸੈ ਤੇ ਆਰਾਮ ਸੈ ਆਗੇ ਕਿਸ ਨੇ ਮੁਲਖਗੀਰੀ ਕਰੀ ਹੈ? ਇਸ ਤਕਲੀਫ਼ ਕਾ ਮੁਜ਼ਾਇਕਾ ਨਹੀਂ, ਅਰ ਜਬ ਆਪਣੇ ਕਬਜ਼ੇ ਖ਼ੂਬ ਵਜਾ ਮੁਲਖ ਕਰੀਏਗਾ। ਅਰ ਹਮ ਨੇ ਸ਼ਮਸ਼ੇਰੁ ਉਠਾਈ ਤਾ ਤੁਮ ਸੁਲ੍ਹਾ ਚਾਹਤੇ ਹੋ ਅਰ ਆਗੇ ਉਠਾਵੇਂਗੇ ਤੇ ਮੁਲਖਗੀਰੀ ਹੋਵੇਗੀ।"
>
> *(ਸੰਖੇਪ ਸਿੱਖ ਇਤਿਹਾਸ, ਪਿਆਰਾ ਸਿੰਘ ਪਦਮ, ਪੰਨਾ 90)*

ਇਸ ਚਿੱਠੀ ਦੀ ਭਾਸ਼ਾ ਹਿੰਦਵੀ ਹੈ। ਇਸ ਵਿਚ ਉਰਦੂ, ਹਿੰਦੀ, ਪੰਜਾਬੀ ਦਾ ਮਿਸ਼ਰਨ ਹੈ। ਇਸ ਦਾ ਕਾਰਨ ਇਹ ਕਿ ਸ· ਜੱਸਾ ਸਿੰਘ ਆਹਲੂਵਾਲੀਆ



SikhBookClub.Com

ਛੋਟੀ ਉਮਰ ਵਿਚ ਦਿੱਲੀ ਰਹੇ ਸਨ। ਇਸ ਲਈ ਉਹ ਉਰਦੂ-ਰੰਗੀ ਪੰਜਾਬੀ ਬੋਲਦੇ ਸਨ। ਇਸੇ ਲਈ ਹਾਸੇ ਨਾਲ ਸਿੰਘ ਇਨ੍ਹਾਂ ਨੂੰ 'ਹਮ ਕੀ, ਤੁਮ ਕੀ' ਹੀ ਕਿਹਾ ਕਰਦੇ ਸਨ।

ਉਪਰੋਕਤ ਚਿੱਠੀ ਨੂੰ ਗਹੁ ਨਾਲ ਵਾਚੀਏ ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦਾ ਆਚਰਣ ਤੇ ਨਿੱਜਤਵ ਉਘੜ ਕੇ ਸਾਹਮਣੇ ਆ ਜਾਂਦਾ ਹੈ। ਉਹ ਜੋ ਧੁਰ ਅੰਦਰੋਂ ਮਹਿਸੂਸ ਕਰਦੇ ਸਨ, ਉਹੋ ਹੀ ਜ਼ੁਬਾਨ 'ਤੇ ਲਿਆਉਂਦੇ ਸਨ। ਉਨ੍ਹਾਂ ਦੀ ਖਲੜੀ ਵਿਚ ਡਰ, ਭੈ, ਖ਼ੌਫ਼ ਕਿਧਰੇ ਨਹੀਂ ਸੀ ਤੇ ਉਨ੍ਹਾਂ ਨੂੰ ਅਕਾਲ ਪੁਰਖ ਵਾਹਿਗੁਰੂ 'ਤੇ ਅਟੱਲ ਵਿਸ਼ਵਾਸ ਸੀ ਤੇ ਉਨ੍ਹਾਂ ਅੰਦਰ ਉਹ ਸਭ ਗੁਣ ਮੌਜੂਦ ਸਨ, ਜੋ ਕਿਸੇ ਸੁਯੋਗ ਹਾਕਮ ਅੰਦਰ ਹੋਣੇ ਚਾਹੀਦੇ ਹਨ। ਇਸ ਪੱਖੋਂ ਅਸੀਂ ਉਨ੍ਹਾਂ ਨੂੰ ਸੱਚਾ, ਨਿਧੜਕ, ਵਾਹਿਗੁਰੂ 'ਤੇ ਵਿਸ਼ਵਾਸ ਰੱਖਣ ਵਾਲਾ, ਸੂਰਬੀਰ ਤੇ ਸੁਚੱਜਾ ਪ੍ਰਸ਼ਾਸਨਿਕ ਮੰਨਦੇ ਹਾਂ। ਅੱਗੇ ਚਲ ਕੇ ਅਸੀਂ ਉਹਨਾਂ ਵਿਚੋਂ ਇਹ ਗੁਣ ਪ੍ਰਤੱਖ ਵੇਖਣ ਦੀ ਕੋਸ਼ਿਸ਼ ਕਰਾਂਗੇ।

ਸਿੰਘਾਂ ਦਾ ਇਤਿਹਾਸ ਇਤਨਾ ਗੌਰਵਮਈ ਤੇ ਵਿਰਸਾ ਇਤਨਾ ਅਮੀਰ ਹੈ ਕਿ ਉਸ ਉੱਤੇ ਜਿਤਨਾ ਵੀ ਮਾਣ ਕੀਤਾ ਜਾਵੇ, ਥੋੜ੍ਹਾ ਹੈ। ਲੰਮੇ ਭਿਆਨਕ ਸੰਕਟ ਵਿਚੋਂ ਲੰਘ ਕੇ ਵੀ ਸਿੰਘ ਸਦਾ ਚੜ੍ਹਦੀਆਂ ਕਲਾਂ ਵਿਚ ਰਹੇ ਤੇ ਜੋ ਨਿਸ਼ਾਨਾ ਉਹਨਾਂ ਆਪਣੇ ਸਾਹਮਣੇ ਰੱਖਿਆ ਸੀ, ਉਹ ਪੂਰਾ ਕਰ ਵਿਖਾਇਆ।

ਇਸ ਗੱਲ ਦੀ ਉਗਾਹੀ ਸੂਫ਼ੀ ਕਵੀ ਬੁੱਲੇ ਸ਼ਾਹ ਦਿੰਦਾ ਹੋਇਆ ਲਿਖਦਾ ਹੈ—

*ਭੂਰਿਆਂ ਵਾਲੇ ਰਾਜੇ ਕੀਤੇ।*
*ਮੁਗ਼ਲਾਂ ਜ਼ਹਿਰ ਪਿਆਲੇ ਪੀਤੇ।*

ਸਾਲਾਂ-ਬੱਧੀ ਘਰੋਂ ਬੇਘਰ ਹੋਏ ਹੋਏ, ਆਪਣੇ ਸਿਰਾਂ ਦੇ ਮੁੱਲ ਪੁਆਉਂਦੇ, ਅਸਹਿ ਤੇ ਅਕਹਿ ਔਕੜਾਂ ਝਲਦੇ ਹੋਏ ਵੀ ਉਹ ਚੈਨ ਨਾਲ ਨਹੀਂ ਬੈਠੇ, ਸਗੋਂ ਗੁਰੂ ਦੇ ਦੱਸੇ ਰਾਹ 'ਤੇ ਚਲਦੇ ਹੋਏ ਸਦਾ ਸੰਘਰਸ਼-ਮਈ ਜੀਵਨ ਜੀਉਂਦੇ ਰਹੇ । ਉਸ ਸਮੇਂ ਸਿੰਘ ਅੱਡ-ਅੱਡ 65 ਜਥਿਆਂ ਵਿਚ ਵੰਡੇ ਹੋਏ ਸਨ ਤੇ ਉਹਨਾਂ ਜਥਿਆਂ ਦੇ ਮੁਖੀਆਂ ਵਿਚੋਂ—ਸ. ਹਰੀ ਸਿੰਘ ਭੰਗੀ, ਸ. ਚੜ੍ਹਤ ਸਿੰਘ, ਸ. ਕਪੂਰ ਸਿੰਘ (ਨਵਾਬ), ਸਰਦਾਰ ਬਘੇਲ ਸਿੰਘ, ਸ. ਗੁਲਾਬ ਸਿੰਘ ਡੱਲੇਵਾਲੀਆ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸ. ਨੌਧ ਸਿੰਘ ਸ਼ੁਕਰਚੱਕੀਆ, ਬਾਬਾ ਦੀਪ ਸਿੰਘ (ਸ਼ਹੀਦ), ਸ. ਅਨੂਪ ਸਿੰਘ ਨਕੱਈ ਤੇ ਸ. ਸੁੱਖਾ ਸਿੰਘ ਮਾੜੀ ਕੰਬੋ ਆਦਿ ਸ਼੍ਰੋਮਣੀ ਸਿੰਘ ਸਨ।

5 ਮਾਰਚ, 1748 ਈ. ਨੂੰ ਹੋਲਾ ਮਹੱਲਾ ਮਨਾਉਣ ਲਈ ਸਿੰਘ ਸ੍ਰੀ ਅਨੰਦਪੁਰ ਸਾਹਿਬ ਇਕੱਠੇ ਹੋਏ ਤੇ ਉਥੇ ਗੁਰਮਤਾ ਸੋਧਿਆ ਗਿਆ ਕਿ ਐਤਕੀਂ ਵਿਸਾਖੀ ਦਾ ਸਮਾਗਮ ਸ੍ਰੀ ਅੰਮ੍ਰਿਤਸਰ ਰੱਖਿਆ ਜਾਵੇ। ਸਿੰਘ ਹੁੰਮ-ਹੁਮਾ ਕੇ ਸ੍ਰੀ



SikhBookClub.Com

ਅੰਮ੍ਰਿਤਸਰ ਜੀ ਦੇ ਦਰਸ਼ਨ-ਇਸ਼ਨਾਨ ਨੂੰ ਪੁੱਜੇ ਤੇ ਵੇਲੇ ਦੀ ਸਰਕਾਰ ਨੇ ਸਿੰਘਾਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਰਸ਼ਨ-ਇਸ਼ਨਾਨ ਤੋਂ ਰੋਕਣ ਲਈ ਮੀਆਂ ਸਲਾਬਤ ਖਾਂ ਨੂੰ ਨੀਯਤ ਕੀਤਾ। ਸਿੰਘਾਂ ਨੇ ਸਭ ਤੋਂ ਪਹਿਲਾਂ ਸਲਾਬਤ ਖ਼ਾਂ ਤੇ ਉਸ ਦੇ ਸਾਥੀਆਂ ਨੂੰ ਜਮਪੁਰ ਪੁਚਾਇਆ ਤੇ ਕੇਂਦਰੀ ਅਸਥਾਨ ਸ੍ਰੀ ਅੰਮ੍ਰਿਤਸਰ ਨੂੰ ਦੁਸ਼ਟਾਂ ਤੋਂ ਮੁਕਤ ਕਰਾਇਆ। ਵਿਸਾਖੀ ਦਾ ਮੇਲਾ ਬੜੇ ਉਤਸ਼ਾਹ ਤੇ ਧੂਮ-ਧਾਮ ਨਾਲ ਮਨਾਇਆ ਗਿਆ।

ਮੇਲੇ ਉਪਰੰਤ ਸਿੰਘਾਂ ਨੇ ਦੋ ਮਹਾਨ ਕਾਰਜ ਕੀਤੇ। ਇਕ ਤਾਂ ਰਾਮਸਰ ਤੇ ਬਿਬੇਕਸਰ ਦੇ ਨੇੜੇ ਇਕ ਛੋਟਾ ਜਿਹਾ ਕਿਲ੍ਹਾ ਬਣਾਇਆ, ਜਿਸ ਦਾ ਨਾਂ 'ਰਾਮ-ਰਉਣੀ' ਰੱਖਿਆ ਗਿਆ। ਇਸ ਕਿਲ੍ਹੇ ਵਿਚ ਪੰਜ ਸੌ ਘੋੜ-ਸਵਾਰ ਟਿਕ ਸਕਦੇ ਸਨ। ਇਸ ਕਿਲ੍ਹੇ ਦੀ ਉਸਾਰੀ ਦਾ ਮਕਸਦ ਸੰਕਟ-ਕਾਲ ਸਮੇਂ ਪਵਿੱਤਰ ਗੁਰਦੁਆਰਿਆਂ ਦੀ ਰਾਖੀ ਕਰ ਸਕਣਾ ਸੀ।

ਦੂਸਰਾ ਕਾਰਜ ਇਹ ਕੀਤਾ ਕਿ 65 ਜਥਿਆਂ ਨੂੰ ਤੋੜ ਕੇ ਉਨ੍ਹਾਂ ਦੀ ਥਾਂ 'ਤੇ ਕੇਵਲ 11 ਜਥੇ ਰਹਿਣ ਦਿੱਤੇ ਗਏ, ਜਿਨ੍ਹਾਂ ਨੂੰ ਅੱਗੇ ਚਲ ਕੇ 12 ਮਿਸਲਾਂ ਕਿਹਾ ਜਾਣ ਲੱਗ ਪਿਆ।

ਮਿਸਲਾਂ ਦੀ ਵਿਸ਼ੇਸ਼ ਗੱਲ ਇਹ ਸੀ ਕਿ ਮਿਸਲ ਦੇ ਜਥੇਦਾਰ ਤੇ ਮਿਸਲ ਦੇ ਹੋਰ ਸਿੰਘਾਂ ਦਾ ਆਪਸ ਵਿਚ ਕੋਈ ਊਚ-ਨੀਚ ਦਾ ਅੰਤਰ ਨਹੀਂ ਹੁੰਦਾ, ਸਗੋਂ ਸਮੁੱਚੇ ਸਿੰਘ ਸਮਾਨ ਸਮਝੇ ਜਾਂਦੇ ਸਨ। ਯੁੱਧ ਦੇ ਸਮੇਂ ਵਿਚ ਸਭ ਸਿੰਘ ਆਪਣੇ ਜਥੇਦਾਰ ਦਾ ਆਦੇਸ਼ ਖ਼ੁਸ਼ੀ ਨਾਲ ਮੰਨਦੇ ਸਨ।

ਕਈ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਹਰ ਮਿਸਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆਪਣਾ-ਆਪਣਾ ਵੱਖਰਾ ਰਿਕਾਰਡ ਰੱਖਿਆ ਹੁੰਦਾ ਸੀ, ਜਿਸ ਵਿਚ ਉਹ ਆਪਣੇ ਜਿੱਤੇ ਹੋਏ ਇਲਾਕੇ ਦਰਜ ਕਰਦੇ ਸਨ ਤੇ ਉਹਨਾਂ ਦਾ ਵੇਰਵਾ ਰੱਖਦੇ ਸਨ। ਜਿਨ੍ਹਾਂ ਕਾਗ਼ਜ਼ਾਂ ਵਿਚ ਇਹ ਰਿਕਾਰਡ ਰੱਖਿਆ ਜਾਂਦਾ ਸੀ, ਉਹਨਾਂ ਨੂੰ 'ਮਿਸਲਾਂ' ਕਿਹਾ ਜਾਂਦਾ ਸੀ। ਇਸ ਲਈ ਇਨ੍ਹਾਂ ਜਥਿਆਂ ਦਾ ਨਾਂ ਵੀ 'ਮਿਸਲਾਂ' ਪ੍ਰਸਿੱਧ ਹੋ ਗਿਆ।

ਮਿਸਲਾਂ ਦੇ ਨਾਂ, ਆਗੂਆਂ ਦੇ ਪਿੰਡਾਂ ਜਾਂ ਆਗੂਆਂ ਦੇ ਨਾਵਾਂ 'ਤੇ ਰੱਖੇ ਗਏ। ਕੁਝ ਮਿਸਲਾਂ ਦੇ ਨਾਂ ਉਹਨਾਂ ਦੇ ਨਿਸ਼ਾਨਾਂ ਜਾਂ ਆਗੂਆਂ ਦੇ ਵਿਸ਼ੇਸ਼ ਲੱਛਣਾਂ ਕਰਕੇ ਵੀ ਪ੍ਰਸਿੱਧ ਹੋ ਗਏ, ਜਿਵੇਂ—ਆਹਲੂਵਾਲੀਆ, ਡੱਲੇਵਾਲੀਆ ਮਿਸਲਾਂ ਦੇ ਨਾਂ ਉਹਨਾਂ ਦੇ ਆਗੂਆਂ ਦੇ ਪਿੰਡਾਂ ਤੋਂ ਪ੍ਰਸਿੱਧ ਹੋਏ।

ਆਹਲੂਵਾਲੀਆ ਮਿਸਲ ਦਾ ਮੋਢੀ ਸ. ਸਦਾ ਸਿੰਘ ਸੀ, ਜੋ ਲਾਹੌਰ ਤੋਂ ਸੱਤ ਮੀਲ ਦੇ ਫ਼ਾਸਲੇ 'ਤੇ 'ਅਹਿਲੂ' ਪਿੰਡ ਦਾ ਵਸਨੀਕ ਸੀ। ਪਰ ਇਸ ਮਿਸਲ ਦਾ ਅਸਲੀ ਆਗੂ ਸ. ਸਦਾ ਸਿੰਘ ਦਾ ਪੜਪੋਤਰਾ ਤੇ ਸ. ਬਦਰ ਸਿੰਘ ਦਾ ਸਪੁੱਤਰ, ਮਹਾਨ ਜੋਧਾ ਸ. ਜੱਸਾ ਸਿੰਘ ਆਹਲੂਵਾਲੀਆ ਸੀ,



SikhBookClub.Com

## ਵਾਪਸ ਮੁੜਦੇ ਨਾਦਰ ਕੋਲੋਂ ਲੁੱਟ ਦਾ ਮਾਲ ਖੋਹਣਾ

1738 ਵਿਚ ਸ· ਜੱਸਾ ਸਿੰਘ ਜੀ ਦੀ ਗਿਣਤੀ ਸਿੱਖ ਆਗੂਆਂ ਦੀ ਪਹਿਲੀ ਕਤਾਰ ਵਿਚ ਹੋਣ ਲੱਗ ਪਈ ਸੀ। ਜਦੋਂ 1739 ਵਿਚ ਨਾਦਰ ਸ਼ਾਹ ਹਿੰਦੁਸਤਾਨ ਤੋਂ ਬਹੁਤ ਸਾਰਾ ਲੁੱਟ ਦਾ ਮਾਲ ਲੈ ਕੇ ਈਰਾਨ ਵਾਪਸ ਜਾ ਰਿਹਾ ਸੀ ਤਾਂ ਉਸ ਦੇ ਪਿਛਲੇ ਹਿੱਸੇ 'ਤੇ ਹੱਲਾ ਕਰਕੇ ਉਸ ਕੋਲੋਂ ਲੁੱਟ ਦਾ ਮਾਲ ਖੋਹਣ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਬੜਾ ਮਹੱਤਵਪੂਰਨ ਭਾਗ ਲਿਆ ਸੀ।

ਨਾਦਰ ਸ਼ਾਹ ਦੇ ਹੱਲੇ ਪਿੱਛੋਂ ਸਰਦਾਰ ਜੱਸਾ ਸਿੰਘ ਨੇ ਸਿੱਖ ਜਥਿਆਂ ਦੀ ਸਭ ਮਾਮਲਿਆਂ ਵਿਚ ਖ਼ਾਸ ਕਰਕੇ ਲੜਾਈ ਦੇ ਖੇਤਰ ਵਿਚ ਅਗਵਾਈ ਸ਼ੁਰੂ ਕਰ ਦਿੱਤੀ ਸੀ। ਉਸ ਨੇ 1743 ਵਿਚ ਡੱਲੇਵਾਲ ਦਾ ਕਿਲ੍ਹਾ ਬਣਵਾਇਆ ਤੇ ਐਮਨਾਬਾਦ (ਰੋੜੀ ਸਾਹਿਬ) ਤੋਂ ਲਾਹੌਰ ਜਾਂਦੇ ਹੋਏ ਸਰਕਾਰੀ ਖ਼ਜ਼ਾਨੇ ਦਾ ਭਾਰ ਵੀ ਹੌਲਾ ਕਰਾਇਆ ਸੀ।

ਜ਼ਕਰੀਆ ਖਾਂ ਦੀ ਸਿੱਖਾਂ ਨੂੰ ਅਸਹਿ ਤੇ ਅਕਹਿ ਤਸੀਹੇ ਦੇਣ ਵਾਲੀ ਨੀਤੀ ਦਾ ਸਭ ਤੋਂ ਤਗੜਾ ਵਿਰੋਧ ਤੇ ਕਰੜਾ ਟਾਕਰਾ ਕਰਨ ਵਾਲਿਆਂ ਵਿੱਚੋਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸਭ ਤੋਂ ਅੱਗੇ ਹੁੰਦਾ ਸੀ। ਛੋਟੇ ਘੱਲੂਘਾਰੇ ਤੋਂ ਮਗਰੋਂ 1747 ਵਿਚ ਸਰਦਾਰ ਜੱਸਾ ਸਿੰਘ ਨੇ ਕਸੂਰ ਤੇ ਜਲੰਧਰ ਦੁਆਬ ਨੂੰ ਖ਼ੂਬ ਲੁੱਟਿਆ। ਹੌਲੀ-ਹੌਲੀ ਆਪਣੇ ਯਤਨਾਂ ਸਦਕਾ, ਆਪਣੀ ਵੀਰਤਾ ਕਰਕੇ ਸਾਹਸ, ਸੂਝ-ਬੂਝ ਤੇ ਉੱਚ ਆਚਰਣ ਕਾਰਨ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਸਭ ਸਰਦਾਰਾਂ ਵਿਚ ਨਿਵੇਕਲੀ ਤੇ ਸਤਿਕਾਰਯੋਗ ਥਾਂ ਬਣ ਗਈ।

## ਸਰਦਾਰ ਜੱਸਾ ਸਿੰਘ ਨੇ ਦਲ ਖਾਲਸਾ ਦੀ ਕਮਾਨ ਸੰਭਾਲੀ

ਇਹ 1748 ਈ. ਦਾ ਸਮਾਂ ਸੀ ਜਦੋਂ ਕਿ ਨਵਾਬ ਕਪੂਰ ਸਿੰਘ ਸਾਹਿਬ ਬਿਰਧ ਹੋ ਚੁੱਕੇ ਸਨ। ਉਹ ਚਾਹੁੰਦੇ ਸਨ ਕਿ ਹੁਣ ਪੰਥ ਦ੍ਹੀ ਜਥੇਦਾਰੀ ਕਿਸੇ ਨੌਜੁਆਨ ਦੇ ਹੱਥਾਂ ਵਿਚ ਸੌਂਪ ਦਿੱਤੀ ਜਾਵੇ। ਉਹਨਾਂ ਦੀ ਨਜ਼ਰ ਵਿਚ ਸਰਦਾਰ ਜੱਸਾ ਸਿੰਘ ਹੀ ਇਕ ਐਸਾ ਵਿਅਕਤੀ ਸੀ ਜੋ ਖ਼ਾਲਸੇ ਦਾ ਆਗੂ ਬਣਨ ਦੇ ਯੋਗ ਸੀ ਤੇ ਉਸ ਵਿਚ ਉਹ ਸਾਰੀਆਂ ਯੋਗਤਾਵਾਂ ਮੌਜੂਦ ਸਨ ਜੋ ਕਿਸੇ ਸਫਲ ਆਗੂ ਵਿਚ ਹੋਣੀਆਂ ਚਾਹੀਦੀਆਂ ਹਨ। 1748 ਦੀ ਵਿਸਾਖੀ ਨੂੰ 'ਸਰਬੱਤ ਖਾਲਸਾ' ਦਾ ਇਕੱਠ ਅੰਮ੍ਰਿਤਸਰ ਵਿਚ ਹੋਇਆ। ਨਵਾਬ ਕਪੂਰ ਸਿੰਘ ਸਾਹਿਬ ਨੇ ਹੋਰ ਜਥੇਦਾਰਾਂ ਨਾਲ ਸਲਾਹ ਕਰ ਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ 'ਦਲ ਖਾਲਸਾ' ਦੀ ਕਮਾਨ ਸੰਭਾਲ ਦਿੱਤੀ।

1748 ਈ. ਤੋਂ 1753 ਈ. ਤਕ ਪੰਜਾਬ ਉੱਤੇ ਮੀਰ ਮਨੂੰ ਦਾ ਰਾਜ ਸੀ। ਇਸ ਸਮੇਂ ਵਿਚ ਮੀਰ ਮਨੂੰ ਨੇ ਫੈਸਲਾ ਕੀਤਾ ਕਿ ਸਿੱਖਾਂ ਦਾ ਖੁਰਾ-ਖੋਜ ਮੁਕਾ ਦੇਣਾ ਹੈ। ਪਰ ਉਸ ਦੀ ਇਸ ਨੀਤੀ ਦਾ ਟਾਕਰਾ ਜਿਸ ਦਲੇਰੀ, ਸੂਝ-ਬੂਝ ਤੇ



SikhBookClub.Com

ਨੀਤੀ ਨਾਲ ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਨੇ ਕੀਤਾ, ਉਹ ਬੜਾ ਹੀ ਸ਼ਲਾਘਾਯੋਗ ਸੀ। ਦੀਵਾਨ ਕੌੜਾ ਮੱਲ ਸਹਿਜਧਾਰੀ ਸਿੱਖ ਸੀ ਤੇ ਉਸ ਦੀ ਦਿਲੀ ਹਮਦਰਦੀ ਸਦਾ ਸਿੰਘਾਂ ਨਾਲ ਰਹਿੰਦੀ ਸੀ। ਇਸੇ ਲਈ ਸਿੱਖ ਇਤਿਹਾਸਕਾਰਾਂ ਨੇ ਉਸ ਨੂੰ 'ਮਿੱਠਾ ਮੱਲ' ਦੇ ਨਾਂ ਨਾਲ ਯਾਦ ਕੀਤਾ ਹੈ। ਦੀਵਾਨ ਕੌੜਾ ਮੱਲ ਦੀ ਸਲਾਹ ਨਾਲ ਸਿੰਘਾਂ ਨੇ ਮੁਲਤਾਨ ਦੇ ਸੂਬੇਦਾਰ ਸ਼ਾਹ ਨਿਵਾਜ਼ ਵਿਰੁੱਧ ਮੀਰ ਮਨੂੰ ਦੀ ਸਹਾਇਤਾ ਕੀਤੀ। ਸ਼ਾਹ ਨਿਵਾਜ਼ ਲੜਾਈ ਵਿਚ ਮਾਰਿਆ ਗਿਆ ਤੇ ਮੀਰ ਮਨੂੰ ਨੇ ਸਰਦਾਰ ਜੱਸਾ ਸਿੰਘ ਨਾਲ ਕੁਝ ਸਮੇਂ ਲਈ ਦੋਸਤੀ ਪਾ ਲਈ। ਪਰ ਸੱਚ ਤੇ ਝੂਠ, ਜ਼ੁਲਮ ਤੇ ਨਿਆਂ, ਨੇਕ ਨੀਅਤੀ ਤੇ ਧੋਖਾ ਫ਼ਰੇਬ ਨਾਲੋ ਨਾਲ ਨਹੀਂ ਚਲ ਸਕਦੇ। ਇਸ ਲਈ ਮੀਰ ਮਨੂੰ ਨੇ ਸਿੰਘਾਂ ਨੂੰ ਤਸੀਹੇ ਦੇਣ ਦੀ ਆਪਣੀ ਨੀਤੀ ਕਾਇਮ ਰੱਖੀ ਤਾਂ ਸਿੰਘ ਵੀ ਉਸ ਦੇ ਟਾਕਰੇ ਲਈ ਤਿਆਰ ਹੋਏ।

7 ਅਕਤੂਬਰ, 1753 ਵਿਚ ਨਵਾਬ ਕਪੂਰ ਸਿੰਘ ਸਾਹਿਬ ਦ੍ਰਾ ਅਕਾਲ ਚਲਾਣਾ ਹੋ ਗਿਆ। ਉਨ੍ਹਾਂ ਤੋਂ ਪਿੱਛੋਂ ਸਰਦਾਰ ਜੱਸਾ ਸਿੰਘ ਸਮੁੱਚੇ ਤੌਰ 'ਤੇ ਸਿੰਘਾਂ ਦੇ 'ਸਰਦਾਰ' ਬਣ ਗਏ। ਨਵਾਬ ਕਪੂਰ ਸਿੰਘ ਸਾਹਿਬ ਦੀ ਆਯੂ ਤੇ ਸੇਵਾ ਸਦਕਾ ਉਨ੍ਹਾਂ ਨੂੰ ਸ਼੍ਰੋਮਣੀ ਜਥੇਦਾਰ ਮੰਨਿਆ ਜਾਂਦਾ ਸੀ ਭਾਵੇਂ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦਾ ਜਸ ਉਸ ਦੀ ਸੂਝ, ਸਮਝ, ਸੇਵਾ, ਸਿੱਖਾਂ ਨਾਲ ਸਨੇਹ ਤੇ ਸੂਰਬੀਰਤਾ ਕਰਕੇ ਆਮ ਸਿੰਘਾਂ ਵਿਚ ਜ਼ਿਆਦਾ ਹੋ ਗਿਆ ਸੀ। ਨਵਾਬ ਕਪੂਰ ਸਿੰਘ ਜੀ ਨੇ ਅਕਾਲ ਚਲਾਣਾ ਕਰਨ ਸਮੇਂ ਗੁਰੂ ਗੋਬਿੰਦ ਸਿੰਘ ਜੀ ਦਾ 'ਫੌਲਾਦੀ ਪੰਜਾ' ਜੋ ਉਹਨਾਂ ਪਾਸ ਸੀ, ਸਰਦਾਰ ਜੱਸਾ ਸਿੰਘ ਜੀ ਦੇ ਹਵਾਲੇ ਕਰ ਦਿੱਤਾ।

ਇਸ ਦਾ ਭਾਵ ਸੀ ਕਿ ਨਵਾਬ ਸਾਹਿਬ ਨੇ ਸਰਦਾਰ ਆਹਲੂਵਾਲੀਆ ਨੂੰ ਆਪਣਾ ਉੱਤਰਾ-ਅਧਿਕਾਰੀ ਥਾਪ ਦਿੱਤਾ ਸੀ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਨਵਾਬ ਕਪੂਰ ਸਿੰਘ ਜੀ ਤੋਂ ਵਿਰਸੇ ਵਿਚ ਪ੍ਰਾਪਤ ਕੀਤੇ ਹੋਏ ਗੁਣ ਤੇ ਅਸਰ-ਰਸੂਖ ਨੂੰ ਆਪਣੀ ਕਾਬਲੀਅਤ ਨਾਲ ਹੋਰ ਵਧਾਇਆ।

ਸ. ਜੱਸਾ ਸਿੰਘ ਆਹਲੂਵਾਲੀਆ ਪਠਾਣਾਂ ਨਾਲ ਹੋਈਆਂ ਲਗਪਗ ਸਾਰੀਆਂ ਲੜਾਈਆਂ ਵਿਚ ਸ਼ਾਮਿਲ ਹੋਏ ਸਨ। ਜਿੰਨੀ ਵਾਰੀ ਅਹਿਮਦ ਸ਼ਾਹ ਅਬਦਾਲੀ ਨੇ ਪੰਜਾਬ ਉੱਤੇ ਹਮਲਾ ਕੀਤਾ, ਉਤਨੀ ਵਾਰ ਹੀ ਸਰਦਾਰ ਜੱਸਾ ਸਿੰਘ ਜੀ ਦੀ ਅਗਵਾਈ ਹੇਠ ਸਿੰਘਾਂ ਨੇ ਉਸ ਨੂੰ ਜਾਂ ਉਸ ਦੇ ਕਰਮਚਾਰੀਆਂ ਨੂੰ ਭਾਜੜਾਂ ਪਾਈਆਂ। ਜਦੋਂ ਖਵਾਜਾ ਉਬੈਦ ਖ਼ਾਂ ਨੇ ਗੁੱਜਰਾਂਵਾਲਾ ਉੱਤੇ ਹਮਲਾ ਕਰਨ ਦਾ ਯਤਨ ਕੀਤਾ ਤਾਂ ਸਰਦਾਰ ਜੱਸਾ ਸਿੰਘ ਜੀ ਨੇ ਸ. ਚੜ੍ਹਤ ਸਿੰਘ ਸ਼ੁਕਰਚੱਕੀਆ ਤੇ ਸ. ਜੈ ਸਿੰਘ ਕਨ੍ਹਈਆ ਨਾਲ ਮਿਲ ਕੇ ਉਸ ਨੂੰ ਹਾਰ ਦਿੱਤੀ। 1761 ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ।

1753 ਤੋਂ 1783 ਤਕ ਸ. ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਸਿੰਘਾਂ ਨੇ ਆਪਣਾ ਸੁਤੰਤਰਤਾ ਸੰਗਰਾਮ ਜਾਰੀ ਰੱਖਿਆ। ਸ. ਚੜ੍ਹਤ ਸਿੰਘ ਤੇ



SikhBookClub.Com

ਸਰਦਾਰ ਜੈ ਸਿੰਘ ਦੀ ਅਗਵਾਈ ਹੇਠ ਪੰਜ ਸੌ ਸਿੱਖਾਂ ਨੇ ਲਾਹੌਰ ਦਾ ਪਰੀ ਮਹਲ ਤੇ ਰੰਗ ਮਹਲ ਲੁੱਟਿਆ। 1754 ਦੇ ਅੰਤ ਵਿਚ 12 ਹਜ਼ਾਰ ਸਿੰਘਾਂ ਨੇ ਸਰਹੰਦ 'ਤੇ ਹਮਲਾ ਕਰਕੇ ਦੁਸ਼ਟਾਂ ਨੂੰ ਸੋਧਿਆ।

*(ਡਾਕਟਰ ਹਰੀ ਰਾਮ ਗੁਪਤਾ, ਪੰਨਾ 94)*

ਹੁਣ ਤਕ ਸਿੰਘਾਂ ਨੇ ਮਾਝੇ, ਦੁਆਬੇ ਤੇ ਮੈਣ ਦੁਆਬ ਵਿਚ ਕਈ ਥਾਵਾਂ 'ਤੇ ਕਬਜ਼ੇ ਜਮਾ ਲਏ ਸਨ ਤੇ ਉਨ੍ਹਾਂ ਥਾਵਾਂ ਦੀ ਰਾਖੀ ਦੀ ਜ਼ਿੰਮੇਵਾਰੀ ਦਲ ਖਾਲਸਾ ਨੇ ਆਪਣੇ ਸਿਰ ਲੈ ਲਈ ਸੀ। ਸਰਦਾਰ ਹਾੜੀ-ਸਉਣੀ ਦਾ ਪੰਜਵਾਂ ਹਿੱਸਾ ਲੈਂਦੇ ਤੇ ਗਰੀਬ ਕਿਸਾਨ ਕਾਮਿਆਂ ਦੀ ਜਾਨ-ਮਾਲ ਦੀ ਰਾਖੀ ਕਰਦੇ ਸਨ। ਇਨ੍ਹਾਂ ਇਲਾਕਿਆਂ ਵਿਚੋਂ ਜੇਕਰ ਦਲ ਖਾਲਸਾ ਦੀ ਫ਼ੌਜ ਵੀ ਲੰਘਦੀ ਤਾਂ ਉਸ ਇਲਾਕੇ ਦੀ ਸਰਕਾਰ ਦੀ ਜ਼ਿੰਮੇਵਾਰੀ ਹੁੰਦੀ ਸੀ ਕਿ ਉਹ ਹਰ ਤਰ੍ਹਾਂ ਦੇ ਨੁਕਸਾਨ ਤੋਂ ਪਿੰਡ ਨੂੰ ਬਚਾਵੇ।

ਇਸ ਰੀਤੀ ਜਾਂ ਸਿਸਟਮ ਦਾ ਨਾਂ 'ਰਾਖੀ' ਸੀ ਤੇ ਲੋਕ ਇਸ ਨਾਲ ਬੜੇ ਖ਼ੁਸ਼ ਤੇ ਸੰਤੁਸ਼ਟ ਸਨ। 20 ਦਸੰਬਰ, 1756 ਨੂੰ ਜਦੋਂ ਮੁਗਲਾਣੀ ਬੇਗ਼ਮ ਦੇ ਸੱਦੇ 'ਤੇ ਅਹਿਮਦ ਸ਼ਾਹ ਅਬਦਾਲੀ ਲਾਹੌਰ ਪੁੱਜਾ ਤਾਂ ਸਿੰਘ ਲੱਖੀ ਜੰਗਲ ਤੇ ਪਹਾੜਾਂ ਵੱਲ ਨਿਕਲ ਗਏ। 18 ਜਨਵਰੀ, 1757 ਨੂੰ ਬਿਨਾਂ ਰੋਕ-ਟੋਕ ਦੇ ਅਬਦਾਲੀ ਦਿੱਲੀ ਪੁੱਜਾ। ਇਕ ਮਹੀਨਾ ਪੂਰਾ ਲੁੱਟ-ਮਾਰ ਜਾਰੀ ਰਹੀ। ਦਿੱਲੀ ਵਿਚ ਹੈਜ਼ਾ ਫੈਲ ਜਾਣ ਕਾਰਨ ਅਬਦਾਲੀ ਅਪਰੈਲ 1757 ਵਿਚ ਵਾਪਸ ਮੁੜਿਆ। ਦਿੱਲੀ ਦੀ ਲੁੱਟ-ਮਾਰ ਨਾਲ ਉਸ ਹਾਥੀ, ਘੋੜੇ, ਖੱਚਰਾਂ, ਊਠ ਆਦਿ 28 ਹਜ਼ਾਰ ਜਾਨਵਰ ਲੱਦੇ ਹੋਏ ਸਨ। ਉਸ ਸਮੇਂ ਉਸ ਦੀ ਫ਼ੌਜ ਵਿਚ 80 ਹਜ਼ਾਰ ਘੋੜ ਸਵਾਰ ਸਨ।

*(A Short History of the Sikhs, p. 153)*

ਬਾਬਾ ਆਲਾ ਸਿੰਘ ਦੀ ਕਮਾਨ ਹੇਠਾਂ ਮਲਵਈ ਸਿੰਘਾਂ ਨੇ ਅਬਦਾਲੀ ਦੇ ਪੁੱਤਰ ਤੈਮੂਰ ਕੋਲੋਂ ਲੁੱਟ ਦਾ ਮਾਲ ਲੁੱਟ ਕੇ ਉਸ ਦਾ ਭਾਰ ਹੌਲਾ ਕਰਾਇਆ। ਇਸੇ ਤਰ੍ਹਾਂ ਸਿੰਘ ਝਨਾਂ ਤਕ ਛਾਪੇ ਮਾਰਦੇ ਰਹੇ ਤੇ ਦੇਸ਼ ਦਾ ਧਨ-ਦੌਲਤ ਪ੍ਰਦੇਸ਼ ਜਾਣ ਤੋਂ ਬਚਾਉਂਦੇ ਰਹੇ।

1758 ਵਿਚ ਅਦੀਨਾ ਬੇਗ ਦੇ ਦੀਵਾਨ ਬਿਸ਼ੰਬਰ ਦਾਸ ਨੇ 15 ਹਜ਼ਾਰ ਫ਼ੌਜ ਇਕੱਠੀ ਕਰਕੇ ਉੜਮੁੜ ਟਾਂਡੇ ਕੋਲ ਸਿੱਖਾਂ ਨਾਲ ਲੜਾਈ ਕੀਤੀ। ਪਰ ਵਿਚਾਰੇ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਸਿੰਘਾਂ ਨੇ 'ਰਾਖੀ ਸਿਸਟਮ' ਅਧੀਨ ਆਪਣਾ ਅਸਰ-ਰਸੂਖ ਫੇਰ ਕਾਇਮ ਕਰ ਲਿਆ।

ਸ. ਕਰਮ ਸਿੰਘ ਹਿਸਟੋਰੀਅਨ ਅਨੁਸਾਰ, 1759 ਤਕ 726 ਪਿੰਡ ਸਿੱਖਾਂ ਦੇ ਕਬਜ਼ੇ ਹੇਠ ਆ ਚੁੱਕੇ ਸਨ। 14 ਜਨਵਰੀ, 1761 ਨੂੰ ਪਾਨੀਪਤ ਦੇ ਮੈਦਾਨ ਵਿਚ ਦੁਰਾਨੀ ਤੇ ਮਰਹੱਟਿਆਂ ਦੀ ਤਗੜੀ ਜੰਗ ਹੋਈ। ਸ. ਆਲਾ ਸਿੰਘ ਨੇ ਦੇਸ਼-ਭਗਤੀ ਦਾ ਸਬੂਤ ਦੇਂਦਿਆਂ ਹੋਇਆਂ ਮਰਹੱਟਿਆਂ ਦੀ ਸਹਾਇਤਾ ਰਸਦ ਆਦਿ ਭੇਜ ਕੇ ਕੀਤੀ, ਪਰ ਮਰਹੱਟੇ ਬੁਰੀ ਤਰ੍ਹਾਂ ਨਾਲ ਹਾਰ ਗਏ।



SikhBookClub.Com

ਅਬਦਾਲੀ ਮਾਰਚ 1761 ਨੂੰ ਵਾਪਸ ਦੇਸ਼ ਪਰਤ ਰਿਹਾ ਸੀ। ਜਦੋਂ ਉਸ ਦੀ ਫ਼ੌਜ ਬਿਆਸ ਪਾਰ ਕਰਨ ਲੱਗੀ ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਸਿੰਘ ਅਫ਼ਗਾਨਾਂ 'ਤੇ ਟੁੱਟ ਕੇ ਪੈ ਗਏ ਤੇ 2200 ਮਾਸੂਮ ਕੈਦੀ ਲੜਕੀਆਂ ਛੁਡਾ ਲਈਆਂ ਜੋ ਬੰਦੀ ਬਣਾ ਕੇ ਲੈ ਜਾਈਆਂ ਜਾ ਰਹੀਆਂ ਸਨ। ਉਹਨਾਂ ਬੀਬੀਆਂ ਨੂੰ ਘਰੋਂ ਘਰੀ ਪੁਚਾਇਆ ਗਿਆ। ਇਸ ਘਟਨਾ ਕਾਰਨ ਸਰਦਾਰ ਜੱਸਾ ਸਿੰਘ 'ਬੰਦੀ-ਛੋੜ' ਕਰਕੇ ਪ੍ਰਸਿੱਧ ਹੋਇਆ।

ਜਦੋਂ ਅਬਦਾਲੀ ਲਾਹੌਰ ਪੁੱਜਾ ਤਾਂ ਉਥੇ ਭਾਈ ਹਾਠੂ ਸਿੰਘ ਤੇ ਭਾਈ ਬਾਘੜ ਸਿੰਘ ਪਕੜ ਕੇ ਸਾਹਮਣੇ ਲਿਆਂਦੇ ਗਏ। ਅਬਦਾਲੀ ਨੇ ਪੁੱਛਿਆ—

"ਤੁਸੀਂ ਕੌਣ ਹੋ ਤੇ ਇਥੇ ਕੀ ਕਰਨ ਆਏ ਸੀ?"

ਦੋਹਾਂ ਸਿੰਘਾਂ ਨੇ ਨਿਰਭੈਤਾ ਨਾਲ ਜਵਾਬ ਦਿੱਤਾ—

"ਅਸੀਂ ਸਿੰਘ (ਸ਼ੇਰ) ਹਾਂ ਤੇ ਤੈਨੂੰ ਮਾਰਨ ਲਈ ਲੱਭਦੇ-ਫਿਰਦੇ ਹਾਂ।"

ਇਹ ਉੱਤਰ ਸੁਣ ਕੇ ਦੋਹਾਂ ਸਿੰਘਾਂ ਨੂੰ ਹਾਥੀਆਂ ਦੇ ਪੈਰਾਂ ਨਾਲ ਬੰਨ੍ਹ ਕੇ ਸ਼ਹੀਦ ਕਰ ਦਿੱਤਾ ਗਿਆ।

27 ਅਕਤੂਬਰ, 1761 ਨੂੰ ਜਦੋਂ ਦੀਵਾਲੀ ਦੇ ਮੌਕੇ 'ਤੇ ਸਰਬਤ ਖ਼ਾਲਸਾ ਅੰਮ੍ਰਿਤਸਰ ਵਿਚ ਇਕੱਠਾ ਹੋਇਆ ਤਾਂ ਸਿਵਾਏ ਲਾਹੌਰ ਦੇ ਲਗਪਗ ਸਾਰਾ ਪੰਜਾਬ ਹੀ ਸਿੰਘਾਂ ਦੇ ਕਬਜ਼ੇ ਵਿਚ ਸੀ। ਗੁਰਮਤਾ ਕੀਤਾ ਗਿਆ ਤੇ ਨਵੰਬਰ 1761 ਵਿਚ ਲਾਹੌਰ ਕਬਜ਼ੇ ਵਿਚ ਕਰਕੇ ਸ. ਜੱਸਾ ਸਿੰਘ ਆਹਲੂਵਾਲੀਆ ਨੂੰ 'ਸੁਲਤਾਨ-ਉਲ-ਕੌਮ' ਦੀ ਉਪਾਧੀ ਦੇ ਕੇ ਰਾਜ ਸਿੰਘਾਸਨ 'ਤੇ ਸੁਸ਼ੋਭਿਤ ਕਰਾਇਆ ਗਿਆ। ਇਸ ਗੱਲ ਬਾਰੇ ਦੋ ਰਾਵਾਂ ਹਨ ਕਿ ਉਸ ਨੇ ਆਪਣੇ ਨਾਂ ਦਾ ਸਿੱਕਾ ਚਲਾਇਆ ਜਾਂ ਨਹੀਂ? ਜਿਥੋਂ ਤਕ ਸਿੱਕਾ ਚਲਾਉਣ ਦਾ ਸਬੰਧ ਹੈ ਉਹ ਤਾਂ ਠੀਕ ਹੈ ਪਰ ਕੁਝ ਲੋਕ ਕਹਿੰਦੇ ਹਨ ਕਿ ਉਸ ਨੇ ਆਪਣੇ ਨਾਂ ਦਾ ਸਿੱਕਾ ਚਲਾਇਆ ਪਰ ਦੂਜੀ ਵਿਚਾਰਧਾਰਾ ਵਾਲੇ ਕਹਿੰਦੇ ਹਨ ਕਿ ਉਸ ਦੇ ਚਲਾਏ ਹੋਏ ਸਿੱਕੇ ਉੱਤੇ ਫਾਰਸੀ ਵਿਚ ਇਹ ਅੱਖਰ ਖੁਦੇ ਹੁੰਦੇ ਸਨ:

**ਦੇਗੋ ਤੇਗੋ ਫਤਹ ਓ ਨੁਸਰਤ ਬੇਦ ਰੰਗ,**
**ਯਾਫਤ ਅਜ਼ ਨਾਨਕ, ਗੁਰੂ ਗੋਬਿੰਦ ਸਿੰਘ।**

ਇਹ ਵਿਚਾਰਧਾਰਾ ਰੱਖਣ ਵਾਲਿਆਂ ਵਿਚ 'ਚਹਾਰ ਬਾਗ ਪੰਜਾਬ' ਦਾ ਕਰਤਾ ਸ੍ਰੀ ਗਣੇਸ਼ ਦਾਸ ਵਡੇਹਰਾ ਹੈ। ਉਸ ਤੋਂ ਉਲਟ ਸ੍ਰੀ ਹਰੀ ਰਾਮ ਗੁਪਤਾ 'ਖ਼ਜ਼ਾਨਾ ਏ ਆਮਰਾ' ਦੀ ਗੁਆਹੀ ਦੇਂਦਿਆਂ ਲਿਖਦੇ ਹਨ ਕਿ:

ਜੋ ਸਿੱਕਾ ਸ· ਜੱਸਾ ਸਿੰਘ ਆਹਲੂਵਾਲੀਆ ਨੇ ਚਲਾਇਆ ਉਸ ਉੱਤੇ ਖੁਦਿਆ ਹੁੰਦਾ ਸੀ:

*"ਸਿੱਕਾ ਜਦ ਦਰ ਜਹਾਂ ਬਫਜ਼ਲਿ ਅਕਾਲ।*
*ਮੁਲਕਿ ਅਹਿਮਦ ਗ੍ਰਿਫ਼ਤ, ਜੱਸਾ ਕਲਾਲ।"*



SikhBookClub.Com

ਪਰ ਕਈ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ:

"ਉਪਰੋਕਤ ਲਿਖਤ ਵਾਲਾ ਸਿੱਕਾ ਕੁਝ ਕੱਟੜ ਮੁਸਲਮਾਨਾਂ ਨੇ ਜਾਅਲੀ ਤੌਰ 'ਤੇ ਬਣਵਾ ਕੇ ਅਬਦਾਲੀ ਨੂੰ ਚੁੱਕਣ ਲਈ ਜਾਣ-ਬੁਝ ਕੇ ਕਾਬਲ ਭੇਜਿਆ ਸੀ ਤਾਂ ਕਿ ਉਹ ਗ਼ੁੱਸਾ ਖਾ ਕੇ ਫੇਰ ਪੰਜਾਬ 'ਤੇ ਹਮਲਾ ਕਰੇ।"

*(ਸੰਖੇਪ ਸਿੱਖ ਇਤਿਹਾਸ, ਸ· ਪਿਆਰਾ ਸਿੰਘ ਪਦਮ)*

ਗੱਲ ਕੁਝ ਵੀ ਹੋਵੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਖ਼ਾਲਸਾ ਰਾਜ ਦੀ ਨੀਂਹ ਰੱਖ ਕੇ ਉਹ ਸਾਰੇ ਕਾਰਜ ਕੀਤੇ, ਜਿਹੜੇ ਸਫਲ ਰਾਜ ਦੇ ਕਰਨ ਯੋਗ ਹੁੰਦੇ ਹਨ। ਸਭ ਤੋਂ ਪਹਿਲਾਂ ਉਨ੍ਹਾਂ ਗੱਦਾਰਾਂ ਨੂੰ ਸੋਧਿਆ ਗਿਆ ਜਿਨ੍ਹਾਂ ਸਿੰਘਾਂ ਨੂੰ ਔਕੜਾਂ ਵਿਚ ਪਾਣ ਲਈ ਅਬਦਾਲੀ ਦੀ ਸਹਾਇਤਾ ਕੀਤੀ ਸੀ। 'ਇਬਰਤਨਾਮੇ' ਦੇ ਲਿਖਾਰੀ ਅਨੁਸਾਰ—

"ਆਕਲ ਦਾਸ ਜੰਡਿਆਲੇ ਵਾਲੇ ਨੇ ਅਬਦਾਲੀ ਨੂੰ ਲਿਖਿਆ ਸੀ— ਮੇਰੀ ਜਾਨ ਲਬਾਂ ਉੱਤੇ ਹੈ। ਆ, ਤਾਂ ਕਿ ਮੈਂ ਜੀ ਸਕਾਂ, ਮਰਨ ਪਿੱਛੋਂ ਆਇਆ ਤਾਂ ਕੀ ਫਾਇਦਾ?"

ਆਕਲ ਦਾਸ ਜੰਡਿਆਲੀਆ ਸਿੰਘਾਂ ਦਾ ਸਭ ਤੋਂ ਵੱਡਾ ਦੋਖੀ ਸੀ। ਉਸੇ ਦੇ ਲਿਖਣ 'ਤੇ ਅਬਦਾਲੀ ਛੇਵਾਂ ਹਮਲਾ ਕਰ ਕੇ ਫਰਵਰੀ 1762 ਵਿਚ ਲਾਹੌਰ ਪੁੱਜਾ ਸੀ।

ਪੰਜ ਫ਼ਰਵਰੀ 1762 ਨੂੰ ਕੁਪ ਰਹੀੜੇ ਦੇ ਮੈਦਾਨ ਵਿਚ ਬੜਾ ਭਾਰੀ ਖ਼ੂਨੀ ਸੰਗਰਾਮ ਹੋਇਆ। ਬਹੁਤ ਸਿੰਘ ਸ਼ਹੀਦ ਹੋਏ। ਕੋਈ ਸਿੰਘ ਅਜਿਹਾ ਨਹੀਂ ਸੀ ਜੋ ਜ਼ਖ਼ਮੀ ਨਾ ਹੋਇਆ ਹੋਵੇ। ਸਿੰਘਣੀਆਂ ਤੇ ਬੱਚਿਆਂ ਦਾ ਵੀ ਬੜਾ ਨੁਕਸਾਨ ਹੋਇਆ ਇਸ ਯੁੱਧ ਵਿਚ ਸਰਦਾਰ ਜੱਸਾ ਸਿੰਘ ਨੂੰ 22 ਜ਼ਖ਼ਮ ਤੇ ਸ. ਚੜ੍ਹਤ ਸਿੰਘ ਨੂੰ 16 ਜ਼ਖ਼ਮ ਲੱਗੇ। ਅਬਦਾਲੀ ਨੇ ਬਰਨਾਲਾ ਸ਼ਹਿਰ ਲੁੱਟਿਆ, ਸਾੜਿਆ ਤੇ ਹੁਕਮ ਦਿੱਤਾ ਕਿ ਸ. ਆਲਾ ਸਿੰਘ ਦੇ ਕੇਸ ਕਤਲ ਕਰ ਕੇ ਮੇਰੇ ਪੇਸ਼ ਕੀਤਾ ਜਾਵੇ। ਪਰ ਸ. ਆਲਾ ਸਿੰਘ ਨੇ ਸਵਾ ਲੱਖ ਰੁਪਿਆ ਦੇ ਕੇ ਆਪਣੇ ਕੇਸਾਂ ਦੀ ਰੱਖਿਆ ਕੀਤੀ।

ਜਦੋਂ 15 ਫ਼ਰਵਰੀ, 1762 ਨੂੰ ਅਬਦਾਲੀ ਸਰਹੰਦ ਤੋਂ ਲਾਹੌਰ ਨੂੰ ਮੁੜਿਆ ਤਾਂ ਇਸ 'ਵੱਡੇ ਘੱਲੂਘਾਰੇ' ਵਿਚ ਸ਼ਹੀਦ ਹੋਏ ਸਿੰਘਾਂ ਦੇ ਸਿਰ 50 ਗੱਡਿਆਂ ਉੱਤੇ ਲੱਦੇ ਹੋਏ ਉਸ ਦੇ ਨਾਲ ਸਨ। ਸ੍ਰੀ ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਨੂੰ ਬਾਰੂਦ ਨਾਲ ਉਡਾ ਦਿੱਤਾ ਗਿਆ ਤੇ ਸਰੋਵਰ ਵੀ ਪੂਰ ਦਿੱਤਾ ਗਿਆ। ਤਿੰਨ ਮਾਰਚ 1762 ਨੂੰ ਜਦੋਂ ਅਬਦਾਲੀ ਲਾਹੌਰ ਪੁੱਜਾ ਤਾਂ ਸ਼ਹਿਰ ਦੇ ਦਰਵਾਜ਼ਿਆਂ ਉੱਤੇ ਸਿੰਘਾਂ ਦੇ ਸਿਰਾਂ ਦੇ ਮੀਨਾਰ ਬਣਾ ਕੇ ਖੜੇ ਕੀਤੇ ਗਏ, ਤਾਂਕਿ ਦੁਨੀਆ ਸਮਝੇ ਕਿ ਸਿੱਖਾਂ ਦਾ ਖੁਰਾ-ਖੋਜ ਮਿਟਾ ਦਿੱਤਾ ਗਿਆ ਹੈ। ਇਸ ਵੱਡੇ ਘੱਲੂਘਾਰੇ ਵਿਚ ਬਾਰਾਂ ਹਜ਼ਾਰ ਤੋਂ ਵੱਧ ਸਿੰਘ ਸ਼ਹੀਦ ਹੋਏ।



SikhBookClub.Com

'ਇਬਰਤਨਾਮੇ' ਦੇ ਲਿਖਾਰੀ ਨੇ ਇਹ ਗਿਣਤੀ 30 ਹਜ਼ਾਰ ਤੇ ਸੱਯਦ ਲਤੀਫ਼ ਤੇ ਕਨ੍ਹਈਆ ਲਾਲ ਨੇ 24 ਹਜ਼ਾਰ ਦਿੱਤੀ ਹੈ।

*(ਡਾ· ਨਾਰੰਗ, ਪੰਨਾ 232)*

'ਪ੍ਰਾਚੀਨ ਪੰਥ ਪ੍ਰਕਾਸ਼' ਦੇ ਕਰਤਾ ਸ· ਰਤਨ ਸਿੰਘ ਭੰਗੂ ਕਹਿੰਦੇ ਹਨ ਕਿ ਇਸ ਘੱਲੂਘਾਰੇ ਵਿਚ ਮੇਰੇ ਪਿਤਾ ਤੇ ਚਾਚਾ ਜੀ ਵੀ ਸ਼ਾਮਲ ਸਨ। ਉਨ੍ਹਾਂ ਦੇ ਦੱਸੇ ਅਨੁਸਾਰ ਸ਼ਹੀਦ ਸਿੰਘਾਂ ਦੀ ਸੰਖਿਆ ਤੀਹ ਹਜ਼ਾਰ ਸੀ।

***ਲੋਕ ਕਹੈਂ ਸਿੰਘ ਇਕ ਲੱਖ ਸਾਰਾ।***
***ਪਚਾਸ ਬਚਯੋ ਔਰ ਸਭ ਗਯੋ ਮਾਰਾ।***
***ਪਿਤਾ ਹਮਾਰੇ ਤੀਸ ਬਤਾਏ।***
***ਰਹੇ ਸੁ ਮਰ ਔਰ ਬਚ ਕਰ ਆਏ।***
***ਪਿਤਾ ਚਾਚੇ ਦੁਇ ਹਮ ਥੇ ਸਾਥ।***
***ਉਨ ਤੇ ਸੁਨੀ ਹਮ ਆਖੀ ਬਾਤ।***

ਇਤਨਾ ਭਾਰੀ ਨੁਕਸਾਨ ਉਠਾ ਕੇ ਵੀ ਸਿੰਘ ਘਬਰਾਏ ਨਹੀਂ ਸਗੋਂ ਕਹਿੰਦੇ ਸਨ ਕਿ ਘੱਲੂਘਾਰੇ ਦੀ ਅੱਗ ਵਿਚ ਪੈ ਕੇ ਅਸੀਂ ਸ਼ੁੱਧ ਕੁੰਦਨ ਹੋ ਗਏ ਹਾਂ। ਜ਼ਖ਼ਮੀ ਸਿੰਘਾਂ ਦੀਆਂ ਮੱਲ੍ਹਮ ਪੱਟੀਆਂ ਕੀਤੀਆਂ ਗਈਆਂ। ਅਬਦਾਲੀ ਅਜੇ ਲਾਹੌਰ ਵਿਚ ਹੀ ਸੀ। ਮਈ 1762 ਵਿਚ ਸਿੰਘਾਂ ਸਰਹੰਦ ਉੱਤੇ ਹੱਲਾ ਕਰਕੇ ਦੁਸ਼ਟਾਂ ਨੂੰ ਸੋਧਿਆ। ਪੰਜਾਹ ਹਜ਼ਾਰ ਰੁਪਿਆ ਦੇ ਕੇ ਜ਼ੈਨ ਖਾਂ ਨੇ ਆਪਣੀ ਜਾਨ ਬਚਾਈ।

ਅਪਰੈਲ 1763 ਵਿਚ ਸਿੰਘਾਂ ਬੜੀ ਧੂਮ-ਧਾਮ ਨਾਲ ਵਿਸਾਖੀ ਸ੍ਰੀ ਅੰਮ੍ਰਿਤਸਰ ਵਿਚ ਮਨਾਈ। ਇਸੇ ਸਮੇਂ ਕਸੂਰ ਤੋਂ ਦੁਖੀ ਬ੍ਰਾਹਮਣ ਫਰਿਆਦ ਲੈ ਕੇ ਆ ਗਏ ਕਿ ਦੁਸ਼ਟ ਉਸਮਾਨ ਖਾਨ ਨੇ ਇਕ ਬ੍ਰਾਹਮਣੀ ਨੂੰ ਜ਼ਬਰਦਸਤੀ ਮੁਸਲਮਾਨ ਬਣਾ ਕੇ ਆਪਣੇ ਹਰਮ ਵਿਚ ਪਾ ਲਿਆ ਹੈ। ਖ਼ਾਲਸਾ ਪੰਥ ਸਾਡੀ ਰੱਖਿਆ ਕਰੇ। ਕਸੂਰ ਵਿਚ 10-12 ਕਿਲ੍ਹੇ ਸਨ ਤੇ ਉਥੋਂ ਦੇ ਨਵਾਬ ਬੜੇ ਜ਼ੋਰਾਵਰ ਸਨ।

ਕਈ ਸਰਦਾਰਾਂ ਦਾ ਵਿਚਾਰ ਸੀ ਕਿ ਕਸੂਰ 'ਤੇ ਹਮਲਾ ਨਾ ਕੀਤਾ ਜਾਵੇ ਪਰ—

**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ...॥**

ਦੇ ਕਥਨ ਅਨੁਸਾਰ 24 ਹਜ਼ਾਰ ਸਿੰਘ ਕਸੂਰ ਉੱਤੇ ਜਾ ਚੜ੍ਹੇ। ਉਸਮਾਨ ਖਾਨ ਨੂੰ ਉਸ ਦੇ ਪੰਜ ਸੌ ਸਾਥੀਆਂ ਸਮੇਤ ਕਤਲ ਕਰ ਕੇ ਬ੍ਰਾਹਮਣੀ, ਬ੍ਰਾਹਮਣਾਂ ਨੂੰ ਦੁਆਈ ਗਈ। ਇਥੋਂ ਬੁੱਢਾ ਦਲ, ਜਿਸ ਵਿਚ ਆਹਲੂਵਾਲੀਆ, ਸਿੰਘਪੁਰੀਆ, ਡੱਲੇਵਾਲੀਆ, ਕਰੋੜਸਿੰਘੀਆ, ਨਿਸ਼ਾਨਾਵਾਲੀ ਤੇ ਸ਼ਹੀਦਾਂ ਵਾਲੀ ਮਿਸਲ ਸ਼ਾਮਲ ਸੀ, ਜਲੰਧਰ ਦੁਆਬ ਵੱਲ ਨਿਕਲ ਗਿਆ। ਫ਼ਰਵਰੀ 1764 ਵਿਚ ਬੁੱਢਾ ਦਲ ਦੇ ਚਾਲੀ ਹਜ਼ਾਰ ਸਿੰਘ ਜਮਨਾ ਪਾਰ ਕਰ ਕੇ ਗੰਗ ਦੁਆਬ ਵਿਚ ਜਾ ਵੜੇ।



SikhBookClub.Com

ਸਹਾਰਨਪੁਰ, ਦੇਉਬੰਦ, ਨਜੀਬਾਬਾਦ, ਮੁਜ਼ਫਰਨਗਰ, ਮੁਰਾਦਾਬਾਦ ਤੇ ਗੜ੍ਹ ਮੁਕਤੇਸਰ 'ਤੇ ਕਬਜ਼ਾ ਕੀਤਾ।

ਜਲਾਲਾਬਾਦ ਦੇ ਬਦ-ਚਲਨ ਨਵਾਬ ਹਿੰਦੂਆਂ ਦੀਆਂ ਧੀਆਂ-ਭੈਣਾਂ ਦੀ ਬੇ-ਪਤੀ ਕਰਦੇ, ਪਰ ਹਿੰਦੂ ਅੱਗੋਂ ਬਿਰਕਦੇ ਤਕ ਨਾ। ਸਿੰਘਾਂ ਨੇ ਉਨ੍ਹਾਂ ਬਦ-ਚਲਨ ਜ਼ਾਲਮਾਂ ਨੂੰ ਸੋਧਿਆ ਤੇ ਹਿੰਦੂ ਲੜਕੀਆਂ ਉਨ੍ਹਾਂ ਦੇ ਕਬਜ਼ੇ 'ਚੋਂ ਛੁਡਾਈਆਂ। ਪਰ ਅੱਗੋਂ ਜਾਤ-ਪਾਤ ਤੇ ਛੂਤ-ਛਾਤ ਦੇ ਵਿਸ਼ਵਾਸੀ ਹਿੰਦੂ ਸਮਾਜ ਨੇ ਉਨ੍ਹਾਂ ਲੜਕੀਆਂ ਨੂੰ ਨਾ ਅਪਣਾਇਆ। ਇਸ 'ਤੇ ਖ਼ਾਲਸੇ ਨੇ ਉਨ੍ਹਾਂ ਨੂੰ 'ਧੀਆਂ' ਵਾਂਗ ਹਜ਼ਾਰਾਂ ਰੁਪਏ ਦੇ ਕੇ ਘਰੋ-ਘਰੀ ਤੋਰਿਆ। ਜ਼ਿਲ੍ਹਾ ਮੁਰਾਦਾਬਾਦ ਦੇ ਨਗਰ ਕਾਂਸ਼ੀਪੁਰ ਵਿਚ ਰੁਹੇਲਿਆਂ ਧੱਕੇ ਨਾਲ ਹਜ਼ਾਰਾਂ ਹਿੰਦੂਆਂ ਨੂੰ ਮੁਸਲਮਾਨ ਬਣਾ ਲਿਆ। ਸਿੰਘਾਂ ਨੇ ਹਿੰਦੂਆਂ ਦੀ ਰੱਖਿਆ ਕੀਤੀ ਤੇ ਉਨ੍ਹਾਂ ਦੀ ਪੱਕੀ ਰਾਖੀ ਲਈ ਕੁਝ ਸਿੱਖ ਪਰਿਵਾਰ ਪੱਕੇ ਤੌਰ 'ਤੇ ਉਥੇ ਵਸ ਗਏ। ਉਸ ਨਗਰ ਵਿਚ ਦੋ ਮੁਹੱਲੇ ਅਜੇ ਵੀ 'ਮੁਹੱਲਾ ਸਿੰਘਾਂ' ਤੇ 'ਮੁਹੱਲਾ ਖਾਲਸਾ' ਮੌਜੂਦ ਹਨ।

*(ਪਿਆਰਾ ਸਿੰਘ 'ਪਦਮ', ਸੰਖੇਪ ਸਿੱਖ ਇਤਿਹਾਸ, ਪੰਨਾ 109)*

ਦਸੰਬਰ 1768 ਤੇ ਦਸੰਬਰ 1769 ਵਿਚ ਅਹਿਮਦ ਸ਼ਾਹ ਅਬਦਾਲੀ ਨੇ ਨੌਵੀਂ ਤੇ ਦਸਵੀਂ ਵਾਰ ਦੋ ਆਖਰੀ ਹਮਲੇ ਕੀਤੇ ਪਰ ਸਿੰਘਾਂ ਉਸ ਨੂੰ ਜੇਹਲਮ ਦਰਿਆ ਵੀ ਪਾਰ ਨਾ ਕਰਨ ਦਿੱਤਾ। ਜਦੋਂ ਦੋਵੇਂ ਵਾਰ ਬੁਰੀ ਤਰ੍ਹਾਂ ਪਿੱਛੇ ਧੱਕਿਆ ਗਿਆ ਤਾਂ ਉਸ ਨੂੰ ਸਮਝ ਆ ਗਈ ਕਿ 'ਸਿੰਘ ਹੀ ਅਸਲ ਵਿਚ ਪੰਜਾਬ ਦੇ ਮਾਲਕ ਹਨ।' ਸਿੰਘ ਸਦਾ ਹੀ ਹਿੰਦੁਸਤਾਨ ਦੀ ਸਰਹੱਦ ਉੱਤੇ ਚੱਟਾਨ ਵਾਂਗ ਖੜੇ ਹੋਏ ਹਨ ਤੇ ਕੋਈ ਵੀ ਜਰਵਾਣਾ ਉਨ੍ਹਾਂ ਤੋਂ ਮੂੰਹ ਭੰਨਾਏ ਬਗ਼ੈਰ ਏਧਰ ਉਧਰ ਆ ਜਾ ਨਹੀਂ ਸਕਿਆ। ਜਨਰਲ ਬਾਰਕਰ ਨੇ ਸ. ਝੰਡਾ ਸਿੰਘ ਭੰਗੀ ਦੇ ਨਾਂ 19 ਅਗਸਤ 1771 ਵਿਚ ਲਿਖੀ ਇਕ ਚਿੱਠੀ ਵਿਚ ਲਿਖਿਆ ਸੀ—

> It is clear that as long as the Khalsa army is on the watch, no one march upon Hindustan unopposed.

*(Dr. Ganda Singh, Ahmed Shah Durrani, p. 325)*

***ਭਾਵ—*** ਜਦ ਤਕ ਖਾਲਸਾ ਫ਼ੌਜਾਂ ਸੁਚੇਤ ਹਨ, ਇਹ ਗੱਲ ਸਪੱਸ਼ਟ ਹੈ ਕਿ ਕੋਈ ਵੀ ਵਿਅਕਤੀ ਹਿੰਦੁਸਤਾਨ ਵੱਲ ਬਿਨਾਂ ਟਾਕਰੇ ਅੱਗੇ ਵੱਧ ਨਹੀਂ ਸਕਦਾ ।

ਆਖ਼ਰ ਅਹਿਮਦ ਸ਼ਾਹ ਅਬਦਾਲੀ 16 ਅਕਤੂਬਰ, 1772 ਨੂੰ ਇਸ ਸੰਸਾਰ ਤੋਂ ਕੂਚ ਕਰ ਗਿਆ। 1771 ਵਿਚ ਸ. ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠਾਂ ਸਿੰਘ ਕਸੂਰ ਨੂੰ ਇਕ ਵਾਰ ਫੇਰ ਸੋਧ ਚੁੱਕੇ ਸਨ। ਪਰ ਸਿੰਘਾਂ ਦਾ ਕੋਈ ਕੇਂਦਰੀ ਰਾਜ-ਭਾਗ ਕਾਇਮ ਨਹੀਂ ਸੀ ਹੋ ਸਕਿਆ। ਇਹ ਬੜਾ ਵੱਡਾ ਦੁਖਾਂਤ ਸੀ।

ਫਰਕ ਕੇਵਲ ਇਹ ਸੀ ਕਿ ਹਰ ਸਰਦਾਰ ਸੁਤੰਤਰ ਸੀ। ਜਿਸ ਨੇ ਜਿਹੜਾ ਇਲਾਕਾ ਪਹਿਲੋਂ ਮੱਲ ਲਿਆ, ਉਹੋ ਹੀ ਉਸ ਦਾ ਮਾਲਕ ਹੋ ਗਿਆ। ਇਸ ਗੱਲ



SikhBookClub.Com

ਦੀ ਉਗਾਹੀ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚੋਂ ਵੀ ਮਿਲ ਜਾਂਦੀ ਹੈ—

**ਹਮ ਪਤਿਸ਼ਾਹੀ ਸਤਗੁਰ ਦਈ ਹੰਨੈ ਹੰਨੈ ਲਾਇ।**
**ਜਹਿਂ ਜਹਿਂ ਬਹੈਂ ਜ਼ਮੀਨ ਮੱਲ ਤਹਿਂ ਤਹਿਂ ਤਖ਼ਤ ਬਨਾਇ॥੩੯॥**

*(ਪ੍ਰਾਚੀਨ ਪੰਥ ਪ੍ਰਕਾਸ਼)*

ਹੰਨੇ ਹੰਨੇ ਅਮੀਰੀ ਹੋਣ ਕਰਕੇ ਕੇਂਦਰੀ ਸ਼ਕਤੀ ਕਮਜ਼ੋਰ ਰਹਿ ਜਾਂਦੀ ਹੈ। ਜੇਕਰ ਕਿਧਰੇ 1765 ਵਿਚ ਕੋਈ ਰਣਜੀਤ ਸਿੰਘ ਵਰਗਾ ਸੂਰਬੀਰ ਬਲੀ ਮਿਲ ਜਾਂਦਾ ਤਾਂ ਹਿੰਦੁਸਤਾਨ ਦੇ ਇਤਿਹਾਸ ਵਿਚ ਜਾਂ ਤਾਂ ਅੰਗਰੇਜ਼ਾਂ ਦਾ ਰਾਜ ਹੁੰਦਾ ਹੀ ਨਾ; ਜਾਂ ਕੇਵਲ ਕੁਝ ਸਮੇਂ ਲਈ ਹੁੰਦਾ। ਸਿੱਖ ਕੌਮ ਦਾ ਬੁੱਢਾ ਜਰਨੈਲ ਸ. ਜੱਸਾ ਸਿੰਘ ਆਹਲੂਵਾਲੀਆ 1783 ਵਿਚ ਅਕਾਲ ਚਲਾਣਾ ਕਰ ਗਿਆ। ਸਿੰਘ ਉਸ ਨੂੰ ਪਿਆਰ ਨਾਲ 'ਬਾਦਸ਼ਾਹਿ ਸਿੰਘਾਂ' ਕਿਹਾ ਕਰਦੇ ਸਨ। ਜਿਸ ਸਾਲ ਸ. ਜੱਸਾ ਸਿੰਘ ਆਹਲੂਵਾਲੀਏ ਦਾ ਚਲਾਣਾ ਹੋਇਆ, ਉਸੇ ਸਾਲ ਇਕ ਅੰਗਰੇਜ਼ ਸੈਲਾਨੀ ਮਿਸਟਰ ਫਾਸਟਰ ਪੰਜਾਬ ਵਿਚੋਂ ਲੰਘਿਆ। ਉਸ ਨੇ ਸਿੱਖ ਮਿਸਲਾਂ ਦੀ ਫ਼ੌਜੀ ਗਿਣਤੀ ਦੋ ਲੱਖ ਦਿੱਤੀ। ਉਹ ਲਿਖਦਾ ਹੈ—

> I have little hesitation in saying that the Sicques (Sikhs) would be soon advanced to the first rank amongst the native princes of Hindustan and would become a terror to the surrounding states.

**ਭਾਵ—** ਮੈਨੂੰ ਇਹ ਕਹਿਣ ਵਿਚ ਜ਼ਰਾ ਵੀ ਝਿੱਜਕ ਨਹੀਂ ਕਿ ਸਿੰਘ ਛੇਤੀ ਹੀ ਦੇਸੀ ਰਾਜਿਆਂ ਵਿਚੋਂ ਸਭ ਤੋਂ ਵੱਧ ਸ਼ਕਤੀਸ਼ਾਲੀ ਹੋ ਜਾਣਗੇ ਤੇ ਗੁਆਂਢੀ ਰਾਜਾਂ ਲਈ ਭੈਦਾਇਕ ਸਿੱਧ ਹੋਣਗੇ।

ਡਾਕਟਰ ਗੋਕਲ ਚੰਦ ਨਾਰੰਗ ਨੇ ਆਪਣੀ ਪੁਸਤਕ ' Transformation of Sikhism' ਦੇ ਪੰਨਾ 278 'ਤੇ ਮਿ. ਬ੍ਰਾਊਨ, ਜੇਮਜ਼ ਰੀਨੈਲ, ਥਾਮਸ ਆਦਿ ਦੇ ਹਵਾਲਿਆਂ ਨਾਲ ਖ਼ਾਲਸਾ ਫ਼ੌਜ ਦੇ ਅੰਕੜੇ ਹੇਠ ਲਿਖੇ ਅਨੁਸਾਰ ਦਿੱਤੇ ਹਨ:

> 73 ਹਜ਼ਾਰ ਘੋੜ ਸਵਾਰ ਤੇ 25 ਹਜ਼ਾਰ ਪੈਦਲ (ਬ੍ਰਾਊਨ)।ਜੇਮਜ਼ ਰੀਨੈਲ (ਇਕ ਲੱਖ)।ਜਾਰਜ-ਥਾਮਸ (65 ਹਜ਼ਾਰ)। ਕਰਨਲ ਫਰੈਂਕਲਨ (64 ਹਜ਼ਾਰ)। ਗੁਲਾਮ ਸਰਵਰ (68 ਹਜ਼ਾਰ)। ਇਮਾਮੁਦੀਨ (70 ਹਜ਼ਾਰ)।

ਸ. ਜੱਸਾ ਸਿੰਘ ਆਹਲੂਵਾਲੀਆ ਦੇ ਸੰਖੇਪ ਜੀਵਨ ਉਸ ਦੇ ਕਾਰਨਾਮਿਆਂ ਤੇ ਕੰਮ ਅਤੇ ਪੰਜਾਬ ਲਈ ਕੀਤੀਆਂ ਸੇਵਾਵਾਂ ਦਾ ਸੰਖੇਪ ਵਿਵਰਨ ਪੜ੍ਹਨ ਤੋਂ ਪਿੱਛੋਂ ਨਿਰਸੰਦੇਹ ਅਸੀਂ ਇਸ ਸਿੱਟੇ 'ਤੇ ਪੁੱਜਦੇ ਹਾਂ ਕਿ ਉਹ ਬੜਾ ਸਫਲ ਪ੍ਰਸ਼ਾਸਕ, ਸੂਝਵਾਨ ਆਗੂ ਤੇ ਸੂਰਮਾ ਯੋਧਾ ਸੀ। ਬਾਬਾ ਬੰਦਾ ਸਿੰਘ ਬਹਾਦਰ ਦੇ ਅਕਾਲ ਚਲਾਣੇ ਤੋਂ ਪਿੱਛੋਂ ਸਿੰਘ ਇਕ ਝੰਡੇ ਥੱਲੇ ਸੰਗਠਤ ਨਹੀਂ ਰਹਿ ਸਕੇ ਸਨ



SikhBookClub.Com

ਤੇ ਸਮੇਂ ਦੀ ਸਰਕਾਰ ਉਹਨਾਂ ਦਾ ਖੁਰਾ ਖੋਜ ਮੁਕਾਉਣ 'ਤੇ ਤੁਲੀ ਹੋਈ ਸੀ। ਕੁਝ ਸਮੇਂ ਲਈ ਨਵਾਬ ਕਪੂਰ ਸਿੰਘ ਸਾਹਿਬ ਨੇ 'ਦਲ ਖਾਲਸਾ' ਭਾਵ ਸਮੁੱਚੀ ਕੌਮ ਨੂੰ ਸੰਗਠਤ ਰੱਖਣ ਦੀ ਕੋਸ਼ਿਸ਼ ਕੀਤੀ। ਸਰਬੱਤ ਖ਼ਾਲਸਾ ਭਾਵੇਂ ਉਹਨਾਂ ਦਾ ਅਤਿ ਦਰਜੇ ਦਾ ਸਤਿਕਾਰ ਕਰਦਾ ਸੀ, ਪਰ ਇਹ ਕਾਰਜ ਕੋਈ ਇਤਨਾ ਸੌਖਾ ਨਹੀਂ ਸੀ। ਫੇਰ ਵੀ ਨਵਾਬ ਸਾਹਿਬ ਨੇ ਖ਼ਾਲਸੇ ਨੂੰ ਇਕ ਮੁੱਠ ਰੱਖਣ ਦੇ ਯਤਨ ਕੀਤੇ ਤੇ ਸਿੰਘਾਂ ਦੀ 'ਚੜ੍ਹਦੀ ਕਲਾ' ਨੂੰ ਕਾਇਮ ਰੱਖਿਆ, ਪਰ ਜੋ ਕਾਰਜ ਜਿਸ ਸਫਲਤਾ ਨਾਲ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਕੀਤੇ, ਉਹ ਸੱਚ-ਮੁੱਚ ਇਤਿਹਾਸਕ ਸਨ। ਸ· ਜੱਸਾ ਸਿੰਘ ਆਹਲੂਵਾਲੀਆ ਇਤਨਾ ਸਿਆਣਾ ਲੀਡਰ ਸੀ ਕਿ ਸਮੇਂ ਨਾਲ ਨੀਤੀ ਵਿਚ ਪਰਿਵਰਤਨ ਕਰ ਲੈਂਦਾ ਸੀ ਤੇ ਸਿੰਘਾਂ ਦੀ ਸਫਲਤਾ ਦੇ ਨਿਸ਼ਾਨੇ ਨੂੰ ਕਦੇ ਅੱਖੋਂ ਉਹਲੇ ਨਹੀਂ ਸੀ ਕਰਦਾ। ਲੋੜ ਪੈਣ 'ਤੇ ਉਸ ਦੀਵਾਨ ਕੌੜਾ ਮੱਲ ਦੇ ਕਹਿਣ ਉੱਤੇ ਮੀਰ ਮਨੂੰ ਦੀ ਸਹਾਇਤਾ ਵੀ ਕਰ ਦਿੱਤੀ ਸੀ, ਪਰ ਆਪਣੇ ਮਨੋਰਥ ਵਿਚ ਕੋਈ ਫ਼ਰਕ ਨਹੀਂ ਸੀ ਪੈਣ ਦਿੱਤਾ। ਉਸ ਦੀ ਦਲੇਰੀ ਤੇ ਨਿਰਭੈਤਾ ਵਰਣਨ ਯੋਗ ਸੀ।

ਲੈਪਲ ਗ੍ਰਿਫਨ ਦੇ ਕਥਨ ਅਨੁਸਾਰ:

"ਉਹ ਯੁੱਧ ਦੇ ਮੈਦਾਨ ਦਾ ਸਭ ਤੋਂ ਸਫਲ ਜਰਨੈਲ ਸੀ।"

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਇਕ ਧਰਮਾਤਮਾ ਸਿੰਘ ਸੀ। ਸਰਦਾਰ ਅਮਰ ਸਿੰਘ ਪਟਿਆਲੇ ਵਾਲੇ ਵਰਗੇ ਕਈ ਉੱਘੇ ਸਿੱਖਾਂ ਨੇ ਉਸ ਕੋਲੋਂ ਪਾਹੁਲ ਲਈ ਸੀ। ਪੰਜਾਬ ਦੇ ਇਤਿਹਾਸ ਵਿਚ ਉਸ ਦਾ ਅਸਥਾਨ ਸਭ ਸਰਦਾਰਾਂ ਨਾਲੋਂ ਉੱਚਾ ਸੀ, ਕਿਉਂਕਿ ਉਸ ਨੇ ਉਸ ਵੇਲੇ ਸਿੱਖ ਕੌਮ ਦੀ ਅਗਵਾਈ ਕੀਤੀ ਸੀ ਤੇ ਉਹਨਾਂ ਨੂੰ ਜਥੇਬੰਦ ਰੱਖਿਆ ਸੀ, ਜਦੋਂ ਸਿੱਖਾਂ ਕੋਲ ਰਾਜਸੀ ਸ਼ਕਤੀ ਬਿਲਕੁਲ ਨਹੀਂ ਸੀ ਤੇ ਵੇਲੇ ਦੀ ਸਰਕਾਰ ਉਹਨਾਂ ਦਾ ਖੁਰਾ-ਖੋਜ ਮੁਕਾਉਣ 'ਤੇ ਤੁਲੀ ਹੋਈ ਸੀ।

ਸਰਦਾਰ ਜੱਸਾ ਸਿੰਘ ਆਹਲੂਵਾਲੀਏ ਅੰਦਰ ਧਾਰਮਿਕ ਸਹਿਣ-ਸ਼ੀਲਤਾ ਕੁਟ-ਕੁਟ ਕੇ ਭਰੀ ਹੋਈ ਸੀ। ਉਹ ਇਕ ਸੱਚਾ ਸਿੱਖ ਹੁੰਦਿਆਂ ਹੋਇਆਂ ਦੂਜੇ ਸਭ ਧਰਮਾਂ ਦਾ ਆਦਰ ਸਤਿਕਾਰ ਕਰਦਾ ਸੀ। ਉਹ ਗਊ-ਗਰੀਬ ਦਾ ਰਾਖਾ ਸੀ। ਜਿਥੇ ਉਸ ਨੇ ਹਿੰਦੂ ਧਰਮ ਮੰਦਰਾਂ ਦਾ ਬਚਾਉ ਕੀਤਾ, ਬ੍ਰਾਹਮਣੀ ਤੇ ਹੋਰ ਹਿੰਦੂ ਲੜਕੀਆਂ ਨੂੰ ਜਾਬਰਾਂ ਦੇ ਪੰਜੇ ਵਿਚੋਂ ਛੁਡਾ ਕੇ ਉਹਨਾਂ ਨੂੰ ਇੱਜ਼ਤ ਨਾਲ ਉਹਨਾਂ ਦੇ ਘਰੀਂ ਪੁਚਾਇਆ, ਉਥੇ ਉਸ ਨੇ ਗਊ-ਬੱਧ ਦੀ ਵੀ ਕਰੜਾਈ ਨਾਲ ਰੋਕ ਕੀਤੀ। ਉਸ ਨੇ ਕਸੂਰ ਤੇ ਲਾਹੌਰ ਦੇ ਉਨ੍ਹਾਂ ਬੁੱਚੜਾਂ ਨੂੰ ਦੰਡ ਦਿੱਤਾ; ਜਿਨ੍ਹਾਂ ਦੇ ਖ਼ਿਲਾਫ਼ ਗਊ-ਕਸ਼ੀ ਦੀ ਸ਼ਿਕਾਇਤ ਸੀ।

ਉਹ ਸਭ ਮਾਮਲਿਆਂ ਵਿਚ ਉਦਾਰ-ਚਿੱਤ ਤੇ ਬੜਾ ਦਾਨੀ ਵੀ ਸੀ। ਉਹ ਆਪਣੀ ਨਿੱਜੀ ਦੌਲਤ ਨਾਲ ਲੰਗਰ ਖੋਲ੍ਹਣ ਤੇ ਲੋੜਵੰਦਾਂ ਦੀ ਸਹਾਹਿਤਾ ਕੀਤਾ ਕਰਦਾ ਸੀ। ਉਸ ਨੇ ਕਪੂਰਥਲੇ ਵਿਚ ਇਕ ਪੱਕਾ ਲੰਗਰ ਚਲਾਇਆ ਹੋਇਆ



SikhBookClub.Com

ਸੀ। ਉਸ ਨੇ ਸ੍ਰੀ ਅੰਮ੍ਰਿਤਸਰ ਨੂੰ ਮੁੜ ਕੇ ਵਸਾਉਣ ਵਾਲਾ ਹੀਲਾ ਕੀਤਾ ਤੇ ਸ੍ਰੀ ਅਨੰਦਪੁਰ ਸਾਹਿਬ ਵਿਚ ਇਕ ਸਰੋਵਰ ਵੀ ਬਣਵਾਇਆ।

ਸਰਦਾਰ ਜੱਸਾ ਸਿੰਘ ਦਾ ਆਪਣਾ ਕੋਈ ਪੁੱਤਰ ਨਹੀਂ ਸੀ। ਉਹ ਆਪਣੇ ਆਪ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਪੁੱਤਰ ਸਮਝਦਾ ਸੀ ਤੇ ਸਾਰਾ ਖਾਲਸਾ ਪੰਥ ਉਸ ਦਾ ਆਪਣਾ ਟੱਬਰ ਸੀ। ਅਜਿਹਾ ਸੀ—

'ਬਾਦਸ਼ਾਹਿ ਸਿੰਘਾਂ—ਸਰਦਾਰ ਜੱਸਾ ਸਿੰਘ ਆਹਲੂਵਾਲੀਆ'।



SikhBookClub.Com

# ਅਠ੍ਹਾਰਵੀਂ ਸਦੀ ਦਾ ਸੰਘਰਸ਼ ਅਤੇ ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਆ

*-ਸ. ਦੇਵਿੰਦਰ ਸਿੰਘ ਦੁੱਗਲ*

ਅਠਾਹਰਵੀਂ ਸਦੀ ਦੇ ਦੌਰਾਨ ਜੇ ਕਿਸੇ ਵਿਅਕਤੀ ਨੇ ਖ਼ਾਲਸਾ ਪੰਥ ਦੀ ਸ਼ਕਤੀ ਨੂੰ ਸਫਲਤਾ ਸਹਿਤ ਸੰਗਠਨ ਕਰਨ ਵਿੱਚ ਸਭ ਤੋਂ ਵੱਧ ਯੋਗਦਾਨ ਪਾਇਆ ਤਾਂ ਉਹ ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਸੀ। ਉਹ ਜਿਥੇ ਆਪਣੇ ਸੰਤ ਸੁਭਾਅ ਅਤੇ ਸਿੱਖੀ ਗੁਣਾਂ ਕਾਰਨ ਵਿਸ਼ੇਸ਼ ਸਤਿਕਾਰ ਦਾ ਧਾਰਨੀ ਸੀ, ਉਥੇ ਉਸ ਦੀਆਂ ਯੁੱਧਵੀਰਤਾ ਦੀਆਂ ਯੋਗਤਾਵਾਂ ਵੀ ਲਾਸਾਨੀ ਸਨ। ਜੇ ਉਸ ਦੀ ਮੌਤ ਨਾਲ ਪਿਆ ਖੱਪਾ (ਮਹਾਰਾਜਾ) ਰਣਜੀਤ ਸਿੰਘ ਦੀ ਚੜ੍ਹਤ ਦੁਆਰਾ ਵੇਲੇ ਸਿਰ ਪੂਰਿਆ ਨਾ ਜਾਂਦਾ ਤਾਂ ਇਹ ਸਿੱਖ ਕੌਮ ਲਈ ਇਕ ਨਾ-ਕਾਬਲੇ-ਬਰਦਾਸ਼ਤ ਨੁਕਸਾਨ ਦਾ ਬਾਇਸ ਵੀ ਬਣ ਸਕਦਾ ਸੀ ।

ਲੇਪਲ ਗ੍ਰਿਫਿਨ ਦੇ ਇਹ ਸ਼ਬਦ ਇਸ ਹਕੀਕਤ ਦੀ ਅਕਾਸੀ ਕਰਦੇ ਹਨ ਕਿ ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਇਕ ਸਿਦਕੀ ਸਿੰਘ ਹੋਣ ਦੇ ਨਾਲ-ਨਾਲ ਇਕ ਸ਼ੇਰ-ਦਿਲ ਜਰਨੈਲ ਅਤੇ ਸਫ਼ਲ ਨੀਤੀਵਾਨ ਵੀ ਸੀ। ਉਸ ਦਾ ਜੀਵਨ ਕਾਲ ਖ਼ਾਲਸਾ ਪੰਥ ਦੇ ਇਤਿਹਾਸ ਅਤੇ ਵਿਕਾਸ ਦੇ ਇਕ ਐਸੇ ਪੜਾਅ ਨਾਲ ਸਬੰਧਤ ਹੈ, ਜਦ ਜ਼ੁਲਮ ਦਾ ਇਕ ਅਤਿ ਭਿਆਨਕ ਝੱਖੜ ਇਸ ਦੇ ਸਿਰ 'ਤੇ ਝੂਲ ਰਿਹਾ ਸੀ। ਉਸ ਸਮੇਂ ਰਤਾ ਜਿੰਨੀ ਕਮਜ਼ੋਰੀ ਵੀ ਇਸ ਲਈ ਘਾਤਿਕ ਸਿੱਧ ਹੋ ਸਕਦੀ ਸੀ ਪ੍ਰੰਤੂ, ਚੰਗੇ ਭਾਗਾਂ ਨੂੰ ਉਸ ਬਿਖੜੇ ਸਮੇਂ ਪੰਥ ਨੂੰ ਅਜਿਹੇ ਸਿਦਕੀ ਅਤੇ ਸੂਰਵੀਰ ਸਿੰਘਾਂ ਦੀ ਸਰਪ੍ਰਸਤੀ ਹਾਸਲ ਸੀ, ਜਿਨ੍ਹਾਂ ਨੇ ਵੱਡੇ ਤੋਂ ਵੱਡਾ ਕਸ਼ਟ ਤਾਂ ਸਹਾਰ ਲਿਆ ਪ੍ਰੰਤੂ ਪੰਥ ਦੀ ਚਿੱਟੀ ਦੁੱਧਚਾਦਰ ਤੇ ਛੋਟੇ ਤੋਂ ਛੋਟਾ ਧੱਬਾ ਵੀ ਲੱਗਣ ਨਾ ਦਿੱਤਾ। ਕਥਨੀ ਤੇ ਕਰਨੀ ਦੇ ਅਜਿਹੇ ਸੂਰਮਿਆਂ ਵਿੱਚੋਂ ਹੀ ਸਨ, ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ।

ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਏ ਨੂੰ ਬੜੀ ਕਠਿਨ ਪ੍ਰੀਖਿਆਵਾਂ ਵਿੱਚੋਂ ਲੰਘਣਾ ਪਿਆ ਅਤੇ ਜ਼ਿੰਦਗੀ ਦੇ ਕਈ ਉਤਾਰ-ਚੜ੍ਹਾਅ ਦੇਖਣੇ ਪਏ। ਇਸ ਲਈ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਸਮਕਾਲੀ ਪ੍ਰਸਥਿਤੀਆਂ ਦੇ ਪ੍ਰਸੰਗ ਵਿੱਚ ਹੀ ਜੋਖਿਆ ਜਾ ਸਕਦਾ ਹੈ। ਇਸ ਉਦੇਸ਼ ਲਈ ਉਸ ਸਮੇਂ ਪੰਜਾਬ ਅਤੇ ਪੰਥ ਦੀ ਹਾਲਤ ਦਾ ਜਾਇਜ਼ਾ ਲੈਣਾ ਜ਼ਰੂਰੀ ਹੋ ਜਾਂਦਾ ਹੈ।



SikhBookClub.Com

ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਏ ਦਾ ਜਨਮ ਉਸ ਸਮੇਂ ਹੋਇਆ ਜਦ ਸਿੱਖ ਕੌਮ ਨਿਹਾਇਤ ਹੀ ਨਾਜ਼ਕ ਦੌਰ ਵਿੱਚੋਂ ਲੰਘ ਰਹੀ ਸੀ । ਜੂਨ 1716 ਵਿੱਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਸਾਥੀਆਂ ਦੀ ਸ਼ਹੀਦੀ ਤੋਂ ਬਾਅਦ ਤਾਂ ਇੰਝ ਜਾਪਦਾ ਸੀ ਜਿਵੇਂ ਸਿੱਖ ਕੌਮ ਦਾ ਸੂਰਜ ਸਦਾ ਸਦਾ ਲਈ ਡੁੱਬਣ ਹੀ ਵਾਲਾ ਹੈ । ਇਕ ਪਾਸੇ ਤਾਂ ਫ਼ਰੁੱਖਸੀਅਰ ਨੇ, ਜੋ ਉਸ ਸਮੇਂ ਦਿੱਲੀ ਦਾ ਤਾਜ਼ਦਾਰ ਸੀ, ਇਹ ਹੁਕਮ ਜਾਰੀ ਕਰ ਰੱਖਿਆ ਸੀ ਕਿ 'ਜਿਥੋਂ ਕਿਤੇ ਵੀ ਨਾਨਕ-ਨਾਮ ਲੇਵਾ ਮਿਲਣ ਉਨ੍ਹਾਂ ਨੂੰ ਬਿਨਾਂ ਝਿਜਕ ਮਾਰ ਮੁਕਾਇਆ ਜਾਵੇ' ਅਤੇ ਦੂਜੇ ਪਾਸੇ 'ਤੱਤ ਖ਼ਾਲਸੇ' ਅਤੇ 'ਬੰਦਈ ਖ਼ਾਲਸੇ' ਦੇ ਆਪਸੀ ਮਤਭੇਦਾਂ ਕਾਰਨ ਸਿੱਖ ਕੌਮ ਦੀਆਂ ਸਫਾਂ ਵਿੱਚ ਤਰੇੜਾਂ ਤਿੜਕ ਰਹੀਆਂ ਸਨ । ਉਸ ਸਮੇਂ ਦੀ ਹਾਲਤ ਦਾ ਕੁਝ ਕੁ ਅੰਦਾਜ਼ਾ, ਭਾਈ ਮਨੀ ਸਿੰਘ ਜੀ ਦੀ ਉਸ ਚਿੱਠੀ ਤੋਂ ਲਗਾਇਆ ਜਾ ਸਕਦਾ ਹੈ, ਜੋ ਉਨ੍ਹਾਂ ਨੇ ਅਪ੍ਰੈਲ 1716 ਵਿੱਚ ਮਾਤਾ ਸੁੰਦਰ ਕੌਰ ਜੀ ਵੱਲ ਸ੍ਰੀ ਅੰਮ੍ਰਿਤਸਰ ਤੋਂ ਲਿਖੀ ਸੀ, ਜਿਥੇ ਉਹ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ-ਸੰਭਾਲ ਕਰ ਰਹੇ ਸਨ। ਚਿੱਠੀ ਇਸ ਪ੍ਰਕਾਰ ਹੈ:-

ੴ ਅਕਾਲ ਸਹਾਇ ॥

"ਪੂਜ ਮਾਤਾ ਜੀ ਕੇ ਚਰਨਾ ਪਰ ਮਨੀ ਸਿੰਘ ਕੀ ਡੰਡੋਤ ਬੰਦਨ ਬਹੁਰੋ। ਸਮਾਚਾਰ ਵਾਚਨਾ ਕਿ ਇਧਰ ਆਉਣ ਪਰ ਸਾਡਾ ਸਰੀਰ ਵਾਯੂ ਕਾ ਅਧਿਕ ਵਿਕਾਰੀ ਹੋਇ ਗਿਆ ਹੈ। ਸੁਅਸਤ ਨਾਹੀ ਰਹਿਆ।...... ਦੇਸ ਵਿੱਚ ਖਾਲਸੇ ਕਾ ਬਲ ਛੁਟ ਗਿਆ ਹੈ। ਸਿੰਘ ਪਰਬਤਾਂ ਬਬਾਨਾਂ ਵਿਚ ਜਾਇ ਬਸੇ ਹੈਨ। ਮਲੇਛੋਂ ਕੀ ਦੇਸ ਮੇ ਦੋਹੀ ਹੈ। ਗੁਰੂ ਦਰੋਹੀ ਬੀ ਉਨ੍ਹਾਂ ਦੇ ਸੰਗ ਮਿਲਿ ਗਏ ਹੈਨ। ਮਤਸਦੀ ਭਾਗ ਗਏ ਹੈਨ। ਸਾਡੇ ਪਰ ਅਭੀ ਤੋਂ ਅਕਾਲ ਕੀ ਰਛਾ ਹੈ। ਕਲ ਕੀ ਖਬਰ ਨਾਹੀ ।........."।[1]

ਉਸ ਸਮੇਂ ਪੰਜਾਬ ਦੀ ਸੂਬੇਦਾਰੀ ਅਬਦੁਸਸਮਦ ਖਾਂ ਦੇ ਪਾਸ ਸੀ, ਜੋ ਕੱਟੜ ਪੁਣੇ ਵਿੱਚ ਆਪਣਾ ਸਾਨੀ ਨਹੀਂ ਸੀ ਰੱਖਦਾ । ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੱਖ ਕੌਮ ਦਾ ਕੋਈ ਵੀ ਵਾਲੀ ਵਾਰਸ ਨਜ਼ਰ ਨਾ ਆਉਂਦਾ ਦੇਖ ਕੇ, ਇਸ ਦੀ ਸਮੁੱਚੀ ਹੋਂਦ ਨੂੰ ਮੂਲੋਂ ਹੀ ਮੁਕਾਉਣ ਦੇ ਸਰਕਾਰੀ ਮਨਸੂਬਿਆਂ ਅਨੁਸਾਰ ਅਬਦੁਸ ਸਮਦ ਖਾਂ ਨੇ ਥਾਂ-ਥਾਂ ਗਸ਼ਤੀ ਫ਼ੌਜਾਂ ਲਗਾ ਰੱਖੀਆਂ ਸਨ, ਜੋ ਸਿੱਖਾਂ ਨੂੰ ਚੁਣ-ਚੁਣ ਕੇ ਮਾਰ ਰਹੀਆਂ ਸਨ। ਇਸ ਦੇ ਨਾਲ ਹੀ ਉਸ ਵੱਲੋਂ ਸਿੱਖਾਂ ਨੂੰ ਜ਼ਿੰਦਾ ਜਾਂ ਮੁਰਦਾ ਪਕੜਾਉਣ ਵਾਲਿਆਂ ਲਈ ਇਨਾਮ ਵੀ ਨੀਯਤ ਕਰ ਰੱਖੇ ਸਨ।

ਸਿੱਖਾਂ ਦੀ ਸ਼ਨਾਖਤ ਨੂੰ ਆਸਾਨ ਬਣਾਉਣ ਲਈ ਸਰਕਾਰ ਵੱਲੋਂ ਇਹ ਹੁਕਮ ਵੀ ਜਾਰੀ ਕੀਤਾ ਹੋਇਆ ਸੀ ਕਿ ਸਭ ਹਿੰਦੂ ਤੇ ਮੁਸਲਮਾਨ ਆਪੋ-ਆਪਣੇ ਦਾਹੜੀ ਕੇਸ ਮੁਨਵਾ ਕੇ ਰੱਖਣ। ਹੁਣ ਪੱਤਾ-ਪੱਤਾ ਤੇ ਜ਼ਰਾ-ਜ਼ਰਾ ਸਿੱਖਾਂ ਦਾ ਵੈਰੀ ਸੀ। ਗਸ਼ਤੀ ਦਸਤੇ ਸਿੱਖਾਂ ਦੇ ਸਿਰਾਂ ਦੇ ਸ਼ਿਕਾਰ ਲਈ ਜਗ੍ਹਾ-ਜਗ੍ਹਾ



SikhBookClub.Com

ਉਨ੍ਹਾਂ ਦੀ ਤਲਾਸ਼ ਵਿੱਚ ਰਹਿੰਦੇ ਸਨ। ਸਿੰਘਾਂ ਦੀਆਂ ਢਾਣੀਆਂ ਦੀਆਂ ਢਾਣੀਆਂ ਪਿੰਡਾਂ ਅਤੇ ਸ਼ਹਿਰਾਂ ਵਿੱਚੋਂ ਫੜ-ਫੜ ਕੇ ਲਾਹੌਰ ਲਿਆਂਦੀਆਂ ਜਾਂਦੀਆਂ ਸਨ, ਜਿਥੇ ਉਨ੍ਹਾਂ ਨੂੰ ਦਿੱਲੀ ਦਰਵਾਜ਼ੇ ਦੇ ਬਾਹਰ ਇਕ ਅਸਥਾਨ 'ਤੇ ਜੋ 'ਨਖਾਸ' ਦੇ ਨਾਂ ਨਾਲ ਜਾਣਿਆ ਜਾਂਦਾ ਸੀ, ਤਰ੍ਹਾਂ ਤਰ੍ਹਾਂ ਦੇ ਤਸੀਹੇ ਦੇ ਕੇ ਮਾਰ ਮੁਕਾਇਆ ਜਾਂਦਾ ਸੀ। ਇਹ ਥਾਂ ਹੁਣ 'ਸ਼ਹੀਦ ਗੰਜ' ਦੇ ਨਾਂ ਨਾਲ ਪ੍ਰਸਿੱਧ ਹੈ।[2]

ਉਸ ਸਮੇਂ ਸਿੱਖਾਂ ਦਾ ਵਿਰੋਧ ਕੇਵਲ ਮੁਸਲਮਾਨਾਂ ਵੱਲੋਂ ਹੀ ਨਹੀਂ ਕੀਤਾ ਜਾਂਦਾ। ਸਗੋਂ, ਹਿੰਦੂ ਵੀ ਸਿੱਖਾਂ ਵਿਰੁੱਧ ਸਾਜ਼ਿਸ਼ਾਂ ਅਤੇ ਮੁਖਬਰੀਆਂ ਵਿੱਚ ਸ਼ਰੀਕ ਸਨ। ਕਈ ਹਿੰਦੂ ਤਾਂ ਆਪਣੀਆਂ ਹੀ ਜਨਾਨੀਆਂ ਦੇ ਲੰਬੇ-ਲੰਬੇ ਵਾਲ ਕੱਟ ਕੱਟ ਕੇ ਉਨ੍ਹਾਂ ਨੂੰ ਸਿੱਖਾਂ ਦੇ ਵਾਲ ਜ਼ਾਹਿਰ ਕਰ ਕੇ ਇਨਾਮ ਵਸੂਲ ਕਰ ਰਹੇ ਸਨ।[3] ਇਨ੍ਹਾਂ ਦੇ ਮੁੱਖ ਚੌਧਰੀ ਮੁਖਬਰੀਆਂ ਕਰ-ਕਰ ਸਿੰਘਾਂ ਨੂੰ ਫੜਵਾਉਣ ਵਿੱਚ ਮਸਰੂਫ਼ ਸਨ। ਅੰਮ੍ਰਿਤਸਰ ਦੁਆਲੇ ਸਿੰਘਾਂ ਦਾ ਖੁਰਾ-ਖੋਜ ਮਿਟਾਉਣ ਲਈ ਛੀਨਿਆਂ ਦੇ ਚੌਧਰੀ ਕਰਮੇ, ਤਲਵੰਡੀ ਦੇ ਚੌਧਰੀ ਰਾਮੇ ਰੰਧਾਵੇ, ਜੰਡਿਆਲੇ ਦੇ ਚੌਧਰੀ ਸਰਨਦਾਸ ਹੰਦਾਲੀਏ, ਹਰਿ ਭਗਤ ਨਿਰੰਜਨੀਏ, ਨੁਸ਼ਹਿਰੇ ਦੇ ਚੌਧਰੀ ਸਾਹਿਬ ਰਾਏ ਅਤੇ ਚੌਧਰੀ ਧਰਮ ਦਾਸ ਟੋਪੀ ਵਾਲੇ ਨੇ ਘੇਰਾ ਘੱਤਿਆ ਹੋਇਆ ਸੀ। ਗਰੀਬ ਸਿੱਖਾਂ ਦੀਆਂ ਖੇਤੀਆਂ ਉਜਾੜ ਦੇਣੀਆਂ, ਡੰਗਰ ਚੋਰੀ ਕਰਾ ਦੇਣੇ ਤੇ ਉਨ੍ਹਾਂ ਦੇ ਪਰਿਵਾਰ ਨੂੰ ਤਰ੍ਹਾਂ-ਤਰ੍ਹਾਂ ਤੰਗ ਕਰਨਾ ਇਨ੍ਹਾਂ ਝੋਲੀ ਚੁਕਾਂ ਦਾ ਆਮ ਪੇਸ਼ਾ ਸੀ।[4] ਉਸ ਸਮੇਂ ਦੇ ਹਿੰਦੂ ਚਲਨ ਦਾ ਸਿੱਖ ਕੌਮ ਪ੍ਰਤੀ ਜ਼ਿਕਰ ਕਰਦੇ ਹੋਏ ਸਾਧੂ ਗੋਬਿੰਦ ਸਿੰਘ ਲਿਖਦਾ ਹੈ ਕਿ:-

> "ਹਿੰਦੂ ਲੋਗ ਜਿਨ ਕੀ ਰੱਖਯਾ ਕੇ ਲੀਏ ਸਿੱਖ ਜਾਤੀ ਅਪਨੇ ਹਾਲ ਸੇ ਬੇਹਾਲ ਹੂਹੀ ਫਿਰਤੀ ਥੀ ਵਹੁ ਭੀ ਇਕ ਵਾਰਗੀ ਸਿੱਖੋਂ ਕੇ ਸ਼ਤਰੂ ਬਨ ਗਏ ਥੇ। ਕਿਸੀ ਹਿੰਦੂ ਕੇ ਮੁਖ ਸੇ ਯਿਹ ਨਹੀਂ ਨਿਕਲਤਾ ਥਾ ਕਿ ਯਿਹ ਸਿੰਘ ਗਰਾਮ ਮੇ ਬੈਠਾ ਰਹੇ । ਕਿੰਤੂ ਯਹੀ ਕਹਤੇ ਥੇ ਨਿਕਾਲੋ ਨਿਕਾਲੋ ਇਨ ਕੋ, ਅਨਥਾ ਹਮ ਲੋਗੋ ਕੇ ਬਾਦਸ਼ਾਹੀ ਦੰਡ ਸਹਿਨ ਕਰਨਾ ਪੜੇਗਾ। ਉਨ ਹੀ ਮੇ ਸੈਂਕੜੇ ਹਿੰਦੂ ਮੁਸਲਮਾਨੋਂ ਨੇ ਗਰੀਬ ਸਿੱਖ, ਜੋ ਕਿ ਆਪਣੇ ਖੇਤ ਜੋਤ ਕਰ ਨਿਰਬਾਹ ਕੀਆ ਕਰਤੇ ਥੇ ਪਕੜਵਾ ਪਕੜਵਾ ਕਰ ਇਨਾਮ ਹਾਸਲ ਕੀਏ।"[5]

ਇਨ੍ਹਾਂ ਹਾਲਤਾਂ ਦੇ ਸਬੰਧ ਵਿੱਚ ਚੇਤੇ ਰੱਖਣ ਦੀ ਜ਼ਰੂਰਤ ਹੈ ਕਿ ਸਿੱਖ ਕੌਮ ਵਿਰੁੱਧ ਇਹ ਦਮਨਚੱਕਰ ਕੋਈ ਦੋ ਚਾਰ ਜਾਂ ਪੰਜ ਦਸ ਸਾਲ ਨਹੀਂ ਚੱਲਿਆ ਸਗੋਂ ਤਕਰੀਬਨ ਪੂਰੀ ਪੌਣੀ ਸਦੀ ਤਕ ਨਿਰੰਤਰ ਚੱਲਦਾ ਹੀ ਰਿਹਾ ਅਤੇ ਇਸ ਕੌਮ ਦੀ ਧੌਣ 'ਤੇ ਤਣੀ ਤਲਵਾਰ ਦੀ ਧਾਰ ਤੇਜ਼ ਤੋਂ ਤੇਜ਼ ਤਰ ਹੀ ਹੁੰਦੀ ਚੱਲਦੀ ਗਈ। ਭਾਵੇਂ ਸਮੁੰਦ ਖਾਨ ਸੀ ਜਾਂ ਜ਼ਕਰੀਆ ਖਾਨ. ਯਾਹੀਆ ਖਾਨ ਸੀ ਜਾਂ ਮੀਰ ਮੰਨੂੰ, ਲਖਪਤ ਰਾਏ ਸੀ ਜਾਂ ਲਛਮੀ ਨਰਾਇਣ, ਨਾਦਰ ਸੀ ਜਾਂ ਅਬਦਾਲੀ ਹਰ ਇਕ ਦਾ ਨਿਸ਼ਾਨਾ ਇੱਕੋ ਹੀ ਸੀ ਕਿ ਕਿਸੀ ਤਰ੍ਹਾਂ ਸਿੱਖ ਕੌਮ ਦਾ ਖੁਰਾ-ਖੋਜ



SikhBookClub.Com

ਮਿਟਾ ਦਿੱਤਾ ਜਾਵੇ। ਇਸ ਉਦੇਸ਼ ਲਈ ਕੋਈ ਐਸਾ ਜ਼ੁਲਮ ਨਹੀਂ ਸੀ, ਜੋ ਸਿੱਖ ਕੌਮ 'ਤੇ ਉਸ ਸਮੇਂ ਨਾ ਗਿਆ ਹੋਵੇ।

**ਕਈ ਚਰਖ ਕਈ ਫਾਂਸੀ ਮਾਰੇ।**
**ਕਈ ਤੋਪਨ ਕਈ ਛੂਟੀ ਕਟਾਰੇ।**
**ਕਈਅਨ ਕੈ ਸਿਰ ਮੁੰਗਲੀਂ ਕੁਟੇ।**
**ਕਈ ਡੋਬੇ ਕਈ ਘਸੀਟ ਸੁ ਸੁਟੇ॥੩॥**
**ਦੱਬੇ ਟੰਗੇ ਬੰਦੂਖਨ ਦਏ ਮਾਰ।**
**ਕੌਨ ਗਨੇ ਜੋ ਮਾਰੇ ਹਜ਼ਾਰ।**
**ਪਾਂਤ ਪਾਂਤ ਕਈ ਪਕੜ ਬਹਾਏ।**
**ਸਾਥ ਤੇਗਨ ਕੇ ਸੀਸ ਉਡਵਾਏ॥੪॥**
**ਕਿਸੇ ਹੱਥ ਕਿਸੈ ਟੰਗ ਕਟਵਾਇ।**
**ਅੱਖ ਕੱਢ ਕਿਸੈ ਖਲ ਕਢਵਾਇ।**
**ਕੇਸਨ ਵਾਲੇ ਜੋ ਨਰ ਹੋਈ।**
**ਬਾਲ ਬਿਰਧ ਲਭ, ਛਡੈ ਨ ਕੋਈ॥੫॥**

*(ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੨੨੮)*

ਇਕ ਅੰਦਾਜ਼ੇ ਅਨੁਸਾਰ ਕੇਵਲ ਦੋ ਹਜ਼ਾਰ ਸਿੰਘ ਹੀ ਉੱਤਰੀ ਪੰਜਾਬ ਦੀਆਂ ਪਹਾੜੀਆਂ ਦੇ ਦੂਰ-ਦੁਰਾਡੇ ਇਲਾਕਿਆਂ ਵੱਲ ਜਾਂ ਦੱਖਣੀ ਪੰਜਾਬ ਦੇ ਮਾਲਵੇ ਦੇ ਥਲਾਂ ਵੱਲ ਬਚ ਨਿਕਲਣ ਵਿੱਚ ਸਫਲ ਹੋ ਸਕੇ ਸਨ। ਇਹ ਬਚੇ-ਖੁਚੇ ਸਿੰਘ ਪੰਜ-ਪੰਜ, ਦਸ-ਦਸ ਦੀਆਂ ਟੋਲੀਆਂ ਵਿੱਚ ਖਿੰਡੇ-ਪੁੰਡੇ ਹੋਏ ਜ਼ਿੰਦਗੀ ਅਤੇ ਮੌਤ ਦੀ ਜੱਦੋ-ਜਹਿਦ ਵਿੱਚ ਜੂਝ ਰਹੇ ਸਨ।[6]

ਜ਼ਾਹਿਰ ਹੈ ਕਿ ਸਿੰਘਾਂ ਲਈ ਇਹ ਅਤਿ ਬਿਪਤਾ ਦਾ ਸਮਾਂ ਸੀ ਨਾ ਕੋਈ ਉਨ੍ਹਾਂ ਦਾ ਟਿਕਾਣਾ ਸੀ ਨਾ ਟੇਕ ਅਤੇ ਨਾ ਹੀ ਰੋਟੀ-ਟੁੱਕ ਦਾ ਪ੍ਰਬੰਧ। ਮਿਲ ਜਾਣ ਤੇ ਜੰਗਲ ਦੇ ਫਲ-ਫੁੱਲ ਖਾ ਕੇ ਡੰਗ ਟਪਾ ਲੈਂਦੇ, ਨਹੀਂ ਤਾਂ ਲੰਗਰ ਮਸਤ ਹੀ ਰਹਿੰਦਾ। ਇਕ ਬੰਨੇ ਵੈਰੀ ਦਾ ਸਾਏ ਵਾਂਗ ਉਨ੍ਹਾਂ ਦਾ ਪਿੱਛਾ ਕਰਨਾ ਅਤੇ ਦੂਜੇ ਬੰਨੇ ਭੁੱਖ ਅਤੇ ਬੇ-ਸਰੋ-ਸਾਮਾਨੀ।

**ਅਧੀ ਮੌਤ ਮੁਸਾਫਰੀ,**
**ਅਧੀ ਮੌਤ ਸੁ ਭੁਖ।**
**ਊਹਾ ਆਇ ਦੋਊ ਮਿਲੀ,**
**ਯਹਿ ਭਯੋ ਖ਼ਾਲਸੇ ਦੁਖ।**

ਭਾਈ ਰਤਨ ਸਿੰਘ ਭੰਗੂ ਦੇ ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਇਹ ਸ਼ਬਦ ਉਸ ਸਮੇਂ ਦੇ ਸਿੱਖਾਂ ਦੀ ਹਾਲਤ ਦਾ ਕੁਝ ਕੁ ਪ੍ਰੀਚੈ ਕਰਾਉਂਦੇ ਹਨ। ਉਸ ਸਮੇਂ ਸਿੱਖ ਸਜਣਾ ਤਾਂ ਆਪਣੀ ਮੌਤ ਨੂੰ ਆਪ ਸਦਾ ਦੇਣ ਸਮਾਨ ਸੀ।



SikhBookClub.Com

ਪ੍ਰੰਤੂ, ਧੰਨ ਸਨ ਉਹ ਸਿੰਘ ਜਿਨ੍ਹਾਂ ਨੇ ਇਸ ਸੰਕਟ ਸਮੇਂ ਵੀ ਨਾ ਸਿਰਫ ਸਿੱਖੀ ਸਿਦਕ ਨਹੀਂ ਹਾਰਿਆ ਸਗੋਂ ਹਮੇਸ਼ਾਂ ਚੜ੍ਹਦੀਆਂ ਕਲਾਂ ਵਿੱਚ ਹੀ ਰਹੇ।

ਮੈਲਕਮ ਮੁਤਾਬਿਕ ਇਸ ਭਿਆਨਕ ਸਮੇਂ ਸਿੱਖ ਕੌਮ ਨੇ ਜਿਤਨੀਆਂ ਜ਼ਿਆਦਾ ਸੱਟਾਂ ਖਾਧੀਆਂ ਉਤਨੀ ਹੀ ਜ਼ਿਆਦਾ ਉਹ ਉਤਾਂਹ ਨੂੰ ਉੱਠੀ।

ਪੰਜਾਬ ਦੀ ਖੇਲ ਭੂਮੀ ਵਿੱਚ ਉਸ ਸਮੇਂ ਬੀਰ ਸਿੰਘਾਂ ਦੀ ਕੌਮ ਉਸ ਖਿੱਦੋਂ ਵਾਂਗ ਸੀ, ਜਿਸ ਨੂੰ ਸਭ ਪਾਸਿਉਂ ਠੁੱਡੇ ਪੈ ਰਹੇ ਸਨ, ਪਰ ਉਹ ਹਮੇਸ਼ਾਂ ਅਸਮਾਨ ਵੱਲ ਨੂੰ ਉਠਦੀ ਜਾ ਰਹੀ ਸੀ।[7] ਉਸ ਸਮੇਂ ਬੇਲਿਆਂ ਬਬਾਨਾਂ ਅਤੇ ਖੋਲਿਆਂ ਖੱਡਾਂ ਵਿੱਚ ਬੈਠੇ ਭੁੱਖੇ-ਭਾਣੇ ਸਿੰਘਾਂ ਦੇ ਬੋਲੇ, ਉਨ੍ਹਾਂ ਦੀ ਉੱਚ ਆਤਮਿਕ ਅਵਸਥਾ ਅਤੇ ਅਜਿੱਤ ਮਨੋਂ ਬਿਰਤੀ ਦੀ ਅਕਾਸੀ ਕਰਦੇ ਹਨ। ਵੱਡੀ ਤੋਂ ਵੱਡੀ ਔਕੜ ਨੂੰ ਉਹ ਤੁੱਛ ਸਮਝਦੇ ਸਨ ਅਤੇ ਬੇ-ਸਰੋ-ਸਾਮਾਨੀ ਦੀ ਹਾਲਤ ਵਿੱਚ ਵੀ 'ਰਾਜ ਕਰੇਗਾ ਖ਼ਾਲਸਾ' ਦੀਆਂ ਗੂੰਜਾਂ ਦੁਆਰਾ ਪਾਤਸ਼ਾਹੀ ਦਾ ਦਾਹਵਾ ਰੱਖਦੇ ਸਨ।

ਭਾਈ ਬੋਤਾ ਸਿੰਘ ਅਤੇ ਭਾਈ ਗਰਜਾ ਸਿੰਘ ਦੇ ਕੰਨਾਂ ਵਿੱਚ ਇਤਨੇ ਕੁ ਸ਼ਬਦ ਪਏ ਸਨ, ਇਹ ਸਿੰਘ ਨਹੀਂ ਹੋ ਸਕਦੇ, ਸਿੰਘ ਤਾਂ ਮਾਰ ਮੁਕਾਏ ਜਾ ਚੁੱਕੇ ਹਨ। ਕਿ ਦੋਹਾਂ ਸਿੰਘਾਂ ਨੇ ਸੜਕ ਵਿੱਚ ਰੋਕ ਲਗਾ ਟੈਕਸ ਵਸੂਲ ਕਰਨਾ ਸ਼ੁਰੂ ਕਰ ਦਿੱਤਾ ਅਤੇ ਲਾਹੌਰ ਸੂਬੇ ਨੂੰ ਚਿੱਠੀ ਲਿਖੀ:-

**ਚਿਠੀ ਸੁਣਹੋ ਖਾਨੁ ਕੋਤਾ।**
**ਆਨਾ ਗਡਾ ਪੈਸਾ ਖੋਤਾ।**
**ਇਹ ਜਗਾਤ ਲੇਤ ਸਿੰਘ ਬੋਤਾ।**
**ਹਥ ਮਹਿ ਰਾਖਤ ਸੋਟਾ ਮੋਟਾ।**
**ਤੇਰਾ ਆਕਬਤ ਕਰੇ ਹੈ ਖੋਟਾ।**
**ਮੇਰਾ ਕਹੀਂ ਸੁਨੇਹਾ ਜਾਇ।**
**ਭਾਬੀ ਖਾਨੋ ਨੂੰ ਸਮਝਾਇ।**
**ਤੇਰਾ ਯਾਰ ਸਿੰਘ ਜੋ ਬੋਤਾ।**
**ਤੈਨੂੰ ਰਿਹਾ ਉਡੀਕ ਖਲੋਤਾ।**
**ਆਇ ਸਰਾਇ ਨੂਰ ਦੀ ਪਾਸ।**
**ਤੂੰ ਜੋਤਾ ਲਗਾਵਾ ਲੈ ਖਾਸ।**

*(ਪੰਥ ਪ੍ਰਕਾਸ਼, ਗਿਆਨੀ ਗਿਆਨ ਸਿੰਘ)*

ਇਹ ਦੋਵੇਂ ਸਿੰਘ ਭਲੀ ਪ੍ਰਕਾਰ ਜਾਣਦੇ ਸਨ ਕਿ ਉਨ੍ਹਾਂ ਦੀ ਸ਼ਹੀਦੀ ਅਵੱਸ਼ ਹੈ, ਪਰੰਤੂ, ਉਹ ਆਪਣੇ ਕੰਨਾਂ ਵਿੱਚ ਪਏ ਲਫ਼ਜਾਂ ਦੁਆਰਾ ਸਿੱਖ ਕੌਮ ਨੂੰ ਪਈ ਵੰਗਾਰ ਨੂੰ ਅਣਡਿੱਠ ਨਹੀਂ ਸਨ ਕਰ ਸਕਦੇ। ਉਨ੍ਹਾਂ ਦੀ ਸ਼ਹੀਦੀ ਸਮੁੱਚੀ ਕੌਮ ਦੇ ਉਸ ਸਮੇਂ ਦੇ ਜਜ਼ਬਾਤ ਦੀ ਤਰਜ਼ਮਾਨੀ ਕਰਦੀ ਹੈ। ਮੌਤ ਦਾ ਡਰ ਤਾਂ ਸਮੇਂ ਦੇ ਸਿੰਘਾਂ ਦੇ ਨੇੜੇ ਨਹੀਂ ਫਟਕ ਸਕਦਾ। ਜਦ ਮੀਰ ਮੰਨੂ ਉਨ੍ਹਾਂ ਦੇ ਬੱਚਿਆਂ ਦੇ



SikhBookClub.Com

ਡੱਕਰੇ ਕਰ ਕਰ ਉਨ੍ਹਾਂ ਦੀਆਂ ਮਾਵਾਂ ਦੀ ਝੋਲੀ ਪਾ ਰਿਹਾ ਸੀ ਤਾਂ ਉਸ ਸਮੇਂ ਵੀ ਸਿੰਘ ਗਾ ਰਹੇ ਸਨ:-

*ਮੰਨੂ ਅਸਾਡੀ ਦਾੜ੍ਹੀ,*
*ਅਸੀਂ ਮੰਨੂ ਦੇ ਸੋਏ ।*
*ਜਿਉਂ ਜਿਉਂ ਮੰਨੂ ਵਢਦਾ,*
*ਅਸੀਂ ਦੂਣ ਸਵਾਏ ਹੋਏ ।*

*(ਇਬਰਤ ਨਾਮਾ, ਅਲਾਉਦੀਨ)*

ਇਸ ਪ੍ਰਕਾਰ ਜਦ ਬਾਪ-ਬੇਟੇ ਦੀ ਸ਼ਹੀਦੀ ਸਮੇਂ ਕੁਝ ਨਿਕਟ ਵਰਤੀਆਂ ਨੇ ਭਾਈ ਸੁਬੇਗ ਸਿੰਘ ਨੂੰ ਸਲਾਹ ਦਿੱਤੀ ਕਿ ਤੁਸੀਂ ਆਪਣੇ ਬੱਚੇ ਨੂੰ ਬਚਾ ਕੇ ਨਿਸ਼ਾਨੀ ਬਚਾ ਲਉ ਤਾਂ ਭਾਈ ਸਾਹਿਬ ਨੇ ਉੱਤਰ ਦਿੱਤਾ ਸੀ:-

**ਸਿੱਖਨ ਕਾਜ ਸੁ ਗੁਰੂ ਹਮਾਰੇ।**
**ਸੀਸ ਦੀਓ ਨਿਜ ਸਨ ਪਰਵਾਰੇ ॥੨੭॥**
**ਹਮ ਕਾਰਨ ਗੁਰ ਕੁਲਹਿ ਗਵਾਈ ।**
**ਹਮ ਕੁਲ ਰਾਖੇ ਕੌਣ ਬਡਾਈ ॥੨੮॥**

*(੨੬੫)*

ਦੋਵੇਂ ਪਿਉ-ਪੁੱਤ ਚਰਖੜੀ ਤਾਂ ਚੜ੍ਹ ਗਏ, ਪ੍ਰੰਤੂ ਸਿੱਖ ਕੌਮ ਵਿੱਚ ਇਕ ਨਵਾਂ ਜੋਸ਼ ਅਤੇ ਨਵੀਂ ਜ਼ਿੰਦਗੀ ਭਰ ਗਏ।

ਜ਼ਾਹਿਰ ਹੈ ਕਿ ਇਸ ਸਮੇਂ ਮੌਤ ਦਾ ਡਰ ਜਾਂ ਦੁਖ ਤਕਲੀਫਾਂ ਦਾ ਭੈਅ ਸਿੱਖ ਕੌਮ ਨੂੰ ਮੂਲੋਂ ਹੀ ਛੋਹ ਤਕ ਨਹੀਂ ਸਕਦਾ। ਮੌਤ ਨੂੰ ਤਾਂ ਉਹ 'ਅਗਲੀ ਦੁਨੀਆਂ ਵੱਲ ਚੜ੍ਹਾਈ ਕਿਹਾ ਕਰਦੇ ਸਨ, ਦੰਡ ਜ਼ੁਰਮਾਨੇ ਨੂੰ 'ਤਨਖ਼ਾਹ' ਅਤੇ ਚੱਕੀ ਪੀਹਣ ਨੂੰ ਫਿਰਨੀ ਦੀ ਸਵਾਰੀ'[8] ਇਨ੍ਹਾਂ ਨਿਹੰਗ-ਸਿੰਘੀ ਬੋਲਿਆਂ ਨੇ ਉਸ ਬਿਖੜੇ ਸਮੇਂ ਸਿੰਘਾਂ ਨੂੰ ਕਿਵੇਂ ਹੁਲਾਰੇ ਵਿੱਚ ਰੱਖਿਆ ਅਤੇ ਨਿਤ ਨਵੀਆਂ ਮੁਸੀਬਤਾਂ ਅਤੇ ਮੁੜ-ਮੁੜ ਆਏ ਦੁੱਖਾਂ ਦੇ ਝੱਖੜਾਂ ਨੂੰ ਉਨ੍ਹਾਂ ਨੇ ਕਿਸ ਖਿੜੇ ਮੱਥੇ ਅਤੇ ਅਡੋਲ ਚਿਤ ਸਹਿ ਲਿਆ, ਇਨ੍ਹਾਂ ਉਨ੍ਹਾਂ ਗੁਰੂ ਚਰਨਾਂ ਦੇ ਭੌਰੇ, ਵਾਹਿਗੁਰੂ ਦੇ ਅਟਲ ਵਿਸ਼ਵਾਸੀ ਨਿਰਮਲ-ਬੁੱਧ ਅਤੇ ਉੱਜਲ-ਦੀਦਾਰ ਸਿੰਘਾਂ ਦੇ ਗੁਰੂ ਪਰ ਭਰੋਸੇ ਅਤੇ ਕੌਮੀ ਅਜ਼ਾਦੀ ਲਈ ਅਥਾਹ ਤੜਪ ਅਤੇ ਉਤਸ਼ਾਹ ਦਾ ਕ੍ਰਿਸ਼ਮਾ ਸੀ, ਜਿਸ ਦੇ ਬਲ-ਬੂਤੇ ਉਨ੍ਹਾਂ ਦੇ ਹਸੂੰ-ਹਸੂੰ ਕਰਦਿਆਂ ਕੁਰਬਾਨੀਆਂ ਕੀਤੀਆਂ। ਧਰਮ ਨਹੀਂ ਹਾਰਿਆ ਅੱਗੋਂ ਬੇ-ਘਰ ਅਤੇ ਬੇ-ਆਸਰੇ ਖੇਰੂੰ-ਖੇਰੂੰ ਹੋ ਚੁੱਕੀ ਕੌਮ ਨੂੰ ਨਾ ਸਿਰਫ ਹੌਂਸਲਾ ਹੀ ਨਾ ਹਾਰਨ ਦਿੱਤਾ, ਸਗੋਂ ਮੁੜ ਜਥੇਬੰਦ ਕੀਤਾ, ਜਥੇ ਸਾਜੇ, ਮਿਸਲਾਂ ਦੀ ਵਿਉਂਤ ਬਣਾਈ ਅਤੇ ਮੁਗ਼ਲ ਅਤੇ ਅਫ਼ਗਾਨ ਸਾਮਰਾਜ ਨਾਲ ਇਕ ਅਤਿ ਭਿਆਨਕ ਲੰਬੀ ਟੱਕਰ ਤੋਂ ਬਾਅਦ ਸਿਰੀ ਸਾਹਿਬ ਦੀ ਸਹਾਇਤਾ ਨਾਲ ਪੰਜਾਬ ਅਤੇ ਪੰਥ ਨੂੰ ਆਜ਼ਾਦ ਕਰਵਾਇਆ। ਡਾਕਟਰ ਹਰੀ ਰਾਮ ਗੁਪਤਾ ਅਨੁਸਾਰ:-



SikhBookClub.Com

"ਇਸ ਔਖੇ ਸਮੇਂ ਉਨ੍ਹਾਂ ਦੀ ਪੁੰਗਰਦੀ ਸਪਿਰਟ, ਆਜ਼ਾਦੀ ਹਾਸਲ ਕਰਨ ਲਈ ਜ਼ਬਰਦਸਤ ਜੋਸ਼, ਸਾਂਝੀਆਂ ਤਕਲੀਫਾਂ, ਸਾਂਝੇ ਦੁਖ ਦਰਦ, ਸਾਂਝੇ ਆਦਰਸ਼ ਅਤੇ ਪੂਰਨ ਭੁੱਖ ਨੰਗ ਨਾਲ ਪੱਕੇ ਹੋਏ ਭਾਈਚਾਰੇ ਨੇ ਸਿੱਖਾਂ ਨੂੰ ਚੜ੍ਹਦੀਆਂ ਕਲਾਂ ਵਿੱਚ ਰੱਖਿਆ।"[9]

ਪ੍ਰੰਤੂ, ਇਨ੍ਹਾ ਗੁਣਾਂ ਤੋਂ ਇਲਾਵਾ ਜੋ ਇਕ ਹੋਰ ਗੁਣ ਉਸ ਸਮੇਂ ਦੇ ਸਿੱਖੀ ਕਿਰਦਾਰ ਬਾਰੇ ਵਿਸ਼ੇਸ਼ ਮਹੱਤਤਾ ਦਾ ਧਾਰਨੀ ਹੈ, ਉਹ ਇਹ ਹੈ ਕਿ ਜੋ ਕੌਮਾਂ ਸਿੰਘਾਂ ਉਤੇ ਉਸ ਸਮੇਂ ਬੇਪਨਾਹ ਜ਼ੁਲਮ ਢਾਹ ਰਹੀਆਂ ਸਨ, ਸਿੰਘਾਂ ਨੇ ਉਨ੍ਹਾਂ ਪ੍ਰਤੀ ਵੀ ਆਪਣੇ ਹਿਰਦੇ ਦੀਆਂ ਡੂੰਘਿਆਈਆਂ ਵਿੱਚ ਨਫ਼ਰਤ ਜਾਂ ਬਦਲੇ ਦੀ ਕਿਸੀ ਭਾਵਨਾ ਨੂੰ ਪੁੰਗਰਨ ਨਹੀਂ ਦਿੱਤਾ ਅਤੇ ਸਮਕਾਲੀ ਇਤਿਹਾਸ ਦੇ ਪੰਨੇ ਇਸ ਦੀ ਭਰਪੂਰ ਗਵਾਹੀ ਭਰਦੇ ਹਨ। ਮਿਸਾਲ ਵਜੋਂ 10 ਦਸੰਬਰ 1710 ਨੂੰ ਬਹਾਦਰ, ਸ਼ਾਹ ਜ਼ਫਰ ਨੇ ਇਕ ਸ਼ਾਹੀ ਫੁਰਮਾਨ ਜਾਰੀ ਕੀਤਾ ਕਿ:-

*'ਨਾਨਕ ਪਰਸਤਾਂ ਰਾ ਹਰ ਜਾ ਕਿ,*
*ਬਿਆਬੰਦ ਬਾ ਕਤਲ ਰਸਾਨੰਦ ।'*

*(ਅਖਬਾਰ ਦਰਬਾਰਿ ਮੁਅਲਾ)*

ਪ੍ਰੰਤੂ ਕੇਵਲ 4 ਕੁ ਮਹੀਨੇ ਦੇ ਅੰਦਰ-ਅੰਦਰ ਸਰਹੰਦ ਜ਼ੇਰ ਕਰਨ ਉਪਰੰਤ ਪੰਜਾਬ ਦੇ ਬਹੁਤ ਵੱਡੇ ਹਿੱਸੇ 'ਤੇ ਕਬਜ਼ਾ ਕਰਨ ਤੋਂ ਬਾਅਦ ਬੰਦਾ ਸਿੰਘ ਬਹਾਦਰ ਨੇ 7 ਅਪ੍ਰੈਲ, 1711 ਈ. ਨੂੰ ਜੋ ਫੁਰਮਾਨ ਜਾਰੀ ਕੀਤਾ ਉਸ ਵਿੱਚ ਸਪੱਸ਼ਟ ਕੀਤਾ ਗਿਆ ਕਿ:-

'ਸਾਡਾ ਮੁਸਲਮਾਨਾ ਯਾ ਇਸਲਾਮ ਨਾਲ ਕੋਈ ਵੈਰ ਨਹੀਂ, ਸਾਡਾ ਸੰਘਰਸ਼ ਤਾਂ ਕੇਵਲ ਜ਼ੁਲਮ ਅਤੇ ਜ਼ਬਰ ਵਿਰੁੱਧ ਹੈ ।

*(ਦਸਤੂਰ ਉਲ-ਇਨਸ਼ਾ)*

ਸਮੁੱਚੇ ਵਿਸ਼ਵ ਇਤਿਹਾਸ ਵਿੱਚ ਸ਼ਾਇਦ ਹੀ ਕੋਈ ਐਸੀ ਮਿਸਾਲ ਮਿਲ ਸਕੇ ਜਦ ਕਿਸੀ ਕੌਮ ਨੇ ਆਪਣੇ ਜਾਨੀ ਦੁਸ਼ਮਣਾਂ ਪ੍ਰਤੀ ਇਤਨੀ ਸਦ-ਭਾਵਨਾ, ਇਤਨੀ ਫਿਰਾਖ-ਦਿਲੀ, ਇਤਨੀ ਸੰਤੁਲਤ ਦਿਮਾਗੀ ਅਵਸਥਾ ਅਤੇ ਇਤਨੀ ਰਾਜਸੀ ਸੂਝ-ਬੂਝ ਦਾ ਸਬੂਤ ਦਿੱਤਾ ਹੋਵੇ।

ਬਹਾਦਰ ਸ਼ਾਹ ਤੋਂ ਬਾਅਦ ਉਸ ਵਰਗੇ ਫੁਰਮਾਨ ਫਰੁੱਖਸੀਅਰ, ਅਬਦੁਲ ਸਮੁੱਦ ਖਾਨ, ਜ਼ਕਰੀਆ ਖਾਨ, ਲਖਪਤ ਰਾਏ, ਮੀਰ ਮੰਨੂੰ ਅਤੇ ਅਹਿਮਦ ਸ਼ਾਹ ਅਬਦਾਲੀ ਸਮੇਤ ਤਕਰੀਬਨ ਹਰ ਸਮਕਾਲੀ ਹਾਕਮ ਨੇ ਸਿੱਖ ਕੌਮ ਦਾ ਖੁਰਾ-ਖੋਜ ਮਿਟਾਉਣ ਹਿੱਤ ਨਾ ਸਿਰਫ ਜਾਰੀ ਹੀ ਕੀਤੇ, ਸਗੋਂ ਉਨ੍ਹਾਂ 'ਤੇ ਪੂਰੀ ਸਖ਼ਤੀ ਨਾਲ ਅਮਲ ਵੀ ਕੀਤਾ। ਇਸ ਸਾਰੇ ਅਰਸੇ ਦੇ ਦੌਰਾਨ ਸਿੰਘਾਂ ਨੇ ਭਾਵੇਂ ਜ਼ਾਲਮਾਂ ਨੂੰ ਤਾਂ ਯੋਗ ਸਜ਼ਾਵਾਂ ਜ਼ਰੂਰ ਦਿੱਤੀਆਂ, ਪ੍ਰੰਤੂ ਇਕ ਵੀ ਮਾਸੂਮ ਮੁਸਲਮਾਨ ਜਾਂ ਹਿੰਦੂ ਨੂੰ ਆਪਣੇ ਕ੍ਰੋਧ ਦਾ ਸ਼ਿਕਾਰ ਨਹੀਂ ਬਣਾਇਆ। ਇਸ ਦੇ ਵਿਪਰੀਤ ਉਸ


SikhBookClub.Com

ਦੌਰ ਵਿੱਚ ਵੀ ਸਿੰਘਾਂ ਨੇ ਅਨੇਕ ਵਾਰੀ ਆਪਣੀਆਂ ਜਾਨਾਂ ਤਲੀ 'ਤੇ ਧਰ ਕੇ ਅਤੇ ਵੱਡੇ ਤੋਂ ਵੱਡੇ ਖ਼ਤਰੇ ਦਾ ਮੁਕਾਬਲਾ ਕਰ ਕੇ ਮਾਸੂਮ ਹਿੰਦ ਅਤੇ ਮੁਸਲਮਾਨ ਔਰਤਾਂ ਨੂੰ ਜ਼ਾਲਮਾਂ ਦੇ ਪੰਜੇ ਤੋਂ ਛੁਡਵਾਇਆ।

ਸਿੱਖ ਕੌਮ ਦੇ ਇਸ ਉੱਚ ਕਿਰਦਾਰ ਦੀ ਗਵਾਹੀ ਭਰਦਿਆਂ ਬਰਨਜ਼ ਲਿਖਦਾ ਹੈ ਕਿ:-

"ਸਿੱਖ ਕੌਮ ਬਹੁਤ ਹੀ ਫਰਾਖ ਦਿਲ ਹੈ। ਮਜ਼ਹਬੀ ਭਿੰਨ-ਭੇਦ ਦੇ ਬਾਵਜੂਦ ਉਹ ਅਕਸਰ ਰਹਿਮ-ਦਿਲੀ ਤੋਂ ਹੀ ਕੰਮ ਲੈਂਦੀ ਹੈ। ਉਨ੍ਹਾਂ ਦਾ ਇਹੋ ਹੀ ਵਿਸ਼ੇਸ਼ ਗੁਣ ਉਨ੍ਹਾਂ ਨੂੰ ਆਪਣੇ ਮੁਸਲਮਾਨ ਗਵਾਂਢੀਆਂ ਤੋਂ ਨਿਖੇੜ ਕੇ ਪੇਸ਼ ਕਰਦਾ ਹੈ ਅਤੇ ਉਨ੍ਹਾਂ ਨੂੰ ਮਹਾਨ ਬਣਾਉਂਦਾ ਹੈ।"

ਸਰ ਲੈਪਲ ਗ੍ਰਿਫਨ ਇਸ ਹਕੀਕਤ ਦੀ ਪੁਸ਼ਟੀ ਇਨ੍ਹਾਂ ਸ਼ਬਦਾਂ ਵਿੱਚ ਕਰਦਾ ਹੈ ਕਿ:-

"ਉਹ (ਸਿੱਖ) ਲੜਾਈ ਵਿੱਚ ਵੀ ਮਨੁੱਖ ਹੀ ਰਹਿੰਦੇ ਹਨ, ਉਹ ਸ਼ੈਤਾਨ ਨਹੀਂ ਬਣਦੇ। ਔਰਤਾਂ ਦੀ ਬੇਪੱਤੀ ਕਰਨੀ ਯਾ ਆਦਮੀਆਂ ਨੂੰ ਵੈਹਸ਼ੀਆਨਾ ਤਸੀਹੇ ਦੇ ਕੇ ਮਾਰਨ ਦੀ ਇਕ ਵੀ ਮਿਸਾਲ ਸਿੱਖ ਇਤਿਹਾਸ ਵਿੱਚ ਨਹੀਂ ਮਿਲਦੀ"

ਤਾਰੀਖ਼-ਪੰਜਾਬ ਦਾ ਕਰਤਾ ਬੂਟੇ ਸ਼ਾਹ ਵੀ ਸਿੰਘਾਂ ਦੇ ਇਨ੍ਹਾਂ ਵਿਸ਼ੇਸ਼ ਗੁਣਾਂ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਿਆ ਅਤੇ ਆਪਣੀ ਕਿਤਾਬ ਵਿੱਚ ਇਸ ਦਾ ਜ਼ਿਕਰ ਕਰਦਿਆਂ ਕਹਿੰਦਾ ਹੈ ਕਿ :-

"ਜਦ ਸਿੱਖ ਕਿਸੀ ਕਾਫਲੇ ਤੇ ਹੱਲਾ ਬੋਲਦੇ ਹਨ ਤਾਂ ਉਹ ਕਿਸੀ ਮਰਦ ਦੇ ਸਿਰੋਂ ਪਗੜੀ ਉੱਕਾ ਹੀ ਨਹੀਂ ਸਨ ਉਤਾਰਦੇ ਅਤੇ ਨਾ ਹੀ ਔਰਤਾਂ ਦੇ ਗਹਿਣੇ-ਗੱਟਿਆਂ ਜਾਂ ਕੱਪੜਿਆਂ ਨੂੰ ਹੱਥ ਪਾਉਂਦੇ ਸਨ।"

ਇਸੇ ਹੀ ਪ੍ਰਸੰਗ ਵਿੱਚ 'ਖੁਲਾਸਤੁਤ ਤਵਾਰੀਖ਼' ਦਾ ਲਿਖਾਰੀ ਲਿਖਦਾ ਹੈ ਕਿ:-

"ਆਪਣੇ ਅਤੇ ਪਰਾਏ ਇਨ੍ਹਾਂ ਸਿੱਖਾਂ ਦੀ ਨਜ਼ਰ ਵਿੱਚ ਇਕੋ ਜਿਹੇ ਹਨ। ਦੋਸਤ ਅਤੇ ਦੁਸ਼ਮਣ ਇਨ੍ਹਾਂ ਲਈ ਬਰਾਬਰ ਹਨ। ਇਹ ਦੋਸਤਾਂ ਨਾਲ ਇਕੋ ਜਿਹਾ ਵਰਤਾਵ ਕਰਦੇ ਹਨ ਅਤੇ ਦੁਸ਼ਮਣ ਨਾਲ ਵੀ ਅਮਨ ਚੈਨ ਨਾਲ ਜ਼ਿੰਦਗੀ ਬਿਤਾਉਂਦੇ ਹਨ।"

***ਖੇਸ਼ੋ ਬੇਗਾਨਾ ਦਰ ਨਜ਼ਰੇ ਈਸ਼ਾ ਯਕ ਸਾਂ।***
***ਦੋਸਤੋ ਦੁਸ਼ਮਨ ਦਰ ਨਜ਼ਰੇ ਈਸਾਂ ਬਰਾਬਰ***
***ਬ-ਦੋਸ਼ਤਾਂ ਯਕ ਰੰਗ ਵ ਬ-ਦੁਸ਼ਮਨਾ***
***ਬੇ-ਜੰਗ ਜ਼ੀਜ਼ਤ ਮੇ ਕੁਨੰਦ ।***

ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਪਹਾੜਾਂ ਵਿੱਚ



SikhBookClub.Com

ਪਨਾਹ ਲੈਣ ਤੇ ਮਜ਼ਬੂਰ ਖ਼ਾਲਸਾ ਪੰਥ ਦੇ ਸਿਦਕੀ ਸਿੱਖ ਆਸ ਲਗਾਈ ਬੈਠੇ ਸਨ ਕਿ ਸਖ਼ਤੀ ਦਾ ਝੱਖੜ ਛੇਤੀ ਹੀ ਖ਼ਤਮ ਹੋ ਜਾਵੇਗਾ ਅਤੇ ਹਾਲਤ ਸੰਵਰਨ 'ਤੇ ਉਹ ਇਕ ਵਾਰੀ ਫਿਰ ਆਪੋ-ਆਪਣੇ ਘਰਾਂ ਨੂੰ ਪਰਤ ਸਕਣਗੇ। ਪ੍ਰੰਤੂ ਜਦ ਸਖ਼ਤੀ ਦਾ ਇਹ ਦਮਨ ਚੱਕਰ ਵਧਦਾ ਹੀ ਗਿਆ ਤਾਂ ਬਨ-ਬਨ, ਪਹਾੜ-ਪਹਾੜ ਭਟਕਦੇ ਭੁੱਖੇ ਨੰਗੇ ਸਿੰਘਾਂ ਲਈ ਕੇਵਲ ਦੋ ਹੀ ਰਾਹ ਬਾਕੀ ਰਹਿ ਗਏ, ਇਕ ਇਹ ਕਿ ਉਹ ਮੁਕੰਮਲ ਤੌਰ 'ਤੇ ਹਕੂਮਤ ਦੀ ਈਨ ਮੰਨ ਲੈਣ ਅਤੇ ਜਾਂ ਫਿਰ ਆਪਣੀ ਹੋਂਦ ਅਤੇ ਆਜ਼ਾਦ ਹਸਤੀ ਲਈ ਜੂਝਣ ਲਈ ਕਮਰਕੱਸੇ ਕਰ ਲੈਣ। ਖ਼ਾਲਸੇ ਨੇ ਆਪਣੇ ਕਰਤੱਵ ਅਨੁਸਾਰ ਦੂਜਾ ਰਾਹ ਹੀ ਅਪਨਾਉਣ ਦਾ ਫੈਸਲਾ ਕੀਤਾ।

1718 ਈ. ਵਿੱਚ ਬਨਵਾਸੀ ਸਿੰਘਾਂ ਆਪਣੇ ਆਪ ਨੂੰ ਛੋਟੇ-ਛੋਟੇ ਟੋਲਿਆਂ ਵਿੱਚ ਜਥੇਬੰਦ ਕਰ ਲਿਆ। ਇਹ ਟੋਲੇ ਆਪ-ਆਪਣੇ ਟੀਕਾਣਿਆਂ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਚੜ੍ਹਾਈਆਂ ਕਰਦੇ ਸਨ। ਜਿਨ੍ਹਾਂ ਦਾ ਮਕਸਦ ਜਿਥੇ ਆਪਣੇ ਲਈ ਰਸਦ ਪਾਣੀ ਦਾ ਇੰਤਜ਼ਾਮ ਕਰਨਾ ਅਤੇ ਦੁਸ਼ਟਾਂ ਨੂੰ ਸੋਧਣਾ ਸੀ, ਉਥੇ ਇਹ ਵੀ ਟੋਹਣਾ ਸੀ ਕਿ ਹਕੂਮਤ ਦੀ ਤਾਕਤ ਕਿਤਨੇ ਕੁ ਪਾਣੀ ਵਿੱਚ ਹੈ।[11]

ਇਨ੍ਹਾਂ ਹੱਲਿਆਂ ਦੀ ਕਾਮਯਾਬੀ ਨੇ ਇਨ੍ਹਾਂ ਸਿੰਘਾਂ ਵਿੱਚ ਨਵਾਂ ਆਤਮ ਵਿਸ਼ਵਾਸ ਭਰ ਦਿੱਤਾ। ਉਧਰ ਇਕ ਹੋਰ ਚੰਗੀ ਗੱਲ ਇਹ ਹੋਈ ਕਿ ਭਾਈ ਮਨੀ ਸਿੰਘ ਜੀ 'ਬੰਦਈ' ਅਤੇ 'ਤੱਤ ਖ਼ਾਲਸਾ' ਦੇ ਮਤਭੇਦ ਮਿਟਾਉਣ ਵਿੱਚ ਸਫਲ ਹੋ ਗਏ। ਅਬਦੁੱਲ ਸਮਦ ਖਾਨ, ਈਸਾ ਖਾਨ ਮੰਜ, ਸ਼ਾਹਦਾਦ ਖਾਨ ਅਤੇ ਕਸੂਰ ਦੇ ਹੁਸੈਨ ਖਾਨ ਨਾਲ ਉਲਝ ਪਿਆ, ਜਿਸ ਕਾਰਨ ਸਿੰਘਾਂ ਵਿਰੁੱਧ ਉਸ ਦੀਆਂ ਸਰਗਰਮੀਆਂ ਵਿੱਚ ਕੁਝ ਢਿੱਲ ਵੀ ਆ ਗਈ। ਸਿੰਘਾਂ ਨੇ ਇਸ ਹਾਲਤ ਦਾ ਪੂਰਾ-ਪੂਰਾ ਫਾਇਦਾ ਉਠਾਇਆ। ਉਨ੍ਹਾਂ ਦੇ ਜਥੇ ਹੁਣ ਸੰਗਠਤ ਰੂਪ ਵਿੱਚ ਮਾਰ-ਧਾੜ ਕਰਨ ਲੱਗ ਪਏ। ਸਰਕਾਰੀ ਖ਼ਜ਼ਾਨਿਆਂ, ਹਥਿਆਰਾਂ ਅਤੇ ਘੋੜਿਆਂ ਆਦਿ ਦੀ ਲੁਟ ਵਿੱਚ ਉਹ ਵਿਸ਼ੇਸ਼ ਦਿਲਚਸਪੀ ਰੱਖਦੇ ਸਨ। ਇਸ ਦੇ ਇਲਾਵਾ ਉਹ ਪੰਥ ਧਰੋਹੀਆਂ ਨੂੰ ਵੀ ਚੁਣ-ਚੁਣ ਕੇ ਸੋਧਦੇ ਸਨ। 1726 ਈ. ਤਕ ਉਹ ਇਤਨੇ ਦੀਦਾ-ਦਲੇਰ ਅਤੇ ਤਾਕਤਵਰ ਹੋ ਚੁੱਕੇ ਸਨ ਕਿ ਲਾਹੌਰ ਦੀਆਂ ਬਾਹਰਲੀਆਂ ਬਸਤੀਆਂ ਤਕ ਮਾਰ ਕਰਦਿਆਂ ਰਾਵੀ ਦੇ ਕੰਢੇ ਦੀਆਂ ਝਲਾਂ ਵਿੱਚ ਉਨ੍ਹਾਂ ਨੇ ਆਪਣਾ ਅੱਡਾ ਬਣਾ ਲਿਆ ਸੀ।

ਸਿੰਘਾਂ ਦੀਆਂ ਇਸ ਪ੍ਰਕਾਰ ਦੀਆਂ ਕਾਰਵਾਈਆਂ ਕਾਰਨ ਪੰਜਾਬ ਵਿੱਚ ਮੁਗ਼ਲ ਹਕੂਮਤ ਦੀ ਸਾਖ ਮਿੱਟੀ ਵਿੱਚ ਮਿਲ ਰਹੀ ਸੀ ਅਤੇ ਏਸੇ ਕਾਰਨ 1726 ਵਿੱਚ ਅਬਦੁੱਲ ਸਮਦ ਖਾਨ ਕੋਲੋਂ ਲਾਹੌਰ ਦੀ ਸੂਬੇਦਾਰੀ ਖੋਹ ਕੇ ਉਸ ਨੂੰ ਮੁਲਤਾਨ ਤਬਦੀਲ ਕਰ ਦਿੱਤਾ ਗਿਆ ਅਤੇ ਉਸ ਦੀ ਜਗ੍ਹਾ ਉਸ ਦੇ ਪੁੱਤਰ ਜ਼ਕਰੀਆ ਖਾਨ ਨੂੰ ਤਾਇਨਾਤ ਕਰ ਦਿੱਤਾ ਗਿਆ।

ਕਨ੍ਹਈਆ ਲਾਲ ਆਪਣੀ ਪੁਸਤਕ 'ਤਾਰੀਖ਼ਿ-ਪੰਜਾਬ' ਵਿੱਚ ਲਿਖਦਾ ਹੈ ਕਿ:-



SikhBookClub.Com

ਜ਼ਕਰੀਆ ਖ਼ਾਨ ਨੂੰ ਇਹ ਪਦਵੀ ਇਹ ਕਹਿਣ 'ਤੇ ਮਿਲੀ ਸੀ ਕਿ 'ਜੇ ਹਜ਼ੂਰ ਪੰਜਾਬ ਦੀ ਨਿਜ਼ਾਮਤ ਦਾ ਅਹੁਦਾ ਮੈਨੂੰ ਬਖ਼ਸ਼ ਦੇਣ ਤਾਂ ਮੈਂ ਮਾਝੇ, ਦੁਆਬੇ ਅਤੇ ਮਾਲਵੇ ਵਿੱਚ ਸਿੱਖਾਂ ਦਾ ਕਿਧਰੇ ਨਾਮ ਨਿਸ਼ਾਨ ਬਾਕੀ ਨਾ ਰਹਿਣ ਦਿਆਂਗਾ। ਬਲ ਕਿ ਧਰਤੀ ਤੋਂ ਹੀ ਇਨ੍ਹਾਂ ਦਾ ਖੁਰਾ-ਖੋਜ ਮਿਟਾ ਦਿਆਂਗਾ।[12]

ਜ਼ਕਰੀਆ ਖਾਨ ਨੇ ਆਉਂਦਿਆਂ ਹੀ ਸਿੱਖਾਂ ਦੀ ਸਰਕੋਬੀ ਲਈ ਗਸ਼ਤੀ ਫ਼ੌਜਾਂ ਲਗਾ ਦਿੱਤੀਆਂ ਜੋ ਥਾਂ-ਥਾਂ ਸਿੰਘਾਂ ਦੇ ਸਿਰਾਂ ਦੇ ਸ਼ਿਕਾਰ ਲਈ ਜਾਂਦੀਆਂ ਸਨ। ਇਸ ਦੇ ਇਲਾਵਾ ਉਸ ਨੇ ਸਿੰਘਾਂ ਨੂੰ ਜਿੰਦਾ ਜਾਂ ਮੁਰਦਾ ਫੜਵਾਉਣ ਲਈ ਇਨਾਮ ਮੁਕੱਰਰ ਕਰ ਦਿੱਤੇ ਅਤੇ ਨੰਬਰਦਾਰਾਂ ਅਤੇ ਪਿੰਡ ਦੇ ਚੌਧਰੀਆਂ ਕੋਲੋਂ ਇਕਰਾਰਨਾਮੇ ਲਿਖਵਾ ਲਏ ਕਿ ਉਹ ਆਪੋ-ਆਪਣੇ ਪਿੰਡਾਂ ਵਿੱਚ ਕਿਸੀ ਸਿੱਖ ਨੂੰ ਰਹਿਣ ਨਹੀਂ ਦੇਣਗੇ। ਸਾਧੂ ਗੋਬਿੰਦ ਸਿੰਘ ਉਦਾਸੀ ਆਪਣੀ ਪੁਸਤਕ 'ਇਤਿਹਾਸ ਗੁਰੂ ਖ਼ਾਲਸਾ' (ਹਿੰਦੀ) ਵਿੱਚ ਲਿਖਦਾ ਹੈ ਕਿ:-

> "ਖ਼ਾਨ ਬਹਾਦਰ ਨਾਮਕ ਸੂਬਾ ਲਾਹੌਰ ਨੇ ਆਪਣੇ ਦੇਸ਼ ਦੇ ਜਾਗੀਰਦਾਰੋਂ ਤਥਾ ਨੰਬਰਦਾਰੋਂ ਸੇ ਤੋਂ ਪ੍ਰਥਮ ਹੀ ਇਕਰਾਰਨਾਮੇ ਲਿਖਵਾਏ ਹੁਏ ਥੇ ਕਿ ਤੁਮ ਲੋਗੋਂ ਕੇ ਗਰਾਮ ਮੇਂ ਸਿੱਖ ਨਾ ਰਹਿਨੇ ਪਾਵੇ। ਅਰ ਯਦੀ ਕਿਸੀ ਕਿ ਗਰਾਮ ਮੇਂ ਹੋਗਾ ਤੋਂ ਵੋਹ ਉਸੀ ਵਕਤ ਗ੍ਰਿਫਤਾਰ ਕਰ ਲਿਆ ਜਾਵੇਗਾ। ਪੰਜਾਬ ਪ੍ਰਾਂਤ ਮੇ ਏਕ ਭੀ ਐਸਾ ਨਾ ਹੋਗਾ ਜਿਸ ਤੇ ਸੂਬਾ ਲਾਹੌਰ ਕੇ ਹੁਕਮ ਕੀ ਤਾਮੀਲ ਨਾ ਕਰੀ ਹੋ। ਕਿੰਤੂ ਸਭ ਨੇ ਚੁਨ ਚੁਨ ਕੇ ਆਪਣੇ ਆਪਣੇ ਗਰਾਮ ਮੇ ਸੇ ਸਿੱਖ ਨਿਕਾਲ ਦੀਏ।"

ਜ਼ਕਰੀਆ ਖਾਨ ਨੇ ਵਿਉਂਤ-ਬਧ ਯੋਜਨਾ ਅਨੁਸਾਰ ਸਿੰਘਾਂ ਦੀ ਮੁਕੰਮਲ ਸਰਕੋਬੀ ਲਈ ਕਈ ਕਦਮ ਉਠਾਏ। ਸਭ ਤੋਂ ਪਹਿਲਾਂ ਉਸ ਨੇ ਸੜਕਾਂ ਅਤੇ ਸ਼ਾਹ ਰਾਹਵਾਂ ਦੀ ਸੁਰੱਖਿਆ ਲਈ ਫ਼ੌਜੀ ਗਸ਼ਤੀ ਦਸਤੇ ਤਾਇਨਾਤ ਕੀਤੇ ਜਿਨ੍ਹਾਂ ਨੇ ਇਨ੍ਹਾਂ ਦੁਆਲੇ ਸਿੰਘਾਂ ਦੇ ਟਿਕਾਣਿਆਂ ਨੂੰ ਆਪਣਾ ਮੁਖ ਨਿਸ਼ਾਨਾ ਬਣਾਇਆ। ਜਿਹੜੇ ਪਿੰਡ ਸਿੰਘਾਂ ਦੇ ਹਮਲਿਆਂ ਦਾ ਸ਼ਿਕਾਰ ਹੁੰਦੇ ਸਨ, ਉਨ੍ਹਾਂ ਦੀ ਰਾਖੀ ਲਈ ਵਿਸ਼ੇਸ਼ ਪ੍ਰਬੰਧ ਕੀਤੇ। ਸਿੰਘਾਂ ਨੂੰ ਪਕੜਾਉਣ ਵਾਲਿਆਂ ਦੇ ਇਨਾਮਾਂ ਵਿੱਚ ਅਜ਼ਾਫਾ ਕੀਤਾ। ਜਿਸ ਕਾਰਨ ਹਕੂਮਤ ਨੂੰ ਉਨ੍ਹਾਂ ਵਿਰੁੱਧ ਵਧੇਰੇ ਮੁਖਬਰੀਆਂ ਮਿਲਣ ਲੱਗ ਪਈਆਂ। ਇਸ ਦੇ ਇਲਾਵਾ ਸਿੱਖਾਂ ਨੂੰ ਕੁਚਲਣ ਲਈ 20,000 ਘੋੜ ਸਵਾਰਾਂ ਦੀ ਇਕ ਨਵੀਂ ਫ਼ੌਜ ਤਿਆਰ ਕੀਤੀ ਗਈ, ਜਿਸ ਵਿੱਚ ਕੇਵਲ ਮੁਗ਼ਲ ਅਤੇ ਹਿੰਦੁਸਤਾਨੀ ਹੀ ਸ਼ਾਮਲ ਸਨ।[13] ਇਨ੍ਹਾਂ ਕਦਮਾਂ ਦੇ ਸਮੁੱਚੇ ਅਸਰ ਕਾਰਨ ਸਿੱਖਾਂ ਵਿਰੁਧ ਸਖ਼ਤੀ ਵਿੱਚ ਕਾਫੀ ਵਾਧਾ ਹੋਇਆ, ਜਿਸ ਦੇ ਫਲਸਰੂਪ ਉਹ ਜੰਮੂ ਅਤੇ ਕਾਂਗੜੇ ਦੀਆਂ ਪਹਾੜੀਆਂ ਵਿੱਚ ਪਨਾਹ ਲੈਣ 'ਤੇ ਮਜ਼ਬੂਰ ਹੋ ਗਏ।

ਪ੍ਰੰਤੂ ਸਿੰਘ ਵੀ ਹੁਣ ਅਵੇਸਲੇ ਨਹੀਂ ਸਨ। ਜਦ ਉਨ੍ਹਾਂ ਵਿਰੁੱਧ ਸਖ਼ਤੀ ਵਿੱਚ ਦਿਨ-ਬ-ਦਿਨ ਵਾਧਾ ਹੀ ਹੁੰਦਾ ਗਿਆ ਤਾਂ ਉਨ੍ਹਾਂ ਨੇ ਵੀ ਇਸ ਦਾ ਢੁਕਵਾਂ ਜਵਾਬ



SikhBookClub.Com

ਦੇਣ ਲਈ ਆਪਣੇ ਆਪ ਨੂੰ ਜਥੇ-ਬੰਦ ਕਰ ਲਿਆ। ਜੁਲਾਈ 1730 ਈ. ਵਿੱਚ ਬੁੱਢਾ ਦਲ ਅਤੇ ਤਰਨਾ ਦਲ ਦੇ ਵੱਡੇ ਜਥੇ ਬਣਾ ਲਏ। ਬੁੱਢਾ ਦਲ ਦੇ ਜਥੇਦਾਰ ਸਰਦਾਰ ਕਪੂਰ ਸਿੰਘ, ਬਾਘ ਸਿੰਘ ਹਲੋਵਾਲੀਆ ਅਤੇ ਸ. ਹਰੀ ਸਿੰਘ ਭੰਗੀ ਆਦਿ ਸਨ, ਜਦ ਕਿ ਤਰਨਾ ਦਲ ਦੇ ਪੰਜ ਜਥੇ ਬਣਾਏ ਗਏ, ਜਿਨ੍ਹਾਂ ਦੇ ਜਥੇਦਾਰ ਸਨ ਬਾਬਾ ਦੀਪ ਸਿੰਘ, ਭਾਈ ਧਰਮ ਸਿੰਘ, ਭਾਈ ਕਾਹਨ ਸਿੰਘ, ਭਾਈ ਦਸੌਂਧਾ ਸਿੰਘ ਅਤੇ ਭਾਈ ਬੀਰ ਸਿੰਘ ਇਨ੍ਹਾਂ ਦਿਨਾਂ ਵਿੱਚ ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਆਪਣੇ ਮਾਮਾ ਸਰਦਾਰ ਬਾਘ ਸਿੰਘ ਹਲੋਵਾਲੀਏ ਨਾਲ ਸਰਦਾਰ ਕਪੂਰ ਸਿੰਘ ਜੀ ਪਾਸ ਆ ਗਏ।

ਸਰਕਾਰ ਵੱਲੋਂ ਵਧ ਰਹੀ ਸਖ਼ਤੀ ਦੇ ਬਾਵਜੂਦ ਖ਼ਾਲਸੇ ਨੇ ਹੁਣ ਆਪਣੇ ਕਰਾਰੇ ਹੱਥ ਵਿਖਾਣੇ ਸ਼ੁਰੂ ਕਰ ਦਿੱਤੇ ਸਨ। ਜਦ ਭਾਈ ਤਾਰਾ ਸਿੰਘ ਨੇ ਨੌਸ਼ਹਿਰਾ ਦੇ ਹਿੰਦੂ ਅਫ਼ਸਰ ਸਾਹਿਬ ਰਾਏ ਅਤੇ ਪੱਟੀ ਦੇ ਹਾਕਮ ਜਾਫਰ ਬੇਗ ਦੀ ਦੋ ਹਜ਼ਾਰ ਤੋਂ ਵੱਧ ਫ਼ੌਜ ਨੂੰ ਕੇਵਲ 22 ਸਿੰਘਾਂ ਦੀ ਸਹਾਇਤਾ ਨਾਲ ਸਾਰੀ ਰਾਤ ਸੂਲੀ 'ਤੇ ਟੰਗੀ ਰੱਖਿਆ ਤਾਂ ਆਪਣੀ ਬਹਾਦਰੀ ਅਤੇ ਸ਼ਹੀਦੀ ਦੁਆਰਾ ਉਹ ਪਹਾੜੀ ਲੁਕੇ ਸਿੰਘਾਂ ਵਿੱਚ ਇਕ ਨਵਾਂ ਹੁਲਾਸ ਅਤੇ ਨਵਾਂ ਉਤਸ਼ਾਹ ਭਰ ਗਿਆ। ਹੁਣ ਸਿੰਘ ਆਪਣੀਆਂ ਪਨਾਹਗਾਹਾਂ ਵਿੱਚੋਂ ਨਿਕਲ ਕੇ ਮੁਗ਼ਲ ਅਫ਼ਸਰਾਂ ਦਾ ਨੱਕ ਵਿੱਚ ਦਮ ਕਰਨ ਲੱਗ ਪਏ। 1730 ਵਿੱਚ ਲਾਹੌਰ ਤੋਂ ਦਿੱਲੀ ਲਿਜਾਏ ਜਾ ਰਹੇ ਸਰਕਾਰੀ ਖ਼ਜ਼ਾਨੇ ਦੀ ਪਾਈ-ਪਾਈ ਜਦ ਸਿੰਘਾਂ ਨੇ ਲੁੱਟ ਲਈ ਤਾਂ ਲਾਹੌਰ ਅਤੇ ਦਿੱਲੀ ਦੇ ਹਾਕਮ ਬੁਖਲਾ ਉਠੇ। ਹੁਣ ਜ਼ਕਰੀਆ ਖਾਨ ਨੇ ਸਿੱਖਾਂ ਦਾ ਮਲੀਆਮੇਟ ਕਰਨ ਲਈ ਮੁਸਲਮਾਨਾਂ ਨੂੰ ਸਿੱਖਾਂ ਵਿਰੁੱਧ ਜਹਾਦ ਕਰਨ ਦਾ ਖੁੱਲ੍ਹਾ ਸੱਦਾ ਦਿੱਤਾ।

ਥੋੜ੍ਹੇ ਹੀ ਸਮੇਂ ਵਿੱਚ ਪੰਜਾਬ ਦੇ ਚੋਣਵੇਂ ਮੁਸਲਮਾਨ ਯੋਧੇ ਲਾਹੌਰ ਸ਼ਹਿਰ ਵਿੱਚ ਇਕੱਠੇ ਹੋ ਗਏ ਅਤੇ ਉਨ੍ਹਾਂ ਨੇ ਹੈਦਰੀ ਝੰਡਾ ਚੁੱਕ ਲਿਆ। ਮੁਗ਼ਲ ਤੇ ਪਠਾਣ, ਬਲੋਚ ਤੇ ਸੱਯਦ, ਭੱਟੀ ਤੇ ਜੱਟ ਅਤੇ ਰੰਘੜ ਤੇ ਰਾਜਪੂਤ ਇਥੋਂ ਤਕ ਕਿ ਤੇਲੀ, ਮੋਚੀ, ਡੂਮ, ਜੁਲਾਹੇ, ਗੁੱਜਰ, ਡੋਗਰੇ, ਸੈਣੀ ਤੇ ਅਰਾਈਂ ਸਭ ਸਿੱਖਾਂ ਵਿਰੁੱਧ ਇਸ ਮਹਾਨ ਜਹਾਦ ਵਿੱਚ ਸ਼ਾਮਲ ਹੋ ਗਏ। ਇਸ ਕਈ ਲੱਖ ਦੇ ਲਸ਼ਕਰ ਨੇ ਮੀਰ ਇਨਾਇਤ ਉੱਲਾ ਦੀ ਕਮਾਨ ਹੇਠ ਚਾਲੇ ਪਾ ਦਿੱਤੇ। ਉਨ੍ਹਾਂ ਦਾ ਮਨੋਰਥ ਇਹ ਸੀ ਕਿ ਸਿੱਖਾਂ ਦਾ, ਜਿਨ੍ਹਾਂ ਨੂੰ ਉਹ ਘਿਰਣਾ ਨਾਲ 'ਲੰਮੇ-ਦਾੜ੍ਹੀਏ ਬਦਮਾਸ਼' ਆਖਦੇ ਸਨ। ਬੀ ਨਾਸ ਕੀਤਾ ਜਾਵੇ ।[14]

ਪਹਿਲਾਂ ਤਾਂ ਸਿੰਘਾਂ ਨੇ ਜਹਾਦੀਆਂ ਦੇ ਇਸ ਲਸ਼ਕਰ ਤੋਂ ਇਕ ਵਾਂਜੇ (ਪਾਸੇ) ਜਿਹੇ ਹੋ ਜਾਣ ਵਿੱਚ ਭਲਾਈ ਸਮਝੀ, ਪ੍ਰੰਤੂ ਛੇਤੀ ਹੀ ਮਗਰੋਂ ਉਹ ਅਜਿਹਾ ਟੁੱਟ ਕੇ ਇਸ ਹੈਦਰੀ ਲਸ਼ਕਰ 'ਤੇ ਪਏ ਕਿ ਇਸ ਦਾ ਬਹੁਤ ਸਾਰਾ ਗੋਲਾ-ਬਾਰੂਦ, ਜੰਗੀ ਸਮਾਨ ਅਤੇ ਘੋੜੇ ਆਦਿ ਲੁੱਟ ਕੇ ਲੈ ਗਏ। ਉਹ ਦਿਨੇ ਲੁਕ ਜਾਂਦੇ ਸਨ ਅਤੇ ਰਾਤ ਨੂੰ ਆ ਛਾਪੇ ਮਾਰਦੇ ਸਨ।

ਅੰਤ ਇਕ ਦਿਨ ਭੀਲੋਵਾਲ ਦੇ ਨੇੜੇ ਸਿੰਘਾਂ ਨੇ ਇਸ ਜਹਾਦੀ ਲਸ਼ਕਰ 'ਤੇ



SikhBookClub.Com

ਐਸਾ ਹੱਲਾ ਕੀਤਾ ਕਿ ਇਸ ਦਾ ਸਫਾਇਆ ਹੀ ਕਰ ਦਿੱਤਾ। ਇਸ ਪ੍ਰਕਾਰ ਕੇਵਲ ਛੇ ਕੁ ਹਜ਼ਾਰ ਸਿੰਘਾਂ ਨੇ ਮੁਸਲਮਾਨਾਂ ਦੇ ਲੱਖਾਂ ਦੇ ਇਕੱਠ ਦੀ ਕਮਰ ਤੋੜ ਦਿੱਤੀ। ਭਗਤ ਲਛਮਣ ਸਿੰਘ ਹੈਦਰੀ ਝੰਡਾ ਚੁੱਕਣ ਵਾਲਿਆਂ ਦੇ ਅੰਤਮ ਦ੍ਰਿਸ਼ ਹੇਠ ਲਿਖੇ ਸ਼ਬਦਾਂ ਵਿੱਚ ਪੇਸ਼ ਕਰਦਾ ਹੈ:-

> "ਨੱਸਦੇ ਹੋਏ ਕੁਝ ਤੁਰਕ ਵੱਢੇ ਗਏ, ਕਈ ਦਰਖਤਾਂ ਨਾਲ ਟਕਰਾ ਕੇ ਡਿੱਗੇ, ਕਈਆਂ ਦੀਆਂ ਲੱਤਾਂ-ਬਾਹਾਂ ਟੁੱਟੀਆਂ ਤੇ ਕਈ ਅੰਨ੍ਹੇ ਹੋ ਗਏ। ਝੰਡਾ-ਬਰਦਾਰ ਨੇ ਗੁੱਸੇ ਵਿੱਚ ਆ ਕੇ ਹੈਦਰੀ ਝੰਡਾ ਲੀਰੋ-ਲੀਰ ਕਰ ਦਿੱਤਾ ਤੇ ਫਿਰ ਉਸ ਨੂੰ ਅੱਗ ਲਾ ਦਿੱਤੀ।"[15]

ਸਿੰਘਾਂ ਨਾਲ ਸਮਝੌਤਾ ਅਤੇ ਨਵਾਬੀ ਦੀ ਪੇਸ਼ਕਸ਼:-ਹਾਰ ਹੰਭ ਕੇ ਦਿੱਲੀ ਅਤੇ ਲਾਹੌਰ ਦੇ ਹਾਕਮ ਇਸ ਨਤੀਜੇ 'ਤੇ ਪਹੁੰਚੇ ਕਿ ਸਿੰਘਾਂ ਨਾਲ ਸਮਝੌਤੇ ਵਿੱਚ ਹੀ ਸਲਾਮਤੀ ਅਤੇ ਮਸਲਹਤਿ ਹੈ। ਇਹ ਸੋਚ ਕੇ 1733 ਈ. ਵਿੱਚ ਜ਼ਕਰੀਆ ਖਾਂ ਨੇ ਇਕ ਸਿੱਖ ਸਰਦਾਰ ਸੁਬੇਗ ਸਿੰਘ ਦੀ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਇਕੱਤਰ ਹੋਏ ਸਰਬੱਤ ਖ਼ਾਲਸਾ ਜੀ ਪਾਸ ਨਵਾਬੀ ਦਾ ਖਿਤਾਬ ਅਤੇ ਇਕ ਲੱਖ ਰੁਪੈ ਸਾਲਾਨਾ ਦੀ ਜਾਗੀਰ ਦਾ ਪਟਾ ਭੇਜ ਕੇ ਸੁਲਾਹ ਦੀ ਪੇਸ਼ਕਸ਼ ਕੀਤੀ। ਸਰਦਾਰ ਦਰਬਾਰਾ ਸਿੰਘ ਨੇ ਇਹ ਪੇਸ਼ਕਸ਼ ਖ਼ਾਲਸੇ ਵੱਲੋਂ ਠੁਕਰਾ ਦਿੱਤੀ। ਸਿੰਘਾਂ ਦਾ ਕਥਨ ਸੀ:-

**ਹਮ ਕੋ ਸਤਿਗੁਰ ਬਚਨ ਪਤਿਸ਼ਾਹੀ।**
**ਹਮ ਕੌ ਜਾਪਤ ਫਿਰ ਸੋਊ ਆਹੀ।**
**ਹਮ ਰਾਖਤ ਪਤਿਸ਼ਾਹੀ ਦਾਵਾ।**
**ਜਾਂ ਇਤ ਕੇ ਜਾਂ ਅਗਲੇ ਪਾਵਾ।**
**ਜੋ ਸਤਿਗੁਰ ਸਿੱਖਨ ਕਹੀ ਬਾਤ।**
**ਹੋਗੁ ਸਾਈ ਨਹਿੰ ਖਾਲੀ ਜਾਤ॥੩੭॥**
**ਧ੍ਰ ਵਿਧਰਤ ਔ ਧਵਲ ਡੁਲਾਇ।**
**ਸਤਿਗੁਰ ਬਚਨ ਨ ਖਾਲੀ ਜਾਇ।**
**ਪਤਿਸ਼ਾਹੀ ਛਡ ਕਿਮ ਲਹੈ ਨਿਬਾਬੀ।**
**ਪਰਾਧੀਨ ਜਿਹ ਮਾਂਹਿ ਖਰਾਬੀ।**

*(ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੨੧੩)*

ਨਵਾਬੀ ਦੀ ਖਿਲਤ ਨੂੰ ਫੁਟਬਾਲ ਵਾਂਗ ਹਰ ਕੋਈ ਠੁੱਡੇ ਮਾਰ ਰਿਹਾ ਸੀ ਤੇ ਹੱਥ ਕੋਈ ਨਹੀਂ ਸੀ ਲਾਉਂਦਾ। ਅੰਤ ਨੂੰ ਕਾਫੀ ਸੋਚ ਵਿਚਾਰ ਮਗਰੋਂ 'ਸਰਬੱਤ ਖ਼ਾਲਸੇ' ਨੇ ਇਹ ਨਿਰਣਾ ਲਿਆ ਕਿ ਨਵਾਬੀ ਸਰਦਾਰ ਕਪੂਰ ਸਿੰਘ ਜੀ ਨੂੰ ਸੌਂਪੀ ਜਾਵੇ, ਜੋ ਉਸ ਸਮੇਂ ਦੀਵਾਨ ਵਿੱਚ ਸੰਗਤ ਨੂੰ ਪੱਖਾ ਝੱਲਣ ਦੀ ਸੇਵਾ ਕਰ ਰਹੇ ਸਨ। ਸਰਦਾਰ ਕਪੂਰ ਸਿੰਘ ਉਨ੍ਹਾਂ ਗੁਰਸਿੱਖਾਂ ਵਿੱਚੋਂ ਸਨ, ਸਿੱਖੀ ਜਿਨ੍ਹਾਂ ਦੇ ਰੋਮ-ਰੋਮ ਵਿੱਚ ਰਚੀ ਹੋਈ ਸੀ ਅਤੇ ਉਹ ਹਰ ਦਮ ਸਿੰਘਾਂ ਦੀ ਸੇਵਾ ਵਿੱਚ



SikhBookClub.Com

ਤਤਪਰ ਜੁਟੇ ਰਹਿੰਦੇ ਸਨ। 'ਪੰਥ ਪ੍ਰਕਾਸ਼' ਦਾ ਕਰਤਾ ਉਨ੍ਹਾਂ ਦੇ ਇਸ ਆਚਰਣ ਦਾ ਜ਼ਿਕਰ ਕਰਦਿਆਂ ਲਿਖਦਾ ਹੈ:-

**ਅਵਰ ਟਹਿਲ ਵਹਿ ਬਹੁਤ ਕਮਾਵੈ।**
**ਦੇਗ ਹੇਤ ਜਲ ਲਕਰੀ ਲਿਆਵੈ।**
**ਬਰਤਨ ਜੂਠੇ ਮਾਂਜਤ ਸਭ ਕੇ।**
**ਕਛਾਂ ਧੋਇ ਨੁਲ੍ਹਾਵਤ ਜਬ ਕੇ।**
**ਲੀਦ ਹਟਾਵਤ ਅਸਵਨ ਸਾਰੀ।**
**ਔਰ ਟਹਿਲ ਇਤਿਆਦਿਕ ਭਾਰੀ।**
**ਕਰਤ ਰਹਿਤ ਨਿਸ ਦਿਨ ਧਰ ਸਰਧਾ।**
**ਕਬੀ ਨਾ ਕਰਹੀ ਕਾਹਿ ਸਪਰਧਾ।**
**ਜਤੀ ਸਤੀ ਦਾਤਾ ਵਡ ਸੂਰਾ।**
**ਥਾ ਫਲ ਇਸ ਤੇ ਮਿਲਯੋ ਪੂਰਾ।**

*(ਪੰਥ ਪ੍ਰਕਾਸ਼ ੪੨੪-੨੫)*

ਸਰਦਾਰ ਕਪੂਰ ਸਿੰਘ ਨੇ ਨਾ ਚਾਹੁੰਦਿਆਂ ਹੋਇਆਂ ਵੀ ਗੁਰੂ ਖ਼ਾਲਸੇ ਦੇ ਆਦੇਸ਼ ਅੱਗੇ ਸੀਸ ਨਿਵਾਇਆ। ਪ੍ਰੰਤੂ ਬੜੀ ਨਿਮਰਤਾ ਸਹਿਤ ਹੱਥ ਜੋੜ ਕੇ ਬੇਨਤੀ ਕੀਤੀ ਕਿ ਜੇ ਖ਼ਾਲਸਾ ਤੁਠਾ ਹੈ ਤਾਂ ਨਵਾਬੀ ਦੀ ਖਿਲਅਤ ਪੰਜ ਸਿੰਘਾਂ ਦੇ ਪੈਰਾਂ ਨਾਲ ਛੁਹਾ ਕੇ ਬਖ਼ਸ਼ੀ ਜਾਵੇ। ਸੰਗਤ ਦੀ ਪ੍ਰਵਾਨਗੀ ਤੋਂ ਬਾਅਦ ਪਰਗਣਾ ਚੂਹਨੀਆਂ, ਦੀਪਾਲਪੁਰ, ਕੰਗਣੀਵਾਲ ਅਤੇ ਝਬਾਲ ਆਦਿ ਬਾਰਾਂ ਪਿੰਡਾਂ ਦੀ ਜਾਗੀਰ ਗੁਰੂ-ਚੱਕ ਸ੍ਰੀ ਅੰਮ੍ਰਿਤਸਰ ਨਾਲ ਲੱਗ ਗਈ।

ਇਸ ਪ੍ਰਕਾਰ ਤਕਰੀਬਨ ਵੀਹ ਕੁ ਸਾਲ ਬਾਅਦ ਸਿੱਖਾਂ ਅਤੇ ਮੁਗ਼ਲ ਸਰਕਾਰ ਵਿੱਚ ਸਮਝੌਤਾ ਜਿਹਾ ਹੋ ਗਿਆ। ਜ਼ਕਰੀਆ ਖਾਂ ਦਾ ਖਿਆਲ ਸੀ ਕਿ ਇਸ ਸਮਝੌਤੇ ਦੇ ਫਲਸਰੂਪ ਸਿੰਘ ਆਪੋ-ਆਪਣੇ ਘਰਾਂ ਨੂੰ ਪਰਤ ਜਾਣਗੇ ਅਤੇ ਫਿਰ ਉਨ੍ਹਾਂ ਨੂੰ ਪਕੜਨਾ ਆਸਾਨ ਹੋ ਜਾਵੇਗਾ। ਸੁਖਾਵੇਂ ਮਾਹੌਲ ਅੰਦਰ ਕਾਫੀ ਸਿੰਘ ਆਪੋ-ਆਪਣੇ ਘਰਾਂ ਨੂੰ ਪਰਤ ਵੀ ਗਏ। ਪ੍ਰੰਤੂ, ਜੋ ਸਿੱਖ ਅਸਲੋਂ ਹੀ ਸਿਪਾਹੀ ਬਣ ਚੁੱਕੇ ਸਨ। ਉਹ ਸੁਲਾਹ-ਸਫਾਈ ਦੇ ਮਾਹੌਲ ਵਿੱਚ ਆਪ-ਆਪਣੇ ਜਥਿਆਂ ਨੂੰ ਵਧੇਰੇ ਸੰਗਠਨ ਕਰਨ ਵਿੱਚ ਜੁਟ ਗਏ।

ਬੁੱਢਾ ਦਲ ਵਡੇਰੀ ਉਮਰ ਦੇ ਬਜ਼ੁਰਗਾਂ ਦੀ ਫ਼ੌਜ ਸੀ ਜਿਸ ਵਿੱਚ ਸ਼ਾਮਲ ਬਹੁਤ ਸਾਰੇ ਸਿੰਘਾਂ ਨੇ ਦਸਮ ਪਾਤਸ਼ਾਹ ਜੀ ਦਾ ਸਮਾਂ ਦੇਖਿਆ ਹੋਇਆ ਸੀ। ਤਰੁਣਾ ਦਲ ਗੱਭਰੂਆਂ ਦੀ ਫ਼ੌਜ ਸੀ ਜੋ ਪੰਜਾਂ ਜਥਿਆਂ ਵਿੱਚ ਵੰਡੀ ਹੋਈ ਸੀ । ਹਰੇਕ ਜਥੇ ਦਾ ਆਪੋ-ਆਪਣਾ ਸਰਦਾਰ ਸੀ ਅਤੇ ਇਕ ਜਥੇ ਵਿੱਚ 1300 ਤੋਂ ਲੈ ਕੇ 2000 ਤੱਕ ਸਿੰਘ ਹੁੰਦੇ ਸਨ। ਹਰੇਕ ਦਾ ਆਪੋ-ਆਪਣਾ ਨਿਸ਼ਾਨ ਸਾਹਿਬ ਅਤੇ ਨਗਾਰਾ ਵੀ ਹੁੰਦਾ ਸੀ ।



SikhBookClub.Com

ਤਰੁਣਾ ਦਲ ਦੇ ਪੰਜ ਮੁੱਖ ਕੇਂਦਰ ਸਨ: 1) ਰਾਮ ਸਰ, (2) ਬਿਬੇਕਸਰ, (3) ਲਛਮਣ ਸਰ, (4) ਕੌਲਸਰ (5) ਸੰਤੋਖ ਸਰ ।

ਮੁਗ਼ਲਾਂ ਅਤੇ ਹੋਰ ਵੈਰੀਆਂ ਵਿਰੁੱਧ ਦੋਵੇਂ ਦਲ ਮਿਲ ਕੇ ਕਾਰਵਾਈ ਕਰਦੇ ਸਨ। ਨਵਾਬ ਕਪੂਰ ਸਿੰਘ ਦੋਹਾਂ ਦਲਾਂ ਦਾ ਸਾਂਝਾ ਆਗੂ ਸੀ, ਜਿਸ ਦਾ ਹਰ ਕੋਈ ਬਹੁਤ ਸਤਿਕਾਰ ਕਰਦਾ ਸੀ। 1748 ਵਿੱਚ ਖ਼ਾਲਸੇ ਦੀ ਕਮਾਨ ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਏ ਦੇ ਹੱਥ ਆ ਗਈ ਸੀ।

ਹੁਣ ਤਰੁਣਾ ਦਲ ਦੇ ਕੁਝ ਜਥੇ ਸਤਲੁੱਜ ਪਾਰ ਕਰਕੇ ਮਾਲਵੇ ਵਿੱਚ ਪਹੁੰਚ ਗਏ, ਜਿਥੇ ਉਨ੍ਹਾਂ ਨੇ ਪਟਿਆਲੇ ਦੀ ਰਿਆਸਤ ਕਾਇਮ ਕਰਨ ਵਿੱਚ ਬਾਬਾ ਆਲਾ ਸਿੰਘ ਦੀ ਮਦਦ ਕੀਤੀ। ਬਾਬਾ ਆਲਾ ਸਿੰਘ ਫੂਲਕੇ ਦੀ ਬਰਨਾਲੇ ਵਿੱਚ ਸਹਾਇਤਾ ਕਰ ਕੇ ਖ਼ਾਲਸਾ ਦਲ ਦੇ ਮੰਝ ਰਾਜਪੂਤਾਂ ਦੀ ਭਾਰੀ ਜਮੀਅਤ ਅਤੇ ਜਲੰਧਰ ਦੇ ਫ਼ੌਜਦਾਰ ਅਸਦ ਅਲੀ ਅਤੇ ਮਲੇਰ ਕੋਟਲੇ ਦੇ ਨਵਾਬ ਜਮਾਲ ਖਾਨ ਦੀ ਮਿਲਵੀਂ ਫ਼ੌਜ ਨੂੰ ਕਰਾਰੀ ਭਾਂਜ ਦਿੱਤੀ। ਇਸ ਨਾਲ ਇਸ ਇਲਾਕੇ ਵਿੱਚ ਖ਼ਾਲਸੇ ਦੀ ਕਾਫੀ ਚੜ੍ਹਤ ਹੋ ਗਈ। ਕਈ ਵਾਰੀ ਤਾਂ ਇਹ ਹਾਂਸੀ ਹਿਸਾਰ ਤਕ ਜਾ ਮੱਲਾਂ ਮਾਰਦਾ ਸੀ।

ਸਿੰਘਾਂ ਦੀਆਂ ਇਸ ਪ੍ਰਕਾਰ ਦੀਆਂ ਸਰਗਰਮੀਆਂ ਤੋਂ ਖਿੱਝ ਕੇ ਅਤੇ ਉਨ੍ਹਾਂ ਨੂੰ ਖਿੰਡੇ-ਪੁੰਡੇ ਵੇਖ ਕੇ ਜ਼ਕਰੀਆ ਖਾਂ ਦਾ ਮਨ ਬੇਈਮਾਨ ਹੋ ਗਿਆ ਅਤੇ ਉਸ ਦੇ ਮਨ ਵਿੱਚ ਖਿਆਲ ਪੈਦਾ ਹੋਇਆ ਕਿ ਇਨ੍ਹਾਂ ਦੀ ਤਾਕਤ ਨੂੰ ਖ਼ਤਮ ਕਰਨ ਦਾ ਇਹ ਚੰਗਾ ਮੌਕਾ ਹੈ। ਇਸ ਲਈ ਉਸ ਨੇ 1735 ਈ. ਵਿੱਚ ਇਹ ਕਹਿ ਕੇ ਜਾਗੀਰ ਜ਼ਬਤ ਕਰ ਲਈ ਕਿ ਹੁਣ ਅਮਨ ਅਮਾਨ ਹੈ, ਸਿੰਘ ਪਿੰਡਾਂ ਵਿੱਚ ਜਾ ਕੇ ਖੇਤੀ ਕਰ ਕੇ ਆਪਣਾ ਨਿਰਬਾਹ ਕਰ ਸਕਦੇ ਹਨ ਜੇ ਉਹ ਚਾਹੁਣ ਤਾਂ ਸਰਕਾਰੀ ਨੌਕਰੀ ਵੀ ਕਰ ਸਕਦੇ ਹਨ। ਨਵਾਬ ਕਪੂਰ ਸਿੰਘ ਨੇ ਜਵਾਬ ਲਿਖ ਭੇਜਿਆ ਕਿ ਸਿੰਘ ਕਦਾਚਿਤ ਤੇਰੀ ਤਾਬੇਦਾਰੀ ਕਬੂਲ ਨਹੀਂ ਕਰਨਗੇ ਅਤੇ ਸੁਲਾਹ ਨਾਮਾ ਤੋੜਨ ਤੋਂ ਨਿਕਲਣ ਵਾਲੇ ਸਾਰੇ ਸਿੱਟਿਆਂ ਦੀ ਜ਼ਿੰਮੇਵਾਰੀ ਤੇਰੇ 'ਤੇ ਹੀ ਹੋਵੇਗੀ। ਜ਼ਕਰੀਆ ਖਾਂ ਨੇ ਖ਼ਾਲਸੇ ਦੀ ਸਰਕੋਬੀ ਲਈ ਹੁਣ ਦੀਵਾਨ ਲਖਪਤ ਰਾਏ ਅਤੇ ਆਪਣੇ ਭਤੀਜੇ ਮੁਖਲਸ ਖਾਂ ਦੀ ਕਾਮਨ ਹੇਠ ਦਸ ਹਜ਼ਾਰ ਦੀ ਗਸ਼ਤੀ ਫ਼ੌਜ ਲਾਮਬੰਦ ਕਰ ਦਿੱਤੀ ਅਤੇ ਹੁਕਮ ਜਾਰੀ ਕੀਤਾ ਕਿ ਜੋ ਸਿੰਘਾਂ ਨੂੰ ਫੜਾਏਗਾ ਜਾਂ ਕਿਸੇ ਸਿੰਘ ਦਾ ਸਿਰ ਵੱਢ ਕੇ ਲਿਆਏਗਾ, ਉਸ ਨੂੰ ਇਨਾਮ ਦਿੱਤਾ ਜਾਵੇਗਾ।

ਦੀਵਾਨ ਲਖਪਤ ਰਾਏ ਨੇ ਸ੍ਰੀ ਅੰਮ੍ਰਿਤਸਰ 'ਤੇ ਕਬਜ਼ਾ ਕਰ ਲਿਆ ਅਤੇ ਉਥੇ ਇਕ ਫ਼ੌਜੀ ਚੌਂਕੀ ਬਿਠਾ ਦਿੱਤੀ। ਉਸ ਨੇ ਨੌਸ਼ਿਹਰੇ ਦੇ ਨੇੜੇ-ਤੇੜੇ ਦੇ ਮੁਗ਼ਲ ਅਫਸਰਾਂ ਨੂੰ ਹਦਾਇਤ ਕੀਤੀ ਕਿ ਜੇ ਕੋਈ ਸਿੱਖ ਤਿਉਹਾਰ ਮਨਾਉਣ ਲਈ ਅੰਮ੍ਰਿਤਸਰ ਇਕੱਤਰ ਹੋਣ ਤਾਂ ਉਨ੍ਹਾਂ ਨੂੰ ਫੜ ਕੇ ਤਬਾਹ ਕਰ ਦਿੱਤਾ ਜਾਵਗੇ। ਸਿੰਘਾਂ ਦੇ ਦੂਰ-ਦੁਰਾਡੇ ਇਲਾਕਿਆਂ ਵਿੱਚ ਖਿੰਡੇ-ਪੁੰਡੇ ਹੋਣ ਕਾਰਨ ਬੁੱਢਾ ਦਲ ਲਈ ਗਸ਼ਤੀ ਫ਼ੌਜਾਂ ਦਾ ਮੁਕਾਬਲਾ ਕਰਨਾ ਔਖਾ ਹੋ ਗਿਆ। ਪ੍ਰੰਤੂ ਛੇਤੀ ਹੀ



SikhBookClub.Com

ਤਰੁਣਾ ਦਲ ਦੇ ਦਸਤੇ ਪੰਜਾਬ ਦੀਆਂ ਖ਼ਬਰਾਂ ਸੁਣ ਕੇ ਪਿਛਾਂਹ ਨੂੰ ਪਰਤ ਆਏ ਅਤੇ ਦੋਹਾਂ ਦਲਾਂ ਨੇ ਰਲ ਕੇ ਗਸ਼ਤੀ ਫ਼ੌਜਾਂ ਨੂੰ ਸੋਧਣਾ ਸ਼ੁਰੂ ਕਰ ਦਿੱਤਾ। ਲਾਹੌਰ ਦੇ ਲਾਗੇ ਹੁਜਰਾ ਸ਼ਾਹ ਮਕੀਮ ਪਾਸ ਖ਼ਾਲਸੇ ਦੀ ਭਾਰੀ ਜਿੱਤ ਹੋਈ ਅਤੇ ਇਸ ਲੜਾਈ ਵਿੱਚ ਦੀਵਾਨ ਲਖਪਤ ਰਾਏ ਦਾ ਭਤੀਜਾ ਦੁਨੀ ਚੰਦ ਅਤੇ ਦੋ ਉੱਘੇ ਫ਼ੌਜਦਾਰ ਜਮਾਲ ਖ਼ਾਨ ਅਤੇ ਤਾਤਾਰ ਖਾਨ ਮਾਰੇ ਗਏ ।[16]

ਇਤਨੀਆਂ ਸਖ਼ਤੀਆਂ ਦੇ ਬਾਵਜੂਦ ਸਿੰਘਾਂ ਦੀ ਦਿਨ-ਬ-ਦਿਨ ਚੜ੍ਹਦੀ ਕਲਾ ਨੂੰ ਵੇਖ ਕੇ ਜ਼ਕਰੀਆ ਖਾਂ ਇਤਨਾ ਘਬਰਾ ਗਿਆ ਕਿ ਉਸ ਨੂੰ ਸਮਝ ਨਹੀਂ ਆ ਰਹੀ ਸੀ ਕਿ ਇਨ੍ਹਾਂ ਨਾਲ ਕਿਵੇਂ ਨਜਿੱਠਿਆ ਜਾਵੇ। ਕੁਝ ਕੁ ਕਾਜ਼ੀਆਂ ਅਤੇ ਮੌਲਵੀਆਂ ਨੇ ਉਸ ਨੂੰ ਯਕੀਨ ਦਿਵਾਇਆ ਕਿ ਇਨ੍ਹਾਂ ਦੀ ਸ਼ਕਤੀ ਦਾ ਰਾਜ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਰੋਵਰ ਦਾ ਉਹ ਆਬੇ ਹਿਯਾਤ (ਅੰਮ੍ਰਿਤ) ਹੈ, ਜਿਸ ਨੂੰ ਪੀ ਕੇ ਅਤੇ ਜਿਸ ਵਿੱਚ ਇਸ਼ਨਾਨ ਕਰਕੇ ਇਹ ਮੌਤ ਨੂੰ ਵੀ ਖ਼ਾਤਰ ਵਿੱਚ ਨਹੀਂ ਲਿਆਂਦੇ, ਇਸ ਲਈ ਇਨ੍ਹਾਂ ਨੂੰ ਕੁਚਲਣ ਲਈ ਇਨ੍ਹਾਂ ਦੀ ਸ਼ਕਤੀ ਦਾ ਸੋਮਾ ਬੰਦ ਕੀਤਾ ਜਾਣਾ ਚਾਹੀਦਾ ਹੈ। ਇਸ 'ਤੇ ਯਕੀਨ ਕਰਕੇ ਜ਼ਕਰੀਆ ਖਾਂ ਨੇ ਕਾਜ਼ੀ ਅਬਦੁੱਲ ਰਜ਼ਾਕ ਅਤੇ ਮੁਹੰਤਕ ਬਖਸ਼ ਨੂੰ ਦੋ ਹਜ਼ਾਰ ਦੀ ਫ਼ੌਜ ਦੇ ਕੇ ਸਰੋਵਰ ਦੀ ਰਾਖੀ ਲਈ ਇਹ ਆਦੇਸ਼ ਦੇ ਕੇ ਭੇਜਿਆ ਕਿ ਕਿਸੀ ਸੂਰਤ ਵਿੱਚ ਵੀ ਕਿਸੀ ਸਿੱਖ ਨੂੰ ਨਾ ਤਾਂ ਇਥੇ ਨਹਾਉਣ ਦਿੱਤਾ ਜਾਵੇ ਅਤੇ ਨਾ ਹੀ ਇਕੱਤਰ ਹੋਣ ਦਿੱਤਾ ਜਾਵੇ। ਪਰੰਤੂ ਇਤਨੀ ਸਖ਼ਤੀ ਅਤੇ ਇਤਨੀਆਂ ਰੋਕਾਂ ਦੇ ਬਾਵਜੂਦ ਸਿੰਘ ਆਪਣੇ ਸਿਰ ਤਲੀ 'ਤੇ ਧਰ ਕੇ ਇਸ ਤਰ੍ਹਾਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵੱਲ ਖਿੱਚੇ ਆਉਂਦੇ ਸਨ, ਜਿਸ ਤਰ੍ਹਾਂ ਪ੍ਰਵਾਨੇ ਸ਼ਮ੍ਹਾ 'ਤੇ ਆ ਕੁਰਬਾਨ ਹੁੰਦੇ ਹਨ।

ਮੈਲਕਮ ਆਪਣੀ ਪੁਸਤਕ 'ਸਕੈਚ ਆਫ ਦੀ ਸਿੱਖਸ' ਵਿੱਚ ਲਿਖਦਾ ਹੈ ਕਿ:-

> "ਸਿੱਖ ਸਵਾਰ ਆਪਣੇ ਘੋੜਿਆਂ 'ਤੇ ਸਵਾਰ ਪੂਰੀ ਤੇਜ਼-ਰਫਤਾਰੀ ਨਾਲ ਸਰਪਟ ਆਪਣੇ ਪਵਿੱਤਰ ਅਸਥਾਨ (ਸ੍ਰੀ ਹਰਿਮੰਦਰ ਸਾਹਿਬ) ਵੱਲ ਆਉਂਦੇ ਅਕਸਰ ਦਿਖਾਈ ਦੇਂਦੇ ਸਨ। ਇਸ ਕੋਸ਼ਿਸ਼ ਵਿੱਚ ਉਹ ਕਈ ਵਾਰ ਮਾਰੇ ਵੀ ਜਾਂਦੇ ਸਨ ਅਤੇ ਕਈ ਵਾਰੀ ਫੜੇ ਵੀ ਜਾਂਦੇ ਸਨ। ਪਰ ਅਜਿਹੇ ਮੌਕਿਆਂ ਤੇ ਉਹ ਆਪਣੀ ਜਾਨ ਬਚਾਉਣ ਦੀ ਥਾਂ ਸ਼ਹੀਦੀ ਨੂੰ ਹੱਸ-ਹੱਸ ਪਰਵਾਨ ਕਰਦੇ ਸਨ।"

ਇਕ ਮੁਸਲਮਾਨ ਲਿਖਾਰੀ ਅਨੁਸਾਰ:-

> "ਸ੍ਰੀ ਅੰਮ੍ਰਿਤਸਰ ਵਲ ਜਾਂਦੇ ਕਿਸੀ ਇਕ ਸਿੱਖ ਦੀ ਮਿਸਾਲ ਵੀ ਨਹੀਂ ਮਿਲਦੀ ਜਿਸ ਨੇ ਗ੍ਰਿਫਤਾਰ ਹੋਣ ਤੇ ਆਪਣਾ ਧਰਮ ਤਿਆਗਣਾ ਪਰਵਾਨ ਕੀਤਾ ਹੋਵੇ।"[17]

ਇਸ ਹਕੀਕਤ ਦੀ ਪੁਸ਼ਟੀ ਕਰਦਿਆਂ ਖੁਸ਼ਵਕਤ ਰਾਇ ਆਪਣੀ ਪੁਸਤਕ ਵਿੱਚ ਲਿਖਦਾ ਹੈ ਕਿ:-



SikhBookClub.Com

"ਰਾਤ ਨੂੰ ਜਾਂ ਜਿਸ ਵੇਲੇ ਵੀ ਦਾਅ ਲੱਗੇ, ਸਿੱਖ ਸਰੋਵਰ ਵਿੱਚ ਛੇਤੀ-ਛੇਤੀ ਇਸ਼ਨਾਨ ਕਰ ਲੈਂਦੇ ਸਨ। ਇਸ ਨੱਠ-ਭੱਜ ਵਿੱਚ ਜਿਹੜਾ ਮੰਦ-ਭਾਗਾ ਕਿਸੇ ਸਿੱਖ ਨੂੰ ਰੋਕਣ ਦੀ ਕੋਸ਼ਸ਼ ਕਰਦਾ ਸੀ, ਉਹ ਆਪਣੀ ਜਾਨ ਗਵਾ ਬੈਠਦਾ ਸੀ।"[18]

1721 ਈ. ਵਿੱਚ ਮਾਤਾ ਸੁੰਦਰ ਕੌਰ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਸੰਭਾਲ ਅਤੇ ਸਿੰਘਾਂ ਦੀ ਅਗਵਾਈ ਵਾਸਤੇ ਸ੍ਰੀ ਅੰਮ੍ਰਿਤਸਰ ਭੇਜਿਆ ਸੀ, ਜਿਥੇ ਉਹ ਉਦੋਂ ਤੋਂ ਰਹਿ ਕੇ ਗੁਰੂ-ਘਰ ਦੀ ਸੇਵਾ ਅਤੇ ਮਾਤਾ ਜੀ ਦੀ ਆਗਿਆ ਦੀ ਪਾਲਣਾ ਕਰ ਰਹੇ ਸਨ।

1734 ਈ. ਵਿੱਚ ਭਾਈ ਮਨੀ ਸਿੰਘ ਜੀ ਨੇ ਸਰਕਾਰ ਨੂੰ ਪੰਜ ਹਜ਼ਾਰ ਰੁਪਏ ਦੇਣੇ ਕਰਕੇ ਦੀਵਾਲੀ ਦੇ ਮੌਕੇ 'ਤੇ ਸਿੰਘਾਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇਕੱਠੇ ਕਰਨ ਦਾ ਪ੍ਰੋਗਰਾਮ ਬਣਾਇਆ। ਲਾਹੌਰ ਦੇ ਹਾਕਮ ਨੇ ਇਹ ਮਨਜ਼ੂਰੀ ਤਾਂ ਦੇ ਦਿੱਤੀ ਮਗਰ ਉਸ ਦੇ ਮਨ ਵਿੱਚ ਇਹ ਖੋਟ ਸੀ ਕਿ ਇਸ ਅਵਸਰ 'ਤੇ ਇਕੱਠੇ ਹੋਏ ਸਿੰਘਾਂ 'ਤੇ ਹਮਲਾ ਕਰਕੇ ਉਨ੍ਹਾਂ ਨੂੰ ਮਾਰ ਮੁਕਾਇਆ ਜਾਵੇ। ਚੰਗੇ ਭਾਗਾਂ ਨੂੰ ਸਿੰਘਾਂ ਨੂੰ ਇਸ ਸਾਜਿਸ਼ ਦੀ ਸੂਹ ਲੱਗ ਗਈ ਤੇ ਇਸ ਕਾਰਨ ਦੀਵਾਲੀ ਦਾ ਮੇਲਾ ਨਾ ਭਰ ਸਕਿਆ। ਇਸ ਦਾ ਕਾਰਨ ਭਾਵੇਂ ਸਰਕਾਰ ਦੀ ਆਪਣੀ ਬਦਨੀਯਤੀ ਸੀ। ਪ੍ਰੰਤੂ ਇਸ ਦੇ ਬਾਵਜੂਦ 90 ਵਰ੍ਹੇ ਦੇ ਬਿਰਧ ਭਾਈ ਮਨੀ ਸਿੰਘ ਜੀ ਨੂੰ ਉਨ੍ਹਾਂ ਦੇ ਸਾਥੀਆਂ ਸਮੇਤ ਗ੍ਰਿਫ਼ਤਾਰ ਕਰਕੇ ਲਾਹੌਰ ਲਿਆਂਦਾ ਗਿਆ ਤੇ 24 ਜੂਨ, 1734 ਈ. ਨੂੰ ਦਸਮੇਸ਼ ਪਾਤਸ਼ਾਹ ਦੇ ਇਸ ਹਜ਼ੂਰੀ ਸਿੰਘ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ।

ਭਾਈ ਸਾਹਿਬ ਦੀ ਸ਼ਹੀਦੀ ਕੋਈ ਸਾਧਾਰਨ ਘਟਨਾ ਨਹੀਂ ਸੀ। ਸਮੂੰਹ ਸਿੱਖ ਜਗਤ ਵਿੱਚ ਉਨ੍ਹਾਂ ਪ੍ਰਤੀ ਅਥਾਹ ਸ਼ਰਧਾ ਅਤੇ ਸਤਿਕਾਰ ਸੀ। ਜਦ ਸਿੰਘਾਂ ਨੇ ਉਨ੍ਹਾਂ ਦੀ ਸ਼ਹੀਦੀ ਦਾ ਸੁਣਿਆ ਤਾਂ ਇਨ੍ਹਾਂ ਦੇ ਮਨਾਂ ਵਿੱਚ ਗੁੱਸਾ ਅਤੇ ਬਦਲੇ ਦੀ ਅੱਗ ਭੜਕ ਉੱਠੀ। ਭਾਈ ਸਾਹਿਬ ਦੇ ਭਤੀਜੇ ਭਾਈ ਅਘੜ ਸਿੰਘ ਨੇ ਅੰਮ੍ਰਿਤਸਰ 'ਚੋਂ ਹਾਕਮ ਅਬਦੁੱਲ ਰਜ਼ਾਕ ਤੇ ਕਾਜ਼ੀ ਨੂੰ ਕਤਲ ਕਰਕੇ ਕੁਝ ਬਦਲਾ ਤਾਂ ਛੇਤੀ ਹੀ ਚੁਕਾ ਦਿੱਤਾ ਅਤੇ ਸਿੰਘਾਂ ਦੇ ਜਥੇ ਥਾਂ-ਥਾਂ ਗਸ਼ਤੀ ਫ਼ੌਜਾਂ ਨੂੰ ਸੋਧਣ ਲੱਗ ਪਏ। ਇਸ ਪ੍ਰਕਾਰ ਭਾਈ ਮਨੀ ਸਿੰਘ ਜੀ ਸ਼ਹੀਦੀ ਉਪਰੰਤ ਸਾਰੇ ਪ੍ਰਾਂਤ ਵਿੱਚ ਫਤੂਰ ਜਿਹਾ ਮਚ ਗਿਆ। ਇਸੇ ਸਮੇਂ ਦੌਰਾਨ ਹੀ ਜ਼ੁਲਤ ਦੀਆਂ ਜੜ੍ਹਾਂ ਪੁੱਟਣ ਲਈ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਸੰਘਰਸ਼ ਸਰਗਰਮ ਹੋਇਆ।

## ਹਵਾਲੇ


1. Trumpp, *Translation of Sri Guru Granth Sahib*, p. XIX.
2. ਸਯਦ ਮੁਹੰਮਦ ਲਤੀਫ, *ਹਿਸਟਰੀ ਆਫ਼ ਪੰਜਾਬ*, ਪੰਨਾ ੩੧੫




SikhBookClub.Com

3. ਸ· ਪਿਆਰਾ ਸਿੰਘ ਪਦਮ, *ਸੰਖੇਪ ਸਿੱਖ ਇਤਿਹਾਸ*, ਪੰਨਾ ੯੫
4. ਪਿਆਰਾ ਸਿੰਘ ਪਦਮ, *ਸਿੱਖ ਇਤਿਹਾਸ*, ਪੰਨਾ ੯੩
5. ਸਾਧੂ ਗੋਬਿੰਦ ਸਿੰਘ (ਉਦਾਸੀ), *ਇਤਿਹਾਸ ਗੁਰੂ ਖ਼ਾਲਸਾ* (ਹਿੰਦੀ)
6. ਐਸ· ਆਰ· ਸ਼ਰਮਾ, *ਉਮਾਦ-ਉਤ-ਤਵਾਰੀਖ*, ਅੰਗਰੇਜ਼ੀ ਦਾ ਮੁੱਖ ਬੰਦ, ਭਾਗ ੮
7. ਪਿਆਰਾ ਸਿੰਘ ਪਦਮ, *ਸਾਡਾ ਇਤਿਹਾਸ*, ਪੰਨਾ ੯੧
8. ਡਾ· ਗੰਡਾ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਪੰਨਾ ੩੧ ਅਤੇ ਅਰਜਨ ਦਾਸ ਮਲਿਕ, *ਐਨ ਇੰਡੀਅਨ ਗੁਰੀਲਾ ਵਾਰ*, ਪੰਨਾ ੩੩
9. ਹਰੀ ਰਾਮ ਗੁਪਤਾ, *ਸਿੱਖ ਇਤਿਹਾਸ*, ਪੰਨਾ ੧
10. *ਰਾਜਾਜ਼ ਆਫ ਪੰਜਾਬ*, ਪੰਨਾ ੧੭
11. ਬਰਾਊਨ, *ਹਿਸਟਰੀ ਆਫ ਦੀ ਆਰੀਜਨ ਐਂਡ ਪ੍ਰੋਗਰਸ ਆਫ ਦੀ ਸਿਖਸ*
12. ਜੇ.ਐਸ. ਸੀਤਲ, *ਤਾਰੀਖਿ-ਪੰਜਾਬ*, ਪੰਜਾਬੀ ਅਨੁਵਾਦ, ਪੰਨਾ ੬0
13. ਇੰਦੂ ਭੂਸ਼ਨ ਬੇਨਰਜੀ, *ਹਕੀਕਤੇ ਬੀਨਾ ਵਾ ਉਰੂਜੇ ਫਿਰਕਾਏ ਸਿੱਖਾਂ* ਅਨੁਵਾਦ, ਪੰਨਾ ੧੦
14. ਕਿਰਪਾਲ ਸਿੰਘ ਨਾਰੰਗ, *ਪੰਜਾਬ ਦਾ ਇਤਿਹਾਸ*, ਪੰਨਾ ੨੬੪
15. ਉਹੀ, ਪੰਨਾ ੨੬੩
16. ਡਾ· ਗੰਡਾ ਸਿੰਘ, *ਸਰਦਾਰ ਜੱਸਾ ਸਿੰਘ ਆਹਲੂਵਾਲੀਆ*, ਪੰਨਾ ੪0
17. ਗਾਰਡਨ, *ਹਿਸਟਰੀ ਆਫ ਸਿਖਜ਼*, ਪੰਨਾ ੫੯
18. ਖੁਸ਼ਵੰਤ ਰਾਏ, ਪੰਨਾ ੭੧



SikhBookClub.Com

# ਸਰਦਾਰ ਜੱਸਾ ਸਿੰਘ ਆਹਲੂਵਾਲੀਆ

*—ਡਾ. ਬਲਕਾਰ ਸਿੰਘ*

ਜਿਸ ਸਾਲ (1718 ਈ.) ਸਰਦਾਰ ਜੱਸਾ ਸਿੰਘ ਦਾ ਜਨਮ ਹੋਇਆ ਸੀ, ਉਸ ਤੋਂ ਦੋ ਸਾਲ ਪਹਿਲਾਂ ਬਾਬਾ ਬੰਦਾ ਸਿੰਘ ਦੀ ਸ਼ਹੀਦੀ ਹੋਈ ਸੀ। ਇਤਿਹਾਸ ਵਿਚ ਇਹੋ ਜਿਹੀਆਂ ਦੇਵਨੇਤ ਵਾਪਰੀਆਂ ਘਟਨਾਵਾਂ ਲੈ ਕੇ ਵੱਡੇ ਬਿਰਤਾਂਤ ਸਿਰਜੇ ਜਾ ਸਕਦੇ ਹਨ। ਵੈਸਾਖੀ 1699 ਈ. ਨੂੰ ਦਸਮ ਪਾਤਸ਼ਾਹ ਹਜ਼ੂਰ ਵੱਲੋਂ ਪੰਥ ਦੀ ਸਾਜਨਾ ਦਾ ਅਵਸਰ ਪੈਦਾ ਕਰ ਕੇ, ਸਿੱਖ ਭਾਈਚਾਰੇ ਨੂੰ ਕੌਮ ਦੇ ਰੂਪ ਵਿਚ ਪ੍ਰਗਟ ਕਰ ਦਿੱਤਾ ਗਿਆ ਸੀ ਅਤੇ ਇੱਥੋਂ ਹੀ ਸਿੱਖਾਂ ਦਾ ਸਿਰਾਂ ਨਾਲ ਸਰਦਾਰੀਆਂ ਨਿਭਾਉਣ ਦਾ ਸਫਰ ਸ਼ੁਰੂ ਹੋ ਗਿਆ ਸੀ। ਜਿਸ ਮੰਤਵ ਲਈ ਗ੍ਰੰਥ ਅਤੇ ਪੰਥ ਦੇ ਦੋ ਕੰਢਿਆਂ ਵਿਚਕਾਰ ਖਾਲਸਾ ਵਹਾਅ ਨੂੰ ਪ੍ਰਚੰਡ ਕਰ ਦਿੱਤਾ ਗਿਆ ਸੀ, ਉਸ ਦਾ ਇਤਿਹਾਸ ਵਿਚ ਪ੍ਰਗਟਾਵਾ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਸ਼ੁਰੂ ਹੋ ਗਿਆ ਸੀ। ਇਹ ਸ਼ੁਰੂਆਤ ਗੁਰੂ ਸਾਹਿਬਾਨ ਦੀ ਥਾਂ 'ਤੇ ਸ਼ਬਦ-ਗੁਰੂ ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਪੰਥਕ-ਯਾਤਰਾ ਵਾਂਗ ਸ਼ੁਰੂ ਹੋ ਗਈ ਸੀ। ਇਹੀ ਸਮਾਂ ਸੀ ਜਦੋਂ ਪਹਿਲੀ ਵਾਰ ਧਰਮ ਦੇ ਇਤਿਹਾਸ ਵਿਚ ਅਜਿਹਾ ਵਾਪਰਨਾ ਸ਼ੁਰੂ ਹੋ ਗਿਆ ਸੀ, ਜਿਸ ਦਾ ਨਿਸ਼ਾਨਾ ਬੰਦੇ ਨੂੰ ਬੰਦੇ ਦੀ ਗ਼ੁਲਾਮੀ ਤੋਂ ਮੁਕਤ ਕਰਵਾਉਣ ਦੇ ਨਾਲ-ਨਾਲ ਪੰਥਕ ਪ੍ਰਚੰਡਤਾ ਨੂੰ ਸਾਹਮਣੇ ਲਿਆਉਣਾ ਵੀ ਸੀ। ਇਸ ਕਿਸਮ ਦੀ ਸਕਰਮਕ-ਧਾਰਮਿਕਤਾ ਦੀ ਮਿਸਾਲ ਨਾ ਇਸ ਤੋਂ ਪਹਿਲਾਂ ਤੇ ਨਾ ਇਸ ਤੋਂ ਪਿੱਛੋਂ ਧਰਮ ਦੇ ਇਤਿਹਾਸ ਵਿਚ ਮਿਲਦੀ ਹੈ। ਅਧਿਆਤਮਿਕ ਸੁਰ ਵਿਚ ਸਿਧਾਂਤ ਅਤੇ ਅਮਲ ਦੀ ਇਕਸੁਰਤਾ ਦੀ ਨੀਂਹ ਬੇਸ਼ੱਕ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਰੱਖੀ ਸੀ ਅਤੇ ਏਸੇ ਨੂੰ ਗੁਰੂ-ਜੋਤਿ ਅਤੇ ਗੁਰੂ-ਜੁਗਤਿ ਰਾਹੀਂ ਦਸਮ ਪਾਤਸ਼ਾਹ ਹਜ਼ੂਰ ਨੇ ਧਰਮ ਅਤੇ ਕੌਮ ਦੇ ਰੂਪ ਵਿਚ ਪ੍ਰਗਟ ਕਰ ਦਿੱਤਾ ਸੀ। ਵੇਈਂ ਨਦੀ ਪ੍ਰਵੇਸ਼ (1499 ਈ.) ਤੋਂ ਸ਼ੁਰੂ ਹੋਈ ਸਿੱਖ ਲਹਿਰ 17ਵੀਂ ਸਦੀ ਦੇ ਅਖੀਰ ਤਕ ਭਾਰਤ ਵਿਚ ਦੂਰ-ਦੂਰ ਤਕ ਆਪਣੇ ਪ੍ਰਭਾਵ ਅਤੇ ਪ੍ਰਗਟਾਵੇ ਦੇ ਰੂਪ ਵਿਚ ਪਹੁੰਚ ਚੁੱਕੀ ਸੀ। ਏਸੇ ਦਾ ਸਿੱਟਾ ਸੀ ਕਿ ਸਰਕਾਰੀ ਤੇ ਸਮਾਜਿਕ ਵਧੀਕੀਆਂ ਵਿਰੁੱਧ ਕੁਝ ਕਰਨ ਦੇ ਚਾਹਵਾਨ ਲੋਕ ਦਸਮ ਪਾਤਸ਼ਾਹ ਹਜ਼ੂਰ ਦੀ ਰਖਵਾਲੀ ਵਿਚ ਪਹੁੰਚਣੇ ਸ਼ੁਰੂ ਹੋ ਗਏ ਸਨ। ਪਹੁੰਚਣ ਵਾਲਿਆਂ ਵਿਚ ਸੂਰਮੇ, ਕਲਾਕਾਰ ਅਤੇ ਆਮ ਆਦਮੀ ਸ਼ਾਮਲ ਸਨ।



SikhBookClub.Com

ਵੈਸੇ ਤਾਂ ਇਹ ਵਰਤਾਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੇਲੇ ਤੋਂ ਨਾਬਰੀ-ਮੁਹਿੰਮ ਵਾਂਗ ਸ਼ੁਰੂ ਹੋ ਗਿਆ ਸੀ ਅਤੇ ਇਹੀ ਦਸਮ ਪਾਤਸ਼ਾਹ ਜੀ ਵੇਲੇ ਸਿਖ਼ਰ ਨੂੰ ਪਹੁੰਚਣ ਲੱਗ ਪਿਆ ਸੀ। ਆਹਲੂਵਾਲੀਆ ਖ਼ਾਨਦਾਨ ਦਾ ਬਜ਼ੁਰਗ ਰਾਣਾ ਤੁਲਸੀ ਰਾਜਸਥਾਨ ਤੋਂ ਇਸ ਕਰਕੇ ਪੰਜਾਬ ਆ ਗਿਆ ਸੀ, ਕਿਉਂਕਿ ਉੱਥੇ ਉਸ ਦਾ ਰਾਜਪੂਤ ਭਾਈਚਾਰਾ ਹੁਕਮਰਾਨ ਮੁਗ਼ਲ ਹਾਕਮਾਂ ਨਾਲ ਰੋਟੀ-ਬੇਟੀ ਦੀ ਸਾਂਝ ਪਾ ਕੇ ਗੋਡੇ ਟੇਕਣ ਦੇ ਹੱਕ ਵਿਚ ਨਹੀਂ ਸੀ। ਇਹੋ ਜਿਹੇ ਹਾਲਾਤ ਵਿਚ ਜੱਸਾ ਸਿੰਘ ਆਹਲੂਵਾਲੀਆ ਦੇ ਪੁਰਖਿਆਂ ਨੇ ਪਹਿਲਾਂ ਮਾਲਵੇ ਦੇ ਲੱਖੀ ਜੰਗਲ ਵਿਚ ਰਹਿਣਾ ਸ਼ੁਰੂ ਕਰ ਦਿੱਤਾ ਸੀ ਅਤੇ ਫਿਰ ਤਰਨਤਾਰਨ ਸਾਹਿਬ ਦੇ ਇਕ ਪਿੰਡ ਗੋਰਖ ਚੱਕ ਵਿਚ ਆ ਵੱਸੇ ਸਨ। ਏਸੇ ਖ਼ਾਨਦਾਨ ਵਿੱਚੋਂ ਦੁੱਲਾ ਭੱਟੀ ਦੀਆਂ ਨਾਬਰੀ ਮੁਹਿੰਮਾਂ ਦੀਆਂ ਕਹਾਣੀਆਂ ਪੰਜਾਬੀ ਮਾਨਸਿਕਤਾ ਵਿਚ ਵੱਸੀਆਂ ਹੋਈਆਂ ਹਨ। ਇਹ ਤਾਂ ਸਭ ਨੂੰ ਪਤਾ ਹੈ ਕਿ ਮਾਝੇ ਦਾ ਤਰਨਤਾਰਨ ਵਾਲਾ ਇਲਾਕਾ ਸਦਾ ਹੀ ਕਿਸਾਨੀ ਬਹੁਗਿਣਤੀ ਵਾਲਾ ਵੀ ਸੀ ਅਤੇ ਸਿੱਖ ਬਹੁਗਿਣਤੀ ਵਾਲਾ ਵੀ ਸੀ। ਏਸੇ ਇਲਾਕੇ ਵਿਚ ਆਹਲੂਵਾਲੀਆ ਦੇ ਪੁਰਖੇ ਰਾਜਸਥਾਨੀ ਪਿਛੋਕੜ ਨੂੰ ਪਿੱਛੇ ਛੱਡ ਕੇ ਸਿੱਖ-ਭਾਈਚਾਰੇ ਦਾ ਹਿੱਸਾ ਹੋ ਗਏ ਸਨ। ਏਸੇ ਖ਼ਾਨਦਾਨ ਦੇ ਵਡੇਰੇ ਭਾਈ ਸੈਨਾ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਵਧਾਵਾ ਸਿੰਘ ਛੇਵੇਂ ਪਾਤਸ਼ਾਹ ਹਜ਼ੂਰ ਦੀ ਫੌਜ ਦਾ ਹਿੱਸਾ ਰਹੇ ਸਨ। ਇਹ ਸਮਾਂ ਲੋੜ ਮੁਤਾਬਿਕ ਹਿਜਰਤ ਕਰਨ ਦਾ ਸੀ ਅਤੇ ਆਹਲੂਵਾਲੀਆ ਖ਼ਾਨਦਾਨ ਦੇ ਵਡੇਰੇ ਗੋਰਖ ਚੱਕ ਤੋਂ ਗੁੱਜਰ ਚੱਕ ਵਿਚ ਵੱਸ ਗਏ ਸਨ। ਇਸ ਖ਼ਾਨਦਾਨ ਨੇ ਭਾਈ ਗੰਡਾ ਸਿੰਘ ਦੀ ਅਗਵਾਈ ਵਿਚ ਆਪਣੀ ਸੁਤੰਤਰ ਸਰਦਾਰੀ ਸਥਾਪਿਤ ਕਰ ਲਈ ਸੀ ਅਤੇ ਸਮੇਂ ਦੀ ਹਕੂਮਤ ਤੋਂ ਸੁਤੰਤਰ ਵਿਚਰਦੇ ਰਹੇ ਸਨ। ਲਾਹੌਰ ਦੇ ਉਸ ਵੇਲੇ ਦੇ ਹਾਕਮ ਦਿਲਾਵਰ ਖਾਨ ਨੂੰ ਇਹ ਖ਼ਾਨਦਾਨ ਬਹੁਤ ਰੜਕਦਾ ਸੀ, ਪਰ ਉਸ ਦੀ ਪੇਸ਼ ਨਹੀਂ ਜਾਂਦੀ ਸੀ। ਉਸ ਨੇ ਸਿਆਸੀ ਫੈਸਲਾ ਲਿਆ ਅਤੇ ਸ. ਗੰਡਾ ਸਿੰਘ ਨੂੰ ਆਹਲੂ ਪਿੰਡ ਦੀ ਮਾਫੀ ਲਿਖ ਦਿੱਤੀ ਸੀ। ਅਸਲ ਵਿਚ ਉਸ ਨੂੰ ਅਜਿਹਾ ਕਰਨਾ ਪਿਆ ਸੀ। ਏਥੋਂ ਹੀ ਉਸ ਆਹਲੂਵਾਲੀਆ ਖ਼ਾਨਦਾਨ ਦੀ ਸ਼ੁਰੂਆਤ ਹੁੰਦੀ ਹੈ, ਜਿਸ ਦੇ ਹਵਾਲੇ ਨਾਲ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਬਾਰੇ ਚਰਚਾ ਕੀਤੀ ਜਾ ਰਹੀ ਹੈ।

ਆਹਲੂਵਾਲੀਆ ਖ਼ਾਨਦਾਨ ਦੇ ਇਕ ਬਜ਼ੁਰਗ ਸਾਧੂ ਸਿੰਘ ਦਾ ਪ੍ਰੇਮ ਉਸ ਦੇ ਨਾਨਕੇ ਪਿੰਡ ਦੀ ਕਲਾਲਾਂ ਦੀ ਲੜਕੀ ਨਾਲ ਹੋ ਗਿਆ ਸੀ ਅਤੇ ਏਸੇ ਨਾਲ ਵਿਆਹ ਹੋ ਜਾਣ ਤੋਂ ਬਾਅਦ ਇਸ ਖ਼ਾਨਦਾਨ ਨਾਲ 'ਕਲਾਲ' ਸ਼ਬਦ ਵੀ ਜੁੜ ਗਿਆ ਸੀ। ਕਲਾਲ ਭਾਈਚਾਰੇ ਦੀ ਮੰਗ ਤੇ ਸਾਧੂ ਸਿੰਘ ਨੇ ਇਹ ਵੀ ਮੰਨ ਲਿਆ ਸੀ ਕਿ ਅੱਗੇ ਤੋਂ ਆਹਲੂਵਾਲੀਆਂ ਦੀਆਂ ਸ਼ਾਦੀਆਂ ਕਲਾਲਾਂ ਨਾਲ ਹੀ ਹੋਇਆ ਕਰਨਗੀਆਂ। ਕਿਸੇ ਨਾ ਕਿਸੇ ਰੂਪ ਵਿਚ ਆਹਲੂਆਂ ਦੇ ਪੁਰਖੇ ਦੇ ਇਸ ਬਚਨ ਦੀ ਪਾਲਣਾ ਲਗਾਤਾਰ ਹੁੰਦੀ ਆ ਰਹੀ ਹੈ। ਸਰਦਾਰ ਜੱਸਾ ਸਿੰਘ ਦੇ ਪਿਤਾ ਸ. ਬਦਰ ਸਿੰਘ ਆਪਣੇ ਪਿਤਾ ਦੇਵਾ ਸਿੰਘ ਆਹਲੂਵਾਲੀਏ ਦੇ ਨਾਲ ਦਸਮ ਪਾਤਸ਼ਾਹ



SikhBookClub.Com

ਹਜ਼ੂਰ ਦੇ ਦਰਸ਼ਨ ਕਰ ਚੁੱਕੇ ਸਨ। ਇਨ੍ਹਾਂ ਨੇ ਅੰਮ੍ਰਿਤ ਵੀ ਗੁਰੂ ਜੀ ਦੇ ਹਜ਼ੂਰੀ ਸਿੰਘਾਂ ਤੋਂ ਛਕਿਆ ਸੀ। ਬਦਰ ਸਿੰਘ ਦੀ ਸ਼ਾਦੀ ਸ. ਬਾਘ ਸਿੰਘ ਦੀ ਭੈਣ ਨਾਲ ਹੋਈ ਸੀ। ਇਹ ਬੀਬੀ ਵੀ ਅੰਮ੍ਰਿਤਧਾਰੀ ਸਿੰਘਣੀ ਸੀ ਅਤੇ ਆਪਣੇ ਸਹਿਜ ਵਿਸ਼ਵਾਸ ਅਤੇ ਸਿੱਖ ਵਚਨਬੱਧਤਾ ਕਰਕੇ ਜਾਣੀ ਜਾਂਦੀ ਸੀ। ਇਨ੍ਹਾਂ ਦੇ ਘਰ ਸਰਦਾਰ ਜੱਸਾ ਸਿੰਘ ਨੇ 1718 ਈ. ਵਿਚ ਜਨਮ ਲਿਆ ਸੀ। ਮੰਨਿਆ ਜਾਂਦਾ ਹੈ ਕਿ ਜੱਸਾ ਸਿੰਘ ਦੇ ਜਨਮ ਵਿਚ ਦਸਮ ਪਾਤਸ਼ਾਹ ਜੀ ਦੀ ਇਹ ਅਸੀਸ ਸ਼ਾਮਲ ਸੀ ਕਿ "ਵਾਹਿਗੁਰੂ ਅਕਾਲ ਪੁਰਖ ਦੀ ਅਰਾਧਨਾ ਕਰੋ, ਸਾਧ ਸੰਗਤ ਦੀ ਸੇਵਾ ਕਰੋ, ਗੁਰੂ ਨਾਨਕ ਦਾ ਧਿਆਨ ਧਰੋ, ਗੁਰੂ ਅੰਗ ਸੰਗ ਹੈ, ਤੁਹਾਡਾ ਪੁੱਤਰ ਗੁਰੂ ਕਾ ਲਾਲ ਹੋਵੇਗਾ।"[1] ਇਸ ਸਮੇਂ ਦੇ ਸਿੱਖ-ਸੰਘਰਸ਼ ਦੀ ਸਿਖਰ ਬਾਬਾ ਬੰਦਾ ਸਿੰਘ ਦੀ ਸ਼ਹੀਦੀ (1716 ਈ.) ਸੀ ਅਤੇ ਸਿੱਖਾਂ ਦੇ ਸਿਦਕ ਅਤੇ ਬਹਾਦਰੀ ਦੇ ਇਮਤਿਹਾਨ ਦਾ ਵੀ ਇਹੀ ਸਮਾਂ ਸੀ। ਇਹੀ ਸਮਾਂ ਸੀ ਜਦੋਂ ਮਹਾਰਾਜਾ ਰਣਜੀਤ ਸਿੰਘ ਦੇ ਦਾਦਾ ਚੜ੍ਹਤ ਸਿੰਘ ਦਾ ਜਨਮ ਹੋਇਆ ਸੀ। ਏਸੇ ਸਮੇਂ ਵਿਚ ਮਿਸਲਾਂ ਦੇ ਸੰਸਥਾਪਕ ਜਨਮ ਲੈ ਰਹੇ ਸਨ। ਇਸੇ ਸਮੇਂ ਵਿਚ ਸਿੱਖਾਂ ਨੇ ਪੰਥਕ ਫੁਲਵਾੜੀ ਨੂੰ ਆਪਣੇ ਲਹੂ ਨਾਲ ਸਿੰਜਣ ਦੀਆਂ ਵੱਡੀਆਂ ਪਿਰਤਾਂ ਪਾਈਆਂ ਸਨ। ਇਹੀ ਸਮਾਂ ਸੀ ਜਦੋਂ ਬਾਲਕ ਜੱਸਾ ਸਿੰਘ ਅਜੇ ਤਿੰਨ ਸਾਲਾਂ ਦੇ ਸਨ ਅਤੇ ਉਨ੍ਹਾਂ ਦੇ ਪਿਤਾ ਬਦਰ ਸਿੰਘ ਚੜ੍ਹਾਈ ਕਰ ਗਏ ਸਨ। ਸਰਕਾਰੀ ਜ਼ੁਲਮ ਤੋਂ ਬਚਣ ਦੀਆਂ ਕੋਸ਼ਿਸ਼ਾਂ ਨੂੰ ਭਾਣੇ ਵਾਂਗ ਹੰਢਾਉਂਦਿਆਂ ਮਾਂ-ਪੁੱਤ ਨੇ ਮਾਤਾ ਸੁੰਦਰੀ ਜੀ ਦੀ ਸ਼ਰਨ ਵਿਚ ਦਿੱਲੀ ਜਾਣ ਦਾ ਫੈਸਲਾ ਕਰ ਲਿਆ ਸੀ। ਪੰਜ ਸਾਲਾਂ ਦੀ ਉਮਰ ਵਿਚ (1723 ਈ.) ਮਾਂ-ਪੁੱਤ ਦਿੱਲੀ ਪਹੁੰਚ ਗਏ ਸਨ ਅਤੇ ਓਥੇ ਸੱਤ ਕੁ ਸਾਲ ਰਹੇ ਸਨ। ਮਾਂ, ਬਹੁਤ ਸੁਰੀਲਾ ਕੀਰਤਨ ਕਰਦੀ ਸੀ ਅਤੇ ਬਾਲਕ ਜੱਸਾ ਸਿੰਘ ਵੀ ਉਨ੍ਹਾਂ ਦੀ ਸੰਗਤ ਕਰਦਾ ਸੀ। ਏਥੇ ਹੀ ਬਾਲਕ ਨੇ ਮਕਤਬ ਵਿਚ ਜਾ ਕੇ ਫ਼ਾਰਸੀ ਪੜ੍ਹੀ ਸੀ ਅਤੇ ਸਿੱਖੀ ਦੇ ਰੰਗ ਵਿਚ ਲਗਾਤਾਰ ਰੰਗੀਜਦੇ ਗਏ ਸਨ। ਜੱਸਾ ਸਿੰਘ ਦੇ ਮਾਮੇ ਸ. ਬਾਘ ਸਿੰਘ ਦੀ ਕੋਈ ਔਲਾਦ ਨਹੀਂ ਸੀ ਅਤੇ ਉਹ ਆਪਣੇ ਭਾਣਜੇ ਨੂੰ ਹੀ ਆਪਣਾ ਵਾਰਸ ਮੰਨਣ ਲੱਗ ਪਏ ਸਨ। ਜਿਵੇਂ ਹੀ ਪੰਜਾਬ ਦੇ ਹਾਲਾਤ ਕੁਝ ਸੁਧਰਨੇ ਸ਼ੁਰੂ ਹੋਏ ਸਨ ਅਤੇ ਸਿੱਖ ਸਰਦਾਰਾਂ ਦੀ ਚੜ੍ਹਤ ਹੋਣ ਲੱਗੀ ਸੀ ਤਾਂ ਮਾਮੇ ਨੇ ਭਾਣਜੇ ਨੂੰ ਪੰਜਾਬ ਲੈ ਕੇ ਆਉਣ ਦਾ ਮਨ ਬਣਾ ਲਿਆ ਸੀ। ਇਹ ਤਾਂ ਕੁਦਰਤੀ ਹੈ ਕਿ ਦਿੱਲੀ ਰਹਿੰਦਿਆਂ ਜੱਸਾ ਸਿੰਘ ਨੇ ਪੰਥ ਦੀ ਮਾਤਾ ਸਾਹਿਬ ਕੌਰ ਦੀ ਸੰਗਤ ਵੀ ਮਾਣੀ ਹੋਏਗੀ। ਮਾਤਾ ਸੁੰਦਰੀ ਜੀ ਨੇ ਮਾਂ-ਪੁੱਤ ਨੂੰ ਪੰਜਾਬ ਜਾਣ ਦੀ ਆਗਿਆ ਦੇ ਦਿੱਤੀ ਸੀ ਅਤੇ ਜੱਸਾ ਸਿੰਘ ਨੂੰ ਵਿਦਾਇਗੀ ਵਜੋਂ ਇਕ ਤੇਗ, ਇਕ ਗੁਰਜ, ਢਾਲ, ਕਮਾਨ, ਤੀਰਾਂ ਦਾ ਭੱਥਾ, ਪੁਸ਼ਾਕਾਂ ਅਤੇ ਚਾਂਦੀ ਦੀ ਚੋਬ ਅਰਥਾਤ ਆਸਾ ਬਖਸ਼ ਕੇ ਅਸੀਸ ਦਿੱਤੀ ਸੀ—"ਤੇਰੇ ਔਰ ਤੇਰੀ ਸੰਤਾਨ ਆਗੇ ਆਸਿਆਂ ਵਾਲੇ (ਚੋਬਦਾਰ) ਚਲਿਆ ਕਰਨਗੇ।"[2] ਅਸੀਸਾਂ ਦੇ ਮੀਂਹ ਵਿਚ ਭਿੱਜਿਆ ਹੋਇਆ ਜੱਸਾ ਸਿੰਘ ਆਪਣੇ ਨਾਨਕੇ ਪਰਤ ਆਇਆ ਸੀ।



SikhBookClub.Com

ਮਾਤਾ ਸੁੰਦਰੀ ਜੀ ਦੀ ਮੁਹੱਬਤੀ ਸ਼ਰਨ ਵਿੱਚੋਂ ਨਿਕਲ ਕੇ ਸ. ਕਪੂਰ ਸਿੰਘ ਦੀ ਇਮਤਿਹਾਨੀ ਸ਼ਰਨ ਵਿਚ ਜਾਣ ਦੇ ਅਵਸਰ ਨਾਲ ਸਰਦਾਰ ਜੱਸਾ ਸਿੰਘ ਦੀ ਪੰਥਕ ਹੋਣੀ ਦੀਆਂ ਪੈੜਾਂ ਉਘੜਣੀਆਂ ਸ਼ੁਰੂ ਹੋ ਗਈਆਂ ਸਨ। ਓਨ੍ਹੀਂ ਦਿਨੀਂ ਸ. ਕਪੂਰ ਸਿੰਘ ਕਰਤਾਰਪੁਰ ਦੀ ਜੂਹ ਵਿਚ ਟਿਕੇ ਹੋਏ ਸਨ ਅਤੇ ਸਿੱਖ ਸੰਗਤਾਂ ਉਨ੍ਹਾਂ ਨੂੰ ਹਰ ਕਿਸਮ ਦੀ ਅਗਵਾਈ ਅਤੇ ਸਹਾਇਤਾ ਵਾਸਤੇ ਮਿਲਦੀਆਂ ਰਹਿੰਦੀਆਂ ਸਨ। ਸਿੱਖ ਭਾਈਚਾਰੇ ਵਿਚ ਉਨ੍ਹਾਂ ਦੀ ਸਾਖ ਭਜਨੀਕ ਗੁਰਸਿੱਖ, ਦਲੇਰ ਆਗੂ ਅਤੇ ਸੂਰਬੀਰ ਜੋਧੇ ਵਜੋਂ ਸਥਾਪਿਤ ਹੋ ਚੁੱਕੀ ਸੀ। ਮਾਮਾ ਬਾਘ ਸਿੰਘ ਇਕ ਦਿਨ ਆਪਣੀ ਭੈਣ ਅਤੇ ਜੱਸਾ ਸਿੰਘ ਨੂੰ ਲੈ ਕੇ ਨਵਾਬ ਕਪੂਰ ਸਿੰਘ ਨੂੰ ਮਿਲਣ ਗਏ, ਉੱਥੇ ਸਵੇਰੇ ਅੰਮ੍ਰਿਤ ਵੇਲੇ ਸਜੇ ਹੋਏ ਦੀਵਾਨ ਵਿਚ ਮਾਂ ਪੁੱਤ ਨੇ 'ਆਸਾ ਦੀ ਵਾਰ' ਦਾ ਕੀਰਤਨ ਕੀਤਾ ਸੀ। ਇਸ ਦਾ ਪ੍ਰਭਾਵ ਇਹ ਪਿਆ ਸੀ ਕਿ ਸੰਗਤਾਂ ਦੇ ਕਹਿਣ 'ਤੇ ਮਾਂ ਤੇ ਪੁੱਤ ਮਹੀਨਾ ਭਰ ਉੱਥੇ ਹੀ ਟਿਕੇ ਰਹੇ ਸਨ ਅਤੇ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ ਸਨ। ਇਹੀ ਸਮਾਂ ਸੀ ਜਦੋਂ ਬਚਪਨ ਵਿੱਚੋਂ ਜਵਾਨੀ ਵੱਲ ਨੂੰ ਖਿਸਕਦੇ ਜੱਸਾ ਸਿੰਘ ਨੇ ਨਵਾਬ ਸਾਹਿਬ ਦੇ ਦਿਲ 'ਤੇ ਅਜਿਹਾ ਅਸਰ ਕੀਤਾ ਕਿ ਉਨ੍ਹਾਂ ਨੇ ਬਾਲਕ ਦੇ ਮਾਂ ਅਤੇ ਮਾਮੇ ਤੋਂ ਪੰਥਕ ਸੇਵਾ ਵਾਸਤੇ ਜੱਸਾ ਸਿੰਘ ਨੂੰ ਆਪਣੇ ਕੋਲ ਰੱਖਣ ਦੀ ਮੰਗ ਕਰ ਲਈ ਸੀ। ਇਹੋ ਜਿਹੇ ਸੁਭਾਗੇ ਅਵਸਰ ਵਿਰਲਿਆਂ ਨੂੰ ਹੀ ਮਿਲਦੇ ਹਨ ਅਤੇ ਇਸ ਦਿਨ ਤੋਂ ਜੱਸਾ ਸਿੰਘ ਨੂੰ ਨਵਾਬ ਸਾਹਿਬ ਦੇ ਧਰਮ-ਪੁੱਤਰ ਵਜੋਂ ਜਾਣਿਆ ਜਾਣ ਲੱਗ ਪਿਆ ਸੀ। ਨਵਾਬ ਸਾਹਿਬ ਨੇ ਖ਼ੁਦ ਪੰਜ ਪਿਆਰਿਆਂ ਵਿਚ ਸ਼ਾਮਲ ਹੋ ਕੇ ਜੱਸਾ ਸਿੰਘ ਨੂੰ ਅੰਮ੍ਰਿਤ ਛਕਾਇਆ ਸੀ। ਨਵਾਬੀ ਪ੍ਰਵਾਨ ਕਰਨ ਵੇਲੇ ਖਾਲਸੇ ਦੇ ਘੋੜਿਆਂ ਦੀ ਜੋ ਸੇਵਾ ਪੰਥ ਤੋਂ ਨਵਾਬ ਸਾਹਿਬ ਨੇ ਮੰਗ ਕੇ ਲਈ ਸੀ, ਓਹੀ ਸੇਵਾ ਉਨ੍ਹਾਂ ਨੇ ਆਪ ਜੱਸਾ ਸਿੰਘ ਨੂੰ ਸੌਂਪ ਦਿੱਤੀ ਸੀ ਅਤੇ ਨਾਲ ਹੀ ਇਹ ਅਸੀਸ ਦਿੱਤੀ ਸੀ "ਭੁਝੰਗੀਆ, ਨਿਹਾਲ। ਇਤਨੀ ਛੋਟੀ ਉਮਰ ਵਿਚ ਵੀ ਤੂੰ ਇਤਨਾ ਹੁਸ਼ਿਆਰ ਅਤੇ ਆਗਿਆਕਾਰ ਹੈਂ। ਨਿਹਾਲ।"[3] ਇਹੀ ਸਮਾਂ ਸੀ ਜਦੋਂ ਸਰਕਾਰੀ ਦਮਨ ਨਾਲ ਜੂਝਣ ਦੇ ਪੰਥਕ ਪੈਂਤੜੇ ਸਾਹਮਣੇ ਆ ਰਹੇ ਸਨ। ਜੰਗਲ ਬੇਲੇ ਲੁਕ ਛਿਪ ਕੇ ਸੰਘਰਸ਼ ਕਰਨ ਵਾਲੇ ਸਿੱਖ ਗੱਭਰੂਆਂ ਦੇ ਜੁਝਾਰੂ ਜਥੇ ਨੂੰ "ਰਾਠ ਸਿੰਘ" ਕਿਹਾ ਜਾਣ ਲੱਗ ਪਿਆ ਸੀ ਅਤੇ ਚੁੱਪ-ਚਾਪ ਸਮਾਜ ਵਿਚ ਵਿਚਰਦਿਆਂ ਦਸਾਂ ਨਹੁੰਆਂ ਦੀ ਕਿਰਤ ਕਰਦੇ ਗੁਰੂਕਿਆਂ ਨੂੰ "ਗੁਰਮੁਖ" ਕਿਹਾ ਜਾਂਦਾ ਸੀ। ਭਾਣਾ ਮੰਨ ਕੇ ਚੜ੍ਹਦੀ ਕਲਾ ਵਿਚ ਰਹਿਣ ਵਾਸਤੇ ਇਸ ਸਮੇਂ ਨੂੰ ਮਿਸਾਲ ਮੰਨਿਆ ਜਾ ਸਕਦਾ ਹੈ। ਏਸੇ ਸਮੇਂ ਵਿਚ ਜੂਝਣ ਦੀਆਂ ਦੋ ਵਿਧੀਆਂ ਬੁੱਢਾ ਦਲ ਅਤੇ ਤਰੁਣਾ ਦਲ ਸਾਹਮਣੇ ਆ ਗਈਆਂ ਸਨ। ਬੁੱਢਾ ਦਲ ਦੀ ਅਗਵਾਈ ਨਵਾਬ ਸਾਹਿਬ ਕੋਲ ਸੀ ਅਤੇ ਤਰੁਣਾ ਦਲੀਏ ਪੰਜ ਹਿੱਸਿਆਂ ਵਿਚ ਵੰਡ ਦਿੱਤੇ ਗਏ ਸਨ। ਇਸ ਵੇਲੇ ਜੱਸਾ ਸਿੰਘ ਦੀ ਉਮਰ ਕੇਵਲ 12 ਸਾਲ ਸੀ ਅਤੇ ਉਹ ਨਵਾਬ ਸਾਹਿਬ ਦੇ ਸਹਾਇਕ ਦੀ ਭੂਮਿਕਾ ਨਿਭਾ ਰਹੇ ਸਨ। ਨਵਾਬੀ ਮਿਲਣ ਵੇਲੇ ਉਹ 16 ਵਰ੍ਹਿਆਂ



SikhBookClub.Com

ਦੇ ਸਨ। ਇਸ ਨਾਲ ਸ. ਕਪੂਰ ਸਿੰਘ ਨੇ ਪੰਥਕ ਅਗਵਾਈ ਅੰਮ੍ਰਿਤਸਰ ਤੋਂ ਕਰਨੀ ਸ਼ੁਰੂ ਕਰ ਦਿੱਤੀ ਸੀ। ਬਾਣੀ ਪੜ੍ਹਣ ਅਤੇ ਸ਼ਸ਼ਤਰ ਵਿੱਦਿਆ ਸਿੱਖਣ ਨੂੰ ਅਹਿਮੀਅਤ ਦੇ ਸਕਣ ਦਾ ਵੀ ਇਹੀ ਸਮਾਂ ਸੀ ਅਤੇ ਆਹਲੂਵਾਲੀਆ ਸਾਹਿਬ ਨੇ ਇਸ ਦਾ ਖ਼ੂਬ ਲਾਹਾ ਲਿਆ ਸੀ।

ਸਰਦਾਰ ਜੱਸਾ ਸਿੰਘ ਦੇ ਜੀਵਨ ਵਿਚ ਮੁਹਿੰਮ-ਮੁਕਤ ਸਮਾਂ ਕਦੇ ਆਇਆ ਹੀ ਨਹੀਂ ਸੀ। ਉਹ 17 ਸਾਲ ਦੇ ਸਨ ਜਦੋਂ ਪੰਥ ਨੂੰ ਨਵਾਬੀ ਨਾਲ ਮਿਲੀ ਹੋਈ ਜਾਗੀਰ ਤਤਕਾਲ ਮੁਗ਼ਲੀਆ ਹਾਕਮ ਜ਼ਕਰੀਆ ਖਾਨ ਨੇ ਜ਼ਬਤ ਕਰ ਲਈ ਸੀ ਅਤੇ ਨਾਲ ਹੀ ਸ੍ਰੀ ਅੰਮ੍ਰਿਤਸਰ ਦੇ ਦਰਸ਼ਨਾਂ 'ਤੇ ਵੀ ਪਾਬੰਦੀ ਲਾ ਦਿੱਤੀ ਗਈ ਸੀ। ਇਹੀ ਸਮਾਂ ਭਾਈ ਮਨੀ ਸਿੰਘ ਦੀ ਸ਼ਹੀਦੀ (1734 ਈ.) ਦਾ ਵੀ ਸੀ। ਇਹੀ ਸਮਾਂ ਭਾਰਤ ਤੇ ਨਾਦਰ ਸ਼ਾਹ ਦੇ ਹਮਲੇ ਦਾ ਵੀ ਸੀ ਅਤੇ ਨਾਦਰ ਸ਼ਾਹ ਦੀ ਲੁੱਟ ਦੀ ਲੁੱਟ (1739 ਈ.) ਸਰਦਾਰ ਜੱਸਾ ਸਿੰਘ ਦੀ ਅਗਵਾਈ ਵਿਚ ਏਸੇ ਸਮੇਂ ਕੀਤੀ ਗਈ ਸੀ। ਏਸੇ ਦੇ ਸਿੱਟੇ ਵਜੋਂ ਨਾਦਰ ਸ਼ਾਹ ਨੂੰ ਇਹ ਟਿੱਪਣੀ ਕਰਨੀ ਪਈ ਸੀ ਕਿ "ਇਨ੍ਹਾਂ ਤੋਂ ਡਰਨਾ ਚਾਹੀਦਾ ਹੈ। ਉਹ ਸਮਾਂ ਲਾਗੇ ਹੀ ਹੈ ਜਦ ਇਹ ਸਿਰ ਕੱਢਣਗੇ ਅਤੇ ਇਸ ਮੁਲਕ ਦੇ ਵਾਲੀ ਬਣ ਜਾਣਗੇ" (ਅਹਿਮਦਸ਼ਾਹ ਅਬਦਾਲੀ)। ਇਹ ਸਮਾਂ ਮੱਸੇ ਰੰਘੜ ਦੀ ਚੜ੍ਹਤ ਦਾ ਸੀ ਅਤੇ ਉਸ ਦਾ ਸਿਰ ਵੱਢਣ (1740 ਈ.) ਦਾ ਵੀ ਸੀ। ਇਹੀ ਸਮਾਂ ਬਾਬਾ ਬੋਤਾ ਸਿੰਘ ਅਤੇ ਬਾਬਾ ਗਰਜਾ ਸਿੰਘ ਦਾ ਸੀ। ਇਹੀ ਸਮਾਂ ਭਾਈ ਤਾਰੂ ਸਿੰਘ ਦੀ ਸ਼ਹੀਦੀ (1745 ਈ.) ਦਾ ਸੀ। ਇੱਥੋਂ ਹੀ ਸ਼ੁਰੂ ਹੁੰਦਾ ਹੈ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਸਿਆਸੀ ਸਫ਼ਰ ਅਤੇ ਏਸੇ ਵਿਚ ਸ਼ਾਮਲ ਰਹਿੰਦੀ ਗੁਰੂ ਦੀ ਬਖਸ਼ੀ ਹੋਈ ਪੰਥਕਤਾ। ਏਸੇ ਸਮੇਂ ਦੀ ਹਕੂਮਤ ਦੇ ਸਾਰੇ ਸਿਆਸੀ ਹੱਥਕੰਡੇ ਸਿੱਖਾਂ ਦੀ ਚੜ੍ਹਤ ਨੂੰ ਨਹੀਂ ਰੋਕ ਸਕੇ ਸਨ। ਹਾਲਾਂਕਿ ਸਿੱਖਾਂ ਦੇ ਘਰ ਵੀ ਘੋੜਿਆਂ ਦੀਆਂ ਕਾਠੀਆਂ 'ਤੇ ਹੀ ਸਨ। ਵੇਖਣ ਨੂੰ ਲੱਗਦੈ ਇਸ ਸੰਕਟ ਕਾਲ ਨਾਲ ਸਿੱਖਾਂ ਦਾ ਇਹ ਯਕੀਨ ਹੋਰ ਵੀ ਪੱਕਾ ਹੋ ਗਿਆ ਸੀ ਕਿ ਉਨ੍ਹਾਂ ਨੂੰ ਪਾਤਸ਼ਾਹੀ ਗੁਰੂ ਨੇ ਬਖਸ਼ੀ ਹੋਈ ਹੈ ਅਤੇ ਇਹ ਸਾਰੇ ਸੰਕਟ ਗੁਰੂ ਜੀ ਦੀਆਂ ਬਖਸ਼ਿਸ਼ਾਂ ਤਕ ਪਹੁੰਚਣ ਦਾ ਇਮਤਿਹਾਨ ਹੀ ਹਨ। ਏਸੇ ਤਰ੍ਹਾਂ ਦੀ ਅਸੀਸ ਨਵਾਬ ਸਾਹਿਬ ਨੇ ਸਰਦਾਰ ਜੱਸਾ ਸਿੰਘ ਨੂੰ ਇਹ ਕਹਿ ਕੇ ਦਿੱਤੀ ਸੀ ਕਿ "ਮੈਨੂੰ ਇਸ ਗਰੀਬ ਨਿਵਾਜ਼ ਪੰਥ ਨੇ ਨਵਾਬ ਬਣਾ ਦਿੱਤਾ ਹੈ, ਤੈਨੂੰ, ਕੀ ਪਤਾ, ਪਾਤਸ਼ਾਹੀ ਬਖਸ਼ ਦੇਣ।"[4] ਸਰਦਾਰ ਜੱਸਾ ਸਿੰਘ ਦੇ ਗੁਣ, ਪੰਥਕ ਸੁਰ ਵਿਚ ਉਸ ਦੀ ਸ਼ਖ਼ਸੀਅਤ ਨੂੰ ਨਿਖਾਰਦੇ ਚਲੇ ਗਏ ਸਨ ਅਤੇ ਜੰਗਾਂ ਵਿਚ ਸਭ ਨਾਲੋਂ ਅੱਗੇ ਲੜਣ ਦੇ ਜਜ਼ਬੇ ਨੇ ਉਸ ਨੂੰ 'ਸੁਲਤਾਨ-ਉਲ-ਕੌਮ' ਬਣਾ ਦਿੱਤਾ ਸੀ। ਦੋਹਾਂ ਹੀ ਘੱਲੂਘਾਰਿਆਂ ਵਿਚ ਜੱਸਾ ਸਿੰਘ ਦੀ ਅਹਿਮ ਭੂਮਿਕਾ ਰਹੀ ਸੀ। ਪੱਤਾ-ਪੱਤਾ ਅਤੇ ਵੱਟਾ-ਵੱਟਾ ਸਿੱਖਾਂ ਦਾ ਵੈਰੀ ਹੋਇਆ ਪਿਆ ਸੀ। ਪਰ ਸਿੱਖ-ਚੜ੍ਹਤ ਦਾ ਵਹਾਅ ਨਿਰੰਤਰ ਵਹੀ ਜਾ ਰਿਹਾ ਸੀ। ਜਿਵੇਂ-ਜਿਵੇਂ ਸਰਦਾਰ ਜੱਸਾ ਸਿੰਘ ਦੀ ਉਮਰ ਵਧ ਰਹੀ ਸੀ ਤਿਵੇਂ-ਤਿਵੇਂ ਪੰਥਕ ਦੁਸ਼ਵਾਰੀਆਂ



SikhBookClub.Com

ਵੀ ਵਧਦੀਆਂ ਜਾ ਰਹੀਆਂ ਸਨ। ਨਾਦਰ ਸ਼ਾਹ ਵਾਂਗ ਅਹਿਮਦਸ਼ਾਹ ਨੇ ਭਾਰਤ 'ਤੇ ਹਮਲੇ 1748 ਈ. ਵਿਚ ਸ਼ੁਰੂ ਕਰ ਦਿੱਤੇ ਸਨ ਅਤੇ ਉਸ ਨਾਲ ਸਭ ਨਾਲੋਂ ਪਹਿਲਾ ਮੁਕਾਬਲਾ ਸਿੰਘਾਂ ਨੂੰ ਹੀ ਕਰਨਾ ਪੈਂਦਾ ਰਿਹਾ ਸੀ। ਜੱਸਾ ਸਿੰਘ ਆਹਲੂਵਾਲੀਆ ਦੀ ਉਮਰ ਉਸ ਵੇਲੇ 56 ਸਾਲ ਦੀ ਸੀ ਅਤੇ ਇਸ ਵੇਲੇ ਤਕ ਉਹ ਪੰਥ ਵਿਚਕਾਰ 'ਸੁਲਤਾਨ-ਉਲ-ਕੌਮ' ਵਾਂਗ ਵਿਚਰ ਰਹੇ ਸਨ। ਕਮਾਲ ਇਹ ਸੀ ਕਿ ਨਵਾਬ ਕਪੂਰ ਸਿੰਘ ਵੀ ਨਾਲ ਹੀ ਜੂਝ ਰਹੇ ਸਨ। ਬੜੀ ਦੇਰ ਤੋਂ ਸ੍ਰੀ ਅੰਮ੍ਰਿਤਸਰ 'ਤੇ ਮੁਗ਼ਲਾਂ ਦਾ ਕਬਜ਼ਾ ਸੀ ਅਤੇ ਇਸ ਨੂੰ ਸਰਦਾਰ ਜੱਸਾ ਸਿੰਘ ਦੀ ਅਗਵਾਈ ਵਿਚ 1747 ਈ. ਵਿਚ ਛੁਡਾ ਲਿਆ ਗਿਆ ਸੀ ਅਤੇ ਦੇਰ ਪਿੱਛੋਂ ਵੈਸਾਖੀ ਪੰਥਕ ਸੁਰ ਵਿਚ ਮਨਾਈ ਗਈ ਸੀ। ਸਿੱਖੀ 'ਤੇ ਹਮਲੇ, ਸਿੱਖ ਪਛਾਣ 'ਤੇ ਹਮਲੇ ਅਤੇ ਸਿੱਖ ਸੰਸਥਾਵਾਂ 'ਤੇ ਹਮਲੇ ਲਗਾਤਾਰ ਹੋ ਰਹੇ ਸਨ ਅਤੇ ਇਸ ਹਾਲਤ ਵਿਚ ਜਦੋਂ ਕੂਟਨੀਤਕ ਚਲਾਕੀਆਂ ਤਹਿਤ ਸਿੱਖਾਂ ਨੂੰ ਸਿਆਸੀ ਜਾਲ ਵਿਚ ਫਸਾਉਣ ਦੀ ਕੋਸ਼ਿਸ਼ ਹੁੰਦੀ ਸੀ ਤਾਂ ਸਰਦਾਰ ਜੱਸਾ ਸਿੰਘ ਦਾ ਇਹੀ ਜਵਾਬ ਹੁੰਦਾ ਸੀ ਕਿ ਖਾਲਸੇ ਨੂੰ ਰਾਜ ਗੁਰੂ ਨੇ ਦੇਣਾ ਹੈ ਅਤੇ ਉਸ ਵਾਸਤੇ ਸੰਘਰਸ਼ ਕੀਤਾ ਜਾ ਰਿਹਾ। ਸਰਦਾਰ ਸਾਹਿਬ ਨੇ ਕੇਵਲ ਦੀਵਾਨ ਕੌੜਾ ਮੱਲ 'ਤੇ ਹੀ ਭਰੋਸਾ ਕੀਤਾ ਸੀ ਅਤੇ ਓਸੇ ਦੇ ਯਤਨਾਂ ਸਦਕਾ ਸਮੇਂ ਦੀ ਹਕੂਮਤ ਨੂੰ ਸਿੰਘਾਂ ਨਾਲ ਰਲ ਕੇ ਤੁਰਨਾ ਪਿਆ ਸੀ। ਡਾ. ਗੰਡਾ ਸਿੰਘ ਦੇ ਹਵਾਲੇ ਨਾਲ ਸਿੰਘਾਂ ਦੀ ਚੜ੍ਹਤ ਵੱਲ ਦੀਵਾਨ ਕੌੜਾ ਮੱਲ ਦੇ ਹਵਾਲੇ ਨਾਲ ਇਸ਼ਾਰਾ ਹੋ ਜਾਂਦਾ ਹੈ: "ਦੀਵਾਨ ਕੌੜਾ ਮੱਲ ਇਸ ਸਫਰ ਵਿਚ ਹਰ ਰੋਜ਼ ਕੜਾਹ ਪ੍ਰਸ਼ਾਦ ਦੇ ਬਾਟੇ ਲੈ ਕੇ ਖਾਲਸੇ ਦੇ ਦੀਵਾਨ ਵਿਚ ਹਾਜ਼ਰ ਹੁੰਦਾ ਅਤੇ ਗੁਰਸਿੱਖਾਂ ਵਾਂਗੂ ਰਹਰਾਸਿ ਅਤੇ ਅਰਦਾਸ ਸੁਣਦਾ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਕਹਿਣ ਪਰ ਦੀਵਾਨ ਨੇ ਨਨਕਾਣਾ ਸਾਹਿਬ ਦਾ ਬਾਲ ਲੀਲ੍ਹਾ ਗੁਰਦੁਆਰਾ ਬਣਾ ਦੇਣਾ ਪਰਵਾਨ ਕਰ ਲਿਆ। ਕੌੜਾ ਮੱਲ ਨਿਹੰਗ ਸਿੰਘਾਂ ਨੂੰ ਹਰ ਰੋਜ਼ ਮਿੱਠੀਆਂ ਸ਼ਰਦਾਈਆਂ ਦੇ ਖ਼ੂਬ ਗਹਿਰੇ ਗੱਫੇ ਛਕਾਉਂਦਾ ਅਤੇ ਸਿੰਘ ਜੀ ਪ੍ਰਸੰਨ ਹੋ ਕੇ ਉਸ ਨੂੰ "ਮਿੱਠਾ ਮੱਲ" ਦੇ ਨਾਮ ਨਾਲ ਬੁਲਾਉਂਦੇ।"[5] ਇਨ੍ਹਾਂ ਉਤਰਾਵਾਂ-ਚੜ੍ਹਾਵਾਂ ਵਿਚ ਸਿਰਲੱਥ ਪੰਥਕ ਸੂਰਮਿਆਂ ਦੀ ਪੰਥਕ ਫ਼ਸਲ ਵਿੱਚੋਂ 1753 ਈ. ਵਿਚ ਨਵਾਬ ਕਪੂਰ ਸਿੰਘ ਅਕਾਲ ਚਲਾਣਾ ਕਰ ਗਏ ਸਨ। ਸਰਦਾਰ ਜੱਸਾ ਸਿੰਘ, ਨਵਾਬ ਸਾਹਿਬ ਦੇ ਹਰ ਤਰ੍ਹਾਂ ਵਾਰਸ ਵਜੋਂ ਜਾਣੇ ਜਾਂਦੇ ਸਨ। ਪੰਥ ਨੇ ਏਸੇ ਨੂੰ ਮਾਨਤਾ ਦੇਂਦਿਆਂ 1754 ਈ. ਵਿਚ ਅਕਾਲ ਤਖਤ ਸਾਹਿਬ ਤੇ ਹੋਏ ਪੰਥਕ ਇਕੱਠ ਵਿਚ ਗੁਰਮਤਾ ਕਰ ਕੇ ਖਾਲਸੇ ਦਾ ਰਾਜਸੀ ਅਤੇ ਧਾਰਮਿਕ ਆਗੂ ਸਰਦਾਰ ਜੱਸਾ ਸਿੰਘ ਨੂੰ ਥਾਪਿਆ ਅਤੇ ਨਾਲ ਹੀ ਸਰਕਾਰ ਦੀ ਥਾਂ ਪੰਥ ਵੱਲੋਂ 'ਨਵਾਬ' ਦਾ ਖ਼ਿਤਾਬ ਬਖ਼ਸ਼ਿਸ਼ ਕੀਤਾ।[6]

ਇਹ ਠੀਕ ਹੈ ਕਿ ਸੰਘਰਸ਼ ਕਰਦੇ ਸਿੰਘਾਂ ਨੇ ਵੱਖ-ਵੱਖ ਇਲਾਕਿਆਂ 'ਤੇ ਕਬਜ਼ੇ ਬਾਬਾ ਬੰਦਾ ਸਿੰਘ ਦੇ ਸਮੇਂ ਤੋਂ ਹੀ ਕਰਨੇ ਸ਼ੁਰੂ ਕਰ ਲਏ ਸਨ, ਪਰ ਇਨ੍ਹਾਂ ਕਬਜ਼ਿਆਂ ਨੂੰ ਪ੍ਰਬੰਧਕੀ ਵਿਧੀ ਵਿਚ ਢਾਲਣ ਦਾ ਕੰਮ ਸਰਦਾਰ ਜੱਸਾ ਸਿੰਘ ਨੇ ਹੀ



SikhBookClub.Com

ਕੀਤਾ ਸੀ। ਖਾਲਸੇ ਦੀਆਂ ਮਿਸਲਾਂ ਅਤੇ ਮਿਸਲਾਂ ਦਾ 'ਰਾਖੀ ਪ੍ਰਬੰਧ' ਵੀ ਉਨ੍ਹਾਂ ਦੀ ਹੀ ਦੇਣ ਸੀ। ਮਿਸਲਦਾਰਾਂ ਵਿੱਚੋਂ ਉਹ ਸਭ ਨਾਲੋਂ ਵੱਧ ਪੜ੍ਹੇ-ਲਿਖੇ ਸਨ ਅਤੇ ਇਸ ਗੁਣ ਨੂੰ ਉਨ੍ਹਾਂ ਨੇ ਮਿਸਲਦਾਰੀ ਪ੍ਰਬੰਧ ਨੂੰ ਪੱਕੇ ਪੈਰੀਂ ਕਰਨ ਵਾਸਤੇ ਖ਼ੂਬ ਵਰਤਿਆ ਸੀ। ਮਿਸਲਦਾਰੀ ਪ੍ਰਬੰਧ ਸਥਾਪਿਤ ਕਰਨ ਤੋਂ ਪਹਿਲਾਂ ਸਰਦਾਰੀਆਂ ਦੇ ਦਾਅਵੇਦਾਰ ਸਿੱਖਾਂ ਦੀ ਗਿਣਤੀ ਪੰਜ ਦਰਜਨ ਤੋਂ ਵੀ ਵੱਧ ਗਈ ਸੀ ਅਤੇ ਇਸ ਨਾਲ ਬੇਲੋੜੀ ਸ਼ਰੀਕੇਬਾਜ਼ੀ ਦੀਆਂ ਸੰਭਾਵਨਾਵਾਂ ਬਣੀਆਂ ਰਹਿੰਦੀਆਂ ਸਨ। ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਵਿਚ ਇਨ੍ਹਾਂ ਸਰਦਾਰੀਆਂ ਨੂੰ ਜਗੀਰਦਾਰੀਆਂ ਵਿਚ ਢਾਲ ਕੇ ਗਿਣਤੀ ਬਾਰ੍ਹਾਂ ਪ੍ਰਵਾਨ ਕਰ ਲਈ ਗਈ ਸੀ। ਸਰਦਾਰ ਜੱਸਾ ਸਿੰਘ ਇਨ੍ਹਾਂ ਵਿੱਚੋਂ ਮਿਸਲ ਆਹਲੂਵਾਲੀਆ ਦੇ ਮੋਢੀ ਹੋ ਗਏ ਸਨ ਅਤੇ ਇਸ ਜਗੀਦਾਰੀ ਵਿਚ ਜਲੰਧਰੋਂ ਉੱਤਰ ਲਹਿੰਦੇ, ਲਹਿੰਦੇ ਅਤੇ ਦੱਖਣ ਲਹਿੰਦੇ ਵੱਲ ਬਿਆਸਾ ਦੇ ਚੜ੍ਹਦੇ ਸਤਲੁਜ ਦੇ ਸੰਗਮ ਤਕ ਦਾ ਇਲਾਕਾ ਸ਼ਾਮਲ ਸੀ। ਕੁਝ ਪਿੰਡ ਪਾਰ ਦੱਖਣ ਵਿਚ ਭੀ ਸਨ ਅਤੇ ਕੁਝ ਹੁਸ਼ਿਆਰਪੁਰ ਦੇ ਜ਼ਿਲ੍ਹੇ ਵਿਚ ਹਰਿਆਣੇ ਦੇ ਉੱਤਰ ਲਹਿੰਦੇ ਨੂੰ ਭੁੰਗੇ ਦੇ ਆਲੇ-ਦੁਆਲੇ ਸਨ। ਕੁਝ ਪਿੰਡ ਸ੍ਰੀ ਅੰਮ੍ਰਿਤਸਰ ਵਿਚ ਤਰਨ ਤਾਰਨ ਦੇ ਲਾਗੇ ਵੀ ਸਨ।[7] ਮਿਸਲਦਾਰੀਆਂ ਦੀਆਂ ਫਰਦਾਂ ਬਣਾਉਣ ਦਾ ਕੰਮ ਸਰਦਾਰ ਜੱਸਾ ਸਿੰਘ ਨੇ ਹੀ ਸ਼ੁਰੂ ਕੀਤਾ ਸੀ ਅਤੇ ਇਸ ਨਾਲ ਕੋਈ ਵੀ ਮਿਸਲਦਾਰ ਇਕ ਦੂਜੇ ਵਿਚ ਬੇਲੋੜੀ ਦਖਲਅੰਦਾਜ਼ੀ ਦੀਆਂ ਸੰਭਾਵਨਾਵਾਂ ਤੋਂ ਬਚਿਆ ਰਹਿੰਦਾ ਸੀ। 'ਰਾਖੀ ਪ੍ਰਬੰਧ' ਵਾਸਤੇ ਵੀ ਏਸੇ ਨੂੰ ਵਰਤਿਆ ਜਾਂਦਾ ਸੀ ਅਤੇ ਹਰ ਸਾਲ ਸ੍ਰੀ ਅਕਾਲ ਤਖਤ ਸਾਹਿਬ 'ਤੇ ਇਕੱਠੇ ਹੋ ਕੇ ਜਗੀਰਦਾਰੀਆਂ ਨਾਲ ਸੰਬੰਧਿਤ ਦੁਸ਼ਵਾਰੀਆਂ ਨੂੰ ਸੁਲਝਾਅ ਲਿਆ ਜਾਂਦਾ ਸੀ, ਇਸ ਨਾਲ ਲੋਕਤੰਤਰ ਦਾ ਸਿੱਖ ਰੰਗ ਸਾਹਮਣੇ ਆਉਣ ਲੱਗ ਪਿਆ ਸੀ ਅਤੇ ਸਿੱਖ ਜਗੀਰਦਾਰੀਆਂ ਨੂੰ ਮਿਸਲ-ਜਥੇਦਾਰਾਂ ਵਜੋਂ ਲੋਕਾਂ ਦੇ ਹਿੱਤ ਵਾਂਗ ਮਾਨਤਾ ਮਿਲਣ ਲੱਗ ਪਈ ਸੀ। ਵੱਡੀਆਂ ਮੁਹਿੰਮਾਂ ਨੂੰ ਪੰਥਕ ਮੁਹਿੰਮ ਸਮਝ ਕੇ ਸਾਰੇ ਮਿਸਲੰਦਾਰ ਇਕੱਠੇ ਹੋ ਜਾਂਦੇ ਸਨ। ਆਮ ਆਦਮੀ ਨੂੰ ਇਨ੍ਹਾਂ ਮਿਸਲਦਾਰੀਆਂ ਨੇ ਕੀ ਦਿੱਤਾ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਕਿ ਇਸ ਨਾਲ "ਖਾਧਾ ਪੀਤਾ ਲਾਹੇ ਦਾ, ਬਾਕੀ ਅਹਿਮਦ ਸ਼ਾਹੇ ਦਾ" ਵਾਲਾ ਮੁਹਾਵਰਾ ਬਦਲ ਕੇ ਇਸ ਖਿੱਤੇ ਨੂੰ "ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਮ 'ਤੇ" ਵਾਲੇ ਰਾਹ ਪਾ ਦਿੱਤਾ ਗਿਆ ਸੀ। ਇਸ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਭੂਮਿਕਾ ਬਹੁਤ ਅਹਿਮ ਸੀ।

ਇਸਲਾਮੀ ਆਤੰਕਣ (ਜ਼ੁਲਮ ਦੇ ਭੈ) ਨੂੰ ਆਮ ਪੰਜਾਬੀਆਂ ਦੇ ਅੰਦਰੋਂ ਕੱਢਣ ਵਾਸਤੇ ਸਿੱਖ-ਸੰਘਰਸ਼ ਨੇ ਵੱਡੀ ਭੂਮਿਕਾ ਨਿਭਾਈ ਸੀ। ਇਹੋ ਜਿਹੇ ਹਾਲਾਤ ਵਿਚ ਵਧੀਕੀਆਂ ਦੀਆਂ ਸੰਭਾਵਨਾਵਾਂ ਬਣੀਆਂ ਰਹਿੰਦੀਆਂ ਹਨ, ਪਰ ਸਰਦਾਰ ਜੱਸਾ ਸਿੰਘ ਦੀ ਅਗਵਾਈ ਵਿਚ ਜੰਗੀ ਨੈਤਿਕਤਾ ਨੂੰ ਸਿੱਖ ਰੰਗ ਵਿਚ ਬਹਾਲ ਕਰਨ ਦੀਆਂ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਸਨ। ਬਹਾਦਰੀ ਦੀ ਕਦਰ ਕੀਤੀ ਜਾਂਦੀ ਸੀ ਅਤੇ ਜੰਗ ਦੇ ਮੈਦਾਨ ਵਿਚ ਸੂਰਮਿਆਂ ਵਾਂਗ ਮਰਨ ਵਾਲਿਆਂ



SikhBookClub.Com

ਦੁਸ਼ਮਣਾਂ ਦੀ ਵੀ ਕਦਰ ਕੀਤੀ ਜਾਂਦੀ ਸੀ। ਸਿੱਖ-ਸੰਘਰਸ਼ ਨਾਲ ਇਹ ਪ੍ਰਭਾਵ ਆਮ ਬੰਦੇ ਤਕ ਪਹੁੰਚ ਗਿਆ ਸੀ ਕਿ ਸਿੱਖਾਂ ਦੇ ਹੁੰਦਿਆਂ ਸਰਕਾਰੀ ਤਸ਼ੱਦਦ ਨਾਲ ਪੰਜਾਬੀਆਂ ਦੀ ਮਾਨਸਿਕਤਾ ਨੂੰ ਨਹੀਂ ਤੋੜਿਆ ਜਾ ਸਕਦਾ। ਸਰਦਾਰ ਜੱਸਾ ਸਿੰਘ ਦੀ ਅਗਵਾਈ ਵਿਚ ਖਾਲਸੇ ਨੇ ਹਮਲਾ ਕਰ ਕੇ ਲਾਹੌਰ ਦੀਆਂ ਬਾਹਰਲੀਆਂ ਬਸਤੀਆਂ 'ਤੇ ਕਬਜ਼ਾ ਕਰ ਲਿਆ ਸੀ ਅਤੇ ਲਾਹੌਰ ਦੇ ਹਾਕਮ ਮੀਰ ਮੁਹੰਮਦ ਖਾਨ ਕੋਲੋਂ 1760 ਈ. ਵਿਚ ਤੀਹ ਹਜ਼ਾਰ ਨਜ਼ਰਾਨਾ ਵਸੂਲ ਕੀਤਾ ਸੀ। ਇਸ ਰਕਮ ਨੂੰ 'ਕੜਾਹ ਪ੍ਰਸ਼ਾਦ' ਵਾਸਤੇ ਭੇਟਾ ਦਾ ਨਾਮ ਦਿੱਤਾ ਗਿਆ ਸੀ। ਇਹ ਕਦਮ ਨਿਰਸੰਦੇਹ ਸਿੱਖ ਰਾਜ ਵੱਲ ਜਾਂਦੇ ਕਦਮਾਂ ਵਿੱਚੋਂ ਇਕ ਗਿਣਿਆ ਜਾ ਸਕਦਾ ਹੈ। ਇਹੀ ਸਮਾਂ ਸੀ ਜਦੋਂ ਅਬਦਾਲੀ ਦੀ ਕੈਦ ਵਿੱਚੋਂ ਕੈਦੀਆਂ ਨੂੰ ਛੁਡਾਇਆ ਗਿਆ ਸੀ ਅਤੇ ਇਨ੍ਹਾਂ ਵਿਚ ਬਾਈ ਸੌ ਹਿੰਦੂ ਇਸਤਰੀਆਂ ਸ਼ਾਮਲ ਸਨ। ਇਹ ਦੇਵਨੇਤ ਹੀ ਸਮਝੋ ਕਿ ਇਨ੍ਹਾਂ ਹਿੰਦੂ ਇਸਤਰੀਆਂ ਦੇ ਵਾਰਸਾਂ ਨੂੰ ਜਦੋਂ ਕਿਸੇ ਪਾਸਿਉਂ ਸਹਾਇਤਾ ਨਹੀਂ ਮਿਲੀ ਸੀ ਤਾਂ ਉਹ ਕਸ਼ਮੀਰੀ ਪੰਡਤਾਂ ਵਾਂਗ ਪੰਥਕ ਪੁਰਖਿਆਂ ਕੋਲ ਸ੍ਰੀ ਅੰਮ੍ਰਿਤਸਰ ਪਹੁੰਚ ਗਏ ਸਨ। ਖਾਲਸੇ ਨੇ ਗੁਰੂ ਦਾ ਜਿਊਂਦਾ ਜਾਗਦਾ ਰੂਪ ਹੋਣ ਦਾ ਸਬੂਤ ਦੇਂਦਿਆਂ ਸਰਦਾਰ ਜੱਸਾ ਸਿੰਘ ਦੀ ਅਗਵਾਈ ਵਿਚ ਬੰਧਕ ਇਸਤਰੀਆਂ ਨੂੰ ਛੁਡਾ ਕੇ ਘਰੋਂ-ਘਰ ਪਹੁੰਚਾਇਆ ਸੀ। ਇਸ ਨਾਲ ਭਾਰਤੀ ਮਾਨਸਿਕਤਾ ਵਿਚ ਸਰਦਾਰ ਜੱਸਾ ਸਿੰਘ ਦੀ ਨਿਸ਼ਕਾਮ ਬਹਾਦਰੀ ਦੇ ਚਰਚੇ 'ਬੰਦੀ ਛੋੜ' ਪੰਥਕ ਆਗੂ ਵਜੋਂ ਹੋਣ ਲੱਗ ਪਏ ਸਨ। (ਵਿਸਥਾਰ ਲਈ ਕਨ੍ਹਈਆ ਲਾਲ ਕਪੂਰ ਦੀ ਪੁਸਤਕ 'ਤਾਰੀਖਿ ਪੰਜਾਬ' ਅਤੇ ਗਿਆਨੀ ਗਿਆਨ ਸਿੰਘ ਦੀ ਪੁਸਤਕ 'ਸ਼ਮਸ਼ੇਰ ਖਾਲਸਾ' ਵੇਖੀ ਜਾ ਸਕਦੀ ਹੈ)। ਇਹੀ ਸਮਾਂ ਸੀ ਜਦੋਂ ਪੰਥ ਨੇ ਆਹਲੂਵਾਲੀਆ ਸਾਹਿਬ ਨੂੰ 'ਸੁਲਤਾਨ-ਉਲ-ਕੌਮ' ਦੀ ਪਦਵੀ ਨਾਲ ਨਿਵਾਜਿਆ ਸੀ ਅਤੇ ਬਾਬਾ ਬੰਦਾ ਸਿੰਘ ਵੱਲੋਂ ਜਾਰੀ ਕੀਤਾ ਸਿੱਕਾ (ਦੇਗ਼ ਓ ਤੇਗ਼ ਓ ਫਤਹਿ ਓ ਨੁਸਰਤ ਬੇਦਰੰਗ/ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ) ਫਿਰ ਤੋਂ ਜਾਰੀ ਕੀਤਾ ਗਿਆ ਸੀ। ਕੁਝ ਹਵਾਲੇ ਇਹੋ ਜਿਹੇ ਵੀ ਮਿਲਦੇ ਹਨ, ਜਿਨ੍ਹਾਂ ਮੁਤਾਬਿਕ ਅਬਦਾਲੀ ਤੋਂ ਜੱਸਾ ਸਿੰਘ ਵੱਲੋਂ ਰਾਜ ਖੋਹ ਲੈਣ ਦੀ ਗੱਲ ਜਾਰੀ ਕੀਤੇ ਗਏ ਸਿੱਕੇ ਵਿਚ ਸ਼ਾਮਲ ਸੀ (ਸਿੱਕਾ ਜ਼ਦ ਦਰ ਜਹਾਂ ਬਾ ਫਜ਼ਲਿ ਅਕਾਲ/ ਮੁਲਕਿ ਅਹਿਮਦ ਗ੍ਰਿਫਤ ਜੱਸਾ ਕਲਾਲ)।8 ਇਹੀ ਸਮਾਂ ਸੀ ਜਦੋਂ ਮੁਗ਼ਲ ਹਾਕਮ ਕਿਲ੍ਹਿਆਂ ਤਕ ਸੀਮਿਤ ਸ਼ਾਹੀ ਜ਼ਿੰਦਗੀ ਦੇ ਤਲਿੱਸਮੀ ਅਹਿਸਾਸ ਵਿਚ ਜਿਊਣ ਲਈ ਮਜਬੂਰ ਹੋ ਗਏ ਸਨ ਅਤੇ ਲੋਕਾਂ 'ਤੇ ਰਾਜ ਖਾਲਸੇ ਦਾ ਹੋ ਜਾਣ ਦੇ ਸੰਕੇਤ ਸਾਹਮਣੇ ਆਉਣ ਲੱਗ ਪਏ ਸਨ। ਇੱਥੋਂ ਤਕ ਪਹੁੰਚਣ ਦਾ ਰਸਤਾ ਕਿੰਨਾ ਬਿਖਮ ਸੀ, ਇਸ ਦਾ ਅੰਦਾਜ਼ਾ ਵੱਡੇ ਘੱਲੂਘਾਰੇ ਅਤੇ ਛੋਟੇ ਘੱਲੂਘਾਰੇ ਤੋਂ ਲਾਇਆ ਜਾ ਸਕਦਾ ਹੈ। ਸ. ਰਤਨ ਸਿੰਘ (ਭੰਗੂ) ਦੀ 'ਪ੍ਰਾਚੀਨ ਪੰਥ ਪ੍ਰਕਾਸ਼' ਵਿੱਚੋਂ ਇਸ ਟੂਕ ਨਾਲ ਇਸ ਪਾਸੇ ਇਸ਼ਾਰਾ ਵੀ ਹੋ ਜਾਂਦਾ ਹੈ ਅਤੇ ਪੁਸ਼ਟੀ ਵੀ ਹੋ ਜਾਂਦੀ ਹੈ:



SikhBookClub.Com

**ਜੱਸਾ ਸਿੰਘ ਖਾਏ ਬਾਈ ਘਾਇ।**
**ਤੋ ਭੀ ਸਿੰਘ ਜੀ ਲੜਤੋ ਜਾਇ।**

ਪੰਥਕ ਧਿਰਾਂ ਵਿਚ ਇਹ ਵਿਸ਼ਵਾਸ ਪੱਕਾ ਹੋ ਗਿਆ ਸੀ ਕਿ ਗੁਰੂ ਵੱਲੋਂ ਪੰਥ ਨੂੰ ਬਖ਼ਸ਼ੀ ਹੋਈ ਹਰ ਮੈਦਾਨ ਫਤਿਹ ਨੂੰ ਕੋਈ ਨਹੀਂ ਰੋਕ ਸਕਦਾ। ਏਸੇ ਜਜ਼ਬੇ ਤਹਿਤ ਅਬਦਾਲੀ ਦੀ ਲਾਹੌਰ ਵਿਖੇ ਹਾਜ਼ਰੀ ਵਿਚ ਹੀ ਜੱਸਾ ਸਿੰਘ ਦੀ ਅਗਵਾਈ ਵਿਚ ਸਰਹਿੰਦ ਜਿੱਤ (1764) ਲਈ ਗਈ ਸੀ। ਘੱਲੂਘਾਰਿਆਂ ਦਾ ਬਦਲਾ ਉਸੇ ਤਰ੍ਹਾਂ ਸਰਹਿੰਦ ਫਤਿਹ ਕਰ ਕੇ ਲਿਆ ਗਿਆ ਸੀ ਜਿਵੇਂ ਬਾਬਾ ਬੰਦਾ ਸਿੰਘ ਬਹਾਦਰ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਸਰਹਿੰਦ ਫਤਿਹ ਕਰ ਕੇ ਲਿਆ ਸੀ। ਸਰਹਿੰਦ ਦੀ ਜਿੱਤ ਨਾਲ ਹੱਥ ਆਈ ਆਰਥਿਕ ਹਿੱਸੇਦਾਰੀ ਵਜੋਂ ਸਰਦਾਰ ਜੱਸਾ ਸਿੰਘ ਨੇ ਨੌਂ ਲੱਖ ਰੁਪਏ ਸਾਰਿਆਂ ਮਿਸਲਦਾਰਾਂ ਦੀ ਹਾਜ਼ਰੀ ਵਿਚ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੀ ਮੁੜ ਉਸਾਰੀ ਵਾਸਤੇ ਦੇ ਦਿੱਤੇ ਸਨ ਅਤੇ ਹੋਰ ਮਾਇਆ ਵਾਸਤੇ ਗੁਰੂ ਦੇ ਨਾਮ 'ਤੇ ਚਾਦਰ ਵਿਛਾ ਦਿੱਤੀ ਸੀ। ਇਸ ਨਾਲ ਦੋ ਗੱਲਾਂ ਸਾਹਮਣੇ ਆ ਗਈਆਂ ਸਨ। ਇਕ ਇਹ ਕਿ ਪੰਥਕਤਾ ਵਿਚ ਸ੍ਰੀ ਹਰਿਮੰਦਰ ਸਾਹਿਬ, ਗੁਰਦੁਆਰਾ ਸੰਸਥਾ ਦਾ ਰੋਲ ਮਾਡਲ ਹੈ ਅਤੇ ਸਿੱਖ ਵਿਸ਼ਵਾਸ ਦਾ ਪ੍ਰਾਣ ਕੇਂਦਰ ਹੈ। ਦੂਜਾ ਇਹ ਕਿ ਗੁਰਦੁਆਰਾ ਸੰਸਥਾ ਨੂੰ ਰਾਜਸੀ ਪ੍ਰਾਪਤੀਆਂ ਨਾਲੋਂ ਵੀ ਪੰਥਕਤਾ ਵਿਚ ਸਦਾ ਪਹਿਲ ਪ੍ਰਾਪਤ ਰਹੀ ਹੈ। ਇਸ ਦੀ ਦੂਜੀ ਮਿਸਾਲ ਵੀ ਸਰਦਾਰ ਆਹਲੂਵਾਲੀਆ ਸਾਹਿਬ ਦੀ ਅਗਵਾਈ ਵਿਚ ਹੀ ਮਿਲਦੀ ਹੈ, ਜਦੋਂ ਦਿੱਲੀ ਦੇ ਰਾਜ ਨਾਲੋਂ ਪਹਿਲ, ਦਿੱਲੀ ਦੇ ਗੁਰਦੁਆਰਾ ਸਾਹਿਬਾਨ ਨੂੰ ਦਿੱਤੀ ਗਈ ਸੀ। ਸ੍ਰੀ ਦਰਬਾਰ ਸਾਹਿਬ ਨੂੰ ਮੁੜ ਉਸਾਰਨ ਦੀ ਸੇਵਾ ਦੀ ਜ਼ਿੰਮੇਵਾਰੀ ਭਾਈ ਦੇਸ ਰਾਜ ਬਿਧੀਚੰਦੀਏ ਨੂੰ ਸੌਂਪੀ ਗਈ ਸੀ। ਇਸ ਨਾਲ ਇਸ ਸਚਾਈ ਵੱਲ ਸੰਕੇਤ ਹੋ ਜਾਂਦਾ ਹੈ ਕਿ ਸਰਦਾਰ ਜੱਸਾ ਸਿੰਘ ਦੀ ਅਗਵਾਈ ਵਿਚ ਸਿੱਖ ਪੱਕੇ ਤਾਂ ਸਨ, ਪਰ ਕੱਟੜ ਨਹੀਂ ਸਨ। ਏਸੇ ਕਰਕੇ ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿਚ ਪੰਜਾਬ ਸਾਰੇ ਦਾ ਸਾਰਾ ਗੁਰੂ ਦੇ ਨਾਮ 'ਤੇ ਜਿਊਂਦਾ ਰਿਹਾ ਹੈ। ਮਾੜੀਆਂ ਸਥਿਤੀਆਂ ਵਿਚ ਵੀ ਸਿੱਖ, ਦੁਸ਼ਮਣਾਂ ਨਾਲ ਵੀ ਰਲ ਬੈਠਣ ਦਾ ਰਾਹ ਨਹੀਂ ਰੋਕਦੇ ਸਨ, ਪਰ ਸਮਝੌਤਿਆਂ ਵੇਲੇ ਪੰਥਕ ਨੈਤਿਕਤਾ ਨੂੰ ਅੱਖੋਂ ਓਹਲੇ ਨਹੀਂ ਹੋਣ ਦੇਂਦੇ ਸਨ। ਕਾਜ਼ੀ ਨੂਰ ਮੁਹੰਮਦ ਦੇ ਕਿੱਸੇ ਵਿਚਲੀਆਂ ਗਾਲ੍ਹਨੁਮਾ ਟਿੱਪਣੀਆਂ ਸਰਦਾਰ ਜੱਸਾ ਸਿੰਘ ਵਰਗੇ ਗੁਰਸਿੱਖਾਂ ਦੇ ਹਵਾਲੇ ਨਾਲ ਹੀ ਸਮਝੀਆਂ ਜਾ ਸਕਦੀਆਂ ਹਨ। ਕਾਜ਼ੀ ਨੂਰ ਮੁਹੰਮਦ ਤਾਂ ਇਹ ਵੀ ਕਹਿੰਦਾ ਹੈ ਕਿ "ਸਿੱਖਾਂ ਦੀ ਫੌਜ ਨੂੰ ਜੇ ਭਾਜੜ ਵੀ ਪੈ ਜਾਵੇ ਤਾਂ ਇਸ ਨੂੰ ਭਾਜੜ ਨਾ ਸਮਝੋ ਕਿਉਂਕਿ ਇਹ ਇਨ੍ਹਾਂ ਦੀ ਲੜਾਈ ਦਾ ਇਕ ਦਾਉ ਹੈ। ਇਨ੍ਹਾਂ ਤੋਂ ਬਚੋ, ਡਰੋ ਅਤੇ ਦੋਬਾਰਾ ਡਰੋ।" ਉਸ ਦੀਆਂ ਇਹੋ ਜਿਹੀਆਂ ਟਿੱਪਣੀਆਂ ਤੋਂ ਇਹੀ ਲਗਦਾ ਹੈ ਕਿ ਸਿੱਖਾਂ ਨੇ ਆਪਣੀ ਜੰਗੀ ਕੁਸ਼ਲਤਾ ਦਾ ਸਿੱਕਾ ਵਿਰੋਧੀਆਂ ਤੋਂ ਵੀ ਹਮਾਇਤੀਆਂ ਵਾਂਗ ਹੀ ਮਨਾ ਲਿਆ ਸੀ। ਲੋਕਾਂ ਵਿਚ ਇਹ ਪ੍ਰਭਾਵ ਆਮ ਚਲਾ



SikhBookClub.Com

ਗਿਆ ਸੀ ਕਿ ਸਿੱਖ ਹਾਕਮ ਆਮ ਲੋਕਾਂ ਦਾ ਭਲਾ ਚਾਹੁਣ ਵਾਲੇ ਨੇਕ ਬੰਦੇ ਹਨ। ਜਿੱਤ ਕੇ ਵੀ ਇਹ ਹਿੰਦੂ ਅਤੇ ਮੁਸਲਮਾਨਾਂ ਵਿਚ ਵਿਤਕਰਾ ਨਹੀਂ ਕਰਦੇ। ਆਖਰੀ ਹਮਲੇ (1766-67 ਈ.) ਵੇਲੇ ਅਬਦਾਲੀ ਚਾਹੁੰਦਾ ਸੀ ਕਿ ਸਿੱਖ-ਸੰਘਰਸ਼ ਦੇ ਮੁਖੀਏ ਉਸ ਦੀ ਖਿਦਮਤ ਵਿਚ ਆ ਜਾਣ, ਪਰ ਸਰਦਾਰ ਜੱਸਾ ਸਿੰਘ ਦੀ ਅਗਵਾਈ ਵਿਚ ਸਿੱਖਾਂ ਨੇ ਅਬਦਾਲੀ ਨਾਲ ਗੱਲ ਕਰਨ ਤੋਂ ਇਸ ਕਰਕੇ ਇਨਕਾਰ ਕਰ ਦਿੱਤਾ ਸੀ ਕਿ ਦੇਣ ਵਾਲਾ ਗੁਰੂ ਹੈ, ਫਿਰ ਕਿਸੇ ਬੰਦੇ ਦੀ ਈਨ ਕਿਉਂ ਮੰਨੀ ਜਾਵੇ? ਅਬਦਾਲੀ ਨੂੰ ਸਿੱਖਾਂ ਦੀ ਦ੍ਰਿੜ੍ਹਤਾ ਸਾਹਮਣੇ ਨਿਰਾਸ਼ ਹੋ ਕੇ ਵਾਪਸ ਆਪਣੇ ਵਤਨ ਮੁੜਣਾ ਪਿਆ ਸੀ ਅਤੇ ਸਿੱਖਾਂ ਦੀਆਂ ਪੰਜਾਬ ਵਿਚ ਮਿਸਲਦਾਰੀਆਂ ਪੱਕੇ ਪੈਰੀਂ ਸਥਾਪਿਤ ਹੋ ਗਈਆਂ ਸਨ। ਮੁਗ਼ਲ ਜਿਵੇਂ-ਜਿਵੇਂ ਕਮਜ਼ੋਰ ਹੁੰਦੇ ਜਾ ਰਹੇ ਸਨ, ਸਰਦਾਰ ਜੱਸਾ ਸਿੰਘ ਦੀ ਅਗਵਾਈ ਵਿਚ ਪੰਥ ਤਿਵੇਂ-ਤਿਵੇਂ ਮਜਬੂਤ ਹੁੰਦਾ ਜਾ ਰਿਹਾ ਸੀ। ਤਤਕਾਲੀ ਦਿੱਲੀ ਦੇ ਬਾਦਸ਼ਾਹ ਸ਼ਾਹ ਆਲਮ ਨੂੰ ਪਤਾ ਲੱਗ ਗਿਆ ਸੀ ਕਿ ਸਿੱਖਾਂ ਦੇ ਸਹਿਯੋਗ ਬਿਨਾ ਦਿੱਲੀ ਦੇ ਤਖਤ ਨੂੰ ਸੁਰੱਖਿਅਤ ਨਹੀਂ ਰੱਖਿਆ ਜਾ ਸਕਦਾ। ਏਸੇ ਵਾਸਤੇ ਉਸ ਨੇ ਸਰਦਾਰ ਜੱਸਾ ਸਿੰਘ ਦੀ ਅਗਵਾਈ ਵਿਚ ਵਿਚਰਦੇ ਸ. ਬਘੇਲ ਸਿੰਘ ਤੋਂ ਰਾਖੀਨੁਮਾ ਸਹਿਯੋਗ ਮੰਗ ਲਿਆ ਸੀ। ਇਹੋ ਜਿਹੇ ਹਾਲਾਤ ਵਿਚ ਹੀ ਤਤਕਾਲੀ ਹਾਕਮ ਜ਼ਾਬਿਤਾ ਖ਼ਾਨ, ਸਿੱਖਾਂ ਨਾਲ ਦੁਸ਼ਮਣੀ ਛੱਡ ਕੇ ਸਿੰਘ ਸਜ ਗਿਆ ਸੀ। ਸਰਦਾਰ ਜੱਸਾ ਸਿੰਘ ਹੀ ਸਨ ਜਿਨ੍ਹਾਂ ਦੀ ਪੰਥਕ ਸਾਖ ਕਰਕੇ ਸਿੰਘਾਂ ਵਿਚ ਵਿਰੋਧੀਆਂ ਵੱਲੋਂ ਸੇਹ ਦਾ ਤੱਕਲਾ ਗੱਡਣ ਦੀਆਂ ਸਾਰੀਆਂ ਸਾਜ਼ਿਸ਼ਾਂ ਫੇਲ੍ਹ ਹੁੰਦੀਆਂ ਰਹੀਆਂ ਸਨ। ਜਨਤਾ ਵਿਚ ਸਿੱਖਾਂ ਦੀ ਮਕਬੂਲੀਅਤ ਦਾ ਇਕ ਕਾਰਨ ਇਹ ਵੀ ਸੀ ਕਿ ਉਹ ਆਰਥਿਕ ਸਾਧਨ ਜੁਟਾਉਣ ਲਈ ਲੋਕਾਂ ਨੂੰ ਨਹੀਂ ਸਰਕਾਰ ਨੂੰ ਲੁੱਟਦੇ ਸਨ। ਇਸ ਪਾਸੇ ਵਧਣ ਵਾਸਤੇ ਲੋੜੀਂਦੀ ਤਾਕਤ ਦੀ ਧਰੋਹਰ ਬੇਸ਼ਕ ਸਰਦਾਰ ਆਹਲੂਵਾਲੀਆ ਹੀ ਸਨ, ਪਰ ਦਿੱਲੀ ਵੱਲ ਵਧਣ ਦੀ ਅਗਵਾਈ ਸਰਦਾਰ ਬਘੇਲ ਸਿੰਘ ਕਰ ਰਹੇ ਸਨ। ਯੁੱਧ ਨੀਤੀ ਨੂੰ ਆਮ ਤੌਰ 'ਤੇ ਸਰਦਾਰ ਜੱਸਾ ਸਿੰਘ ਹੀ ਘੜਦੇ ਸਨ ਅਤੇ ਇਸ ਨੂੰ ਲਾਗੂ ਕਰਨ ਦਾ ਮੌਕਾ ਜਿਸ ਮਿਸਲਦਾਰ ਨੂੰ ਵੀ ਮਿਲਦਾ ਸੀ, ਉਹੀ ਕਰ ਲੈਂਦਾ ਸੀ। ਮੁਗ਼ਲਾਂ ਦਾ ਹੁਕਮਰਾਨੀ ਭਰਮ ਦਿਨੋਂ-ਦਿਨ ਕਮਜ਼ੋਰ ਕਰਦਾ ਜਾ ਰਿਹਾ ਸੀ ਅਤੇ ਸਿੱਖਾਂ ਦਾ ਪਾਤਸ਼ਾਹੀ ਵਿਸ਼ਵਾਸ ਖਾਲਸਾ ਭਾਈਚਾਰੇ ਨੂੰ ਦਿਨੋਂ-ਦਿਨ ਮਜਬੂਤ ਕਰਦਾ ਜਾ ਰਿਹਾ ਸੀ। ਗੁਰੂ ਦੇ ਨਾਮ 'ਤੇ ਸ਼ਹੀਦ ਹੋਣ ਦੇ ਸਿੱਖ-ਜਜ਼ਬੇ ਦਾ ਸਿੱਕਾ ਸਿੱਖਾਂ ਨੇ ਦੁਸ਼ਮਣਾਂ ਤੋਂ ਵੀ ਮਨਾ ਲਿਆ ਸੀ। ਲੜਾਈ ਦੇ ਗੁਰੀਲੇ ਪੈਂਤੜਿਆਂ ਨੂੰ ਵਿਉਂਤਨ ਅਤੇ ਅਮਲ ਵਿਚ ਲਿਆਉਣ ਦੀ ਦ੍ਰਿਸ਼ਟੀ ਤੋਂ ਸਿੱਖ ਸਾਰਿਆਂ ਨੂੰ ਪਿੱਛੇ ਛੱਡ ਗਏ ਸਨ। ਸਿੱਖਾਂ ਦੇ ਕੂਟਨੀਤਕ ਪ੍ਰਗਟਾਵੇ ਲਗਾਤਾਰ ਸਾਹਮਣੇ ਆ ਰਹੇ ਸਨ ਅਤੇ ਬਿਨਾ ਲੜਿਆਂ ਲੜਾਈਆਂ ਜਿੱਤਣ ਦੇ ਅਵਸਰ ਪੈਦਾ ਹੋ ਰਹੇ ਸਨ।

ਸਰਦਾਰ ਜੱਸਾ ਸਿੰਘ ਸਿੱਖ ਭਾਈਚਾਰੇ ਵਿਚਕਾਰ ਸੰਤੋਖੀ ਸਿੱਖ ਦੇ ਪੰਥਕ



SikhBookClub.Com

ਬਿੰਬ ਵਜੋਂ ਸਥਾਪਿਤ ਹੋ ਚੁੱਕੇ ਸਨ ਅਤੇ ਵਿਰੋਧੀਆਂ ਵਿਚਕਾਰ ਅਜਿੱਤ ਸੂਰਮੇ ਵਾਂਗ ਸਥਾਪਿਤ ਹੋ ਚੁੱਕੇ ਸਨ। ਉਨ੍ਹਾਂ ਦੇ ਆਖਰੀ ਸਾਲਾਂ ਵਿਚ ਸਿੱਖ, ਹਾਕਮਾਂ ਵਾਂਗ ਦਿੱਲੀ ਵਿਚ ਪ੍ਰਵੇਸ਼ ਕਰ ਚੁੱਕੇ ਸਨ ਅਤੇ ਦਿੱਲੀ ਦਾ ਮਾਲੀਆ ਉਗਰਾਹੁਣ ਦੀ ਜ਼ਿੰਮੇਵਾਰੀ ਨਿਭਾਉਣ ਲੱਗ ਪਏ ਸਨ। ਇਸ ਦੀ ਅਗਵਾਈ ਬੇਸ਼ੱਕ ਸਰਦਾਰ ਬਘੇਲ ਸਿੰਘ ਕਰ ਰਹੇ ਸਨ, ਪਰ ਉਹ ਲਗਾਤਾਰ ਸਰਦਾਰ ਜੱਸਾ ਸਿੰਘ ਦੇ ਸੰਪਰਕ ਵਿਚ ਰਹਿੰਦੇ ਸਨ। ਉਨ੍ਹਾਂ ਬਾਰੇ ਡਾ. ਗੰਡਾ ਸਿੰਘ ਦੀ ਇਹ ਟਿੱਪਣੀ ਬਹੁਤ ਮਹੱਤਵਪੂਰਨ ਹੈ- "ਕੁਝ ਇਉਂ ਮਲੂਮ ਹੁੰਦਾ ਹੈ ਕਿ ਸਰਦਾਰ ਜੱਸਾ ਸਿੰਘ ਜੀ ਇਹ ਸਮਝਦੇ ਸਨ ਕਿ ਪੰਜਾਬ ਦੀ ਦੇਸੀ ਅੱਤਿਆਚਾਰੀਆਂ ਅਤੇ ਬਿਦੇਸੀ ਜਰਵਾਣਿਆਂ ਤੋਂ ਆਜ਼ਾਦੀ ਨਾਲ ਉਨ੍ਹਾਂ ਦੇ ਜੀਵਨ ਦਾ ਮਿਸ਼ਨ ਪੂਰਾ ਹੋ ਗਿਆ ਹੈ, ਹੁਣ ਉਨ੍ਹਾਂ ਨੂੰ ਬਾਕੀ ਦੇ ਮਾਮਲਿਆਂ ਵਿਚ ਬਹੁਤਾ ਦਖ਼ਲ ਨਹੀਂ ਦੇਣਾ ਚਾਹੀਦਾ ਅਤੇ ਮਾਰੀਆਂ ਗਈਆਂ ਮੱਲਾਂ ਦੀ ਸੰਭਾਲ ਅਤੇ ਪ੍ਰਬੰਧ ਦਾ ਕੰਮ ਨਵੇਂ ਨੌਜਵਾਨ ਸਰਦਾਰਾਂ ਪੁਰ ਛੱਡ ਦੇਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਨੂੰ ਅਜ਼ਾਦ ਹੋ ਕੇ ਕੰਮ ਚਲਾ ਸਕਣ ਦਾ ਤਜਰਬਾ ਹੋ ਜਾਵੇ। ਉਂਜ ਸੁਭਾਵਕ ਤੌਰ 'ਤੇ ਭੀ ਉਹ ਬਹੁਤ ਹੱਦ ਤਕ ਨਿਰਲੇਪ ਤੇ ਸੰਤੋਖੀ ਸਨ। ਇਸ ਲਈ ਆਪਣੀ ਜ਼ਿੰਦਗੀ ਦੇ ਅੰਤਮ ਚਾਰ ਪੰਜ ਸਾਲ ਉਨ੍ਹਾਂ ਸ੍ਰੀ ਦਰਬਾਰ ਸਾਹਿਬ ਦੀ ਸੇਵਾ, ਬੁੰਗਿਆਂ ਦੀ ਉਸਾਰੀ, ਸ਼ਹਿਰ ਦੀ ਆਬਾਦੀ ਅਤੇ ਹੋਰ ਅਜਿਹੇ ਕੰਮਾਂ ਵਿਚ ਲਾਏ ਅਤੇ ਅਣਸਰਦੇ ਨੂੰ ਬਾਹਰ ਕਿਸੇ ਮੁਹਿੰਮ ਉਤੇ ਜਾਂ ਕਿਸੇ ਦੀ ਸਹਾਇਤਾ ਲਈ ਗਏ।"[9] ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਛਕਾਉਣਾ ਅਤੇ ਅੰਮ੍ਰਿਤ ਛਕ ਕੇ ਪੰਥ ਤੋਂ ਭਟਕ ਗਿਆਂ ਨੂੰ ਵਾਪਸ ਲਿਆਉਣਾ, ਉਨ੍ਹਾਂ ਦੇ ਪੰਥਕ ਕਾਰਜਾਂ ਵਿਚ ਪੰਥਕ-ਸੰਘਰਸ਼ ਵਾਂਗ ਹੀ ਸ਼ਾਮਲ ਸੀ। ਸਰਦਾਰ ਜੱਸਾ ਸਿੰਘ ਨੇ ਸੋਢੀ ਗੁਲਾਬ ਸਿੰਘ ਨੂੰ ਆਪ ਪੰਜ ਪਿਆਰਿਆਂ ਵਿਚ ਸ਼ਾਮਲ ਹੋ ਕੇ ਗੁਰੂ ਵਾਲੇ ਬਣਾਇਆ ਸੀ। ਫੂਲਕਿਆਂ ਦੇ ਬਾਬਾ ਆਲਾ ਸਿੰਘ ਅਤੇ ਮਹਾਰਾਜਾ ਅਮਰ ਸਿੰਘ ਨੇ ਵੀ ਸਰਦਾਰ ਜੱਸਾ ਸਿੰਘ ਦੇ ਜਥੇ ਪਾਸੋਂ ਅੰਮ੍ਰਿਤ ਛਕਿਆ ਸੀ। ਉਹ ਆਪਣੇ ਪੁੱਤਰ ਟਿੱਕਾ ਸਾਹਿਬ ਸਿੰਘ ਨੂੰ ਵੀ ਸਰਦਾਰ ਜੱਸਾ ਸਿੰਘ ਦੀ ਸ਼ਮੂਲੀਅਤ ਵਾਲੇ ਪੰਜ ਪਿਆਰਿਆਂ ਦੇ ਰਾਹੀਂ ਅੰਮ੍ਰਿਤਧਾਰੀ ਬਣਾਉਣਾ ਚਾਹੁੰਦੇ ਸਨ। ਇਹ ਇੱਛਾ ਲੈ ਕੇ ਹੀ ਉਹ ਸਵਰਗ ਸਿਧਾਰ ਗਏ ਸਨ। ਇਸ ਨਾਲ ਨਾਨੂ ਮੱਲ ਦਾ ਦਖ਼ਲ ਪਟਿਆਲਾ ਰਿਆਸਤ ਦੇ ਮਾਮਲਿਆਂ ਵਿਚ ਬਹੁਤ ਵਧ ਗਿਆ ਸੀ ਅਤੇ ਤਤਕਾਲੀ ਛੋਟੀ ਉਮਰ ਦਾ ਮਹਾਰਾਜਾ ਸਾਹਿਬ ਸਿੰਘ ਪੰਥਕਤਾ ਤੋਂ ਦੂਰ ਹੁੰਦਾ ਜਾ ਰਿਹਾ ਸੀ। ਇਸ ਹਾਲਤ ਵਿਚ ਵੀ ਸਰਦਾਰ ਜੱਸਾ ਸਿੰਘ ਨੇ ਇਹ ਰਾਏ ਜਗ ਜ਼ਾਹਿਰ ਕਰ ਦਿੱਤੀ ਸੀ ਕਿ ਮਹਾਰਾਜਾ ਸਾਹਿਬ ਸਿੰਘ ਨੂੰ ਆਪਣੇ ਵਿਆਹ ਤੋਂ ਪਹਿਲਾਂ ਅੰਮ੍ਰਿਤ ਛਕ ਲੈਣਾ ਚਾਹੀਦਾ ਹੈ। ਵਿਆਹ ਵਾਸਤੇ ਜਦੋਂ ਜੰਞ ਕਪੂਰਥਲੇ ਪੁੱਜੀ ਸੀ ਤਾਂ ਸਰਦਾਰ ਜੱਸਾ ਸਿੰਘ ਨੇ ਕਿਹਾ ਸੀ ਕਿ ਮਹਾਰਾਜੇ ਨੂੰ ਅੰਮ੍ਰਿਤ, ਤਰਨਤਾਰਨ ਸਾਹਿਬ ਵਿਖੇ ਛਕਾਉਣਾ ਚਾਹੀਦਾ ਹੈ। ਕਪੂਰਥਲੇ ਤੋਂ ਜੰਞ ਤਰਨਤਾਰਨ ਸਾਹਿਬ ਪੁੱਜੀ ਸੀ ਅਤੇ ਅੰਮ੍ਰਿਤ ਛਕਣ ਤੋਂ ਬਾਅਦ ਵਿਆਹ ਦੀਆਂ ਰਸਮਾਂ ਪੰਜਵੜ ਵਿਖੇ ਪੂਰੀਆਂ



SikhBookClub.Com

ਕੀਤੀਆਂ ਗਈਆਂ ਸਨ। ਇਹ ਘਟਨਾ ਸਰਦਾਰ ਜੱਸਾ ਸਿੰਘ ਦੇ ਅਕਾਲ ਚਲਾਣੇ ਤੋਂ ਇੱਕ ਸਾਲ ਪਹਿਲਾਂ ਦੀ ਹੈ ਅਤੇ ਇਸ ਨਾਲ ਸਰਦਾਰ ਸਾਹਿਬ ਦੀ ਪੰਥਕ-ਸਾਖ ਦਾ ਪਤਾ ਲੱਗ ਜਾਂਦਾ ਹੈ। ਗੁਰੂਕਿਆਂ ਵਿੱਚੋਂ ਜਿਸ ਤਰ੍ਹਾਂ ਦੀ ਸਰਬਪੱਖੀ ਪੰਥਕ ਭੂਮਿਕਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਨਿਭਾਈ ਸੀ, ਉਸ ਨਾਲ ਉਹ ਵਿਅਕਤੀ ਤੋਂ ਸੰਸਥਾ ਦਾ ਰੂਪ ਧਾਰਨ ਕਰ ਗਏ ਸਨ। ਸਿੱਖ ਅਧਿਆਤਮਿਕਤਾ ਦੇ ਖੇਤਰ ਵਿਚ, ਪੰਥਕਤਾ ਦੇ ਖੇਤਰ ਵਿਚ, ਸਮਾਜਿਕਤਾ ਦੇ ਖੇਤਰ ਵਿਚ, ਸੂਰਮਗਤੀ ਦੇ ਖੇਤਰ ਵਿਚ, ਸਿਆਸਤ ਦੇ ਖੇਤਰ ਵਿਚ ਅਤੇ ਪ੍ਰਬੰਧਨ ਦੇ ਖੇਤਰ ਵਿਚ, ਉਹ ਸਿੱਖ ਰੋਲ ਮਾਡਲ ਵਾਂਗ ਵਿਚਰਦੇ ਰਹੇ ਸਨ ਅਤੇ ਅੱਜ ਵੀ ਉਨ੍ਹਾਂ ਦੀ ਪੰਥਕ ਛਬੀ ਨੂੰ ਸਿੱਖ-ਰੋਲ-ਮਾਡਲ ਵਾਂਗ ਵਰਤਿਆ ਜਾ ਸਕਦਾ ਹੈ।

ਜੋ ਵੇਰਵੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਬਾਰੇ ਪ੍ਰਾਪਤ ਹਨ ਉਨ੍ਹਾਂ ਤੋਂ ਇਹ ਟੋਹ ਮਿਲ ਜਾਂਦੀ ਹੈ ਕਿ ਦੀਵਾਲੀ ਅਤੇ ਵੈਸਾਖੀ ਨੂੰ ਉਹ ਸ੍ਰੀ ਅੰਮ੍ਰਿਤਸਰ ਵਿਚ ਹਾਜ਼ਰ ਹੋਣ ਦਾ ਨੇਮ ਲਗਾਤਾਰ ਪਾਲਦੇ ਰਹੇ ਸਨ। ਮਿਸਲਦਾਰੀਆਂ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਵਾਸਤੇ ਵੀ ਉਹ ਇਨ੍ਹਾਂ ਅਵਸਰਾਂ ਨੂੰ ਪੰਥਕਤਾ ਦੀ ਬਹਾਲੀ ਵਾਸਤੇ ਵਰਤਦੇ ਰਹੇ ਸਨ। ਬੇਸ਼ੱਕ ਮਿਸਲਾਂ ਨਾਲ ਜਗੀਰਦਾਰੀ ਸਿਆਸਤ ਭਾਰੂ ਹੋਈ ਸਾਹਮਣੇ ਆਉਣ ਲੱਗ ਪਈ ਸੀ, ਪਰ ਆਹਲੂਵਾਲੀਆ ਸਾਹਿਬ ਸਦਾ ਹੀ ਸਿੱਖ-ਲੋਕ-ਤੰਤ੍ਰ ਦੀ ਭਾਵਨਾ ਨੂੰ ਨਾਲ ਲੈ ਕੇ ਤੁਰਨ ਦੀ ਕੋਸ਼ਿਸ਼ ਕਰਦੇ ਰਹਿੰਦੇ ਸਨ। ਉਹ ਸੰਗਤੀ ਲੀਡਰਸ਼ਿਪ ਅਤੇ ਗੁਰਮਤਾ-ਵਿਧੀ ਵਿਚ ਫੈਸਲੇ ਲੈਣ ਦੇ ਮੁਦੱਈ ਸਨ ਅਤੇ ਉਨ੍ਹਾਂ ਦੀ ਪੰਥਕ-ਚੜ੍ਹਤ ਅੱਗੇ ਕੋਈ ਬੋਲਦਾ ਵੀ ਨਹੀਂ ਸੀ। 1783 ਈ. ਦੀ ਦੀਵਾਲੀ 25 ਅਕਤੂਬਰ ਨੂੰ ਸੀ ਅਤੇ ਆਹਲੂਵਾਲੀਆ ਸਾਹਿਬ ਦੀਵਾਲੀ ਮਨਾਉਣ ਵਾਸਤੇ ਸ੍ਰੀ ਅੰਮ੍ਰਿਤਸਰ ਨੂੰ ਆ ਰਹੇ ਸਨ। ਕਹਿੰਦੇ ਹਨ ਕਿ ਰਾਹ ਵਿਚ ਉਨ੍ਹਾਂ ਨੇ ਤਰਬੂਜ਼ ਖਾਧਾ ਸੀ ਅਤੇ ਬਿਨਾ ਬਹੁਤਾ ਰੁਕੇ ਚੱਲਦੇ ਰਹੇ ਸਨ। ਰਸਤੇ ਵਿਚ ਹੀ ਉਨ੍ਹਾਂ ਦੇ ਪੇਟ ਵਿਚ ਦਰਦ ਹੋਣ ਲੱਗ ਪਿਆ ਸੀ। ਪਰ ਉਹ ਬਿਨਾਂ ਰੁਕੇ ਆਪਣੇ ਸੁਭਾਵਕ ਸਿਰੜ ਕਰਕੇ ਚੱਲਦੇ ਰਹੇ ਸਨ। 20 ਅਕਤੂਬਰ, 1783 ਈ. ਨੂੰ ਉਨ੍ਹਾਂ ਦੀ ਤਬੀਅਤ ਵਧੇਰੇ ਖਰਾਬ ਹੋ ਗਈ ਸੀ ਅਤੇ ਉਹ ਸ੍ਰੀ ਅੰਮ੍ਰਿਤਸਰ ਪਹੁੰਚਣ ਤੋਂ ਪਹਿਲਾਂ ਹੀ ਆਖਰੀ ਫਤਿਹ ਬੁਲਾ ਗਏ ਸਨ। ਉਨ੍ਹਾਂ ਦਾ ਸਸਕਾਰ ਉਨ੍ਹਾਂ ਦੀ ਇੱਛਾ ਮੁਤਾਬਿਕ ਬਾਬਾ ਅਟੱਲ ਰਾਇ ਜੀ ਦੇ ਸਥਾਨ 'ਤੇ ਨਵਾਬ ਕਪੂਰ ਸਿੰਘ ਦੇ ਸਥਾਨ ਦੇ ਨਾਲ ਹੀ ਕਰ ਦਿੱਤਾ ਗਿਆ ਸੀ। ਉਨ੍ਹਾਂ ਤੋਂ ਪਿੱਛੋਂ ਮਿਸਲਦਾਰੀਆਂ ਦਾ ਜਗੀਰਦਾਰੀ ਰੰਗ, ਪੰਥਕਤਾ ਉੱਤੇ ਭਾਰੀ ਪੈਣ ਲੱਗ ਪਿਆ ਸੀ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜੋ ਕੁਝ ਆਹਲੂਵਾਲੀਆ ਸਾਹਿਬ ਘੋੜੇ ਦੀ ਕਾਠੀ ਤੋਂ ਕਰਦੇ ਰਹੇ ਸਨ, ਉਹ ਮਿਸਲਦਾਰਾਂ ਕੋਲੋਂ ਮਹਿਲਾਂ ਅਤੇ ਕਿਲ੍ਹਿਆਂ ਵਿਚ ਸੁਰੱਖਿਅਤ ਵਿਚਰਦਿਆਂ ਵੀ ਨਹੀਂ ਕੀਤਾ ਜਾ ਸਕਿਆ ਸੀ। ਜਿਹੜਾ ਆਪਸੀ-ਇਤਫ਼ਾਕ ਆਹਲੂਵਾਲੀਆ ਸਾਹਿਬ ਦੀ ਅਗਵਾਈ ਵਿਚ ਮੱਲਾਂ ਮਾਰਦਾ ਰਿਹਾ ਸੀ, ਉਹ ਉਨ੍ਹਾਂ ਦੇ ਅਕਾਲ



SikhBookClub.Com

ਚਲਾਣੇ ਦੇ ਨਾਲ ਹੀ ਕਮਜ਼ੋਰ ਪੈਣਾ ਸ਼ੁਰੂ ਹੋ ਗਿਆ ਸੀ। ਮਿਸਲਦਾਰੀਆਂ ਵਿਚ ਧਰਮ ਅਤੇ ਸਿਆਸਤ ਇਕੱਠੇ ਤੁਰਨ ਦੀ ਥਾਂ ਸਮਾਨਾਂਤਰਤਾ ਵਿਚ ਤੁਰਨੇ ਸ਼ੁਰੂ ਹੋ ਗਏ ਸਨ ਅਤੇ ਧਰਮ ਉੱਤੇ ਸਿਆਸਤ ਭਾਰੂ ਪੈਣ ਲੱਗ ਪਈ ਸੀ। ਬੇਸ਼ੱਕ ਸ. ਬਘੇਲ ਸਿੰਘ ਦੀ ਅਗਵਾਈ ਵਿਚ ਸਿੱਖ-ਸੰਘਰਸ਼ ਵਿੱਚੋਂ ਲੰਘ ਕੇ ਆਈ ਲੀਡਰਸ਼ਿਪ ਪੰਥਕਤਾ ਨੂੰ ਨਾਲ ਲੈ ਕੇ ਤੁਰਨ ਦੀ ਕੋਸ਼ਿਸ਼ ਕਰ ਰਹੀ ਸੀ, ਪਰ ਮਿਸਲਦਾਰੀ ਦੀ ਅਗਲੀ ਪੀੜ੍ਹੀ, ਰਾਜਸੀ ਤਾਕਤ ਨਾਲ ਆਉਣ ਵਾਲੀਆਂ ਕਮਜ਼ੋਰੀਆਂ ਤੋਂ ਨਹੀਂ ਬਚ ਸਕੀ ਸੀ ਅਤੇ ਅਜਿਹਾ ਬਹੁਤ ਕੁਝ ਸਾਹਮਣੇ ਆਉਣ ਲੱਗ ਪਿਆ ਸੀ, ਜਿਹੜਾ ਪੰਥਕ ਘੱਟ ਅਤੇ ਸਿਆਸੀ ਵੱਧ ਦਿੱਸਣ ਲੱਗ ਪਿਆ ਸੀ। ਨਾਸ਼-ਮਾਡਲ (ਧਰਮ-ਨਾਸ਼, ਕੁਲ-ਨਾਸ਼ ਅਤੇ ਕਿਰਤ-ਨਾਸ਼) ਦਾ ਮੁਦੱਈ ਪੰਥ, ਮਿਸਲਦਾਰਾਂ ਸਮੇਂ ਜਾਤਾਂ ਗੋਤਾਂ ਮੁਤਾਬਿਕ ਗੁਰੂ ਦੀਆਂ ਬਖਸ਼ਿਸ਼ਾਂ ਤੋਂ ਉਲਟ ਚੱਲਣ ਲੱਗ ਪਿਆ ਸੀ। ਸਿੱਖ-ਸਸ਼ਕਤੀਕਰਨ (ਸ਼ਕਿਹ ਓਮਪੋਾਇਰਮਏਨਟ), 19ਵੀਂ ਸਦੀ ਵਿਚ ਪਹੁੰਚ ਕੇ 'ਸੁਲਤਾਨ-ਉਲ-ਕੌਮ' ਵਾਲੇ ਤੜਪ-ਮਾਡਲ ਦੀ ਥਾਂ 'ਤੇ ਸਰਕਾਰ-ਏ-ਖਾਲਸਾ ਵਾਲਾ ਸੰਤੁਸ਼ਟੀ-ਮਾਡਲ ਹੋ ਗਿਆ ਸੀ। ਸੰਤੁਸ਼ਟੀ ਇਹ ਸੀ ਕਿ "ਰਾਜ ਬਿਨਾ ਨਹਿ ਧਰਮ ਚਲਹਿ ਹੈ" ਵਾਲੀ ਗੱਲ ਪੂਰੀ ਹੋ ਗਈ ਹੈ। ਇਸ ਨਾਲ "ਧਰਮ ਬਿਨਾ ਸਭ ਦਲਹਿ ਮਲਹਿ ਹੈ" ਵਾਲੀ ਸਿੱਖ-ਤੜਪ ਇਤਿਹਾਸ ਹੋਣ ਲੱਗ ਪਈ ਸੀ। ਇਸ ਰਾਹ ਸਿਆਸੀ ਸੁਰ ਵਿਚ ਸਿੱਖ-ਕੌਮ ਲਗਾਤਾਰ ਪਈ ਹੋਈ ਹੈ ਅਤੇ ਕਦਮ ਰੋਕ ਕੇ ਜਦੋਂ ਵੀ ਸੋਚਾਂਗੇ ਤਾਂ ਸਮਝ ਆ ਜਾਵੇਗੀ ਕਿ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਵਾਂਗ ਬਾਣੀ ਦੇ ਸਿੱਖ ਹੋ ਜਾਣ ਨਾਲ ਜੋ ਪ੍ਰਾਪਤੀਆਂ ਕੀਤੀਆਂ ਜਾ ਸਕਦੀਆਂ ਹਨ, ਉਹ ਸਿਆਸੀ ਸੁਰ ਵਿਚ ਇਤਿਹਾਸ ਦੇ ਸਿੱਖ ਹੋ ਜਾਣ ਨਾਲ ਪ੍ਰਾਪਤ ਨਹੀਂ ਕੀਤੀਆਂ ਜਾ ਸਕਦੀਆਂ।

## ਹਵਾਲੇ


1. ਡਾ. ਗੰਡਾ ਸਿੰਘ, *ਸਰਦਾਰ ਜੱਸਾ ਸਿੰਘ ਆਹਲੂਵਾਲੀਆ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011, ਪੰਨਾ 6-7
2. ਉਹੀ, ਪੰਨਾ 8
3. ਉਹੀ, ਪੰਨਾ 11
4. ਉਹੀ, ਪੰਨਾ 31
5. ਉਹੀ, ਪੰਨਾ 62
6. ਉਹੀ, ਪੰਨਾ 75
7. ਉਹੀ, ਪੰਨਾ 82
8. ਉਹੀ, ਪੰਨਾ 109
9. ਉਹੀ, ਪੰਨਾ 207





SikhBookClub.Com

# ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਿੱਖ ਸੰਘਰਸ਼

*—ਡਾ. ਹਰਬੰਸ ਸਿੰਘ*

ਸਰਦਾਰ ਜੱਸਾ ਸਿੰਘ ਆਹਲੂਵਾਲੀਆ 18ਵੀਂ ਸਦੀ ਦਾ ਮਹਾਨ ਸਿੱਖ ਜਰਨੈਲ ਜਿਸ ਨੇ 1764 ਈ. ਵਿਚ ਲਾਹੌਰ ਅਤੇ 1783 ਈ. ਵਿਚ ਦਿੱਲੀ ਫਤਿਹ ਕਰ ਕੇ ਖਾਲਸਾ ਰਾਜ ਕਾਇਮ ਕੀਤਾ, ਨੂੰ ਸਿੱਖ ਇਤਿਹਾਸ ਵਿਚ ਸੁਲਤਾਨ-ਉਲ-ਕੌਮ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਉਹ ਇਤਨਾ ਬਹਾਦਰ ਅਤੇ ਸੂਰਬੀਰ ਸੀ ਕਿ ਉਸ ਨੇ ਅਨੇਕਾਂ ਵਾਰ ਨਾਦਰਸ਼ਾਹ ਅਤੇ ਅਹਿਮਦਸ਼ਾਹ ਅਬਦਾਲੀ ਦੀਆਂ ਫੌਜਾਂ ਦਾ ਟਾਕਰਾ ਕਰ ਕੇ ਬਿਖੜੇ ਸਮੇਂ ਖਾਲਸਾ ਪੰਥ ਦੀ ਆਗਵਾਈ ਕਰ ਕੇ ਮੁਗ਼ਲ ਤੇ ਅਫ਼ਗਾਨ ਸ਼ਕਤੀ ਨੂੰ ਤਹਿਸ-ਨਹਿਸ ਕਰ ਕੇ ਰੱਖ ਦਿੱਤਾ ਸੀ। ਉਸ ਦੀ ਬਹਾਦਰੀ ਤੇ ਸੂਰਬੀਰਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਵੱਡੇ ਘੱਲੂਘਾਰੇ ਸਮੇਂ ਅਫ਼ਗਾਨ ਸੈਨਾ ਦਾ ਮੁਕਾਬਲਾ ਕਰਦੇ ਸਮੇਂ ਉਸ ਦੇ ਸਰੀਰ 'ਤੇ ਤੀਰ, ਤਲਵਾਰ, ਨੇਜ਼ੇ ਅਤੇ ਗੋਲੀਆਂ ਦੇ ਵੀਹ ਤੋਂ ਵੱਧ ਜ਼ਖ਼ਮ ਲੱਗੇ ਸਨ, ਪਰ ਉਹ ਇਨ੍ਹਾਂ ਦੀ ਪਰਵਾਹ ਕੀਤੇ ਬਗੈਰ ਅਬਦਾਲੀ ਦੀਆਂ ਫੌਜਾਂ ਵਿਰੁੱਧ ਡਟਿਆ ਰਿਹਾ ਸੀ।

1748 ਈ. ਵਿਚ ਜਦੋਂ ਸਾਰੇ ਪੰਥਕ ਦਲਾਂ ਨੂੰ ਮਿਲਾ ਕੇ 'ਦਲ ਖਾਲਸਾ' ਦੀ ਸਥਾਪਤੀ ਕੀਤੀ ਗਈ ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਇਸ ਦਾ ਪਹਿਲਾ ਜਥੇਦਾਰ ਨਿਯੁਕਤ ਕੀਤਾ ਗਿਆ।

ਉਸ ਸਮੇਂ ਪੰਜਾਬ ਵਿਚ ਸਖਤੀਆਂ ਦਾ ਦੌਰ ਜਾਰੀ ਸੀ। 1748 ਈ. ਵਿਚ ਅਹਿਮਦਸ਼ਾਹ ਅਬਦਾਲੀ ਨੇ ਪੰਜਾਬ (ਭਾਰਤ) 'ਤੇ ਪਹਿਲਾ ਹਮਲਾ ਕੀਤਾ ਤੇ ਜਦੋਂ ਉਹ ਇੱਥੋਂ ਲੁੱਟੀ ਹੋਈ ਦੌਲਤ ਤੇ ਇਸਤਰੀਆਂ ਨੂੰ ਬੰਦੀ ਬਣਾ ਕੇ ਕਾਬਲ ਲਿਜਾ ਰਿਹਾ ਸੀ ਤਾਂ ਨਾ ਸਿਰਫ ਨੌਜਵਾਨ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਉਸ ਦੌਲਤ 'ਚੋਂ ਬਹੁਤ ਸਾਰੀ ਦੌਲਤ ਹੀ ਖੋਹ ਲਈ, ਸਗੋਂ ਬੰਦੀ ਬਣਾ ਕੇ ਲਿਜਾ ਰਹੀਆਂ ਦੇਸ਼ ਦੀਆਂ ਬਹੂ-ਬੇਟੀਆਂ ਨੂੰ ਛੁਡਵਾ ਕੇ ਇੱਜ਼ਤ ਨਾਲ ਉਨ੍ਹਾਂ ਦੇ ਘਰ ਭਿਜਵਾ ਦਿੱਤਾ। 1748 ਈ. ਵਿਚ ਪੰਜਾਬ ਵਿਚ ਇਕ ਹੋਰ ਕਹਿਰ ਦੀ ਸ਼ੁਰੂਆਤ ਹੋ ਗਈ। ਮੀਰ ਮੰਨੂੰ ਨੂੰ (1748-1753) ਪੰਜਾਬ ਦਾ ਸੂਬੇਦਾਰ ਨਿਯੁਕਤ ਕਰ ਦਿੱਤਾ ਗਿਆ। ਉਹ ਬੜਾ ਜ਼ਾਲਮ ਅਤੇ ਸਿੱਖਾਂ ਦਾ ਕੱਟੜ ਵੈਰੀ



SikhBookClub.Com

ਸੀ। ਉਸ ਦੇ ਸਮੇਂ ਛੋਟੇ-ਛੋਟੇ ਬੱਚਿਆਂ ਦੇ ਟੋਟੇ-ਟੋਟੇ ਕਰ ਕੇ, ਉਨ੍ਹਾਂ ਦੇ ਹਾਰ ਪਰੋ ਕੇ ਉਨ੍ਹਾਂ ਦੀਆਂ ਮਾਵਾਂ ਦੇ ਗ਼ਲਾਂ ਵਿਚ ਪਾਏ ਗਏ। ਪੂਰੇ ਪੰਜਾਬ ਵਿਚ ਸਿੱਖਾਂ ਦੀ ਇਸ ਤਰ੍ਹਾਂ ਵਾਢੀ ਕੀਤੀ ਗਈ ਜਿਵੇਂ ਕਿਸਾਨ ਦਾਤਰੀ-ਟੋਕੇ ਨਾਲ ਪੱਕੀਆਂ ਫਸਲਾਂ ਨੂੰ ਵੱਢਦਾ ਹੈ। ਇਹੋ ਜਿਹੇ ਹਾਲਾਤ ਵਿਚ ਵੀ ਸਿੱਖ ਚੜ੍ਹਦੀ ਕਲਾ ਵਿਚ ਸਨ ਤੇ ਅਕਸਰ ਇਹ ਬੋਲ ਬੋਲਿਆ ਕਰਦੇ ਸਨ:

*ਮੰਨੂੰ ਅਸਾਡੀ ਦਾਤਰੀ, ਅਸੀਂ ਮੰਨੂੰ ਦੇ ਸੋਏ।*
*ਜਿਉਂ ਜਿਉਂ ਮੰਨੂੰ ਵੱਢਦਾ ਅਸੀਂ ਦੂਣ ਸਵਾਏ ਹੋਏ।*

ਇਨ੍ਹਾਂ ਦਿਨਾਂ ਵਿਚ ਹੀ ਸਿੱਖਾਂ ਨੂੰ ਮਲੀਆਮੇਟ ਕਰਨ ਦੇ ਉਦੇਸ਼ ਨਾਲ ਸਲਾਬਤ ਖ਼ਾਨ ਨੇ ਸ੍ਰੀ ਅੰਮ੍ਰਿਤਸਰ 'ਤੇ ਹਮਲਾ ਬੋਲ ਦਿੱਤਾ। ਬਹੁਤ ਥੋੜੀ ਗਿਣਤੀ ਹੋਣ ਦੇ ਬਾਵਜੂਦ ਸਿੱਖਾਂ ਨੇ ਇਕੱਠੇ ਹੋ ਕੇ ਨਾ ਸਿਰਫ ਸਲਾਬਤ ਖ਼ਾਨ ਦੀਆਂ ਫੌਜਾਂ ਨੂੰ ਹਾਰ ਹੀ ਦਿੱਤੀ, ਸਗੋਂ ਉਸ ਨੂੰ ਐਸੀ ਮਾਰ ਮਾਰੀ ਕਿ ਮੁਗ਼ਲ ਜਰਨੈਲ ਨਗਰ ਛੱਡ ਕੇ ਭੱਜ ਗਿਆ।

ਮੀਰ ਮੰਨੂੰ ਦੁਆਰਾ ਕੀਤੇ ਜਾ ਰਹੇ ਜ਼ੁਲਮਾਂ ਕਾਰਨ ਹਰ ਪਾਸੇ ਮਹੌਲ ਵਿਗੜਿਆ ਪਿਆ ਸੀ। ਸਿੱਖਾਂ ਦੇ ਪਰਵਾਰ ਤੇ ਸਿੱਖ ਜਥੇ ਆਪਣੇ ਘਰਾਂ ਨੂੰ ਛੱਡ ਕੇ ਪਹਾੜਾਂ ਤੇ ਜੰਗਲਾਂ ਦੀ ਸ਼ਰਨ ਵਿਚ ਚਲੇ ਗਏ ਸਨ। ਗੁਰੂ ਕੇ ਸਿੱਖਾਂ ਨੂੰ ਚੜ੍ਹਦੀ ਕਲਾ ਵਿਚ ਰੱਖਣ ਦੀ ਲੋੜ ਸੀ। ਇਹ ਕੰਮ ਨਵਾਬ ਕਪੂਰ ਸਿੰਘ ਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਕੀਤਾ। ਉਨ੍ਹਾਂ ਨੇ ਪੰਜਾਬ ਦੇ ਪਿੰਡਾਂ ਤੇ ਨਗਰਾਂ ਦਾ ਦੌਰਾ ਕਰ ਕੇ ਸਿੱਖਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਗੁਰਬਾਣੀ ਦਾ ਓਟ-ਆਸਰਾ ਲੈ ਕੇ ਚੜ੍ਹਦੀ ਕਲਾ ਵਿਚ ਰਹਿਣ। ਜ਼ੁਲਮ ਬਹੁਤੀ ਦੇਰ ਨਹੀਂ ਫਲਦਾ। ਆਖਰ 1 ਨਵੰਬਰ, 1753 ਈ. ਨੂੰ ਮੀਰ ਮੰਨੂੰ ਮਰ ਗਿਆ। ਹੁਣ ਸਿੱਖਾਂ ਨੇ ਮੁਗ਼ਲ ਤੇ ਅਫ਼ਗਾਨ ਇਲਾਕਿਆਂ ਤੇ ਹਮਲੇ ਕਰ ਕੇ ਇਲਾਕੇ ਜਿੱਤਣੇ ਸ਼ੁਰੂ ਕਰ ਦਿੱਤੇ ਤੇ ਜਿੱਤੇ ਹੋਏ ਇਲਾਕਿਆਂ ਵਿਚ 'ਰਾਖੀ ਪ੍ਰਥਾ' ਸ਼ੁਰੂ ਕਰ ਦਿੱਤੀ। ਉੱਤਰ-ਪੱਛਮੀ ਸੀਮਾ ਵੱਲੋਂ ਅਜੇ ਅਹਿਮਦਸ਼ਾਹ ਅਬਦਾਲੀ ਦੇ ਹਮਲੇ ਜਾਰੀ ਸਨ। ਸਿੱਖਾਂ ਵੱਲੋਂ ਮਿਲ ਰਹੇ ਤਕੜੇ ਵਿਰੋਧ ਕਾਰਨ ਪੰਜਾਬ ਵਿਚ ਉਸ ਦੇ ਪੈਰ ਨਹੀਂ ਟਿਕ ਰਹੇ ਸਨ।

1754 ਈ. ਵਿਚ ਅਬਦਾਲੀ ਨੇ ਇਕ ਤਕੜੀ ਅਫ਼ਗਾਨ ਸੈਨਾ ਸ੍ਰੀ ਅੰਮ੍ਰਿਤਸਰ ਨੂੰ ਘੇਰਾ ਪਾਉਣ ਲਈ ਭੇਜੀ, ਪਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਉਸ ਸੈਨਾ ਨੂੰ ਹਰਾ ਕੇ ਨਗਰ ਤੋਂ ਦੂਰ ਭੇਜ ਦਿੱਤਾ। 1757 ਈ. ਵਿਚ ਸਰਦਾਰ ਜੱਸਾ ਸਿੰਘ ਨੇ ਅਬਦਾਲੀ ਦੇ ਪੁੱਤਰ ਤੈਮੂਰ ਦੀ ਸੈਨਾ ਦੇ ਪਿਛਲੇ ਹਿੱਸੇ ਨੂੰ ਬੜਾ ਨੁਕਸਾਨ ਪਹੁੰਚਾਇਆ, ਜੋ ਕਰਤਾਰਪੁਰ ਨੂੰ ਤਬਾਹ ਕਰਨ ਮਗਰੋਂ ਲਾਹੌਰ ਪਰਤ ਰਿਹਾ ਸੀ। ਤੈਮੂਰ ਲਾਹੌਰ ਦਾ ਗਵਰਨਰ ਸੀ ਤੇ ਅਹਿਮਦਸ਼ਾਹ ਅਬਦਾਲੀ ਦੀ ਗ਼ੈਰ-ਹਾਜ਼ਰੀ ਵਿਚ ਉਸ ਦੁਆਰਾ ਪੰਜਾਬ ਵਿਚ ਜਿੱਤੇ ਹੋਏ ਇਲਾਕਿਆਂ ਦੀ ਦੇਖ-ਭਾਲ ਕਰ ਰਿਹਾ ਸੀ।



SikhBookClub.Com

ਅਦੀਨਾ ਬੇਗ ਜਿਸ ਨੂੰ ਲਾਹੌਰ ਦੀ ਸੂਬੇਦਾਰੀ ਤੋਂ ਬਰਤਰਫ ਕਰ ਦਿੱਤਾ ਗਿਆ ਸੀ ਉਸ ਨੂੰ ਚੰਗੀ ਤਰ੍ਹਾਂ ਦਬਾਉਣ ਲਈ ਦੁਰਾਨੀ ਸੈਨਾਵਾਂ ਨੇ ਮੁਰਾਦ ਖਾਂ ਅਤੇ ਬੁਲੰਦ ਖਾਂ ਦੀ ਅਗਵਾਈ ਥੱਲੇ ਅਦੀਨਾ ਬੇਗ 'ਤੇ ਹਮਲਾ ਬੋਲ ਦਿੱਤਾ। ਅਦੀਨਾ ਬੇਗ ਜੋ ਬਹੁਤੇ ਵਿਸ਼ਵਾਸ ਵਾਲਾ ਬੰਦਾ ਨਹੀਂ ਸੀ ਅਤੇ ਕਈ ਵਾਰ ਉਹ ਪਾਸੇ ਬਦਲ ਚੁੱਕਾ ਸੀ। ਉਸ ਨੇ ਜੱਸਾ ਸਿੰਘ ਆਹਲੂਵਾਲੀਆ ਕੋਲੋਂ ਦੁਰਾਨੀਆਂ ਵਿਰੁੱਧ ਮਦਦ ਦੀ ਯਾਚਨਾ ਕੀਤੀ। ਬੇਸ਼ਕ ਜੱਸਾ ਸਿੰਘ ਉਸ ਬਾਰੇ ਸਭ ਕੁਝ ਜਾਣਦਾ ਸੀ ਫਿਰ ਵੀ ਉਸ ਨੇ ਬਦੇਸ਼ੀ ਦੁਰਾਨੀਆਂ ਵਿਰੁੱਧ ਅਦੀਨਾ ਬੇਗ ਦੀ ਮਦਦ ਕਰਨ ਦਾ ਫੈਸਲਾ ਕਰ ਲਿਆ। ਹੁਣ 'ਦਲ ਖਾਲਸਾ' ਦੀਆਂ ਸੈਨਾਵਾਂ ਨੇ ਅਦੀਨਾ ਬੇਗ ਦੀਆਂ ਸੈਨਾਵਾਂ ਨਾਲ ਮਿਲ ਕੇ ਮਾਰਚ 1758 ਈ. ਵਿਚ ਮਾਹਲਪੁਰ ਦੀ ਲੜਾਈ ਵਿਚ ਜ਼ਬਰਦਸਤ ਹਾਰ ਦੇ ਕੇ ਅਪ੍ਰੈਲ 1758 ਈ. ਵਿਚ ਅਦੀਨਾ ਬੇਗ ਨੂੰ ਫਿਰ ਲਾਹੌਰ ਦਾ ਹਾਕਮ ਬਣਾ ਦਿੱਤਾ। ਅਦੀਨਾ ਬੇਗ ਅਤੇ 'ਦਲ ਖਾਲਸਾ' ਦੀ ਸੈਨਾ ਨੂੰ ਮਰਹੱਟੇ ਵੀ ਮਦਦ ਦੇ ਰਹੇ ਸਨ।

ਅਕਤੂਬਰ 1759 ਈ. ਨੂੰ ਅਹਿਮਦਸ਼ਾਹ ਅਬਦਾਲੀ ਦਰਿਆ ਸਿੰਧ ਪਾਰ ਕਰ ਕੇ ਪੰਜਵੀਂ ਵਾਰ ਹਿੰਦੁਸਤਾਨ ਆ ਵੜਿਆ। ਇਸ ਵਾਰ ਉਸ ਦਾ ਸਾਰਾ ਸਮਾਂ ਮੁਗ਼ਲ ਫੌਜਦਾਰਾਂ, ਮਰਹੱਟੇ ਤੇ ਸਿੱਖਾਂ ਨੂੰ ਦਬਾਉਣ ਵਿਚ ਲੱਗ ਗਿਆ। ਉਹ ਹਿੰਦੁਸਤਾਨ ਦੀਆਂ ਉਲਝਣਾਂ ਵਿਚ ਹੀ ਇਤਨਾ ਫਸਿਆ ਰਿਹਾ ਕਿ ਕਰੀਬ 15 ਮਹੀਨੇ ਆਪਣੇ ਦੇਸ਼ ਨਾ ਪਰਤ ਸਕਿਆ। ਇਸ ਵਾਰੀ ਵੀ ਉਸ ਦੀ ਸਭ ਤੋਂ ਵੱਡੀ ਘਟਨਾ ਪਾਣੀਪਤ ਦੀ ਤੀਸਰੀ ਲੜਾਈ ਸੀ ਜਿਸ ਵਿਚ ਉਸ ਨੇ ਮਰਹੱਟਿਆਂ ਨੂੰ 17 ਜਨਵਰੀ, 1761 ਈ. ਵਿਚ ਕਰਾਰੀ ਹਾਰ ਦੇ ਕੇ ਉਨ੍ਹਾਂ ਦਾ ਲੱਕ ਹੀ ਤੋੜ ਦਿੱਤਾ ਸੀ। ਲੜਾਈ ਤੋ ਬਾਅਦ ਜਦੋਂ ਉਹ ਹਿੰਦੁਸਤਾਨ ਦੀ ਬਹੁਤ ਸਾਰੀ ਦੌਲਤ, ਹੀਰੇ ਜਵਾਹਰਾਤ, ਜੰਗੀ ਸਾਮਾਨ ਅਤੇ ਹਜ਼ਾਰਾਂ ਖ਼ੂਬਸੂਰਤ ਇਸਤਰੀਆਂ ਬੰਦੀ ਬਣਾ ਕੇ ਲਿਜਾ ਰਿਹਾ ਸੀ ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਮਾਰਚ 1761 ਈ. ਸ੍ਰੀ ਅੰਮ੍ਰਿਤਸਰ ਦੇ ਨੇੜੇ ਉਸ 'ਤੇ ਹਮਲਾ ਬੋਲ ਕੇ ਉਸ ਦਾ ਬਹੁਤ ਨੁਕਸਾਨ ਕੀਤਾ ਤੇ 2200 ਇਸਤਰੀਆਂ ਨੂੰ ਵੀ ਛੁਡਵਾ ਲਿਆ। ਅਬਦਾਲੀ ਸਿੱਖਾਂ ਦੁਆਰਾ ਕੀਤੇ ਗਏ ਇਸ ਹਮਲੇ ਬਾਰੇ ਵੀ ਪ੍ਰੇਸ਼ਾਨ ਸੀ ਤੇ ਇਤਨਾ ਗੁੱਸੇ ਵਿਚ ਸੀ ਕਿ ਉਹ ਇਸ ਕੌਮ ਨੂੰ ਬਿਲਕੁਲ ਹੀ ਨਸ਼ਟ ਕਰ ਦੇਣਾ ਚਾਹੁੰਦਾ ਸੀ।

ਪੰਜਾਬ ਵਿਚ ਸਿੱਖਾਂ ਦੀ ਸ਼ਕਤੀ ਦਿਨ-ਬ-ਦਿਨ ਵਧਦੀ ਜਾ ਰਹੀ ਸੀ। ਵੱਖੋ-ਵੱਖਰੀਆਂ ਮਿਸਲਾਂ ਨੂੰ ਸੰਗਠਿਤ ਕਰਨ ਵਾਲਾ ਨੇਤਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸੀ ਜਿਸ ਨੇ ਸਤੰਬਰ 1761 ਈ. ਵਿਚ ਸ਼ੁਕਰਚਕੀਆ, ਕਨ੍ਹੱਈਆ ਤੇ ਭੰਗੀ ਮਿਸਲ ਦੇ ਸਰਦਾਰਾਂ ਨਾਲ ਮਿਲ ਕੇ ਲਾਹੌਰ ਦੇ ਅਫ਼ਗਾਨ ਗਵਰਨਰ ਉਬੈਦ ਖਾਂ ਨੂੰ ਗੁਜਰਾਂਵਾਲਾ ਦੇ ਨੇੜੇ ਜ਼ਬਰਦਸਤ ਹਾਰ ਦੇ ਕੇ ਲਾਹੌਰ 'ਤੇ ਕਬਜ਼ਾ ਕਰ ਲਿਆ। ਦਲ ਖਾਲਸਾ ਤੇ ਮਿਸਲਾਂ ਵੱਲੋਂ ਜੱਸਾ ਸਿੰਘ ਆਹਲੂਵਾਲੀਆ ਨੂੰ ਲਾਹੌਰ ਦਾ ਸ਼ਾਸਕ ਘੋਸ਼ਿਤ ਕਰ ਕੇ 'ਸੁਲਤਾਨ-ਉਲ-ਕੌਮ' ਦੀ ਉਪਾਧੀ ਨਾਲ



SikhBookClub.Com

ਸਨਮਾਨਿਤ ਕੀਤਾ ਗਿਆ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਲਾਹੌਰ ਤੋਂ ਜੋ ਸਿੱਕੇ ਜਾਰੀ ਕੀਤੇ ਉਨ੍ਹਾਂ ਉੱਪਰ ਉਹੀ ਇਬਾਰਤ ਦਰਜ ਸੀ ਜੋ ਬੰਦਾ ਸਿੰਘ ਬਹਾਦਰ ਦੇ ਸਮੇਂ ਜਾਰੀ ਕੀਤੇ ਗਏ ਸਿੱਕਿਆਂ ਉੱਪਰ ਸੀ। ਜਦੋਂ ਇਸ ਗੱਲ ਦੀ ਸੂਚਨਾ ਅਹਿਮਦਸ਼ਾਹ ਅਬਦਾਲੀ ਨੂੰ ਕਾਬਲ ਵਿਖੇ ਮਿਲੀ ਤਾਂ ਉਹ ਲੋਹਾ-ਲਾਖਾ ਹੋਇਆ ਤੇ ਹਿੰਦੁਸਤਾਨ ਉੱਪਰ ਚੜ੍ਹ ਆਇਆ। ਅਹਿਮਦਸ਼ਾਹ ਅਬਦਾਲੀ ਦਾ ਇਹ ਛੇਵਾਂ ਹਮਲਾ ਸਿਰਫ਼ ਸਿੱਖਾਂ ਨੂੰ ਸਬਕ ਸਿਖਾਉਣ ਲਈ ਸੀ ਕਿ ਇਹ ਨਿੱਕੀ ਜਿਹੀ ਕੌਮ ਐਨੇ ਸ਼ਕਤੀਸ਼ਾਲੀ ਸ਼ਾਹ ਨੂੰ ਵੰਗਾਰਨ ਦੀ ਹਿੰਮਤ ਕਿਵੇਂ ਕਰ ਰਹੀ ਹੈ। ਅਬਦਾਲੀ ਨੇ ਇਹ ਹਮਲਾ 1762 ਈ. ਵਿਚ ਕੀਤਾ। ਉਸ ਨੇ ਮੁਗ਼ਲ ਤੇ ਅਫ਼ਗਾਨ ਫੌਜਦਾਰਾਂ ਨੂੰ ਸਖ਼ਤ ਆਦੇਸ਼ ਲਿਖ ਕੇ ਭੇਜ ਦਿੱਤੇ ਕਿ ਸਿੱਖਾਂ ਨੂੰ ਦਬਾਉਣ ਲਈ ਉਹ ਆਪਣੀਆਂ ਫੌਜਾਂ ਲਿਆ ਕੇ ਸਰਹਿੰਦ ਦੇ ਸੂਬੇ ਜੈਨ ਖਾਂ ਨਾਲ ਮਿਲ ਜਾਣ ਤਾਂ ਕਿ ਸਿੱਖਾਂ ਵਿਰੁੱਧ ਕੋਈ ਸਾਂਝੀ ਕਾਰਵਾਈ ਕੀਤੀ ਜਾ ਸਕੇ। ਉਹ ਆਪ 1,50,000 ਦੀ ਸੈਨਾ ਲੈ ਕੇ ਲਾਹੌਰ ਤੋਂ ਮਲੇਰਕੋਟਲੇ ਵੱਲ ਚੱਲ ਪਿਆ ਜਿੱਥੇ ਸਿੱਖਾਂ ਦਾ ਭਾਰੀ ਇਕੱਠ ਹੋਇਆ ਸੀ ਇੱਥੇ ਹੀ ਵੱਡਾ ਘੱਲੂਘਾਰਾ ਵਾਪਰਿਆ।

ਮਲੇਰਕੋਟਲਾ ਤੋਂ ਵਾਪਸ ਲਾਹੌਰ ਪਰਤਦਾ ਹੋਇਆ ਉਹ ਸ੍ਰੀ ਅੰਮ੍ਰਿਤਸਰ ਪਹੁੰਚ ਗਿਆ। ਉਹ ਸਿੱਖਾਂ ਦੀ ਅਧਿਆਤਮਿਕ ਤੇ ਮਾਨਸਿਕ ਸ਼ਕਤੀ ਦੇ ਇਸ ਕੇਂਦਰ ਨੂੰ ਵੀ ਨਸ਼ਟ ਕਰ ਦੇਣਾ ਚਾਹੁੰਦਾ ਸੀ। ਜਦੋਂ ਸ੍ਰੀ ਹਰਿਮੰਦਰ ਸਾਹਿਬ ਦੀ ਸੁੰਦਰ ਇਮਾਰਤ ਢਾਹੀ ਜਾ ਰਹੀ ਸੀ ਤਾਂ ਇੱਟ ਦਾ ਇਕ ਟੁੱਕੜਾ ਅਬਦਾਲੀ ਦੇ ਨੱਕ 'ਤੇ ਆ ਕੇ ਲੱਗ ਗਿਆ। ਹੌਲੀ-ਹੌਲੀ ਇਹ ਜ਼ਖ਼ਮ ਨਾਸੂਰ ਬਣ ਗਿਆ ਤੇ ਫਿਰ ਇਸੇ ਜ਼ਖ਼ਮ ਕਰ ਕੇ ਅਬਦਾਲੀ ਦੀ ਮੌਤ ਹੋ ਗਈ।

ਇਤਨੀਆਂ ਵੱਡੀਆਂ ਘਟਨਾਵਾਂ ਵਾਪਰ ਜਾਣ ਦੇ ਬਾਵਜੂਦ ਵੀ ਸਿੱਖ ਚੜ੍ਹਦੀ ਕਲਾ ਵਿਚ ਸਨ। ਉਹ ਕੁਝ ਅਜਿਹਾ ਕਰਨਾ ਚਾਹੁੰਦੇ ਸਨ ਕਿ ਅਬਦਾਲੀ ਨੂੰ ਅਹਿਸਾਸ ਹੋ ਜਾਵੇ ਕਿ ਇਸ ਕੌਮ ਨੂੰ ਖਤਮ ਕਰ ਦੇਣਾ ਕੋਈ ਸੌਖਾ ਨਹੀਂ। ਵੱਡੇ ਘੱਲੂਘਾਰੇ ਵੇਲੇ ਇੱਕੋ ਦਿਨ ਵਿਚ 30,000 ਸਿੱਖਾਂ ਦੇ ਖ਼ੂਨ ਨਾਲ ਹੱਥ ਰੰਗਣ ਵਾਲਾ ਅਹਿਮਦ ਸ਼ਾਹ ਅਬਦਾਲੀ ਅਜੇ ਲਾਹੌਰ ਹੀ ਸੀ ਜਦੋਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਅਬਦਾਲੀ ਦੇ ਵੱਡੇ ਜਰਨੈਲ (ਸਰਹਿੰਦ ਦੇ ਫੌਜਦਾਰ) ਜ਼ੈਨ ਖਾਂ ਤੇ 17 ਮਈ, 1762 ਈ. ਨੂੰ ਹਮਲਾ ਬੋਲ ਕੇ ਨਾ ਸਿਰਫ ਉਸ ਨੂੰ ਕਰਾਰੀ ਹਾਰ ਹੀ ਦਿੱਤੀ, ਸਗੋਂ ਉਸ ਕੋਲੋਂ ਨਜ਼ਰਾਨਾ ਵਸੂਲ ਕਰ ਕੇ ਇਹ ਸਾਬਤ ਕਰ ਦਿੱਤਾ ਕਿ ਹੁਣ ਇੱਥੇ ਰਾਜ ਖਾਲਸੇ ਦਾ ਹੈ ਤੇਰੇ ਮਾਲਕ ਅਬਦਾਲੀ ਦਾ ਨਹੀਂ ਇਸ ਮਗਰੋਂ ਆਹਲੂਵਾਲੀਆ ਨੇ ਕਾਸ਼ਗੜ੍ਹ ਅਤੇ ਗੜ੍ਹਸ਼ੰਕਰ ਥਾਵਾਂ 'ਤੇ ਕਬਜ਼ਾ ਕਰ ਲਿਆ। ਨਵੰਬਰ 1768 ਵਿਚ ਸ਼ੁਕਰਚੱਕੀਆ, ਕਨ੍ਹੱਈਆ, ਰਾਮਗੜ੍ਹੀਆ, ਭੰਗੀ ਅਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਮਿਲ ਕੇ ਅਬਦਾਲੀ ਤੇ ਇਕ ਹੋਰ ਵੱਡੇ ਜਰਨੈਲ ਜਹਾਨ ਖ਼ਾਨ ਨੂੰ ਸਿਆਲਕੋਟ ਦੇ ਨੇੜੇ ਬੁਰੀ ਤਰ੍ਹਾਂ ਨਾਲ ਹਰਾ ਦਿੱਤਾ।



SikhBookClub.Com

ਹਿੰਦੁਸਤਾਨ ਦੀ ਰਾਜਧਾਨੀ ਦਿੱਲੀ ਜਿੱਤਣ ਵਾਲਾ ਸ਼ਾਹ ਪੰਜਾਬ ਵਿਚ ਥਾਂ-ਥਾਂ 'ਤੇ ਸਿੱਖਾਂ ਕੋਲੋਂ ਹਾਰਦਾ ਚਲਾ ਜਾ ਰਿਹਾ ਸੀ। ਇਕ ਵਾਰ ਫਿਰ ਇਹ ਮਿਸਲਾਂ ਸਾਂਝੀ ਕਾਰਵਾਈ ਕਰਨ ਦੇ ਇਰਾਦੇ ਨਾਲ ਰੋਪੜ ਇਕੱਠੀਆਂ ਹੋਈਆਂ 'ਤੇ ਰੋਪੜ ਦੇ ਨਾਲ ਲੱਗਦੇ ਇਲਾਕਿਆਂ ਕੁਰਾਲੀ ਅਤੇ ਮੋਰਿੰਡਾ ਤੇ ਕਬਜ਼ਾ ਕਰ ਲਿਆ ਤੇ 14 ਮਾਰਚ, 1764 ਈ. ਨੂੰ ਸਰਹਿੰਦ ਉੱਪਰ ਹਮਲਾ ਕਰ ਦਿੱਤਾ। ਇੱਥੋਂ ਦਾ ਫੌਜਦਾਰ ਜ਼ੈਨ ਖਾਂ ਮਾਰਿਆ ਗਿਆ ਤੇ ਨਗਰ ਨੂੰ ਤਬਾਹ ਕਰ ਦਿੱਤਾ ਗਿਆ।

17 ਅਪ੍ਰੈਲ, 1765 ਈ. ਨੂੰ 'ਦਲ ਖਾਲਸਾ' ਨੇ ਦੁਬਾਰਾ ਲਾਹੌਰ ਉੱਪਰ ਕਬਜ਼ਾ ਕਰ ਲਿਆ। ਇਸ ਤੋਂ ਪਹਿਲਾਂ ਉਹ ਜਮਨਾ ਵਾਲੇ ਪਾਸੇ ਨਜੀਬ-ਉ-ਦੌਲਾ (ਵਜ਼ੀਰੇ ਮੁਤਲਿਕ) ਦੇ ਇਲਾਕਿਆਂ 'ਤੇ ਹਮਲਾ ਬੋਲ ਚੁੱਕੇ ਸਨ। ਹੁਣ ਅਬਦਾਲੀ ਵੀ ਚਾਹੁੰਦਾ ਸੀ ਕਿ ਪੰਜਾਬ ਅਤੇ ਬਾਰੀ ਇਲਾਕਿਆਂ ਬਾਰੇ ਕਿਸੇ ਸਮਝੌਤੇ 'ਤੇ ਪਹੁੰਚਿਆ ਜਾਵੇ। ਉਹ ਸਰਦਾਰ ਜੱਸਾ ਸਿੰਘ ਨਾਲ ਗੱਲਬਾਤ ਕਰਨ ਦਾ ਇਛੁੱਕ ਸੀ, ਪਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਅਜਿਹੀ ਕਿਸੇ ਗੱਲਬਾਤ ਤੋਂ ਇਨਕਾਰ ਕਰ ਦਿੱਤਾ, ਕਿਉਂਕਿ ਸਿੱਖ ਆਪਣੇ ਮਨ ਵਿਚ ਦ੍ਰਿੜ੍ਹ ਸਨ ਕਿ ਅਸੀਂ ਜੋ ਲਵਾਂਗੇ, ਆਪਣੀ ਤਾਕਤ ਨਾਲ ਲਵਾਂਗੇ ਕਿਸੇ ਦਾ ਦਿੱਤਾ ਦਾਨ ਨਹੀਂ ਲੈਣਾ। ਅਬਦਾਲੀ ਦੀ ਪੰਜਾਬ ਤੋਂ ਗੈਰ-ਹਾਜ਼ਰੀ ਦਾ ਲਾਭ ਉਠਾਉਂਦਿਆਂ ਦਲ ਖਾਲਸਾ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਆਪਣੇ ਇਲਾਕਿਆਂ ਨੂੰ ਵਧਾਉਣਾ ਤੇ ਮਜ਼ਬੂਤ ਕਰਨਾ ਸ਼ੁਰੂ ਕਰ ਦਿੱਤਾ। ਅਬਦਾਲੀ ਦਾ ਜ਼ੋਰ ਤੇ ਦਬਦਬਾ ਕਰੀਬ-ਕਰੀਬ ਖਤਮ ਹੋ ਚੁੱਕਾ ਸੀ। ਹੁਣ ਸ਼ਾਹ ਆਲਮ ਵੀ ਜਥੇਦਾਰ ਆਹਲੂਵਾਲੀਆ ਤੇ ਹੋਰ ਸਿੱਖ ਸਰਦਾਰਾਂ ਨਾਲ ਕੋਈ ਗੱਲਬਾਤ ਕਰਨੀ ਚਾਹੁੰਦਾ ਸੀ ਤਾਂ ਕਿ ਉਸ ਦੇ ਅਧੀਨ ਇਲਾਕੇ ਉਸੇ ਤਰ੍ਹਾਂ ਟਿਕੇ ਰਹਿਣ 'ਤੇ ਸਿੱਖ ਉਨ੍ਹਾਂ 'ਤੇ ਆਪਣੀ ਨਜ਼ਰ ਨਾ ਰੱਖਣ।

ਦਿੱਲੀ ਦੇ ਸ਼ਾਹ ਆਲਮ ਨੇ ਆਪਣੇ ਨਵੇਂ ਵਜ਼ੀਰੇ ਅਬਦੁਲ ਆਹਦ ਖਾਂ ਦੀ ਕਮਾਨ ਥੱਲੇ 1779 ਈ. ਵਿਚ ਪਟਿਆਲੇ ਦੇ ਰਾਜਾ ਅਮਰ ਸਿੰਘ ਵਿਰੁੱਧ ਇਕ ਤਕੜੀ ਸੈਨਾ ਭੇਜੀ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਇਸ ਸੈਨਾ ਨੂੰ ਹਰਾ ਕੇ ਦਿੱਲੀ ਵੱਲ ਭੇਜ ਦਿੱਤਾ ਤੇ ਬਿਨਾ ਕਾਰਨ ਇਸ ਲੜਾਈ ਨੂੰ ਛੇੜਣ ਦੇ ਜੁਰਮਾਨੇ ਵਜੋਂ 7,00,000 ਰੁਪਿਆ ਵਸੂਲ ਕੀਤਾ।

ਸਰਦਾਰ ਜੱਸਾ ਸਿੰਘ ਆਹਲੂਵਲੀਆ 18ਵੀਂ ਸਦੀ ਦਾ ਉਹ ਮਹਾਨ ਸਿੱਖ ਜਰਨੈਲ ਸੀ ਜਿਸ ਨੇ 1764 ਈ. ਵਿਚ ਲਾਹੌਰ ਨੂੰ ਜਿੱਤ ਕੇ ਪੰਜਾਬ ਵਿਚ ਦੂਜੀ ਵਾਰੀ ਖਾਲਸਾ ਰਾਜ ਦੀ ਸਥਾਪਨਾ ਕੀਤੀ ਤੇ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਦਾ ਸਿੱਕਾ ਚਲਾਇਆ। ਪੰਜਾਬ ਵਿਚ ਪਹਿਲੀ ਵਾਰ ਖਾਲਸੇ ਨੂੰ ਰਾਜਸੀ ਸ਼ਕਤੀ ਪ੍ਰਦਾਨ ਕਰਨ ਵਾਲਾ ਬਾਬਾ ਬੰਦਾ ਸਿੰਘ ਬਹਾਦਰ ਸੀ, ਜਿਸ ਨੇ 12 ਮਈ, 1710 ਈ. ਨੂੰ ਸਰਹਿੰਦ ਦੇ ਨਵਾਬ ਵਜ਼ੀਰ ਖਾਂ ਨੂੰ ਚਪੱੜ ਚਿੜੀ ਦੇ ਮੈਦਾਨ ਵਿਚ ਹਰਾ ਕੇ ਖਾਲਸਾ ਰਾਜ ਦੀ ਸਥਾਪਤੀ ਕੀਤੀ ਸੀ।



SikhBookClub.Com

ਜੱਸਾ ਸਿੰਘ ਆਹਲੂਵਾਲੀਆ ਉਨ੍ਹਾਂ ਮਹਾਨ ਸੂਰਬੀਰਾਂ ਤੇ ਯੋਧਿਆਂ ਵਿੱਚੋਂ ਇਕ ਹੈ ਜਿਨ੍ਹਾਂ ਨੇ 18ਵੀਂ ਸਦੀ ਦੇ ਬਿਖੜੇ ਸਮੇਂ ਵਿਚ ਪੰਥ ਦੀ ਅਗਵਾਈ ਕੀਤੀ ਤੇ ਸਾਰੀ ਉਮਰ ਖਾਲਸੇ ਦੀ ਚੜ੍ਹਦੀ ਕਲਾ ਲਈ ਮੁਗ਼ਲਾਂ ਤੇ ਦੁਰਾਨੀਆਂ ਨਾਲ ਜੂਝਦੇ ਰਹੇ। ਦਲ ਖਾਲਸੇ ਦੇ ਪਹਿਲੇ ਜਥੇਦਾਰ, 'ਸੁਲਤਾਨ-ਉਲ-ਕੌਮ', ਸਾਰੀ ਕੌਮ ਉਨ੍ਹਾਂ ਦਾ ਬੇਹੱਦ ਸਤਿਕਾਰ ਕਰਦੀ ਸੀ। ਪੱਕਾ ਨਿਤਨੇਮੀ, ਪੂਰਨ ਗੁਰਸਿੱਖ, ਆਪਣੇ ਸਮੇਂ ਦਾ ਮਹਾਨ ਯੋਧਾ ਜਿਸ ਨੇ ਅਨੇਕਾਂ ਵਾਰ ਅਹਿਮਦਸ਼ਾਹ ਅਬਦਾਲੀ ਦੀਆਂ ਫੌਜਾਂ ਨਾਲ ਟੱਕਰ ਲਈ ਸੀ। ਉਸ ਨੇ ਛੋਟੇ ਤੇ ਵੱਡੇ ਘੱਲੂਘਾਰੇ ਦਾ ਸਮਾਂ ਵੀ ਵੇਖਿਆ ਸੀ ਤੇ ਸਰਹੰਦ ਤੇ ਲਾਹੌਰ ਦੀ ਜਿੱਤ ਮਗਰੋਂ ਖਾਲਸੇ ਦੀ ਚੜ੍ਹਦੀ ਕਲਾ ਵੀ ਵੇਖੀ ਸੀ। 18ਵੀਂ ਸਦੀ ਵਿਚ ਕੌਮ ਨੂੰ ਇਕਜੁਟ ਕਰਨ ਦੇ ਸੱਚੇ-ਸੁੱਚੇ ਤੇ ਆਦਰਸ਼ਕ ਜੀਵਨ ਦੀਆਂ ਲੀਹਾਂ ਪਾਣ ਵਾਲਾ ਵੀ ਜੱਸਾ ਸਿੰਘ ਸੀ।

ਉਸ ਦੇ ਮਨ 'ਤੇ ਕਿਸੇ ਵੀ ਸ਼ਾਹ ਜਾਂ ਸ਼ਹਿਨਸ਼ਾਹ ਦਾ ਕੋਈ ਡਰ-ਭਉ ਨਹੀਂ ਸੀ। ਵੱਡੇ ਘੱਲੂਘਾਰੇ ਮਗਰੋਂ ਅਹਿਮਦਸ਼ਾਹ ਅਬਦਾਲੀ ਅਜੇ ਲਾਹੌਰ ਹੀ ਸੀ ਕਿ ਜੱਸਾ ਸਿੰਘ ਥੋੜੀ ਜਿਹੀ ਸੈਨਾ ਲੈ ਕੇ ਹੀ ਸਰਹਿੰਦ ਦੇ ਅਫਗਾਨ ਫੌਜਦਾਰ 'ਤੇ ਜਾ ਪਿਆ ਸੀ। ਉਹ ਲੜਾਈ ਦੇ ਮੈਦਾਨ ਵਿਚ ਵੀ ਗੁਰਸਿੱਖੀ ਦੀ ਨਿੱਤ ਦੀ ਕਿਰਿਆ (ਮਰਯਾਦਾ) ਤੋਂ ਕਦੇ ਅਵੇਸਲਾ ਨਹੀਂ ਸੀ ਹੋਇਆ। ਉਸ ਨੂੰ ਗੁਰਬਾਣੀ ਬਹੁਤ ਕੰਠ ਸੀ ਤੇ ਕੀਰਤਨ ਸੁਣਨ ਦਾ ਵੀ ਤੇ ਕੀਰਤਨ ਕਰਨ ਦਾ ਵੀ ਬਹੁਤ ਸ਼ੌਕ ਸੀ।

ਅਨੇਕ ਭਾਸ਼ਾਵਾਂ ਦਾ ਗਿਆਨ ਹੋਣ ਦੇ ਕਾਰਨ ਇਹ ਕਿਸੇ ਤਰ੍ਹਾਂ ਦੀ ਗੱਲਬਾਤ ਵਿਚ ਵੀ ਨਿਝੱਕ ਹੋ ਕੇ ਹਿੱਸਾ ਲੈ ਸਕਦਾ ਸੀ। ਚੰਗੀ ਡੀਲ-ਡੌਲ ਤੇ ਸਰੀਰਕ ਤੌਰ 'ਤੇ ਤਕੜਾ ਹੋਣ ਦੇ ਕਾਰਨ ਉਹ ਕਿਸੇ ਨੂੰ ਵੀ ਵੰਗਾਰ ਪਾ ਸਕਦਾ ਸੀ। ਇਕ ਚੰਗਾ ਨੀਤੀਵਾਨ, ਉਸ ਦਾ ਨਿਸ਼ਾਨਾ ਸਦਾ ਕੌਮ ਨੂੰ ਚੜ੍ਹਦੀ ਕਲਾ ਵੱਲ ਲਿਜਾਣ ਦਾ ਹੁੰਦਾ ਸੀ। ਇਕ ਦੋ ਵਾਰੀ ਅਬਦਾਲੀ ਵੱਲੋਂ ਅਜਿਹੇ ਸੰਕੇਤ ਵੀ ਮਿਲੇ ਸਨ ਕਿ ਜੇ ਉਹ ਸਾਡੇ ਨਾਲ ਟਕਰਾਅ ਦਾ ਰਸਤਾ ਛੱਡ ਦੇਵੇ ਤਾਂ ਮੈਂ ਉਸ ਨੂੰ ਕੁਝ ਵੀ ਦੇਣ ਨੂੰ ਤਿਆਰ ਹਾਂ ਇਹੋ ਜਿਹੀ ਪੇਸ਼ਕਸ਼ ਮਿਲਣ ਦੇ ਬਾਵਜੂਦ ਵੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਅਬਦਾਲੀ ਦੀ ਇਸ ਭੇਟ ਨੂੰ ਇਹ ਕਹਿ ਕੇ ਨਾਮਨਜ਼ੂਰ ਕਰ ਦਿੱਤਾ ਸੀ ਕਿ ਅਸੀਂ ਜੋ ਲੈਣਾ ਹੈ ਉਹ ਆਪਣੀ ਤਾਕਤ ਦੇ ਜ਼ੋਰ ਨਾਲ ਲਵਾਂਗੇ ਕਿਸੇ ਕੋਲੋਂ ਦਾਨ ਵਿਚ ਦਿੱਤਾ ਹੋਇਆ ਕੋਈ ਤੋਹਫਾ ਨਹੀਂ। ਉਸ ਨੇ ਇਹ ਕੁਝ ਸਰਹਿੰਦ, ਲਾਹੌਰ ਤੇ ਦਿੱਲੀ ਦੀ ਜਿੱਤ ਨਾਲ ਸਾਬਤ ਕਰ ਕੇ ਵੀ ਦਿਖਾ ਦਿੱਤਾ ਸੀ।



SikhBookClub.Com

# ਸਿੱਖ ਤਵਾਰੀਖ਼ ਦਾ ਅਲੰਬਰਦਾਰ: ਸਰਦਾਰ ਜੱਸਾ ਸਿੰਘ ਆਹਲੂਵਾਲੀਆ

*—ਸ. ਸਿਮਰਜੀਤ ਸਿੰਘ**

ਲਾਹੌਰ ਤੋਂ ਤਕਰੀਬਨ ਅੱਠ ਕਿਲੋਮੀਟਰ 'ਤੇ ਪਿੰਡ ਹੈ ਆਹਲੂ। ਸੰਨ 1947 ਦੀ ਵੰਡ ਤੋਂ ਬਾਅਦ ਇਹ ਪਿੰਡ ਪਾਕਿਸਤਾਨ ਦੇ ਹਿੱਸੇ ਵਿਚ ਆ ਗਿਆ ਹੈ। ਸਿੱਖਾਂ ਦੀ ਪ੍ਰਸਿੱਧ ਆਹਲੂਵਾਲੀਆ ਮਿਸਲ ਦਾ ਨਾਂ ਇਸ ਪਿੰਡ ਤੋਂ ਹੀ ਪਿਆ ਸੀ। ਇਤਿਹਾਸਕਾਰਾਂ ਨੇ ਸਰਦਾਰ ਸੱਦਾ ਸਿੰਘ ਦਾ ਪਿਛੋਕੜ ਜੈਸਲਮੇਰ ਦੇ ਭੱਟੀ ਰਾਜਪੂਤ ਘਰਾਣੇ ਨਾਲ ਜੋੜਿਆ ਹੈ। ਇਸ ਘਰਾਣੇ ਦੇ ਵਡੇਰੇ ਸਰਦਾਰ ਗੰਡਾ ਸਿੰਘ ਨੇ ਆਪਣੀ ਬਹਾਦਰੀ ਦੇ ਦਮ 'ਤੇ ਲਾਹੌਰ ਦੇ ਸੂਬੇਦਾਰ ਤੋਂ ਪੰਜ ਪਿੰਡ—ਆਹਲੂ, ਹੱਲੋਕੇ, ਸਾਧੋਕੇ, ਤੂਰ ਅਤੇ ਚੱਕ ਇਨਾਮ ਵਜੋਂ ਪ੍ਰਾਪਤ ਕੀਤੇ ਸਨ। ਸਰਦਾਰ ਗੰਡਾ ਸਿੰਘ ਨੇ ਆਪਣੀ ਰਿਹਾਇਸ਼ ਆਹਲੂ ਪਿੰਡ ਵਿਚ ਬਣਾਈ। ਸਰਦਾਰ ਗੰਡਾ ਸਿੰਘ ਦੇ ਪੁੱਤਰ ਸਦਾ ਸਿੰਘ ਨੇ 'ਕਲਾਲ' ਲੜਕੀ ਨਾਲ ਵਿਆਹ ਕਰ ਕੇ ਉਸ ਦੇ ਮਾਪਿਆਂ ਦੀ ਸ਼ਰਤ ਕਬੂਲ ਕਰ ਲਈ ਸੀ ਕਿ ਉਸ ਦਾ ਘਰਾਣਾ ਆਪਣੇ ਬੱਚਿਆਂ ਦੀਆਂ ਸ਼ਾਦੀਆਂ 'ਕਲਾਲਾਂ' ਵਿਚ ਹੀ ਕਰੇਗਾ। ਕਈ ਇਤਿਹਾਸਕਾਰਾਂ ਨੇ ਸਦਾ ਸਿੰਘ ਦਾ ਨਾਂ ਸਾਧੂ ਸ਼ਿੰਘ ਵੀ ਲਿਖਿਆ ਹੈ। ਸੱਦਾ ਸਿੰਘ ਦੇ ਚਾਰ ਸਪੁੱਤਰ- ਗੋਪਾਲ ਸਿੰਘ, ਰਾਮੂ, ਸਿਕੰਦਰ ਅਤੇ ਚੱਕਾ ਹੋਏ ਹਨ। ਇਨ੍ਹਾਂ ਵਿੱਚੋਂ ਗੋਪਾਲ ਸਿੰਘ ਸਭ ਤੋਂ ਵੱਡਾ ਸੀ, ਉਸ ਨੇ ਆਹਲੂ ਪਿੰਡ ਦਾ ਜ਼ਿਮੀਦਾਰਾ ਸੰਭਾਲ ਲਿਆ। ਬਾਕੀ ਦੇ ਛੋਟੇ ਤਿੰਨ ਭਰਾ ਲਾਹੌਰ ਜਾ ਕੇ ਆਬਾਦ ਹੋ ਗਏ। ਗੋਪਾਲ ਸਿੰਘ ਦੇ ਘਰ ਤਿੰਨ ਸਪੁੱਤਰ—ਗੁਰਬਖਸ਼ ਸਿੰਘ, ਸਦਰ ਸਿੰਘ ਅਤੇ ਬਦਰ ਸਿੰਘ ਦਾ ਜਨਮ ਹੋਇਆ ਸੀ। ਸ. ਬਦਰ ਸਿੰਘ ਨੇ ਸ. ਬਾਘ ਸਿੰਘ ਹੱਲੋਵਾਲੀਆ ਦੀ ਭੈਣ ਨਾਲ ਸ਼ਾਦੀ ਕਰ ਲਈ। ਸ. ਬਾਘ ਸਿੰਘ ਬਹੁਤ ਹੀ ਸੂਝਵਾਨ ਵਿਅਕਤੀ ਸੀ। ਇਹ ਪੰਥ ਵਿਚ ਉੱਘਾ ਸਰਦਾਰ ਤੇ ਇਕ ਛੋਟੇ ਜਿਹੇ ਜਥੇ ਦਾ ਜਥੇਦਾਰ ਸੀ। ਸ. ਬਾਘ ਸਿੰਘ ਲਾਹੌਰ ਵਿਚ ਆਪਣਾ ਕੰਮਕਾਰ ਕਰਨ ਲੱਗਾ ਪਰ ਮਨ ਨੂੰ ਤਸੱਲੀ ਨਾ ਮਿਲੀ ਅਤੇ ਫੈਜਲਪੁਰ ਚਲਾ ਗਿਆ। ਇੱਥੇ ਇਸ ਦਾ ਫੈਜਲਪੁਰੀਆ ਮਿਸਲ ਦੇ ਸਰਦਾਰ ਕਪੂਰ ਸਿੰਘ ਨਾਲ ਮੇਲ ਜੋਲ ਹੋਇਆ। ਇਸ ਨੇ ਉਨ੍ਹਾਂ ਦੇ ਜਥੇ ਤੋਂ ਖੰਡੇ ਦੀ ਪਾਹੁਲ ਪ੍ਰਾਪਤ ਕਰ ਕੇ ਸਿੱਖੀ ਜੀਵਨ ਧਾਰਨ



SikhBookClub.Com

ਕਰ ਲਿਆ। ਸ. ਬਾਘ ਸਿੰਘ ਜਲਦੀ ਹੀ ਸਰਦਾਰ ਕਪੂਰ ਸਿੰਘ ਦੇ ਵਿਸ਼ਵਾਸ-ਪਾਤਰਾਂ ਵਿਚ ਗਿਣਿਆ ਜਾਣ ਲੱਗਾ। ਸ. ਰਤਨ ਸਿੰਘ (ਭੰਗੂ) ਇਸ ਦਾ ਜ਼ਿਕਰ ਕਰਦੇ ਹੋਏ 'ਸ੍ਰੀ ਗੁਰ ਪੰਥ ਪ੍ਰਕਾਸ਼' ਵਿਚ ਲਿਖਦੇ ਹਨ ਕਿ

**ਆਹਲੂਵਾਲੀਏ ਇਕ ਕੌਮ ਕਹਾਵੈ, ਲਾਹੌਰ ਕਸੂਰਹਿ ਮੱਧ ਬਸਾਵੈ।**
**ਊਹਾਂ ਥੋ ਇਕ ਗਰੀਬ ਕਲਾਲ, ਹੁਤੋ ਸਿੰਘ ਥੋ ਵਹਿ ਗੁਰ ਲਾਲ॥੨॥**
**ਦਯਾਲ ਸਿੰਘ ਥੋ ਉਸ ਕੋ ਨਾਮ, ਕਰਤ ਹੁਤੋ ਸੋ ਸਰਬਹਿ ਕਾਮ।**
**ਸੋ ਮਰ ਗਯੋ ਰਹਯੋ ਸੁਤ ਔ ਨਾਰਿ, ਹੁਤੋ ਦੋਊਅਨ ਕੋ ਅਤਿ ਸੈ ਪਯਾਰ॥੩॥**
**ਹੁਤੀ ਸਿੰਘਨ ਕੀ ਬੇਟੀ ਸੋਇ, ਪਿਤਾ ਪੜ੍ਹਾਈ ਅੱਛਰ ਤੋਇ।**
**ਗੁਰਬਾਣੀ ਤਿਸ ਕੰਠ ਘਨੇਰੀ, ਹੁਤੀ ਸਿੱਖਣੀ ਦੁਇ ਪਖ ਕੇਰੀ॥੪॥**
**ਪੋਥੀ ਰਾਖਤ ਗਾਤ੍ਰੈ ਪਾਇ, ਸਿਖ ਸੰਗਤ ਮੈਂ ਪਹੁੰਚੈ ਜਾਇ।**
**ਬਡੀ ਪ੍ਰਾਤ ਉਠ ਚੌਂਕੀ ਕਰੈ, ਸਮੈਂ ਸੰਝੈ ਭੀ ਸੋਦਰ ਪੜ੍ਹੈ॥੫॥**

ਆਹਲੂ ਪਿੰਡ ਵਿਚ 3 ਮਈ, 1718 ਈ. ਦੇ ਦਿਨ ਸਰਦਾਰ ਬਦਰ ਸਿੰਘ ਦੇ ਘਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ਹੋਇਆ। ਜਦੋਂ ਇਨ੍ਹਾਂ ਦੀ ਉਮਰ ਅਜੇ ਚਾਰ ਸਾਲ ਦੀ ਹੀ ਸੀ ਕਿ ਇਨ੍ਹਾਂ ਦੇ ਪਿਤਾ ਦਾ ਦਿਹਾਂਤ ਹੋ ਗਿਆ। ਇਨ੍ਹਾਂ ਦੇ ਮਾਤਾ ਜੀ ਇਨ੍ਹਾਂ ਨੂੰ ਲੈ ਕੇ ਮਾਤਾ ਸੁੰਦਰੀ ਜੀ ਪਾਸ ਦਿੱਲੀ ਚਲੇ ਗਏ। ਸਰਦਾਰ ਜੱਸਾ ਸਿੰਘ ਦੋਤਾਰਾ ਵਜਾ ਕੇ ਆਪਣੀ ਮਾਤਾ ਨਾਲ ਗੁਰਬਾਣੀ ਕੀਰਤਨ ਕਰਨ ਲੱਗੇ। ਮਾਤਾ ਸੁੰਦਰੀ ਜੀ ਦਾ ਉਸ ਨਾਲ ਇਤਨਾ ਪਿਆਰ ਹੋ ਗਿਆ ਕਿ ਉਹ ਉਨ੍ਹਾਂ ਨੂੰ ਸਾਹਿਬਜ਼ਾਦਿਆਂ ਵਾਂਗ ਹੀ ਸਮਝਦੇ ਸਨ। ਉਨ੍ਹਾਂ ਦੇ ਮਾਮਾ ਜੀ ਸਰਦਾਰ ਬਾਘ ਸਿੰਘ ਇਨ੍ਹਾਂ ਨੂੰ ਪੰਜਾਬ ਲੈ ਆਏ। ਵਿਦਾ ਕਰਨ ਸਮੇਂ ਮਾਤਾ ਸੁੰਦਰੀ ਜੀ ਨੇ ਇਨ੍ਹਾਂ ਨੂੰ ਇਕ ਗੁਰਜ, ਢਾਲ, ਕਿਰਪਾਨ, ਕਮਾਨ ਤੇ ਤੀਰਾਂ ਦਾ ਭੱਥਾ ਤੇ ਪੁਸ਼ਾਕ ਦੀ ਬਖ਼ਸ਼ਿਸ਼ ਕੀਤੀ। ਦਿੱਲੀਓਂ ਆਉਂਦੇ ਹੋਏ ਸਰਦਾਰ ਬਾਘ ਸਿੰਘ ਕਰਤਾਰਪੁਰ ਵਿਖੇ ਨਵਾਬ ਕਪੂਰ ਸਿੰਘ ਪਾਸ ਠਹਿਰੇ। ਅੰਮ੍ਰਿਤ ਵੇਲੇ ਸਰਦਾਰ ਜੱਸਾ ਸਿੰਘ ਅਤੇ ਉਸ ਦੀ ਮਾਤਾ ਨੇ 'ਆਸਾ ਕੀ ਵਾਰ' ਦਾ ਕੀਰਤਨ ਕੀਤਾ। ਨਵਾਬ ਕਪੂਰ ਸਿੰਘ ਬੜੇ ਪ੍ਰਸੰਨ ਹੋਏ ਅਤੇ ਉਨ੍ਹਾਂ ਨੇ ਸਰਦਾਰ ਬਾਘ ਸਿੰਘ ਨੂੰ ਕਹਿ ਕੇ ਸਰਦਾਰ ਜੱਸਾ ਸਿੰਘ ਨੂੰ ਗੋਦ ਲੈ ਲਿਆ। ਇਸ ਤੋਂ ਬਾਅਦ ਇਨ੍ਹਾਂ ਦੀ ਦੇਖ-ਰੇਖ ਨਵਾਬ ਕਪੂਰ ਸਿੰਘ ਜੀ ਨੇ ਕੀਤੀ। ਲਗਾਤਾਰ ਨਵਾਬ ਕਪੂਰ ਸਿੰਘ ਜੀ ਦੀ ਨਿਗਰਾਨੀ ਵਿਚ ਰਹਿ ਕੇ ਇਨ੍ਹਾਂ ਨੇ ਗੁਰਬਾਣੀ ਦਾ ਅਧਿਐਨ ਅਤੇ ਸ਼ਸਤਰ ਵਿੱਦਿਆ ਦਾ ਅਭਿਆਸ ਕੀਤਾ। ਇਨ੍ਹਾਂ ਨੇ ਨਵਾਬ ਕਪੂਰ ਸਿੰਘ ਜੀ ਦੇ ਜਥੇ ਪਾਸੋਂ ਖੰਡੇ ਦੀ ਪਾਹੁਲ ਪ੍ਰਾਪਤ ਕਰ ਕੇ ਪੂਰਨ ਗੁਰਸਿੱਖੀ ਵਾਲਾ ਜੀਵਨ ਧਾਰਨ ਕਰ ਲਿਆ। ਨਵਾਬ ਕਪੂਰ ਸਿੰਘ ਜੀ ਨਾਲ ਰਹਿੰਦਿਆਂ ਅਨੇਕਾਂ ਹੀ ਜੰਗਾਂ-ਯੁੱਧਾਂ ਵਿਚ ਹਿੱਸਾ ਲਿਆ। ਆਪ ਚੰਗੇ ਪ੍ਰਬੰਧਕ ਅਤੇ ਜਥੇਦਾਰਾਂ ਵਾਲੇ ਸਾਰੇ ਗੁਣਾਂ ਦੇ ਧਾਰਨੀ ਹੋ ਗਏ ਸਨ। ਨਵਾਬ ਕਪੂਰ ਸਿੰਘ ਨੇ ਸਰਦਾਰ ਜੱਸਾ ਸਿੰਘ ਨੂੰ ਘੋੜਿਆਂ ਦਾ ਦਾਨਾ ਵੰਡਣ ਦਾ ਕੰਮ ਸੌਂਪ ਦਿੱਤਾ:



SikhBookClub.Com

**ਹਰੀ ਸਿੰਘ ਇਕ ਲਾਂਗਰੀ ਥੋਊ, ਹਾਥ ਪਦਮ ਨਹਿੰ ਮੁਕੈ ਰਸੋਊ।**
**ਦਾਣੈ ਦਾਰ ਕਰਯੋ ਜੱਸਾ ਸਿੰਘ ਬਾਲ, ਆਹਲੂਵਾਲ ਜੁ ਹੁਤੋ ਕਲਾਲ॥੧੨॥**

*(ਸ੍ਰੀ ਗੁਰ ਪੰਥ ਪ੍ਰਕਾਸ਼, ਸ. ਰਤਨ ਸਿੰਘ ਭੰਗੂ)*

ਸਰਦਾਰ ਜੱਸਾ ਸਿੰਘ ਪੂਰੀ ਮਿਹਨਤ ਨਾਲ ਕੰਮ ਕਰਦਾ ਸੀ। ਦਿੱਲੀ ਵਿਚ ਰਹਿਣ ਕਰ ਕੇ ਉਸ ਦੀ ਬੋਲੀ ਵਿਚ ਫ਼ਰਕ ਪੈ ਗਿਆ ਸੀ ਜਿਸ ਕਾਰਨ ਸਿੰਘ ਉਸ ਨੂੰ 'ਹਮ ਕੋ, ਤੁਮ ਕੋ' ਕਹਿ ਕੇ ਛੇੜਨ ਲੱਗ ਜਾਂਦੇ ਸਨ। ਇਕ ਦਿਨ ਉਸ ਨੇ ਤੰਗ ਆ ਕੇ ਨਵਾਬ ਕਪੂਰ ਸਿੰਘ ਪਾਸ ਸ਼ਿਕਾਇਤ ਕੀਤੀ:

**ਨਿਬਾਬ ਮਿਹਰ ਜੱਸਾ ਸਿੰਘ ਆਈ, ਦਾਣੋ ਘੋੜਨ ਕਹਯੋ ਵ੍ਰਤਾਈ।**
**ਕਈ ਰੋਜ਼ ਉਨ੍ਹ ਕੰਮ ਚਲਾਯਾ, ਅਕਸਰ ਬਾਲਕ ਲੋਕਨ ਰੁਵਾਯਾ॥੧੨॥**
**ਰੋਵਨ ਹੋਤੋ ਬਾਲਕਨ ਜ਼ੋਰ, ਰੋਵਤ ਅਯੋ ਕਪੂਰ ਸਿੰਘ ਕੋਰ।**
**ਮੈਥੋਂ ਦਾਣਾ ਵਰਤੇ ਨਾਹੀਂ, ਧੌਲ ਧਪੇ ਮੁਹਿ ਬਹੁਤ ਕਰਾਹੀਂ॥੧੩॥**
**ਹੋਇ ਖੁਸ਼ੀ ਨ੍ਵਬ ਸੱਦ ਲਯੋ ਪਾਸ, ਧਰਯੋ ਹਾਥ ਉਸ ਸਿਰ ਪਰ ਖਾਸ।**
**ਕਹੀ ਬਾਤ ਮੁਖ ਦਯੋ ਪਿਆਰ, ਤੁਧ ਦਾਣੋਂ ਦੇਣੈ ਬੱਗ ਹਜ਼ਾਰ।**
**ਹਮ ਤੌਂ ਕੀਨੋ ਪੰਥ ਨਵਾਬੈ, ਤੇਰੈ ਕਰਿਯੁਗੁ ਪਤਿਸ਼ਾਹੀ ਤਾਬੈ।**
**ਉਸ ਵਕਤ ਤੇ ਭਯੋ ਨਿਹਾਲ, ਸ਼ਾਹਿ ਕਹਾਯੋ ਜੱਸਾ ਸਿੰਘ ਕਲਾਲ॥੧੫॥**

*(ਸ੍ਰੀ ਗੁਰ ਪੰਥ ਪ੍ਰਕਾਸ਼, ਸ. ਰਤਨ ਸਿੰਘ ਭੰਗੂ)*

ਨਵਾਬ ਕਪੂਰ ਸਿੰਘ ਨੇ ਉਸ ਨੂੰ ਸਮਝਾਇਆ ਕਿ ਪੰਥ ਬੜਾ ਦਿਆਲੂ ਹੈ ਇਸ ਦਾ ਗੁੱਸਾ ਨਹੀਂ ਕਰੀਦਾ, ਜੇ ਇਹ ਲਿੱਦ ਚੁੱਕਣ ਵਾਲੇ ਨੂੰ ਨਵਾਬੀ ਦੇ ਸਕਦਾ ਹੈ ਤਾਂ ਦਾਣਾ ਦੇਣ ਵਾਲੇ ਨੂੰ ਤਾਂ ਪਾਤਸ਼ਾਹੀ ਹੀ ਦੇਵੇਗਾ।

ਸ਼ੁਰੂ ਵਿਚ ਜੱਸਾ ਸਿੰਘ ਆਹਲੂਵਾਲੀਆ ਦੇ ਜਥੇ ਵਿਚ ਥੋੜੇ ਜਿਹੇ ਹੀ ਸਿੰਘ ਸਨ। ਜੱਸਾ ਸਿੰਘ ਆਹਲੂਵਾਲੀਆ ਨੇ ਆਪਣੀ ਸੂਝ-ਬੂਝ ਨਾਲ ਜਲਦੀ ਹੀ ਗਿਣਤੀ ਵਿਚ ਭਾਰੀ ਵਾਧਾ ਕਰ ਲਿਆ।

ਸੰਨ 1747 ਈ. ਵਿਚ ਕਾਹਨੂਵਾਨ ਦੇ ਛੰਭ ਵਿਚ ਛੋਟਾ ਘੱਲੂਘਾਰਾ ਵਾਪਰ ਗਿਆ। ਇਸ ਸਮੇਂ ਸਰਦਾਰ ਜੱਸਾ ਸਿੰਘ ਨੇ ਆਪਣੀ ਬਹਾਦਰੀ ਅਤੇ ਸੂਝ-ਬੂਝ ਦੇ ਖੂਬ ਜੌਹਰ ਦਿਖਾਏ। ਛੋਟੇ ਘੱਲੂਘਾਰੇ ਦੀ ਯਾਦ ਵਿਚ ਪੰਜਾਬ ਸਰਕਾਰ ਵੱਲੋਂ ਬਹੁਤ ਸੁੰਦਰ ਯਾਦਗਾਰ ਵੀ ਬਣਾਈ ਗਈ ਹੈ।

ਸਰਦਾਰ ਜੱਸਾ ਸਿੰਘ ਨੇ ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਦਾ ਵੀ ਮੂੰਹ ਤੋੜ ਜਵਾਬ ਦਿੱਤਾ। ਇਨ੍ਹਾਂ ਨੇ ਹੋਰ ਸਿੱਖ ਸਰਦਾਰਾਂ ਦੀ ਮਦਦ ਨਾਲ ਅਹਿਮਦਸ਼ਾਹ ਅਬਦਾਲੀ ਦੇ ਕਬਜ਼ੇ ਵਿੱਚੋਂ 2200 ਦੇ ਕਰੀਬ ਬੰਦੀ ਬਣਾਈਆਂ ਗਈਆਂ ਹਿੰਦੂ ਇਸਤਰੀਆਂ ਨੂੰ ਵੀ ਆਪਣੀ ਜਾਨ 'ਤੇ ਖੇਡ ਕੇ ਛਡਾਇਆ।

ਨਵਾਬ ਕਪੂਰ ਸਿੰਘ ਜੀ ਨੇ ਸੰਨ 1748 ਈ. ਵਿਚ ਦਲ ਖਾਲਸਾ ਦਾ ਸੰਗਠਨ ਕਰ ਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਇਸ ਦਾ ਜਥੇਦਾਰ



SikhBookClub.Com

ਥਾਪ ਦਿੱਤਾ। ਸ. ਜੱਸਾ ਸਿੰਘ ਆਹਲੂਵਾਲੀਆ ਨੇ ਪਾਣੀਪਤ ਦੀ ਜੰਗ ਵਿਚ ਜਹਾਨ ਖਾਂ ਨੂੰ ਮੂੰਹ ਤੋੜ ਹਾਰ ਦਿੱਤੀ। ਜਹਾਨ ਖਾਂ ਹਾਥੀ ਤੋਂ ਉਤਰ ਕੇ ਘੋੜੇ 'ਤੇ ਚੜ੍ਹ ਕੇ ਭੱਜ ਗਿਆ ਅਤੇ ਆਪਣੀ ਬੇਗਮ ਨੂੰ ਵੀ ਛੱਡ ਗਿਆ। ਇਹ ਸੁੰਦਰ ਹਾਥੀ ਜਹਾਨ ਖਾਂ ਨੂੰ ਅਹਿਮਦ ਸ਼ਾਹ ਅਬਦਾਲੀ ਨੇ ਦਿੱਤਾ ਸੀ, ਜਿਸ ਉੱਪਰ ਉਹ ਖੁਦ ਸਵਾਰੀ ਕਰਿਆ ਕਰਦਾ ਸੀ। ਸ. ਜੱਸਾ ਸਿੰਘ ਨੇ ਬੇਗਮ ਨੂੰ ਪੁੱਛਿਆ ਕਿ ਉਸ ਨੂੰ ਕਿਥੇ ਪਹੁੰਚਾਇਆ ਜਾਵੇ ਤਾਂ ਬੇਗਮ ਨੇ ਕਿਹਾ ਜਿ ਜੰਮੂ ਦੇ ਰਾਜ ਦੀ ਰਾਣੀ ਉਸ ਦੀ ਮੂੰਹ ਬੋਲੀ ਭੈਣ ਹੈ, ਉਸ ਪਾਸ ਭੇਜ ਦਿੱਤਾ ਜਾਵੇ। ਉਥੋਂ ਉਹ ਆਪਣੇ ਆਪ ਘਰ ਚਲੀ ਜਾਵੇਗੀ। ਚੋਣਵੇਂ ਸਰਦਾਰ ਬਹੁਤ ਹੀ ਸਤਿਕਾਰ ਨਾਲ ਬੇਗਮ ਨੂੰ ਜੰਮੂ ਪਹੁੰਚਾ ਆਏ। ਉਸ ਹਾਥੀ ਨੂੰ ਜੱਸਾ ਸਿੰਘ ਨੇ ਆਪਣੇ ਪਾਸ ਰੱਖ ਲਿਆ ਅਤੇ ਉਸ ਦਾ ਨਾਮ ਅਕਾਲ ਬਖਸ਼ ਰੱਖ ਦਿੱਤਾ। ਜ਼ਿਕਰਯੋਗ ਹੈ ਕਿ ਪਾਣੀਪਤ ਦੇ ਮੈਦਾਨ ਵਿਚੋਂ ਮਰਹੱਟਿਆਂ ਨੂੰ ਮਹਾਰਾਸ਼ਟਰ ਵਿਚ ਦੂਰ-ਦੂਰ ਥਾਵਾਂ 'ਤੇ ਉਨ੍ਹਾਂ ਦੇ ਘਰਾਂ ਵਿਚ ਸਿੰਘਾਂ ਨੇ ਹੀ ਜ਼ਫਰ ਜਾਲ ਕੇ ਪਹੁੰਚਾਇਆ ਸੀ। ਨਵਾਬ ਕਪੂਰ ਸਿੰਘ ਜੀ ਨੇ ਆਪਣੇ ਦਿਹਾਂਤ ਸਮੇਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਇਕ ਕਿਰਪਾਨ ਦਿੱਤੀ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੀ ਅਤੇ ਉਨ੍ਹਾਂ ਨੂੰ ਮਾਤਾ ਸੁੰਦਰੀ ਜੀ ਪਾਸੋਂ ਪ੍ਰਾਪਤ ਹੋਈ ਸੀ।

ਵੱਡੇ ਘੱਲੂਘਾਰੇ ਸਮੇਂ ਸੰਨ 1762 ਈ. ਵਿਚ ਕੁਪ ਰਹੀੜ (ਸੰਗਰੂਰ) ਦੇ ਮੈਦਾਨ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਘਮਸਾਨ ਦਾ ਯੁੱਧ ਕੀਤਾ। ਇਨ੍ਹਾਂ ਦੇ ਸਰੀਰ 'ਤੇ 22 ਡੂੰਘੇ ਜ਼ਖ਼ਮ ਲੱਗੇ ਸਨ:

**ਜੱਸਾ ਸਿੰਘ ਖਾਏ ਬਾਈ ਘਾਇ, ਤੌ ਭੀ ਸਿੰਘ ਜੀ ਲੜਤੋ ਜਾਇ।**
**ਜੱਸਾ ਸਿੰਘ ਜਬ ਜ਼ਖਮੀ ਸੁਨਯੋ, ਸਭ ਸਿਰਦਾਰਨ ਸੁਨ ਸਿਰ ਧੁਨਯੋ॥੮੯॥**
**ਵਿਚ ਥੰਨੇ ਸਭ ਆਣ ਖਲੋਏ, ਭੰਗੀ, ਘਨੀਏ, ਰਾਮਗੜ੍ਹੀਏ ਜੋਏ।**
**ਨਕੱਈ, ਨਿਸ਼ਾਨਚੀ, ਡੱਲੇ ਵਾਲ, ਕਪੂਰ ਸਿੰਘੀ ਔ ਆਲੂ ਜੁ ਵਾਲ॥੯੦॥**
**ਸੁਕ੍ਰ ਚੱਕੀਏ, ਸ਼ਾਮ ਸਿੰਘੀਏ ਸਾਰੇ, ਸ਼ਹੀਦ ਨਿਹੰਗ ਔ ਗੁਰੂ ਪਿਆਰੇ।**
**ਅੰਮ੍ਰਿਤਸਰੀਏ ਔਰ ਪੁਰੀਯੋ ਅਨੰਦ, ਰਮਦਾਸੀਏ, ਰੰਘਰੇਟੇ ਔਰ ਮਸੰਦ॥੯੧॥**
**ਬੇਦੀ ਸੋਢੀ ਤੇਹਨ ਔ ਭੱਲੇ, ਰਹਤ ਹੁਤੇ ਜੇ ਖਾਲਸੇ ਰਲੇ।**
**ਸ਼ਹੀਦ ਹੋਹਿਂ ਔ ਜ਼ਖਮੀ ਹੋਹਿਂ, ਕਦੈ ਖੜੈਂ ਕਦ ਲੜੈਂ ਤੁਰੋਹਿ॥੯੨॥**

*(ਸ੍ਰੀ ਗੁਰ ਪੰਥ ਪ੍ਰਕਾਸ਼, ਸ. ਰਤਨ ਸਿੰਘ ਭੰਗੂ)*

ਵੱਡੇ ਘੱਲੂਘਾਰੇ ਦੀ ਯਾਦ ਵਿਚ ਪੰਜਾਬ ਸਰਕਾਰ ਵੱਲੋਂ ਇਕ ਸੁੰਦਰ ਯਾਦਗਾਰ ਵੀ ਬਣਾਈ ਹੋਈ ਹੈ।

ਸੰਨ 1764 ਈ. ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਸਾਰੀਆਂ ਹੀ ਮਿਸਲਾਂ ਦੇ ਸਿੱਖ ਸਰਦਾਰਾਂ ਨੇ ਸਰਹਿੰਦ 'ਤੇ ਹਮਲਾ ਕਰ ਦਿੱਤਾ। ਇਸ ਲੜਾਈ ਵਿਚ ਅਬਦਾਲੀ ਵੱਲੋਂ ਥਾਪਿਆ ਸਰਹਿੰਦ ਦਾ ਗਵਰਨਰ ਜੈਨ ਖਾਂ ਮਾਰਿਆ ਗਿਆ। ਜੈਨ ਖਾਂ ਦੀ ਮੌਤ ਤੋਂ ਬਾਅਦ ਸਾਰੇ ਸਿੱਖ ਸਰਦਾਰਾਂ



SikhBookClub.Com

ਨੇ ਸਰਹਿੰਦ ਦਾ ਇਲਾਕਾ ਆਪਸ ਵਿਚ ਵੰਡ ਕੇ ਆਪਣੇ ਅਧੀਨ ਕਰ ਲਿਆ। ਇਨ੍ਹਾਂ ਨੇ ਸ਼ਰਲਪੁਰ, ਕਪੂਰਥਲਾ, ਫ਼ਤਿਹਾਬਾਦ, ਸੁਲਤਾਨਪੁਰ, ਈਸੜੂ, ਸਫੀਦੋਂ, ਜੰਡਿਆਲਾ(ਜਲੰਧਰ), ਨੂਰਮਹਿਲ, ਕੋਟ ਸ਼ਿਤਾਬ, ਮਸਾਮੀ, ਬੇਗੋਪੁਰ, ਸਰਾਇ ਨੂਰਦੀਨ, ਗੋਇੰਦਵਾਲ, ਸਰਹਾਲੀ, ਵੈਰੋਵਾਲ ਅਤੇ ਜੰਡਿਆਲਾ ਗੁਰੂ ਆਦਿ ਇਲਾਕਿਆਂ ਨੂੰ ਮੁਗ਼ਲ ਰਾਜ ਤੋਂ ਮੁਕਤ ਕਰਵਾ ਕੇ ਆਪਣੇ ਅਧੀਨ ਕੀਤਾ। ਈਸੜੂ (ਜ਼ਿਲ੍ਹਾ ਲੁਧਿਆਣਾ) ਵਿਖੇ ਆਪ ਜੀ ਵੱਲੋਂ ਬਣਵਾਇਆ ਇਕ ਦਰਵਾਜ਼ਾ ਅੱਜ ਵੀ ਮੌਜੂਦ ਹੈ। ਇਨ੍ਹਾਂ ਨੇ ਆਪਣੇ ਨਾਂ ਦਾ ਸਿੱਕਾ ਵੀ ਚਲਾਇਆ ਜਿਸ ਉੱਪਰ ਲਿਖਿਆ ਹੋਇਆ ਸੀ:-

> ***"ਸਿਕਾ ਜਦ ਦਰ ਜਹਾਂ ਬਫਜ਼ਲੇ ਅਕਾਲ।***
> ***ਮੁਲਕੇ ਅਹਿਮਦ ਗਰਿਫ਼ਤ ਜੱਸਾ ਕਲਾਲ।"***

ਵੱਡੇ-ਵੱਡੇ ਘਰਾਣਿਆਂ ਵਾਲੇ ਆਪ ਜੀ ਦੇ ਜਥੇ ਤੋਂ ਖੰਡੇ ਦੀ ਪਾਹੁਲ ਪ੍ਰਾਪਤ ਕਰਨ ਵਿਚ ਆਪਣਾ ਮਾਣ ਸਮਝਦੇ ਸਨ। ਬਾਬਾ ਆਲਾ ਸਿੰਘ ਦੇ ਪੋਤਰੇ ਅਤੇ ਪਟਿਆਲਾ ਰਿਆਸਤ ਦੇ ਰਾਜਾ ਸਰਦਾਰ ਅਮਰ ਸਿੰਘ ਨੇ ਆਪ ਜੀ ਦੇ ਜਥੇ ਪਾਸੋਂ ਖੰਡੇ ਦੀ ਪਾਹੁਲ ਪ੍ਰਾਪਤ ਕੀਤੀ ਸੀ। ਸੰਨ 1764 ਈ. ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਕਾਰ-ਸੇਵਾ ਕਰਵਾਈ। ਇਨ੍ਹਾਂ ਨੇ ਸ੍ਰੀ ਅੰਮ੍ਰਿਤਸਰ ਵਿਖੇ ਕਟੜਾ ਆਹਲੂਵਾਲੀਆ ਵੀ ਵਸਾਇਆ।

ਅਹਿਮਦਸ਼ਾਹ ਅਬਦਾਲੀ ਨੇ 1766 ਈ. ਵਿਚ ਭਾਰਤ 'ਤੇ ਨੌਵੀਂ ਵਾਰ ਹਮਲਾ ਕਰ ਦਿੱਤਾ ਸੀ। ਇਸ ਵਾਰ ਉਹ ਪੂਰੀ ਤਿਆਰੀ ਨਾਲ ਆਇਆ ਸੀ। ਇਸ ਵਾਰ ਦਾ ਉਸ ਦਾ ਹਮਲਾ ਬਹੁਤ ਭਿਆਨਕ ਸੀ। ਭਾਰਤ ਵਿਚ ਪ੍ਰਵੇਸ਼ ਕਰਨ 'ਤੇ ਉਸ ਦੀ ਮੁਠਭੇੜ ਥਾਂ-ਥਾਂ 'ਤੇ ਸਿੱਖਾਂ ਨਾਲ ਹੋਣ ਲੱਗੀ। ਅਹਿਮਦਸ਼ਾਹ ਅਬਦਾਲੀ ਆਪਣੀ ਫੌਜ ਦਾ ਉਤਾਰਾ ਸਤਲੁਜ ਦਰਿਆ ਦੇ ਕੰਢੇ 'ਤੇ ਮਾਛੀਵਾੜਾ ਵਿਖੇ ਕੀਤਾ ਹੋਇਆ ਸੀ। ਉਸ ਦੇ ਖਾਸ ਆਦਮੀਆਂ— ਨਜੀਬੁਦੀਨ ਅਤੇ ਉਸ ਦੇ ਭਰਾ ਸੁਲਤਾਨ ਖਾਂ ਅਤੇ ਅਫ਼ਜ਼ਲ ਖਾਂ ਆਦਿ ਨੇ ਸਿੱਖਾਂ ਦਾ ਬਹੁਤ ਜ਼ਿਆਦਾ ਜਾਨੀ ਅਤੇ ਮਾਲੀ ਨੁਕਸਾਨ ਕੀਤਾ। ਥਾਨੇਸਰ ਦੇ ਰਿਕਾਰਡ ਤੋਂ ਪਤਾ ਲਗਦਾ ਹੈ ਕਿ 1767 ਈ. ਦੀ ਵੈਸਾਖੀ ਤੋਂ ਬਾਅਦ ਡੱਲੇਵਾਲੀਆ ਮਿਸਲ ਦੇ ਸਰਦਾਰ ਤਾਰਾ ਸਿੰਘ ਘੇਬਾ (ਕੰਗ) ਅਤੇ ਅਕਾਲੀ ਮਿਤ ਸਿੰਘ ਆਪਣੇ ਆਪਣੇ ਸਾਥੀਆਂ ਨਾਲ ਮਨੀ ਮਾਜਰੇ ਤੋਂ 6-7 ਮੀਲ ਦੂਰ ਕਾਲਕਾ ਦੀਆਂ ਪਹਾੜੀਆਂ ਵਿਚ ਠਹਿਰੇ ਹੋਏ ਸਨ। ਇਸ ਥਾਂ ਦੁਰਾਨੀਆਂ ਨੇ ਅਫ਼ਜ਼ਲ ਖਾਂ ਰੁਹੇਲੇ ਦੀ ਕਮਾਨ ਹੇਠ ਸਿੰਘਾਂ 'ਤੇ ਹੱਲਾ ਬੋਲ ਦਿੱਤਾ ਅਤੇ ਬਹੁਤ ਸਾਰੇ ਮਰਦ ਅਤੇ ਇਸਤਰੀਆਂ ਨੂੰ ਬੰਦੀ ਬਣਾ ਲਿਆ। ਇਨ੍ਹਾਂ ਦਿਨਾਂ ਵਿਚ ਗਰਮੀ ਦਾ ਮੌਸਮ ਸ਼ੁਰੂ ਹੋ ਚੁੱਕਿਆ ਸੀ। ਅਹਿਮਦਸ਼ਾਹ ਅਬਦਾਲੀ ਗਰਮੀ ਤੋਂ ਤੰਗ ਆ ਕੇ ਵਾਪਸ ਜਾਣਾ ਚਾਹੁੰਦਾ ਸੀ। ਨਜੀਬੁਦੀਨ ਵੀ ਨਿੱਤ ਦੀਆਂ ਲੜਾਈਆਂ ਤੋਂ ਤੰਗ ਆ ਕੇ ਬਿਮਾਰ ਪੈ ਚੁੱਕਾ ਸੀ। ਇਸ ਸਮੇਂ ਬੀਕਾਨੇਰ ਦੇ ਰਾਜਾ ਨੇ ਇਕ ਲੱਖ ਰੁਪਏ ਨਕਦ ਅਤੇ ਰਸਦ ਦੇਣੀ ਮੰਨ ਕੇ



SikhBookClub.Com

ਖਾਲਸੇ ਤੋਂ ਮਦਦ ਦੀ ਗੁਹਾਰ ਲਗਾਈ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਲਈ ਇਹ ਰੁਹੇਲਿਆਂ ਤੋਂ ਬਦਲਾ ਲੈਣ ਦਾ ਸੁਨਹਿਰੀ ਮੌਕਾ ਸੀ। ਉਨ੍ਹਾਂ ਨੇ ਸਰਦਾਰ ਮਿਤ ਸਿੰਘ ਦੰਗਈ ਦੀ ਕਮਾਨ ਹੇਠ ਦਸ ਹਜ਼ਾਰ ਸਿੰਘਾਂ ਦਾ ਜਥਾ ਦੇ ਕੇ ਨਜੀਬੋਦੌਲਾ ਨੂੰ ਸੋਧਣ ਲਈ ਭੇਜਿਆ। ਸ. ਰਤਨ ਸਿੰਘ (ਭੰਗੂ) ਇਸ ਘਟਨਾ ਦਾ ਜ਼ਿਕਰ ਕਰਦਿਆਂ 'ਸ੍ਰੀ ਗੁਰ ਪੰਥ ਪ੍ਰਕਾਸ਼' ਵਿਚ ਲਿਖਦੇ ਹਨ ਕਿ:

**ਦੋਹਰਾ—ਡੱਲੇ ਵਾਲੀਆ ਮਿਲਖ ਮੈਂ ਇਕ ਤਾਰਾ ਸਿੰਘ ਅਖਾਇ।**
**ਤਿਸ ਡੇਰੇ ਮਿਤ ਸਿੰਘ ਰਹੇ, ਤਿਨ ਯੌਂ ਮਤੋ ਪਕਾਇ॥੧॥**
**ਚੌਪਈ- ਦਸ ਹਜ਼ਾਰ ਤਨ ਸਿੰਘ ਉਛੇਰੇ, ਜਮਨਾ ਟਪ ਲੰਘ ਪਈਏ ਸਵੇਰੇ।**
**ਤਾਰਾ ਸਿੰਘ ਤਬੈ ਸੁਨ ਕਹੀ, ਤੂੰ ਬੇਫਤੂ ਖਾਲਸੇ ਕੇ ਮਹੀ॥੨॥**
**ਥੋੜੈ ਦਲ ਸਿਉਂ ਪਾਰ ਨ ਜੈਯੋ, ਕਟਾਇ ਸਿੰਘਨ ਫੇਰ ਨੱਠ ਨਾ ਆਯੋ।...**
**ਉਨ ਨਹਿੰ ਮਾਨੀ ਪਾਰ ਸਿਧਾਯਾ, ਮੁਲਕ ਰੁਹੇਲੇ ਕਾ ਸੁ ਲੁਟਾਯਾ।...**
**ਦਸ ਦਿਨ ਲਗ ਰਹੇ ਲੂਟਤ ਦੇਸ਼, ਮੇਰਠ ਲੂਟਯੋ ਸ਼ਹਿਰ ਸੁ ਬੇਸ਼।**

ਖਾਲਸਾ ਫੌਜ ਬਹੁਤ ਸਾਰੇ ਇਲਾਕੇ 'ਤੇ ਕਬਜ਼ਾ ਕਰ ਲਿਆ। ਨਜੀਬੁਦੀਨ ਸਿੰਘਾਂ ਤੋਂ ਡਰਦਾ ਹੋਇਆ ਮਾਛੀਵਾੜੇ ਅਬਦਾਲੀ ਦੇ ਕੈਂਪ ਵਿਚ ਪਹੁੰਚ ਗਿਆ। ਅਬਦਾਲੀ ਨੇ ਜਹਾਨ ਖਾਂ ਅਤੇ ਜਾਪਤਾ ਖਾਂ ਨੂੰ ਭਾਰੀ ਫੌਜ ਦੇ ਕੇ ਸਿੰਘਾਂ ਦਾ ਮੁਕਾਬਲਾ ਕਰਨ ਲਈ ਭੇਜਿਆ। ਸ਼ਾਮਲੀ ਨੇੜੇ ਇਨ੍ਹਾਂ ਦਾ ਮੁਕਾਬਲਾ ਸਿੰਘਾਂ ਨਾਲ ਹੋ ਗਿਆ। ਸਿੰਘਾਂ ਨੇ ਡਟ ਕੇ ਮੁਕਾਬਲਾ ਕੀਤਾ। ਸਰਦਾਰ ਮਿਤ ਸਿੰਘ ਦੰਗਈ ਦੇ ਘੋੜੇ ਨੂੰ ਗੋਲੀ ਲੱਗ ਜਾਣ ਕਾਰਨ ਉਨ੍ਹਾਂ ਦਾ ਘੋੜਾ ਕਾਬੂ ਤੋਂ ਬਾਹਰ ਹੋ ਗਿਆ ਅਤੇ ਉਨ੍ਹਾਂ ਦਾ ਪੈਰ ਰਕਾਬ ਵਿਚ ਫਸ ਗਿਆ। ਇਸ ਘਟਨਾ ਦਾ ਜ਼ਿਕਰ ਕਰਦਿਆਂ ਸ. ਰਤਨ ਸਿੰਘ ਭੰਗੂ ਲਿਖਦੇ ਹਨ ਕਿ:

***...ਸੋ ਮੁੜ ਮੁੜ ਕੇ ਲੜਤੋਂ ਜਾਵੈ, ਬਹੁਤਨ ਕੇ ਕਬਿ ਵਾਰੇ ਆਵੈ॥੧੦॥***
***ਲਗ ਗੋਲੀ ਘੋੜਾ ਗਿਰ ਪਯੋ, ਮੱਧ ਰਕਾਬੈ ਪਗ ਫਸ ਰਹਯੋ।***

ਇਸ ਮੌਕੇ 'ਤੇ ਜਹਾਨ ਖਾਂ ਨੇ ਜ਼ੋਰਦਾਰ ਹੱਲਾ ਕਰ ਕੇ ਸਰਦਾਰ ਮਿਤ ਸਿੰਘ ਦਾ ਸਿਰ ਧੜ ਤੋਂ ਅਲਗ ਕਰ ਦਿੱਤਾ। ਇਸ ਜੰਗ ਵਿਚ 6000 ਦੇ ਲੱਗਭਗ ਸਿੰਘ ਸ਼ਹੀਦੀ ਪਾ ਗਏ। ਨਜੀਬੁਦੀਨ ਇਨ੍ਹਾਂ ਸ਼ਹੀਦ ਸਿੰਘਾਂ ਦੇ ਸਿਰ ਕਟਵਾ ਕੇ 17 ਬੈਲ ਗੱਡਿਆਂ ਵਿਚ ਰਖਵਾ ਕੇ ਲਾਹੌਰ ਵੱਲ ਨੂੰ ਚੱਲ ਪਿਆ। ਜਦੋਂ ਇਹ ਗੱਡੇ ਮੁਗ਼ਲ ਸਰਾਏ ਦੇ ਨੇੜੇ ਘੱਗਰ ਦਰਿਆ 'ਤੇ ਪਹੁੰਚੇ ਤਾਂ ਇਸ ਦਾ ਪਤਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਲੱਗਾ ਤਾਂ ਉਨ੍ਹਾਂ ਨੇ ਆਪਣੇ ਨਾਲ ਸਿੰਘਾਂ ਨੂੰ ਲੈ ਕੇ ਇਹ ਗੱਡੇ ਉਨ੍ਹਾਂ ਦੇ ਕਬਜ਼ੇ ਵਿਚ ਛੁਡਵਾ ਕੇ ਸ਼ਹੀਦ ਸਿੰਘਾਂ ਦੇ ਸਿਰਾਂ ਦਾ ਸਸਕਾਰ ਕੀਤਾ। ਇਸ ਜਗ੍ਹਾ 'ਤੇ ਅਜਕਲ੍ਹ ਇਨ੍ਹਾਂ ਸ਼ਹੀਦਾਂ ਦਾ ਸ਼ਹੀਦ ਗੰਜ ਬਣਿਆ ਹੋਇਆ ਹੈ।



SikhBookClub.Com

ਸੰਨ 1774 ਈ. ਵਿਚ ਰਾਇ ਇਬਰਾਹੀਮ ਭੱਟੀ ਤੋਂ ਕਪੂਰਥਲੇ ਦਾ ਇਲਾਕਾ ਜਿੱਤ ਕੇ ਆਪਣੀ ਰਾਜਧਾਨੀ ਸਥਾਪਿਤ ਕੀਤੀ। ਅੱਜਕਲ੍ਹ ਇਹ ਪੰਜਾਬ ਸੂਬੇ ਦੇ ਜ਼ਿਲ੍ਹੇ ਦਾ ਸਦਰ ਮੁਕਾਮ ਹੈ। ਕਿਹਾ ਜਾਂਦਾ ਹੈ ਕਿ ਇਸ ਨਗਰ ਦੀ ਨੀਂਹ ਜੈਸਲਮੇਰ ਤੋਂ ਆ ਕੇ ਰਾਜਪੂਤ ਰਜਵਾੜੇ ਖ਼ਾਨਦਾਨ ਦੇ ਰਾਣਾ ਕਪੂਰ ਨੇ ਗਿਆਰ੍ਹਵੀਂ ਸਦੀ ਦੇ ਅਰੰਭ ਵਿਚ ਸੁਲਤਾਨ ਮਹਿਮੂਦ ਗਜ਼ਨਵੀ ਦੇ ਸਮੇਂ ਰੱਖੀ ਸੀ। ਕਪੂਰਥਲਾ ਦੇ ਸ਼ਬਦੀ ਅਰਥ ਹਨ 'ਕਪੂਰ ਦੀ ਜਗ੍ਹਾ' ਜਿਸ ਤੋਂ ਸਪਸ਼ਟ ਹੈ ਕਿ ਇਸ ਦਾ ਨਾਂ ਇਸ ਨੂੰ ਬਣਾਉਣ ਵਾਲੇ ਰਾਣਾ ਕਪੂਰ ਦੇ ਨਾਂ 'ਤੇ ਹੀ ਰੱਖਿਆ ਗਿਆ ਹੈ। ਇਹ ਜ਼ਿਲ੍ਹਾ ਬਿਆਸ ਅਤੇ ਸਤਲੁਜ ਦਰਿਆਵਾਂ ਦੇ ਵਿਚਕਾਰ ਸਥਿਤ ਹੈ, ਜਿਸ ਕਰਕੇ ਇਸ ਨੂੰ ਬਿਸਤ ਦੁਆਬ ਵੀ ਕਿਹਾ ਜਾਂਦਾ ਹੈ। ਸੰਨ 1956 ਵਿਚ ਪੈਪਸੂ ਨੂੰ ਪੰਜਾਬ ਵਿਚ ਸ਼ਾਮਲ ਕਰਨ ਸਮੇਂ ਕਪੂਰਥਲਾ ਰਿਆਸਤ ਨੂੰ ਜ਼ਿਲ੍ਹਾ ਬਣਾ ਦਿੱਤਾ ਗਿਆ ਸੀ।

ਜ਼ਿਲ੍ਹਾ ਕਪੂਰਥਲਾ ਦੇ ਉੱਤਰ ਵਿਚ ਇਸ ਦਾ ਕੁਝ ਹਿੱਸਾ ਅਤੇ ਪੂਰੇ ਦਾ ਪੂਰਾ ਪੂਰਬੀ ਭਾਗ ਬਿਆਸ ਦਰਿਆ ਨਾਲ ਲੱਗਦਾ ਹੈ ਜੋ ਕਿ ਇਸ ਜ਼ਿਲ੍ਹੇ ਨੂੰ ਉੱਤਰ ਵਿਚ ਜ਼ਿਲ੍ਹਾ ਗੁਰਦਾਸਪੁਰ ਅਤੇ ਪੱਛਮ ਵਿਚ ਅੰਮ੍ਰਿਤਸਰ ਅਤੇ ਤਰਨਤਾਰਨ ਜ਼ਿਲ੍ਹਿਆਂ ਤੋਂ ਅਲੱਗ ਕਰਦਾ ਹੈ। ਸਤਲੁਜ ਦਰਿਆ ਇਸ ਨੂੰ ਦੱਖਣ ਵਿਚ ਫਿਰੋਜ਼ਪੁਰ ਤੋਂ ਨਿਖੇੜਦਾ ਹੈ। ਪੂਰਬ ਵੱਲ ਜਲੰਧਰ ਉੱਤਰ-ਪੂਰਬ ਵੱਲ ਹੁਸ਼ਿਆਰਪੁਰ ਜ਼ਿਲ੍ਹੇ ਇਸ ਨਾਲ ਲੱਗਦੇ ਹਨ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਦਿਹਾਂਤ 1783 ਈ. ਵਿਚ ਸ੍ਰੀ ਅੰਮ੍ਰਿਤਸਰ ਵਿਖੇ ਹੋਇਆ। ਇਨ੍ਹਾਂ ਦੀ ਯਾਦਗਾਰ ਸ੍ਰੀ ਅੰਮ੍ਰਿਤਸਰ ਵਿਖੇ ਗੁਰਦੁਆਰਾ ਬਾਬਾ ਅਟਲ ਰਾਇ ਜੀ ਦੇ ਪਾਸ ਬਣੀ ਹੋਈ ਹੈ। ਕਪੂਰਥਲੇ ਵਿਚ ਸਰਕਾਰੀ ਕਾਲਜ ਦਾ ਨਾਂ ਆਪ ਜੀ ਦੇ ਨਾਂ 'ਤੇ ਰੱਖਿਆ ਗਿਆ ਹੈ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਘਰ ਦੋ ਸਪੁੱਤਰੀਆਂ ਦਾ ਜਨਮ ਹੋਇਆ ਸੀ ਜਿਨ੍ਹਾਂ ਵਿੱਚੋਂ ਇਕ ਫਤਿਹਾਬਾਦ ਦੇ ਮੋਹਨ ਸਿੰਘ ਨਾਲ ਅਤੇ ਦੂਜੀ ਤੁੰਗਵਾਲਾ ਦੇ ਮਿਰਾਰ ਸਿੰਘ ਨਾਲ ਵਿਆਹੀਆਂ ਹੋਈਆਂ ਸਨ। ਸਰਦਾਰ ਜੱਸਾ ਸਿੰਘ ਦੀ ਪਤਨੀ ਚਾਹੁੰਦੀ ਸੀ ਕਿ ਕਪੂਰਥਲੇ ਦਾ ਵਾਰਸ ਉਨ੍ਹਾਂ ਦੇ ਦਮਾਦਾਂ ਵਿੱਚੋਂ ਹੀ ਕੋਈ ਬਣੇ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਦੂਰ-ਅੰਦੇਸ਼ੀ ਤੋਂ ਕੰਮ ਲੈਂਦਿਆਂ ਰਿਸ਼ਤੇ ਵਿੱਚੋਂ ਲੱਗਦੇ ਭਰਾ ਸਰਦਾਰ ਭਾਗ ਸਿੰਘ ਨੂੰ ਆਪਣਾ ਵਾਰਸ ਚੁਣਿਆ। ਸਰਦਾਰ ਭਾਗ ਸਿੰਘ ਨੇ ਵੀ ਕਈ ਲੜਾਈਆਂ ਵਿਚ ਹਿੱਸਾ ਲਿਆ ਅਤੇ ਇਨ੍ਹਾਂ ਦੀ 1801 ਈ. ਵਿਚ ਮੌਤ ਹੋ ਗਈ। ਇਨ੍ਹਾਂ ਦੀ ਮੌਤ ਤੋਂ ਬਾਅਦ ਇਨ੍ਹਾਂ ਦਾ ਪੁੱਤਰ ਸਰਦਾਰ ਫਤਿਹ ਸਿੰਘ ਮਿਸਲ ਦਾ ਵਾਰਸ ਬਣਿਆ। ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਫਤਿਹ ਸਿੰਘ ਨਾਲ ਪੱਗ ਵਟਾ ਕੇ ਉਸ ਨੂੰ ਭਰਾ ਬਣਾ ਲਿਆ ਸੀ। ਸਰਦਾਰ ਫਤਿਹ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜਭਾਗ ਵਿਚ ਬਹੁਤ ਸਾਥ ਦਿੱਤਾ। 1837 ਈ. ਵਿਚ ਸਰਦਾਰ ਫਤਿਹ ਸਿੰਘ ਦੀ ਮੌਤ ਹੋ ਗਈ। ਉਸ ਦੀ ਮੌਤ ਤੋਂ ਬਾਅਦ ਇਨ੍ਹਾਂ ਦਾ ਵੱਡਾ ਪੁੱਤਰ ਸਰਦਾਰ ਨਿਹਾਲ ਸਿੰਘ



SikhBookClub.Com

ਵਾਰਸ ਬਣਿਆ। ਸਰਦਾਰ ਨਿਹਾਲ ਸਿੰਘ ਨੂੰ ਭਵਨ ਨਿਰਮਾਣ ਕਲਾ ਦਾ ਬਹੁਤ ਸ਼ੌਂਕ ਸੀ। ਉਸ ਨੇ ਕਪੂਰਥਲੇ ਵਿਚ ਬਹੁਤ ਸਾਰੀਆਂ ਸੁੰਦਰ ਇਮਾਰਤਾਂ ਦਾ ਨਿਰਮਾਣ ਕਰਵਾਇਆ। ਸਰਦਾਰ ਨਿਹਾਲ ਸਿੰਘ ਦੇ ਅੰਗਰੇਜ਼ਾਂ ਨਾਲ ਵੀ ਸੰਬੰਧ ਠੀਕ ਰਹੇ। ਸਿੱਖਾਂ ਅਤੇ ਅੰਗਰੇਜ਼ਾਂ ਦੀ ਪਹਿਲੀ ਲੜਾਈ ਸਮੇਂ ਕਪੂਰਥਲੇ ਦੀਆਂ ਫੌਜਾਂ ਆਲੀਵਾਲ ਵਿਖੇ ਅੰਗਰੇਜ਼ਾਂ ਵਿਰੁੱਧ ਲੜੀਆਂ ਸਨ। ਸੰਨ 1852 ਈ. ਵਿਚ ਸਰਦਾਰ ਨਿਹਾਲ ਸਿੰਘ ਦੀ ਮੌਤ ਹੋ ਗਈ। ਇਨ੍ਹਾਂ ਤੋਂ ਬਾਅਦ ਰਾਜਾ ਖੜਕ ਸਿੰਘ ਵਾਰਸ ਬਣਿਆ। ਸੰਨ 1877 ਈ. ਵਿਚ ਰਾਜਾ ਜਗਜੀਤ ਸਿੰਘ ਗੱਦੀ 'ਤੇ ਬੈਠਿਆ। ਸਰਦਾਰ ਜਗਜੀਤ ਸਿੰਘ ਨੇ ਭਵਨ ਨਿਰਮਾਣ ਕਲਾ ਵਿਚ ਬਹੁਤ ਯੋਗਦਾਨ ਪਾਇਆ, ਇਨ੍ਹਾਂ ਵੱਲੋਂ ਬਣਵਾਈਆਂ ਪ੍ਰਸਿੱਧ ਇਮਾਰਤਾਂ ਵਿੱਚੋਂ ਸਟੇਟ ਗੁਰਦੁਆਰਾ ਸਾਹਿਬ ਕਪੂਰਥਲਾ, ਹਿੰਦੂਆਂ ਲਈ ਪੰਜ ਮੰਦਰ, ਮੁਸਲਮਾਨਾਂ ਲਈ ਮੋਰਿਸ ਮਸਜਿਦ ਆਦਿ ਹਨ ਜੋ ਵਿਸ਼ਵ ਭਰ ਵਿਚ ਵਿਸ਼ੇਸ਼ ਖਿੱਚ ਦਾ ਕੇਂਦਰ ਹਨ। ਭਾਰਤ ਦੇ ਅਜ਼ਾਦ ਹੋਣ 'ਤੇ ਕਪੂਰਥਲਾ ਰਿਆਸਤ ਦਾ ਇਲਾਕਾ ਪੈਪਸੂ ਵਿਚ ਮਿਲ ਗਿਆ।

ਸਰਦਾਰ ਜੱਸਾ ਸਿੰਘ ਦੇ ਵਾਰਸਾਂ ਨੇ ਕਪੂਰਥਲਾ ਰਿਆਸਤ ਦੇ ਤੋਸ਼ੇਖਾਨੇ ਵਿਚ ਬਹੁਤ ਸਾਰੀਆਂ ਵਿਰਾਸਤੀ ਨਿਸ਼ਾਨੀਆਂ ਅਤੇ ਪੁਰਾਤਨ ਪੁਸਤਕਾਂ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**1. ਤੇਗ ਨਵਾਬ ਜੱਸਾ ਸਿੰਘ:** ਇਸ ਤੇਗ ਦਾ ਫਲ ਦੋ ਫੁੱਟ ਦਸ ਇੰਚ ਲੰਬਾ ਹੈ ਤੇ ਵਿਚਕਾਰੋਂ ਦੋ ਇੰਚ ਚੌੜਾ ਹੈ। ਇਸ ਦੀ ਮੁੱਠ ਸਰਬਲੋਹ ਦੀ ਹੈ ਅਤੇ ਸੱਤ ਇੰਚ ਲੰਬੀ ਹੈ।

**2. ਤਲਵਾਰ ਗੋਲੀਆ:** ਇਸ ਦਾ ਫਲ ਦੋ ਫੁੱਟ ਪੌਣੇ ਦਸ ਇੰਚ ਲੰਬਾ ਤੇ ਵਿਚਕਾਰੋਂ ਸਵਾ ਇੰਚ ਚੌੜਾ ਹੈ। ਮੁੱਠ ਲੋਹੇ ਦੀ ਸਾਢੇ ਸੱਤ ਇੰਚ ਲੰਬੀ ਤੜੀਦਾਰ ਹੈ ਜਿਸ ਉੱਪਰ ਸੋਨੇ ਦਾ ਕੰਮ ਹੋਇਆ ਹੈ ਅਤੇ ਪਕੜ ਵਾਲੀ ਥਾਂ 'ਤੇ ਚਮੜਾ ਚੜ੍ਹਿਆ ਹੋਇਆ ਹੈ। ਇਸ ਦੇ ਫਲ 'ਤੇ ਮੁੱਠ ਦੇ ਨੇੜੇ ਦੋ ਬੜੀਆਂ ਸੁੰਦਰ ਸੁਨਹਿਰੀ ਮੋਹਰਾਂ ਹਨ। ਜਿਨ੍ਹਾਂ ਦੀ ਇਬਾਰਤ ਫ਼ਾਰਸੀ ਭਾਸ਼ਾ ਵਿਚ ਹੈ। ਇਹ ਤਲਵਾਰ ਨਾਦਰ ਸ਼ਾਹ ਦੇ ਦਿੱਲੀਓਂ ਕਾਬਲ ਮੁੜਨ ਸਮੇਂ ਉਸ ਦੇ ਲਸ਼ਕਰ ਪਾਸੋਂ ਸਿੰਘਾਂ ਨੂੰ ਛਾਪਾ ਮਾਰ ਕੇ ਖੋਹੇ ਸਾਮਾਨ ਵਿੱਚੋਂ ਪ੍ਰਾਪਤ ਹੋਈ ਸੀ।

**3. ਸ਼ਮਸ਼ੀਰ ਦੋ ਫਲੀ:** ਇਸ ਜੋੜੀ ਸ਼ਮਸ਼ੀਰ ਦੇ ਫਲ ਦੀ ਲੰਬਾਈ ਦੋ ਫੁੱਟ ਪੌਣੇ ਛੇ ਇੰਚ ਹੈ ਤੇ ਚੌੜਾਈ ਵਿਚਕਾਰੋਂ ਇਕ ਸਹੀ ਤਿੰਨ ਬਟਾ ਦਸ ਇੰਚ ਹੈ। ਇਸ ਦੀ ਮੁੱਠ ਲੋਹੇ ਦੀ ਤਲਾਈ ਕਾਰ ਤੜੀਦਾਰ ਸੱਤ ਇੰਚ ਹੈ। ਇਸ ਦੀ ਘੁੰਡੀ ਛੇੜਨ ਨਾਲ ਇਹ ਮੁੱਠ ਤੋਂ ਲੈ ਕੇ ਫਲ ਦੀ ਨੋਕ ਤਕ ਦੋਫਾੜ ਹੋ ਜਾਂਦੀ ਹੈ ਅਤੇ ਅੱਧੀ ਮੁੱਠ ਵਾਲੀਆਂ ਦੋ ਤਲਵਾਰਾਂ ਬਣ ਜਾਂਦੀਆਂ ਹਨ। ਇਹ ਸ਼ਮਸ਼ੀਰ ਦੁਰਾਨੀ ਪਾਸੋਂ ਖੋਹੀ ਮੰਨੀ ਜਾਂਦੀ ਹੈ ਜਦੋਂ ਸਿੰਘਾਂ ਨੇ ਗੁਜਰਾਂਵਾਲੇ ਲਾਗੇ ਛਾਪਾ ਮਾਰ ਕੇ ਬੰਦੀ ਹਿੰਦੂ ਇਸਤਰੀਆਂ ਨੂੰ ਛੁਡਾਇਆ ਸੀ।



SikhBookClub.Com

**4. ਇਕਬਾਲ ਨਾਮਾ-ਏ-ਆਲਮਗੀਰੀ:** ਇਹ ਬਖਤਾਬਰ ਖ਼ਾਨ ਦੀ ਕ੍ਰਿਤ ਹੈ ਜੋ ਫ਼ਾਰਸੀ ਵਿਚ ਲਿਖੀ ਗਈ ਹੈ। ਇਸ ਦੇ 521 ਸਫੇ ਹਨ ਜਿਨ੍ਹਾਂ ਦਾ ਆਕਾਰ ਸਾਢੇ ਛੇ ਗੁਣਾ ਸਾਢੇ ਤਿੰਨ ਇੰਚ ਹੈ। ਹਰ ਇਕ ਸਫੇ 'ਤੇ 13 ਸਤਰਾਂ ਹਨ। ਇਸ ਨੂੰ ਲਿਖਣ ਦੀ ਤਾਰੀਖ ਨਹੀਂ ਦਿੱਤੀ ਗਈ। ਇਸ ਦੇ ਅੰਤ ਵਿਚ ਇਕ ਗੋਲ ਮੋਹਰ ਲੱਗੀ ਹੋਈ ਹੈ ਜਿਸ ਤੇ ਗੁਰਮੁਖੀ ਲਿਪੀ ਵਿਚ "ਸ੍ਰੀ ਅਕਾਲ ਸਹਾਇ ਨਿਹਾਲ ਸਿੰਘ ਬਹਾਦੁਰ" ਲਿਖਿਆ ਹੋਇਆ ਹੈ। ਇਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਇਹ ਕਿਤਾਬ ਮਹਾਰਾਜਾ ਨਿਹਾਲ ਸਿੰਘ ਜੀ ਦੇ ਸਮੇਂ ਕਪੂਰਥਲੇ ਉਨ੍ਹਾਂ ਪਾਸ ਆਈ ਹੋਵੇਗੀ। ਇਸ ਦੇ ਅਰੰਭ ਵਿਚ ਵੀ ਮੋਹਰ ਲੱਗੀ ਹੋਈ ਹੈ ਜੋ ਚੰਗੀ ਤਰ੍ਹਾਂ ਪੜ੍ਹੀ ਨਹੀਂ ਜਾਂਦੀ।

**5. ਅਸਵ ਪ੍ਰਕਰਣ ਕਲਾਨਿਧੀ ਗ੍ਰੰਥ:** ਇਹ ਮਹਾਰਾਜਾ ਸ੍ਰੀ ਫਤਿਹ ਸਿੰਘ ਭੂਪਾਲ ਦੀ ਗੁਰਮੁਖੀ ਲਿਪੀ ਦੀ ਕ੍ਰਿਤ ਹੈ। ਇਸ ਦੇ ਕੁੱਲ ਸਫੇ 185 ਹਨ ਜਿਨ੍ਹਾਂ ਦਾ ਆਕਾਰ ਗਿਆਰ੍ਹਾਂ ਸਹੀ ਸੱਤ ਬਟਾ ਦਸ ਗੁਣਾ ਸਵਾ ਦਸ ਇੰਚ ਹੈ। ਹਰ ਇਕ ਸਫੇ 'ਤੇ 22 ਸਤਰਾਂ ਹਨ। ਇਸ ਦੀ ਲਿਖਣ ਦੀ ਤਾਰੀਖ ਨਹੀਂ ਦਿੱਤੀ ਗਈ। ਸਫਾ 19, 29 ਦੇ ਸਾਹਮਣੇ ਤੇ 72 ਤੋਂ ਬਾਅਦ ਤਿੰਨ ਘੋੜ-ਸਵਾਰਾਂ ਦੀਆਂ ਤਸਵੀਰਾਂ ਹਨ, ਜੋ ਖ਼ੁਦ ਮਹਾਰਾਜਾ ਫਤਿਹ ਸਿੰਘ ਦੀਆਂ ਦੱਸੀਆਂ ਜਾਂਦੀਆਂ ਹਨ। ਮੁੱਢਲੇ ਕੁਝ ਸਫੇ ਕੀੜਿਆਂ ਨੇ ਖਰਾਬ ਕਰ ਦਿੱਤੇ ਹਨ।

**6. ਆਇਨ-ਏ-ਅਕਬਰੀ:** ਇਹ ਅਬੁਲਫਜਲ ਦੀ ਕ੍ਰਿਤ ਹੈ ਜਿਸ ਦੇ 311 ਪੱਤਰੇ ਹਨ ਜਿਨ੍ਹਾਂ ਦਾ ਆਕਾਰ ਸਵਾ ਇੱਕੀ ਗੁਣਾ ਬਾਰ੍ਹਾਂ ਇੰਚ ਹੈ। ਹਰ ਸਫੇ 'ਤੇ 31 ਸਤਰਾਂ ਹਨ। ਇਸ ਦੀ ਨਕਲ ਦੀ ਤਾਰੀਖ਼ ਨਹੀਂ ਦਿੱਤੀ ਗਈ। ਮੁੱਢਲੇ ਸਫੇ ਉੱਪਰ ਸੁਨਹਿਰੀ ਹਾਸ਼ੀਏ ਅੰਦਰ ਅਕਬਰ ਬਾਦਸ਼ਾਹ ਦੇ ਦਰਬਾਰ ਦਾ ਸੁੰਦਰ ਚਿੱਤਰ ਹੈ।

**7. ਹੋਰ ਹੱਥ-ਲਿਖਤ ਪੁਸਤਕਾਂ:**

1. ਔਰੰਗਜ਼ੇਬ ਦੀ ਤਵਾਰੀਖ ਤੁਰਕੀ ਬੋਲੀ ਵਿਚ
2. ਮੌਲਾਨਾ ਰੂਮੀ ਦੀ ਮਨਸਵੀ ਫ਼ਾਰਸੀ ਵਿਚ
3. ਮਹਾਭਾਰਤ ਫ਼ਾਰਸੀ ਵਿਚ
4. ਸ਼ਾਹਨਾਮਾ ਫਰਦੌਸੀ ਫ਼ਾਰਸੀ ਵਿਚ
5. ਅੱਠ ਫ਼ਾਰਸੀ ਰਸਾਲਿਆਂ ਦਾ ਸੰਗ੍ਰਹਿ



SikhBookClub.Com

# ਸੁਲਤਾਨ-ਉਲ-ਕੌਮ
# ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ

*—ਦਿਲਜੀਤ ਸਿੰਘ 'ਬੇਦੀ'*

ਕੁਝ ਕੁੱਖਾਂ ਹੀ ਵਡਭਾਗੀਆਂ ਹੁੰਦੀਆਂ ਹਨ, ਜਿਨ੍ਹਾਂ 'ਚ ਸੁਲਤਾਨ-ਉਲ-ਕੌਮ ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਏ ਵਰਗੇ ਮਹਾਨ ਯੋਧੇ ਜਰਨੈਲ ਤੇ ਪੰਥ ਸੇਵਕ ਪੈਦਾ ਹੁੰਦੇ ਹਨ। ਨਵਾਬ ਕਪੂਰ ਸਿੰਘ ਦੇ ਇਸ ਜਹਾਨ ਤੋਂ ਕੂਚ ਕਰ ਜਾਣ ਉਪਰੰਤ ਸਮੁੱਚੇ ਪੰਥ ਵਲੋਂ ਇਕ ਰਾਏ ਹੋ ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਏ ਨੂੰ ਪੰਥ ਦਾ ਸ਼੍ਰੋਮਣੀ ਜਥੇਦਾਰ ਪ੍ਰਵਾਨਿਆ ਗਿਆ। ਖਾਲਸੇ ਦੇ ਧਾਰਮਿਕ ਤੇ ਸਿਆਸੀ ਮਾਮਲਿਆਂ ਤੇ ਮੋਹਰ ਜਥੇਦਾਰ ਦੀ ਪ੍ਰਵਾਨ ਹੋਈ। ਉਹ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਚੌਥੇ ਮੁਖੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੀ ਰਹੇ।

ਸੁਲਤਾਨ-ਉਲ-ਕੌਮ ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਦੀ ਤੀਜੀ ਜਨਮ ਸ਼ਤਾਬਦੀ ਸਿੱਖ ਕੌਮ ਵੱਲੋਂ ਮਈ ਮਹੀਨੇ ਵਿਚ ਮਨਾਈ ਜਾ ਰਹੀ ਹੈ। ਜਥੇਦਾਰ ਜੱਸਾ ਸਿੰਘ ਜੀ ਦਾ ਜਨਮ ਸ. ਬਦਰ ਸਿੰਘ ਦੇ ਘਰ ਪਿੰਡ ਆਹਲੂ ਜ਼ਿਲ੍ਹਾ ਲਾਹੌਰ (ਪਾਕਿਸਤਾਨ) ਵਿਖੇ 3 ਮਈ, 1718 ਈ. ਨੂੰ ਹੋਇਆ। ਬਾਪ ਦਾ ਛੋਟੀ ਉਮਰੇ ਸਿਰ ਤੋਂ ਸਾਇਆ ਉਠ ਗਿਆ। ਗੁਰਮਤਿ ਨੂੰ ਪ੍ਰਨਾਈ ਹੋਈ ਮਾਤਾ ਆਪ ਨੂੰ ਨਾਲ ਲੈ ਕੇ ਸੰਗਤ ਨਾਲ ਦਿੱਲੀ ਗਏ ਤੇ ਮਾਤਾ ਸੁੰਦਰ ਕੌਰ ਜੀ ਦੀ ਸੇਵਾ ਵਿੱਚ ਹੀ ਜੁਟ ਗਏ। ਉਥੇ ਹੀ ਬਾਲ ਜੱਸਾ ਸਿੰਘ ਜੀ ਨੇ ਕੀਰਤਨ ਤੇ ਸੇਵਾ ਦੀ ਅਸੀਸ ਪ੍ਰਾਪਤ ਕੀਤੀ। ਇਸ ਸੂਰਬੀਰ ਯੋਧੇ ਨੇ ਪੰਥ ਮਾਤਾ ਸੁੰਦਰ ਕੌਰ ਜੀ ਦੀ ਦੇਖ-ਰੇਖ ਵਿੱਚ ਸਿੱਖਿਆ ਪ੍ਰਾਪਤ ਕੀਤੀ।

ਮਾਤਾ ਸੁੰਦਰੀ ਜੀ ਦੀ ਸਰਪ੍ਰਸਤੀ ਵਿੱਚ ਹੀ ਸਿੱਖ ਵਿਚਾਰਧਾਰਾ, ਆਤਮਿਕ ਤੇ ਸਮਾਜਿਕ ਪੱਖਾਂ ਤੇ ਬਹੁਪੱਖੀ ਸਿੱਖਿਆ ਤੇ ਵੱਖ-ਵੱਖ ਭਾਸ਼ਾਵਾਂ ਦਾ ਗਿਆਨ ਜਥੇਦਾਰ ਜੱਸਾ ਸਿੰਘ ਜੀ ਨੇ ਪ੍ਰਾਪਤ ਕੀਤਾ। ਦਿੱਲੀ ਤੋਂ ਤੁਰਨ ਸਮੇਂ ਮਾਤਾ ਸੁੰਦਰ ਕੌਰ ਜੀ ਨੇ ਬਾਲਕ ਜੱਸਾ ਸਿੰਘ ਨੂੰ ਦਸਮੇਸ਼ ਪਿਤਾ ਦੇ ਕਰ ਕਮਲਾਂ ਦੀ ਛੋਹ ਪ੍ਰਾਪਤ ਸ਼ਸਤਰ, ਤਲਵਾਰ, ਤੀਰਾਂ ਦਾ ਭੱਥਾ, ਕਮਾਨ, ਗੁਰਜ ਆਦਿ ਬਖਸ਼ਿਸ਼ ਕੀਤੇ। ਮਾਂ, ਪੁੱਤਰ ਤੇ ਮਾਮਾ ਬਾਘ ਸਿੰਘ ਹਲੋਵਾਲੀਆ ਕਰਤਾਰਪੁਰ ਜਲੰਧਰ



SikhBookClub.Com

ਜਥੇਦਾਰ ਨਵਾਬ ਕਪੂਰ ਸਿੰਘ ਪਾਸ ਪੁੱਜੇ। ਆਪ ਨੇ ਅੰਮ੍ਰਿਤ ਵੇਲੇ ਕੀਰਤਨ ਕਰਕੇ ਸਭ ਨੂੰ ਨਿਹਾਲੋ ਨਿਹਾਲ ਕੀਤਾ। ਜਥੇਦਾਰ ਜੱਸਾ ਸਿੰਘ ਜੀ ਦੀ ਸ਼ਖ਼ਸੀਅਤ ਨਵਾਬ ਕਪੂਰ ਸਿੰਘ ਨੂੰ ਚੰਗੀ ਲੱਗੀ। ਉਨ੍ਹਾਂ ਮਾਤਾ ਨੂੰ ਕਿਹਾ ਕਿ ਜੱਸਾ ਸਿੰਘ ਜੀ ਨੂੰ ਸਾਡੇ ਕੋਲ ਰਹਿਣ ਦਿਉ। ਇਸ ਤੇ ਭੈਣ ਭਰਾ ਨੇ ਜੱਸਾ ਸਿੰਘ ਜੀ ਦੀ ਨਵਾਬ ਕਪੂਰ ਸਿੰਘ ਨੂੰ ਸੌਂਪਣਾ ਕਰ ਦਿੱਤੀ। ਇਹੋ ਜਥੇਦਾਰ ਜੱਸਾ ਸਿੰਘ ਜੀ ਬਾਅਦ ਵਿੱਚ ਨਵਾਬ ਸਾਹਿਬ ਦਾ ਧਰਮ ਪੁੱਤਰ ਪ੍ਰਸਿੱਧ ਹੋਇਆ।

ਨਵਾਬ ਕਪੂਰ ਸਿੰਘ ਨੇ ਜਥੇਦਾਰ ਜੱਸਾ ਸਿੰਘ ਜੀ ਨੂੰ ਘੋੜ ਸਵਾਰੀ, ਤੇਗ ਜੌਹਰ, ਨੇਜ਼ਾਬਾਜ਼ੀ ਤੇ ਤੀਰ-ਕਮਾਨ ਆਦਿ ਦੀ ਬਰੀਕੀ ਨਾਲ ਸਿੱਖਿਆ ਦਿਵਾਈ। ਜਥੇਦਾਰ ਜੱਸਾ ਸਿੰਘ ਜੀ ਇਸ ਸਿਖਲਾਈ ਦੇ ਨਾਲ ਦੀਵਾਨਾਂ ਵਿੱਚ ਸੰਗਤ ਨੂੰ ਪੱਖਾ ਝੱਲਣ ਤੇ ਭਾਂਡੇ ਮਾਂਜਣ ਦੀ ਸੇਵਾ ਵੀ ਖ਼ੂਬ ਕਰਦਾ। ਪੁੱਤ ਗੱਭਰੂ ਹੋਇਆ ਤਾਂ ਨਵਾਬ ਕਪੂਰ ਸਿੰਘ ਨੇ ਉਸ ਨੂੰ ਖੰਡੇ ਬਾਟੇ ਦੇ ਅੰਮ੍ਰਿਤ ਦੀ ਦਾਤ ਦਿੱਤੀ ਤੇ ਰਹਿਤ ਬਹਿਤ ਵਿੱਚ ਪਰਪੱਕ ਰਹਿਣ ਲਈ ਕਿਹਾ। ਫਿਰ ਨਵਾਬ ਸਾਹਿਬ ਨੇ ਖਾਲਸੇ ਦੇ ਘੋੜਿਆਂ ਨੂੰ ਖੁਰਾਕ ਮੁਹੱਈਆ ਕਰਨ ਦੀ ਸੇਵਾ ਸੌਂਪ ਦਿੱਤੀ, ਜੋ ਜਥੇਦਾਰ ਜੱਸਾ ਸਿੰਘ ਜੀ ਨੇ ਪੂਰੀ ਤਨਦੇਹੀ ਤੇ ਲਗਨ ਨਾਲ ਨਿਭਾਈ। ਜਥੇਦਾਰ ਜੱਸਾ ਸਿੰਘ ਜੀ ਆਪਣੇ ਧਰਮ ਪਿਤਾ ਨਵਾਬ ਕਪੂਰ ਸਿੰਘ ਦੀਆਂ ਬਹੁਤ ਸਾਰੀਆਂ ਮੁਹਿੰਮਾਂ ਸਮੇਂ ਉਨ੍ਹਾਂ ਦੇ ਨਾਲ ਰਹੇ ਤੇ ਜਿੱਤਾਂ ਪ੍ਰਾਪਤ ਕੀਤੀਆਂ। ਇਸ ਸਮੇਂ ਉਹ ਸਿੱਖ ਸਰਦਾਰਾਂ ਦੀ ਪਹਿਲੀ ਕਤਾਰ ਵਿੱਚ ਸ਼ਾਮਲ ਹੋ ਗਏ ਸਨ। ਜਥੇਦਾਰ ਜੱਸਾ ਸਿੰਘ ਜੀ ਨੇ ਜਿਥੇ ਅਫਗਾਨੀਆਂ ਨੂੰ ਸੋਧਿਆ ਉਥੇ 1761 ਨੂੰ ਅਹਿਮਦਸ਼ਾਹ ਅਬਦਾਲੀ ਕੋਲੋਂ ਬਾਈ ਸੌ ਜਵਾਨ ਹਿੰਦੂ ਲੜਕੀਆਂ ਨੂੰ ਛਡਾ ਕੇ ਬਾਇੱਜ਼ਤ ਘਰੋ-ਘਰੀ ਪਹੁੰਚਾਇਆ। ਖਾਲਸੇ ਨੇ ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਨੂੰ ਪੰਥ ਦਾ ਪਹਿਲਾ ਬਾਦਸ਼ਾਹ ਸੁਲਤਾਨ-ਉਲ-ਕੌਮ ਐਲਾਨਿਆ। ਸੁਲਤਾਨ-ਉਲ-ਕੌਮ ਨੇ ਸਿੱਖਾਂ ਦੀ ਸੁਤੰਤਰਤਾ ਦਾ ਐਲਾਨ ਕੀਤਾ ਤੇ ਸਿੱਖ ਗੁਰੂ ਸਾਹਿਬਾਨ ਦੇ ਨਾਂ ਦੇ ਸਿੱਕੇ ਜਾਰੀ ਕੀਤੇ। ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਚੌਥੇ ਜਥੇਦਾਰ ਬਣੇ ਤੇ ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਵੀ ਕੌਮ ਦੀ ਅਗਵਾਈ ਕਰਦੇ ਰਹੇ। ਇਤਿਹਾਸਕਾਰ ਲਿਖਦੇ ਹਨ ਕਿ ਵੱਡਾ ਘੱਲੂਘਾਰਾ ਜੋ 5 ਫਰਵਰੀ, 1762 ਨੂੰ ਕੁੱਪ ਰੁਹੀੜੇ ਦੇ ਸਥਾਨ ਪੁਰ ਵਾਪਰਿਆ ਉਸ ਸਮੇਂ ਜਥੇਦਾਰ ਜੱਸਾ ਸਿੰਘ ਜੀ ਨੇ ਬਹੁਤ ਦਲੇਰੀ ਤੇ ਸਮਝਦਾਰੀ ਨਾਲ ਕੌਮ ਦੀ ਅਗਵਾਈ ਕੀਤੀ। ਇਸ ਸਾਕੇ ਸਮੇਂ ਉਨ੍ਹਾਂ ਦੇ ਸਰੀਰ ਤੇ ਬਾਈ ਫੱਟ ਲੱਗੇ। 1764 ਵਿੱਚ ਸਰਹਿੰਦ ਫਤਹਿ ਕਰਨ ਉਪਰੰਤ ਖਾਲਸੇ ਨੇ ਮਾਤਾ ਗੁਜਰੀ ਜੀ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਉਸਾਰਿਆ। ਜਥੇਦਾਰ ਜੱਸਾ ਸਿੰਘ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਲਈ ਨੌ ਲੱਖ ਰੁਪਏ ਅਤੇ ਬਾਕੀ ਸਿੰਘ ਸਰਦਾਰਾਂ ਨੇ ਪੰਜ ਲੱਖ ਰੁਪਏ ਭੇਟ ਕੀਤੇ। ਇਹ ਮਾਇਆ ਆਪ ਨੇ ਭਾਈ ਦੇਸ ਰਾਜ ਬਿਧੀ ਚੰਦੀਏ ਨੂੰ ਸ੍ਰੀ ਹਰਿਮੰਦਰ ਸਾਹਿਬ



SikhBookClub.Com

ਦੀ ਉਸਾਰੀ ਲਈ ਸੌਂਪ ਦਿੱਤੀ। ਇੱਕ ਹੋਰ ਇਤਿਹਾਸਕ ਘਟਨਾ ਸਾਹਮਣੇ ਆਉਂਦੀ ਹੈ ਕਿ ਇਸ ਸਮੇਂ ਨੌਸ਼ਹਿਰਾ ਪੰਨੂਆਂ ਦੇ ਚੌਧਰੀ ਰਾਏ ਜਿਸ ਪਾਸ ਸ੍ਰੀ ਹਰਿਮੰਦਰ ਸਾਹਿਬ ਗਿਰਵੀ ਸੀ ਤਿੰਨ ਲੱਖ ਰੁਪਏ ਉਸਨੂੰ ਦੇ ਕੇ ਸ. ਆਹਲੂਵਾਲੀਏ ਨੇ ਸਿੱਖ ਪੰਥ ਦੇ ਸਿਰੋਂ ਵੱਡਾ ਭਾਰ ਉਤਾਰਿਆ। ਇਨ੍ਹਾਂ ਪੰਥਕ ਨਿਸ਼ਕਾਮ ਸੇਵਾਵਾਂ ਦੇ ਉਤਰਫਲ ਵਜੋਂ ਹੀ ਬਜ਼ਾਰ (ਕਟੜਾ) ਦਾ ਨਾਂ ਆਹਲੂਵਾਲੀਆ ਰੱਖਿਆ ਗਿਆ। 11 ਮਾਰਚ, 1783 ਨੂੰ ਸਿੱਖ ਸਰਦਾਰਾਂ ਜਥੇਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ, ਸ. ਬਘੇਲ ਸਿੰਘ, ਸ. ਭਾਗ ਸਿੰਘ, ਸ. ਗੁਰਦਿੱਤ ਸਿੰਘ ਨਾਲ ਮਿਲ ਕੇ ਲਾਲ ਕਿਲੇ ਤੇ ਕੇਸਰੀ ਪਰਚਮ ਲਹਿਰਾਇਆ ਤੇ ਸੁਲਤਾਨ-ਉਲ-ਕੌਮ ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਨੂੰ ਭਾਰਤ ਦਾ ਬਾਦਸ਼ਾਹ ਐਲਾਨਿਆ। ਇਸ ਸਮੇਂ ਸਿੱਖ ਪੰਥ ਪੂਰੀ ਜਾਹੋ ਜਲਾਲ ਵਿੱਚ ਸੀ, ਪੰਥ ਦੇ ਜੈਕਾਰਿਆਂ ਦੀਆਂ ਧੁੰਮਾਂ ਅਕਾਸ਼ ਵਿੱਚ ਗੂੰਜਦੀਆਂ ਸਨ। ਹਰ ਪਾਸੇ ਕੇਸਰੀ ਨਿਸ਼ਾਨ ਲਹਿਰਾਉਂਦੇ ਸਨ। ਅਖੀਰ ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ 20 ਅਕਤੂਬਰ, 1783 ਈ. ਨੂੰ ਕੌਮ ਦੇ ਤੇਜ-ਤਪ ਨੂੰ ਬੁਲੰਦੀਆਂ ਤੇ ਪਹੁੰਚਾ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਅੰਗੀਠਾ ਬਾਕੀ ਸਰਦਾਰਾਂ ਦੇ ਨਾਲ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਦੀ ਪ੍ਰਕਰਮਾ ਵਿੱਚ ਬਣਿਆ ਹੋਇਆ ਹੈ। ਅੱਜ ਕੌਮ ਦੇ ਇਸ ਮਹਾਨ ਸਪੂਤ ਦੀਆਂ ਪ੍ਰਾਪਤੀਆਂ ਤੋਂ ਪ੍ਰੇਰਨਾ ਲੈਣ ਦੀ ਡਾਢੀ ਲੋੜ ਹੈ। ਜਿਸ ਨਾਲ ਅਸੀਂ ਆਪਣੇ ਬੱਚਿਆਂ ਨੂੰ ਗੌਰਵਮਈ ਵਿਰਸੇ ਤੋਂ ਜਾਣੂ ਕਰਵਾ ਸਕੀਏ।



SikhBookClub.Com

# ਹਲੀਮੀ ਰਾਜ ਦਾ ਅਲੰਬਰਦਾਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ

*—ਸਤਵਿੰਦਰ ਸਿੰਘ ਫੂਲਪੁਰ*

ਕੁਝ ਸ਼ਖ਼ਸੀਅਤਾਂ ਆਪਣੇ ਜੀਵਨ ਰੂਪੀ ਪਰਦੇ ਉੱਪਰ ਅਜਿਹਾ ਕਿਰਦਾਰ ਨਿਭਾ ਜਾਂਦੀਆਂ ਹਨ ਜਿਨ੍ਹਾਂ ਦੇ ਚਲੇ ਜਾਣ ਤੋਂ ਬਾਅਦ ਵੀ ਲੋਕੀਂ ਉਨ੍ਹਾਂ ਦੇ ਉੱਚੇ ਆਦਰਸ਼ਾਂ ਅਤੇ ਮਹਾਨ ਕਾਰਜਾਂ ਨੂੰ ਯਾਦ ਕਰ ਕੇ ਸਿਜਦਾ ਕਰਦੇ ਹਨ। ਇਨ੍ਹਾਂ ਮਹਾਨ ਸ਼ਖ਼ਸੀਅਤਾਂ ਦੇ ਸਦਕਾ ਹੀ ਕੌਮਾਂ ਜੀਉਂਦੀਆਂ ਹਨ ਅਤੇ ਇਨ੍ਹਾਂ ਉੱਪਰ ਸਦਾ ਮਾਣ ਕਰਦੀਆਂ ਹਨ। ਸਿੱਖ ਪੰਥ ਅੰਦਰ ਇਸੇ ਹੀ ਲੜੀ ਦੀ ਮਾਣ ਕਰਨ ਯੋਗ ਇਕ ਸ਼ਖ਼ਸੀਅਤ ਹਨ- ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਜਿਨ੍ਹਾਂ ਨੇ ਆਪਣਾ ਪੂਰਾ ਜੀਵਨ ਜ਼ੁਲਮ ਅਤੇ ਅਨਿਆਂ ਦਾ ਖਾਤਮਾ ਕਰ ਕੇ ਸੱਚ, ਧਰਮ ਤੇ ਨਿਆਂਕਾਰੀ ਰਾਜ ਦੀ ਸਥਾਪਤੀ ਲਈ ਸਮਰਪਿਤ ਕਰ ਦਿੱਤਾ। ਵੱਡੇ ਕਾਰਨਾਮਿਆਂ ਦੇ ਪਿੱਛੇ ਅਵੱਸ਼ ਹੀ ਕੋਈ ਵੱਡਾ ਆਦਰਸ਼ ਕਾਰਜਸ਼ੀਲ ਹੁੰਦਾ ਹੈ, ਇਸ ਲਈ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਜੀਵਨ-ਸੰਘਰਸ਼ ਨੂੰ ਗੁਰੂ ਸਾਹਿਬਾਨ ਦੇ ਰੂਹਾਨੀ ਮਿਸ਼ਨ ਦੇ ਪ੍ਰਸੰਗ ਵਿਚ ਵੇਖਣ ਦਾ ਯਤਨ ਜ਼ਿਆਦਾ ਨਿਆਂਸੰਗਤ ਹੋਵੇਗਾ।

ਜਦੋਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਨਾਨਕ ਨਿਰਮਲ ਪੰਥ ਦੀ ਨੀਂਹ ਰੱਖੀ ਤਾਂ ਮਨੁੱਖਤਾ ਸਾਹਮਣੇ ਸਿਰੁ ਧਰਿ ਤਲੀ ਗਲੀ ਮੇਰੀ ਆਉ ਦਾ ਅਹਿਦ ਰੱਖਿਆ ਗਿਆ। ਸਿਰੁ ਦੀਜੈ ਕਾਣਿ ਨ ਕੀਜੈ (ਪੂਰਨ ਆਪਾ ਸਮਰਪਣ) ਇਸ ਅਹਿਦ ਦੀ ਜ਼ਰੂਰੀ ਸ਼ਰਤ ਸੀ। ਆਪਣੇ ਪੈਰੋਕਾਰਾਂ ਪਾਸੋਂ ਇੰਨਾ ਵੱਡਾ ਅਹਿਦ ਲੈਣਾ ਅਤੇ ਇੰਨੀ ਸਖ਼ਤ ਸ਼ਰਤ ਰੱਖਣੀ ਕਿਸੇ ਵੱਡੀ ਜੁੱਗ ਬਦਲੀ ਦੀ ਤਿਆਰੀ ਦਾ ਪ੍ਰਤੀਕ ਸੀ। ਇਸ ਅਹਿਦ ਦੀਆਂ ਤੈਹਾਂ ਵਿਚ ਸਦੀਆਂ ਦੀ ਭਾਰਤ ਵਿਚਲੀ ਜੁਗ ਗਰਦੀ ਦੀ ਗਿਲਾਨੀ ਦੇ ਲੱਛਣ *ਉਲਟੀ ਵਾੜ ਖੇਤ ਕਉ ਖਾਈ* ਅਤੇ *ਵਰਤੇ ਪਾਪ ਭ੍ਰਿਸਟਿ ਸੰਸਾਰਾ* ਛੁਪੇ ਹੋਏ ਸਨ। ਜਿਸ ਕਾਰਨ ਦੇਸ਼ ਅੰਦਰ ਨਫ਼ਰਤ, ਝਗੜਾ, ਪਾਪ, ਵਿਤਕਰੇ, ਖ਼ੁਦਗਰਜ਼ੀ ਅਤੇ ਧੱਕੇਸ਼ਾਹੀ ਫੈਲੀ ਹੋਈ ਸੀ। ਉਸ ਸਮੇਂ ਭਾਰਤ ਅੰਦਰ ਵੱਡੀਆਂ ਦੋ ਕੌਮਾਂ ਸਨ ਜਿਨ੍ਹਾਂ ਵਿੱਚੋਂ ਇਕ ਦਲੇਰ ਪਰ ਜਾਲਮ ਅਤੇ ਦੂਸਰੀ ਬੁਜ਼ਦਿਲ ਸੀ। ਇਨ੍ਹਾਂ ਦੋਹਾਂ ਦੀ ਹੋਂਦ ਵਿਚ ਜ਼ਿੰਦਗੀ ਦਾ ਤਵਾਜਨ ਨਹੀਂ ਸੀ ਬਣ ਸਕਦਾ ਅਤੇ ਨਾ ਹੀ ਆਦਰਸ਼ਕ ਸਮਾਜ ਦੀ ਕਲਪਨਾ



SikhBookClub.Com

ਕੀਤੀ ਜਾ ਸਕਦੀ ਸੀ। ਇਸ ਲਈ ਮਨੁੱਖਤਾ ਦੀ ਹੋਣੀ ਨੂੰ ਬਦਲਣ ਲਈ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਸਦੀਆਂ ਤੋਂ ਦੁਰਕਾਰੇ ਮਜ਼ਲੂਮਾਂ ਨੂੰ ਗ਼ਲ ਨਾਲ ਲਾਇਆ। ਬਾਕੀ ਗੁਰੂ ਸਾਹਿਬਾਨ ਨੇ ਇਸ ਮਿਸ਼ਨ ਦੀ ਪੂਰਤੀ ਲਈ ਆਪਣਾ ਭਰਪੂਰ ਯੋਗਦਾਨ ਪਾਇਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਮਿਸ਼ਨ ਨੂੰ ਮਜ਼ਬੂਤ ਬਣਾਉਣ ਲਈ ਸ਼ਹਾਦਤ ਦਿੱਤੀ। ਨੌਵੇਂ ਜਾਮੇ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੀ ਸ਼ਹਾਦਤ ਨਾਲ ਸਿਰੁ ਦੀਜੈ ਕਾਣਿ ਨ ਕੀਜੈ ਅਤੇ ਬਾਹਿ ਜਿਨਾ ਦੀ ਪਕੜੀਐ ਸਿਰ ਦੀਜੈ ਬਾਹਿ ਨ ਛੋੜੀਐ ਵਾਲੇ ਗੁਰਮਤਿ ਆਦਰਸ਼ ਨੂੰ ਵਿਵਹਾਰਕ ਰੂਪ ਵਿਚ ਪ੍ਰਗਟ ਕਰ ਕੇ ਵਿਖਾਇਆ। ਦਸਵੇਂ ਜਾਮੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿਰੁ ਧਰਿ ਤਲੀ ਗਲੀ ਮੇਰੀ ਆਉ ਵਾਲੇ ਅਹਿਦ ਦੀ ਪ੍ਰੀਖਿਆ ਲੈ ਕੇ ਬੁਜ਼ਦਿਲੀ ਅਤੇ ਜ਼ੁਲਮ ਤੋਂ ਮੁਕਤ ਆਦਰਸ਼ਕ ਸਮਾਜਿਕ ਸੰਗਠਨ ਖਾਲਸਾ-ਪੰਥ ਦੀ ਸਿਰਜਣਾ ਕੀਤੀ। ਖ਼ੁਦ ਪੰਜਾਂ ਪਿਆਰਿਆਂ ਪਾਸੋਂ ਖੰਡੇ-ਬਾਟੇ ਦੀ ਪਾਹੁਲ ਛਕ ਕੇ ਗੁਰੂ-ਚੇਲੇ ਦਾ ਭੇਦ ਮਿਟਾ ਦਿੱਤਾ।

ਜ਼ਾਲਮਾਂ, ਜਰਵਾਣਿਆਂ ਤੋਂ ਮਜ਼ਲੂਮਾਂ ਦੀ ਰਾਖੀ ਲਈ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ *ਬਾਹਿ ਜਿਨਾ ਦੀ ਪਕੜੀਐ ਸਿਰ ਦੀਜੈ ਬਾਹਿ ਨ ਛੋੜੀਐ* ਵਾਲੀ ਵਚਨ-ਬੱਧਤਾ ਰਾਹੀਂ ਪੂਰਨਾ ਪਾ ਕੇ ਦੇ ਗਏ ਸਨ, ਇਸ ਨੂੰ ਅੱਗੇ ਗੁਰਸਿੱਖਾਂ ਨੇ ਤੋਰਨਾ ਸੀ, ਕਿਉਂਕਿ ਖਾਲਸਾ-ਪੰਥ ਦੀ ਸਿਰਜਣਾ ਨਾਲ ਗੁਰੂ ਚੇਲੇ ਵਿਚ ਅਭੇਦ ਹੋ ਚੁੱਕਾ ਸੀ। ਜ਼ੁਲਮ ਦਾ ਨਾਸ਼ ਕਰ ਕੇ ਮਜ਼ਲੂਮਾਂ ਦੀ ਰਾਖੀ ਲਈ ਚਾਰ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਅਤੇ ਬੇਅੰਤ ਸਿੰਘਾਂ ਨੇ ਸ਼ਹਾਦਤਾਂ ਦਿੱਤੀਆਂ। ਆਪਣੇ ਆਖਰੀ ਸਮੇਂ ਸਰਬੰਸਦਾਨੀ ਪਿਤਾ ਜੀ ਨੇ ਨਾਂਦੇੜ ਦੀ ਧਰਤੀ ਤੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਿੰਘ ਸਜਾ ਕੇ ਮਜ਼ਲੂਮਾਂ ਦੀ ਬਾਂਹ ਫੜਨ ਲਈ ਪੰਜਾਬ ਵੱਲ ਤੋਰਿਆ। ਜ਼ੁਲਮ ਦਾ ਨਾਸ਼ ਕਰਦਿਆਂ ਬੇਅੰਤ ਸਿੰਘਾਂ-ਸਿੰਘਣੀਆਂ, ਬੱਚਿਆਂ, ਬਜ਼ੁਰਗਾਂ ਸਮੇਤ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਹੋਈ। ਗੁਰੂ ਸਾਹਿਬਾਨ ਦੇ ਆਸ਼ਿਆਂ ਵਾਲੇ ਆਦਰਸ਼ਕ ਹਲੀਮੀ ਰਾਜ ਦੀ ਸਥਾਪਤੀ ਲਈ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਸਿੱਖ ਸੰਗਰਾਮ ਦੀ ਬੜੀ ਲੰਮੀ ਦਾਸਤਾਨ ਹੈ। ਇਸੇ ਵਿਚ ਨਵਾਬ ਕਪੂਰ ਸਿੰਘ ਜੀ ਤੋਂ ਬਾਅਦ ਮਜ਼ਲੂਮਾਂ ਦੀ ਬਾਂਹ ਫੜਨ ਵਾਲਾ ਇਹ ਦੈਵੀ ਕਰਤਵ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤਕ ਪਹੁੰਚਿਆ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਇਸ ਕਰਤਵ ਨੂੰ ਗੁਰਮਤਿ ਆਦਰਸ਼ਾਂ ਅਨੁਸਾਰ ਨਿਭਾਇਆ। ਮਨੁੱਖੀ ਹੱਕਾਂ, ਪੰਥ ਦੀ ਚੜ੍ਹਦੀ ਕਲਾ, ਦੇਸ਼ ਦੀ ਰਾਖੀ ਅਤੇ ਮਜ਼ਲੂਮਾਂ ਦੀ ਸੇਵਾ ਲਈ ਆਪਣਾ ਪੂਰਾ ਜੀਵਨ ਸਮਰਪਿਤ ਕਰ ਦਿੱਤਾ। ਉਨ੍ਹਾਂ ਨੇ ਜ਼ਾਲਮ ਦੀ ਤਲਵਾਰ ਅੱਗੇ ਸੀਨਾ ਤਾਣ ਕੇ ਸਦੀਆਂ ਤੋਂ ਜ਼ੁਲਮ ਦੀ ਤਲਵਾਰ ਹੇਠ ਨਪੀੜੇ ਆ ਰਹੇ ਭਾਰਤੀਆਂ ਨੂੰ ਸਕੂਨ ਦੀ ਜ਼ਿੰਦਗੀ ਜੀਊਣ ਦਾ ਮੌਕਾ ਬਖ਼ਸ਼ਿਆ। ਗ਼ਜ਼ਨੀ ਦੇ ਬਜ਼ਾਰਾਂ ਵਿਚ ਬੇ-ਪੱਤ ਹੁੰਦੀਆਂ ਭਾਰਤੀ ਹਿੰਦੂ ਇਸਤਰੀਆਂ ਦੀ ਆਬਰੂ ਨੂੰ ਬਚਾਇਆ ਤੇ 'ਰਾਖੀ



SikhBookClub.Com

ਪ੍ਰਬੰਧ' ਲਾਗੂ ਕਰ ਕੇ ਲੋਕਾਂ ਦੀ ਜਾਨ-ਮਾਲ ਦੀ ਰੱਖਿਆ ਦਾ ਜਿੰਮਾ ਖਾਲਸਾ ਜਥਿਆਂ ਨੂੰ ਸੌਂਪਿਆ। ਇਨ੍ਹਾਂ ਪ੍ਰਣ-ਧਾਰੀ ਜਥਿਆਂ (ਮਿਸਲਾਂ) ਨੇ ਭਾਰਤ ਦੀਆਂ ਸਦੀਆਂ ਬੱਧੀ ਗ਼ੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜ ਕੇ ਉਹ ਕਰ ਵਿਖਾਇਆ ਜੋ *ਅੰਤਰਿ ਪੂਜਾ ਪੜਹਿ ਕਤੇਬਾ* ਵਾਲੇ ਦੀਨੀ ਸਮਝੌਤਾਵਾਦੀ ਕੌਮ ਕੋਲੋਂ ਹਜ਼ਾਰਾਂ ਸਾਲਾਂ ਵਿਚ ਨਹੀਂ ਸੀ ਹੋ ਸਕਿਆ ਅਤੇ ਨਾ ਹੋਣਾ ਸੀ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਸਮੇਂ ਮੁਗ਼ਲੀਆ ਹਕੂਮਤ ਦੀ ਸਖ਼ਤੀ ਕਾਰਨ ਸਿੱਖਾਂ ਦੇ ਹਾਲਾਤ **ਘਰ ਤੇ ਕਢੇ ਸੁ ਬਣ ਲੁਕੈਂ ਬਨ ਤਜਿ ਨੀਰ ਲੁਕਾਹਿ। ਜਲ ਮਹਿ ਲੁਕੈਂ ਤੋ ਨਹਿ ਬਚੈਂ ਕਹੋ ਸਿੰਘ ਕਤ ਜਾਹਿਂ। (ਪ੍ਰਾਚੀਨ ਪੰਥ ਪ੍ਰਕਾਸ਼)** ਵਾਲੇ ਸਨ। ਅਜਿਹੇ ਹਾਲਾਤ ਵਿਚ ਪੰਥ ਦੀ ਅਗਵਾਈ ਕਰ ਕੇ ਪੰਥ ਨੂੰ ਜਥੇਬੰਦ ਕਰਨਾ ਅਤੇ ਪੰਥ ਨੂੰ ਚੜ੍ਹਦੀ ਕਲਾ ਵਿਚ ਰੱਖ ਕੇ ਜ਼ੁਲਮ ਵਿਰੁੱਧ ਸੰਘਰਸ਼ ਨੂੰ ਨਿਰੰਤਰ ਜਾਰੀ ਰੱਖਣਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਕੱਦ ਨੂੰ ਹੋਰ ਉੱਚਾ ਕਰਦਾ ਹੈ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਆਪਣੇ ਧਰਮੀਂ ਵਿਵਹਾਰ, ਹਲੀਮੀ ਸੁਭਾਅ, ਦਿਆਨਤਦਾਰੀ ਅਤੇ ਪਰਉਪਕਾਰੀ ਕਾਰਜਾਂ ਕਰਕੇ ਦੁਨੀਆ ਸਾਹਮਣੇ ਸਤ-ਵਾਦੀ ਆਦਰਸ਼ਕ ਗੁਰਸਿੱਖ ਦੀ ਮਿਸਾਲ ਬਣੇ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਜੀਵਨ-ਆਦਰਸ਼ ਨੂੰ ਸਮਝਣ ਲਈ ਅਸੀਂ ਇਹ ਜਾਣਨ ਦਾ ਯਤਨ ਕਰਾਂਗੇ ਕਿ ਨਿੱਜ ਸਵਾਰਥ ਤੋਂ ਉੱਪਰ ਉੱਠ ਕੇ ਪੰਥ ਅਤੇ ਮਨੁੱਖਤਾ ਲਈ ਆਪਣਾ ਸਾਰਾ ਜੀਵਨ ਅਰਪਨ ਕਰ ਦੇਣ ਵਾਲਾ ਪਰਉਪਕਾਰੀ ਕਿਰਦਾਰ ਬਣਦਾ ਕਿਵੇਂ ਹੈ? *ਅਪਨਾ ਬਿਗਾਰਿ ਬਿਰਾਂਨਾ ਸਾਂਢੈ* ਵਾਲੀ ਭਾਵਨਾ ਕਿਵੇਂ ਉਤਪੰਨ ਹੁੰਦੀ ਹੈ? ਆਪਣੇ ਜ਼ਿੰਦਗੀ ਦੇ ਸੰਘਰਸ਼ ਅਤੇ ਪ੍ਰਾਪਤੀਆਂ ਨੂੰ ਪੰਥ ਦੀ ਗ਼ਰੀਬ-ਨਿਵਾਜ਼ੀ ਦੱਸਣ ਜਿਹੀ ਨਿਮਰਤਾ ਕਿੱਥੋਂ ਆਉਂਦੀ ਹੈ? ਤਖਤ-ਤਾਜ ਹਾਸਲ ਹੋਣ 'ਤੇ ਖਾਲਸਾ ਭਰਾਵਾਂ ਲਈ ਤਖਤ ਛੱਡ ਕੇ ਪਾਸੇ ਹੋਣ ਜਿਹੀ ਦਿਆਨਤਦਾਰੀ ਦੇ ਪਿੱਛੇ ਕਿਹੜੇ ਆਦਰਸ਼ ਕੰਮ ਕਰਦੇ ਹਨ? ਇਨ੍ਹਾਂ ਸਾਰੇ ਆਦਰਸ਼ਕ ਗੁਣਾਂ ਨੂੰ ਗੁਰਮਤਿ ਜੀਵਨ-ਜੁਗਤ ਵਿੱਚੋਂ ਤਲਾਸ਼ਿਆ ਜਾ ਸਕਦਾ ਹੈ। ਗੁਰੂ ਸਾਹਿਬਾਨ ਦਾ ਜੋ ਜਗਤ ਜਲੰਦੇ ਦੇ ਉਭਾਰ ਦਾ ਰੂਹਾਨੀ ਮਿਸ਼ਨ ਸੀ, ਜਿਸ ਨੂੰ ਉਨ੍ਹਾਂ ਅਖੀਰ ਵਿਚ ਖਾਲਸਾ ਪੰਥ ਨੂੰ ਸੌਂਪਣਾ ਸੀ, ਖਾਲਸਾ ਪੰਥ ਰਾਹੀਂ ਉਸ ਦੀ ਸੰਪੂਰਨਤਾ ਲਈ ਖਾਲਸੇ ਦਾ ਉੱਚੇ ਇਖ਼ਲਾਕ ਵਾਲਾ ਕਿਰਦਾਰ ਘੜਨਾ ਅਤਿ ਜ਼ਰੂਰੀ ਸੀ। ਇਸ ਲਈ ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਨੂੰ ਸੇਵਾ, ਸਿਮਰਨ, ਅੰਮ੍ਰਿਤ ਵੇਲਾ, ਨਿੱਤਨੇਮ, ਕੀਰਤਨ ਆਦਿ ਦੀਆਂ ਬੇਅੰਤ ਰਹਿਮਤਾਂ ਨਾਲ ਨਿਵਾਜਿਆ। ਦਸਮੇਸ਼ ਪਿਤਾ ਜੀ ਨੇ ਖਾਲਸੇ ਨੂੰ ਪੰਜ-ਕਕਾਰੀ ਰਹਿਤ ਮਰਯਾਦਾ ਦੇ ਧਾਰਨੀ ਬਣਾਇਆ। ਇਸ ਧਰਤੀ ਉੱਪਰ ਗੁਰਮਤਿ ਆਦਰਸ਼ ਨੂੰ ਸਾਕਾਰ ਕਰਨ ਲਈ ਖਾਲਸੇ ਨੂੰ ਆਪਣਾ ਤੇਜ ਬਖ਼ਸ਼ਿਸ਼ ਕਰਨ ਦਾ ਵਚਨ ਦਿੱਤਾ, ਪਰ ਗੁਰੂ ਸਾਹਿਬਾਨ ਦੇ ਤੇਜ ਦੇ ਪਾਤਰ ਬਣਨ ਲਈ ਇਹ ਸ਼ਰਤ ਸੀ ਕਿ ਖਾਲਸੇ ਨੇ ਪੰਜ-ਕਕਾਰੀ ਰਹਿਤ ਅਤੇ ਗੁਰੂ ਸਾਹਿਬਾਨ ਦੁਆਰਾ ਦੱਸੇ



SikhBookClub.Com

ਨਿਆਰੇ ਆਦਰਸ਼ਾਂ ਨੂੰ ਕਾਇਮ ਰੱਖਣਾ ਸੀ, ਕਿਉਂਕਿ ਨਿਆਰੇ ਆਦਰਸ਼ਾਂ ਵਾਲੀ ਮਰਯਾਦਾ ਦੇ ਸੰਚੇ ਵਿਚ ਢਲ ਕੇ ਹੀ ਆਦਰਸ਼ਕ ਜੀਵਨ ਦਾ ਅਕਾਰ ਬਣਦਾ ਹੈ, ਸੇਵਾ ਤੇ ਸਿਮਰਨ ਦੀ ਸਾਧਨਾ ਨਾਲ ਇਸ ਆਦਰਸ਼ਕ ਜੀਵਨ ਵਿਚ ਪਕਿਆਈ ਆਉਂਦੀ ਹੈ। ਇਸ ਤਰ੍ਹਾਂ ਸਾਧਿਆ ਹੋਇਆ ਰੂਹਾਨੀ ਜੀਵਨ ਹੀ ਨਿਰ-ਸਵਾਰਥ, ਪਰਉਪਕਾਰੀ ਤੇ ਪੰਥ-ਪ੍ਰਸਤ ਹੋ ਸਕਦਾ ਹੈ। ਜੇਕਰ ਅਜਿਹੀਆਂ ਪਰਉਪਕਾਰੀ ਅਤੇ ਪੰਥ-ਪ੍ਰਸਤ ਸ਼ਖ਼ਸੀਅਤਾਂ ਕੌਮ ਦੀਆਂ ਆਗੂ ਹੋਣ ਤਾਂ ਹੀ ਪੰਥ ਦੀਆਂ ਨੀਹਾਂ ਮਜ਼ਬੂਤ ਬਣਦੀਆਂ ਹਨ।

ਜਦੋਂ ਅਸੀਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਜੀਵਨ ਨੂੰ ਦੇਖਦੇ ਹਾਂ ਤਾਂ ਉਨ੍ਹਾਂ ਦੇ ਉਪਰੋਕਤ ਗੁਣਾਂ ਵਾਲੇ ਆਦਰਸ਼ਕ ਜੀਵਨ ਦੀ ਘਾੜਤ ਬਚਪਨ ਤੋਂ ਹੀ ਆਪਣੀ ਮਾਤਾ ਜੀ ਦੇ ਗੁਰਮਤਿ ਸੰਸਕਾਰਾਂ ਰਾਹੀਂ ਘੜੀ ਗਈ ਸੀ। ਤਾਂ ਹੀ ਉਹ ਗੁਰਮਤਿ ਰਹਿਤ ਮਰਯਾਦਾ ਦੇ ਪੂਰਨ ਧਾਰਨੀ, ਅੰਮ੍ਰਿਤ ਵੇਲਾ ਸਾਂਭਣ ਵਾਲੇ, ਨਿੱਤਨੇਮੀ, ਕੀਰਤਨ ਪ੍ਰੇਮੀ, ਸੇਵਾ ਦੇ ਪੁੰਜ, ਨਾਮ ਦੇ ਰਸੀਏ, ਉੱਚੇ ਇਖ਼ਲਾਕ ਵਾਲੇ, ਕਥਨੀ ਦੇ ਪੂਰੇ ਤੇ ਕਰਨੀ ਦੇ ਸੂਰੇ ਬਣੇ। ਉਨ੍ਹਾਂ ਗੁਰੂ ਸਾਹਿਬ ਦੇ ਬਚਨ *ਜਬ ਲਗ ਖਾਲਸਾ ਰਹੈ ਨਿਆਰਾ* ਨੂੰ ਆਪਣੇ ਜੀਵਨ ਵਿਚ ਢਾਲਿਆ ਹੋਇਆ ਸੀ, ਇਸ ਲਈ ਕਲਗੀਧਰ ਪਿਤਾ ਜੀ ਨੇ ਉਨ੍ਹਾਂ ਨੂੰ ਆਪਣਾ ਤੇਜ ਬਖ਼ਸ਼ਿਸ਼ ਕੀਤਾ ਸੀ। ਸ. ਰਤਨ ਸਿੰਘ ਭੰਗੂ ਦਾ ਕਥਨ **ਜੱਸਾ ਸਿੰਘ ਖਾਏ ਬਾਈ ਘਾਇ। ਤੌਂ ਭੀ ਸਿੰਘ ਜੀ ਲੜਤੋ ਜਾਇ**। ਮਹਿਜ਼ ਇਕ ਇਤਿਹਾਸਿਕ ਘਟਨਾ ਹੀ ਨਹੀਂ ਬਲਕਿ ਇਸ ਨੂੰ ਗੁਰਮਤਿ ਫ਼ਲਸਫ਼ੇ ਦੇ ਰੂਹਾਨੀ ਪੱਖ ਤੋਂ ਵੇਖਿਆ ਜਾਣਾ ਚਾਹੀਦਾ ਹੈ। ਰੰਬੀਆਂ ਨਾਲ ਖੋਪਰ ਲਹਾਉਣ ਵਾਲੇ, ਆਰਿਆਂ ਨਾਲ ਚੀਰੇ ਜਾਣ ਵਾਲੇ, ਬੰਦ-ਬੰਦ ਕਟਵਾਉਣ ਵਾਲੇ, ਜੰਮੂਰਾਂ ਨਾਲ ਮਾਸ ਖਿਚਾਉਣ ਵਾਲੇ ਅਤੇ 22 ਫੱਟ ਲੱਗਣ ਤੋਂ ਬਾਅਦ ਵੀ ਸਤਿ-ਆਦਰਸ਼ ਲਈ ਲੜਦੇ ਜਾਣ ਵਾਲੇ ਗੁਰਮਤਿ ਜੀਵਨ-ਜੁਗਤ ਨੂੰ ਪ੍ਰਵਾਨ ਚੜੇ ਉਹੀ ਧਰਮੀਂ ਜਿਊੜੇ ਸਨ ਜੋ *ਸਿਰੁ ਧਰਿ ਤਲੀ...* ਵਾਲਾ ਪੂਰਨ ਆਪਾ ਸਮਰਪਣ ਦਾ ਪ੍ਰਣ ਪੁਗਾ ਕੇ ਗੁਰੂ ਨਾਨਕ ਦੀ ਗਲੀ ਵਿਚ ਆਏ ਸਨ। ਇਨ੍ਹਾਂ ਅੰਦਰ ਪੁਰਜਾ ਪੁਰਜਾ ਕੱਟੇ ਜਾਣ 'ਤੇ ਵੀ ਮੈਦਾਨ ਨਾ ਛੱਡਣ ਵਾਲਾ ਜਜ਼ਬਾ ਦ੍ਰਿੜ੍ਹ ਸੀ। ਕਿਸੇ ਨੂੰ ਇੱਕ ਫੱਟ ਲੱਗ ਜਾਵੇ ਤਾਂ ਉਹ ਖ਼ੂਨ ਵਹਿ ਜਾਣ ਨਾਲ ਬੇਹੋਸ਼ ਹੋ ਕੇ ਡਿੱਗ ਪੈਂਦਾ ਹੈ, ਪਰ ਅਜਿਹੇ ਸਿੰਘਾਂ ਦੀਆਂ ਦੇਹਾਂ ਨਿਰਾ ਖ਼ੂਨ ਦੇ ਆਸਰੇ ਚੱਲਣ ਵਾਲੀਆਂ ਤਾਂ ਨਹੀਂ ਸਨ। ਜੇਕਰ 22 ਫੱਟ ਲੱਗੇ ਤਾਂ ਖ਼ੂਨ ਵੀ ਤਾਂ ਬਹੁਤ ਵਗਿਆ ਹੋਵੇਗਾ, ਪਰ ਜਿਨ੍ਹਾਂ ਰਗ਼ਾਂ ਅੰਦਰ ਖੰਡੇ-ਬਾਟੇ ਦੇ ਅੰਮ੍ਰਿਤ ਦੀ ਧਾਰਾ ਚੱਲ ਰਹੀ ਹੋਵੇ ਉਹ ਬਾਹਰੀ ਫੱਟਾਂ ਨਾਲ ਨਹੀਂ ਵਹਿੰਦੀ। ਅੰਦਰ ਜੋ ਵਾਹਿਗੁਰੂ ਗੁਰਮੰਤਰ ਦਾ ਜਾਪ ਚੱਲ ਰਿਹਾ ਸੀ ਉਹ ਬਾਹਰੀ ਫੱਟਾਂ ਨਾਲ ਰੁਕਦਾ ਨਹੀਂ, ਬੱਸ ਉਸੇ ਦੇ ਆਸਰੇ 'ਤੇ ਸਰਦਾਰ ਸਾਹਿਬ ਲੜਦੇ ਜਾ ਰਹੇ ਸਨ। ਉਨ੍ਹਾਂ ਲਈ ਸਰੀਰ ਨਾਲੋਂ ਗੁਰੂ ਦੇ ਮਿਸ਼ਨ ਨੂੰ ਪੁਗਾਉਣਾ ਅਤੇ ਕੌਮੀ ਅਣਖ ਨੂੰ ਬਚਾਉਣਾ ਜ਼ਿਆਦਾ ਜ਼ਰੂਰੀ ਸੀ।



SikhBookClub.Com

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਉੱਪਰ ਗੁਰੂ ਸਾਹਿਬਾਨ ਦੀ ਅਪਾਰ ਬਖ਼ਸ਼ਿਸ਼ ਸੀ ਜਿਸ ਸਦਕਾ ਉਹ ਜ਼ੁਲਮ ਦੀਆਂ ਨੀਹਾਂ ਨੂੰ ਹਿਲਾ ਕੇ ਅਮਨ, ਸ਼ਾਂਤੀ ਵਾਲਾ ਨਿਆਂਕਾਰੀ ਰਾਜ ਸਥਾਪਿਤ ਕਰਨ ਦੇ ਸਮਰੱਥ ਹੋਏ। *ਪਾਤਿਸਾਹੀ ਭਗਤ ਜਨਾ ਕਉ ਦਿਤੀਅਨੁ ਸਿਰਿ ਛਤੁ ਸਚਾ ਹਰਿ ਬਣਾਇ* ਦੇ ਮਹਾਂਵਾਕ ਅਨੁਸਾਰ ਗੁਰੂ ਰੂਪ ਖਾਲਸਾ ਪੰਥ ਨੇ ਉਨ੍ਹਾਂ ਦੇ ਭਗਤੀ-ਭਾਓ ਅਤੇ ਪੰਥਕ-ਸੇਵਾਵਾਂ ਬਦਲੇ 'ਕੌਮ ਦਾ ਪਾਤਸ਼ਾਹ' ਅਤੇ 'ਸੁਲਤਾਨ-ਉਲ-ਕੌਮ' ਕਹਿ ਕੇ ਨਿਵਾਜਿਆ ਅਤੇ ਗੁਰੂ ਬਖ਼ਸ਼ਿਸ਼ ਸਦਕਾ ਹੀ ਸਰਦਾਰ ਸਾਹਿਬ ਨੂੰ ਦਿੱਲੀ ਦਾ ਛਤਰ-ਤਖਤ ਹਾਸਲ ਹੋਇਆ। ਗੁਰੂ ਬਖ਼ਸ਼ਿਸ਼ ਸਦਕਾ ਪੰਥ ਦੀ ਸੇਵਾ ਕਰਨ ਲਈ ਆਪ ਜੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ, ਬੁੱਢਾ ਦਲ ਦੇ ਮੁਖੀ, ਦਲ ਖਾਲਸਾ ਦੇ ਮੁਖੀ, ਮਿਸਲਾਂ ਦੇ ਬਾਨੀ, ਆਹਲੂਵਾਲੀਆ ਮਿਸਲ ਦੇ ਮੁਖੀ ਹੋਣ ਜਿਹੇ ਉੱਚ ਮੁਰਾਤਬੇ ਹਾਸਲ ਹੋਏ। ਇਨ੍ਹਾਂ ਸਭ ਰੁਤਬਿਆਂ ਨੂੰ ਉਨ੍ਹਾਂ ਨਿੱਜ ਲਾਲਸਾ ਤੋਂ ਉੱਪਰ ਉੱਠ ਕੇ ਪੰਥਕ ਸ਼ਕਤੀ ਨੂੰ ਮਜ਼ਬੂਤ ਕਰਨ ਲਈ ਵਰਤਿਆ। ਸਰਦਾਰ ਸਾਹਿਬ ਨੂੰ ਸਾਰੀ ਉਮਰ ਬਸ ਇੱਕੋ ਪਾਤਸ਼ਾਹੀ ਦੀ ਲਾਲਸਾ ਰਹੀ; ਉਹ ਸੀ *ਨਾਮਿ ਰਤੇ ਪਾਤਿਸਾਹ* ਵਾਲੀ। ਦੁਨੀਆ ਦੇ ਇਤਿਹਾਸ ਵਿਚ ਤਖਤਾਂ-ਤਾਜਾਂ ਲਈ ਕਤਲ-ਓ-ਗਾਰਤ ਹੁੰਦੀ ਵੇਖਣ ਨੂੰ ਮਿਲਦੀ ਹੈ। ਮੁਗ਼ਲ ਬਾਦਸ਼ਾਹੀਆਂ ਵਿਚ ਤਖਤ ਦੀ ਖਾਤਰ ਪਿਉ ਆਪਣੇ ਪੁੱਤਰ ਨੂੰ ਅਤੇ ਪੁੱਤਰ ਆਪਣੇ ਹੀ ਪਿਉ ਨੂੰ ਕਤਲ ਕਰਵਾਉਂਦੇ ਰਹੇ ਹਨ, ਪਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਆਦਰਸ਼ ਮੰਤਵ *ਸਭ ਸੁਖਾਲੀ ਵੁਠੀਆ* ਵਾਲੇ ਹਲੀਮੀ ਰਾਜ ਨੂੰ ਸਾਕਾਰ ਕਰਨਾ ਸੀ, ਤਖਤ ਹਾਸਲ ਕਰਨੇ ਨਹੀਂ। ਤਾਂ ਹੀ ਉਹ ਦਿੱਲੀ ਦਾ ਤਖਤ ਆਪਣੇ ਗੁਰ-ਭਾਈਆਂ ਲਈ ਛੱਡ ਕੇ ਪਾਸੇ ਹੋ ਗਏ। ਇਹ ਰਾਜ ਸੇਵਾ ਦੀ ਬੜੀ ਆਦਰਸ਼ਕ ਮਿਸਾਲ ਹੈ। ਵਰਤਮਾਨ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਜਿਹੀ ਮਿਸਾਲ ਤੋਂ ਸਬਕ ਲੈ ਕੇ ਪੰਥ ਦੀ ਸੇਵਾ ਕੀਤੀ ਜਾ ਸਕਦੀ ਹੈ।



SikhBookClub.Com

# ਸੂਝਵਾਨ ਕਮਾਂਡਰ:
# ਸਰਦਾਰ ਜੱਸਾ ਸਿੰਘ ਆਹਲੂਵਾਲੀਆ

*—ਡਾ. ਸ਼ਮਸ਼ੇਰ ਸਿੰਘ*

## ਜਾਣ ਪਛਾਣ

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਇੱਕ ਮਹਾਨ ਨੇਤਾ, ਗੁਰਸਿੱਖ, ਸੂਰਬੀਰ ਸੈਨਾਪਤੀ, ਸੂਝਵਾਨ ਕਮਾਂਡਰ, ਗੁਰੂ ਦਾ ਲਾਲ, ਖਾਲਸਾ ਦਲਾਂ ਦਾ ਮੋਹਰੀ, ਸੁਲਤਾਨ-ਉਲ-ਕੌਮ, ਗੱਲ ਕੀ ਸਿੱਖ ਕੌਮ ਉਨ੍ਹਾਂ ਉੱਪਰ ਜਿਤਨਾ ਵੀ ਮਾਣ ਕਰੇ ਥੋੜ੍ਹਾ ਹੈ। ਇਸ ਬਹਾਦਰ ਯੋਧੇ ਦੇ ਪਿਛੋਕੜ ਵੱਲ ਦੇਖੀਏ ਤਾਂ ਇਨ੍ਹਾਂ ਦੇ ਪੁਰਖਿਆਂ ਉੱਤੇ ਛੇਵੇਂ ਪਾਤਸ਼ਾਹ ਦੀ ਕਿਰਪਾ ਸੀ ਅਤੇ ਇਨ੍ਹਾਂ ਦਾ ਜਨਮ ਦਸਵੇਂ ਪਾਤਸ਼ਾਹ ਦੇ ਅਸ਼ੀਰਵਾਦ ਨਾਲ ਹੋਇਆ। ਪਾਲਣ-ਪੋਸ਼ਣ ਸਮੇਂ ਮਾਤਾ ਸੁੰਦਰੀ ਜੀ ਨੇ ਇਨ੍ਹਾਂ 'ਤੇ ਕਿਰਪਾ ਕੀਤੀ। ਨਵਾਬ ਕਪੂਰ ਸਿੰਘ ਦੀ ਮਿਹਰਬਾਨੀ ਸਦਕਾ ਇਨ੍ਹਾਂ ਨੇ ਬਾਦਸ਼ਾਹੀ ਦਾ ਤਾਜ ਪਹਿਨਿਆ।

ਨਾਦਰਸ਼ਾਹ ਦੇ ਹਮਲੇ ਤੋਂ ਪਿੱਛੋਂ ਸਰਦਾਰ ਜੱਸਾ ਸਿੰਘ ਨੂੰ ਲੜਾਈ ਵਾਲੇ ਖੇਤਰ ਵਿਚ ਸਿੱਖ ਜਥਿਆਂ ਦੀ ਅਗਵਾਈ ਕਰਨੀ ਸ਼ੁਰੂ ਕਰ ਦਿੱਤੀ।

ਛੋਟਾ ਘੱਲੂਘਾਰਾ 1746 ਈ. ਨੂੰ ਵਾਪਰਿਆ, ਪਰ ਸਿੱਖਾਂ ਦੇ ਹੌਂਸਲੇ ਕਾਇਮ ਸਨ। ਇਸ ਘੱਲੂਘਾਰੇ ਅੰਦਰ ਪੰਥ ਦੇ ਵੱਡੇ ਸੂਰਮੇ ਭਾਵੇਂ ਜ਼ਖਮੀ ਹੋਏ, ਪ੍ਰੰਤੂ ਜਦੋਂ ਬਾਣ ਲੱਗਦਾ ਤਦ ਦੀ ਹੀ ਰੋਸ ਜਾਗਦਾ ਹੈ।

1747 ਈ. ਵਿਚ ਸਲਾਬਤ ਖ਼ਾਨ ਸ੍ਰੀ ਅੰਮ੍ਰਿਤਸਰ ਦਾ ਹਾਕਮ ਬਣਿਆ। 5 ਮਾਰਚ, 1748 ਈ. ਹੋਲੇ ਮਹੱਲੇ ਦੇ ਸਮੇਂ ਸਿੱਖ ਸ੍ਰੀ ਅਨੰਦਪੁਰ ਇਕੱਠੇ ਹੋਏ ਗੁਰਮਤਾ ਕੀਤਾ ਕਿ ਵੈਸਾਖੀ ਸ੍ਰੀ ਅੰਮ੍ਰਿਤਸਰ ਮਨਾਈ ਜਾਵੇ। ਸਰਕਾਰ ਨੇ ਸਲਾਬਤ ਖ਼ਾਨ ਨੂੰ ਵੈਸਾਖੀ ਦਾ ਸਮਾਗਮ ਰੋਕਣ ਦਾ ਹੁਕਮ ਕੀਤਾ। 1748 ਈ. ਵਿਚ ਸਰਦਾਰ ਜੱਸਾ ਸਿੰਘ ਨੇ ਸਲਾਬਤ ਖ਼ਾਨ ਨੂੰ ਕਤਲ ਕਰ ਕੇ ਸਾਰਾ ਜੰਗੀ ਸਾਮਾਨ ਲੁੱਟ ਲਿਆ।

1748 ਈ. ਦੀ ਵੈਸਾਖੀ ਦਾ ਇਕੱਠ ਸ੍ਰੀ ਅੰਮ੍ਰਿਤਸਰ ਵਿਖੇ ਹੋਇਆ। ਪੰਥ ਨੇ 'ਦਲ ਖਾਲਸਾ' ਦੀ ਨੀਂਹ ਰੱਖੀ। ਰਾਮਸਰ ਤੇ ਬਿਬੇਕਸਰ ਦੇ ਲਾਗੇ ਕਿਲ੍ਹਾ ਰਾਮ ਰਾਉਣੀ ਬਣਾਇਆ ਜਿਸ ਵਿਚ 500 ਘੋੜ-ਸਵਾਰ ਟਿਕ ਸਕਦੇ ਸਨ।

ਪਹਿਲਾਂ ਸਿੱਖਾਂ ਨੇ 65 ਜਥੇ ਬਣਾਏ। ਬਾਅਦ ਵਿਚ ਇਨ੍ਹਾਂ ਨੂੰ ਇਕੱਠੇ ਕਰ



SikhBookClub.Com

ਕੇ ਕੇਵਲ 12 ਹੀ ਬਣਾਏ ਗਏ। ਇਨ੍ਹਾਂ ਨੂੰ ਹੀ ਬਾਅਦ ਵਿਚ ਮਿਸਲਾਂ ਦਾ ਨਾਂ ਦਿੱਤਾ। ਇੰਨਾ ਮਿਸਲਾਂ ਦੇ ਨਾਂ ਪਿੰਡ ਜਾਂ ਆਗੂਆਂ ਦੇ ਨਾਂਵਾਂ 'ਤੇ ਰੱਖੇ ਗਏ।

1748 ਈ. ਨੂੰ ਸ੍ਰੀ ਅੰਮ੍ਰਿਤਸਰ ਵਿਖੇ 'ਸਰਬੱਤ ਖਾਲਸਾ' ਬੁਲਾਇਆ। ਨਵਾਬ ਕਪੂਰ ਸਿੰਘ ਨੇ ਪੰਥ ਦੇ ਬਾਕੀ ਜਥੇਦਾਰਾਂ ਨਾਲ ਸਲਾਹ ਕਰ ਕੇ, ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਮੁੱਖ ਜਥੇਦਾਰ ਬਣਾ ਦਿੱਤਾ ਅਤੇ 'ਦਲ ਖਾਲਸਾ' ਦੀ ਨੀਂਹ ਰੱਖੀ। ਇਹ ਇੱਕ ਮਹੱਤਵਪੂਰਨ ਕਦਮ ਸੀ। ਮੀਰ ਮੰਨੂੰ ਦਾ 1748 ਤੋਂ 1753 ਈ. ਤਕ ਪੰਜਾਬ ਵਿਚ ਰਾਜ ਰਿਹਾ। ਇਸ ਦਾ ਟਾਕਰਾ ਸਰਦਾਰ ਜੱਸਾ ਸਿੰਘ ਹੀ ਕਰ ਸਕਦਾ ਸੀ। ਭਾਵ ਬਾਕੀ ਸਭ ਜਥੇਦਾਰ ਸਰਦਾਰ ਜੱਸਾ ਸਿੰਘ ਦੀ ਸਰਦਾਰੀ ਨੂੰ ਮੰਨਦੇ ਸਨ। ਦੀਵਾਨ ਕੌੜਾ ਮੱਲ ਦੇ ਕਹਿਣ 'ਤੇ ਸਿੱਖਾਂ ਨੇ ਮੁਲਤਾਨ ਦੇ ਸੂਬੇਦਾਰ ਸ਼ਾਹ ਨਿਵਾਜ ਵਿਰੁੱਧ ਮੀਰ ਮੰਨੂੰ ਦੀ ਮਦਦ ਕੀਤੀ। ਸ਼ਾਹ ਨਿਵਾਜ ਹਾਰ ਗਿਆ। ਸਰਦਾਰ ਜੱਸਾ ਸਿੰਘ ਨੇ ਮਦਦ ਇਸ ਸ਼ਰਤ 'ਤੇ ਕਰਨ ਲਈ ਕਿਹਾ ਕਿ ਗੁਰਦੁਆਰਾ ਨਨਕਾਣਾ ਸਾਹਿਬ ਤੇ ਗੁਰਦੁਆਰਾ ਬਾਲ ਲੀਲ੍ਹਾ ਉਸਾਰਨ ਦੀ ਆਗਿਆ ਦੇਣ। ਇਹ ਕੰਮ ਦੀਵਾਨ ਕੌੜਾ ਮੱਲ ਨੇ ਆਪਣੇ ਜ਼ਿੰਮੇਂ ਲੈ ਲਿਆ।

ਨਵੰਬਰ 1760 ਈ. ਵਿਚ ਸਿੱਖ ਦੀਵਾਲੀ ਦੇ ਮੌਕੇ 'ਤੇ ਸ੍ਰੀ ਅੰਮ੍ਰਿਤਸਰ ਇਕੱਠੇ ਹੋਏ ਅਤੇ ਗੁਰਮਤਾ ਕੀਤਾ ਕਿ ਲਾਹੌਰ 'ਤੇ ਕਬਜ਼ਾ ਕੀਤਾ ਜਾਵੇ। ਦਸ ਹਜ਼ਾਰ ਸਿੱਖਾਂ ਨਾਲ ਲਾਹੌਰ 'ਤੇ ਚੜ੍ਹਾਈ ਕੀਤੀ ਤੇ ਨਾਲ ਹੀ ਇਹ ਵੀ ਹਦਾਇਤ ਦਿੱਤੀ ਗਈ ਕਿ ਕਿਸੇ ਨੂੰ ਵੀ ਨਜਾਇਜ਼ ਤੰਗ ਨਾ ਕੀਤਾ ਜਾਵੇ। ਲੋਕ ਆਪਣੇ ਘਰਾਂ ਵਿਚ ਡਰਦੇ ਵੜ ਗਏ। ਸਿੱਖਾਂ ਦੀ ਇਹ ਜਿੱਤ ਇੱਕ ਵੱਡੀ ਪ੍ਰਾਪਤੀ ਸੀ।

ਸਰਦਾਰ ਜੱਸਾ ਸਿੰਘ ਨੂੰ ਬਾਦਸ਼ਾਹ ਘੋਸ਼ਿਤ ਕੀਤਾ ਗਿਆ ਤੇ 'ਸੁਲਤਾਨ-ਉਲ-ਕੌਮ' ਦਾ ਖ਼ਿਤਾਬ ਦਿੱਤਾ। 1761 ਈ. ਦੀਵਾਲੀ ਦੇ ਮੌਕੇ 'ਤੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਲਾਹੌਰ 'ਤੇ ਮੁੜ ਹਮਲਾ ਕਰਨ ਲਈ ਅਰਦਾਸ ਕੀਤੀ। ਸੂਬੇਦਾਰ ਉਬੇਦ ਖ਼ਾਨ ਨੇ ਆਪਣੇ ਆਪ ਨੂੰ ਕਿਲ੍ਹੇ ਅੰਦਰ ਬੰਦ ਕਰ ਲਿਆ ਤੇ ਅੰਦਰ ਹੀ ਮਰ ਗਿਆ। 'ਬੋਲੇ ਸੋ ਨਿਹਾਲ' ਦੇ ਜੈਕਾਰੇ ਲੱਗ ਰਹੇ ਸਨ।

5 ਫਰਵਰੀ, 1762 ਈ. ਨੂੰ ਕੁੱਪ ਰਹੀੜੇ ਦੇ ਸਥਾਨ 'ਤੇ ਵੱਡੀ ਖ਼ੂਨੀ ਜੰਗ ਅਹਿਮਦਸ਼ਾਹ ਅਬਦਾਲੀ ਤੇ ਸਿੰਘਾਂ ਵਿਚਕਾਰ ਹੋਈ। ਬਹੁਤ ਸਾਰੇ ਸਿੱਖ ਸ਼ਹੀਦ ਹੋਏ, ਸਿੰਘਣੀਆਂ ਤੇ ਬੱਚਿਆਂ ਦਾ ਵੀ ਨੁਕਸਾਨ ਹੋਇਆ। ਸਿੱਖਾਂ ਦੇ ਹੌਸਲੇ ਬੁਲੰਦ ਸਨ। ਸਿੱਖਾਂ ਦਾ ਕਹਿਣਾ ਸੀ ਕਿ ਮੈਦਾਨ-ਏ- ਜੰਗ ਅੰਦਰ ਸ਼ਸਤਰ ਦੇ ਫੱਟ ਲੱਗਣ ਨਾਲ ਸਰੀਰ ਪਵਿੱਤਰ ਹੁੰਦਾ ਹੈ। ਖਾਲਸਾ ਜੰਗ ਦੀ ਕੁਠਾਲੀ ਵਿਚ ਕੁੰਦਨ ਬਣ ਕੇ ਨਿਕਲਦਾ ਹੈ ਤੇ ਖੋਟ ਨਿਕਲ ਜਾਂਦਾ ਹੈ। ਅਬਦਾਲੀ ਨੇ ਵਾਪਸੀ ਸਮੇਂ ਸ੍ਰੀ ਹਰਿਮੰਦਰ ਸਾਹਿਬ ਨੂੰ ਨੁਕਸਾਨ ਪਹੁੰਚਾਇਆ, ਸਰੋਵਰ ਨੂੰ ਅਪਵਿੱਤਰ ਕੀਤਾ। ਸਿੱਖਾਂ ਨੇ ਅਬਦਾਲੀ ਤੇ ਉਸ ਦੇ ਪੁੱਤਰ ਤੈਮੂਰ ਤੇ ਉਸ ਦੇ ਕਮਾਂਡਰ ਜਹਾਨ ਖ਼ਾਨ ਨੂੰ 1758 ਈ. 'ਚ ਫੌਜਾਂ ਸਮੇਤ ਵਾਪਸ ਕਾਬਲ ਜਾਣ ਲਈ ਮਜਬੂਰ



SikhBookClub.Com

ਕਰ ਦਿੱਤਾ। ਸਾਰਾ ਲੁੱਟ ਦਾ ਮਾਲ ਖੋਹ ਲਿਆ ਤੇ ਪਠਾਣਾਂ ਨੂੰ ਬੰਨ੍ਹ ਕੇ ਸ੍ਰੀ ਅੰਮ੍ਰਿਤਸਰ ਲਿਆ ਕੇ ਸਰੋਵਰ ਸਾਫ਼ ਕਰਾਇਆ।

1764 ਈ. ਸਿੱਖਾਂ ਨੇ ਜੱਸਾ ਸਿੰਘ ਦੀ ਕਮਾਂਡ ਹੇਠ ਸਰਹਿੰਦ 'ਤੇ ਹਮਲਾ ਕੀਤਾ ਤੇ ਫ਼ਤਿਹ ਕਰ ਕੇ ਦੁਸ਼ਟਾਂ ਨੂੰ ਸੋਧਿਆ। ਸਰਹਿੰਦ ਦੀ ਅਹਿਲਕਾਰੀ ਬਾਬਾ ਆਲਾ ਸਿੰਘ ਨੂੰ ਸੰਭਾਲੀ, ਫ਼ਤਿਹਗੜ੍ਹ ਸਾਹਿਬ ਦੀ ਉਸਾਰੀ ਆਪਣੀ ਦੇਖ-ਰੇਖ ਵਿਚ ਕਰਵਾਈ। 1783 ਈ. ਦੀ ਵੈਸਾਖੀ ਸਿੱਖਾਂ ਨੇ ਸ੍ਰੀ ਅੰਮ੍ਰਿਤਸਰ ਮਨਾਉਣ ਦਾ ਫੈਸਲਾ ਕੀਤਾ। ਕਸੂਰ ਤੋਂ ਇਕ ਬ੍ਰਾਹਮਣ ਫਰਿਆਦੀ ਹੋਇਆ। ਉਸ ਦੀ ਪਤਨੀ ਨੂੰ ਉਸਮਾਨ ਖ਼ਾਨ ਚੁੱਕ ਕੇ ਲੈ ਜਾਣ ਤੇ ਹਰਮ ਵਿਚ ਪਾ ਲੈਣ ਬਾਰੇ ਦੱਸਿਆ। ਸਿੱਖਾਂ ਨੇ ਕਸੂਰ 'ਤੇ ਚੜ੍ਹਾਈ ਕੀਤੀ, ਉਸਮਾਨ ਖ਼ਾਨ ਨੂੰ ਕਤਲ ਕਰ ਕੇ ਬ੍ਰਾਹਮਣੀ ਪੰਡਤ ਨੂੰ ਵਾਪਸ ਦੁਆਈ।

1764 ਈ. ਵਿਚ ਹੀ ਬੁੱਢਾ ਦਲ ਨੇ ਜਮਨਾ ਪਾਰ ਕਰ ਕੇ, ਸਹਾਰਨਪੁਰ, ਦਿਓ ਬੰਧ, ਨਜੀਬਾਬਾਦ, ਮੁਜੱਫਰਾਬਾਦ ਤੇ ਗੜ ਮੁਕਤੇਸ਼ਵਰ ਆਦਿ ਇਲਾਕਿਆਂ 'ਤੇ ਕਬਜ਼ਾ ਕਰ ਲਿਆ। ਜੱਟ ਰਾਜਾ ਜਵਾਹਰ ਸਿੰਘ ਦੀ ਨਜੀਬੁਦੌਲਾ ਵਿਰੁੱਧ ਮਦਦ ਕੀਤੀ। ਜਵਾਹਰ ਸਿੰਘ ਦੀ ਜਿੱਤ ਹੋਣ 'ਤੇ 2 ਲੱਖ ਰੁਪਏ ਖਾਲਸੇ ਨੂੰ ਦਿੱਤੇ ਅਤੇ ਵਾਪਸੀ 'ਤੇ ਸ੍ਰੀ ਅੰਮ੍ਰਿਤਸਰ ਪਹੁੰਚ ਕੇ ਕਟੜਾ ਆਹਲੂਵਾਲੀਆ ਵਸਾਇਆ। ਸਰਦਾਰ ਜੱਸਾ ਸਿੰਘ ਇਨਸਾਫ਼-ਪਸੰਦ, ਸਿੱਖ ਧਰਮ ਪ੍ਰਤੀ ਸੱਚੀ ਸ਼ਰਧਾ ਵਾਲੇ ਉਦਾਰਚਿੱਤ ਅਤੇ ਦੂਸਰਿਆਂ ਪ੍ਰਤਿ ਹਮਦਰਦੀ ਰੱਖਣ ਵਾਲੇ ਸਨ।

ਸਰਦਾਰ ਜੱਸਾ ਸਿੰਘ ਪੰਥ ਦੀ ਏਕਤਾ ਕਾਇਮ ਰੱਖਣ ਦਾ ਬਰਾਬਰ ਯਤਨ ਕਰਦਾ ਰਿਹਾ ਤੇ ਕਾਮਯਾਬ ਵੀ ਰਿਹਾ। ਉਹ ਬੜਾ ਦੂਰ-ਅੰਦੇਸ਼ ਸੀ।

ਸਰਦਾਰ ਜੱਸਾ ਸਿੰਘ ਪੰਥਕ ਏਕਤਾ ਲਈ ਵੱਡੀਆਂ ਕੁਰਬਾਨੀਆਂ ਕਰਨ ਲਈ ਤਿਆਰ ਰਹਿੰਦਾ ਸੀ। ਅਬਦਾਲੀ ਦੇ ਵੱਡੇ ਘੱਲੂਘਾਰੇ ਸਮੇਂ ਮਿਸਲਾਂ ਦੇ ਸਰਦਾਰਾਂ ਨੇ ਆਪੋ-ਆਪਣੀਆਂ ਮਿਸਲਾਂ ਦੇ ਵੱਖੋ-ਵੱਖਰੇ ਝੰਡੇ ਲਾਉਣ ਦੀ ਤਜਵੀਜ਼ ਪੇਸ਼ ਕੀਤੀ। ਸਰਦਾਰ ਜੱਸਾ ਸਿੰਘ ਨੇ ਕਿਹਾ ਕਿ, ਪੰਥ ਦਾ ਇੱਕੋ ਹੀ ਝੰਡਾ ਹੋਵੇਗਾ।

ਸਰਦਾਰ ਜੱਸਾ ਸਿੰਘ ਕਿਸੇ ਪ੍ਰਕਾਰ ਦਾ ਜਾਤ-ਪਾਤ, ਧਰਮ ਦਾ ਵਿਤਕਰਾ ਨਹੀਂ ਕਰਦਾ ਸੀ ਉਹ ਮਜਲੂਮਾਂ ਦੀ ਰੱਖਿਆ ਕਰਨ ਵਾਲਾ ਸੀ। ਰਾਜਾ ਜਵਾਹਰ ਸਿੰਘ ਭਰਤਗੜੀਆ ਨੇ ਪ੍ਰਣ ਕੀਤਾ ਸੀ ਕਿ ਆਪਣੇ ਪਿਤਾ ਸੂਰਜ ਮੱਲ ਦੇ ਕਾਤਲ ਸ਼ੇਰਖਾਨ ਨੂੰ ਜਦੋਂ ਤਕ ਮਾਰ ਨਹੀਂ ਲੈਂਦਾ ਤਦ ਤਕ ਪਗੜੀ ਨਹੀਂ ਬੰਨਾਗਾ, ਸਰਦਾਰ ਜੱਸਾ ਸਿੰਘ ਨੇ ਆਪਣੇ ਹੱਥੀਂ ਪਗੜੀ ਬੰਨੀ ਤੇ ਸ਼ੇਰ ਖਾਂ ਨੂੰ ਹਵਾਲੇ ਕਰਨ ਲਈ ਕਿਹਾ।

ਸਰਦਾਰ ਜੱਸਾ ਸਿੰਘ ਜੀ ਦਾ ਅੰਤਿਮ ਸਮਾਂ ਵੀ ਬੜਾ ਹੀ ਸ਼ਰਧਾ ਭਰਪੂਰ ਤੇ ਪ੍ਰੇਰਨਾ-ਸਰੋਤ ਸੀ, ਉਨ੍ਹਾਂ ਦੁਨਿਆਵੀ ਵਿਚਾਰਾਂ ਵੱਲੋਂ ਧਿਆਨ ਹਟਾ ਕੇ ਗੁਰਬਾਣੀ ਸੁਣਨ, ਪੜ੍ਹਨ ਵਿਚ ਲਗਾਇਆ।

ਸਰਦਾਰ ਜੱਸਾ ਸਿੰਘ 20 ਅਕਤੂਬਰ, 1783 ਈ. ਨੂੰ ਅਕਾਲ ਚਲਾਣਾ ਕਰ ਗਏ।



SikhBookClub.Com

# ਧਰਮੀ ਮਾਂ ਦੇ ਸੰਸਕਾਰਾਂ ਦਾ ਪ੍ਰਗਟ ਰੂਪ— ਇੱਕ ਜਰਨੈਲ

*—ਡਾ. ਇੰਦਰਜੀਤ ਸਿੰਘ ਗੋਗੋਆਣੀ*

ਧਰਤੀ- ਵੱਡੀ ਮਾਂ ਹੈ ਅਤੇ ਮਾਂ- ਇੱਕ ਛੋਟੀ ਧਰਤੀ। ਦੋਹਾਂ ਨੂੰ ਕਾਦਰ ਨੇ ਪੈਦਾਇਸ਼ੀ ਵਰ ਦਿੱਤਾ ਹੈ। ਇਸ ਦ੍ਰਿਸ਼ਟਮਾਨ ਸੰਸਾਰ ਅੰਦਰ ਹਰੇਕ ਧਰਤੀ 'ਚ ਇਕਸਾਰਤਾ ਵੀ ਨਹੀਂ ਹੈ। ਕੱਲਰੀ ਤੇ ਪਥਰੀਲੀ ਧਰਤੀ ਉੱਪਰ ਕਦੀ ਬਹਾਰਾਂ ਨਹੀਂ ਆਉਂਦੀਆਂ। ਕਰਮਾਂ ਵਾਲੀ ਉਪਜਾਊ ਧਰਤੀ ਉੱਪਰ ਬਨਸਪਤੀ ਮੌਲਦੀ ਹੈ। ਇਹ ਭਿੰਨਤਾ ਤੇ ਵਿਲੱਖਣਤਾ ਹੀ ਧਰਤੀ ਨੂੰ ਮਾਣ ਦਿਵਾਉਂਦੀ ਹੈ। ਧਰਤੀਆਂ ਮੁੱਲਵਾਨ ਵੀ ਹਨ, ਅਮੁੱਲ ਵੀ ਤੇ ਬੇਮੁੱਲੀਆਂ ਵੀ। ਆਪਣੀ ਕੁੱਖ 'ਚੋਂ ਉਗਮੇ ਫੁੱਲ, ਬੂਟੇ, ਬਾਗ਼ਾਂ ਨੂੰ ਦੇਖ ਕੇ ਧਰਤੀ ਵਿਗਸਦੀ ਵੀ ਹੈ। ਇਸ ਦਾ ਨਾਉਂ ਅਨੰਦ, ਖੇੜਾ ਤੇ ਵਿਗਾਸ ਹੈ।

'ਮਾਂ'- ਛੋਟੀ ਧਰਤੀ ਦੇ ਰੂਪ ਵਿਚ ਕੁੱਖ ਰੂਪੀ ਜ਼ਮੀਨ ਤਿਆਰ ਕਰਦੀ ਹੈ। ਵੱਡੀ ਧਰਤੀ ਉੱਪਰ ਛੋਟੀ ਧਰਤੀ, ਜਿਸ ਦੀਆਂ ਸੀਮਾਵਾਂ ਕਾਲ ਦੇ ਅਧੀਨ ਹਨ। ਇਸੇ ਲਈ ਮਾਂਵਾਂ ਦਾ ਵਿਛੋੜਾ ਵੀ ਅਸਹਿ ਤੇ ਅਕਹਿ ਹੁੰਦਾ ਹੈ। ਸੰਸਾਰ ਦੀ ਕੁੱਲ ਸੁੰਦਰਤਾ, ਖੋਜ, ਗਿਆਨ-ਵਿਗਿਆਨ, ਵਿਦਵਤਾ, ਸਾਧੂ, ਸੰਤ, ਸੂਰਬੀਰ, ਦਾਨੀ, ਦਾਤੇ, ਕਿਰਤੀ, ਸਮੂਹ ਕਲਾਵਾਂ, ਸੋਹਜ ਕਲਾ, ਚੱਜ-ਅਚਾਰ, ਧਰਮ-ਕਰਮ ਆਦਿ ਸਭ ਭਲੀਆਂ ਮਾਂਵਾਂ ਦੀ ਬਰਕਤ ਹੈ।

ਅਜਿਹੀ ਹੀ ਇੱਕ ਧਰਮੀ ਮਾਂ ਸੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ, ਜਿਸ ਦੀ ਜੀਵਨ-ਜਾਚ ਬਾਰੇ ਸ. ਰਤਨ ਸਿੰਘ (ਭੰਗੂ) ਨੇ 'ਸ੍ਰੀ ਗੁਰ ਪੰਥ ਪ੍ਰਕਾਸ਼' ਵਿਚ ਲਿਖਿਆ ਹੈ ਕਿ ਉਸ ਦੀ ਸ਼ਖ਼ਸੀਅਤ ਕਿਹੋ ਜਿਹੀ ਸੀ?

ਉਹ ਸਿੱਖ ਪਰਵਾਰ ਦੀ ਬੇਟੀ ਸੀ ਅਤੇ ਗੁਰਮੁਖ ਪਿਤਾ ਨੇ ਸ਼ਰਧਾ ਭਾਵਨਾ ਨਾਲ ਗੁਰਮੁਖੀ ਵਿੱਦਿਆ ਪੜ੍ਹਾਈ। ਉਸ ਨੂੰ ਘਣੇਰੀ ਬਾਣੀ ਕੰਠ ਸੀ ਅਤੇ ਗੁਰਬਾਣੀ ਦੀ ਪੋਥੀ ਉਹ ਆਪਣੇ ਪਾਸ ਰੱਖਦੀ ਸੀ। ਸਤਿ-ਸੰਗਤਿ ਉਸ ਦੇ ਸੰਸਕਾਰਾਂ ਦਾ ਹਿੱਸਾ ਸੀ। ਅੰਮ੍ਰਿਤ ਵੇਲੇ ਜਾਗਣਾ, ਸਿਮਰਨ, ਕੀਰਤਨ ਕਰਨਾ ਅਤੇ ਸ਼ਾਮ ਵੇਲੇ ਸੋਦਰ ਦਾ ਜਾਪ ਉਸ ਦਾ ਨੇਮ ਸੀ। ਗੁਰਬਾਣੀ ਉਪਰ ਅਟੁੱਟ ਭਰੋਸਾ ਅਤੇ ਉਹ ਗੁਰੂ ਬਖ਼ਸ਼ਿਸ਼ ਦੀ ਪਾਤਰ ਸੀ:



SikhBookClub.Com

**ਹੁਤੀ ਸਿੰਘਨ ਕੀ ਬੇਟੀ ਸੋਇ, ਪਿਤਾ ਪੜ੍ਹਾਈ ਅੱਛਰ ਤੋਇ।**
**ਗੁਰਬਾਣੀ ਤਿਸ ਕੰਠ ਘਨੇਰੀ, ਹੁਤੀ ਸਿੱਖਣੀ ਦੁਇ ਪਖ ਕੇਰੀ॥੪॥**
**ਪੋਥੀ ਰਾਖਤ ਗਾੜ੍ਹੇ ਪਾਇ, ਸਿਖ ਸੰਗਤ ਮੈਂ ਪਹੁੰਚੈ ਜਾਇ।**
**ਬਡੀ ਪ੍ਰਾਤ ਉਠ ਚੌਂਕੀ ਕਰੈ, ਸਮੈਂ ਸੰਝੈ ਭੀ ਸੋਦਰ ਪੜ੍ਹੈ॥੫॥**

ਉਹ ਆਪ ਦੁਤਾਰਾ ਲੈ ਕੇ ਪ੍ਰੇਮ ਨਾਲ ਦੋਨੋਂ ਵਕਤ ਕੀਰਤਨ ਕਰਦੀ ਸੀ। ਜਿੱਥੇ ਵੀ ਸਿੱਖ ਸੰਗਤ ਦਾ ਜੋੜ ਹੁੰਦਾ ਉਹ ਸੱਦਾ ਪ੍ਰਵਾਨ ਕਰ ਕੇ ਪਹੁੰਚਦੀ। ਜੋੜ-ਮੇਲਿਆਂ 'ਤੇ ਗੁਰੂ-ਘਰ ਜਾ ਕੇ ਗੁਰ-ਸੇਵਾ ਜਾਣ ਕੇ ਗੁਰ ਜੱਸ ਕਰਦੀ।

ਪਿਛੋਕੜ ਵਿਚ ਜਾਈਏ ਤਾਂ ਸਰਦਾਰ ਬਦਰ ਸਿੰਘ ਦੇ ਘਰ ਕਈ ਸਾਲਾਂ ਤਕ ਸੰਤਾਨ ਨਹੀਂ ਸੀ ਹੋਈ। ਧਰਮੀ ਮਾਤਾ-ਪਿਤਾ ਨੇ ਸ੍ਰੀ ਅਨੰਦਪੁਰ ਸਾਹਿਬ ਜਾ ਕੇ ਅਰਦਾਸ ਕੀਤੀ ਅਤੇ ਕਈ ਸਾਲਾਂ ਦੀ ਭਜਨ ਬੰਦਗੀ ਤੋਂ ਉਪਰੰਤ ਮਈ 1718 ਈ. ਵਿਚ ਸਰਦਾਰ ਜੱਸਾ ਸਿੰਘ ਦਾ ਜਨਮ, ਪਿੰਡ ਆਹਲੂ, ਜ਼ਿਲ੍ਹਾ ਲਾਹੌਰ ਵਿਖੇ ਹੋਇਆ। ਇਨ੍ਹਾਂ ਦੇ ਪਿਤਾ ਸ. ਬਦਰ ਸਿੰਘ ਜਦ ਅਕਾਲ ਚਲਾਣਾ ਕਰ ਗਏ ਤਾਂ (ਬਾਲ) ਜੱਸਾ ਸਿੰਘ ਸਿਰਫ ਚਾਰ ਕੁ ਸਾਲ ਦਾ ਸੀ। ਧਰਮੀ ਮਾਤਾ ਦੀ ਭਾਵਨਾ ਸੀ ਕਿ ਕਿਤੇ ਕਲਗੀਧਰ ਪਾਤਸ਼ਾਹ ਦਾ ਦਰਬਾਰ ਸਜਿਆ ਹੁੰਦਾ ਤਾਂ ਮੈਂ ਸ਼ੁਕਰਾਨਾ ਕਰਨ ਜਾਂਦੀ। ਸਮਾਂ ਅੱਗੇ ਲੰਘ ਚੁੱਕਾ ਸੀ। ਦੇਖਦਿਆਂ-ਦੇਖਦਿਆਂ ਬਹੁਤ ਕੁਝ ਵਾਪਰ ਗਿਆ ਤੇ ਕਈ ਖਾਹਿਸ਼ਾਂ ਇਤਿਹਾਸ ਦਾ ਹਿੱਸਾ ਬਣ ਕੇ ਰਹਿ ਗਈਆਂ ਸਨ।

ਸਰਦਾਰ ਜੱਸਾ ਸਿੰਘ ਜੀ ਦੀ ਮਾਤਾ ਗੁਰੂ-ਘਰ ਦੇ ਸਨੇਹ ਤੇ ਭਾਵਨਾ ਸਦਕਾ ਬਾਲ ਪੁੱਤਰ ਨੂੰ ਨਾਲ ਲੈ ਕੇ ਦਿੱਲੀ ਜਾ ਪਹੁੰਚੀ, ਜਿੱਥੇ ਕਲਗੀਧਰ ਪਾਤਸ਼ਾਹ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਦਾ ਬਸੇਰਾ ਸੀ। ਬਾਲ ਪੁੱਤਰ ਵੱਲ ਇਸ਼ਾਰਾ ਕਰਦਿਆਂ ਮਾਂ ਬੋਲੀ ਕਿ ਇਸ ਬਾਲ ਲਈ ਅਸੀਂ ਸ੍ਰੀ ਅਨੰਦਪੁਰ ਸਾਹਿਬ ਜਾ ਕੇ ਅਰਦਾਸ ਕੀਤੀ ਸੀ ਤੇ ਗੁਰੂ-ਘਰ ਦੀ ਬਖ਼ਸ਼ਿਸ਼ ਸਦਕਾ ਇਸ ਪੁੱਤਰ ਦੀ ਦਾਤ ਪ੍ਰਾਪਤ ਹੋਈ। ਮਾਤਾ ਸੁੰਦਰੀ ਜੀ ਨੇ ਇਸ ਬੱਚੇ ਨੂੰ ਪਿਆਰ ਨਾਲ ਚੁੰਮਿਆ ਤੇ ਉਸ ਨੂੰ ਆਪਣੇ ਸਾਹਿਬਜ਼ਾਦਿਆਂ ਵਰਗਾ ਮੋਹ ਜਾਗ ਪਿਆ। ਬਾਲ ਜੱਸਾ ਸਿੰਘ ਨੇ ਵੀ ਐਸਾ ਮੋਹ ਪਾਇਆ ਕਿ ਫਿਰ ਇਨ੍ਹਾਂ ਦਾ ਬਚਪਨ ਮਾਤਾ ਸੁੰਦਰੀ ਜੀ ਪਾਸ ਹੀ ਦਿੱਲੀ ਵਿਖੇ ਬੀਤਿਆ।

ਇੱਥੇ ਸੰਗਤ ਦਾ ਪ੍ਰਤਾਪ ਹੈ। ਪਹਿਲਾਂ ਧਰਮੀ ਮਾਂ ਜਨਨੀ ਦੀ ਅਸੀਸ ਤੇ ਗੁਰਮੁਖੀ ਜੀਵਨ ਦੀਆਂ ਰਹਿਮਤਾਂ ਮਿਲੀਆਂ ਸਨ ਅਤੇ ਦੂਜਾ ਮਾਤਾ ਸੁੰਦਰੀ ਜੀ ਦਾ ਗੁਰੂ ਭਗਤੀ ਦਾ ਸਨੇਹ। ਇਹ ਜੀਵਨ ਘਾੜਤ ਦੀ ਟਕਸਾਲ ਸੀ। ਅੰਮ੍ਰਿਤ ਵੇਲੇ ਅੰਮ੍ਰਿਤਮਈ ਬਾਣੀਆਂ ਦਾ ਜਾਪ, ਗੁਰੂ-ਭਾਵਨਾ ਵਾਲੀਆਂ ਸੰਗਤਾਂ ਦਾ ਸਿਮਰਨ ਤੇ ਬੰਦਗੀ। ਅਜਿਹਾ ਅੰਮ੍ਰਿਤਮਈ ਵਾਤਾਵਰਨ ਬਲਵਾਨ ਸ਼ਖ਼ਸੀਅਤਾਂ ਦੀ ਸਿਰਜਣਾ ਕਰਦਾ ਹੈ। ਜਿੱਥੇ ਬਾਬਾਣੀਆਂ ਕਾਹਾਣੀਆਂ ਦਾ ਚਿੰਤਨ ਹੋਵੇ, ਨਿਰਮਲ ਪੰਥ ਦੇ ਸ੍ਵੈਮਾਣ ਦੀਆਂ ਗੱਲਾਂ ਹੋਣ, ਉੱਥੇ ਚੜ੍ਹਦੀ ਕਲਾ ਦਾ ਬੋਲ-ਬਾਲਾ



SikhBookClub.Com

ਹੋਣਾ ਸਹਿਜ ਸੁਭਾਅ ਪ੍ਰਕਿਰਿਆ ਹੈ। ਇੱਥੇ ਸਰਦਾਰ ਜੱਸਾ ਸਿੰਘ ਜੀ ਦੀ ਮਨੋ-ਅਵਸਥਾ ਸੀ ਸ੍ਰੀ ਗੁਰੂ ਗ੍ਰੰਥ ਤੇ ਪੰਥ ਦੀ ਚੜ੍ਹਦੀ ਕਲਾ ਤੇ ਜੁਗੋ ਜੁੱਗ ਅਟੱਲਤਾ ਲਈ ਤਨੋਂ-ਮਨੋਂ-ਧਨੋਂ ਕੁਰਬਾਨੀ। ਇੱਥੇ ਕਲਗੀਧਰ ਪਾਤਸ਼ਾਹ ਜੀ ਦੇ ਇਲਾਹੀ ਬੋਲ ਸੁਭ ਕਰਮਨ ਤੇ ਕਬਹੂੰ ਨ ਟਰੋਂ ਨਿੱਤ ਅਰਦਾਸ ਦਾ ਹਿੱਸਾ ਸੀ ਅਤੇ ਨਿਸਚੈ ਕਰ ਅਪਨੀ ਜੀਤ ਕਰੋਂ ਸੱਚਾ ਪ੍ਰਣ ਸੀ। ਇਨ੍ਹਾਂ ਨਿਸਚਾਧਾਰੀਆਂ ਰੂਹਾਂ ਪਾਸ ਅਗੰਮੀ ਪੂੰਜੀ ਸੀ, ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ॥ ਸਦਾ ਅੰਗ ਸੰਗੇ ਅਭੰਗੰ ਬਿਭੂਤੇ॥ ਅਜਿਹੀ ਟਕਸਾਲੀ ਘਾੜਤ ਦਾ ਪ੍ਰਗਟ ਰੂਪ ਸਰਦਾਰ ਜੱਸਾ ਸਿੰਘ ਜੀ ਦਾ ਜੀਵਨ ਇਤਿਹਾਸ ਹੈ।

ਫਿਰ ਇਕ ਦਿਨ ਮਾਤਾ ਸੁੰਦਰੀ ਜੀ ਤੋਂ ਵਿਦਾਈ ਦਾ ਸਮਾਂ ਆਇਆ। ਦਿੱਲੀ ਤੋਂ ਵਿਦਾ ਕਰਦਿਆਂ ਮਾਤਾ ਸੁੰਦਰੀ ਜੀ ਨੇ ਜੱਸਾ ਸਿੰਘ ਨੂੰ ਇੱਕ ਢਾਲ, ਕਿਰਪਾਨ, ਕਮਾਨ, ਤੀਰਾਂ ਦਾ ਭੱਥਾ, ਇਕ ਗੁਰਜ ਤੇ ਸੁਨਹਿਰੀ ਪੁਸ਼ਾਕ ਦਿੱਤੀ। ਦਿੱਲੀ ਤੋਂ ਵਾਪਸ ਪੰਜਾਬ ਆਉਣ 'ਤੇ ਜੱਸਾ ਸਿੰਘ ਨੂੰ ਨਵਾਬ ਕਪੂਰ ਸਿੰਘ ਦੀ ਸੰਗਤ ਹਾਸਲ ਹੋਈ।

ਕੌਮੀ ਜਜ਼ਬੇ ਨਾਲ ਲਬਰੇਜ਼ ਨਵਾਬ ਕਪੂਰ ਸਿੰਘ ਜੀ ਵਰਗੀ ਉੱਚ ਦੁਮਾਲੜੀ ਸ਼ਖ਼ਸੀਅਤ ਦੀ ਰਹਿਨੁਮਾਈ ਸਰਦਾਰ ਜੱਸਾ ਸਿੰਘ ਲਈ ਸੋਨੇ 'ਤੇ ਸੁਹਾਗਾ ਸੀ। ਨਵਾਬ ਜੀ ਨੇ ਆਪ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋ ਕੇ ਜੱਸਾ ਸਿੰਘ ਨੂੰ ਅੰਮ੍ਰਿਤ-ਪਾਨ ਕਰਵਾਇਆ। ਸਿੱਖ ਪਰੰਪਰਾਵਾਂ ਦੀ ਪਹਿਰੇਦਾਰੀ ਕਰਦਿਆਂ, ਅੰਮ੍ਰਿਤ ਦੀ ਮਰਯਾਦਾ ਪੰਜ ਬਾਣੀਆਂ ਦਾ ਜਾਪ ਕਰਦਿਆਂ ਪੰਜ ਪਿਆਰਿਆਂ ਨੇ ਨਿਭਾਈ। ਨਵਾਬ ਕਪੂਰ ਸਿੰਘ ਜੀ ਦਾ ਜੀਵਨ ਇਤਿਹਾਸ ਪੜ੍ਹੋ-ਉਨ੍ਹਾਂ ਦਾ ਜੀਵਨ ਬਾਣੀ-ਬਾਣੇ ਦਾ ਜਲੌ ਤੇ ਪ੍ਰਤਾਪ ਸੀ। ਅਜਿਹੀ ਕਰਮ-ਭੂਮੀ ਵਿੱਚੋਂ ਨੇਮੀ ਜੀਵਨ ਜੁਗਤ ਵਾਲਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸਿੱਖ ਇਤਿਹਾਸ ਦਾ ਗੌਰਵਮਈ ਜਰਨੈਲ ਬਣਿਆ।

ਸਰਦਾਰ ਜੱਸਾ ਸਿੰਘ ਨੇ ਕਦੀ ਭੰਡਾਰੀ ਦੀ ਪਦਵੀ ਪਾਈ, ਕਦੇ ਘੱਲੂਘਾਰਿਆਂ ਵਿਚ ਸੂਰਮਗਤੀ ਦੇ ਜੌਹਰ ਵਿਖਾਏ, ਕਦੀ ਉਹ ਮਿਸਲਾਂ ਦਾ ਸਰਦਾਰ, ਕਦੀ ਤਖਤ ਦਾ ਬਾਦਸ਼ਾਹ, ਕਦੀ ਉਸ ਨੇ ਸਰਹਿੰਦ'ਤੇ ਕਬਜ਼ਾ ਕਰ ਕੇ ਗੁਰਦੁਆਰਾ ਫਤਿਹਗੜ੍ਹ ਸਾਹਿਬ ਦਾ ਨਿਰਮਾਣ ਕਰਵਾਇਆ। ਉਹ ਇਕ ਅਜਿਹਾ ਗੁਰਸਿੱਖ ਯੋਧਾ ਸੀ ਜਿਸ ਨੂੰ ਕੌਮ ਨੇ ਅਤਿ ਮਾਣ ਨਾਲ 'ਸੁਲਤਾਨ-ਉਲ-ਕੌਮ' ਦੇ ਰੁਤਬੇ ਦਾ ਸਤਿਕਾਰ ਦਿੱਤਾ। ਉਹ ਕਲਗੀਧਰ ਪਾਤਸ਼ਾਹ ਦੀ ਬਖ਼ਸ਼ਿਸ਼ ਦੇ ਪਾਤਰ ਖਾਲਸੇ ਦੇ ਸਿੰਘਊਪੁਣੇ ਤੋਂ ਸਦਕੇ ਇਕ ਧਰਮੀ ਮਾਂ ਦਾ ਸ਼ੇਰ ਪੁੱਤਰ ਸੀ ਜੋ ਹਰ ਮੈਦਾਨ ਫ਼ਤਿਹ ਪਾਉਂਦਾ ਬਾਦਸ਼ਾਹੀਅਤ ਰੂਪ 'ਚ ਜੀਵਿਆ। 'ਚਾਣਕੀਯ ਨੀਤੀ' ਵਿਚ ਇੱਕ ਸਲੋਕ ਆਉਂਦਾ ਹੈ:

*ਸਿੰਘਨ ਕੇ ਸੁਤ ਏਕ ਹੈਂ, ਸੁਖ ਸੋਵਤ ਹੈ ਨੀਠ।*
*ਗਧਹੀ ਕੇ ਸੁਤ ਬਹੁਤ ਹੈਂ, ਭਾਰ ਉਠਾਵਤ ਪੀਠ।*



SikhBookClub.Com

ਭਾਵ ਸ਼ੇਰਨੀ (ਸਿੰਘਨ) ਦਾ ਇਕ ਪੁੱਤਰ ਹੈ ਜੋ ਜੰਗਲ ਦਾ ਬਾਦਸ਼ਾਹ ਹੈ ਤੇ ਉਹ ਮਾਣ ਨਾਲ ਸੁੱਖ ਦੀ ਨੀਂਦ ਸੌਂਦੀ ਹੈ। ਦੂਜੇ ਪਾਸੇ ਗਧੀ ਦੇ ਪੁੱਤਰ ਤਾਂ ਅਨੇਕ ਹਨ ਪਰ ਸਾਰੇ ਭਾਰ ਢੋਂਦੇ ਤੇ ਗ਼ੁਲਾਮੀ ਕਰਦੇ ਹਨ, ਪਰ ਬਾਦਸ਼ਾਹ ਕੋਈ ਵੀ ਨਹੀਂ ਹੁੰਦਾ। ਸਰਦਾਰ ਜੱਸਾ ਸਿੰਘ ਦੇ ਸਿੰਘਊਪੁਣੇ ਦਾ ਪ੍ਰਤਾਪ ਹਰ ਪਾਸੇ ਫੈਲਿਆ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਜੀਵਨ-ਇਤਿਹਾਸ ਕੌਮੀ ਵਾਰਸਾਂ ਲਈ ਸਦੀਵ-ਕਾਲ ਪ੍ਰੇਰਨਾ ਦਾ ਸੋਮਾ ਹੈ। ਉਨ੍ਹਾਂ ਦੀਆਂ ਪ੍ਰਾਪਤੀਆਂ ਦਾ ਆਧਾਰ ਗੁਰੂ ਭਰੋਸਾ, ਬਾਣੀ-ਬਾਣੇ ਦਾ ਪਿਆਰ ਤੇ ਵਿਸ਼ੇਸ਼ ਕਰ ਕੇ ਗੁਰੂ-ਗ੍ਰੰਥ ਤੇ ਪੰਥ ਨੂੰ ਸਮਰਪਿਤ ਧਰਮੀ ਮਾਂ ਦੀ ਬੰਦਗੀ ਤੇ ਉਚ ਸੰਸਕਾਰ ਸਨ। ਅਜਿਹੇ ਜਰਨੈਲ ਜਥੇਬੰਦਕ ਕੌਮਾਂ ਦੇ ਥੰਮ੍ਹ ਹੁੰਦੇ ਨੇ ਤੇ ਐਸੇ ਬਹਾਦਰਾਂ ਦਾ ਗੌਰਵਮਈ ਇਤਿਹਾਸ ਸਾਡੀ ਅਮੀਰ ਵਿਰਾਸਤ ਹੈ। ਇਨ੍ਹਾਂ ਦੀਆਂ ਜਨਨੀਆਂ ਪੂਜਨੀਕ ਧਰਮੀ ਮਾਵਾਂ ਨੂੰ ਸਦ-ਨਮਸਕਾਰ ਹੈ।



SikhBookClub.Com

# ਸੁਲਤਾਨ-ਉਲ-ਕੌਮ ਨੂੰ ਯਾਦ ਕਰਦਿਆਂ

*—ਡਾ. ਪਰਮਵੀਰ ਸਿੰਘ*

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ 'ਸੁਲਤਾਨ-ਉਲ-ਕੌਮ' ਵਜੋਂ ਸਿੱਖਾਂ ਵਿਚ ਆਪਣੀ ਵਿਲੱਖਣ ਪਛਾਣ ਕਾਇਮ ਕੀਤੀ ਹੈ। ਲੰਮੇ ਖ਼ੂਨੀ ਸੰਘਰਸ਼ ਵਿੱਚੋਂ ਲੰਘ ਕੇ ਇਸ ਨੇ ਇਹ ਪਦਵੀ ਗ੍ਰਹਿਣ ਕੀਤੀ ਹੈ। ਹਰ ਬਿਖੜੇ ਪੈਂਡੇ ਸਮੇਂ ਅੱਗੇ ਹੋ ਕੇ ਕੌਮ ਦੀ ਅਗਵਾਈ ਕਰਨਾ ਅਤੇ ਪੂਰਨ ਦੂਰ-ਦ੍ਰਿਸ਼ਟੀ ਨਾਲ ਗੁਰਮਤਿ ਸਿਧਾਂਤਾਂ ਦੀ ਪਾਲਣਾ ਕਰਦੇ ਹੋਏ ਦੁਸ਼ਮਣਾਂ ਨਾਲ ਲੋਹਾ ਲੈਣਾ ਇਸ ਦੀ ਸ਼ਖ਼ਸੀਅਤ ਦਾ ਵਿਸ਼ੇਸ਼ ਗੁਣ ਸੀ। ਭਾਵੇਂ ਕਿ ਸਿੱਖਾਂ ਦੀਆਂ ਬਾਰਾਂ ਮਿਸਲਾਂ[1] ਵਿੱਚੋਂ ਇਹ ਆਹਲੂਵਾਲੀਆ[2] ਮਿਸਲ ਦਾ ਮੁਖੀ ਸੀ, ਪਰ ਸਮੂਹ ਸਿੱਖ ਸਰਦਾਰ ਇਸ ਦਾ ਸਤਿਕਾਰ ਕਰਦੇ ਸਨ।

ਸਰਦਾਰ ਜੱਸਾ ਸਿੰਘ ਦਾ ਜਨਮ ਅਜਿਹੇ ਪਰਵਾਰ ਵਿਚ ਹੋਇਆ ਜਿਹੜਾ ਗੁਰੂ-ਘਰ ਪ੍ਰਤੀ ਅਥਾਹ ਸ਼ਰਧਾ ਰੱਖਦਾ ਸੀ। ਉਸ ਦਾ ਦਾਦਾ ਦੇਵਾ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿਚ ਰਹਿ ਕੇ ਉਨ੍ਹਾਂ ਦੀ ਸੇਵਾ ਕਰਦਾ ਰਿਹਾ। ਉਸ ਦੇ ਤਿੰਨ ਪੁੱਤਰ ਸਨ—ਗੁਰਬਖ਼ਸ਼ ਸਿੰਘ, ਸਦਰ ਸਿੰਘ ਅਤੇ ਬਦਰ ਸਿੰਘ। ਬਦਰ ਸਿੰਘ ਦੇ ਘਰ ਕੋਈ ਸੰਤਾਨ ਨਹੀਂ ਸੀ। ਸੰਤਾਨ ਦੀ ਪ੍ਰਾਪਤੀ ਵਾਸਤੇ ਇਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅੱਗੇ ਬੇਨਤੀ ਕੀਤੀ। ਗੁਰੂ ਜੀ ਨੇ ਅਸੀਸ ਦਿੰਦੇ ਹੋਏ ਕਿਹਾ, "ਵਾਹਿਗੁਰੂ ਅਕਾਲ ਪੁਰਖ ਦੀ ਅਰਾਧਨਾ ਕਰੋ, ਸਾਧ ਸੰਗਤ ਦੀ ਸੇਵਾ ਕਰੋ, ਗੁਰੂ ਨਾਨਕ ਦਾ ਧਿਆਨ ਧਰੋ, ਗੁਰੂ ਅੰਗ ਸੰਗ ਹੈ, ਤੁਹਾਡਾ ਪੁੱਤਰ ਗੁਰੂ ਕਾ ਲਾਲ ਹੋਵੇਗਾ।"[3]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾ ਜਾਣ ਤੋਂ ਬਾਅਦ ਸਿੱਖੀ ਸਿਦਕ ਵਿਚ ਪੂਰੇ ਭਾਈ ਬਦਰ ਸਿੰਘ ਦੇ ਘਰ ਇਕ ਪੁੱਤਰ ਨੇ ਜਨਮ ਲਿਆ। ਬੱਚੇ ਦਾ ਨਾਂ ਜੱਸਾ ਸਿੰਘ ਰੱਖਿਆ ਗਿਆ, ਇਹ ਘਟਨਾ 1718 ਈ. ਦੀ ਹੈ। ਪਿਤਾ ਦਾ ਪਿਆਰ ਬੱਚੇ ਨੂੰ ਬਹੁਤੀ ਦੇਰ ਨਸੀਬ ਨਹੀਂ ਹੋਇਆ ਅਤੇ ਚਾਰ ਸਾਲ ਬਾਅਦ ਉਹ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ। ਜਦੋ ਜੱਸਾ ਸਿੰਘ ਪੰਜ ਸਾਲ ਦਾ ਹੋਇਆ ਤਾਂ ਉਸ ਦੀ ਮਾਤਾ ਉਸ ਨੂੰ ਲੈ ਕੇ ਮਾਤਾ ਸੁੰਦਰੀ ਜੀ ਕੋਲ ਦਿੱਲੀ ਆ ਗਈ।

ਸਰਦਾਰ ਜੱਸਾ ਸਿੰਘ ਦਾ ਮੁੱਢਲਾ ਸਮਾਂ ਮਾਤਾ ਸੁੰਦਰੀ ਜੀ ਕੋਲ ਬੀਤਿਆ।



SikhBookClub.Com

ਮਾਤਾ ਜੀ ਨੇ ਇਸ ਦਾ ਪੁੱਤਰਾਂ ਵਾਂਗ ਪਾਲਣ-ਪੋਸ਼ਣ ਕੀਤਾ ਅਤੇ ਇਸ ਦੇ ਮਨ ਵਿਚ ਗੁਰਮਤਿ ਦੇ ਉਨ੍ਹਾਂ ਸਾਰੇ ਗੁਣਾਂ ਦਾ ਸੰਚਾਰ ਕੀਤਾ ਜਿਹੜੇ ਜੀਵਨ ਭਰ ਕੌਮ ਦੀ ਭਲਾਈ ਅਤੇ ਚੜ੍ਹਦੀ ਕਲਾ ਲਈ ਇਸ ਨੂੰ ਪ੍ਰੇਰਿਤ ਕਰਦੇ ਰਹੇ। ਜੱਸਾ ਸਿੰਘ ਦਾ ਜਨਮ ਲਾਹੌਰ ਦੇ ਨੇੜੇ ਦੇ ਇਕ ਪਿੰਡ 'ਆਹਲੂ' ਵਿਖੇ ਹੋਇਆ ਸੀ। ਏਸੇ ਕਰਕੇ ਇਸ ਪਿੰਡ ਦੇ ਨਾਂ ਤੋਂ ਹੀ ਇਕ ਮਿਸਲ ਬਣੀ ਜਿਸ ਦਾ ਇਹ ਮੁਖੀ ਬਣਿਆ ਅਤੇ ਇੱਥੋਂ ਹੀ ਇਸ ਦਾ ਨਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਪ੍ਰਸਿੱਧ ਹੋਇਆ। ਸਰਦਾਰ ਜੱਸਾ ਸਿੰਘ ਦੀ ਮਾਤਾ ਗੁਰੂ-ਘਰ ਦੀ ਸ਼ਰਧਾਲੂ ਸੀ ਅਤੇ ਹਮੇਸ਼ਾ ਗੁਰਬਾਣੀ ਨਾਲ ਜੁੜੇ ਰਹਿਣਾ ਵਧੇਰੇ ਪਸੰਦ ਕਰਦੀ ਸੀ। ਇਸ ਨੂੰ ਬਹੁਤ ਸਾਰੀ ਬਾਣੀ ਕੰਠ ਸੀ ਅਤੇ ਇਸ ਦੇ ਇਸ ਗੁਣ ਨੇ ਇਸ ਨੂੰ ਸ਼ਰਧਾਲੂਆਂ ਵਿਚ ਸਤਿਕਾਰ ਦਾ ਪਾਤਰ ਵੀ ਬਣਾਇਆ ਸੀ। ਇਹ ਬਹੁਤ ਹੀ ਸ਼ਰਧਾ ਅਤੇ ਪ੍ਰੇਮ ਸਹਿਤ ਦੋਤਾਰੇ ਨਾਲ ਗੁਰਬਾਣੀ ਦਾ ਗਾਇਨ ਕਰਦੀ ਸੀ। ਇਸ ਦੇ ਇਨ੍ਹਾਂ ਗੁਣਾਂ ਦਾ ਵਿਖਿਆਨ ਕਰਦੇ ਹੋਏ ਰਤਨ ਸਿੰਘ ਭੰਗੂ ਦੱਸਦਾ ਹੈ:

**ਚੌਪਈ-ਆਹਲੂਵਾਲੀਏ ਇਕ ਕੌਮ ਕਹਾਵੈ, ਲਾਹੌਰ ਕਸੂਰਹਿ ਮੱਧ ਬਸਾਵੈ।**
**ਊਹਾਂ ਥੋ ਇਕ ਗਰੀਬ ਕਲਾਲ, ਹੁਤੋ ਸਿੰਘ ਥੋ ਵਹਿ ਗੁਰ ਲਾਲ॥੨॥**
**ਦਯਾਲ ਸਿੰਘ ਥੋ ਉਸ ਕੋ ਨਾਮ, ਕਰਤ ਹੁਤੋ ਸੋ ਸਰਬਹਿ ਕਾਮ।**
**ਸੋ ਮਰ ਗਯੋ ਰਹਯੋ ਸੁਤ ਔ ਨਾਰਿ, ਹੁਤੋ ਦੋਊਨ ਕੋ ਅਤਿ ਸੈ ਪਯਾਰ॥੩॥**
**ਹੁਤੀ ਸਿੰਘਨ ਕੀ ਬੇਟੀ ਸੋਇ, ਪਿਤਾ ਪੜ੍ਹਾਈ ਅੱਛਰ ਤੋਇ।**
**ਗੁਰਬਾਣੀ ਤਿਸ ਕੰਠ ਘਨੇਰੀ, ਹੁਤੀ ਸਿੱਖਣੀ ਦੁਇ ਪਖ ਕੇਰੀ॥੪॥**
**ਪੋਥੀ ਰਾਖਤ ਗਾਤ੍ਰੈ ਪਾਇ, ਸਿਖ ਸੰਗਤ ਮੈਂ ਪਹੁੰਚੈ ਜਾਇ।**
**ਬਡੀ ਪ੍ਰਾਤ ਉਠ ਚੌਂਕੀ ਕਰੈ, ਸਮੈਂ ਸੰਝੈ ਭੀ ਸੋਦਰ ਪੜ੍ਹੈ॥੫॥**
**ਦੋਹਰਾ-ਆਪ ਦੁਤਾਰੇ ਵਹਿ ਫੜੈ ਬਾਲ ਸੁ ਦਾਸੀ ਪ੍ਰੇਮ।**
**ਦੋਊ ਵਖਤ ਚੌਂਕੀ ਕਰੈ ਯਿਹ ਥੋ ਉਸ ਕੋ ਨੇਮ॥੬॥੪॥**

ਸਰਦਾਰ ਬਦਰ ਸਿੰਘ ਦੇ ਚਲਾਣੇ ਉਪਰੰਤ ਉਸ ਦੀ ਸੁਪਤਨੀ ਵਧੇਰੇ ਸਮਾਂ ਗੁਰਬਾਣੀ ਵੱਲ ਹੀ ਧਿਆਨ ਲਗਾਉਂਦੀ, ਉਸ ਦੇ ਭਰਾ ਸ. ਬਾਘ ਸਿੰਘ ਨੇ ਉਸ ਨੂੰ ਕੁਝ ਸਮੇਂ ਲਈ ਉਸ ਪਿੰਡ ਤੋਂ ਦੂਰ ਜਾਣ ਦੀ ਸਲਾਹ ਦਿੱਤੀ ਜਿਸ ਨੂੰ ਉਸ ਨੇ ਪ੍ਰਵਾਨ ਕਰ ਲਿਆ। ਸ. ਬਾਗ ਸਿੰਘ ਆਪਣੀ ਭੈਣ ਅਤੇ ਬਾਲਕ ਜੱਸਾ ਸਿੰਘ ਨੂੰ ਲੈ ਕੇ ਮਾਤਾ ਸੁੰਦਰੀ ਜੀ ਕੋਲ ਦਿੱਲੀ ਚਲਾ ਗਿਆ। ਮਾਤਾ ਜੀ ਨੇ ਪਰਵਾਰ ਨੂੰ ਪਿਆਰ ਸਹਿਤ ਗਲੇ ਨਾਲ ਲਾਇਆ ਅਤੇ ਉੱਥੇ ਨਿਵਾਸ ਕਰਨ ਲਈ ਉਨ੍ਹਾਂ ਦੀ ਬੇਨਤੀ ਨੂੰ ਪ੍ਰਵਾਨ ਕਰ ਲਿਆ। ਬਾਲਕ ਜੱਸਾ ਸਿੰਘ ਦੀ ਮਾਤਾ ਦਾ ਗੁਰਬਾਣੀ ਗਾਇਨ ਅਤੇ ਪ੍ਰੇਮ ਦੇਖ ਕੇ ਮਾਤਾ ਸੁੰਦਰੀ ਜੀ ਬਹੁਤ ਖੁਸ਼ ਹੋਏ। ਬਾਲਕ ਜੱਸਾ ਸਿੰਘ ਉੱਥੇ ਹੀ ਗੁਰਬਾਣੀ ਵਿੱਦਿਆ ਹਾਸਲ ਕਰਨ ਲੱਗਿਆ। ਵਿੱਦਿਆ ਵਿਚ ਰੁਚੀ ਅਤੇ ਭੋਲੇਪਨ ਕਾਰਨ ਜੱਸਾ ਸਿੰਘ ਛੇਤੀ ਹੀ ਮਾਤਾ ਸੁੰਦਰੀ ਜੀ ਦੀ ਖਿੱਚ ਦਾ ਕਾਰਨ ਬਣਿਆ ਅਤੇ ਮਾਤਾ ਜੀ ਉਸ ਨੂੰ ਬਹੁਤ ਪਿਆਰ ਕਰਨ ਲੱਗੇ। ਗਿਆਨੀ



SikhBookClub.Com

ਗਿਆਨ ਸਿੰਘ ਜੀ ਦੱਸਦੇ ਹਨ, "ਜੱਸਾ ਸਿੰਘ ਦੀ ਸੁੰਦਰਤਾ ਹੋਣਹਾਰ ਤੇ ਭੋਲੀਆਂ ਭਾਲੀਆਂ ਗੱਲਾਂ ਵੇਖ ਮਾਤਾ ਸੁੰਦਰੀ ਜੀ ਇਸ ਦੇ ਨਾਲ ਪਿਆਰ ਕਰਦੇ ਅਤੇ ਆਪਣੀ ਝੋਲੀ ਵਿਚ ਲੈ ਕੇ ਖਿਡਾਂਦੇ ਸਨ, ਮਾਤਾ ਜੀ ਨੇ ਹੀ ਜੱਸਾ ਸਿੰਘ ਨੂੰ ਗੁਰਮੁਖੀ ਪੜ੍ਹਾਈ। ਜੱਸਾ ਸਿੰਘ ਦੀ ਮਾਤਾ ਸਵੇਰ ਵੇਲੇ ਦੋਤਾਰੇ ਨਾਲ ਆਸਾ ਦੀ ਵਾਰ ਪੜ੍ਹ ਕੇ ਮਾਤਾ ਜੀ ਨੂੰ ਸੁਣਾਇਆ ਕਰਦੀ ਸੀ। ਜੱਸਾ ਸਿੰਘ ਵੀ ਆਪਣੀ ਮਾਂ ਦੇ ਨਾਲ ਪੜ੍ਹਨ ਲਗ ਪਿਆ, ਇਨ੍ਹਾਂ ਦੀ ਮਿਲਵੀਂ ਤੇ ਦਿਲ ਖਿਚਵੀਂ ਅਵਾਜ਼ ਨੂੰ ਮਾਤਾ ਜੀ ਨੇ ਬਹੁਤ ਪਸੰਦ ਕੀਤਾ।"[5]

ਸਰਦਾਰ ਜੱਸਾ ਸਿੰਘ ਦੇ ਬਚਪਨ ਦਾ ਬਹੁਤਾ ਹਿੱਸਾ ਦਿੱਲੀ ਵਿਖੇ ਹੀ ਬੀਤਿਆ ਜਿੱਥੇ ਭਵਿੱਖ ਦੀਆਂ ਚੁਣੌਤੀਆਂ ਨਾਲ ਲੋਹਾ ਲੈਣ ਲਈ ਉਸ ਦੇ ਮਨ ਵਿਚ ਅਧਿਆਤਮਿਕ ਦ੍ਰਿੜ੍ਹਤਾ ਪੈਦਾ ਕੀਤੀ ਗਈ ਸੀ। ਮਾਂ-ਪੁੱਤ ਮਾਤਾ ਸੁੰਦਰੀ ਜੀ ਦੀ ਸੇਵਾ ਵਿਚ ਅਨੰਦ ਮਹਿਸੂਸ ਕਰਦੇ ਸਨ। ਮਾਂ ਸ਼ਬਦ ਅਤੇ ਦੋਤਾਰੇ ਦੀਆਂ ਸੁਰਾਂ ਦੇ ਅਨੰਦਮਈ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕਰਦੀ ਅਤੇ ਜੱਸਾ ਸਿੰਘ ਆਪਣੀ ਮਾਤਾ ਕੋਲ ਬੈਠ ਕੇ ਸ਼ਬਦ ਪੜ੍ਹਦਾ ਸੀ। ਮਾਤਾ ਸੁੰਦਰੀ ਜੀ ਉਨ੍ਹਾਂ ਦੀ ਸਿੱਖੀ ਸੇਵਕੀ ਅਤੇ ਗੁਰਮਤਿ ਪ੍ਰਵਾਹ ਦੀ ਦ੍ਰਿੜ੍ਹਤਾ ਤੋਂ ਬੇਹੱਦ ਪ੍ਰਸੰਨ ਸੀ। ਮਾਤਾ ਜੀ ਜੱਸਾ ਸਿੰਘ ਦੀ ਧਾਰਮਿਕ ਪ੍ਰਪੱਕਤਾ ਅਤੇ ਅਧਿਆਤਮਿਕ ਉੱਚਤਾ ਤੋਂ ਖੁਸ਼ ਹੋ ਕੇ ਉਸ ਨੂੰ ਸਿੱਖੀ ਵਿਚ ਦ੍ਰਿੜ੍ਹ ਰਹਿਣ ਦੀਆਂ ਅਸੀਸਾਂ ਦਿੰਦੇ ਸਨ। ਸਰਦਾਰ ਜੱਸਾ ਸਿੰਘ ਦੀ ਉਮਰ 12-13 ਸਾਲ ਦੀ ਸੀ ਜਦੋਂ ਉਸ ਦਾ ਮਾਮਾ ਸਰਦਾਰ ਬਾਘ ਸਿੰਘ ਉਨ੍ਹਾਂ ਨੂੰ ਲੈਣ ਲਈ ਦਿੱਲੀ ਚਲਾ ਗਿਆ। ਮਾਤਾ ਸੁੰਦਰੀ ਜੀ ਬਾਲਕ ਜੱਸਾ ਸਿੰਘ ਨੂੰ ਬੇਹੱਦ ਪਿਆਰ ਕਰਦੇ ਸਨ ਅਤੇ ਉਨ੍ਹਾਂ ਜਾਣ ਸਮੇਂ ਉਸ ਨੂੰ ਵਿਦਾਇਗੀ ਵਜੋਂ ਇਕ ਕਿਰਪਾਨ, ਇਕ ਗੁਰਜ, ਢਾਲ, ਕਮਾਨ, ਤੀਰਾਂ ਦਾ ਭੱਥਾ, ਪੁਸ਼ਾਕਾ ਅਤੇ ਚਾਂਦੀ ਦੀ ਚੋਬ ਦੀ ਬਖ਼ਸ਼ਿਸ਼ ਕਰਦੇ ਹੋਏ ਅਸੀਸ ਦਿੱਤੀ, "ਤੇਰੇ ਔਰ ਤੇਰੀ ਸੰਤਾਨ ਅਗੇ ਆਸਿਆਂ ਵਾਲੇ (ਚੋਬਦਾਰ) ਚਲਿਆ ਕਰਨਗੇ।"[6]

ਮਾਤਾ ਜੀ ਤੋਂ ਵਿਦਾ ਹੋ ਕੇ ਇਹ ਪਰਵਾਰ ਪੰਜਾਬ ਵਾਪਸ ਆ ਗਿਆ। ਦਿੱਲੀ ਨਿਵਾਸ ਦੌਰਾਨ ਜੱਸਾ ਸਿੰਘ ਦਾ ਜੀਵਨ ਧਾਰਮਿਕ ਮਾਹੌਲ ਵਿਚ ਢਲਿਆ ਸੀ, ਪਰ ਇਤਿਹਾਸ ਦੀਆਂ ਘਟਨਾਵਾਂ ਨੇ ਉਸ ਦੇ ਮਨ 'ਤੇ ਗਹਿਰਾ ਅਸਰ ਕੀਤਾ ਸੀ। ਇਸੇ ਪ੍ਰਭਾਵ ਅਧੀਨ ਇਸ ਦੀ ਮਾਤਾ ਅਤੇ ਮਾਮਾ ਇਨ੍ਹਾਂ ਨੂੰ ਨਵਾਬ ਕਪੂਰ ਸਿੰਘ ਕੋਲ ਲੈ ਆਏ ਸਨ ਜਿਸ ਨੇ ਕਰਤਾਰਪੁਰ ਵਿਖੇ ਆਪਣੇ ਦਲ ਸਮੇਤ ਪੜਾਅ ਕੀਤਾ ਹੋਇਆ ਸੀ। ਅੰਮ੍ਰਿਤ ਵੇਲੇ ਜੱਸਾ ਸਿੰਘ ਅਤੇ ਉਸ ਦੀ ਮਾਤਾ ਨੇ ਸੰਗਤ ਵਿਚ ਕੀਰਤਨ ਕੀਤਾ ਜਿਸ ਤੋਂ ਪੈਦਾ ਹੋਏ ਅਨੰਦਮਈ ਮਹੌਲ ਨੇ ਨਵਾਬ ਕਪੂਰ ਸਿੰਘ ਨੂੰ ਬਹੁਤ ਪ੍ਰਭਾਵਿਤ ਕੀਤਾ। ਉਸ ਨੇ ਜੱਸਾ ਸਿੰਘ ਅਤੇ ਉਸ ਦੀ ਮਾਤਾ ਨੂੰ ਬੁਲਾਇਆ ਅਤੇ ਉਨ੍ਹਾਂ ਦੇ ਪਿਛੋਕੜ ਸੰਬੰਧੀ ਜਾਣਕਾਰੀ ਪ੍ਰਾਪਤ ਕੀਤੀ। ਨਵਾਬ ਕਪੂਰ ਸਿੰਘ ਦੇ ਮਨ ਵਿਚ ਮਾਤਾ ਸੁੰਦਰੀ ਜੀ ਦਾ ਬਹੁਤ ਸਤਿਕਾਰ ਸੀ ਅਤੇ ਜਦੋਂ ਉਸ ਨੂੰ ਜੱਸਾ ਸਿੰਘ ਦੇ ਮਾਤਾ ਸੁੰਦਰੀ ਜੀ ਕੋਲ ਬਿਤਾਏ



SikhBookClub.Com

ਬਚਪਨ ਅਤੇ ਗ੍ਰਹਿਣ ਕੀਤੀ ਗੁਰਮਤਿ ਵਿੱਦਿਆ ਬਾਰੇ ਪਤਾ ਲੱਗਿਆ ਤਾਂ ਉਸ ਨੇ ਤੁਰੰਤ ਹੀ ਉਸ ਨੂੰ ਦਲ ਵਿਚ ਹੀ ਸ਼ਾਮਲ ਨਹੀਂ ਕੀਤਾ, ਬਲਕਿ ਆਪਣਾ ਧਰਮ-ਪੁੱਤਰ ਬਣਾ ਲਿਆ। ਦਲ ਵਿਚ ਸ਼ਾਮਲ ਕਰ ਕੇ ਉਸ ਨੂੰ ਘੋੜਿਆਂ ਦੀ ਸੇਵਾ ਵਿਚ ਲਗਾ ਦਿੱਤਾ ਗਿਆ।[7] ਇੱਥੇ ਨਿਵਾਸ ਦੌਰਾਨ ਹੀ ਇਹ ਨਵਾਬ ਕਪੂਰ ਸਿੰਘ ਦੇ ਹੱਥੋਂ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ। ਘੋੜਿਆਂ ਦੀ ਸੇਵਾ ਦੌਰਾਨ ਹੀ ਇਕ ਦਿਨ ਸਾਥੀਆਂ ਨਾਲ ਕੁਝ ਤਲਖੀ ਹੋ ਗਈ ਅਤੇ ਉਨ੍ਹਾਂ ਵੱਲੋਂ ਤੰਗ ਕਰਨ 'ਤੇ ਇਸ ਨੇ ਨਵਾਬ ਕਪੂਰ ਸਿੰਘ ਕੋਲ ਆ ਕੇ ਸ਼ਿਕਾਇਤ ਕਰ ਦਿੱਤੀ। ਨਵਾਬ ਸਾਹਿਬ ਨੇ ਪਿਆਰ ਨਾਲ ਕੋਲ ਬਿਠਾ ਕੇ ਕਿਹਾ ਕਿ ਜਿਸ ਪੰਥ ਨੇ ਕਪੂਰ ਸਿੰਘ ਨੂੰ ਨਵਾਬੀ ਬਖ਼ਸ਼ੀ ਹੈ ਇਕ ਦਿਨ ਉਹ ਤੁਹਾਨੂੰ ਪਾਤਸ਼ਾਹੀ ਬਖ਼ਸ਼ ਦੇਵੇਗਾ। ਉਸੇ ਦਿਨ ਤੋਂ ਉਸ ਬੱਚੇ ਨੂੰ ਜੱਸਾ ਸਿੰਘ ਕਲਾਲ ਤੋਂ ਜੱਸਾ ਸਿੰਘ ਸ਼ਾਹ ਕਿਹਾ ਜਾਣ ਲੱਗਿਆ।[8]

ਜਥੇ ਦੀ ਸੇਵਾ ਕਰਦਿਆਂ ਮਨ ਵਿਚ ਜੁਝਾਰੂ ਬਿਰਤੀਆਂ ਉਜਾਗਰ ਹੋਣ ਲੱਗੀਆਂ ਜਿਸ ਦੇ ਸਿੱਟੇ ਵਜੋਂ ਸ਼ਸਤਰ ਵਿੱਦਿਆ ਵਿਚ ਵਿਸ਼ੇਸ਼ ਰੁਚੀ ਪੈਦਾ ਹੋ ਗਈ। ਇਸੇ ਰੁਚੀ ਨੇ ਉਸ ਦੇ ਅੰਦਰ ਇਕ ਜੁਝਾਰੂ ਜਰਨੈਲ ਵਾਲੇ ਗੁਣ ਪੈਦਾ ਕਰ ਦਿੱਤੇ ਸਨ। ਗੁਰਮਤਿ ਦੀ ਸਿੱਖਿਆ ਅਤੇ ਸ਼ਸਤਰਾਂ ਦੀ ਵਿੱਦਿਆ ਦੇ ਸੁਮੇਲ ਨੇ ਜੱਸਾ ਸਿੰਘ ਵਿਚ ਗੁਰੂ-ਆਸ਼ੇ ਵਾਲੇ ਗੁਣਾਂ ਦਾ ਸੰਚਾਰ ਕੀਤਾ ਸੀ। ਪੰਥ ਅਤੇ ਸੰਗਤ ਦੀ ਸੇਵਾ ਅਤੇ ਪਰਉਪਕਾਰ ਨੇ ਉਸ ਪ੍ਰਤੀ ਖਿੱਚ ਪੈਦਾ ਕੀਤੀ ਸੀ। ਸਿੱਖ ਜਥੇਬੰਦੀਆਂ ਵਿਚ ਉਸ ਦੇ ਜੁਝਾਰੂ ਗੁਣਾਂ ਦੀ ਚਰਚਾ ਨੇ ਉਸ ਨੂੰ ਸਿੱਖਾਂ ਵਿਚ ਸਤਿਕਾਰ ਦਾ ਪਾਤਰ ਬਣਾ ਦਿੱਤਾ ਸੀ ਜਿਹੜਾ ਕੇ ਹਰ ਯੁੱਧ ਸਮੇਂ ਅੱਗੇ ਹੋ ਕੇ ਲੜਦਾ ਸੀ ਅਤੇ ਆਪਣੇ ਸਾਥੀਆਂ ਨੂੰ ਅੱਗੇ ਵੱਧ ਕੇ ਦੁਸ਼ਮਣ ਨਾਲ ਲੋਹਾ ਲੈਣ ਲਈ ਪ੍ਰੇਰਿਤ ਕਰਦਾ ਸੀ। ਉਸ ਦੇ ਇਸ ਜਰਨੈਲੀ ਗੁਣ ਦੀ ਖਿੱਚ ਉਸ ਦੀ ਆਪਣੀ ਮਿਸਲ ਦੇ ਨਾਲ-ਨਾਲ ਦੂਜੀਆਂ ਮਿਸਲਾਂ ਦੇ ਜੁਝਾਰੂ ਸਿੰਘਾਂ ਨੂੰ ਵੀ ਪ੍ਰਭਾਵਿਤ ਕਰਦੀ ਸੀ। ਇਸੇ ਗੁਣ ਕਰ ਕੇ ਹੀ ਨਵਾਬ ਕਪੂਰ ਸਿੰਘ ਨੇ 1748 ਈ. ਵਿਚ ਜਦੋਂ ਵੈਸਾਖੀ ਦੇ ਮੌਕੇ ਸ੍ਰੀ ਅੰਮ੍ਰਿਤਸਰ ਵਿਖੇ ਸਿੱਖਾਂ ਦੇ ਸਮੂਹ 65 ਦਲਾਂ ਨੂੰ ਇਕੱਠੇ ਕਰ ਕੇ ਦਲ ਖਾਲਸਾ[9] ਦਾ ਗਠਨ ਕੀਤਾ ਸੀ ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਇਸ ਦਾ ਕੌਮੀ ਆਗੂ ਚੁਣ ਲਿਆ ਗਿਆ ਸੀ।

ਇਸੇ ਸਮੇਂ ਦੌਰਾਨ ਮੀਰ ਮੰਨੂੰ ਲਾਹੌਰ ਦਾ ਸੂਬੇਦਾਰ (1748-53) ਸੀ ਜਿਹੜਾ ਕਿ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਨਿਰੰਤਰ ਯਤਨਸ਼ੀਲ ਸੀ। ਇਸ ਨੇ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਹੋਏ ਸਨ। ਸਿੱਖਾਂ ਨੂੰ ਪਨਾਹ ਅਤੇ ਰੋਟੀ ਦੇਣ ਵਾਲਿਆਂ ਲਈ ਮੌਤ ਦੀ ਸਜ਼ਾ ਸੀ। ਮੁਖ਼ਬਰਾਂ ਦਾ ਬਜ਼ਾਰ ਗਰਮ ਸੀ ਅਤੇ ਸਿੱਖਾਂ ਵਿਰੁੱਧ ਹਰ ਹੀਲਾ ਵਰਤਿਆ ਜਾ ਰਿਹਾ ਸੀ। ਸਿੱਖਾਂ ਨੂੰ ਸਹਾਇਤਾ ਦੇਣ ਦੇ ਸ਼ੱਕ ਵਿਚ ਕਿਸੇ ਨੂੰ ਵੀ ਬਗ਼ੈਰ ਕਿਸੇ ਦਲੀਲ ਜਾਂ ਅਪੀਲ ਤੋਂ ਮੌਤ ਦੀ ਸਜ਼ਾ ਭੁਗਤਣੀ ਪੈਂਦੀ ਸੀ। ਮੀਰ ਮੰਨੂੰ ਦੇ ਜ਼ੁਲਮਾਂ ਤੋਂ ਤੰਗ ਆ ਕੇ ਦੂਜੇ ਧਰਮਾਂ ਦੇ



SikhBookClub.Com

ਅਣਖੀ ਯੋਧੇ ਸਿੱਖ ਬਣਨ ਲੱਗੇ ਸਨ। ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਅਗਵਾਈ ਅਧੀਨ ਸਿੱਖਾਂ ਨੇ ਮੀਰ ਮੰਨੂੰ ਦੇ ਇਸ ਜ਼ੁਲਮ ਦਾ ਪੂਰਨ ਦ੍ਰਿੜ੍ਹਤਾ ਅਤੇ ਬਹਾਦਰੀ ਨਾਲ ਟਾਕਰਾ ਕੀਤਾ ਸੀ। ਸਿੱਖ ਇੰਨੇ ਮਜ਼ਬੂਤ ਹੋ ਗਏ ਸਨ ਕਿ ਹਰ ਜ਼ੁਲਮ ਨੂੰ ਗੁਰੂ ਦਾ ਭਾਣਾ ਅਤੇ ਮੁਕਤੀ ਮੰਨਣ ਲੱਗੇ ਸਨ। ਹਕੂਮਤ ਦੇ ਸਿਪਾਹੀ ਵੀ ਸਿੱਖਾਂ ਤੋਂ ਡਰਦੇ ਆਪਣੇ ਥਾਣਿਆਂ ਅਤੇ ਛਾਉਣੀਆਂ ਵਿੱਚੋਂ ਬਾਹਰ ਆਉਣ ਤੋਂ ਡਰਨ ਲੱਗੇ ਸਨ। ਉਹ ਉਦੋਂ ਹੀ ਬਾਹਰ ਨਿਕਲਦੇ ਸਨ ਜਦੋਂ ਕੋਈ ਸਖ਼ਤ ਆਦੇਸ਼ ਮਿਲਦਾ ਸੀ ਅਤੇ ਉਹ ਭਾਰੀ ਸੈਨਿਕ ਦਲ ਨਾਲ ਸਿੱਖਾਂ 'ਤੇ ਹਮਲੇ ਕਰਦੇ ਸਨ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੂਰ-ਅੰਦੇਸ਼ ਜਰਨੈਲ ਸੀ। ਮੌਕੇ ਦਾ ਫਾਇਦਾ ਉਠਾ ਕੇ ਉਸ ਨੇ ਹਕੂਮਤ 'ਤੇ ਉਲਟਾ ਵਾਰ ਕਰਨਾ ਅਰੰਭ ਕਰ ਦਿੱਤਾ ਸੀ, ਉਸ ਨੇ ਪੰਜਾਬ ਦੇ ਪਿੰਡ ਮੱਲਣੇ ਸ਼ੁਰੂ ਕਰ ਦਿੱਤੇ ਸਨ। ਚੋਰਾਂ, ਡਾਕੂਆਂ ਅਤੇ ਲੁਟੇਰਿਆਂ ਤੋਂ ਪਿੰਡਾਂ ਦੇ ਲੋਕਾਂ ਦੀ ਰਾਖੀ ਕਰਨੀ ਅਰੰਭ ਕਰ ਦਿੱਤੀ ਸੀ। ਇੱਥੋਂ ਸਿੱਖਾਂ ਦੇ 'ਰਾਖੀ ਪ੍ਰਬੰਧ' ਦੀ ਅਰੰਭਤਾ ਹੋਈ ਸੀ ਜਿਹੜੀ ਕਿ ਸ਼ਾਹੀ ਫੌਜਾਂ ਅਤੇ ਬਾਹਰੀ ਹਮਲਾਵਰਾਂ ਤੋਂ ਲੋਕਾਂ ਦੀ ਰਾਖੀ ਤਕ ਪੁੱਜ ਗਈ ਸੀ। ਸਿੱਖ ਹੌਲੀ-ਹੌਲੀ ਪੰਜਾਬ ਦੇ ਰੱਖਿਅਕ ਅਤੇ ਫਿਰ ਮਾਲਕ ਬਣਨੇ ਸ਼ੁਰੂ ਹੋ ਗਏ ਸਨ। ਸਿੱਖ ਸਰਦਾਰਾਂ ਨੇ ਆਪੋ-ਆਪਣੇ ਇਲਾਕੇ ਮੱਲ ਕੇ ਆਪਣੀ ਮਿਸਲ ਦੀ ਮਜ਼ਬੂਤੀ ਲਈ ਕਾਰਜ ਅਰੰਭ ਕਰ ਦਿੱਤੇ ਸਨ।

ਮੀਰ ਮੰਨੂੰ ਦੇ ਨਾਲ-ਨਾਲ ਅਹਿਮਦਸ਼ਾਹ ਅਬਦਾਲੀ ਇਕ ਅਜਿਹਾ ਸ਼ਕਤੀਸ਼ਾਲੀ ਅਫ਼ਗਾਨ ਹਾਕਮ ਸੀ ਜਿਹੜਾ ਕਿ ਜਦੋਂ ਚਾਹੁੰਦਾ ਭਾਰੀ ਫੌਜ ਨਾਲ ਭਾਰਤ 'ਤੇ ਹਮਲਾ ਕਰ ਦਿੰਦਾ ਸੀ। ਲਾਹੌਰ ਤੋਂ ਲੈ ਕੇ ਦਿੱਲੀ ਤਕ ਕਿਸੇ ਵੀ ਹਾਕਮ ਵਿਚ ਇੰਨੀ ਤਾਕਤ ਨਹੀਂ ਸੀ ਕਿ ਉਸ ਦਾ ਮੁਕਾਬਲਾ ਕਰ ਸਕਦਾ। ਲਾਹੌਰ ਦਾ ਹਾਕਮ ਭਾਵੇਂ ਦਿੱਲੀ ਦੇ ਹਾਕਮ ਦੇ ਅਧੀਨ ਸੀ, ਪਰ ਅਹਿਮਦਸ਼ਾਹ ਦਾ ਟਾਕਰਾ ਕਰਨ ਲਈ ਉਸ ਨੂੰ ਕਦੇ ਵੀ ਲੋੜੀਂਦੀ ਕੇਂਦਰੀ ਸਹਾਇਤਾ ਪ੍ਰਾਪਤ ਨਹੀਂ ਸੀ ਹੁੰਦੀ। ਲਾਹੌਰ ਦਾ ਹਾਕਮ ਅਹਿਮਦਸ਼ਾਹ ਅਬਦਾਲੀ ਦੀ ਅਧੀਨਗੀ ਅਤੇ ਸਹਾਇਤਾ ਤੋਂ ਬਗ਼ੈਰ ਕਾਬਜ਼ ਨਹੀਂ ਸੀ ਰਹਿ ਸਕਦਾ। ਲੱਗਭਗ ਨੌਂ ਹਮਲਿਆਂ ਵਿਚ ਉਸ ਨੇ ਪੰਜਾਬ ਤੋਂ ਲੈ ਕੇ ਦਿੱਲੀ ਤਕ ਸਭ ਨੂੰ ਸ਼ਕਤੀਹੀਣ ਕਰ ਦਿੱਤਾ ਸੀ। ਮੀਰ ਮੰਨੂੰ ਤੋਂ ਬਾਅਦ ਪੰਜਾਬ ਦੇ ਹਾਲਾਤ ਨੂੰ ਦੇਖਦੇ ਹੋਏ ਅਦੀਨਾ ਬੇਗ਼ ਨੇ ਮਰਾਠਿਆਂ ਨੂੰ ਪੰਜਾਬ ਵਿਚ ਆਉਣ ਦਾ ਸੱਦਾ ਦੇ ਦਿੱਤਾ ਸੀ 1758-59 ਵਿਚ ਮਰਾਠੇ ਪੇਸ਼ਾਵਰ ਤਕ ਪੰਜਾਬ 'ਤੇ ਕਾਬਜ਼ ਹੋ ਗਏ ਸਨ, ਪਰ ਅਹਿਮਦ ਸ਼ਾਹ ਦੀ ਆਮਦ ਸੁਣ ਕੇ ਉਹ ਵੀ ਛੇਤੀ ਹੀ ਪੰਜਾਬ ਖਾਲੀ ਕਰ ਗਏ ਸਨ। 14 ਜਨਵਰੀ, 1761 ਈ. ਨੂੰ ਅਫ਼ਗਾਨਾਂ ਅਤੇ ਮਰਾਠਿਆਂ ਵਿਚ ਹੋਇਆ ਪਾਣੀਪਤ ਦਾ ਯੁੱਧ ਇਤਿਹਾਸ ਦਾ ਹਿੱਸਾ ਹੈ ਜਿਸ ਵਿਚ ਮਰਾਠਿਆਂ ਦਾ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਸੀ ਅਤੇ ਉਹ ਹਾਰ ਖਾ ਕੇ ਵਾਪਸ ਭੱਜ ਗਏ ਸਨ।

ਅਜਿਹੇ ਸਮੇਂ ਪੰਜਾਬ ਦੇ ਲੋਕਾਂ ਦੀ ਕੋਈ ਬਾਂਹ ਫੜਨ ਵਾਲਾ ਨਹੀਂ ਸੀ।



SikhBookClub.Com

ਪੰਜਾਬ ਵਿਚ ਪੈਦਾ ਹੋਏ ਰਾਜਨੀਤਿਕ ਖਲਾਅ ਨੂੰ ਪੂਰਨ ਦਾ ਕਾਰਜ ਸਿੱਖਾਂ ਨੇ ਆਪਣੇ ਹੱਥਾਂ ਵਿਚ ਲੈਣਾ ਅਰੰਭ ਕਰ ਦਿੱਤਾ ਸੀ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਅਧੀਨ ਉਨ੍ਹਾਂ ਨੇ ਅਹਿਮਦ ਸ਼ਾਹ ਅਬਦਾਲੀ ਨਾਲ ਟੱਕਰ ਲੈਣ ਦਾ ਮਨ ਬਣਾ ਲਿਆ ਸੀ। ਇਸੇ ਸਾਲ ਜਦੋਂ ਅਬਦਾਲੀ ਭਾਰਤ ਤੋਂ ਵਾਪਸ ਜਾ ਰਿਹਾ ਸੀ ਤਾਂ ਸ੍ਰੀ ਅੰਮ੍ਰਿਤਸਰ ਦੇ ਨੇੜੇ ਸਿੱਖਾਂ ਨੇ ਉਸ 'ਤੇ ਹਮਲਾ ਕਰ ਦਿੱਤਾ ਸੀ ਜਿਸ ਵਿਚ ਉਸ ਦੁਆਰਾ ਬੰਦੀ ਬਣਾ ਕੇ ਲਿਜਾਈਆਂ ਜਾ ਰਹੀਆਂ 2200 ਭਾਰਤੀ ਲੜਕੀਆਂ ਨੂੰ ਅਜ਼ਾਦ ਕਰਾਉਣ ਵਿਚ ਸਫ਼ਲ ਹੋ ਗਏ ਸਨ। ਸਿੱਖਾਂ ਨੇ ਅਬਦਾਲੀ ਦੇ ਕਬਜ਼ੇ ਵਿੱਚੋਂ ਉਹ ਲੜਕੀਆਂ ਛੁਡਾਈਆਂ ਹੀ ਨਹੀਂ ਸਨ, ਬਲਕਿ ਸਤਿਕਾਰ ਸਹਿਤ ਉਨ੍ਹਾਂ ਨੂੰ ਉਨ੍ਹਾਂ ਦੇ ਘਰਾਂ ਵਿਚ ਪਹੁੰਚਾਉਣ ਦਾ ਵੱਡਾ ਕਾਰਜ ਵੀ ਕੀਤਾ ਸੀ। ਸਿੱਖਾਂ ਦੀ ਇਸ ਦਲੇਰੀ ਨਾਲ ਜਿੱਥੇ ਅਫ਼ਗ਼ਾਨ ਹਾਕਮ ਨੂੰ ਉਨ੍ਹਾਂ ਬਾਰੇ ਸੋਚਣ ਲਈ ਮਜਬੂਰ ਕਰ ਦਿੱਤਾ ਸੀ, ਉੱਥੇ ਪੂਰੇ ਭਾਰਤ ਵਿਚ ਸਿੱਖਾਂ ਦੁਆਰਾ ਕੀਤੀ ਇਸ ਪਰਉਪਕਾਰੀ ਘਟਨਾ ਦੀ ਚਰਚਾ ਹੋ ਗਈ ਸੀ। ਸਿੱਖਾਂ ਦੀ ਦਲੇਰੀ ਅਤੇ ਸਦਾਚਾਰ ਲੋਕ-ਚਰਚਾ ਦਾ ਅੰਗ ਬਣ ਗਏ ਸਨ।

ਦੂਜੇ ਪਾਸੇ ਸਿੱਖਾਂ ਨੇ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਨੂੰ ਆਪਣੇ ਅਧਿਕਾਰ ਅਧੀਨ ਲੈ ਲਿਆ ਸੀ। ਮਾਲਵਾ ਅਤੇ ਦੁਆਬਾ ਦਾ ਵੱਡਾ ਇਲਾਕਾ ਸਿੱਖ ਸਰਦਾਰਾਂ ਅਧੀਨ ਆ ਗਿਆ ਸੀ ਅਤੇ ਪਿੰਡਾਂ ਦੇ ਲੋਕ ਆਪ ਜਾ ਕੇ ਸਿੱਖ ਸਰਦਾਰਾਂ ਨੂੰ ਆਪਣੀ ਰੱਖਿਆ ਲਈ ਬੇਨਤੀ ਕਰਨ ਲੱਗੇ ਸਨ। ਅਫ਼ਗ਼ਾਨ ਹਮਲਾਵਰਾਂ ਦਾ ਵਧੇਰੇ ਪ੍ਰਭਾਵ ਲਾਹੌਰ ਅਤੇ ਉਸ ਦੇ ਲਾਗਲੇ ਇਲਾਕਿਆਂ ਤਕ ਸੀਮਿਤ ਹੋ ਕੇ ਰਹਿ ਗਿਆ ਸੀ। 1761 ਈ. ਵਿਚ ਅਹਿਮਦਸ਼ਾਹ ਅਬਦਾਲੀ ਨੇ ਆਪਣੇ ਇਕ ਜਰਨੈਲ ਉਬੈਦ ਖ਼ਾਨ ਨੂੰ ਲਾਹੌਰ ਦਾ ਹਾਕਮ ਨਿਯੁਕਤ ਕਰ ਦਿੱਤਾ ਸੀ ਜਿਸ ਨੂੰ ਹਰਾ ਕੇ ਸਿੱਖਾਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਲਾਹੌਰ ਦਾ ਬਾਦਸ਼ਾਹ ਐਲਾਨ ਦਿੱਤਾ ਸੀ। ਲਾਹੌਰ 'ਤੇ ਕਬਜ਼ੇ ਉਪਰੰਤ ਭਾਵੇਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ 'ਸੁਲਤਾਨ-ਉਲ-ਕੌਮ' ਦੇ ਰੂਪ ਵਿਚ ਸਾਹਮਣੇ ਆਇਆ ਸੀ, ਪਰ ਉਸ ਦੀ ਗੁਰੂ-ਘਰ ਪ੍ਰਤੀ ਸ਼ਰਧਾ ਅਤੇ ਨਿਮਰਤਾ ਉਸ ਦੁਆਰਾ ਲਾਹੌਰ ਤੋਂ ਜਾਰੀ ਕੀਤੇ ਸਿੱਕੇ ਤੋਂ ਦੇਖਣ ਨੂੰ ਮਿਲਦੀ ਹੈ ਜਿਸ ਉਤੇ ਲਿਖਿਆ ਹੋਇਆ ਸੀ:

**ਦੇਗ ਵ ਤੇਗ਼ ਫ਼ਤਹਿ ਵ ਨੁਸਰਤ ਬੇਦਰੰਗ**
**ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।**

ਇਹ ਉਹੀ ਇਬਾਰਤ ਸੀ ਜਿਹੜੀ ਕਿ ਬੰਦਾ ਸਿੰਘ ਬਹਾਦਰ ਦੀ ਮੋਹਰ 'ਤੇ ਲਿਖੀ ਹੁੰਦੀ ਸੀ। ਅਹਿਮਦਸ਼ਾਹ ਅਬਦਾਲੀ ਨੇ ਜਦੋਂ ਲਾਹੌਰ 'ਤੇ ਸਿੱਖਾਂ ਦੇ ਕਬਜ਼ੇ ਦੀ ਗੱਲ ਸੁਣੀ ਤਾਂ ਉਸ ਨੇ ਕ੍ਰੋਧ ਵਿਚ ਆ ਕੇ ਛੇਤੀ ਹੀ ਪੰਜਾਬ 'ਤੇ ਹਮਲਾ ਕਰਨ ਦਾ ਮਨ ਬਣਾ ਲਿਆ। 1762 ਈ. ਵਿਚ ਡੇਢ ਲੱਖ ਤੋਂ ਵਧੇਰੇ ਫ਼ੌਜ ਨਾਲ ਉਸ ਨੇ ਪੰਜਾਬ 'ਤੇ ਹਮਲਾ ਕਰ ਦਿੱਤਾ। ਜਦੋਂ ਸਿੱਖਾਂ ਕੋਲ ਇਹ ਖ਼ਬਰ ਪੁੱਜੀ ਤਾਂ



SikhBookClub.Com

ਲਾਹੌਰ ਛੱਡ ਕੇ ਮਲੇਰਕੋਟਲੇ ਦੇ ਕੋਲ ਇਕ ਪਿੰਡ ਕੁੱਪ ਵਿਖੇ ਉਨ੍ਹਾਂ ਡੇਰੇ ਲਾ ਲਏ। ਸਮੂਹ ਸਿੱਖ ਸਰਦਾਰਾਂ ਦੇ ਬੱਚੇ, ਬਜ਼ੁਰਗ ਅਤੇ ਇਸਤਰੀਆਂ ਇਸ ਸਥਾਨ 'ਤੇ ਮੌਜੂਦ ਸਨ। ਇਸ ਹਮਲੇ ਦਾ ਅੱਖੀਂ ਡਿੱਠਾ ਹਾਲ ਤਹਮਾਸ ਖ਼ਾਨ ਨੇ ਵਰਣਨ ਕੀਤਾ ਹੈ। ਅਫ਼ਗਾਨ ਫੌਜ ਨਾਲ ਆਇਆ ਇਹ ਲੇਖਕ ਦੱਸਦਾ ਹੈ ਕਿ ਇਸ ਯੁੱਧ ਵਿਚ 25000 ਸਿੱਖ ਮਾਰੇ ਗਏ ਸਨ।[10] ਸਿੱਖ ਇਤਿਹਾਸ ਵਿਚ ਇਸ ਘਟਨਾ ਨੂੰ 'ਵੱਡੇ ਘੱਲੂਘਾਰੇ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਇਸ ਘੱਲੂਘਾਰੇ ਉਪਰੰਤ ਹਮਲਾਵਰਾਂ ਅਤੇ ਉਨ੍ਹਾਂ ਦੇ ਭਾਰਤ ਵਿਚਲੇ ਸਾਥੀਆਂ ਦਾ ਹੌਂਸਲਾ ਬਹੁਤ ਵਧ ਗਿਆ ਸੀ ਅਤੇ ਉਨ੍ਹਾਂ ਸਮਝਿਆ ਕਿ ਸਿੱਖ ਸ਼ਕਤੀਹੀਣ ਹੋ ਗਏ ਹਨ। ਇਸੇ ਪ੍ਰਭਾਵ ਅਧੀਨ ਉਨ੍ਹਾਂ ਨੇ ਇਲਾਕੇ ਦੇ ਗੈਰ-ਮੁਸਲਮਾਨਾਂ 'ਤੇ ਜ਼ੁਲਮ ਕਰਨੇ ਅਰੰਭ ਕਰ ਦਿੱਤੇ। ਗੈਰ-ਮੁਸਲਮਾਨਾਂ ਨੂੰ ਮੁਸਲਮਾਨ ਬਣਾਉਣਾ ਹੀ ਧਰਮ ਦਾ ਕਾਰਜ ਸਮਝਿਆ ਜਾਣ ਲੱਗਾ। ਅਹਿਮਦਸ਼ਾਹ ਆਪਣਾ ਪ੍ਰਭਾਵ ਕਾਇਮ ਕਰਨ ਅਤੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਬਜ਼ਿੱਦ ਸੀ ਜਿਸ ਕਾਰਨ ਉਹ ਇਸ ਯੁੱਧ ਉਪਰੰਤ ਸ੍ਰੀ ਅੰਮ੍ਰਿਤਸਰ ਪੁੱਜ ਗਿਆ ਅਤੇ ਸ੍ਰੀ ਹਰਿਮੰਦਰ ਸਾਹਿਬ ਨੂੰ ਉਸ ਨੇ ਬਾਰੂਦ ਨਾਲ ਉਡਾ ਦਿੱਤਾ। ਉਸ ਨੂੰ ਦੱਸਿਆ ਗਿਆ ਕਿ ਇਸ ਪਵਿੱਤਰ ਸਰੋਵਰ ਦਾ ਜਲ ਸਿੱਖਾਂ ਨੂੰ ਸ਼ਕਤੀ ਪ੍ਰਦਾਨ ਕਰਦਾ ਹੈ ਜਿਸ ਨੂੰ ਪੀ ਕੇ ਸਿੱਖਾਂ ਵਿਚ ਨਵੀਂ ਰੂਹ ਦਾ ਸੰਚਾਰ ਹੋ ਜਾਂਦਾ ਹੈ ਅਤੇ ਉਹ ਆਪਣੇ ਬਲ ਤੋਂ ਵਧੇਰੇ ਸ਼ਕਤੀ ਪ੍ਰਦਰਸ਼ਨ ਕਰਨ ਦੇ ਯੋਗ ਹੋ ਜਾਂਦੇ ਹਨ। ਅਬਦਾਲੀ ਨੇ ਸ੍ਰੀ ਹਰਿਮੰਦਰ ਸਾਹਿਬ ਦਾ ਪਵਿੱਤਰ ਸਰੋਵਰ ਵੀ ਮਿੱਟੀ ਨਾਲ ਭਰ ਦਿੱਤਾ।

ਅਬਦਾਲੀ ਦੇ ਪੰਜਾਬ ਵਿੱਚੋਂ ਚਲੇ ਜਾਣ ਉਪਰੰਤ ਇੱਥੋਂ ਦੇ ਹਾਲਾਤ ਬਹੁਤ ਹੀ ਖਰਾਬ ਹੋ ਗਏ ਸਨ। ਸਮਾਜ ਵਿਚ ਬੇਚੈਨੀ, ਅਫਰਾ-ਤਫਰੀ ਅਤੇ ਜੁਗਗਰਦੀ ਵਾਲਾ ਮਾਹੌਲ ਪੈਦਾ ਹੋ ਗਿਆ ਸੀ। ਚੋਰਾਂ, ਡਾਕੂਆਂ, ਲੁਟੇਰਿਆਂ ਅਤੇ ਬਦਕਾਰੀਆਂ ਦਾ ਬੋਲਬਾਲਾ ਹੋ ਗਿਆ ਸੀ। ਹਾਕਮਾਂ ਨਾਲ ਸਾਂਝ ਰੱਖਣ ਵਾਲਿਆਂ ਨੇ ਆਮ ਲੋਕਾਂ ਦੀਆਂ ਦੁਖ-ਤਕਲੀਫਾਂ ਵਿਚ ਵਾਧਾ ਕਰ ਦਿੱਤਾ ਸੀ। ਵੱਡੇ ਘੱਲੂਘਾਰੇ ਨੇ ਸਿੱਖਾਂ ਦਾ ਵੱਡਾ ਘਾਣ ਕੀਤਾ ਸੀ ਅਤੇ ਕਿਸੇ ਵੀ ਬਚੇ ਹੋਏ ਸਿੰਘ ਦਾ ਸਰੀਰ ਰਾਜੀ ਨਹੀਂ ਸੀ। ਜ਼ਖ਼ਮਾਂ ਦਾ ਇਲਾਜ ਕਰ ਰਹੇ ਖਾਲਸਾ ਪੰਥ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਨਵੀਂ ਰੂਹ ਭਰ ਦਿੱਤੀ ਸੀ। ਘੱਲੂਘਾਰੇ ਵਿਚ ਭਾਵੇਂ ਉਸ ਦੇ ਸਰੀਰ 'ਤੇ 22 ਫੱਟ ਲੱਗ ਗਏ ਸਨ, ਪਰ ਉਹ ਮਰਹਮ ਪੱਟੀ ਅਤੇ ਦਵਾ-ਦਾਰੂ ਕਰ ਕੇ ਚੜ੍ਹਦੀ ਕਲਾ ਦਾ ਪ੍ਰਗਟਾਵਾ ਕਰ ਰਿਹਾ ਸੀ। ਸਿੰਘਾਂ ਦੇ ਮਨ ਵਿਚ ਇਤਿਹਾਸ ਦੇ ਵਿਖਿਆਨਾਂ ਰਾਹੀਂ ਉਸ ਨੇ ਜੂਝ-ਮਰਨ ਲਈ ਨਵਾਂ ਜੋਸ਼ ਅਤੇ ਉਤਸ਼ਾਹ ਪੈਦਾ ਕਰ ਦਿੱਤਾ ਸੀ। ਵੱਡੇ ਘੱਲੂਘਾਰੇ ਤੋਂ ਲੱਗਭਗ ਤਿੰਨ ਮਹੀਨੇ ਬਾਅਦ ਸਿੱਖ ਦੁਬਾਰਾ ਖੜੇ ਹੋ ਗਏ ਸਨ ਅਤੇ ਉਨ੍ਹਾਂ ਨੇ ਪਿੰਡਾਂ ਦੇ ਦੁਸ਼ਟ ਹਾਕਮਾਂ ਦੀ ਸੁਧਾਈ ਕਰਦੇ ਹੋਏ ਆਪਣਾ ਮੂੰਹ ਸਰਹਿੰਦ ਵੱਲ ਕਰ ਲਿਆ ਸੀ ਜਿੱਥੇ



SikhBookClub.Com

ਅਹਿਮਦਸ਼ਾਹ ਅਬਦਾਲੀ ਦੁਆਰਾ ਨਿਯੁਕਤ ਕੀਤੇ ਗਏ ਹਾਕਮ ਜੈਨ ਖ਼ਾਨ ਦਾ ਕਬਜ਼ਾ ਸੀ। ਅਫ਼ਗਾਨ ਹਾਕਮਾਂ ਦਾ ਇਲਾਕੇ ਵਿਚ ਕਬਜ਼ਾ ਖ਼ਤਮ ਹੋਣ ਨਾਲ ਆਮ ਲੋਕ ਸਿੱਖ ਸਰਦਾਰਾਂ ਦੀ ਸ਼ਰਨ ਵਿਚ ਆਉਣ ਲੱਗੇ ਸਨ। ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਸੀ ਕਿ ਸਿੱਖ ਹੀ ਉਨ੍ਹਾਂ ਦੇ ਜਾਨ-ਮਾਲ ਦੀ ਵਧੇਰੇ ਚੰਗੀ ਤਰ੍ਹਾਂ ਸੁਰੱਖਿਆ ਕਰ ਸਕਦੇ ਹਨ। ਪਿੰਡਾਂ ਦੇ ਲੋਕ ਅਤੇ ਇਲਾਕੇ ਦੇ ਚੌਧਰੀ ਸਿੱਖਾਂ ਨੂੰ ਆਪਣੇ ਰਾਖੇ ਸਮਝਣ ਲੱਗ ਪਏ ਸਨ। ਮੁਸਲਮਾਨ ਅਤੇ ਗ਼ੈਰ-ਮੁਸਲਮਾਨ ਦੋਵੇਂ ਹੀ ਸਿੱਖਾਂ ਨੂੰ ਆਪਣੇ ਨੇੜੇ ਸਮਝਣ ਲੱਗੇ ਸਨ।

ਸਰਹਿੰਦ ਤੋਂ ਬਾਅਦ 'ਦਲ ਖਾਲਸਾ' ਨੇ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਅਧੀਨ ਪੰਜਾਬ ਨੂੰ ਅਫ਼ਗ਼ਾਨਾਂ ਦੇ ਪ੍ਰਭਾਵ ਤੋਂ ਮੁਕਤ ਕਰਨ ਦੀ ਕਾਰਵਾਈ ਅਰੰਭ ਕਰ ਦਿੱਤੀ ਸੀ। ਸਰਹਿੰਦ ਦੇ ਹਾਕਮ ਜ਼ੈਨ ਖ਼ਾਨ ਤੋਂ ਨਜ਼ਰਾਨਾ ਵਸੂਲ ਕਰਨ ਉਪਰੰਤ ਇਨ੍ਹਾਂ ਨੇ ਅਪ੍ਰੈਲ 1763 ਵਿਚ ਜਲੰਧਰ ਦੇ ਹਾਕਮ ਸਆਦਤ ਖ਼ਾਨ ਅਤੇ ਨਵੰਬਰ 1763 ਈ. ਵਿਚ ਅਫ਼ਗਾਨ ਕਮਾਂਡਰ ਜਹਾਨ ਖ਼ਾਨ ਨੂੰ ਹਰਾ ਕੇ 1764 ਈ. ਵਿਚ ਸਰਹਿੰਦ 'ਤੇ ਹਮਲਾ ਕਰ ਦਿੱਤਾ ਸੀ ਜਿਸ ਵਿਚ ਇੱਥੋਂ ਦਾ ਹਾਕਮ ਜ਼ੈਨ ਖ਼ਾਨ ਮਾਰਿਆ ਗਿਆ ਸੀ। ਇਸੇ ਸਾਲ ਹੀ ਸਿੱਖਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਪੁਨਰ-ਉਸਾਰੀ ਦਾ ਕਾਰਜ ਅਰੰਭ ਕਰ ਦਿੱਤਾ ਸੀ। 11 ਅਪ੍ਰੈਲ, 1765 ਈ. ਵਿਚ ਲਾਹੌਰ 'ਤੇ ਕਬਜ਼ਾ ਕਰ ਕੇ ਸਿੱਖ ਪੰਜਾਬ ਦੇ ਸੁਤੰਤਰ ਹਾਕਮ ਬਣ ਗਏ ਸਨ। ਅਹਿਮਦਸ਼ਾਹ ਅਬਦਾਲੀ ਸਿੱਖਾਂ ਦੀ ਤਾਕਤ ਨੂੰ ਬਹੁਤ ਨੇੜਿਉਂ ਦੇਖ ਚੁੱਕਾ ਸੀ ਅਤੇ ਜੋ ਹਾਲ ਉਸ ਦੇ ਜਰਨੈਲਾਂ ਦਾ ਪੰਜਾਬ ਵਿਚ ਹੋਇਆ ਸੀ, ਉਸ ਤੋਂ ਉਸ ਦਾ ਮਨ ਪੰਜਾਬ ਵੱਲੋਂ ਖੱਟਾ ਹੋ ਚੁੱਕਾ ਸੀ। ਸਿੱਖਾਂ ਨਾਲ ਲੜਨ ਦੀ ਬਜਾਏ ਉਸ ਨੇ ਇਨ੍ਹਾਂ ਨਾਲ ਸੰਧੀ ਕਰਨ ਦਾ ਮਨ ਬਣਾ ਲਿਆ ਸੀ ਜਿਸ ਨੂੰ ਦਲ ਖਾਲਸਾ ਨੇ ਸਾਂਝੇ ਤੌਰ 'ਤੇ ਠੁਕਰਾ ਦਿੱਤਾ ਸੀ। ਸਿੱਖਾਂ ਦੀ ਵਧਦੀ ਤਾਕਤ ਤੋਂ ਦਿੱਲੀ ਦੇ ਹਾਕਮ ਵੀ ਅਣਜਾਣ ਨਹੀਂ ਸਨ ਅਤੇ ਉਹ ਵੀ ਸਿੱਖਾਂ ਨਾਲ ਰਾਜਨੀਤਿਕ ਸੁਲਾਹ-ਸਫਾਈ ਕਰਨ ਦੀ ਇੱਛਾ ਰੱਖਣ ਲੱਗੇ ਸਨ। ਪਰ ਜਦੋਂ ਗੱਲਬਾਤ ਸਿਰੇ ਨਾ ਚੜ੍ਹੀ ਤਾਂ ਦਿੱਲੀ ਦੇ ਹਾਕਮ ਸ਼ਾਹ ਆਲਮ ਦੇ ਇਕ ਵਜ਼ੀਰ ਅਬਦੁਲ ਅਹਿਦ ਖ਼ਾਨ ਨੇ 1779 ਵਿਚ ਪਟਿਆਲੇ ਦੇ ਰਾਜੇ ਅਮਰ ਸਿੰਘ 'ਤੇ ਹਮਲਾ ਕਰ ਦਿੱਤਾ ਜਿਸ ਨੂੰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਅਸਫ਼ਲ ਕਰ ਦਿੱਤਾ ਗਿਆ। 700000 ਰੁਪਏ ਨਜਰਾਨਾ ਦੇ ਕੇ ਵਜ਼ੀਰ ਦਿੱਲੀ ਵਾਪਸ ਮੁੜ ਸਕਿਆ ਸੀ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਸਿੱਖਾਂ ਨੇ ਸਮੁੱਚੇ ਪੰਜਾਬ 'ਤੇ ਆਪਣਾ ਅਧਿਕਾਰ ਕਰ ਲਿਆ ਸੀ। ਭਾਰਤ ਦੇ ਕਿਸੇ ਹਾਕਮ ਜਾਂ ਅਫ਼ਗਾਨਿਸਤਾਨ ਦੇ ਕਿਸੇ ਹਮਲਾਵਰ ਵਿਚ ਪੰਜਾਬ ਵੱਲ ਮੂੰਹ ਕਰਨ ਦੀ ਹਿੰਮਤ ਬਾਕੀ ਨਹੀਂ ਰਹੀ ਸੀ। ਗੁਰੂ ਦੀ ਭਉ-ਭਾਵਨੀ ਵਿਚ ਜੀਵਨ ਬਸਰ ਕਰਨ ਵਾਲੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਦੂਰ-ਅੰਦੇਸ਼ੀ ਅਤੇ



SikhBookClub.Com

ਸਮੂਹ ਦਲਾਂ ਨੂੰ ਇਕ ਸੂਤਰ ਵਿਚ ਬੰਨ੍ਹ ਕੇ ਰੱਖਣ ਨਾਲ ਹੀ ਇਹ ਕਾਰਜ ਸਫ਼ਲ ਹੋ ਸਕਿਆ ਸੀ। ਭਾਵੇਂ ਕਿ 20 ਅਕਤੂਬਰ, 1783 ਨੂੰ ਸੁਲਤਾਨ-ਉਲ-ਕੌਮ ਸਦੀਵੀ ਵਿਛੋੜਾ ਦੇ ਗਿਆ ਸੀ, ਪਰ ਉਸ ਦੀ ਯਾਦ ਸਿੱਖਾਂ ਦੇ ਦਿਲਾਂ ਵਿਚ ਹਮੇਸ਼ਾਂ ਕਾਇਮ ਰਹੇਗੀ।

## ਹਵਾਲੇ ਅਤੇ ਟਿੱਪਣੀਆਂ:

1. ਅਰਬੀ ਭਾਸ਼ਾ ਦੇ ਇਸ ਸ਼ਬਦ ਦੀ ਪਰਿਭਾਸ਼ਾ ਭਾਈ ਕਾਨ੍ਹ ਸਿੰਘ ਨਾਭਾ ਇਹ ਦੱਸਦੇ ਹਨ, "ਦਰਜਾ, ਰੁਤਬਾ, ਕਾਗ਼ਜ਼ਾਂ ਦੀ ਨੱਥੀ, ਤੁਲਯ, ਸਮਾਨ, ਸਦ੍ਰਿਸ਼।" ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 725; ਫ਼ਾਰਸੀ ਪੰਜਾਬੀ ਕੋਸ਼ ਵਿਚ ਮਿਸਲ ਸ਼ਬਦ ਦੇ ਇਹ ਅਰਥ ਦੱਸੇ ਗਏ ਹਨ, "ਵਰਮਾ, ਇਕ ਸਮਾਨ, ਸਾਰੇ ਗੁਣਾਂ ਵਿਚ ਸਮਾਨ।" ਪੰਨਾ 622; ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰੀ ਕਵੀ ਸੈਨਪਤਿ ਭੰਗਾਣੀ ਦੇ ਯੁੱਧ ਵਿਚ ਮਿਸਲ ਸ਼ਬਦ ਦੀ ਵਰਤੋਂ ਕਰਦਾ ਹੋਇਆ ਦੱਸਦਾ ਹੈ ਕਿ ਗੁਰੂ ਜੀ ਨੇ ਮੋਰਚਿਆਂ ਨੂੰ ਮਿਸਲਾਂ ਦੇ ਸਪੁਰਦ ਕਰ ਦਿੱਤਾ ਸੀ - ਆਨ ਕੈ ਖੇਤ ਪੈ ਦੇਖ ਚਤਰੰਗ ਸਬ ਮੋਰਚੇ ਬਾਂਟਿ ਕੈ ਮਿਸਲ ਲਾਏ। ਸ੍ਰੀ ਗੁਰ ਸੋਭਾ, ਅਧਿ. 2.52; ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਜਦੋਂ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਹੋ ਗਈ ਤਾਂ ਸਿੱਖਾਂ 'ਤੇ ਹਕੂਮਤ ਦੇ ਜ਼ੁਲਮ ਬਹੁਤ ਵਧ ਗਏ ਸਨ। ਜਥਿਆਂ ਦੇ ਰੂਪ ਵਿਚ ਸਿੱਖਾਂ ਨੇ ਆਪਣੇ ਆਪ ਨੂੰ ਸੰਗਠਿਤ ਕਰ ਲਿਆ ਸੀ। ਪ੍ਰਮੁੱਖ ਤੌਰ 'ਤੇ ਇਨ੍ਹਾਂ ਜਥਿਆਂ ਦੀ ਗਿਣਤੀ 65 ਦੱਸੀ ਜਾਂਦੀ ਹੈ। ਇਹ ਸਮੂਹ ਜਥੇ ਮਿਲ ਕੇ ਹਮਲਾਵਰਾਂ ਦਾ ਟਾਕਰਾ ਕਰਦੇ ਸਨ। ਸਮਾਂ ਪਾ ਕੇ ਇਹ ਜਥੇ 11 ਮਿਸਲਾਂ ਦੇ ਰੂਪ ਵਿਚ ਪ੍ਰਫੁਲਿਤ ਹੋਏ - ਆਹਲੂਵਾਲੀਆ ਮਿਸਲ, ਸਿੰਘਪੁਰੀਆ ਜਾਂ ਫੈਜਲਪੁਰੀਆ ਮਿਸਲ, ਕਰੋੜਸਿੰਘੀਆ ਮਿਸਲ, ਨਿਸ਼ਾਨਾਂਵਾਲੀ ਮਿਸਲ, ਮਿਸਲ ਸ਼ਹੀਦਾਂ, ਡੱਲੇਵਾਲੀਆ ਮਿਸਲ, ਸੁਕਰਚੱਕੀਆ ਮਿਸਲ, ਭੰਗੀ ਮਿਸਲ, ਕਨ੍ਹਈਆ ਮਿਸਲ, ਨਕੱਈ ਮਿਸਲ ਅਤੇ ਰਾਮਗੜ੍ਹੀਆ ਮਿਸਲ। ਇਨ੍ਹਾਂ ਗਿਆਰਾਂ ਮਿਸਲਾਂ ਤੋਂ ਇਲਾਵਾ ਬਾਬਾ ਆਲਾ ਸਿੰਘ ਦੀ ਫੂਲਕੀਆਂ ਮਿਸਲ ਵੀ ਇਤਿਹਾਸ ਦਾ ਹਿੱਸਾ ਹੈ ਜਿਹੜੀ ਕਿ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਅਧੀਨ ਇਕੱਤਰ ਗਿਆਰਾਂ ਮਿਸਲਾਂ ਦੇ ਸਾਂਝੇ ਦਲ ਖਾਲਸਾ ਤੋਂ ਸੁਤੰਤਰ ਤੌਰ 'ਤੇ ਕਾਰਜਸ਼ੀਲ ਸੀ।
2. ਆਹਲੂਵਾਲੀਆ ਸਿੱਖਾਂ ਦੀਆਂ ਬਾਰਾਂ ਮਿਸਲਾਂ ਵਿੱਚੋਂ ਇਕ ਸੀ। ਇਸ ਮਿਸਲ ਦਾ ਇਹ ਨਾਂ ਲਾਹੌਰ ਜ਼ਿਲ੍ਹੇ ਵਿਚ ਪੈਂਦੇ ਇਕ ਪਿੰਡ ਆਹਲੂ ਤੋਂ ਪਿਆ ਸੀ। ਇਸ ਪਰਵਾਰ ਦਾ ਇਕ ਵਡੇਰਾ ਸ. ਗੰਡਾ ਸਿੰਘ ਇਸ ਪਿੰਡ ਵਿਖੇ ਆ ਵੱਸਿਆ ਸੀ ਜਿਸ ਦੇ ਖ਼ਾਨਦਾਨ ਵਿਚ ਇਕ ਬਾਲਕ ਨੇ ਜਨਮ ਲਿਆ ਜਿਸ ਦਾ ਨਾਂ ਜੱਸਾ ਸਿੰਘ ਰੱਖਿਆ ਗਿਆ। ਸਮਾਂ ਪਾ ਕੇ ਸਿੱਖਾਂ ਦਾ ਇਹ ਇਕ ਉੱਘਾ ਜਰਨੈਲ ਬਣਿਆ। ਆਹਲੂ ਪਿੰਡ ਨਾਲ ਸੰਬੰਧਿਤ ਹੋਣ ਕਰ ਕੇ ਇਸ ਦੀ ਮਿਸਲ ਦਾ ਨਾਂ ਆਹਲੂਵਾਲੀਆ ਮਿਸਲ ਪ੍ਰਸਿੱਧ ਹੋਇਆ।
3. ਗੰਡਾ ਸਿੰਘ, *ਸਰਦਾਰ ਜੱਸਾ ਸਿੰਘ ਆਹਲੂਵਾਲੀਆ*, ਪੰਨਾ 21.
4. ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼*, ਸੰਪਾਦਕ ਜੀਤ ਸਿੰਘ ਸੀਤਲ, ਪੰਨਾ 290.
5. ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਭਾਗ ਦੂਜਾ, ਪੰਨਾ 722.
6. Lepel Griffin, *The Rajas of the Punjab,* Vol. II, P. 454; ਗੰਡਾ ਸਿੰਘ, *ਸਰਦਾਰ ਜੱਸਾ ਸਿੰਘ ਆਹਲੂਵਾਲੀਆ*, ਪੰਨਾ 24
7. ਦਾਣੈ ਦਾਰ ਕਰਯੋ ਜੱਸਾ ਸਿੰਘ ਬਾਲ। ਆਹਲੂਵਾਲ ਜੁ ਹੁਤੋ ਕਲਾਲ। ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਸੰਪਾਦਕ ਜੀਤ ਸਿੰਘ ਸੀਤਲ, ਪੰਨਾ... ਬੰਦ 12; ਜੱਸਾ ਸਿੰਘ ਆਲੂ ਬਯ ਬਾਲਕ ਦਾਣਾ ਯਹਿ ਵਰਤਾਵੈ। ਗਿਆਨੀ ਗਿਆਨ ਸਿੰਘ, ਸ੍ਰੀ ਗੁਰੁ ਪੰਥ ਪ੍ਰਕਾਸ਼, ਉੱਤਰਾਰਧ ਅਧਿਆਇ 27.18



SikhBookClub.Com

8. ਹਮ ਤੈ ਕੀਨੋ ਪੰਥ ਨਵਾਬੈ। ਤੇਰੈ ਕਰਿਯੁਗੁ ਪਤਿਸ਼ਾਹੀ ਤਾਬੈ।
ਉਸੀ ਵਕਤ ਤੇ ਭਯੋ ਨਿਹਾਲ। ਸ਼ਾਹਿ ਕਹਾਯੋ ਜੱਸਾ ਸਿੰਘ ਕਲਾਲ। ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਸੰਪਾਦਕ ਜੀਤ ਸਿੰਘ ਸੀਤਲ, ਪੰਨਾ... ਬੰਦ 15

9. ਦਲ ਖ਼ਾਲਸਾ ਸਿੱਖਾਂ ਦੀ ਸਾਂਝੀ ਜਥੇਬੰਦੀ ਸੀ ਜਿਹੜੀ ਇਕ ਨਿਸ਼ਾਨ, ਨਗਾਰੇ ਅਤੇ ਜਰਨੈਲ ਅਧੀਨ ਬਾਹਰੀ ਹਮਲਾਵਰਾਂ ਦਾ ਟਾਕਰਾ ਕਰਨ ਲਈ ਸਾਹਮਣੇ ਆਈ ਸੀ। ਭਾਵੇਂ ਕਿ ਇਸ ਵਿਚ ਗਿਆਰਾਂ ਮਿਸਲਾਂ ਸ਼ਾਮਲ ਸਨ ਜਿਹੜੀਆਂ ਆਪੋ-ਆਪਣੇ ਸਰਦਾਰ ਅਧੀਨ ਕਾਰਜਸ਼ੀਲ ਸਨ। ਸਮੂਹ ਅੰਮ੍ਰਿਤਧਾਰੀ ਸਿੱਖਾਂ ਨੂੰ ਇਸ ਦਾ ਮੈਂਬਰ ਮੰਨਿਆ ਜਾਂਦਾ ਸੀ। ਸਾਲ ਵਿਚ ਦੋ ਵਾਰੀ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸਿੱਖਾਂ ਦਾ ਇਕੱਠ ਹੁੰਦਾ ਸੀ ਜਿਸ ਵਿਚ ਪੰਥਕ ਮਸਲੇ ਬਹੁਤ ਹੀ ਗੰਭੀਰਤਾ ਸਹਿਤ ਵਿਚਾਰੇ ਜਾਂਦੇ ਸਨ ਅਤੇ ਸਮੂਹ ਕੌਮੀ ਮਸਲਿਆਂ 'ਤੇ ਇਕ ਗੁਰਮਤਾ ਪਾਸ ਕਰ ਕੇ ਉਸ ਅਨੁਸਾਰ ਕਾਰਜਸ਼ੀਲ ਹੋਣ ਦਾ ਹੁਕਮਨਾਮਾ ਜਾਰੀ ਕੀਤਾ ਜਾਂਦਾ ਸੀ। ਦਲ ਖਾਲਸਾ ਦੇ ਸਮੂਹ ਮੈਂਬਰ ਹੁਕਮਨਾਮੇ ਦੇ ਪਾਲਣਾ ਕਰਨ ਲਈ ਆਪਾ ਕੁਰਬਾਨ ਕਰਨ ਲਈ ਤਿਆਰ ਰਹਿੰਦੇ ਸਨ। ਇਹ ਸਿੱਖਾਂ ਦੀ ਸਾਂਝੀ ਸ਼ਕਤੀ ਦਾ ਪ੍ਰਤੀਕ ਸੀ ਅਤੇ ਇਸੇ ਜਥੇਬੰਦੀ ਅਧੀਨ ਸਿੱਖਾਂ ਨੇ ਇਕਮੁੱਠ ਹੋ ਕੇ ਅਬਦਾਲੀ ਅਤੇ ਮਰਾਠਿਆਂ ਦਾ ਮੁਕਾਬਲਾ ਕਰਦੇ ਹੋਏ ਫ਼ਤਿਹ ਪ੍ਰਾਪਤ ਕੀਤੀ ਸੀ। ਦਲ ਖ਼ਾਲਸਾ ਅਧੀਨ ਸਿੱਖਾਂ ਨੂੰ ਵੱਡੇ ਘੱਲੂਘਾਰੇ ਦਾ ਸਾਹਮਣਾ ਕਰਨ ਪਿਆ ਸੀ ਜਿਸ ਵਿਚ ਹਜ਼ਾਰਾਂ ਸਿੱਖ ਸ਼ਹੀਦ ਹੋ ਗਏ ਸਨ ਅਤੇ ਇਸੇ ਜਥੇਬੰਦੀ ਨੇ ਸਾਂਝੇ ਤੌਰ 'ਤੇ ਜਮਨਾ ਤੋਂ ਲੈ ਕੇ ਲਾਹੌਰ ਪਿਸ਼ੌਰ ਤਕ ਆਪਣੀ ਸ਼ਕਤੀ ਦਾ ਸਿੱਕਾ ਜਮਾ ਲਿਆ ਸੀ। ਬਾਹਰੀ ਅਤੇ ਅੰਦਰੂਨੀ ਹਮਲਾਵਰਾਂ ਤੋਂ ਪੰਜਾਬ ਨੂੰ ਮੁਕਤ ਕਰਵਾਉਣ ਵਿਚ ਇਸ ਜਥੇਬੰਦੀ ਦੀ ਵਡਮੁੱਲੀ ਦੇਣ ਹੈ।

10. Tahmas Khan, Qissa-i Tahmas-i Miskin or Tahmas Nama, translated by Irfan Habib, in *Sikh History from Persian Sources*, ed. by J.S. Grewal and Irfan Habib, ਪ. 182.

11. ਵੱਡੇ ਘੱਲੂਘਾਰੇ ਉਪਰੰਤ ਅਹਿਮਦ ਸ਼ਾਹ ਅਬਦਾਲੀ ਨੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਇਮਾਰਤ ਨੂੰ ਬਾਰੂਦ ਨਾਲ ਉਡਾ ਕੇ ਇਸ ਦੇ ਸਰੋਵਰ ਨੂੰ ਮਿੱਟੀ ਨਾਲ ਭਰ ਦਿੱਤਾ ਸੀ। ਸਿੱਖ ਤਾਕਤ ਵਿਚ ਆਏ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਨੇ ਇਸ ਪਵਿੱਤਰ ਅਸਥਾਨ ਦੀ ਕਾਰ-ਸੇਵਾ ਅਰੰਭ ਕਰਵਾਈ ਅਤੇ ਇਸ ਕਾਰਜ ਲਈ ਲੱਖਾਂ ਰੁਪੱਈਆ ਇਕੱਤਰ ਕੀਤਾ ਗਿਆ। ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ 19 ਅਪ੍ਰੈਲ, 1764 ਈ. ਨੂੰ ਇਹ ਕਾਰਜ ਸਾਂਝੇ ਤੌਰ 'ਤੇ ਅਰੰਭ ਕਰਵਾਇਆ ਸੀ। ਇਸ ਕਾਰਜ ਦੀ ਨਿਗਰਾਨੀ ਸ੍ਰੀ ਅੰਮ੍ਰਿਤਸਰ ਦੇ ਇਕ ਖੱਤਰੀ ਭਾਈ ਦੇਸ ਰਾਜ ਨੂੰ ਸੌਂਪੀ ਗਈ ਸੀ ਜਿਸ 'ਤੇ ਸਮੁੱਚਾ ਸਿੱਖ ਪੰਥ ਬਹੁਤ ਹੀ ਵਿਸ਼ਵਾਸ ਪ੍ਰਗਟ ਕਰਦਾ ਸੀ। ਇਸ ਵੱਡੇ ਕਾਰਜ ਲਈ ਧਨ ਇਕੱਤਰ ਕਰਨ ਲਈ ਇਸ ਨੂੰ ਇਕ ਮੋਹਰ ਸੌਂਪੀ ਗਈ ਜਿਸ ਨੂੰ 'ਗੁਰੂ ਕੀ ਮੋਹਰ' ਕਿਹਾ ਜਾਂਦਾ ਸੀ।



SikhBookClub.Com

# ਫ਼ਾਰਸੀ ਸਰੋਤਾਂ ਅਨੁਸਾਰ
# ਸਰਦਾਰ ਜੱਸਾ ਸਿੰਘ ਆਹਲੂਵਾਲੀਆ

*—ਡਾ. ਰਾਏ ਜਸਬੀਰ ਸਿੰਘ*

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸਿੱਖ ਸੰਘਰਸ਼ ਦੌਰਾਨ ਪ੍ਰਮੁੱਖ ਸਿੱਖ ਨੇਤਾ ਰਹੇ, ਇਨ੍ਹਾਂ ਦੀ ਅਗਵਾਈ ਹੇਠ ਸਿੱਖਾਂ ਨੇ ਪਹਿਲਾਂ ਮੁ਼ਗ਼ਲ ਸਰਕਾਰ ਅਤੇ ਫਿਰ ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਦਾ ਮੁਕਾਬਲਾ ਕੀਤਾ। ਇਨ੍ਹਾਂ ਨੇ ਦਲ ਖਾਲਸਾ ਦੀ ਅਗਵਾਈ ਕੀਤੀ।[1] ਇਨ੍ਹਾਂ ਨੇ ਇਸ ਦੌਰਾਨ ਨਾ ਕੇਵਲ ਪੰਜਾਬ ਵਿੱਚੋਂ ਮੁਗ਼ਲ ਰਾਜ ਦਾ ਖਾਤਮਾ ਕੀਤਾ ਸਗੋਂ ਅਹਿਮਦਸ਼ਾਹ ਅਬਦਾਲੀ ਦੇ ਨੌ ਹਮਲਿਆਂ ਦਾ ਮੂੰਹ ਤੋੜਿਆ। ਪੰਜਾਬ ਵਿਚ ਸਿੱਖ ਮਿਸਲਾਂ ਦਾ ਰਾਜ ਵੀ ਕਾਇਮ ਕਰ ਲਿਆ। ਆਖਿਰ ਗੰਗਾ ਦਰਿਆ ਅਤੇ ਦਿੱਲੀ ਤਕ ਮਰਾਠਾ ਸ਼ਕਤੀ ਦੀ ਥਾਂ ਖਾਲਸਾ ਰਾਜ ਕਾਇਮ ਕਰਨ ਲਈ ਕਦਮ ਪੁੱਟੇ। ਇੱਥੋਂ ਤਕ ਕਿ ਅੰਗਰੇਜ਼ੀ ਸ਼ਕਤੀ ਫਿਕਰ ਵਿਚ ਪੈ ਗਈ।[2] ਅਸੀਂ ਉਸ ਵੇਲੇ ਦੀ ਰਾਜਸੀ ਭਾਸ਼ਾ ਫ਼ਾਰਸੀ ਵਿਚਲੀਆਂ ਰਚਨਾਵਾਂ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਬਾਰੇ ਜੋ ਲਿਖਿਆ ਗਿਆ ਹੈ, ਉਸ ਨੂੰ ਦੇਖਾਂਗੇ ਅਤੇ ਲੱਭਣ ਦੀ ਕੋਸ਼ਿਸ਼ ਕਰਾਂਗੇ ਕਿ ਇਨ੍ਹਾਂ ਨੂੰ ਕਿਸ ਦ੍ਰਿਸ਼ਟੀ ਤੋਂ ਵਿਚਾਰਿਆ ਗਿਆ ਹੈ ਅਤੇ ਨਾਲ ਹੀ ਪੰਜਾਬੀ ਰਚਨਾਵਾਂ ਵਿਚਲੇ ਨਜ਼ਰੀਏ ਨਾਲ ਤੁਲਨਾ ਕਰ ਕੇ ਪੰਜਾਬ ਨੂੰ ਇਨ੍ਹਾਂ ਦੀ ਦੇਣ ਬਾਰੇ ਵਿਚਾਰ ਕੀਤੀ ਜਾਵੇਗੀ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਬਾਰੇ ਗੱਲ ਕਰਨ ਲਈ ਪ੍ਰਮੁੱਖ ਫ਼ਾਰਸੀ ਰਚਨਾਵਾਂ ਵਿੱਚੋਂ ਹੇਠ ਲਿਖੀਆਂ ਲਈਆਂ ਜਾ ਰਹੀਆਂ ਹਨ:-

1. ਦਿਲ ਮੁਹੰਮਦ ਦਿਲਸ਼ਾਦ ਪਸਰੂਰੀ, ਦੀਵਾਨ ਦਿਲਸ਼ਾਦ ਪਸਰੂਰੀ
2. ਕਾਜੀ ਨੂਰ ਮੁਹੰਮਦ, ਜੰਗਨਾਮਾ, 1765 ਈ.
3. ਮਿਸਕੀਨ, ਤਹਿਮਾਸ ਨਾਮਾ, 1782 ਈ.
4. ਹਕੀਕਤ ਬਿਨ-ਵ-ਉਰੂਜਿ ਫਿਰਕਾ ਇ ਸਿੱਖਾਂ, 1783-85 ਈ.
5. ਬੁੱਧ ਸਿੰਘ ਅਰੋੜਾ, ਰਿਸਾਲਾ ਦਰ ਅਹਿਵਾਲ ਨਾਨਕ ਸ਼ਾਹ ਦਰਵੇਸ਼, 1786 ਈ.
6. ਖੁਸਵਕਤ ਰਾਇ, ਅਹਿਵਾਲ ਇ ਫਿਰਕਾ ਇ ਸਿੱਖਾਂ, 1811 ਈ.
7. ਸੋਹਨ ਲਾਲ ਸੂਰੀ, ਉਮਦੱਤ ਤਵਾਰੀਖ, 1813 ਅਤੇ 1849-52 ਈ.



SikhBookClub.Com

8. ਅਹਿਮਦ ਸ਼ਾਹ ਬਟਾਲਵੀ ਤਾਰੀਖ-ਇ-ਹਿੰਦ, 1829 ਈ.

9. ਗਣੇਸ਼ ਦਾਸ ਵਡੇਹਰਾ, ਚਾਰ ਬਾਗ-ਏ-ਪੰਜਾਬ, 1849 ਈ.

ਇਸ ਦੀ ਪਹਿਲੀ ਰਚਨਾ 'ਦੀਵਾਨ ਦਿਲਸ਼ਾਦ ਪਸਰੂਰੀ' ਹੈ। ਇਹ ਵਿਅਕਤੀ ਸਾਰੇ ਪੰਜਾਬ ਨੂੰ ਪਿਆਰ ਕਰਦਾ ਹੈ ਪਰ ਉਸ ਦਾ ਮੋਹ ਪਸਰੂਰ ਨਾਲ ਵਧੇਰੇ ਹੈ।[3] ਉਹ ਆਪਣੇ ਸਮੇਂ ਦੀਆਂ ਘਟਨਾਵਾਂ ਤੋਂ ਬੜਾ ਚਿੰਤਤ ਹੈ। ਇਸ ਸਮੇਂ ਜੋ ਅਫੜਾ ਦਫੜੀ ਫੈਲੀ ਹੋਈ ਹੈ, ਉਸ ਪ੍ਰਤੀ ਉਸ ਦਾ ਕਾਫੀ ਲਗਾਵ ਹੈ। ਸਿੱਖਾਂ ਦੀਆਂ ਕਾਰਗੁਜ਼ਾਰੀਆਂ ਉਸ ਨੂੰ ਪਸੰਦ ਨਹੀਂ। ਸਿੱਖਾਂ ਦੇ ਲਾਹੌਰ ਦੇ ਕਬਜ਼ੇ ਤੋਂ ਬਾਅਦ ਉਹ ਅਬਦਾਲੀ ਦੇ ਹਮਲਿਆਂ ਦਾ ਵੀ ਵਿਰੋਧ ਕਰਦਾ ਹੈ, ਪਰ ਉਹ ਅਬਦਾਲੀ ਦੀ ਆਮਦ ਤੋਂ ਖੁਸ਼ ਹੁੰਦਾ ਹੈ। ਭਾਵੇਂ ਉਹ ਕਦੇ ਕੁਝ ਪਸੰਦ ਕਰਦਾ ਹੈ ਅਤੇ ਭਾਵੇਂ ਕੁਝ, ਪਰ ਉਸ ਦੀ ਰਚਨਾ ਵਿੱਚੋਂ ਸਿੱਖਾਂ ਦੀਆਂ ਕਾਰਗੁਜ਼ਾਰੀਆਂ ਦਾ ਸਾਫ ਪਤਾ ਚੱਲ ਜਾਂਦਾ ਹੈ।[4] ਪਰ ਇਸ ਤੋਂ ਇੱਕਲੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਉਸ ਦੀ ਮਿਸਲ ਬਾਰੇ ਪਤਾ ਨਹੀਂ ਲੱਗਦਾ। ਅਜਿਹਾ ਉਸ ਦੀ ਚੋਣ ਤੇ ਉਦੇਸ਼ ਤੋਂ ਮਾਲੂਮ ਹੁੰਦਾ ਹੈ ਕਿ ਉਹ ਸਿੱਖ ਮਿਸਲਾਂ ਦੀਆਂ ਕਾਰਗੁਜ਼ਾਰੀਆਂ ਨਾਲ ਮੇਲ ਨਹੀਂ ਆਉਂਦਾ।

ਦਿਲਸ਼ਾਦ ਦਾ ਸਮਾਂ ਮੁਗ਼ਲ ਰਾਜ ਦੇ ਖਾਤਮੇ ਦਾ ਸਮਾਂ ਹੈ। ਇਸ ਰਾਜ ਨੂੰ ਖਤਮ ਕਰਨ ਲਈ ਅਹਿਮਦ ਸ਼ਾਹ ਯੋਗਦਾਨ ਪਾ ਰਿਹਾ ਹੁੰਦਾ ਹੈ। ਉਹ ਪੀਰਾਂ ਪੈਗੰਬਰਾਂ ਨੂੰ ਬੇਨਤੀ ਕਰਦਾ ਹੈ ਕਿ ਉਹ ਸਿੱਖਾਂ ਨੂੰ ਰਾਹੇ ਪਾਏ।[5] ਜਾਪਦਾ ਹੈ ਕਿ ਦਿਲਸ਼ਾਦ ਫਿਰਕੂ ਨਜ਼ਰੀਏ ਤੋਂ ਸਿੱਖਾਂ ਦਾ ਵਿਰੋਧੀ ਹੈ। ਅਬਦਾਲੀ ਦੇ ਆਉਂਦੇ ਰਹਿਣ 'ਤੇ ਉਸ ਨੂੰ ਸਕੂਨ ਮਿਲਦਾ ਹੈ। ਉਹ ਇੱਛਾ ਜਾਹਰ ਕਰਦਾ ਹੈ ਕਿ ਅਬਦਾਲੀ ਇੱਥੋਂ ਨਾ ਜਾਇਆ ਕਰੇ।[6] ਇਉਂ ਦਿਲਸ਼ਾਦ ਵਿਸ਼ੇਸ਼ ਕਿਸਮ ਦਾ ਕਵੀ ਹੈ। ਉਹ ਚਕਵੇਂ ਚੁੱਲ੍ਹੇ ਵਾਂਗ ਹੈ। ਇੱਥੇ ਸਿੱਖ ਮਿਸਲਦਾਰਾਂ ਦੇ ਕਾਰਜਾਂ ਬਾਰੇ ਦੱਸਿਆ ਗਿਆ, ਪਰ ਕਿਸੇ ਖਾਸ ਮਿਸਲਦਾਰ ਜਿਹਾ ਕਿ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਬਾਰੇ ਕੁਝ ਨਹੀਂ ਮਿਲਦਾ।

ਕਾਜੀ ਨੂਰ ਮੁਹੰਮਦ ਅਬਦਾਲੀ ਦੇ ਸਤਵੇਂ ਹਮਲੇ (1764 ਈ.) ਸਮੇਂ ਕਲਾਤ, ਬਲੋਚਿਸਤਾਨ ਤੋਂ ਆਪਣੇ ਸਰਦਾਰ ਸਮੇਤ ਆਇਆ। ਸਤਵੇਂ ਹਮਲੇ ਦੇ ਨਜ਼ਾਰੇ ਉਸ ਨੇ ਖ਼ੁਦ ਦੇਖੇ ਫਿਰ ਬਾਅਦ ਵਿਚ ਉਸ ਨੇ ਇਕ ਕਿਤਾਬ ਲਿਖੀ।[7] ਇਸ ਹਮਲੇ ਸਮੇਂ ਅਬਦਾਲੀ ਨੇ ਨਿਸ਼ਾਨਾ ਸ੍ਰੀ ਅੰਮ੍ਰਿਤਸਰ ਨੂੰ ਬਣਾਇਆ ਸੀ।[8] ਇਸ ਵਿਚ ਸਿੱਖਾਂ ਨੇ ਭਾਵੇਂ ਅਬਦਾਲੀ ਦਾ ਸਾਹਮਣੇ ਹੋ ਕੇ ਮੁਕਾਬਲਾ ਕੀਤਾ ਸੀ, ਪਰ ਫਿਰ ਵੀ ਉਹ ਗੁਰੀਲਾ ਢੰਗ ਨਾਲ ਹਮਲੇ ਕਰਦੇ ਰਹੇ। ਅਬਦਾਲੀ ਸ੍ਰੀ ਅੰਮ੍ਰਿਤਸਰ ਵਿਚ ਅਖੌਤੀ ਜਿੱਤ ਪ੍ਰਾਪਤ ਕਰ ਕੇ ਲਾਹੌਰ ਵੱਲ ਮੁੜਿਆ ਅਤੇ ਸਰਹਿੰਦ ਗਿਆ ਅਤੇ ਇੱਥੇ ਬਾਬਾ ਆਲਾ ਸਿੰਘ ਤੋਂ ਖਰਾਜ਼ ਪ੍ਰਾਪਤ ਕੀਤਾ ਅਤੇ ਉਸ ਨੂੰ ਰਾਜੇ ਦਾ ਖ਼ਿਤਾਬ ਦਿੱਤਾ।[9] ਸ਼ੁਕਰਚੱਕੀਆਂ ਦੇ ਇਲਾਕੇ ਵਿਚ ਅਬਦਾਲੀ ਨਾਲ ਮੁਕਾਬਲਾ ਹੋਇਆ ਅਤੇ ਸੱਤ ਦਿਨ ਲੜਾਈ ਚੱਲਦੀ ਰਹੀ ਇਸ ਦੇ ਬਾਅਦ



SikhBookClub.Com

ਅਬਦਾਲੀ ਵਾਪਸ ਮੁੜ ਗਿਆ, ਪਰ ਉਸ ਦੁਆਰਾ ਕੀਤੀ ਲੁੱਟ ਚਿਨਾਬ ਦਰਿਆ ਵਿਚ ਰਹਿ ਗਈ।[10]

**ਜੰਗਨਾਮਾ:-** ਕਾਜੀ ਨੂਰ ਮੁਹੰਮਦ ਜੰਗਨਾਮੇ ਵਿਚ ਸਿੱਖ ਮਿਸਲਦਾਰਾਂ ਰਾਹੀਂ ਅਬਦਾਲੀ ਨੂੰ ਨੱਕ ਰਾਹੀਂ ਚਨੇ ਚਬਾਉਣ ਦਾ ਕੰਮ ਕੀਤਾ। ਅਬਦਾਲੀ ਦਾ ਮੁਕਾਬਲਾ ਭਾਵੇਂ 'ਤਰੁਣਾ ਦਲ' ਨੇ ਚੜਤ ਸਿੰਘ ਅਧੀਨ ਕੀਤਾ ਪਰ ਆਖਰ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਵੀ ਸ਼ਾਮਲ ਹੋ ਗਿਆ।[11] ਸਰਦਾਰ ਜੱਸਾ ਸਿੰਘ 'ਬੁੱਢੇ ਦਲ' ਨਾਲ ਸੰਬੰਧਿਤ ਸੀ। ਬੁੱਢੇ ਦਲ ਦੀਆਂ ਬਾਕੀ ਮਿਸਲਾਂ ਬਾਰੇ ਕੁਝ ਨਹੀਂ ਦੱਸਿਆ ਗਿਆ। ਨੂਰ ਮੁਹੰਮਦ ਸਿੱਖਾਂ ਦੀ ਮਰਦਾਨਗੀ ਅਤੇ ਚੰਗੇ ਚਰਿੱਤਰ ਦੀ ਉਸਤਤ ਕਰਦਾ ਹੈ।[12] ਇਸ ਤਰ੍ਹਾਂ ਨੂਰ ਮੁਹੰਮਦ ਵਿਰੋਧੀ ਹੋਣ ਦੇ ਬਾਵਜੂਦ ਵੀ ਸਿੱਖਾਂ ਦੀ ਪੰਜਾਬ ਨੂੰ ਦੇਣ ਬਾਰੇ ਖਾਤਾ ਖੋਲ੍ਹਦਾ ਹੈ।

**ਤਹਮਾਸ-ਨਾਮਾ (1782):-** ਮਿਸਕੀਨ ਦਾ ਨਾਮ ਤਹਮਾਸ ਬੇਗ ਸੀ। ਜੋ 1738 ਦੇ ਕਰੀਬ ਤੁਰਕੀ ਦੇ ਇਕ ਪਿੰਡ ਵਿਚ ਜੰਮਿਆ। ਨਾਦਰ ਸ਼ਾਹ ਦੀ ਮੌਤ ਤੋਂ ਬਾਅਦ ਉਸ ਦੇ ਕੁਝ ਜਰਨੈਲ ਤਹਮਾਸ ਨੂੰ ਨਾਲ ਲੈ ਕੇ ਹਿੰਦੁਸਤਾਨ ਆ ਗਏ ਇਹ ਬੱਚਾ ਉਨ੍ਹਾਂ ਨੇ ਪੰਜਾਬ ਦੇ ਸੂਬੇਦਾਰ ਮੀਰ ਮੰਨੂੰ ਦੇ ਭੇਟ ਕਰ ਦਿੱਤਾ।[13] ਅਬਦਾਲੀ ਦਾ ਪੁੱਤਰ ਤੈਮੂਰ ਸ਼ਾਹ (1756 ਈ.) ਪੰਜਾਬ ਦਾ ਸੂਬੇਦਾਰ ਬਣਿਆ। ਉਸ ਨੇ ਇਸ ਦਾ ਨਾਮ ਤਹਮਾਸ ਰੱਖ ਦਿੱਤਾ।[14]

ਤਹਮਾਸ ਨੇ ਪੰਜਾਬ ਦੀਆਂ ਕਈ ਘਟਨਾਵਾਂ ਨੂੰ ਅੱਖੀਂ ਦੇਖਿਆ ਉਸ ਨੇ ਬਾਬਾ ਦੀਪ ਸਿੰਘ ਦੀ ਸ਼ਹੀਦੀ ਵਾਲੀ ਲੜਾਈ ਵਿਚ ਭਾਗ ਲਿਆ। ਮਰਾਠਿਆਂ ਦੇ ਲਾਹੌਰ ਉੱਤੇ ਕਬਜ਼ੇ (1756 ਈ.) ਵੱਡੇ ਘੱਲੂਘਾਰੇ (1762 ਈ.) ਸਿੱਖਾਂ ਰਾਹੀਂ ਗੰਗਾ, ਜਮਨਾ, ਦੁਆਬ, ਦਿੱਲੀ ਉੱਪਰ ਹਮਲਿਆਂ ਸਮੇਂ ਇਹ ਸਟੇਟ ਦੀ ਫੌਜ ਵਿਚ ਕੰਮ ਕਰਦਾ ਰਿਹਾ।[15] ਮਿਸਕੀਨ ਨੇ ਸਿੱਖਾਂ ਸੰਬੰਧੀ ਲਿਖਦਿਆਂ ਬਾਬਾ ਦੀਪ ਸਿੰਘ ਅਤੇ ਉਸ ਦੀ ਮਿਸਲ 'ਤੇ ਕਾਫੀ ਜ਼ੋਰ ਪਾਇਆ ਹੈ।[16] ਬਾਕੀਆਂ ਬਾਰੇ ਸ਼ਾਇਦ ਹੀ ਕੁਝ ਲਿਖਿਆ ਹੋਵੇ। ਇੰਨਾ ਜ਼ਰੂਰ ਹੈ ਕਿ ਸਿੱਖਾਂ ਅਤੇ ਮੁਗ਼ਲ ਹਕੂਮਤ ਤੇ ਅਬਦਾਲੀ ਦੀਆਂ ਲੁੱਟਾਂ ਸੰਬੰਧੀ ਸੰਘਰਸ਼ ਚੰਗੀ ਤਰ੍ਹਾਂ ਵਿਸਥਾਰ ਕਰ ਕੇ ਦਰਸਾਇਆ ਹੈ।[17]

**ਹਕੀਕਤ ਬਿਨਾ-ਵ ਉਰੂਜਿ ਫਿਰਕਾ ਇ ਸਿੱਖਾਂ (1783-85):-** ਹਕੀਕਤ ਇਕ ਵਿਸ਼ੇਸ਼ ਤਰ੍ਹਾਂ ਦੀ ਰਚਨਾ ਹੈ। ਜਿਸ ਵਿਚ ਲੇਖਕ ਸਿੱਖਾਂ ਦੀ ਰਾਜ ਪ੍ਰਾਪਤੀ ਬਾਰੇ ਗੱਲ ਕਰਦਾ ਹੋਇਆ ਗੁਰੂ ਸਾਹਿਬਾਨ ਤੋਂ ਅੱਗੇ ਤੁਰਦਾ ਹੈ। ਇਹ ਸ੍ਰੀ ਗੁਰੂ ਨਾਨਕ ਸਾਹਿਬ ਦੀ ਸੰਖੇਪ ਜੀਵਨੀ ਵਰਣਨ ਕਰ ਕੇ ਮਿਸਲਾਂ ਤਕ ਆਉਂਦਾ ਹੈ। ਸ੍ਰੀ ਗੁਰੂ ਨਾਨਕ ਸਾਹਿਬ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਜ਼ਿਆਦਾ ਲਿਖਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਬਾਰੇ ਵੀ ਕਾਫੀ ਲਿਖਿਆ ਹੈ।[18] ਅਬਦਾਲੀ ਅਤੇ ਸਿੱਖਾਂ ਦੀ ਟੱਕਰ ਆਮ ਘਟਨਾਵਾਂ ਹਨ। ਜ਼ਿਆਦਾ ਜ਼ੋਰ ਸ੍ਰੀ ਗੁਰੂ ਤੇਗ ਬਹਾਦਰ ਜੀ ਉੱਤੇ ਦਿੱਤਾ ਗਿਆ ਹੈ। ਉਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਮ ਨੂੰ ਸ੍ਰੀ ਗੁਰੂ ਹਰਿਗੋਬਿੰਦ, ਸ੍ਰੀ ਗੁਰੂ



SikhBookClub.Com

ਤੇਗ ਬਹਾਦਰ ਜੀ, ਸ੍ਰੀ ਗੁਰੂ ਗੋਬਿੰਦ ਸਿੰਘ, ਬਾਬਾ ਬੰਦਾ ਸਿੰਘ ਬਹਾਦਰ ਇਨ੍ਹਾਂ ਸਾਰਿਆਂ ਪ੍ਰਤੀ ਵਰਤਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸੋਂ ਬਾਦਸ਼ਾਹ ਨੇ ਕਰਾਮਾਤ ਮੰਗੀ ਸੀ ਅਤੇ ਇਹ ਹੁਕਮ ਕੀਤਾ ਸੀ ਕਿ ਨਾਨਕ ਪੰਥੀ ਚੁੱਪ-ਚਾਪ ਡੇਰਾਦਾਰੀ ਕਰੀ ਜਾਣ, ਪਰ ਗੁਰੂ ਸਾਹਿਬ ਇਹ ਗੱਲ ਨਹੀਂ ਮੰਨੇ ਸਿੱਟੇ ਵਜੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਡੇਰੇ ਵਿੱਚੋਂ ਕੱਢ ਦਿੱਤਾ ਗਿਆ।[19] ਇਹ ਘਟਨਾ ਅਨੰਦਪੁਰ ਚਮਕੌਰ ਵਾਲੀ ਜਾਪਦੀ ਹੈ। ਇਸ ਤਰ੍ਹਾਂ ਦੀਆਂ ਹੋਰ ਵੀ ਕੁਝ ਘਟਨਾਵਾਂ ਬਿਨਾ ਸਿਰ ਪੈਰ ਤੋਂ ਹਨ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਦੀ ਘਟਨਾ ਵੀ ਇਸ ਤਰ੍ਹਾਂ ਹੀ ਪੇਸ਼ ਕੀਤੀ ਗਈ ਹੈ। ਉਸ ਨੂੰ ਦਿੱਲੀ ਲਿਜਾ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਇਹ ਰਚਨਾ ਇਸ ਲਈ ਮਹੱਤਵਪੂਰਨ ਹੈ ਕਿ ਇਸ ਵਿੱਚੋਂ ਇਹ ਪਤਾ ਲੱਗਦਾ ਹੈ ਕਿ ਹਕੀਕਤ ਦਾ ਕਰਤਾ ਸਿੱਖ ਗੁਰੂ ਇਤਿਹਾਸ ਬਾਰੇ ਕੀ ਸਮਝ ਰੱਖਦਾ ਹੈ। ਕੁਝ ਖਾਸ ਘਟਨਾਵਾਂ ਜਿਵੇਂ: ਅੰਮ੍ਰਿਤਸਰ ਨੂੰ ਖਰਾਬ ਕਰਨਾ, ਸਿੱਖਾਂ ਅਤੇ ਨਜ਼ੀਬ ਖਾਂ ਦਾ ਸੰਬੰਧ, ਮੁਲਤਾਨ ਉੱਤੇ ਤੈਮੂਰ ਦਾ ਕਬਜ਼ਾ ਆਦਿ ਹਨ।

**ਰਿਸਾਲਾ ਦਰ ਅਹਿਵਾਲ ਨਾਨਕ ਸ਼ਾਹ ਦਰਵੇਸ਼ (1786 ਈ.):-** ਇਹ ਰਚਨਾ ਦਾ ਕਰਤਾ ਲਾਹੌਰ ਵਾਸੀ ਬੁੱਧ ਸਿੰਘ ਅਰੋੜਾ ਸੀ। ਜੇਮਸ ਬ੍ਰਾਊਨ ਰਾਹੀਂ ਹੁਕਮੀ ਸਿਫਾਰਿਸ਼ ਕਰਨ ਕਰਕੇ (1196 ਹਿ.) ਵਿਚ ਇਹ ਰਚਨਾ ਕੀਤੀ ਗਈ। ਇਸ ਵਿਚ ਬਾਬਰ/ਸ੍ਰੀ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਸਿੱਖ ਮਿਸਲਾਂ ਦੀ ਕਾਇਮੀ ਤਕ ਹਾਲ ਦਰਜ ਹਨ। ਜੇਮਸ ਬ੍ਰਾਊਨ ਬਾਦਸ਼ਾਹ ਸ਼ਾਹ ਆਲਮ ਦੇ ਦਰਬਾਰ ਵਿਚ ਹਾਜ਼ਰ ਹੋਇਆ ਅਤੇ ਉੱਥੇ ਬੁੱਧ ਸਿੰਘ ਅਰੋੜਾ ਨੂੰ ਮਿਲਿਆ। ਇਸ ਪਾਸੋਂ ਨਾਨਕ ਪ੍ਰਸਤਾਂ ਦੇ ਸੰਬੰਧ ਵਿਚ ਪੁੱਛ-ਪੜਤਾਲ ਕੀਤੀ। ਇਸ ਦੇ ਆਧਾਰ 'ਤੇ ਬੁੱਧ ਸਿੰਘ ਨੇ ਇਹ ਰਿਸਾਲਾ ਲਿਖਿਆ। ਇਹ ਰਿਸਾਲਾ ਈਸਟ ਇੰਡੀਆ ਕੰਪਨੀ ਦੀ ਹਿੰਦ ਬਾਰੇ ਖੋਜ ਕਰਨ ਲਈ ਖਾਸ ਰਚਨਾ ਹੈ।[20] ਇਸ ਦੀ ਸਿਆਸਤ ਦਿੱਲੀ ਦੁਆਲੇ ਘੁੰਮਦੀ ਹੈ। ਉਹ ਸਿੱਖ ਮਿਸਲਦਾਰਾਂ ਦੀ ਇੱਥੋਂ ਦੀ ਕੂਟ ਰਾਜਨੀਤੀ ਬਾਰੇ ਭੂਮਿਕਾ ਨੂੰ ਵੇਖਦਾ ਹੈ। ਇੱਥੇ ਜਾਟ, ਮਰਾਠੇ ਅਤੇ ਸਿੱਖ ਸਿਆਸਤ ਕਰਦੇ ਹਨ। ਸਿੱਖਾਂ ਬਾਰੇ ਬੁੱਧ ਸਿੰਘ ਬਹੁਤ ਘੱਟ ਜਾਣਦਾ ਹੈ। ਉਹ ਗੁਰੂਆਂ ਦੀ ਲੜੀ ਵਿਚ ਰਾਮ ਰਾਇ ਨੂੰ ਗਿਣਦਾ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਮਿਲਾ ਦਿੰਦਾ ਹੈ। ਉਸ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਸ੍ਰੀ ਗੁਰੂ ਹਰਿਕ੍ਰਿਸ਼ਨ ਦਾ ਪੁੱਤਰ ਹੈ।[21] ਉਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਕੀਤੇ ਗਏ ਸੰਘਰਸ਼ ਨੂੰ ਬਦਲੇ ਦੀ ਭਾਵਨਾ ਦਸਦਾ ਹੈ।[22] ਬਾਬਾ ਬੰਦਾ ਬਹਾਦਰ ਸਿੰਘ ਸਰਹਿੰਦ ਵਿਚ ਮਕਬਰੇ ਅਤੇ ਮਸੀਤਾਂ ਢਹਾਉਂਦਾ ਵਿਖਾਇਆ ਗਿਆ ਹੈ।[23] ਇਉਂ ਉਹ ਫਿਰਕਾਪ੍ਰਸਤੀ ਦੇ ਹੱਕ ਵਿਚ ਭੁਗਤਦਾ ਹੈ। ਇਸ ਤਰ੍ਹਾਂ ਬੁੱਧ ਸਿੰਘ ਵਿੱਚੋਂ ਉਸ ਦੀ ਮਾਲਕ ਈਸਟ ਇੰਡੀਆ ਦੀ ਵਿਚਾਰਧਾਰਾ ਨਜ਼ਰ ਆਉਦੀ ਹੈ। ਇਹ ਵੀ ਦੱਸਿਆ ਗਿਆ ਹੈ ਕਿ ਸਿੱਖ ਮਿਸਲਦਾਰਾਂ ਨੇ ਮੂਲਕਿ



SikhBookClub.Com

ਅਹਿਮਦ ਗ੍ਰਿਫਤ ਜੱਸਾ ਕਲਾਲ ਵਾਲਾ ਅਤੇ ਉਸ ਤੋਂ ਬਾਅਦ ਦੇਗ ਤੇਗ ਫਤਿਹ ਵਾਲਾ ਸਿੱਕਾ ਚਾਲੂ ਕੀਤਾ।[24]

ਬੁੱਧ ਸਿੰਘ ਸ਼ਾਇਦ ਪਹਿਲਾ ਲੇਖਕ ਹੈ ਜੋ ਸਰਦਾਰ ਜੱਸਾ ਸਿਘ ਵਾਲੀ ਮਿਸਲ ਅਤੇ ਹੋਰਨਾਂ ਬਾਰੇ ਗੱਲ ਕਰਦਾ ਹੈ। ਅਬਦਾਲੀ ਦੇ ਪਹਿਲੇ ਹਮਲੇ ਦੌਰਾਨ ਸਿੱਖ ਮਿਸਲਦਾਰ ਆਪਣੀਆਂ ਸਰਗਰਮੀਆਂ ਅਰੰਭਦੇ ਹਨ ਅਤੇ ਪਹਿਲੇ ਹਮਲੇ ਵਾਲੀ ਲੜਾਈ ਵਿਚ ਭਾਗ ਲੈਂਦੇ ਹਨ। ਮਹਾਰਾਜਾ ਕੌੜਾ ਮੱਲ ਦੇ ਸੱਦੇ 'ਤੇ ਮੁਲਤਾਨ ਦੀ ਮੁਹਿੰਮ 'ਤੇ ਜਾਂਦੇ ਹਨ।[25] ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਦਰਸਾ ਸਿੰਘ, ਠੌਕਾ ਸਿੰਘ ਆਪਣੇ ਸਵਾਰ ਤੇ ਸਿਪਾਹੀ ਇੱਕਠੇ ਕਰ ਕੇ ਦੁਆਬੇ 'ਤੇ ਕਬਜ਼ਾ ਕਰ ਲੈਂਦੇ ਹਨ। ਅਦੀਨਾ ਬੇਗ ਦੂਹਰੀ ਨੀਤੀ ਵਰਤਦਾ ਹੋਇਆ ਮੁਗ਼ਲਾਂ ਨਾਲ ਵੀ ਰਹਿੰਦਾ ਹੈ ਅਤੇ ਸਿੱਖਾਂ ਨੂੰ ਵੀ ਵਰਤਦਾ ਹੈ। ਹੋਲੀ ਵਾਲੇ ਦਿਨ ਉਸ ਨੇ ਅਨੰਦਪੁਰ ਸਾਹਿਬ ਵਿਖੇ ਸਿੱਖਾਂ 'ਤੇ ਹਮਲਾ ਕਰ ਕੇ ਬਹੁਤ ਸਾਰੇ ਸਿੱਖ ਕਤਲ ਕਰ ਦਿੱਤੇ।[26] ਫਿਰ ਵੀ ਸਿੱਖ ਅਫ਼ਗਾਨਾਂ ਤੇ ਮੁਗ਼ਲਾਂ ਨਾਲ ਟੱਕਰ ਲੈਂਦੇ ਰਹੇ ਜੱਸਾ ਸਿੰਘ ਕਲਾਲ ਨੇ, ਦੱਸਿਆ ਜਾਂਦਾ ਹੈ ਕਿ (1761 ਈ.) ਸਿੱਕਾ ਜਾਰੀ ਕੀਤਾ ਜਿਸ ਵਿਚ ਸਰਦਾਰ ਜੱਸਾ ਸਿੰਘ ਦਾ ਨਾਂ ਆਉਂਦਾ ਸੀ।[27] ਸਿਕਾ ਜਦ ਦਰ ਜਹਾਂ ਬਫ਼ਜ਼ਲੇ ਅਕਾਲ। ਮੁਲਕੇ ਅਹਿਮਦ ਗਰਿਫਤ ਜੱਸਾ ਕਲਾਲ। ਪਰ ਬਾਅਦ ਦੇ ਇਤਿਹਾਸਕਾਰ ਸਿੱਕਾ ਜਾਰੀ ਕਰਨ ਨੂੰ ਕਾਜੀਆਂ-ਮੌਲਾਣਿਆਂ ਰਾਹੀਂ ਕੀਤੀ ਗਈ ਸ਼ਰਾਰਤ ਸਮਝਦੇ ਹਨ। ਵਡਹੇਰਾ ਕਹਿੰਦਾ ਹੈ ਕਿ ਅਜਿਹਾ ਕੋਈ ਵੀ ਸਿੱਕਾ ਜਾਰੀ ਨਹੀਂ ਕੀਤਾ ਗਿਆ।[28]

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਰਾਹੀਂ ਸਰਗਰਮੀਆਂ ਬਾਰੇ ਲੇਖਕ ਦੱਸਦਾ ਹੈ ਕਿ ਬਾਬਾ ਆਲਾ ਸਿੰਘ ਨੇ ਅਬਦਾਲੀ ਨੂੰ ਖਰਾਜ ਦਿੱਤਾ ਅਤੇ ਉਸ ਕੋਲੋਂ ਰਾਜੇ ਦਾ ਖ਼ਿਤਾਬ ਲਿਆ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਇਸ ਗੱਲ 'ਤੇ ਦੁਖੀ ਹੋਇਆ ਪਰ ਬਾਬਾ ਆਲਾ ਸਿੰਘ ਨੇ ਦਲ ਖਾਲਸਾ ਤੋਂ ਮਾਫੀ ਮੰਗ ਲਈ।[29] ਇਸ ਨੇ ਸਰਦਾਰ ਬਘੇਲ ਸਿੰਘ ਦੀ ਸਹਾਇਤਾ ਨਾਲ ਦਿੱਲੀ ਵਿਚ ਗੁਰਦੁਆਰਾ ਸਾਹਿਬਾਨ ਕਾਇਮ ਕਰਵਾਏ। ਇਸ ਨੇ ਵੱਡੇ ਘੱਲੂਘਾਰੇ ਵਿਚ ਕੁਰਬਾਨੀਆਂ ਕੀਤੀਆਂ।

**ਅਹਿਵਾਲ ਇ ਫਿਰਕਾ ਇ ਸਿੱਖਾਂ (1811 ਈ.):-** ਖੁਸ਼ਵਕਤ ਰਾਇ ਈਸਟ ਇੰਡੀਆ ਕੰਪਨੀ ਦਾ ਵਾਕਿਆ ਨਵੀਸ ਸੀ।[30] ਉਸ ਨੂੰ ਸ੍ਰੀ ਅੰਮ੍ਰਿਤਸਰ ਦੀ ਸੰਧੀ (1809 ਈ.) ਤੋਂ ਬਾਅਦ ਨਿਯੁਕਤ ਕੀਤਾ ਗਿਆ। ਉਹ ਚਾਰਲਸ ਮੈਟਕਾਫ ਨਾਲ ਖਾਸ ਤੌਰ 'ਤੇ ਸੰਬੰਧਿਤ ਰਿਹਾ। ਉਸ ਨੇ ਇਸ ਪੁਸਤਕ ਦਾ ਸੰਖੇਪ ਰੂਪ 1809 ਈ. ਵਿਚ ਲਿਖਿਆ।[31]

ਇਸ ਰਚਨਾ ਦੇ ਸੱਤ ਭਾਗ ਹਨ:-

1. ਗੁਰੂ ਸਾਹਿਬਾਨ
2. 18ਵੀਂ ਸਦੀ ਦੇ ਸਿੱਖ ਸੰਘਰਸ਼



SikhBookClub.Com

3. ਮਾਝੇ ਦੇ ਸਿੱਖਾਂ ਤੇ ਗੈਰ ਸਿੱਖ ਸਰਦਾਰਾਂ ਦਾ ਹਾਲ
4. ਪਹਾੜੀ ਰਾਜੇ ਅਤੇ ਉਨ੍ਹਾਂ ਦਾ ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਹੋਣਾ
5. ਕਾਬਲ ਵਿਚ ਸ਼ਾਹਜਮਾਨ ਦੇ ਪੁੱਤਰਾਂ ਦਾ ਆਪਸੀ ਸੰਘਰਸ਼
6. ਮਾਲਵੇ ਦੀਆਂ ਅੰਗਰੇਜ਼ਾਂ ਅਧੀਨ ਸਿੱਖ ਰਿਆਸਤਾਂ
7. ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਵਰਣਨ

ਅਸੀਂ ਦੇਖਿਆ ਕਿ ਇਹ ਰਚਨਾ ਈਸਟ ਇੰਡੀਆ ਕੰਪਨੀ ਦੀ ਸਰਪ੍ਰਸਤੀ ਹੇਠ ਰਚੀ ਗਈ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਅਰੰਭਲੇ ਸਮੇਂ 1811 ਈ. ਦੀ ਸਮੱਸਿਆ ਸਿੱਖ ਸਟੇਟ ਦੀ ਖੁਦਮੁਖਤਾਰੀ ਨੂੰ ਮੰਨਦਾ ਹੈ। ਸਰਪ੍ਰਸਤੀ ਪ੍ਰਾਪਤ ਰਚਨਾਵਾਂ ਵਿਚ ਸਿੱਖ ਖੁਦਮੁਖਤਾਰੀ ਦਾ ਵਿਰੋਧ ਕੀਤਾ ਗਿਆ ਹੈ। ਗੁਰੂ ਸਾਹਿਬਾਨ ਦੀਆਂ ਜੀਵਨ ਘਟਨਾਵਾਂ ਦੇ ਚੁਣੇ ਵੇਰਵੇ ਉਪਰਲੇ ਲਿਖਣ ਮੰਤਵ ਦੀ ਪੂਰਤੀ ਕਰਦੇ ਹਨ। ਉਦਾਹਰਨ ਵਜੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਲੇਖ ਵਿਚ ਬਦਲੇ ਦੀ ਭਾਵਨਾ ਨੂੰ ਉਛਾਲਿਆ ਗਿਆ।[32] ਮੀਰੀ-ਪੀਰੀ ਦੀ ਨੀਤੀ ਨੂੰ ਬਦਲੇ ਦੀ ਭਾਵਨਾ ਨਾਲ ਜੋੜਿਆ ਗਿਆ ਹੈ। ਇਉਂ ਇਸ ਦੀ ਮਹਤੱਤਾ ਘਟਾਈ ਗਈ ਹੈ। ਹਥਿਆਰਬੰਦ ਸਿਖਲਾਈ ਨੂੰ ਦਰਸਾਉਂਦੀ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਮੁਗ਼ਲ ਸੱਤਾ ਵਿਰੁੱਧ ਬਗ਼ਾਵਤ ਕੀਤੀ। ਬਾਜ਼ ਅਤੇ ਘੋੜਿਆਂ ਦੀਆਂ ਘਟਨਾਵਾਂ ਵੀ ਇਹੋ ਦਰਸਾਉਂਦੀਆਂ ਹਨ। ਅਜਿਹਾ ਕੁਝ ਸਿੱਖ-ਮੁਸਲਮ ਪਾੜਾ ਵਧਾਉਣ ਵਾਸਤੇ ਇਕ ਯਤਨ ਹੈ। ਇਨ੍ਹਾਂ ਘਟਨਾਵਾਂ ਦੀ ਚੋਣ ਅਤੇ ਪੇਸ਼ਕਾਰੀ ਦਾ ਮੰਤਵ ਮਹਾਰਾਜਾ ਰਣਜੀਤ ਸਿੰਘ ਦੀ ਪ੍ਰਭੂਸੱਤਾ ਦੇ ਵਿਰੋਧ ਨਾਲ ਜੁੜਦਾ ਹੈ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਬਾਰੇ ਖੁਸ਼ਵਕਤ ਰਾਇ ਨੇ ਬੁੱਧ ਸਿੰਘ ਤੋਂ ਬਾਅਦ ਇੰਨੀ ਮਾਤਰਾ ਵਿਚ ਜਾਣਕਾਰੀ ਦਿੱਤੀ ਹੈ। ਇਸ ਅਨੁਸਾਰ ਆਹਲੂਵਾਲੀਆ ਕਲਾਲ ਕੌਮ ਦਾ ਵਿਅਕਤੀ ਸੀ। ਆਪਣੇ ਮਾਮਾ ਬਾਘ ਸਿੰਘ ਦੇ ਆਸਰੇ ਨਵਾਬ ਕਪੂਰ ਸਿੰਘ ਨੂੰ ਮਿਲਿਆ ਅਤੇ ਉਸ ਪਾਸੋਂ ਅੰਮ੍ਰਿਤ ਛਕਿਆ।[33] ਹੌਲੀ-ਹੌਲੀ ਇਸ ਦੀ ਤਾਕਤ ਵਧਦੀ ਗਈ। ਇਸ ਨੇ ਕਈ ਇਲਾਕੇ ਜਿਵੇਂ ਫਤਿਆਬਾਦ, ਕਰਨਾਲ, ਮਖੂ ਆਦਿ ਕਬਜ਼ੇ ਵਿਚ ਲੈ ਲਏ। ਫਿਰ ਉਸ ਨੇ ਕਪੂਰਥਲਾ ਆਪਣੇ ਅਧੀਨ ਕੀਤਾ। ਫਿਰ ਇਹ ਬੁੱਢੇ ਦਲ ਦਾ ਆਗੂ ਬਣਿਆ।[34] ਅਬਦਾਲੀ ਦੇ ਹਮਲੇ ਸਮੇਂ ਰਾਜਾ ਆਲਾ ਸਿੰਘ ਪਟਿਆਲਾ ਨੇ ਜੋ ਬੇਅਦਬੀ ਕੀਤੀ ਸੀ, ਉਸ ਬਾਰੇ ਉਸ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੋਂ ਮਾਫੀ ਮੰਗ ਲਈ।[35] ਸਰਦਾਰ ਜੱਸਾ ਸਿੰਘ ਨੇ ਜਮਨਾ ਪਾਰ ਕਰ ਕੇ ਗੰਗਾ, ਜਮਨਾ, ਦੁਆਬ ਵਿਚ ਲੁੱਟ ਮਚਾਉਣੀ ਸ਼ੁਰੂ ਕਰ ਦਿੱਤੀ, ਪਰ ਜਿਹੜੇ ਇਲਾਕੇ ਅਧੀਨਤਾ ਮੰਨ ਲੈਂਦੇ ਸਨ, ਇਨ੍ਹਾਂ ਨੂੰ 'ਰਾਖੀ ਸਿਸਟਮ' ਅੰਦਰ ਰੱਖ ਲਿਆ ਜਾਂਦਾ ਸੀ। ਫਿਰ ਇਨ੍ਹਾਂ ਨੇ ਰਾਜਾ ਜਵਾਹਰ ਸਿੰਘ ਭਰਤ ਪੁਰੀਆ ਤੇ ਰਾਜਾ ਜੈ ਸਿੰਘ ਜੈਪੁਰੀਆ ਤੋਂ ਖਿਰਾਜ ਹਾਸਲ ਕੀਤਾ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਦਿੱਲੀ ਵਿਚ ਗੁਰਦੁਆਰੇ ਬਣਾਏ। ਇਸ ਵਾਸਤੇ



SikhBookClub.Com

ਸਰਦਾਰ ਬਘੇਲ ਸਿੰਘ ਦੀ ਸਹਾਇਤਾ ਲਈ। ਪੰਜਾਬ ਵਿਚ ਅਫਗਾਨਾਂ ਨਾਲ ਟੱਕਰ ਹੁੰਦੀ ਰਹੀ। ਤੈਮੂਰ ਸ਼ਾਹ ਨਾਲ ਵੀ ਲੜਾਈ ਕੀਤੀ ਗਈ ਅਤੇ ਜਿਵੇਂ ਕਿਹਾ ਜਾਂਦਾ ਕਿ ਲਾਹੌਰ ਨੂੰ ਜਿੱਤ ਕੇ ਜੱਸਾ ਕਲਾਲ ਵਾਲੇ ਸਿੱਕੇ ਜਾਰੀ ਕੀਤੇ ਗਏ।[36] ਇਨ੍ਹਾਂ ਅੰਮ੍ਰਿਤਸਰ ਵਿਚ ਕੱਟੜਾ ਬਣਵਾਇਆ।[37] ਆਖਿਰ 1845[38] ਬਿਕ੍ਰਮੀ ਨੂੰ ਦੇਹਾਂਤ ਹੋ ਗਿਆ।

**ਉਮਦੱਤ ਤਵਾਰੀਖ (1813 ਅਤੇ 1849-52 ਈ.):-** ਸੋਹਨ ਲਾਲ ਸੂਰੀ ਦੀ 'ਉਮਦੱਤ ਤਵਾਰੀਖ' ਗੁਰੂ ਸਾਹਿਬਾਨ ਤੋਂ ਲੈ ਅੰਗਰੇਜ਼-ਸਿੱਖ ਲੜਾਈਆਂ ਦੇ ਵਿਸ਼ੇ-ਵਸਤੂ ਨੂੰ ਘੇਰੇ ਵਿਚ ਲੈਂਦੀ ਹੈ। ਇਸ ਦੇ ਪੰਜ ਦਫ਼ਤਰ ਹਨ ਜਿਨ੍ਹਾਂ ਵਿਚ ਪੰਜਾਬ ਦਾ ਇੰਨਾ ਵੱਡਾ ਇਤਿਹਾਸ ਸਮੋਇਆ ਹੋਇਆ ਹੈ।[39] ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਅਨੁਵਾਦ ਕਰਾ ਕੇ ਇਸ ਨੂੰ ਛਾਪਿਆ। ਲਾਲਾ ਸੋਹਨ ਲਾਲ ਸੂਰੀ ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੇ ਉੱਤਰਾਧਿਕਾਰੀਆਂ ਦਾ ਰੋਜ-ਨਾਮਜਾ ਲੇਖਕ ਤੇ ਇਤਿਹਾਸਕਾਰ ਸੀ[40] ਇਸ ਨੇ 1812 ਤੋਂ 1849 ਤਕ ਨੌਕਰੀ ਕੀਤੀ ਪੰਜਾਬ ਵਿਚ ਅੰਗਰੇਜ਼ੀ ਰਾਜ ਆਉਣ ਵੇਲੇ ਇਸ ਨੂੰ ਇੱਕ ਹਜ਼ਾਰ ਰੁਪਿਆਂ ਦੀ ਜਾਗੀਰ ਲਗਾਈ।[41]

ਪਹਿਲਾ ਦਫ਼ਤਰ ਗੁਰੂ ਸਾਹਿਬਾਨ ਨਾਲ ਸੰਬੰਧਿਤ ਹੋਣ ਕਰਕੇ ਮਹੱਤਵਪੂਰਨ ਹੈ ਇਸ ਵਿੱਚੋਂ ਲਾਲਾ ਜੀ ਦੇ ਵਿਚਾਰਧਾਰਾ ਤੇ ਸਰੋਕਾਰ ਪ੍ਰਾਪਤ ਹੋ ਜਾਂਦੇ ਹਨ। ਸੋਹਨ ਲਾਲ ਸੂਰੀ ਜ਼ਿਆਦਾ ਜ਼ੋਰ ਕਰਾਮਾਤ 'ਤੇ ਦਿੰਦਾ ਹੈ। ਜਿਵੇਂ ਮਲਕ ਭਾਗੋ ਦੇ ਪਕਵਾਨ ਵਿੱਚੋਂ ਲਹੂ ਕੱਢਣਾ, ਮਦੀਨੇ ਵਿਚ ਮਸਜਿਦ ਦਾ ਘੁੰਮਣਾ ਆਦਿ।[42] ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸੰਦਰਭ ਵਿਚ ਉਨ੍ਹਾਂ ਦੇ ਪਿਤਾ ਦੀ ਸ਼ਹੀਦੀ ਬਾਰੇ ਬਦਲਾ ਲੈਣ ਦੀ ਭਾਵਨਾ[43] ਉੱਤੇ ਬਲ ਪਾਇਆ ਹੈ।[44] ਅਜਿਹਾ ਕੁਝ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਵੀ ਹੈ।[45]

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸੋਹਨ ਲਾਲ ਸੂਰੀ ਅਨੁਸਾਰ ਲੋਕਾਂ ਦੀ ਸੇਵਾ ਕਰਨ ਵਾਲਾ ਵਿਅਕਤੀ ਸੀ। ਪਰਮਾਤਮਾ ਦੀ ਕਿਰਪਾ ਨਾਲ ਉਹ ਆਪਣੇ ਮਾਮਾ ਬਦਰ ਸਿੰਘ ਦੇ ਨਾਲ ਰਲ ਕੇ ਇਲਾਕਿਆਂ ਨੂੰ ਜਿੱਤਣ ਅਤੇ ਉਸ ਦਾ ਪ੍ਰਬੰਧ ਕਰਨ ਲੱਗ ਗਿਆ ਸੀ।[46] ਉਹ ਵੈਰੀਆਂ ਨੂੰ ਮਾਰਨ ਅਤੇ ਦੁਸ਼ਮਣਾਂ ਨੂੰ ਸੰਘਾਰਨ ਦੇ ਖੇਤਰ ਵਿਚ ਬਹਾਦਰ ਸੀ। ਸੂਰੀ ਇਹ ਵੀ ਲਿਖਦਾ ਹੈ ਕਿ ਸਰਦਾਰ ਜੱਸਾ ਸਿੰਘ ਦੇ ਨਸੀਬ ਚੰਗੇ ਸੀ, ਇਕਬਾਲ ਬੁਲੰਦ ਸੀ ਅਤੇ ਸਰਦਾਰੀ ਨਾਲ, ਸ਼ਾਨ-ਓ-ਸ਼ੌਕਤ ਨਾਲ ਰਹਿੰਦਾ ਸੀ। ਤੁਰਕਾਂ ਦੀਆਂ ਬੁਲੰਦ ਫੌਜਾਂ ਇਸ ਕੋਲੋਂ ਹਾਰ ਖਾਂਦੀਆਂ ਸਨ।[47]

ਬਿਆਸ ਅਤੇ ਸਤਲੁਜ ਦੇ ਵਿਚਕਾਰ ਦੁਆਬੇ ਵਿਚ ਬਹੁਤ ਸਾਰੇ ਕਿਲ੍ਹੇ ਜਿੱਤ ਲਏ ਸਨ। ਫਿਰ ਇਸ ਦੇ ਮਨ ਵਿਚ ਹਿੰਦੁਸਤਾਨ ਦੀ ਰਾਜਧਾਨੀ ਜਿੱਤਣ ਦਾ ਖਿਆਲ ਆਇਆ। ਇਸ ਨੇ ਜਲੰਧਰ ਸ਼ਹਿਰ ਉੱਤੇ ਕਬਜ਼ਾ ਕਰ ਕੇ ਫੈਜ਼ਲਪੁਰ ਦੇ ਸਰਦਾਰ ਖੁਸ਼ਹਾਲ ਸਿੰਘ ਦੇ ਹਵਾਲੇ ਕਰ ਦਿੱਤਾ ਤਾਂ ਕਿ ਉਹ ਜੱਸਾ ਸਿੰਘ ਦਾ



SikhBookClub.Com

ਤਾਬੇਦਾਰ ਬਣਿਆ ਰਹੇ। ਫਿਰ ਉਹ ਮਾਲਵੇ ਅਤੇ ਭਟਨੇਰ ਵੱਲ ਗਿਆ। ਆਖਿਰ ਦਿੱਲੀ ਪਹੁੰਚਿਆ, ਸ਼ਹਿਰ ਵਿਚ ਲੁੱਟ ਮਚਾਈ, ਉੱਥੇ ਕੁਝ ਚਿਰ ਰਹਿ ਕੇ ਰਾਜਪੁਤਾਨੇ ਵੱਲ ਚੱਲ ਪਿਆ। ਉੱਥੋਂ ਦੇ ਰਾਜਿਆਂ ਤੋਂ ਇਸ ਨੇ ਨਜ਼ਰਾਨੇ ਸਵੀਕਾਰ ਕੀਤੇ। ਆਪਣੇ ਸਮੇਂ ਦੇ ਕਈ ਰਾਜਿਆਂ ਨੂੰ ਇਸ ਨੇ ਹਰਾਇਆ। ਸੂਰੀ ਲਿਖਦਾ ਹੈ ਕਿ ਸਰਦਾਰ ਜੱਸਾ ਸਿੰਘ ਦੇ ਕਾਰਨਾਮੇ ਇੰਨੇ ਵਧੇਰੇ ਹਨ ਕਿ ਇਸ ਕਾਗਜ਼ ਉੱਤੇ ਲਿਖੇ ਨਹੀਂ ਜਾ ਸਕਦੇ। ਪਟਿਆਲੇ ਦੇ ਰਾਜਾ ਸਾਹਿਬ ਸਿੰਘ ਨੇ ਇਨ੍ਹਾਂ ਤੋਂ ਅੰਮ੍ਰਿਤ ਛਕਿਆ ਸੀ, ਉਸ ਨੇ ਵੀ ਬਹੁਮੁਲੀਆਂ ਭੇਟਾ ਦਿੱਤੀਆਂ।[48]

**ਤ੍ਵਾਰੀਖ-ਇ-ਹਿੰਦ (1829 ਈ.):-** ਅਹਿਮਦ ਸ਼ਾਹ ਬਟਾਲਵੀ ਬਟਾਲਾ ਦੇ ਕਾਦਰੀ ਫਿਰਕੇ ਨਾਲ ਸੰਬੰਧਿਤ ਅਤੇ ਇਸ ਫਿਰਕੇ ਦੇ ਸਕੂਲ ਦਾ ਪ੍ਰਬੰਧ ਵੀ ਇਸ ਕੋਲ ਸੀ।[49] ਇਹ ਕਿਤਾਬ ਉਸ ਨੇ ਲੈਫਟੀਨੈਂਟ ਮਰੇ ਦੇ ਕਹਿਣ 'ਤੇ ਲਿਖੀ। ਪਹਿਲਾਂ ਇਹ ਮਰੇ ਫਿਰ ਕੈਪਟਨ ਵੇਡ ਦੀ ਸਰਪ੍ਰਸਤੀ ਹੇਠ ਰਿਹਾ।[50] ਇਹ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਨਾਲ ਸੰਬੰਧਿਤ ਸੂਚਨਾਵਾਂ ਅੰਗਰੇਜ਼ਾਂ ਨੂੰ ਭੇਜਦਾ ਰਿਹਾ।[51] ਇਹ ਕਿਤਾਬ ਸੰਪਾਦਤ ਹੋ ਕੇ ਛਪ ਚੁੱਕੀ ਹੈ। ਇਸ ਦੇ ਤਿੰਨ ਭਾਗ ਹਨ: ਪਹਿਲਾ ਗੁਰੂਆਂ ਬਾਰੇ, ਦੂਜਾ ਬੰਦਾ ਸਿੰਘ ਬਹਾਦਰ ਬਾਰੇ ਅਤੇ ਤੀਜਾ ਸਿੱਖ ਮਿਸਲਾਂ ਬਾਰੇ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਲਈ ਚੰਦੂ ਨੂੰ ਜ਼ਿੰਮੇਵਾਰ ਮੰਨਿਆ ਗਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਬਾਰੇ ਦੱਸਿਆ ਗਿਆ ਹੈ ਉਹ ਪਿਤਾ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਬਜ਼ਿੱਦ ਸਨ।[52] ਇਸ ਤਰ੍ਹਾਂ ਇਕ ਤਾਂ ਉਹ ਸਿੱਖ ਧਰਮ ਨੂੰ ਹਿੰਦੂਆਂ ਤੋਂ ਅਲੱਗ ਕਰਦਾ ਹੈ ਅਤੇ ਮੁਗ਼ਲ ਸਟੇਟ ਨਾਲ ਸਿੱਖਾਂ ਦੇ ਵਿਰੋਧ ਨੂੰ ਨਰਮ ਕਰਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਵਾਲੇ ਭਾਗ ਵਿਚ ਉਸ ਨੂੰ ਬਦਲਾ-ਲਊ ਰੂਪ ਵਿਚ ਪੇਸ਼ ਕਰਦਾ ਹੈ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਦਲ ਖਾਲਸਾ ਵਿਚ ਸ਼ਾਮਲ ਹੋਣ ਲਈ ਸਰਦਾਰ ਕਪੂਰ ਸਿੰਘ ਤੋਂ ਅੰਮ੍ਰਿਤ ਛਕਿਆ।[53] ਉਹ ਧਾਰਮਿਕ ਪੱਖੋਂ ਕੱਟੜ ਨਹੀਂ ਸੀ, ਸਮੇਂ ਦੇ ਬੀਤਣ ਨਾਲ ਸਰਦਾਰ ਜੱਸਾ ਸਿੰਘ ਨੇ ਤਾਕਤ ਫੜ ਲਈ। ਉਸ ਨੇ ਸਰਹਾਲੀ ਆਲੇ ਦੇ ਇਲਾਕੇ ਆਪਣੇ ਅਧੀਨ ਕਰ ਲਏ। ਫਤਿਹਵਾਦ, ਜਲਾਲਪੁਰ, ਗੋਇੰਦਵਾਲ, ਬੁਤਾਲਾ, ਤਰਨ ਤਾਰਨ, ਖਡੂਰ ਆਦਿ ਇਲਾਕਿਆ 'ਤੇ ਕਬਜ਼ਾ ਕਰ ਲਿਆ।[54]

ਬਿਆਸ ਦਰਿਆ ਪਾਰ ਕਰ ਕੇ ਸੁਲਤਾਪੁਰ ਤਲਵੰਡੀ ਆਦਿ ਇਲਾਕਿਆਂ ਨੂੰ ਆਪਣੇ ਅਧੀਨ ਕੀਤਾ। ਉਹ ਕਪੂਰਥਲੇ 'ਤੇ ਕਬਜ਼ਾ ਕਰਨਾ ਲੋਚਦਾ ਸੀ। ਕਈ ਲੜਾਈਆਂ ਬਾਅਦ ਇਬਰਾਹੀਮ ਖਾਂ ਨੂੰ ਇਹ ਇਲਾਕਾ ਖਾਲੀ ਕਰਨਾ ਪਿਆ।[55] ਨਿਡਾਲਾ, ਮਿਆਨੀ, ਬੇਗੂਵਾਲ ਆਦਿ ਲੱਗਭਗ 100 ਪਿੰਡ ਜਿੱਤ ਲਏ। ਢਿਲਵਾਂ, ਨੂਰਮਹਿਲ 'ਤੇ ਕਬਜ਼ਾ ਕੀਤਾ, ਫਿਰ ਫਗਵਾੜੇ ਦੇ ਜਾਗੀਰਦਾਰ ਨੂੰ ਆਪਣੇ ਅਧੀਨ ਕਰ ਲਿਆ। ਕਿਹਾ ਜਾਂਦਾ ਹੈ ਕਿ ਆਹਲੂਵਾਲੀਆ ਅਤੇ



SikhBookClub.Com

ਰਾਮਗੜ੍ਹ ਦਾ ਆਪਸ ਵਿਚ ਮੇਲ-ਜੋਲ ਸੀ ਅਤੇ ਉਹ ਆਪਸ ਵਿਚ ਇਕ ਦੂਜੇ ਦੀ ਸਹਾਇਤਾ ਕਰਦੇ ਸਨ।[56] ਪਰ ਇਹ ਸਹੀਂ ਨਹੀਂ ਹੈ।

**ਚਾਰ ਬਾਗ-ਏ-ਪੰਜਾਬ (1849 ਈ.):-** ਗਣੇਸ਼ ਦਾਸ ਵਡੇਹਰਾ ਦੀ ਰਚਨਾ 1849 ਈ. ਪੰਜਾਬ ਦੇ ਅੰਗਰੇਜ਼ੀ ਰਾਜ ਵਿਚ ਸ਼ਾਮਲ ਹੋਣ ਤੋਂ ਐਨ ਬਾਅਦ ਮੁਕੰਮਲ ਹੋਈ। ਇਸ ਦੀ ਕਾਪੀ ਸਰ ਰਿਚਰਡ ਟੈਂਪਲ ਗੁਰਜਾਤ ਬੰਦੋਬਸਤ ਅਫਸਰ ਨੂੰ ਪੇਸ਼ ਕੀਤੀ ਗਈ। ਇਸ ਦੀਆਂ ਕਈ ਕਾਪੀਆਂ ਹਨ ਜਿਨ੍ਹਾਂ ਵਿਚ ਥੋੜਾ-ਬਹੁਤਾ ਅੰਤਰ ਹੈ। 1965 ਵਿਚ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਤੋਂ ਛਾਪੀ ਗਈ, ਕੁਝ ਕਾਰਨਾਂ ਕਰਕੇ ਜ਼ਬਤ ਹੋ ਗਈ। ਇਸ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤਕ ਹਾਲਾਤ ਵਰਣਨ ਕੀਤੇ ਗਏ ਹਨ।[57] 1815 ਈ. ਤਕ ਦੀਆਂ ਘਟਨਾਵਾਂ ਤੋਂ ਬਾਅਦ ਉਹ ਪੰਜਾਬ ਦੇ ਦੁਆਬਾ ਦਾ ਵਰਣਨ ਕਰਦਾ ਹੈ। ਇਹ ਮਾਲੀਆਂ ਨਾਲ ਸੰਬੰਧਿਤ ਇਲਾਕਿਆਂ ਸ਼ਹਿਰਾਂ, ਕਿਲ੍ਹਿਆਂ, ਚਕਲੇ, ਤਪੇ, ਟੌਪ (ਤੌਂਪ), ਤਾਲੁਕੇ, ਕਸਬੇ ਆਦਿ ਬਾਰੇ ਵਿਸਤ੍ਰਿਤ ਜਾਣਕਾਰੀ ਹੈ। ਇਹ ਕਿਹਾ ਜਾ ਸਕਦਾ ਹੈ ਕਿ ਆਪਣੀ ਇਸ ਜਾਣਕਾਰੀ ਕਾਰਨ ਇਹ ਪੁਸਤਕ ਮਹੱਤਵਪੂਰਨ ਬਣ ਗਈ ਹੈ। ਗਣੇਸ਼ ਦਾਸ ਵਡੇਹਰਾ ਜਿੱਥੇ ਇਤਿਹਾਸਕਾਰੀ ਕਰਦਾ ਹੈ, ਉੱਥੇ ਇਸ ਨੇ ਭੂਗੋਲਕਾਰੀ ਵੀ ਕਰਨ ਦੀ ਪਿਰਤ ਪਾਈ। ਜੱਸਾ ਸਿੰਘ ਵਾਲਾ ਇਲਾਕਾ ਦੁਆਬਾ ਬਿਸਤ ਜਲੰਧਰ ਵਿਚ ਪੈਂਦਾ ਹੈ। ਭੂਗੋਲਕਾਰੀ ਅਧੀਨ ਇਸ ਦੁਆਬੇ ਬਾਰੇ ਗੱਲ ਕਰਦਿਆਂ ਦੱਸਦਾ ਹੈ ਕਿ ਕਪੂਰਥਲਾ ਬਹੁਤ ਪ੍ਰਸਿੱਧ ਥਾਂ ਹੈ ਕਿ ਜੱਸਾ ਕਲਾਲ ਇੱਥੋਂ ਦਾ ਸੀ।[58] ਇਸ ਦੇ ਦਲ ਨੂੰ ਬੁੱਢਾ ਦਲ ਕਿਹਾ ਜਾਂਦਾ ਹੈ।

ਦੱਸਿਆ ਜਾਂਦਾ ਹੈ ਕਿ ਜੱਸਾ ਸਿੰਘ ਕਲਾਲ ਨੇ ਅਹਿਮਦਸ਼ਾਹ ਦਾ ਦੇਸ਼ ਮੱਲ ਕੇ ਸਿੱਕੇ ਜਾਰੀ ਕੀਤੇ, ਪਰ ਗਣੇਸ਼ ਦਾਸ ਇਸ ਪਿੱਛੇ ਰਹੱਸ ਨੂੰ ਖੋਲਦਾ ਹੈ। ਇਹ ਲਿਖਦਾ ਹੈ ਕਿ ਜੱਸਾ ਕਲਾਲ ਵਾਲੇ ਸਿੱਕੇ ਸਿੱਖਾਂ ਨੇ ਨਹੀਂ ਸਨ ਚਾਲੂ ਕੀਤੇ, ਸਗੋਂ ਇਹ ਕਾਜ਼ੀ ਮੁਲਾਣਿਆਂ ਨੇ ਸ਼ਰਾਰਤ ਵਜੋਂ ਤਿਆਰ ਕੀਤੇ ਸਨ। ਉਹ ਚਾਹੁੰਦੇ ਸਨ ਕਿ ਅਹਿਮਦਸ਼ਾਹ ਹਮਲਾ ਕਰੇ ਤੇ ਜੱਸਾ ਕਲਾਲ ਸਮੇਤ ਸਾਰੇ ਸਿੱਖਾਂ ਨੂੰ ਦੰਡ ਦੇਵੇ।

ਭਾਵੇਂ ਜੱਸਾ ਸਿੰਘ ਆਹਲੂਵਾਲੀਆ ਆਪਣੇ ਸਮੇਂ ਦਾ ਪ੍ਰਸਿੱਧ ਵਿਅਕਤੀ ਸੀ। ਇਸ ਬਾਰੇ ਪੰਜਾਬੀ ਅਤੇ ਫ਼ਾਰਸੀ ਭਾਸ਼ਾਵਾਂ ਦੀ ਸਮੱਗਰੀ ਘੱਟ ਹੀ ਮਿਲਦੀ ਹੈ। ਅਸੀਂ ਵੇਖਿਆ ਹੈ ਕਿ ਸ਼ਾਇਦ ਪਹਿਲਾ ਲਿਖਾਰੀ ਹੈ ਜਿਸ ਨੇ ਜੱਸਾ ਸਿੰਘ ਉੱਤੇ ਲਿਖਿਆ ਜਾਂ ਦਲ ਖਾਲਸਾ ਦੀ ਪ੍ਰਾਪਤੀਆਂ ਬਾਰੇ ਲਿਖਿਆ, ਉਹ ਦਿਲਸ਼ਾਦ ਪਸਰੂਰੀ ਹੈ। ਉਹ ਸਿੱਖਾਂ ਦਾ ਵਿਰੋਧੀ ਹੈ ਅਤੇ ਆਪਣੀ ਰਚਨਾ ਦੇ ਅਖੀਰ ਤਕ ਸਿੱਖਾਂ ਨੂੰ ਬੁਰਾ ਭਲਾ ਕਹਿੰਦਾ ਹੀ ਰਿਹਾ ਹੈ।

ਉਸ ਤੋਂ ਅੱਗੇ ਨੂਰ ਮੁਹੰਮਦ ਆਉਂਦਾ ਹੈ। ਨੂਰ ਮੁਹੰਮਦ ਨੇ ਖ਼ੁਦ ਮੈਦਾਨ ਵਿਚ ਜਾ ਕੇ ਲੜਾਈ ਦੇ ਨਜ਼ਾਰੇ ਦੇਖੇ ਹਨ। ਉਹ ਸਿੱਖਾਂ ਨੂੰ ਨਿੰਦਦਾ ਨਹੀਂ, ਉਨ੍ਹਾਂ ਦੇ ਲੜਾਈ ਕਰਨ ਦੇ ਢੰਗ 'ਤੇ ਹੈਰਾਨ ਤਾਂ ਹੁੰਦਾ ਹੈ, ਪਰ ਉਨ੍ਹਾਂ ਦੀ ਨਿੰਦਾ ਨਹੀਂ



SikhBookClub.Com

ਕਰਦਾ ਸਗੋਂ ਉਨ੍ਹਾਂ ਦੀ ਆਚਰਨ ਦੀ ਉਸਤਤ ਕਰਦਾ ਹੈ। ਇਸ ਰਚਨਾ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਨਾਂ ਆਉਂਦਾ ਹੈ। ਨੂਰ ਮੁਹੰਮਦ ਨੇ ਉਸ ਦੀ ਪ੍ਰਸੰਸਾ ਕੀਤੀ ਹੈ।

ਮਿਸਕੀਨ ਦਾ ਤਹਮਾਸ-ਨਾਮਾ ਮੁਗ਼ਲਾਂ ਤੇ ਬਾਬਾ ਦੀਪ ਸਿੰਘ ਵਿਚਕਾਰ ਹੋਈ ਲੜਾਈ ਬਾਰੇ ਸੰਖੇਪ ਵਿਚ ਦੱਸਦਾ ਹੈ। ਇਸ ਤੋਂ ਬਿਨਾਂ ਉਸ ਨੇ ਖਾਸ ਕਰਕੇ ਪੰਜਾਬ ਦੇ ਖਾਲਸੇ ਤੇ ਮੁਗ਼ਲਾਂ ਦੇ ਯੁੱਧ ਹੁੰਦੇ ਦਿਖਾਏ। ਇਸ ਕਰਕੇ ਇਹ ਮਹੱਤਵਪੂਰਨ ਸਰੋਤ ਹੈ, ਜੋ ਉਸ ਸਮੇਂ ਦੀ ਪੰਜਾਬ ਵਿਚ ਹਿਲਜੁਲ ਨੂੰ ਸਾਹਮਣੇ ਲਿਆਉਂਦਾ ਹੈ। ਪੰਜਾਬ ਵਿਚਲੀਆਂ ਵੱਡੀਆਂ ਤਾਕਤਾਂ ਦੇ ਘੋਲ ਬਾਰੇ ਦਰਸਾਉਂਦਾ ਹੈ। ਇਹ ਘੋਲ ਮਰਾਠੀਆਂ, ਰਾਜਪੂਤਾਂ, ਜਾਟ, ਰੋਹੀਲੇ, ਸਿੱਖਾਂ ਵਿਚਕਾਰ ਹੁੰਦਾ ਰਿਹਾ ਹੈ। ਇਸ ਤੋਂ ਇਲਾਵਾ ਸਮੇਂ ਦੀ ਧਾਰਮਿਕ ਰਾਜਨੀਤੀ ਬਾਰੇ ਦੱਸਦਾ ਹੈ।

ਬੁੱਧ ਸਿੰਘ ਸਮੇਂ ਦੀ ਸਿਆਸਤ ਅਤੇ ਅੰਗਰੇਜ਼ੀ ਕੂਟਨੀਤੀ ਨਾਲ ਜ਼ਿਆਦਾ ਜੁੜਿਆ ਹੈ। ਇਸ ਨੇ ਜੇਮਸ ਬ੍ਰਾਊਨ ਨੇ ਵਾਸਤੇ ਇਹ ਰਸਾਲਾ ਲਿਖਿਆ ਸੀ। ਇਸ ਵਿਚ ਵੀ ਹਕੀਕਤ ਵਾਲੀ ਨੀਤੀ ਚੱਲ ਰਹੀ ਹੈ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਬੁੱਢਾ ਦਲ ਦਾ ਨੇਤਾ ਵੀ ਗੰਗਾ-ਜਮਨਾ ਦੁਆਬ ਵਿਚ ਕਾਰਵਾਈਆਂ ਕਰਦਾ ਹੋਇਆ ਇਸ ਘਟਨਾਵਲੀ ਨਾਲ ਸੰਬੰਧਿਤ ਹੈ। ਇਹ ਸਿੱਖ ਗੁਰੂ ਸਾਹਿਬਾਨ ਬਾਰੇ ਦੱਸਣ ਲੱਗਾ ਗਲਤੀਆਂ ਕਰਦਾ ਹੈ। ਇਹ ਦੱਸਦਾ ਹੈ ਕਿ ਸਰਹਿੰਦ ਵਿਚ ਮਕਬਰੇ ਤੇ ਮਸੀਤਾਂ ਢਾਹੀਆਂ ਗਈਆਂ ਇਹ ਵੀ ਦੱਸਦਾ ਹੈ, ਕਿ ਸਿੱਖ ਮਿਸਲਦਾਰਾਂ ਨੇ ਜੱਸਾ ਕਲਾਲ ਦੇ ਨਾਂ 'ਤੇ ਸਿੱਕਾ ਚਲਾਲਿਆ।

ਬੁੱਧ ਸਿੰਘ ਵਾਂਗ ਖੁਸ਼ਵਕਤ ਰਾਇ ਵੀ ਅੰਗਰੇਜ਼ੀ ਕੂਟਨੀਤੀ ਦਾ ਸ਼ਿਕਾਰ ਸੀ, ਇਸ ਨੇ ਕੰਪਨੀ ਵਾਸਤੇ ਸਿੱਖ ਇਤਿਹਾਸ ਦੀ ਕਿਤਾਬ ਲਿਖੀ, ਜਿਸ ਵਿਚ ਮੌਤ ਦਾ ਬਦਲਾ ਲੈਣਾ ਇਸਲਾਮ ਦਾ ਖਾਤਮਾ ਕਰਨਾ ਗੁਰੂ ਵਿਰੋਧੀਆਂ ਨੂੰ ਸਜ਼ਾ ਦੇਣ ਦੇ ਵਰਤਾਵੇ ਸ਼ਾਮਲ ਹਨ। ਇਹ ਪਹਿਲੀ ਕਿਤਾਬ ਹੈ, ਜਿਸ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਬਾਰੇ ਕਾਫੀ ਸਮੱਗਰੀ ਮਿਲਦੀ ਹੈ। ਸੰਖੇਪ ਵਿਚ ਅੰਮ੍ਰਿਤ ਛਕਣਾ, ਇਲਾਕਿਆਂ 'ਤੇ ਕਬਜ਼ਾ ਕਰਨਾ, ਬਾਬਾ ਆਲਾ ਸਿੰਘ ਨੂੰ ਤਨਖਾਹ ਲਾਉਣੀ, ਦਿੱਲੀ ਵਿਚ ਗੁਰਦੁਆਰੇ ਬਣਵਾਉਣੇ ਅਤੇ ਨਾਲ ਪੰਜਾਬ ਵਿਚ ਆਏ ਹਮਲਾਵਰ ਦਾ ਮੂੰਹ ਤੋੜਨਾ ਆਦਿ ਵੇਰਵੇ ਮਿਲਦੇ ਹਨ।

ਇਹੋ ਨਜ਼ਰੀਆ ਅਹਿਮਦ ਸ਼ਾਹ ਬਟਾਲਵੀ ਦਾ ਸੀ ਜਿਸ ਨੇ ਇਹ ਪੁਸਤਕ ਲੈਂਫਟੀਨੈਂਟ ਮਰੇ ਦੇ ਕਹਿਣ 'ਤੇ ਲਿਖੀ। ਆਹਲੂਵਾਲੀਆ ਬਾਰੇ ਇਸ ਦੀ ਜਾਣਕਾਰੀ ਪਹਿਲੇ ਲਿਖਾਰੀਆਂ ਵਾਲੀ ਹੀ ਹੈ। ਇਸ ਵਿਚ ਉਨ੍ਹਾਂ ਰਾਹੀਂ ਦਿੱਤੇ ਇਲਾਕਿਆਂ ਦੇ ਨਾਂ ਹਨ। ਕਪੂਰਥਲਾ 'ਤੇ ਕਬਜ਼ਾ ਕਰਨ ਦੀ ਗੱਲ ਆਉਂਦੀ ਹੈ। ਇਸ ਨੇ ਇਹ ਕਿਹਾ ਕਿ ਜੱਸਾ ਸਿੰਘ ਰਾਮਗੜ੍ਹੀਆ ਅਤੇ ਜੱਸਾ ਸਿੰਘ ਆਹਲੂਵਾਲੀਆ ਦੀ ਬਹੁਤ ਬਣਦੀ ਸੀ, ਪਰ ਇਹ ਪਤਾ ਲੱਗਦਾ ਹੈ ਕਿ ਪਹਿਲੇ ਵੇਲਿਆਂ ਨੂੰ ਛੱਡ ਕੇ ਇਨ੍ਹਾਂ ਦੋਵਾਂ ਮਿਸਲਾਂ ਦੀ ਕਦੇ ਨਹੀਂ ਬਣਦੀ ਸੀ।



SikhBookClub.Com

ਗਣੇਸ਼ ਦਾਸ ਵਡੇਹਰਾ ਅਲੋਚਨਾਤਮਿਕ ਨਜ਼ਰ ਵੀ ਰੱਖਦਾ ਹੈ। ਉਹ ਦੱਸਦਾ ਹੈ ਕਿ ਜੱਸਾ ਕਲਾਲ ਵਾਲੇ ਸਿੱਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਨਹੀਂ ਚਾਲੂ ਕੀਤੇ ਸਗੋਂ ਕਾਜ਼ੀਆਂ ਮੁਲਾਣਿਆਂ ਨੇ ਸ਼ਰਾਰਤ ਵਜੋਂ ਤਿਆਰ ਕੀਤੇ ਸਨ ਤਾਂ ਕਿ ਅਬਦਾਲੀ ਨੂੰ ਚਿੜ ਆਵੇ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਫ਼ਾਰਸੀ ਰਚਨਾਵਾਂ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਬਾਰੇ ਜੋ ਕੁਝ ਲਿਖਿਆ ਗਿਆ ਹੈ। ਉਹ ਗਿਆਨਵਰਧਕ ਅਤੇ ਮੰਨਣਯੋਗ ਹੈ, ਕਿਉਂਕਿ ਇਸ ਦੇ ਲੇਖਕ ਭਾਵੇਂ ਸਰਕਾਰੀ ਦਬਾਅ ਥੱਲੇ ਹਨ ਅਤੇ ਉਹ ਫਿਰਕਾਪ੍ਰਸਤ ਵੀ ਹਨ, ਫਿਰ ਵੀ ਸਰਦਾਰ ਜੱਸਾ ਸਿਘ ਦੀ ਜੀਵਨੀ ਉਸਾਰਨ ਵਾਸਤੇ ਫ਼ਾਰਸੀ ਰਚਨਾਵਾਂ ਮਹੱਤਵਪੂਰਨ ਹਨ।

## ਹਵਾਲੇ ਅਤੇ ਟਿੱਪਣੀਆਂ:


1. ਗੰਡਾ ਸਿੰਘ, *ਜੱਸਾ ਸਿੰਘ ਆਹਲੂਵਾਲੀਆ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011, ਪੰਨਾ 207
2. *ਸਰਦਾਰ ਜੱਸਾ ਸਿੰਘ ਆਹਲੂਵਾਲੀਆ*, (ਸੰਪਾ.), ਬੀ. ਆਰ. ਗਰੋਵਰ, ਪੰਜਾਬੀ ਅਕਾਡਮੀ, ਦਿੱਲੀ, 1991, ਪੰਨਾ 307
3. ਦਿਲਸ਼ਾਦ ਪਸਰੂਰੀ, ਦੀਵਾਨ, ਦਿਲਸ਼ਾਦ ਪਸਰੂਰੀ, ਪੰਜਾਬ ਵਿਚ ਉਰਦੂ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1962, ਪੰਨਾ 276-77
4. ਉਹੀ, ਪੰਨਾ 277
5. ਉਹੀ, ਪੰਨਾ 278
6. ਉਹੀ, ਪੰਨਾ 285
7. *ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਿਕ ਖੋਜ*, ਸੰਪਾਦਕ ਹੀਰਾ ਦਰਦ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2005, ਪੰਨਾ 77
8. ਉਹੀ, ਪੰਨਾ 91
9. ਉਹੀ, ਪੰਨਾ 112
10. ਉਹੀ, ਪੰਨਾ 128
11. ਉਹੀ, ਪੰਨਾ 118
12. ਉਹੀ, ਪੰਨਾ 120
13. *Sikh History from Persian Sources* (J.S. Grewal), Indian History Congress, Tulika, New Delhi, 2001, P-169
14. Ibid, P-172, 174, 176, 181, 183,184
15. *Tehmas Nama*, Sikh History From Persion Sources, P- 171
16. Ibid, P-174-176
17. Ibid, P- 180
18. ਬੁੱਧ ਸਿੰਘ ਅਰੋੜਾ, *ਰਸਾਲਾ-ਦਰ-ਅਹਿਵਾਲ ਨਾਨਕ ਸ਼ਾਹ ਦਰਵੇਸ਼*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ, ਪੰਨਾ 2007.
19. ਰਸਾਲਾ, ਪੰਨਾ 51
20. ਉਹੀ, ਪੰਨਾ 49
21. ਉਹੀ, ਪੰਨਾ 11
22. ਮੁਸਲਮਾਨ ਲਿਖਾਰੀਆਂ ਨੂੰ ਸਿੱਖ-ਇਤਿਹਾਸ ਦੀ ਜਾਣਕਾਰੀ ਘੱਟ ਹੋਣ ਕਾਰਨ ਇਹ ਇਤਿਹਾਸਿਕ ਟਪਲੇ ਲੱਗੇ ਹਨ।




SikhBookClub.Com

23. ਉਹੀ, ਪੰਨਾ 32
24. ਉਹੀ, ਪੰਨਾ 49
25. ਗਰੇਵਾਲ, ਬਾਂਗਾ, *ਮੁੱਢਲੀ 19ਵੀਂ ਸਦੀ ਦਾ ਪੰਜਾਬ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ, 1974 ਪੰਨਾ 3
26. ਗੰਡਾ ਸਿੰਘ, *ਮਹਾਰਾਜਾ ਕੌੜਾ ਮੱਲ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000,ਪੰਨਾ 45
27. ਰਸਾਲਾ, ਪੰਨਾ 26
28. ਉਹੀ, ਪੰਨਾ 32
29. ਉਹੀ, ਪੰਨਾ 47-78
30. ਉਹੀ, ਪੰਨਾ 47
31. ਖੁਸ਼ਵਕਤ ਰਾਏ, *ਅਹਿਵਾਲ ਫਿਰਕਾ-ਏ-ਸਿੱਖਾਂ*, ਪੰਨਾ 86
32. ਉਹੀ, ਪੰਨਾ 11
33. ਉਹੀ, ਪੰਨਾ 86
34. ਉਹੀ, ਪੰਨਾ 88
35. ਸੋਹਨ ਲਾਲ ਸੂਰੀ, *ਉਮਦਤ ਤਵਾਰੀਖ*, ਪੰਨਾ 36
36. ਉਹੀ, ਪੰਨਾ 3
37. ਉਹੀ, ਪੰਨਾ **XXI**
38. ਖੁਸ਼ਵਕਤ ਰਾਇ ਦੁਆਰਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਅਕਾਲ ਚਲਾਣੇ ਦੀ ਦਿੱਤੀ ਗਈ ਤਾਰੀਖ਼ ਸਹੀ ਨਹੀਂ ਹੈ। ਸਹੀ ਤਾਰੀਖ਼ 1783 ਈ. ਹੈ।
39. ਉਹੀ, ਪੰਨਾ 36-37
40. ਉਹੀ, ਪੰਨਾ 34
41. ਉਮਦਤ, ਪੰਨਾ 210
42. ਉਹੀ, ਪੰਨਾ 210
43. ਸੋਹਨ ਲਾਲ ਸੂਰੀ ਨੂੰ ਵੀ ਸਿੱਖ ਇਤਿਹਾਸ/ਸਿਧਾਂਤਾਂ ਦੀ ਠੀਕ ਜਾਣਕਾਰੀ ਨਾ ਹੋਣ ਕਾਰਨ 'ਬਦਲੇ ਦੀ ਭਾਵਨਾ' ਦੀ ਗੱਲ ਕਰਦਾ ਹੈ, ਜਦਕਿ ਉਹ ਠੀਕ ਨਹੀਂ।
44. ਉਹੀ, ਪੰਨਾ 211
45. ਉਹੀ, ਪੰਨਾ 211
46. ਉਹੀ, ਪੰਨਾ 212
47. ਉਹੀ, ਪੰਨਾ
48. ਤ੍ਵਾਰੀਖ ਹਿੰਦ, ਪੰਨਾ 4
49. ਉਹੀ, ਪੰਨਾ 4, 5
50. ਉਹੀ, ਪੰਨਾ 16
51. ਉਹੀ, ਪੰਨਾ 18
52. ਇਸ ਇਤਿਹਾਸਕਾਰ ਨੂੰ ਵੀ ਸਿੱਖ ਧਰਮ/ਇਤਿਹਾਸ/ਸਿਧਾਂਤ ਦੀ ਠੀਕ ਜਾਣਕਾਰੀ ਨਾ ਹੋਣ ਕਾਰਨ ਉਹ ਇਹ ਗੱਲ ਕਰਦਾ ਹੈ।
53. ਸੂਰੀ, ਪੰਨਾ 65
54. ਸੂਰੀ, ਪੰਨਾ 65
55. ਸੂਰੀ, ਪੰਨਾ 65
56. ਸੂਰੀ, ਪੰਨਾ 66
57. ਚਾਰਬਾਗ*,* ਗਰੇਵਾਲ, ਇੰਦੂਬਾਂਗਾ ਪ੍ਰਵੇਸ਼ਿਕਾ
58. ਉਹੀ, *19ਵੀਂ ਸਦੀ ਦਾ ਪੰਜਾਬ*, ਪ੍ਰਵੇਸ਼ਿਕਾ



SikhBookClub.Com

# ਖਾਲਸਈ ਪਰੰਪਰਾ ਦਾ ਪ੍ਰਤੀਕ: ਸਰਦਾਰ ਜੱਸਾ ਸਿੰਘ ਆਹਲੂਵਾਲੀਆ

*—ਡਾ. ਗੁਰਨਾਮ ਕੌਰ*

ਮਹਾਨ ਸਿੱਖ ਜੋਧੇ ਅਤੇ ਖਾਲਸਈ ਪਰੰਪਰਾਵਾਂ 'ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ ਵਾਲੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ (1718-1783) ਦੀ ਤਿੰਨ ਸੌ-ਸਾਲਾ ਜਨਮ-ਸ਼ਤਾਬਦੀ ਮਨਾਈ ਜਾ ਰਹੀ ਹੈ। ਫ਼ਲਸਫ਼ੇ ਦੀ ਵਿਦਿਆਰਥਣ ਹੋਣ ਦੇ ਨਾਤੇ ਮੇਰੀ ਪਹਿਲੀ ਦਿਲਚਸਪੀ ਉਸ ਦਾਰਸ਼ਨਿਕ ਪਿੱਠ ਭੂਮੀ ਵਿਚ ਝਾਤੀ ਮਾਰਨਾ ਹੈ ਜਿਸ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਪੈਦਾ ਹੋਇਆ, ਪਲਿਆ, ਪੜ੍ਹਿਆ ਅਤੇ ਪ੍ਰਵਾਨ ਚੜ੍ਹਿਆ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਉਸ ਸ਼ਖ਼ਸੀਅਤ ਦਾ ਨਾਮ ਹੈ ਜਿਸ ਨੇ ਖਾਲਸਈ ਪਰੰਪਰਾਵਾਂ ਦੀ ਨਾ ਸਿਰਫ ਪਾਲਣਾ ਕੀਤੀ, ਬਲਕਿ ਖਾਲਸਈ ਪਰੰਪਰਾਵਾਂ 'ਤੇ ਦ੍ਰਿੜ੍ਹਤਾ ਨਾਲ ਪਹਿਰਾ ਦਿੰਦਿਆਂ ਆਪਣੇ ਮਿਸ਼ਨ ਦੀ ਪੂਰਤੀ ਲਈ ਜੂਝਦਾ ਰਿਹਾ। ਜਿਸ ਪਿੱਠ ਭੂਮੀ ਦੀ ਇੱਥੇ ਗੱਲ ਕੀਤੀ ਜਾਣੀ ਹੈ ਉਸ ਦੀ ਨੀਂਹ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਇਸ ਸੰਸਾਰ 'ਤੇ ਪ੍ਰਕਾਸ਼ ਧਾਰਨ ਨਾਲ ਹੀ ਰੱਖੀ ਗਈ ਸੀ। ਸ੍ਰੀ ਗੁਰੂ ਨਾਨਕ ਸਾਹਿਬ ਨੇ ਜਿਸ ਇਨਕਲਾਬੀ ਫ਼ਲਸਫ਼ੇ 'ਤੇ ਇੱਕ ਬਿਲਕੁਲ ਹੀ ਨਿਵੇਕਲੇ ਧਰਮ ਦੀ ਨੀਂਹ ਰੱਖੀ, ਉਹ ਮਹਿਜ਼ ਇੱਕ ਨਵਾਂ ਧਰਮ ਹੀ ਨਹੀਂ ਸੀ, ਬਲਕਿ ਉਸ ਫ਼ਲਸਫ਼ੇ ਦੇ ਡੂੰਘੇਰੇ ਸਮਾਜਿਕ ਅਤੇ ਰਾਜਨੀਤਿਕ ਸਰੋਕਾਰ ਸਨ ਜਿਨ੍ਹਾਂ ਦਾ ਮਕਸਦ ਇੱਕ ਨਵੇਂ-ਨਰੋਏ, ਮਨੁੱਖੀ ਬਰਾਬਰੀ, ਭਾਈਚਾਰਕ ਸਾਂਝ, ਨਿਰਪੱਖ ਅਤੇ ਜ਼ੁਲਮ-ਜ਼ਬਰ, ਲੁੱਟ-ਖਸੁੱਟ ਤੋਂ ਰਹਿਤ ਸਮਾਜ ਅਤੇ ਮਨੁੱਖ ਦੀ ਸਿਰਜਣਾ ਕਰਨਾ ਸੀ, ਜਿਸ ਵਿਚ ਹਰ ਮਨੁੱਖ ਭਾਵੇਂ ਉਹ ਇਸਤਰੀ ਹੋਵੇ ਜਾਂ ਪੁਰਸ਼, ਕਿਸੇ ਵੀ ਧਰਮ ਜਾਂ ਜਾਤ ਜਾਂ ਸ਼੍ਰੇਣੀ ਨਾਲ ਸੰਬੰਧਿਤ ਹੋਵੇ, ਬਿਨਾ ਕਿਸੇ ਭੈਅ ਦੇ ਮਾਣ-ਸਨਮਾਨ ਵਾਲਾ ਸੁਤੰਤਰ ਜੀਵਨ ਬਸਰ ਕਰ ਸਕੇ। ਇਸ ਫ਼ਲਸਫ਼ੇ ਦਾ ਆਗਾਜ਼ 1499 ਈ. ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ 'ਵੇਈਂ ਨਦੀ ਪ੍ਰਵੇਸ਼' ਨਾਲ ਹੁੰਦਾ ਹੈ ਜਦੋਂ ਉਨ੍ਹਾਂ ਨੇ ਵੇਈਂ-ਇਸ਼ਨਾਨ ਤੋਂ ਬਾਅਦ ਪਹਿਲਾ ਐਲਾਨ ਕੀਤਾ-"ਨਾ ਕੋ ਹਿੰਦੂ, ਨਾ ਕੋ ਮੁਸਲਮਾਨ।"

ਜਿਸ ਵੇਲੇ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਇਸ ਧਰਤੀ 'ਤੇ ਹੋਇਆ ਉਸ ਵੇਲੇ ਭਾਰਤੀ ਸਮਾਜ ਧਾਰਮਿਕ ਕਰਮ-ਕਾਂਡ, ਜਾਤ-ਪਾਤ, ਊਚ-ਨੀਚ,



SikhBookClub.Com

ਵਰਗ-ਵੰਡ ਵਰਗੀਆਂ ਲਹੂ-ਵੀਟਣੀਆਂ ਧਾਰਮਿਕ ਅਤੇ ਸਮਾਜਿਕ ਰਸਮਾਂ ਦੀਆਂ ਜ਼ੰਜੀਰਾਂ ਨਾਲ ਜਕੜਿਆ ਹੋਇਆ, ਅਨੇਕ ਤਰ੍ਹਾਂ ਨਾਲ ਵੰਡਿਆ ਹੋਇਆ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਗ਼ੁਲਾਮੀ ਹੰਢਾ ਰਿਹਾ ਸੀ। ਇਸ ਦਾ ਜ਼ਿਕਰ ਸਾਨੂੰ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਸਪਸ਼ਟ ਮਿਲ ਜਾਂਦਾ ਹੈ। ਭਾਈ ਗੁਰਦਾਸ ਜੀ ਨੇ ਇਸ ਦਾ ਪ੍ਰਗਟਾਵਾ ਆਪਣੀ ਪਹਿਲੀ ਵਾਰ ਦੀ 17ਵੀਂ ਪਉੜੀ ਵਿਚ ਕਰਦਿਆਂ ਇਸ ਨੂੰ 'ਜੁਗਿ ਗਰਦੀ'[1] ਦਾ ਨਾਮ ਦਿੱਤਾ ਹੈ ਜਿਸ ਵਿਚ ਸੰਸਾਰ ਦਾ ਸਾਰਾ ਵਰਤੋਂ-ਵਿਹਾਰ ਹੀ ਉਲਟਾ ਹੋ ਜਾਂਦਾ ਹੈ, ਸੰਸਾਰ ਪਾਪ ਦੇ ਵਰਤਾਰੇ ਕਾਰਨ ਭ੍ਰਿਸ਼ਟ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੇ ਜਿਸ ਆਦਰਸ਼ਕ ਸਮਾਜ ਦੀ ਸਿਰਜਣਾ ਦਾ ਅਰੰਭ ਸਿੱਖ ਧਰਮ ਦੀ ਨੀਂਹ ਰੱਖ ਕੇ ਕੀਤਾ, ਉਹ ਮਾਨਵਤਾਵਾਦੀ ਕੀਮਤਾਂ 'ਤੇ ਆਧਾਰਿਤ ਹਿੰਦੂ ਅਤੇ ਮੁਸਲਮਾਨ ਦੋਵਾਂ ਨਾਲੋਂ ਵੱਖਰਾ ਅਤੇ ਨਿਰਾਲਾ ਸੀ। ਗੁਰੂ ਨਾਨਕ ਸਾਹਿਬ ਨੇ ਅਧਿਆਤਮਿਕਤਾ ਨੂੰ ਏਕਾਂਤ ਨਾਲੋਂ ਤੋੜ ਕੇ ਸਮਾਜਿਕਤਾ ਨਾਲ ਜੋੜਿਆ ਤਾਂ ਕਿ ਇੱਕ ਬਿਹਤਰ ਸੰਸਾਰ ਦੀ ਸਿਰਜਣਾ ਕੀਤੀ ਜਾ ਸਕੇ ਜਿੱਥੇ ਮਨੁੱਖ ਮਾਨਵਤਾਵਾਦੀ ਸਰੋਕਾਰਾਂ ਦੀ ਰਾਖੀ ਕਰਦਿਆਂ *ਐਸੀ ਜੁਗਤਿ ਜੋਗ ਕਉ ਪਾਲੇ॥ ਆਪਿ ਤਰੈ ਸਗਲੇ ਕੁਲ ਤਾਰੇ॥*[2] ਦਾ ਅਨੁਭਵ ਕਰ ਸਕੇ। ਇਸ ਆਦਰਸ਼ ਦੀ ਪੂਰਤੀ ਲਈ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਮਨੁੱਖ ਨੂੰ ਧਾਰਮਿਕ ਕਰਮ-ਕਾਂਡ ਵਿੱਚੋਂ ਕੱਢ ਕੇ ਉਸ ੴ ਨਾਲ ਜੋੜਿਆ ਜੋ ਇਸ ਸੰਸਾਰ ਦਾ ਕਰਤਾ ਪੁਰਖ ਹੋਣ ਦੇ ਨਾਲ ਨਾਲ ਇਸ ਦੇ ਜ਼ਰੇ-ਜ਼ਰੇ ਵਿਚ ਵਿਆਪਕ ਵੀ ਹੈ ਅਤੇ ਮਨੁੱਖ ਵੀ ਉਸੇ ਜੋਤਿ ਨਾਲ ਪ੍ਰਕਾਸ਼ਿਤ ਹੈ *ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭਿ ਮਹਿ ਚਾਨਣੁ ਹੋਇ॥* ਉਸ ਪਰਮ-ਸਤਿ ਨੂੰ ਧਿਆਉਣ ਦਾ ਮਾਰਗ ਕਿਸੇ ਕਿਸਮ ਦੀਆਂ ਪੂਜਾ-ਵਿਧੀਆਂ ਨਾਲੋਂ ਉਸ ਦੇ ਗੁਣ ਗਾਉਣ ਨੂੰ ਦੱਸਿਆ ਤਾਂ ਕਿ ਮਨੁੱਖ ਉਸ ਦੇ ਗੁਣਾਂ ਨੂੰ ਆਪਣੇ ਅੰਦਰ ਵਸਾ ਕੇ ਉਸ ਜੋਤਿ ਨੂੰ ਜਗਾ ਕੇ ਆਪਣੇ ਅਮਲਾਂ ਵਿਚ ਪ੍ਰਗਟ ਕਰ ਸਕੇ। ਇਹੀ ਮਨੁੱਖੀ ਬਰਾਬਰੀ ਦੀ ਨੀਂਹ ਸੀ ਜਿਸ ਦੇ ਤਹਿਤ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ *ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥* ਹੋਣ ਦਾ ਐਲਾਨ ਕੀਤਾ ਅਤੇ ਮਨੁੱਖ ਦੀ ਸੱਚੀ-ਸੁੱਚੀ ਕਿਰਤ ਅਤੇ ਉਸ ਦੇ ਕਿਰਤੀ ਹੋਣ ਨੂੰ ਪ੍ਰਮਾਣਿਕਤਾ ਬਖ਼ਸ਼ਿਸ਼ ਕਰਦਿਆਂ ਕਿਸੇ 'ਮਲਿਕ ਭਾਗੋ' ਦੇ ਸ਼ਾਹੀ ਭੋਜ ਨੂੰ ਕਬੂਲ ਕਰਨ ਦੀ ਥਾਂ 'ਭਾਈ ਲਾਲੋ' ਦੀ ਸੁੱਚੀ ਕਿਰਤ ਦੀ ਰੁੱਖੀ-ਸੁੱਖੀ ਰੋਟੀ ਸਤਿਨਾਮੁ ਕਹਿ ਕੇ ਪ੍ਰੇਮ ਨਾਲ ਛਕੀ ਜੋ ਇਕ ਅਜਿਹਾ ਇਨਕਲਾਬੀ ਕਦਮ ਸੀ, ਜਿਹੜਾ ਨਵੀਂ ਅਤੇ ਉਸਾਰੂ ਤਬਦੀਲੀ ਦਾ ਸੂਚਕ ਹੋ ਨਿਬੜਿਆ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਦਿੱਲੀ ਦੇ ਤਖਤ ਤੇ ਲੋਧੀ ਵੰਸ਼ ਦੇ ਪਠਾਣਾਂ ਦਾ ਰਾਜ ਸੀ ਅਤੇ ਇਸੇ ਸਮੇਂ ਦੌਰਾਨ ਬਾਬਰ ਦੀ ਅਗਵਾਈ ਵਿਚ ਮੁਗ਼ਲਾਂ ਨੇ ਹਿੰਦੁਸਤਾਨ ਉੱਤੇ ਹਮਲਾ ਕੀਤਾ। ਸ੍ਰੀ ਗੁਰੂ ਨਾਨਕ ਸਾਹਿਬ ਦਾ ਸੰਵੇਦਨਸ਼ੀਲ ਮਨ ਬਾਬਰ ਵੱਲੋਂ ਕੀਤੇ ਮਨੁੱਖੀ ਘਾਣ ਤੇ ਤਬਾਹੀ ਨੂੰ ਦੇਖ ਕੇ ਬਹੁਤ



SikhBookClub.Com

ਦੁਖੀ ਹੋਇਆ। ਉਨ੍ਹਾਂ ਨੇ ਆਪਣੀ ਬਾਣੀ ਵਿਚ ਇਸ ਦਾ ਪ੍ਰਗਟਾਵਾ ਕੀਤਾ ਹੈ ਅਤੇ ਜਿੱਥੇ ਇਸ ਹਮਲੇ ਵਿਰੁੱਧ ਆਪਣੀ ਅਵਾਜ਼ ਬੁਲੰਦ ਕਰਦਿਆਂ ਮੁਗ਼ਲ ਬਾਬਰ ਨੂੰ 'ਜਮੁ' ਅਰਥਾਤ ਮੌਤ ਦਾ ਦੂਤ ਕਿਹਾ, ਉੱਥੇ ਰਾਜ ਕਰ ਰਹੇ ਪਠਾਣ ਹਾਕਮਾਂ ਨੂੰ ਲਾਹਣਤ ਪਾਉਂਦੇ ਹਨ ਕਿ 'ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ' ਅਰਥਾਤ ਪਰਜਾ ਦੀ ਰਾਖੀ ਕਰਨਾ ਅਤੇ ਪਰਜਾ ਨੂੰ ਨਿਆਉਂ ਦੇਣਾ ਰਾਜੇ ਦਾ ਕੰਮ ਹੈ। ਜੇ ਗਊਆਂ ਦੇ ਵੱਗ 'ਤੇ ਸ਼ੇਰ ਹਮਲਾ ਕਰ ਦੇਵੇ ਤਾਂ ਮਾਲਕ ਨੂੰ ਪੁੱਛਿਆ ਜਾਵੇਗਾ ਕਿ ਉਹ ਕਿੱਥੇ ਸੀ, ਆਪਣੇ ਵੱਗ ਦੀ ਰਾਖੀ ਕਿਉਂ ਨਹੀਂ ਕੀਤੀ? ਇਸ ਦੇ ਨਾਲ ਹੀ ਬਾਬਰ ਦੇ ਹਮਲੇ ਨਾਲ ਸੰਬੰਧਿਤ ਰਾਗ ਆਸਾ ਵਿਚ ਹੀ ਰਚੇ ਇਕ ਹੋਰ ਸ਼ਬਦ ਵਿਚ ਲੋਕਾਂ ਨੂੰ ਸੁਚੇਤ ਕਰਦੇ ਹਨ ਕਿ ਮਨੁੱਖ ਨੂੰ ਆਪਣੇ ਸ੍ਵੈ-ਮਾਨ, ਜਾਨ-ਮਾਲ ਦੀ ਰਾਖੀ ਲਈ ਖ਼ੁਦ ਮਜ਼ਬੂਤ ਹੋਣਾ ਪੈਂਦਾ ਹੈ, ਆਪਣੀ ਰੱਖਿਆ ਖੁਦ ਕਰਨੀ ਪੈਂਦੀ ਹੈ, ਕੋਈ ਪੀਰ, ਫਕੀਰ, ਦੇਵਤਾ ਕੁਝ ਨਹੀਂ ਕਰ ਸਕਦਾ: *ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ॥ ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ॥ ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ॥*

ਦਸਵੇਂ ਜਾਮੇ ਤਕ ਗੁਰੂ ਸਾਹਿਬਾਨ ਦੀ ਬਖ਼ਸ਼ਿਸ਼ ਨਾਲ ਤਲਵਾਰ ਨੇ ਕਿਰਪਾਨ ਦਾ ਰੂਪ ਧਾਰਨ ਕੀਤਾ ਜਿਸ ਨੂੰ ਜ਼ੁਲਮ ਦੇ ਖ਼ਿਲਾਫ ਅਤੇ ਮਜ਼ਲੂਮਾਂ ਦੀ ਰਾਖੀ ਲਈ ਵਰਤਣ ਦਾ ਹੁਕਮ ਹੋਇਆ। ਸ੍ਰੀ ਗੁਰੂ ਗੋਬਿੰਦ ਸਿੰਘ ਨੇ ਗੋਦਾਵਰੀ ਕਿਨਾਰੇ ਨਾਂਦੇੜ ਵਿਖੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਬਕਾਇਦਾ ਪਰੰਪਰਾ ਅਨੁਸਾਰ ਗੁਰਗੱਦੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਸੌਂਪ ਕੇ ਪੰਥ ਨੂੰ ਸ਼ਬਦ ਗੁਰੂ ਦੇ ਲੜ ਲਾ ਦਿੱਤਾ ਅਤੇ ਪੰਥ ਨੂੰ ਹੁਕਮ ਕੀਤਾ ਕਿ ਭਵਿੱਖ ਵਿਚ ਉਹ ਆਪਣੇ ਸਭ ਫੈਸਲੇ ਸ਼ਬਦ ਗੁਰੂ ਦੀ ਅਗਵਾਈ ਵਿਚ ਆਪ ਕਰਨਗੇ ਅਤੇ ਸਮੂਹਿਕ ਰੂਪ ਵਿਚ ਖ਼ਾਲਸੇ ਦੇ ਕੀਤੇ ਫੈਸਲੇ ਨੂੰ ਕਿਸੇ ਇਕੱਲੇ ਕਾਰੇ ਮੁਖੀਏ ਨੂੰ ਚੁਣੌਤੀ ਦੇਣ ਦਾ ਹੱਕ ਨਹੀਂ। ਸ੍ਰੀ ਗੁਰੂ ਗੋਬਿੰਦ ਸਿੰਘ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਅੰਮ੍ਰਿਤ ਛਕਾ ਕੇ ਵੈਰਾਗੀ ਤੋਂ ਖ਼ਾਲਸਾ ਬਣਾ ਦਿੱਤਾ ਅਤੇ ਪੰਜ ਸਿੰਘਾਂ ਦੇ ਜਥੇ ਨਾਲ ਪੰਜਾਬ ਮੁਗ਼ਲਾਂ ਨਾਲ ਟੱਕਰ ਲੈਣ ਲਈ ਭੇਜਿਆ। ਬਾਬਾ ਬੰਦਾ ਸਿੰਘ ਬਹਾਦਰ ਤੋਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤਕ ਦਾ ਬਹੁਤ ਛੋਟਾ ਪਰ ਬਹੁਤ ਹੀ ਘਟਨਾਵਾਂ ਨਾਲ ਭਰਿਆ ਹੋਇਆ ਖ਼ਾਲਸੇ ਦਾ ਸਫ਼ਰ ਇਤਿਹਾਸ ਦਾ ਹਿੱਸਾ ਹੈ। ਇਤਿਹਾਸਕਾਰਾਂ ਨੇ ਜੌਨ ਪੁਰ ਦੇ ਸਿੱਖਾਂ ਦੇ ਨਾਮ ਲਿਖੀ ਬਾਬਾ ਬੰਦਾ ਸਿੰਘ ਬਹਾਦਰ ਦੀ ਚਿੱਠੀ ਦੇ ਹਵਾਲੇ ਨਾਲ ਲਿਖਿਆ ਹੈ ਕਿ ਬਾਬਾ ਬੰਦਾ ਸਿੰਘ ਨੇ ਖ਼ਾਲਸੇ ਨੂੰ ਗੁਰੂ ਦੇ ਦੱਸੇ ਸਿਧਾਂਤਾਂ ਦੀ ਪੂਰਨ ਤੌਰ 'ਤੇ ਪਾਲਣਾ ਕਰਨ ਲਈ ਕਿਹਾ[2] ਬਾਬਾ ਬੰਦਾ ਸਿੰਘ ਨੇ ਰਾਜ ਕਰਨ ਦੇ ਬਹੁਤ ਥੋੜ੍ਹੇ ਜਿਹੇ ਸਮੇਂ ਵਿਚ ਜਾਗੀਰਦਾਰੀ ਪ੍ਰਬੰਧ ਨੂੰ ਤੋੜ ਕੇ ਜ਼ਮੀਨ ਹੱਲ-ਵਾਹਕਾਂ ਵਿਚ ਵੰਡ ਦਿੱਤੀ ਅਤੇ ਆਪਣੇ ਉੱਤੇ ਲੋਕਾਂ ਦੀ ਜ਼ੁਲਮ ਦੇ ਖ਼ਿਲਾਫ਼ ਰੱਖਿਆ ਕਰਨ ਤੇ ਉਨ੍ਹਾਂ ਦੀ ਸੇਵਾ



SikhBookClub.Com

ਕਰਨ ਦਾ ਜ਼ਿੰਮਾ ਲਿਆ। ਬਾਬਾ ਬੰਦਾ ਸਿੰਘ ਨੇ ਸ੍ਰੀ ਗੁਰੂ ਨਾਨਕ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ 'ਤੇ ਸਿੱਕਾ ਚਾਲੂ ਕੀਤਾ ਅਤੇ ਇਸ ਥੋੜੇ ਜਿਹੇ ਸਮੇਂ ਵਿਚ ਹੀ ਬੇਗਮ ਪੁਰਾ ਸਹਰ ਕੋ ਨਾਉ ਨੂੰ ਅਮਲੀ ਜਾਮਾ ਪਹਿਨਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਬਾਬਾ ਬੰਦਾ ਸਿੰਘ ਬਹਾਦਰ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਹੱਥੋਂ ਅੰਮ੍ਰਿਤ-ਪਾਨ ਕੀਤਾ ਸੀ ਅਤੇ ਪੂਰਾ ਜੀਵਨ ਉਹ ਗੁਰੂ ਦਾ ਸੱਚਾ-ਸੁੱਚਾ ਸਿੱਖ ਰਿਹਾ, ਗੁਰੂ ਦੇ ਮਿਸ਼ਨ ਵਿਚ ਪੂਰਨ ਭਰੋਸਾ ਕਾਇਮ ਰੱਖਿਆ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਪਰਵਾਰਿਕ ਪਿਛੋਕੜ ਵਿਚ ਨਾ ਜਾਂਦਿਆਂ ਹੋਇਆਂ, ਜਿਵੇਂ ਪਹਿਲਾਂ ਕਿਹਾ ਸੀ, ਗੱਲ ਉਸ ਸਿਧਾਂਤਕ ਪਿਛੋਕੜ ਅਤੇ ਉਸ ਫ਼ਲਸਫ਼ੇ ਨੂੰ ਅਮਲੀ ਜਾਮਾ ਪਹਿਨਾਉਣ ਦੀ ਹੀ ਕੀਤੀ ਜਾਵੇਗੀ। ਇਤਿਹਾਸਕਾਰਾਂ ਅਨੁਸਾਰ ਸਰਦਾਰ ਜੱਸਾ ਸਿੰਘ ਦਾ ਜਨਮ 3 ਮਈ, 1718 ਈ. ਨੂੰ ਹੋਇਆ ਅਤੇ 1722 ਈ. ਵਿਚ ਉਸ ਦਾ ਪਿਤਾ ਬਦਰ ਸਿੰਘ ਪ੍ਰਲੋਕ ਸਿਧਾਰ ਗਿਆ ਜਿਸ ਕਰਕੇ ਜੱਸਾ ਸਿੰਘ ਦੀ ਮਾਤਾ ਉਸ ਨੂੰ ਲੈ ਕੇ ਮਾਤਾ ਸੁੰਦਰੀ ਜੀ ਦੀ ਛੱਤਰ-ਛਾਇਆ ਹੇਠ ਬੱਚੇ ਨੂੰ ਪਾਲਣ ਲਈ ਦਿੱਲੀ ਚਲੀ ਗਈ। ਦੋਵੇਂ ਮਾਂ-ਪੁੱਤਰ ਕੁਝ ਅਰਸਾ ਮਾਤਾ ਸੁੰਦਰੀ ਜੀ ਦੀ ਦੇਖ-ਰੇਖ ਵਿਚ ਰਹੇ। ਜੱਸਾ ਸਿੰਘ ਦੀ ਮਾਤਾ ਬਾਣੀ ਦਾ ਬਹੁਤ ਵਧੀਆ ਕੀਰਤਨ ਕਰਦੇ ਸੀ। ਮਾਤਾ ਸੁੰਦਰੀ ਦਾ ਦੋਵਾਂ ਨਾਲ ਬਹੁਤ ਸਨੇਹ ਹੋ ਗਿਆ। ਜੱਸਾ ਸਿੰਘ ਦਾ ਮਾਮਾ ਬਾਘ ਸਿੰਘ ਬੇ-ਔਲਾਦ ਸੀ ਜਿਸ ਕਰਕੇ ਮਾਤਾ ਜੀ ਨੂੰ ਬੇਨਤੀ ਕਰ ਕੇ ਉਹ ਮਾਂ-ਪੁੱਤਰ ਨੂੰ ਆਪਣੇ ਨਾਲ ਲੈ ਆਇਆ। ਦਿੱਲੀ ਤੋਂ ਵਾਪਸੀ ਤੇ ਉਹ ਜਲੰਧਰ ਠਹਿਰੇ ਜਿੱਥੇ ਉਨ੍ਹਾਂ ਦੀ ਭੇਟ ਨਵਾਬ ਕਪੂਰ ਸਿੰਘ ਨਾਲ ਹੋਈ ਜਿਸ ਨੇ ਜੱਸਾ ਸਿੰਘ ਦੀ ਮਾਤਾ ਦਾ ਕੀਰਤਨ ਬਹੁਤ ਪਸੰਦ ਕੀਤਾ ਅਤੇ ਬਾਘ ਸਿੰਘ ਕੋਲੋਂ ਜੱਸਾ ਸਿੰਘ ਨੂੰ ਆਪਣੀ ਦੇਖ-ਰੇਖ ਵਿਚ ਪ੍ਰਵਾਨ ਚੜ੍ਹਨ ਲਈ ਮੰਗ ਲਿਆ ਅਤੇ ਇੱਥੋਂ ਹੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਅਗਲਾ ਸਫ਼ਰ ਤੈਅ ਹੁੰਦਾ ਹੈ। ਜਦੋਂ ਉਸ ਦੇ ਮਾਮੇ ਬਾਘ ਸਿੰਘ ਦੀ ਮੌਤ ਹੋਈ ਉਦੋਂ ਉਸ ਦੀ ਉਮਰ ਸਿਰਫ 13 ਸਾਲ ਸੀ ਅਤੇ ਉਹ ਆਪਣੇ ਮਾਮੇ ਦਾ ਵਾਰਿਸ ਬਣਿਆ। ਉਸ ਨੇ ਖੰਡੇ-ਬਾਟੇ ਦੀ ਪਾਹੁਲ ਨਵਾਬ ਕਪੂਰ ਸਿੰਘ ਦੇ ਜਥੇ ਪਾਸੋਂ ਛਕੀ ਸੀ। ਉਹ ਇਕ ਨਿਰਭੈ ਅਤੇ ਬਹਾਦਰ ਜਵਾਨ ਬਣ ਕੇ ਉਭਰਿਆ। ਇਤਿਹਾਸਕਾਰਾਂ ਅਨੁਸਾਰ ਉਸ ਦੇ ਰਾਜਨੀਤਿਕ ਗੁਣਾਂ, ਧਾਰਮਿਕ ਉਤਸ਼ਾਹ ਅਤੇ ਬੁਲੰਦ ਅਕਾਂਖਿਆਵਾਂ ਨੇ ਮਿਲ ਕੇ ਉਸ ਨੂੰ ਪੰਜਾਬ ਦੇ ਤਾਕਤਵਰ ਸੰਘੀ ਪ੍ਰਮੁੱਖਾਂ ਵਿੱਚੋਂ ਇੱਕ ਬਣਾ ਦਿੱਤਾ।[3] ਸਰਦਾਰ ਜੱਸਾ ਸਿੰਘ ਹੱਥੋਂ ਅੰਮ੍ਰਿਤ ਛਕਣ ਵਿਚ ਸਿੱਖ ਆਪਣਾ ਮਾਣ ਸਮਝਦੇ ਸੀ। ਉਹ ਬਹੁਤ ਹੀ ਕਾਬਲ ਨੇਤਾ ਸੀ ਜਿਸ ਦਾ ਸਨਮਾਨ ਸਾਰੇ ਸਿੱਖ ਕਰਦੇ ਸੀ ਅਤੇ ਉਸ ਵਿਚ ਜਥੇਬੰਦਕ ਤਾਕਤ ਕਮਾਲ ਦੀ ਸੀ ਜੋ ਉਸ ਵੇਲੇ ਸਿੱਖਾਂ ਦੇ ਜਥੇਬੰਦ ਹੋਣ ਵਿਚ ਸਾਫ਼ ਨਜ਼ਰ ਆ ਰਹੀ ਸੀ ਅਤੇ ਇਹ ਸਿਖਲਾਈ ਉਸ ਨੇ ਨਵਾਬ ਕਪੂਰ ਸਿੰਘ ਦੀ ਅਗਵਾਈ ਤੋਂ ਪ੍ਰਾਪਤ ਕੀਤੀ ਸੀ। ਅਹਿਮਦਸ਼ਾਹ ਦੁਰਾਨੀ ਭਾਰਤ ਉੱਤੇ 1748 ਈ. ਵਿਚ



SikhBookClub.Com

ਪਹਿਲਾ ਹਮਲਾ ਕਰਨ ਤੋਂ ਬਾਅਦ ਪੰਜਾਬ ਖਾਲੀ ਕਰ ਕੇ ਜਦੋਂ ਵਾਪਸ ਗਿਆ ਤਾਂ ਨਵਾਬ ਕਪੂਰ ਸਿੰਘ ਨੇ ਮਤਾ ਰੱਖਿਆ ਜਿਸ ਨੂੰ ਮੰਨਦਿਆਂ ਸਿੱਖਾਂ ਨੇ ਜਥੇਬੰਦਕ ਏਕਾ ਕਰਨ ਦਾ ਫੈਸਲਾ ਕੀਤਾ ਅਤੇ 1748 ਈ. ਦੀ ਵੈਸਾਖੀ ਨੂੰ ਸ੍ਰੀ ਅੰਮ੍ਰਿਤਸਰ ਵਿੱਖੇ ਇਕੱਠ ਕਰ ਕੇ 'ਦਲ ਖਾਲਸਾ' ਦਾ ਜਥੇਬੰਦਕ ਢਾਂਚਾ ਹੋਂਦ ਵਿਚ ਲਿਆਂਦਾ ਜਿਸ ਦੀ ਕਮਾਨ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਸੌਂਪੀ ਗਈ। ਸਿੱਖਾਂ ਦੇ ਵੱਖ-ਵੱਖ ਸਮੂਹਾਂ ਨੂੰ ਇਕੱਠੇ ਕਰ ਕੇ 12 ਮੁਖੀਆਂ ਦੀ ਕਮਾਨ ਹੇਠ ਜਥੇਬੰਦਕ ਕੀਤਾ ਗਿਆ। ਜਦੋਂ 1761 ਈ. ਦੀ ਦੀਵਾਲੀ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਜੱਸਾ ਸਿੰਘ ਦੀ ਕਮਾਨ ਹੇਠ ਫੈਸਲਾ ਕੀਤਾ ਗਿਆ ਕਿ 'ਦਲ ਖਾਲਸਾ' ਲਾਹੌਰ 'ਤੇ ਚੜ੍ਹਾਈ ਕਰੇਗਾ ਤਾਂ ਲਾਹੌਰ ਦੇ ਪ੍ਰਮੁੱਖ ਸ਼ਹਿਰੀ ਇਕੱਠੇ ਹੋ ਕੇ ਸਰਦਾਰ ਜੱਸਾ ਸਿੰਘ ਨੂੰ ਮਿਲੇ ਕਿ ਜੇ ਉਹ ਲੋਕਾਂ ਦੀ ਸੁਰੱਖਿਆ ਅਤੇ ਖੈਰੀਅਤ ਦਾ ਵਾਅਦਾ ਕਰਨ ਤਾਂ ਲਾਹੌਰ ਵਾਸੀ ਸ਼ਹਿਰ ਵਿਚ ਉਨ੍ਹਾਂ ਦੀ ਆਮਦ ਦਾ ਸੁਆਗਤ ਕਰਨਗੇ। ਇਸ ਤੋਂ ਆਮ ਲੋਕਾਂ ਦਾ ਸਿੱਖਾਂ ਪ੍ਰਤੀ ਜਿਸ ਕਿਸਮ ਦਾ ਵਿਸ਼ਵਾਸ ਸੀ ਉਹ ਭਲੀਭਾਂਤ ਉਜਾਗਰ ਹੁੰਦਾ ਹੈ।

ਵੱਡੇ ਘੱਲੂਘਾਰੇ ਵੇਲੇ ਅਫਗਾਨਾਂ ਦੇ ਖ਼ਿਲਾਫ਼ ਸਰਦਾਰ ਜੱਸਾ ਸਿੰਘ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਜਦੋਂ ਅਫਗਾਨਾਂ ਦੇ ਜਾਣ ਤੋਂ ਬਾਅਦ ਸਿੱਖ ਆਲਾ ਸਿੰਘ ਦੇ ਦੁਆਲੇ ਹੋਏ ਜਿਸ ਨੇ ਅਫਗਾਨਾਂ ਨੂੰ ਖੁਸ਼ ਕਰ ਕੇ 'ਰਾਜਾ' ਦਾ ਖ਼ਿਤਾਬ ਲੈ ਲਿਆ ਸੀ ਤਾਂ ਇਹ ਜੱਸਾ ਸਿੰਘ ਸੀ ਜਿਸ ਨੇ ਸਿੱਖਾਂ ਨੂੰ ਆਲਾ ਸਿੰਘ ਦੀ ਮਜ਼ਬੂਰੀ ਨੂੰ ਸਮਝਣ ਲਈ ਕਿਹਾ ਅਤੇ ਉਸ ਨਾਲ ਕਿਸੇ ਕਿਸਮ ਦਾ ਬੁਰਾ ਸਲੂਕ ਕਰਨ ਤੋਂ ਰੋਕਿਆ।[4] ਇਸ ਦਾ ਸਿਹਰਾ ਜੱਸਾ ਸਿੰਘ ਦੀ ਅਗਵਾਈ ਨੂੰ ਹੀ ਜਾਂਦਾ ਹੈ ਕਿ 1766 ਈ. ਵਿਚ ਜਦੋਂ ਅਹਿਮਦਸ਼ਾਹ ਪੰਜਾਬ ਵਿਚ ਦਾਖ਼ਲ ਹੋਇਆ ਤਾਂ ਸਿੱਖਾਂ ਨੇ ਉਸ ਨੂੰ ਲਗਾਤਾਰ ਪ੍ਰੇਸ਼ਾਨ ਕੀਤਾ ਅਤੇ ਉਹ ਵਾਪਸ ਚਲਾ ਗਿਆ। ਜਦੋਂ ਸਰਦਾਰ ਜੱਸਾ ਸਿੰਘ ਨੇ ਕਪੂਰਥਲਾ ਜਿੱਤ ਲਿਆ ਤੇ ਇਸ ਨੂੰ ਆਪਣੀ ਰਾਜਧਾਨੀ ਬਣਾ ਲਿਆ ਤਾਂ ਸਿੱਖ ਪਰੰਪਰਾਵਾਂ ਦੀ ਪਾਲਣਾ ਕਰਦਿਆਂ ਉਸ ਨੇ ਰਾਇ ਇਬਰਾਹਿਮ ਨੂੰ ਆਪਣੀ ਚਲੰਤ ਜਾਇਦਾਦ ਅਤੇ ਪਰਵਾਰ ਸਮੇਤ ਸੁਰੱਖਿਅਤ ਜਾਣ ਦਿੱਤਾ ਅਤੇ ਕਿਹਾ ਜਾਂਦਾ ਹੈ ਕਿ ਉਸ ਦੇ ਪੁੱਤਰ ਅਤੇ ਧੀ ਨੂੰ ਗੁਜ਼ਾਰੇ ਵਾਸਤੇ ਇੱਕ ਪਿੰਡ ਵੀ ਜਗੀਰ ਵਜੋਂ ਦੇ ਦਿੱਤਾ। ਸਰਦਾਰ ਜੱਸਾ ਸਿੰਘ ਨੇ ਰਾਜਸੀ ਗੌਰਵ ਲੈਣ ਤੋਂ ਦੋ ਵਾਰ 1761 ਈ. ਅਤੇ 1783 ਈ. ਵਿਚ ਇਨਕਾਰ ਕੀਤਾ। ਸਰਦਾਰ ਜੱਸਾ ਸਿੰਘ ਅਨੇਕ ਗੁਣਾਂ ਦਾ ਮਾਲਕ ਸੀ ਜਿਸ ਦਾ ਸਿੱਖਾਂ ਵਿਚ ਬੇਹੱਦ ਸਤਿਕਾਰ ਸੀ। ਉਹ ਇੱਕ ਮਹਾਨ ਯੋਧਾ, ਬਹਾਦਰ ਜਰਨੈਲ ਅਤੇ ਸ਼ਾਨਦਾਰ ਪ੍ਰਬੰਧਕ ਸੀ। ਕਿਹਾ ਜਾਂਦਾ ਹੈ ਕਿ ਉਸ ਦੇ ਸਰੀਰ 'ਤੇ ਤਕਰੀਬਨ ਤਿੰਨ ਦਰਜ਼ਨ ਦਾਗ ਸਨ ਜੋ ਤਲਵਾਰ ਦੇ ਫੱਟਾਂ, ਗੋਲੀਆਂ ਦੇ ਨਿਸ਼ਾਨਾਂ ਨਾਲ ਪਏ ਸਨ ਅਤੇ ਇਹ ਸਾਰੇ ਹੀ ਉਸ ਦੇ ਸਰੀਰ ਦੇ ਸਾਹਮਣੇ ਹਿੱਸੇ 'ਤੇ ਸਨ, ਕੋਈ ਵੀ ਨਿਸ਼ਾਨ ਸਰੀਰ ਦੇ ਪਿੱਠ ਵਾਲੇ ਪਾਸੇ 'ਤੇ ਨਹੀਂ ਸੀ। ਇਸ ਦਾ ਇਹੀ ਅਰਥ ਹੈ ਕਿ ਉਸ ਨੇ ਗੁਰੂ ਦੇ ਹੁਕਮ



SikhBookClub.Com

ਦਾ ਅਨੁਸਾਰੀ ਹੁੰਦਿਆਂ ਕਦੇ ਵੀ ਜੰਗ ਵਿਚ ਦੁਸ਼ਮਣ ਨੂੰ ਪਿੱਠ ਨਹੀਂ ਸੀ ਦਿਖਾਈ। ਕਾਜ਼ੀ ਨੂਰ ਮੁਹੰਮਦ ਨੇ ਸਰਦਾਰ ਜੱਸਾ ਸਿੰਘ ਨੂੰ ਅਹਿਮਦਸ਼ਾਹ ਦੇ ਸੱਤਵੇਂ ਹਮਲੇ ਵੇਲੇ 1765 ਈ. ਵਿਚ ਜੁੱਧ ਵਿਚ ਲੜਦਿਆਂ ਆਪਣੀਆਂ ਅੱਖਾਂ ਸਾਹਮਣੇ ਦੇਖਿਆ ਸੀ ਅਤੇ ਉਸ ਨੇ ਆਪਣੇ ਜੰਗਨਾਮੇ ਵਿਚ ਲਿਖਿਆ ਹੈ ਕਿ "ਜੱਸਾ ਕਲਾਲ ਕੇਂਦਰ ਵਿਚ ਸੀ, ਜੋ ਨਿਰਭੈ ਹੋ ਕੇ ਇੱਕ ਪਹਾੜ ਦੀ ਤਰ੍ਹਾਂ ਖੜਾ ਸੀ।"[5] ਇਕ ਬਹੁਤ ਹੀ ਸਫਲ ਕਮਾਂਡਰ ਅਤੇ ਬਹਾਦਰ ਹੋਣ ਦੇ ਬਾਵਜੂਦ ਉਹ ਇਕ ਸੰਤ ਪੁਰਸ਼ ਅਤੇ ਸਿੱਖੀ ਅਸੂਲਾਂ ਨੂੰ ਪਰਣਾਇਆ ਹੋਇਆ ਸੀ ਜਿਸ ਦਾ ਸਿੱਖ ਬਹੁਤ ਜ਼ਿਆਦਾ ਸਤਿਕਾਰ ਕਰਦੇ ਸਨ ਅਤੇ ਉਸ ਦੇ ਹੱਥੋਂ ਅੰਮ੍ਰਿਤ ਛਕਣਾ ਆਪਣਾ ਸੁਭਾਗ ਸਮਝਦੇ ਸੀ। ਵੱਖ-ਵੱਖ ਰਿਆਸਤਾਂ ਦੇ ਰਾਜੇ ਉਸ ਦੇ ਸਤਿਕਾਰ ਵਿਚ ਹੱਥ ਜੋੜ ਕੇ ਖੜ੍ਹੋਂਦੇ ਸੀ ਅਤੇ ਉਸ ਦੇ ਗੋਡੇ ਛੂੰਹਦੇ ਸਨ, ਪਰ ਉਹ ਬਹੁਤ ਹਲੀਮ ਸੀ ਅਤੇ ਆਪਣੇ ਆਪ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਮਸਕੀਨ ਅਤੇ ਸ਼ਰਧਾਵਾਨ ਸਿੱਖ ਸਮਝਦਾ ਸੀ। ਦੂਸਰੇ ਧਰਮਾਂ ਪ੍ਰਤੀ ਉਹ ਬਹੁਤ ਸਹਿਣਸ਼ੀਲ ਸੀ ਅਤੇ ਉਸ ਦੇ ਕਾਫੀ ਸਾਰੇ ਮੁਸਲਮਾਨ ਕਰਮਚਾਰੀ ਸੀ ਜਿਨ੍ਹਾਂ ਨੂੰ ਆਪਣਾ ਧਰਮ ਪਾਲਣ ਦੀ ਪੂਰੀ ਆਗਿਆ ਸੀ। ਉਸ ਦਾ ਵਿਰੋਧ ਮੁਗ਼ਲ ਜਾਂ ਅਫ਼ਗਾਨ ਸ਼ਾਸਕਾਂ ਨਾਲ ਉਨ੍ਹਾਂ ਦੀ ਕੱਟੜਤਾ 'ਤੇ ਆਧਾਰਿਤ ਜ਼ੁਲਮ ਕਾਰਨ ਸੀ, ਇਸਲਾਮ ਕਰਕੇ ਨਹੀਂ। ਉਹ ਬਹੁਤ ਖੁੱਲ-ਦਿਲਾ ਅਤੇ ਸਖੀ ਸੁਭਾਅ ਦਾ ਸੀ ਜਿਸ ਦੇ ਲੰਗਰ ਵਿਚ ਹਰ ਰੋਜ਼ ਸੈਂਕੜੇ ਲੋਕੀਂ ਪਰਸ਼ਾਦਾ ਛਕਦੇ ਅਤੇ ਉਹ ਹਰ ਲੋੜਵੰਦ ਦੀ ਸਹਾਇਤਾ ਕਰਦਾ ਸੀ। ਆਮ ਦਿਨਾਂ ਵਿਚ ਉਹ ਮਰਯਾਦਾ ਅਨੁਸਾਰ ਬਾਣੀ ਪੜ੍ਹਨ ਤੋਂ ਬਾਅਦ, ਭੋਜਨ ਛਕ ਕੇ ਆਪਣੇ ਰੋਜ਼ਾਨਾ ਦੇ ਫ਼ਰਜ਼ ਨਿਭਾਉਂਦਾ ਅਤੇ ਤਿੰਨ ਵਜੇ ਦਰਬਾਰ ਲਾਉਂਦਾ ਜਿਸ ਵਿਚ ਜੋ ਵੀ ਚਾਹੁੰਦਾ ਸ਼ਾਮਲ ਹੋ ਸਕਦਾ ਸੀ। ਉਸ ਨੇ ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਅੰਮ੍ਰਿਤਸਰ ਦੀ ਸੇਵਾ-ਸੰਭਾਲ ਕਰਾਈ ਅਤੇ ਸ੍ਰੀ ਅੰਮ੍ਰਿਤਸਰ ਨੂੰ ਸੁੰਦਰ ਬਣਾਇਆ। ਸਰਦਾਰ ਜੱਸਾ ਸਿੰਘ ਦੀ ਅਗਵਾਈ ਕਾਰਨ ਹੀ ਇਹ ਸੰਭਵ ਹੋ ਸਕਿਆ ਕਿ ਮੁਲਕ ਨੂੰ ਅਫਗਾਨਾਂ, ਮੁਗਲਾਂ ਜਾਂ ਤੁਰਕਾਂ ਹੱਥੋਂ ਹੋਣ ਵਾਲੇ ਹਮਲਿਆਂ ਅਤੇ ਲੁੱਟ-ਖਸੁੱਟ ਤੋਂ ਨਿਜ਼ਾਤ ਮਿਲੀ।

## ਹਵਾਲੇ


1. ਵਾਰਾਂ ਭਾਈ ਗੁਰਦਾਸ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ), 1/17
2. Dr. Bhagat Singh, *A History of the Sikh Misals*, (Publication Bureau, Punjabi University, Patiala), p.27
3. Dr. Bhagat Singh, op.cit. ਪ.60
4. Ibid. ਪ.63
5. Ibid. ਪ.69





SikhBookClub.Com

# ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸਮੇਂ ਸਿੱਖ ਪੰਥ ਦੀ ਸਥਿਤੀ

*—ਡਾ. ਜਗਜੀਵਨ ਸਿੰਘ*

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ (1469 ਈ.) ਤੋਂ ਲੈ ਕੇ ਦਸਮ ਪਾਤਸ਼ਾਹ ਦੇ ਜੋਤੀ ਜੋਤ ਸਮਾਉਣ (1708 ਈ.) ਦੇ ਸਮੇਂ ਤਕ, ਮੁਗ਼ਲਾਂ ਦੀ ਰਾਜਨੀਤਕ ਸੱਤਾ ਦੇ ਸਮਾਨੰਤਰ, ਲੱਗਭਗ 239 ਸਾਲਾਂ ਦੇ ਸਮੇਂ ਦੌਰਾਨ, ਭਾਰਤ ਵਿਸ਼ੇਸ਼ ਕਰਕੇ ਪੰਜਾਬ ਦੀ ਧਰਤੀ ਉੱਪਰ, ਇੱਕ ਵੱਡਾ ਧਾਰਮਿਕ ਅਤੇ ਸੱਭਿਆਚਾਰਕ ਇਨਕਲਾਬ ਵਾਪਰਿਆ, ਜਿਸ ਨੇ ਪੰਜਾਬ ਦੇ ਲੋਕਾਂ, ਵਿਸ਼ੇਸ਼ ਕਰ ਕੇ ਸਿੱਖਾਂ ਦੇ ਮਨ, ਚਰਿੱਤਰ, ਵਿਅਕਤਿਤਵ, ਆਚਾਰ-ਵਿਵਹਾਰ ਅਤੇ ਜਿਊਣ-ਢੰਗ ਅੰਦਰ ਵੱਡਾ ਸਿਫ਼ਤੀ ਰੂਪਾਂਤਰਨ ਲਿਆਂਦਾ। ਇਸ ਸਮੇਂ ਦੌਰਾਨ ਸ੍ਰੀ ਗੁਰੂ ਨਾਨਕ ਸਾਹਿਬ ਜੀ ਵੱਲੋਂ ਅਰੰਭੇ ਕਥਨੀ ਅਤੇ ਕਰਨੀ ਦੀ ਇਕਸੁਰਤਾ ਵਾਲੇ ਨਿਰਾਲੇ ਦਾ ਤੇਜ-ਪ੍ਰਤਾਪ ਅਤੇ ਪ੍ਰਭਾਵ ਏਨਾ ਵਧਿਆ ਕਿ ਗੁਰਮਤਿ ਵਿਚਾਰਧਾਰਾ ਨੂੰ ਪੂਰੀ ਤਰ੍ਹਾਂ ਪ੍ਰਣਾਏ 'ਸਚਿਆਰ', 'ਗੁਰਮੁਖ' ਅਤੇ 'ਖ਼ਾਲਸਾ' ਮਨੁੱਖਾਂ ਦੀ ਕੋਈ ਕਮੀ ਨਾ ਰਹੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਜਿਸ ਸੱਚੇ-ਸੁੱਚੇ ਆਦਰਸ਼ ਮਨੁੱਖ ਦੀ ਘਾੜਤ ਦੀ ਜੋ ਵਿਉਂਤ ਬਣਾਈ, ਉਹ ਦਸ ਗੁਰੂ ਸਾਹਿਬਾਨ ਦੇ ਸਮੇਂ ਦੌਰਾਨ ਨਾ ਕੇਵਲ ਨਿਰੰਤਰ ਜਾਰੀ ਹੀ ਰਹੀ, ਸਗੋਂ ਇਹ ਉਸ ਸਮੇਂ ਬੁਲੰਦੀ ਦੀਆਂ ਸਿਖਰਾਂ ਛੋਹ ਗਈ, ਜਦੋਂ 1699 ਈ. ਦੇ ਵੈਸਾਖੀ ਵਾਲੇ ਦਿਨ, ਦਸਮ ਪਾਤਸ਼ਾਹ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਖੰਡੇ ਦੀ ਧਾਰ ਵਿੱਚੋਂ 'ਖਾਲਸੇ' ਦੀ ਸਿਰਜਣਾ ਦਾ ਅਲੌਕਿਕ ਕ੍ਰਿਸ਼ਮਾ ਵਰਤਾਇਆ।

ਪਹਿਲੇ ਪਾਤਸ਼ਾਹ ਤੋਂ ਦਸਮ ਪਾਤਸ਼ਾਹ ਤਕ ਦਾ 239 ਵਰ੍ਹਿਆਂ ਦਾ ਸਮਾਂ (ਗੁਰੂ ਕਾਲ), ਜਿਸਨੂੰ ਭਾਰਤ ਵਿਚ ਚੱਲੀ ਵਿਸ਼ਾਲ ਭਗਤੀ ਲਹਿਰ ਦਾ ਸੁਨਹਿਰੀ ਕਾਲ ਵੀ ਕਿਹਾ ਜਾਂਦਾ ਹੈ, ਨਿਰਸੰਦੇਹ ਸਿੱਖ ਧਰਮ-ਦਰਸ਼ਨ ਅਤੇ ਇਸ ਦੁਆਰਾ ਸਿਰਜੇ ਵਿਲੱਖਣ ਖਾਲਸਈ ਕਿਰਦਾਰ, ਵਿਅਕਤਿੱਤਵ ਅਤੇ ਸੱਭਿਆਚਾਰ ਦੇ ਤੇਜ-ਪ੍ਰਤਾਪ, ਪ੍ਰਭਾਵ ਅਤੇ ਪ੍ਰਗਟਾਵੇ ਦਾ ਸਭ ਤੋਂ ਵੱਧ ਚਮਕਦਾਰ ਸਮਾਂ ਸੀ। ਦੂਜੇ ਸ਼ਬਦਾਂ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਦਸ ਗੁਰੂ ਸਾਹਿਬਾਨ ਦੀ ਸਰੀਰਕ ਹਾਜ਼ਰੀ ਵਾਲੇ ਸਮੇਂ ਦੌਰਾਨ, ਮੁਗ਼ਲ ਹਾਕਮਾਂ ਵੱਲੋਂ ਢਾਹੇ ਗਏ ਅਨੇਕਾਂ



SikhBookClub.Com

ਜ਼ੁਲਮਾਂ, ਕੀਤੇ ਅਨਿਆਂ ਅਤੇ ਪੈਦਾ ਕੀਤੇ ਗਏ ਕਈ ਸਾਰੇ ਸੰਕਟਾਂ ਦੇ ਬਾਵਜੂਦ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦੁਆਰਾ ਚਲਾਏ ਨਿਰਮਲ ਪੰਥ ਦੀ ਸਥਿਤੀ ਪੂਰੇ ਰੂਹਾਨੀ ਜੋਬਨ ਅਤੇ ਨੈਤਿਕ ਜਲੌਅ ਵਿਚ ਸੀ।

ਦਸਮ ਪਾਤਸ਼ਾਹ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾ ਜਾਣ (1708 ਈ.) ਤੋਂ ਬਾਅਦ ਦਾ, ਬਾਬਾ ਬੰਦਾ ਸਿੰਘ ਬਹਾਦਰ ਅਤੇ ਸਿੱਖ ਮਿਸਲਾਂ ਦੀ ਚੜ੍ਹਤਲ ਵਾਲਾ ਲੱਗਭਗ 100 ਸਾਲਾਂ (ਮਿਸਲ ਕਾਲ) ਦਾ ਸਿੱਖ ਇਤਿਹਾਸ ਦੱਸਦਾ ਹੈ ਕਿ ਦੇਸੀ ਹਾਕਮਾਂ ਅਤੇ ਵਿਦੇਸ਼ੀ ਜਰਵਾਣਿਆਂ ਦੁਆਰਾ ਢਾਹੇ ਗਏ ਕਹਿਰ ਅਤੇ ਬੇਕਿਰਕ ਜ਼ੁਲਮ ਕਾਰਨ, ਇਸ ਸਮੇਂ ਦੌਰਾਨ ਗੁਰੂ-ਪੰਥ ਨੂੰ, ਗੁਰੂ-ਕਾਲ ਨਾਲੋਂ ਵੀ ਵੱਧ ਵੱਡੀਆਂ ਮੁਸੀਬਤਾਂ, ਦੁਸ਼ਵਾਰੀਆਂ ਅਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਜਿਵੇਂ ਸੋਨਾ ਅੱਗ ਵਿਚ ਤਪ ਕੇ, ਹੋਰ ਕੁੰਦਨ ਹੋ ਜਾਂਦਾ ਹੈ, ਤਿਵੇਂ ਹੀ ਇਸ ਘੋਰ ਸੰਕਟ ਵਾਲੇ ਸਮੇਂ ਵਿਚ, ਗੁਰੂ ਦੇ ਖਾਲਸੇ ਦਾ ਕਿਰਦਾਰ ਅਤੇ ਵਿਅਕਤਿਤਵ ਹੋਰ ਸ਼ੁੱਧ ਅਤੇ ਬੁਲੰਦ ਹੁੰਦਾ ਗਿਆ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਜੋ ਕਿ ਮਿਸਲ ਕਾਲ ਦੇ, ਕੌਮ ਵੱਲੋਂ ਸਰਬ-ਪ੍ਰਵਾਨਿਤ ਸਿਰਕੱਢ ਸਿੱਖ ਸਰਦਾਰਾਂ ਵਿੱਚੋਂ ਇੱਕ ਸਨ ਅਤੇ ਸਿੱਖਾਂ ਦੀਆਂ ਕੁੱਲ 12 ਮਿਸਲਾਂ ਵਿੱਚੋਂ ਇੱਕ ਮੋਹਰੀ ਮਿਸਲ, ਆਹਲੂਵਾਲੀਆ ਮਿਸਲ ਦੇ ਮੋਢੀ ਸਰਦਾਰ ਵੀ ਸਨ, ਦਾ ਜਨਮ 03 ਮਈ, 1718 ਈ. ਨੂੰ, ਸਿੱਖ ਇਤਿਹਾਸ ਦੇ ਉਸ ਭਿਆਨਕ ਦੌਰ ਵਿਚ ਹੋਇਆ ਜਦੋਂ 1716 ਈ. ਵਿਚ ਬਾਬਾ ਬੰਦਾ ਸਿੰਘ ਜੀ ਬਹਾਦਰ ਅਤੇ ਉਨ੍ਹਾਂ ਦੇ ਸਾਥੀ ਤਕਰੀਬਨ 800 ਸਿੰਘ ਸੂਰਮਿਆਂ ਨੂੰ ਦਿੱਲੀ ਵਿਖੇ ਬੜੇ ਦਰਦਨਾਕ ਢੰਗ ਨਾਲ ਮੌਤ ਦੇ ਘਾਟ ਉਤਾਰਨ ਤੋਂ ਬਾਅਦ, ਸਮੁੱਚੀ ਸਿੱਖ ਕੌਮ ਉੱਪਰ ਬਾਦਸ਼ਾਹੀ ਸਖ਼ਤੀ ਦਾ ਝੱਖੜ ਲਗਾਤਾਰ ਝੁੱਲ ਰਿਹਾ ਸੀ, ਪਰ ਗੁਰੂ ਦਾ ਖਾਲਸਾ, ਪੂਰੀ ਚੜ੍ਹਦੀ ਕਲਾ ਅੰਦਰ, ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨਦਿਆਂ, ਅਡੋਲ ਅਤੇ ਸ਼ਾਂਤ ਵਿਚਰ ਰਿਹਾ ਸੀ।

1718 ਈ. ਵਿਚ ਜਨਮੇ 'ਸੁਲਤਾਨ-ਉਲ-ਕੌਮ' ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਦੇਹਾਂਤ 20 ਅਕਤੂਬਰ, 1783 ਈ. ਵਿਚ ਹੋਇਆ। ਇਵੇਂ ਕੁੱਲ ਮਿਲਾ ਕੇ ਉਨ੍ਹਾਂ ਦਾ ਜੀਵਨ-ਕਾਲ (1718-1783 ਈ.) 65 ਸਾਲਾਂ ਦਾ ਬਣਦਾ ਹੈ। ਸਾਡੇ ਇਸ ਲੇਖ/ਖੋਜ-ਪੱਤਰ ਦਾ ਵਿਸ਼ਾ ਜਾਂ ਮੁੱਖ ਸਰੋਕਾਰ 'ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਸਮੁੱਚੇ ਜੀਵਨ-ਕਾਲ ਦੇ ਸਮੇਂ ਦੀ ਸਿੱਖ ਪੰਥ ਦੀ ਸਥਿਤੀ' ਨੂੰ ਸਮਝਣਾ-ਸਮਝਾਉਣਾ ਅਤੇ ਦਰਸਾਉਣਾ ਹੈ। ਵਿਸ਼ੇ ਨੂੰ ਸੌਖੇ ਅਤੇ ਸਿਲਸਲੇਵਾਰ ਢੰਗ ਨਾਲ ਪਾਠਕਾਂ ਸਨਮੁੱਖ ਪੇਸ਼ ਕਰਨ ਹਿੱਤ, ਇਸ ਨੂੰ ਮੁੱਖ ਰੂਪ ਵਿਚ ਤਿੰਨ ਅੰਤਰ-ਸੰਬੰਧਿਤ ਪੱਖਾਂ, ਪਰਤਾਂ ਜਾਂ ਹਿੱਸਿਆਂ ਵਿਚ ਵੰਡਿਆ ਗਿਆ ਹੈ।

ਮਈ 1710 ਈ. ਵਿਚ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਫਤਿਹ ਕੀਤੀ। ਉਪਰੰਤ ਉਸ ਨੇ ਜਮਨਾ ਅਤੇ ਸਤਲੁਜ ਦੇ ਵਿਚਕਾਰਲੇ ਇਲਾਕੇ ਅੰਦਰ



SikhBookClub.Com

ਅਜ਼ਾਦ ਖ਼ਾਲਸਾ ਰਾਜ ਦਾ ਪਰਚਮ ਬੁਲੰਦ ਕੀਤਾ। ਇਸ ਤੋਂ ਕੁਝ ਸਮਾਂ ਬਾਅਦ, 10 ਦਸੰਬਰ, 1710 ਈ. ਨੂੰ ਹਿੰਦੁਸਤਾਨ ਦੇ ਬਾਦਸ਼ਾਹ ਬਹਾਦਰ ਸ਼ਾਹ ਵੱਲੋਂ ਖ਼ਾਲਸੇ ਦੇ ਕਤਲ-ਏ-ਆਮ ਦਾ ਪਹਿਲਾ ਹੁਕਮ ਹੋਇਆ। ਹੁਕਮ ਇਹ ਸੀ ਕਿ "ਨਾਨਕ ਪ੍ਰਸ਼ਤਾਨ ਰਾ ਹਰ ਜਾ ਕਿਹ ਬ-ਯਾਬੰਦ ਬ-ਕਤਲ ਰਸਾਨੰਦ" ਅਰਥਾਤ "ਨਾਨਕ-ਪੂਜ (ਸਿੱਖ) ਜਿੱਥੇ ਕਿਧਰੇ ਭੀ ਮਿਲਣ, ਕਤਲ ਕਰ ਦਿੱਤੇ ਜਾਣ।"[1]

ਗੁਰੂ ਦੇ ਸਿੱਖਾਂ ਦਾ ਖੁਰਾ ਖੋਜ ਮਿਟਾ ਕੇ ਰੱਖ ਦੇਣ ਵਾਲਾ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਦਾ ਇਹ ਜਾਬਰ ਹੁਕਮ, ਬਾਦਸ਼ਾਹ ਫ਼ਰੁਖ਼ਸੀਅਰ ਨੇ ਆਪਣੇ ਸਮੇਂ (ਸੰਨ 1713-18), ਬੰਦਾ ਸਿੰਘ ਬਹਾਦਰ ਦੇ ਜੂਨ 1716 'ਚ ਕੀਤੇ ਕਤਲ (ਸ਼ਹੀਦੀ) ਤੋਂ ਫ਼ੌਰਨ ਬਾਅਦ, ਥੋੜ੍ਹਾ ਜਿਹਾ ਬਦਲ ਕੇ, ਇਸ ਇਬਾਰਤ ਨਾਲ ਮੁੜ ਦੁਹਰਾਇਆ ਕਿ "ਬਾਦ ਕਤਲਿ ਓ ਹੁਕਮ ਸ਼ੁਦ ਕਿ ਹਰ ਜਾ ਈਂ ਫ਼ਿਰਕਾ ਰਾ ਯਾਬੰਦ ਬੇ ਤਅੱਮਲ ਬਿ-ਕੁਸ਼ੰਦ" ਅਰਥਾਤ "ਉਸ (ਬੰਦਾ ਸਿੰਘ) ਦੇ ਕਤਲ ਤੋਂ ਬਾਅਦ ਹੁਕਮ ਹੋ ਗਿਆ ਕਿ ਇਸ ਪੰਥ ਦੇ ਲੋਕ ਜਿੱਥੇ ਭੀ ਲੱਭਣ, ਬਿਨਾਂ ਪੁੱਛ-ਗਿੱਛ ਦੇ ਮਾਰ ਦਿੱਤੇ ਜਾਣ।"[2]

ਉਪਰੋਕਤ ਦੋ ਠੋਸ ਰਾਜਨੀਤਕ ਇਤਿਹਾਸਿਕ ਹਵਾਲਿਆਂ ਤੋਂ ਬਿਲਕੁਲ ਸਪਸ਼ਟ ਹੈ ਕਿ ਸਰਦਾਰ ਜੱਸਾ ਸਿੰਘ ਦੇ ਜਨਮ ਅਤੇ ਬਾਲ-ਅਵਸਥਾ ਦੇ ਦਿਨਾਂ ਵਿਚ ਸਿੰਘਾਂ 'ਤੇ ਹੋ ਰਹੇ ਰਾਜਸੀ ਅੱਤਿਆਚਾਰ ਇੰਤਹਾ ਦੀ ਹੱਦ ਨੂੰ ਪਾਰ ਕਰ ਚੁੱਕੇ ਸਨ। ਇਹ ਉਹ ਸਮਾਂ ਸੀ ਜਦੋਂ ਖਾਲਸਾ, ਹਕੂਮਤੀ ਜਬਰ ਜੀ ਕੁਠਾਲੀ ਵਿੱਚੋਂ, ਨਿਰੋਲ ਕੁੰਦਨ ਹੋ ਕੇ ਨਿਕਲਣ ਦੀ ਪ੍ਰਕਿਰਿਆ ਵਿੱਚੋਂ ਗੁਜ਼ਰ ਰਿਹਾ ਸੀ ਅਤੇ ਹਰ ਪਾਸੇ ਪੰਥਕ-ਪ੍ਰੇਮ ਅਤੇ ਕੁਰਬਾਨੀ ਦਾ ਜਜ਼ਬਾ ਠਾਠਾਂ ਮਾਰ ਰਿਹਾ ਸੀ। ਗੁਰੂ-ਪੰਥ ਦੀ ਆਨ-ਸ਼ਾਨ ਨੂੰ ਹਰ ਹੀਲੇ ਬਰਕਰਾਰ ਰੱਖਣ ਲਈ ਅਤੀਤ ਵਿਚ ਕੁਰਬਾਨ ਹੋ ਚੁੱਕੇ ਸ਼ਹੀਦਾਂ ਦੀਆਂ ਰੂਹਾਂ, ਗੁਰੂ ਖਾਲਸੇ ਅੰਦਰ ਮੁੜ ਜਨਮ ਲੈ ਕੇ, ਆਪਣੇ ਮਿਸ਼ਨ ਨੂੰ ਪੂਰਾ ਕਰਨ ਲਈ ਤਿਆਰੀਆਂ ਕਰ ਰਹੀਆਂ ਸਨ। ਇਸ ਸਮੇਂ ਜਿੱਥੇ ਇੱਕ ਪਾਸੇ ਖ਼ਾਲਸਾ ਸ਼ਹੀਦੀਆਂ ਦੇ ਜਾਮ ਪੀ ਰਿਹਾ ਸੀ, ਉੱਥੇ ਦੂਜੇ ਬੰਨੇ ਭਵਿੱਖ ਦੇ ਸੰਤ-ਸਿਪਾਹੀ ਸੂਰਮਿਆਂ ਦਾ ਜਨਮ ਵੀ ਹੋ ਰਿਹਾ ਸੀ। ਇਹ ਉਹ ਸਮਾਂ ਸੀ ਜਦੋਂ ਸਿੱਖਾਂ ਦੇ ਸੂਰਬੀਰ ਮਹਾਰਾਜੇ ਸਰਦਾਰ ਰਣਜੀਤ ਦੇ ਦਾਦਾ ਸਰਦਾਰ ਚੜਤ ਸਿੰਘ ਸ਼ੁਕਰਚੱਕੀਆ ਤੋਂ ਇਲਾਵਾ ਭੰਗੀ, ਰਾਮਗੜ੍ਹੀਆ ਅਤੇ ਕਨ੍ਹੱਈਆ ਮਿਸਲ ਦੇ ਉੱਘੇ ਮੋਢੀ ਸਰਦਾਰਾਂ ਅਤੇ ਹੋਰ ਉਨ੍ਹਾਂ ਬੇਅੰਤ ਸੂਰਬੀਰ ਸਿੰਘਾਂ ਦਾ ਜਨਮ ਹੋਇਆ, ਜਿਨ੍ਹਾਂ ਨੇ ਭਵਿੱਖ ਦੇ ਅਤਿ ਔਖੇ ਸਮਿਆਂ ਵਿਚ, ਆਪਣੇ ਬਾਕਮਾਲ ਸਿੱਖੀ ਸਿਦਕ ਅਤੇ ਬਾਹੂ-ਬਲ ਨਾਲ ਕੌਮ ਦੀ ਸੁਚੱਜੀ ਅਗਵਾਈ ਕੀਤੀ।

ਸਰਦਾਰ ਜੱਸਾ ਸਿੰਘ ਜੀ ਦੀ ਬਾਲ-ਅਵਸਥਾ (1718-30) ਦੇ ਸਮੇਂ ਦਾ ਸਿੱਖ ਇਤਿਹਾਸ ਇਸ ਤੱਥ ਦੀ ਕੰਨਸੋਅ ਵੀ ਦਿੰਦਾ ਹੈ ਕਿ ਉਸ ਸਮੇਂ ਜਿੱਥੇ ਇੱਕ ਪਾਸੇ ਸਿੱਖਾਂ ਦੇ ਮਨਾਂ ਅੰਦਰ ਗੁਰੂ-ਘਰ ਪ੍ਰਤੀ ਪਿਆਰ ਅਤੇ ਸ਼ਰਧਾ ਦਾ ਭਾਵ



SikhBookClub.Com

ਅਤਿ ਪ੍ਰਬਲ ਅਤੇ ਪ੍ਰਚੰਡ ਸੀ, ਉੱਥੇ ਦੂਜੇ ਪਾਸੇ ਗੁਰੂ-ਘਰ ਵੀ ਮੁਰੀਦਾਂ ਅਰਥਾਤ ਸਿੱਖ-ਸੇਵਕਾਂ ਲਈ ਪਿਆਰ-ਪੰਘੂੜਾ, ਨਿਓਟਿਆਂ ਦੀ ਓਟ, ਨਿਆਸਰਿਆਂ ਦਾ ਆਸਰਾ ਅਤੇ ਨਿਤਾਣਿਆਂ ਦਾ ਤਾਣ ਬਣਿਆ ਹੋਇਆ ਸੀ। ਦਸਮ ਪਾਤਸ਼ਾਹ ਦੇ ਜੋਤੀ ਜੋਤ ਸਮਾ ਜਾਣ ਤੋਂ ਬਾਅਦ, ਇਸ ਸਮੇਂ (1718-30) ਮਾਤਾ ਸੁੰਦਰੀ ਜੀ ਦਿੱਲੀ ਨਿਵਾਸ ਕਰ ਰਹੇ ਸਨ।

1722 ਈ. ਵਿਚ ਜਦੋਂ ਸਰਦਾਰ ਜੱਸਾ ਸਿੰਘ ਦੀ ਉਮਰ ਮਹਿਜ਼ 04 ਸਾਲਾਂ ਦੀ ਸੀ ਤਾਂ ਉਨ੍ਹਾਂ ਦੇ ਪਿਤਾ ਸਰਦਾਰ ਬਦਰ ਸਿੰਘ ਅਕਾਲ ਚਲਾਣਾ ਕਰ ਗਏ। ਸੋ ਐਸੇ ਬਿਖੜੇ ਸਮੇਂ ਉਹ ਪੁੱਤਰ ਨੂੰ ਨਾਲ ਲੈ, ਸੰਨ 1723 ਈ. ਵਿਚ, ਦਿੱਲੀ ਵਿਖੇ ਮਾਤਾ ਸੁੰਦਰੀ ਜੀ ਦੀ ਸ਼ਰਨ ਵਿਚ ਆ ਗਏ।

ਅਗਲੇ ਛੇ-ਸੱਤ ਸਾਲ ਦੋਨੋਂ ਮਾਂ-ਪੁੱਤਰ, ਮਾਤਾ ਸੁੰਦਰੀ ਜੀ ਦੀ ਛਤਰ-ਛਾਇਆ ਹੇਠ ਦਿੱਲੀ ਰਹੇ।

ਇਤਿਹਾਸਿਕ ਘਟਨਾਕ੍ਰਮ/ਬਿਰਤਾਂਤ ਦੇ ਨਿਕਟ ਅਧਿਐਨ ਤੋਂ ਉਸ ਸਮੇਂ ਦੇ ਸਿੱਖ ਧਰਮ ਦੀ ਸਥਿਤੀ ਬਾਰੇ ਜੋ ਚਾਰ ਠੋਸ ਤੱਥ ਉੱਭਰ ਕੇ ਸਾਹਮਣੇ ਆਉਂਦੇ ਹਨ, ਉਹ ਇਵੇਂ ਹਨ:

1. ਉਸ ਸਮੇਂ ਸਿੱਖ ਧਰਮ ਵਿਚ ਜਥੇਦਾਰ ਕਪੂਰ ਸਿੰਘ ਜਿਹੇ ਭਜਨ-ਬੰਦਗੀ ਵਾਲੇ ਅਤੇ ਬੁਲੰਦ ਖ਼ਾਲਸਈ ਕਿਰਦਾਰ ਵਾਲੇ ਤਿਆਗੀ-ਯੋਧੇ ਵੱਡੀ ਗਿਣਤੀ ਵਿਚ ਮੌਜੂਦ ਸਨ।
2. ਸਮੂਹ ਸਿੱਖ ਸੰਗਤਾਂ ਅਤੇ ਸਿੰਘਾਂ ਦੇ ਮਨਾਂ ਵਿਚ ਅਜਿਹੇ ਲਿਸ਼ਕਾਰੇ ਵਾਲੇ ਵਿਅਕਤਿੱਤਵਾਂ ਨੂੰ ਵੱਡਾ ਆਦਰ-ਮਾਣ ਹਾਸਲ ਸੀ।
3. ਸਿੱਖਾਂ/ਸਿੰਘਾਂ ਵਿਚ ਲਾਲਸਾ ਅਤੇ ਸੱਤਾ-ਪ੍ਰਸਤੀ ਦੀ ਥਾਂ ਤਿਆਗ, ਕੁਰਬਾਨੀ ਅਤੇ ਪੰਥ-ਪ੍ਰਸਤੀ ਦੀ ਭਾਵਨਾ ਵੱਧ ਪ੍ਰਚੰਡ ਅਤੇ ਬਲਕਾਰੀ ਸੀ।
4. ਧਰਮ ਅਤੇ ਧਾਰਮਿਕ ਲੋਕ, ਰਾਜਨੀਤੀ ਅਤੇ ਰਾਜਨੀਤਕ ਲੋਕਾਂ ਉੱਪਰ ਭਾਰੂ ਸਨ। ਅਰਥਾਤ ਧਰਮ ਰਾਜਨੀਤੀ ਦੇ ਅਧੀਨ ਨਹੀਂ, ਸਗੋਂ ਰਾਜਨੀਤੀ ਧਰਮ ਦੇ ਅਧੀਨ ਸੀ। ਦਿੱਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਦੇ ਹੁਕਮ ਅਧੀਨ, ਸੰਨ 1726 ਈ. ਵਿਚ ਜ਼ਕਰੀਆ ਖ਼ਾਨ ਨੂੰ ਲਾਹੌਰ ਦਾ ਸੂਬੇਦਾਰ ਮੁਕੱਰਰ ਕੀਤਾ ਗਿਆ ਸੀ। ਉਸ ਤੋਂ ਪਹਿਲਾਂ ਉਸ ਦਾ ਪਿਓ ਅਬਦੁਸਮਦ ਖ਼ਾਨ ਲਾਹੌਰ ਦਾ ਸੂਬੇਦਾਰ ਸੀ। ਜ਼ਕਰੀਆ ਖ਼ਾਨ ਨੇ ਆਪਣੇ ਪਿਓ ਦੀ ਨੀਤੀ ਨੂੰ ਬਦਲਦਿਆਂ, ਸਿੱਖਾਂ ਵਿਰੁੱਧ ਸਖ਼ਤੀ ਦਾ ਦੌਰ ਮੁੜ ਅਰੰਭ ਕਰ ਦਿੱਤਾ। ਉਸ ਵੱਲੋਂ ਢਾਹੇ ਅੱਤਿਆਚਾਰਾਂ ਅਧੀਨ ਇੱਕ ਵਾਰ ਫੇਰ, ਸਿੱਖਾਂ ਦੇ ਸਿਰਾਂ ਦੇ ਇਨਾਮ ਰੱਖ ਦਿੱਤੇ ਗਏ। ਸਿੱਖਾਂ ਵਿਰੁੱਧ ਨਿਯੁਕਤ ਵਿਸ਼ੇਸ਼ ਗਸ਼ਤੀ ਫ਼ੌਜ ਨੇ, ਸਿੱਖਾਂ ਨੂੰ ਲੋਹੇ ਦੀਆਂ ਜੰਜ਼ੀਰਾਂ ਵਿਚ ਜਕੜ ਕੇ ਲਾਹੌਰ ਲਿਆਉਣ ਦੀ ਪ੍ਰਕਿਰਿਆ ਦੁਬਾਰਾ


SikhBookClub.Com

ਅਰੰਭ ਦਿੱਤੀ। ਇਸ ਪ੍ਰਕਾਰ ਹਜ਼ਾਰਾਂ ਸਿੰਘਾਂ ਨੂੰ ਬੜੀ ਬੇਕਿਰਕੀ ਨਾਲ ਕਤਲ ਕਰ ਦਿੱਤਾ ਗਿਆ। ਅਨੇਕਾਂ ਸਿੱਖ ਯੋਧੇ ਮੁਗ਼ਲਾਂ ਨਾਲ ਛਾਪਾਮਾਰ ਜੰਗ ਲੜਦਿਆਂ, ਘਰ-ਬਾਰ ਤਿਆਗ ਰਾਵੀ ਦੀਆਂ ਝੱਲਾਂ, ਕਾਹਨੂੰਵਾਨ ਦੇ ਛੰਭਾਂ ਅਤੇ ਪੜੋਲ, ਕਠੂਆ, ਸ੍ਰੀ ਅਨੰਦਪੁਰ ਸਾਹਿਬ ਆਦਿ ਦੀਆਂ ਪਹਾੜੀ ਖੱਡਾਂ ਵਿਚ ਜਾ ਲੁਕੇ। ਕਈ ਮਾਲਵੇ ਦੇ ਲੱਖੀ ਜੰਗਲ ਵੱਲ ਹੁੰਦੇ ਹੋਏ, ਅੱਗੇ ਬੀਕਾਨੇਰ ਦੇ ਰੇਤਲੇ ਇਲਾਕਿਆਂ ਵੱਲ ਚਲੇ ਗਏ।

ਐਸੀ ਵਿਕਰਾਲ ਹਾਲਤ ਵਿਚ 'ਖਾਲਸਾ ਦਲ' ਨੇ ਮੁਗ਼ਲਾਂ ਵਿਰੁੱਧ ਲੜਾਈ ਦੀ ਰਣਨੀਤੀ ਬਦਲਦਿਆਂ ਖਾਲਸਾ ਨੂੰ ਦੋ ਦਲਾਂ, ਬੁੱਢਾ ਦਲ ਅਤੇ ਤਰੁਣਾ ਦਲ ਵਿਚ ਵੰਡ ਲਿਆ ਅਤੇ ਮੁਗ਼ਲਾਂ ਵਿਰੁੱਧ ਨਵੇਂ ਸਿਰਿਉਂ ਛਾਪਾਮਾਰ ਜੰਗ ਅਰੰਭ ਕਰ ਦਿੱਤੀ। ਇਹ ਦੋਵੇਂ ਦਲ ਆਪਸੀ ਤਾਲ-ਮੇਲ ਅਧੀਨ, ਅਚਾਨਕ ਹਮਲਾ ਕਰ ਕੇ ਮੁਗ਼ਲਾਂ ਦੀ ਗਸ਼ਤੀ ਫ਼ੌਜ ਨੂੰ ਖਦੇੜਨ ਦੇ ਨਾਲ-ਨਾਲ, ਸ਼ਾਹੀ ਖ਼ਜ਼ਾਨੇ ਅਤੇ ਰਸਦਾਂ ਨੂੰ ਲੁੱਟਣ ਦਾ ਕੰਮ ਵੀ ਕਰਦੇ ਸਨ। ਕਾਰਵਾਈ ਪਿੱਛੋਂ ਇਹ ਛਾਪਾਮਾਰ ਦਲ ਘੋੜਿਆਂ ਨੂੰ ਅੱਡੀ ਲਾ, ਬਿਜਲੀ ਦੀ ਤੇਜ਼ੀ ਨਾਲ ਮੁਗ਼ਲ ਫ਼ੌਜਾਂ ਦੀ ਮਾਰ ਤੋਂ ਕੋਹਾਂ ਦੂਰ ਛੰਭਾਂ, ਜੰਗਲਾਂ ਅਤੇ ਪਹਾੜਾਂ ਦੀਆਂ ਖੱਡਾਂ ਵਿਚ ਜਾ ਲੁਕਦੇ ਸਨ। ਇਨ੍ਹਾਂ ਸਿੰਘਾਂ ਦੇ ਪਕੜ ਵਿਚ ਨਾ ਆਉਣ ਕਾਰਨ, ਤਿਲਮਿਲਾਉਂਦੀਆਂ ਮੁਗ਼ਲ ਫ਼ੌਜਾਂ ਨੇ ਇਨ੍ਹਾਂ ਨੂੰ ਰਾਸ਼ਨ-ਪਾਣੀ, ਸੁਨੇਹੇ ਅਤੇ ਨੈਤਿਕ ਮਦਦ ਦੇਣ ਵਾਲੇ 'ਗੁਰਮੁਖ ਸਿੰਘਾਂ' ਨੂੰ ਫੜਨਾ ਅਤੇ ਤਸੀਹੇ ਦੇਣਾ ਅਰੰਭ ਕਰ ਦਿੱਤਾ।

ਇੱਥੇ ਇਹ ਨੁਕਤਾ ਉਲੇਖਯੋਗ ਹੈ ਕਿ ਸਿੰਘਾਂ ਦੁਆਰਾ ਸਰਕਾਰੀ ਖ਼ਜ਼ਾਨੇ (ਮਾਲੀਆ) ਲੁੱਟਣ ਦਾ ਮੰਤਵ ਮਹਿਜ਼ ਲੁੱਟਾਂ-ਖੋਹਾਂ ਕਰਨਾ ਜਾਂ ਕਿਸੇ ਲਾਲਚ ਅਧੀਨ ਧਨ-ਮਾਲ ਹਾਸਲ ਕਰਨਾ ਨਹੀਂ ਸੀ। ਰਣਨੀਤੀ ਅਧੀਨ ਉਨ੍ਹਾਂ ਦਾ ਇਵੇਂ ਕਰਨ ਦਾ ਮਕਸਦ ਕੇਵਲ ਏਨਾ ਸੀ ਕਿ ਲਾਹੌਰ ਦੀ ਹਕੂਮਤ ਨੂੰ ਹੱਥਾਂ-ਪੈਰਾਂ ਦੀ ਪੈ ਜਾਵੇ। ਉਨ੍ਹਾਂ ਦਾ ਧਿਆਨ ਸਿੰਘਾਂ ਉੱਪਰ ਸਖ਼ਤੀ ਵਾਲੇ ਪਾਸਿਉਂ ਘਟ ਜਾਵੇ। 1733 ਈ. ਵਿਚ ਜ਼ਕਰੀਆ ਖ਼ਾਨ ਦੁਆਰਾ ਮਜਬੂਰ ਹੋ ਕੇ, ਦਿੱਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਰਾਹੀਂ ਸਿੰਘਾਂ ਤੋਂ ਹਟਾਈਆਂ ਬੰਦਸ਼ਾਂ ਅਤੇ ਉਨ੍ਹਾਂ ਨੂੰ ਦਿੱਤੀ ਗਈ ਨਵਾਬੀ (ਜਾਗੀਰ) ਇਸ ਤੱਥ ਦਾ ਪ੍ਰਮਾਣ ਹੈ ਕਿ ਦਲ ਖਾਲਸਾ ਆਪਣੀ ਰਣਨੀਤੀ ਅਤੇ ਮੰਤਵ ਪੂਰਤੀ ਵਿਚ ਕਾਮਯਾਬ ਰਿਹਾ। ਘੋਰ ਸੰਕਟਾਂ ਅਤੇ ਮੁਸੀਬਤਾਂ ਦੇ ਦੌਰ ਨੇ, ਸਿੰਘਾਂ ਨੂੰ ਤਕੜਿਆਂ, ਇਕ-ਮੁੱਠ ਅਤੇ ਇੱਕ-ਜਾਨ ਕਰ ਦਿੱਤਾ ਸੀ। ਨਵਾਬੀ ਮਿਲਣ ਪਿੱਛੋਂ, ਹੁਣ ਉਨ੍ਹਾਂ ਘਰੋਂ-ਘਰੀਂ ਜਾ, ਕੁਝ ਸਮਾਂ ਸੁਖ ਦਾ ਸਾਹ ਲਿਆ।

ਦੂਜੇ ਪਾਸੇ ਸਿੰਘਾਂ ਹੱਥੋਂ ਬੁਰੀ ਤਰ੍ਹਾਂ ਸਤੇ, ਅੱਕੇ ਅਤੇ ਥੱਕੇ ਜ਼ਕਰੀਆ ਖ਼ਾਨ ਨੇ ਸਿੰਘਾਂ ਨੂੰ ਪਦਵੀਆਂ (ਜਾਗੀਰਾਂ) ਦੇਣ ਦੀ ਰਣਨੀਤੀ, ਨੇਕ ਨੀਅਤ ਨਾਲ ਨਹੀਂ ਸਗੋਂ ਮਾੜੀ ਨੀਅਤ ਅਧੀਨ, ਆਪਣੇ ਆਪ ਨੂੰ ਮੁੜ ਪੈਰਾਂ ਭਾਰ ਕਰਨ ਅਤੇ ਸਿੰਘਾਂ ਨੂੰ ਸੁਸਤ ਅਤੇ ਅਵੇਸਲੇ ਕਰਨ ਦੇ ਮੰਤਵ ਨਾਲ ਘੜੀ ਸੀ। 1735 ਈ.



SikhBookClub.Com

ਵਿਚ ਜਿਵੇਂ ਹੀ ਉਸ ਨੂੰ ਆਪਣੇ ਇਨ੍ਹਾਂ ਦੋਵੇਂ ਉਦੇਸ਼ਾਂ ਵਿਚ ਸਫਲਤਾ ਮਿਲਣ ਦੇ ਸੰਕੇਤ ਮਿਲੇ, ਉਸ ਨੇ ਇਲਾਕੇ ਅੰਦਰ ਅਮਨ-ਅਮਾਨ ਸਥਾਪਿਤ ਹੋ ਜਾਣ ਦੇ ਬਹਾਨੇ ਨਾਲ, ਜਾਗੀਰ ਜ਼ਬਤ ਕਰ ਲਈ ਅਤੇ ਮੁੜ ਆਪਣੇ ਪੁਰਾਣੇ ਰੰਗ ਵਿਚ ਆ ਗਿਆ।

ਸਿੱਖਾਂ ਉੱਪਰ ਪੁਰਾਣੀਆਂ ਸਾਰੀਆਂ ਪਾਬੰਦੀਆਂ ਅਤੇ ਸਖ਼ਤੀਆਂ ਨੂੰ ਜਾਰੀ ਰੱਖਦਿਆਂ ਹੁਣ ਨਵਾਂ ਉਪਦਰ ਇਹ ਕੀਤਾ ਕਿ ਸਿੱਖੀ ਦੇ ਕੇਂਦਰ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਅਤੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਨ 'ਤੇ ਪਾਬੰਦੀ ਲਾ ਦਿੱਤੀ ਗਈ। ਇੱਥੇ ਹੀ ਬਸ ਨਹੀਂ। ਹੋਰ ਵੱਡਾ ਕਹਿਰ ਢਾਹੁੰਦਿਆਂ, ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਸਾਂਭ-ਸੰਭਾਲ ਕਰ ਰਹੇ ਭਾਈ ਮਨੀ ਸਿੰਘ ਜੀ ਨੂੰ 24 ਜੂਨ, 1734 ਈ. ਨੂੰ ਲਾਹੌਰ ਵਿਖੇ ਬੰਦ-ਬੰਦ ਕੱਟ ਕੇ ਸ਼ਹੀਦ ਕਰਵਾ ਦਿੱਤਾ ਗਿਆ। ਉਨ੍ਹਾਂ ਦੇ ਸਾਥੀ ਸਿੰਘਾਂ ਨੂੰ ਚਰਖੜੀਆਂ 'ਤੇ ਚਾੜ੍ਹ ਕੇ ਮਰਵਾ ਦਿੱਤਾ। ਦਰਬਾਰ ਸਾਹਿਬ ਦਾ ਸਰੋਵਰ ਪੂਰ ਦਿੱਤਾ।

ਹਿਰਦਿਆਂ ਨੂੰ ਵਲੂੰਧਰ ਕੇ ਰੱਖ ਦੇਣ ਵਾਲੇ ਇਸ ਸਾਰੇ ਘਟਨਾਕ੍ਰਮ ਨੇ ਖਾਲਸੇ ਨੂੰ ਰੋਹ ਚਾੜ੍ਹ ਦਿੱਤਾ। ਮੋੜਵਾਂ ਹੱਲਾ ਕਰਦਿਆਂ ਖਾਲਸੇ ਨੇ ਪੈਂਦੀ ਸੱਟੇ, ਅਬਦੁਰ ਰਜ਼ਾਕ ਨਾਮਕ ਉਸ ਕਾਜ਼ੀ ਨੂੰ ਮਾਰ ਮੁਕਾਇਆ, ਜਿਸ ਨੇ ਭਾਈ ਮਨੀ ਸਿੰਘ ਜੀ ਨੂੰ ਫੜ ਕੇ ਲਾਹੌਰ ਪਹੁੰਚਾਇਆ ਸੀ। ਦੂਜੇ ਗੇੜ ਵਿਚ ਉਨ੍ਹਾਂ ਨੂੰ ਜਿੱਥੇ ਕਿਤੇ ਵੀ ਕੋਈ ਸਰਕਾਰੀ ਹਾਕਮ ਲੱਭਾ, ਉਸ ਨੂੰ ਸੋਧ ਦਿੱਤਾ ਗਿਆ। ਪੰਜਾਬ ਦੇ ਮਾਝੇ ਦੇ ਇਲਾਕੇ ਵਿਚ ਭਾਰੀ ਅਰਾਜਕਤਾ ਫੈਲ ਗਈ। ਹਾਲਾਤ ਹੱਥੋਂ ਨਿਕਲਦੇ ਵੇਖ, 1736 ਈ. ਵਿਚ ਜ਼ਕਰੀਆ ਖ਼ਾਨ ਨੇ ਆਪਣੇ ਦੀਵਾਨ ਲਖਪਤ ਰਾਇ ਅਤੇ ਭਤੀਜੇ ਮੁਖ਼ਲਸ ਖ਼ਾਨ ਦੀ ਕਮਾਨ ਹੇਠ ਦਸ ਹਜ਼ਾਰ ਦੀ ਵਿਸ਼ੇਸ਼ ਗਸ਼ਤੀ ਫ਼ੌਜ, ਸਿੰਘਾਂ ਦੇ ਵਿਰੁੱਧ ਚਾੜ੍ਹ ਦਿੱਤੀ, ਨਾਲ ਹੀ ਢੰਡੋਰਾ ਪਿਟਵਾ ਦਿੱਤਾ ਕਿ ਜੋ ਸਿੰਘਾਂ ਨੂੰ ਫੜਾਏਗਾ ਜਾਂ ਕਿਸੇ ਸਿੰਘ ਦਾ ਸਿਰ ਵੱਢ ਕੇ ਪਹੁੰਚਾਏਗਾ, ਉਸ ਨੂੰ ਇਨਾਮ ਦਿੱਤਾ ਜਾਵੇਗਾ। ਡਾ. ਗੰਡਾ ਸਿੰਘ ਅਨੁਸਾਰ ਮੁਗ਼ਲਾਂ ਦੀ ਗਸ਼ਤੀ ਫ਼ੌਜ ਨੇ ਤਕਰੀਬਨ ਚਾਰ ਮਹੀਨਿਆਂ ਤਕ ਲਗਾਤਾਰ ਏਨਾ ਕੁਹਰਾਮ ਅਤੇ ਉਪੱਦਰ ਮਚਾਇਆ ਕਿ ਸਿੰਘਾਂ ਨੂੰ ਇੱਕ ਵਾਰ ਫੇਰ ਘਰ-ਘਾਟ ਛੱਡਣ ਅਤੇ ਛਾਪਾਮਾਰ ਜੰਗ ਲੜਨ ਲਈ ਮਜਬੂਰ ਹੋਣਾ ਪਿਆ।[4]

ਘੋੜਿਆਂ ਦੀਆਂ ਕਾਠੀਆਂ 'ਤੇ ਬਸੇਰਾ ਕਰਨ ਵਾਲੇ ਸਿੰਘਾਂ ਅਤੇ ਜ਼ਕਰੀਆ ਖ਼ਾਨ ਦੀਆਂ ਗਸ਼ਤੀ ਫ਼ੌਜਾਂ ਦਰਮਿਆਨ ਲੁੱਕਾ-ਛਿਪੀ ਵਾਲੀ ਅਨੋਖੀ ਜੰਗ ਦਾ ਇਹ ਸਿਲਸਿਲਾ, ਜਨਵਰੀ 1739 ਈ. ਵਿਚ ਨਾਦਰ ਸ਼ਾਹ ਦੇ ਧਾੜਵੀ ਦੇ ਰੂਪ ਵਿਚ ਲਾਹੌਰ ਦੇ ਰਸਤੇ ਦਿੱਲੀ ਜਾਣ ਅਤੇ ਫਿਰ ਦਿੱਲੀ ਨੂੰ ਰੱਜ ਕੇ ਕੁੱਟਣ ਅਤੇ ਲੁੱਟਣ ਉਪਰੰਤ ਮਈ 1739 ਈ. ਵਿਚ, ਵਾਪਸ ਮੁੜਨ ਤਕ ਜਾਰੀ ਰਿਹਾ। ਇਤਿਹਾਸ ਦੱਸਦਾ ਹੈ ਕਿ ਦਿੱਲੀ ਤੋਂ ਵਾਪਸੀ ਸਮੇਂ, ਮਈ 1739 ਈ. ਵਿਚ ਜਦੋਂ ਲੁੱਟ ਦੇ ਮਾਲ ਨਾਲ ਲੱਦਿਆ ਨਾਦਰ ਸ਼ਾਹ ਦਾ ਜੰਗੀ ਕਾਫ਼ਲਾ ਕੀਰਤਪੁਰ ਅਤੇ



SikhBookClub.Com

ਆਨੰਦਪੁਰ ਦੇ ਨੀਮ ਪਹਾੜੀ ਰਸਤਿਉਂ, ਸਿਆਲਕੋਟ ਵੱਲ ਜਾ ਰਿਹਾ ਸੀ ਤਾਂ ਪਹਾੜਾਂ ਦੀਆਂ ਖੱਡਾਂ ਵਿਚ ਲੁਕੇ ਸਿੰਘਾਂ ਨੇ, ਚੋਰਾਂ 'ਤੇ ਮੋਰ ਪੈਣ ਵਾਂਗ, ਫ਼ੌਜ ਦੇ ਪਿਛਲੇ ਹਿੱਸੇ 'ਤੇ ਪਿੱਛੋਂ ਅਤੇ ਸੱਜੇ-ਖੱਬਿਓਂ ਹਮਲਾ ਕਰ ਕੇ, ਤਰਥੱਲੀ ਮਚਾਉਣ ਉਪਰੰਤ ਵੱਡੀ ਮਾਤਰਾ ਵਿਚ ਰਸਦਾਂ ਅਤੇ ਮਾਲ-ਖ਼ਜ਼ਾਨਾ ਲੁੱਟ ਲਿਆ।

ਜੰਗਲਾਂ-ਬੇਲਿਆਂ ਅਤੇ ਪਹਾੜਾਂ ਵਿਚ ਫਾਕੇ ਕੱਟ ਕੇ ਗੁਜ਼ਾਰਾ ਕਰ ਰਹੇ ਸਿੰਘਾਂ ਦੀ ਐਸੀ ਹੁਸ਼ਿਆਰੀ, ਦਲੇਰੀ ਅਤੇ ਜ਼ਿੰਦਾਦਿਲੀ ਵੇਖ, ਨਾਦਰ ਸ਼ਾਹ ਜਿਹਾ ਜਰਵਾਣਾ ਸੂਰਮਾ ਬੜਾ ਹੈਰਾਨ ਅਤੇ ਪਰੇਸ਼ਾਨ ਹੋਇਆ। ਦਿੱਲੀ ਜਾਂਦਿਆਂ ਪਹਿਲਾਂ ਹੀ ਉਸ ਦੀ ਈਨ ਮੰਨ ਚੁੱਕੇ ਜ਼ਕਰੀਆ ਖ਼ਾਨ ਨੂੰ ਜਦੋਂ ਉਹ ਵਾਪਸੀ ਸਮੇਂ ਸਿਆਲਕੋਟ ਲਾਗੇ ਦੁਬਾਰਾ ਮਿਲਿਆ ਤਾਂ ਸਿੰਘਾਂ ਦੇ ਅਚਾਨਕ ਹੋਏ ਹਮਲੇ ਤੋਂ ਡਾਢੇ ਘਬਰਾਏ ਹੋਏ ਨੇ ਉਸ ਨੂੰ ਪੁੱਛਿਆ ਕਿ "ਇਹ ਸਿੱਖ ਕੌਣ ਅਤੇ ਕਿਸ ਤਰ੍ਹਾਂ ਦੇ ਲੋਕ ਹਨ, ਜਿਨ੍ਹਾਂ ਨੇ ਮੇਰੀ ਦਿੱਲੀ ਦੀ ਲੁੱਟ ਨਾਲ ਲੱਦੀ ਹੋਈ ਫ਼ੌਜ ਦਾ ਪਿੱਛਾ ਲੁੱਟ ਮਾਰਿਆ ਹੈ ਅਤੇ ਜਿਨ੍ਹਾਂ ਤੋਂ ਡਰਦੀ ਮਾਰੀ ਮੇਰੀ ਫ਼ੌਜ ਦੀ ਰਾਹ ਵਿਚ ਕੂਚ ਵੇਲੇ ਤਰਤੀਬ ਟੁੱਟ ਟੁੱਟ ਜਾਂਦੀ ਹੈ?"

ਜ਼ਕਰੀਆ ਖ਼ਾਨ ਨੇ ਜਵਾਬ ਦਿੱਤਾ ਕਿ "ਇਹ ਫ਼ਕੀਰਾਂ ਦਾ ਟੋਲਾ ਹੈ, ਜੋ ਛੇ ਮਹੀਨੇ ਪਿੱਛੋਂ ਸ੍ਰੀ ਅੰਮ੍ਰਿਤਸਰ ਦੇ ਸਰੋਵਰ 'ਤੇ ਇਸ਼ਨਾਨ ਕਰਨ ਆਉਂਦੇ ਹਨ।" ਨਾਦਰ ਸ਼ਾਹ ਨੇ ਫੇਰ ਪੁੱਛਿਆ ਕਿ "ਇਨ੍ਹਾਂ ਦੇ ਘਰ-ਘਾਟ ਕਿੱਥੇ ਹਨ?" ਇਸ ਦੇ ਉੱਤਰ ਵਿਚ ਜ਼ਕਰੀਆ ਖ਼ਾਨ ਕਿਹਾ ਕਿ "ਇਨ੍ਹਾਂ ਦੇ ਘਰ, ਇਨ੍ਹਾਂ ਦੀਆਂ ਘੋੜਿਆਂ ਦੀਆਂ ਕਾਠੀਆਂ ਉੱਤੇ ਹਨ।" ਇਹ ਸੁਣ ਕੇ ਨਾਦਰ ਸ਼ਾਹ ਮੁਸਕਰਾ ਪਿਆ ਅਤੇ ਕਹਿਣ ਲੱਗਾ, ਤਾਂ ਫਿਰ "ਇਨ੍ਹਾਂ ਤੋਂ ਡਰਨਾ ਚਾਹੀਦਾ ਹੈ। ਉਹ ਸਮਾਂ ਲਾਗੇ ਹੀ ਹੈ ਜਦ ਇਹ ਸਿਰ ਕੱਢਣਗੇ ਅਤੇ ਇਸ ਮੁਲਕ ਦੇ ਵਾਲੀ ਬਣ ਜਾਣਗੇ।"[5]

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਸਮੁੱਚੇ ਸਮੇਂ (1718-83) ਦੀ ਸਿੱਖ ਪੰਥ ਦੀ ਸਮੱਗਰ ਸਥਿਤੀ ਇਸਦੇ ਸਾਰ-ਤੱਤ ਅਤੇ ਭਵਿੱਖੀ ਸਰੂਪ ਦੀ ਰੂਪ-ਰੇਖਾ ਨੂੰ ਸਮਝਣ-ਸਮਝਾਉਣ, ਦਰਸਾਉਣ ਅਤੇ ਉਲੀਕਣ ਪੱਖੋਂ ਨਾਦਰ ਸ਼ਾਹ ਅਤੇ ਜ਼ਕਰੀਆ ਖ਼ਾਨ ਦਰਮਿਆਨ ਮਈ 1739 ਈ. ਵਿਚ ਹੋਇਆ ਉਪਰੋਕਤ ਸੰਵਾਦ ਨਿਰਸੰਦੇਹ ਬੇਹੱਦ ਗਹਿਰਾ, ਸੂਤਰਿਕ, ਭਾਵਪੂਰਤ, ਰਮਜ਼ਮਈ, ਕੀਮਤੀ ਅਤੇ ਬੁਨਿਆਦੀ ਮਹੱਤਵ (ਸੌ ਹੱਥ ਰੱਸਾ, ਸਿਰੇ 'ਤੇ ਗੰਢ ਪਾਉਣ) ਵਾਲਾ ਹੈ। ਇਹ ਸੰਵਾਦ ਜਿੱਥੇ ਇੱਕ ਪਾਸੇ ਉਸ ਸਮੇਂ ਸਿੱਖ ਕੌਮ ਨੂੰ ਦਰਪੇਸ਼ ਵੱਡੇ ਸੰਕਟਾਂ ਬਾਰੇ ਜਾਣਕਾਰੀ ਦਿੰਦਾ ਹੈ, ਉੱਥੇ ਵੱਡੀਆਂ ਚੁਣੌਤੀਆਂ ਦੇ ਵਿਆਪਕ ਪਰਿਪੇਖ ਵਿਚ ਸਿੰਘਾਂ ਦੇ ਸਿਰਜਣਾਤਮਕ ਹੁੰਗਾਰੇ, ਚੜ੍ਹਦੀ ਕਲਾ ਵਾਲੇ ਇਕਾਗਰ ਮਨ, ਬੁਲੰਦ ਖਾਲਸਈ ਕਿਰਦਾਰ, ਲਿਸ਼ਕਾਰੇ ਵਾਲੇ ਸੰਗਠਿਤ ਵਿਅਕਤਿੱਤਵ, ਤੇਜ-ਪ੍ਰਤਾਪ, ਸਿਦਕ ਅਤੇ ਹੌਂਸਲੇ ਨੂੰ ਅਚੇਤ ਸਿਜਦੇ ਅਤੇ ਸਲਾਮ ਦੇ ਮਾਧਿਅਮ ਰਾਹੀਂ ਦਰਸਾਉਣ ਦੇ ਨਾਲ-ਨਾਲ ਉਨ੍ਹਾਂ ਦੀ ਗੁਰਮਤਿ ਅਨੁਸਾਰੀ ਫ਼ਕੀਰਾਨਾ



SikhBookClub.Com

ਤਰਜ਼-ਏ-ਜ਼ਿੰਦਗੀ (ਧਾਰਮਿਕਤਾ) ਦੇ ਉੱਜਵਲ ਦੀਦਾਰ ਵੀ ਕਰਵਾਉਂਦਾ ਹੈ।

ਇਸ ਸਮੇਂ (1739 ਈ.) ਤੋਂ ਬਾਅਦ ਅਗਸਤ 1740 ਈ. ਵਿਚ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਦੁਆਰਾ ਮੱਸਾ ਰੰਘੜ ਦਾ ਸਿਰ ਵੱਢ ਕੇ ਲੈ ਜਾਣ, 01 ਜੁਲਾਈ, 1745 ਈ. ਵਿਚ ਭਾਈ ਤਾਰੂ ਸਿੰਘ ਜੀ ਹੋਈ ਸ਼ਹਾਦਤ, ਕਾਹਨੂੰਵਾਨ ਦੇ ਛੰਭ ਵਿਖੇ, ਮਈ 1746 ਈ. ਵਿਚ ਹੋਏ ਪਹਿਲੇ (ਛੋਟੇ) ਘੱਲੂਘਾਰੇ, ਫਰਵਰੀ 1762 ਨੂੰ ਮਲੇਰਕੋਟਲਾ ਨੇੜ੍ਹੇ ਕੁੱਪ ਵਿਚ ਵਾਪਰੇ ਦੂਜੇ (ਵੱਡੇ) ਘੱਲੂਘਾਰੇ, ਮੀਰ ਮੰਨੂ ਦੇ ਸਮੇਂ ਦੇ ਜ਼ੁਲਮਾਂ ਦੀ ਭਿਅੰਕਰ ਦਾਸਤਾਨ, ਅਹਿਮਦ ਸ਼ਾਹ ਦੁਰਾਨੀ ਅਤੇ ਤੈਮੂਰ ਸ਼ਾਹ ਦੇ ਅਨੇਕ ਹੱਲਿਆਂ ਤੋਂ ਲੈ ਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਦੇਹਾਂਤ (1783 ਈ.) ਦੇ ਸਮੇਂ ਤਕ ਦੇ ਸਮੱਗਰ ਸਿੱਖ ਇਤਿਹਾਸ ਦਾ ਨਿਕਟ ਅਧਿਐਨ-ਵਿਸ਼ਲੇਸ਼ਣ ਇਸ ਤੱਥ ਦੀ ਭਲੀਭਾਂਤ ਪੁਸ਼ਟੀ ਕਰਦਾ ਹੈ ਕਿ ਇਸ ਸਾਰੇ ਘੋਰ ਬਿਖੜੇ ਸਮੇਂ (1718-83) ਦੌਰਾਨ ਸਿੱਖ ਕੌਮ ਦੀ ਉਪਰੋਕਤ ਦਰਜ ਚੜ੍ਹਦੀ ਕਲਾ ਵਾਲੀ ਤੇਜੱਸਵੀ ਸਥਿਤੀ ਜਿਉਂ ਦੀ ਤਿਉਂ ਬਰਕਰਾਰ ਰਹੀ, ਚਮਕਾਰੇ ਮਾਰਦੀ ਰਹੀ। ਇੱਥੋਂ ਤਕ ਕਿ ਸਿੱਖ ਕੌਮ ਦਾ ਬੀਜ ਨਾਸ਼ ਕਰਨ 'ਤੇ ਤੁਲੇ ਮੀਰ ਮੰਨੂ ਜਿਹੇ ਅਤਿ ਜ਼ਾਲਮ ਮੁਗ਼ਲ ਹੁਕਮਰਾਨ ਅੱਗੇ ਵੀ ਸਿੰਘਾਂ ਨੇ ਈਨ ਨਾ ਮੰਨੀ, ਸਿੱਖੀ ਸਿਦਕ ਅਤੇ ਹੌਂਸਲਾ ਨਾ ਹਾਰਿਆ। ਗੁਰਬਾਣੀ ਦੇ ਇਸ ਮਹਾਂਵਾਕ *ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥ ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥* ਨੂੰ ਆਪਣੇ ਅੰਤਰ-ਆਤਮੇ ਰਚਾਉਂਦਿਆਂ ਅਤੇ ਜੀਵਨ-ਅਮਲ ਵਿਚ ਉਤਾਰਦਿਆਂ, ਉਹ ਮੰਨੂ ਵੱਲੋਂ ਹੋ ਰਹੀ ਹਰ ਸਖ਼ਤੀ ਨੂੰ ਆਪਣੇ ਨਿੱਤ ਦੂਣ ਸਵਾਏ ਵੱਧਦੇ ਜਾਣ ਲਈ ਰੱਬ ਵੱਲੋਂ ਆਈ ਦਾਤ ਸਮਝਦੇ ਸਨ। ਦੁੱਖਾਂ ਅਤੇ ਸੰਕਟਾਂ ਨੂੰ 'ਸਿੱਖੀ' ਅਤੇ 'ਸਿੱਖੀ ਸਿਦਕ' ਦੇ ਹੋਰ ਨਿਖਾਰ ਦਾ ਹੋਰ ਪ੍ਰਫੁਲਿਤ ਹੋਣ ਦਾ ਕਾਰਗਰ ਵਸੀਲਾ ਮੰਨਦੇ ਸਨ। ਤਾਂ ਹੀ ਤਾਂ ਉਨ੍ਹੀਂ ਦਿਨੀਂ ਗੁਰੂ ਦੇ ਸਿੰਘਾਂ ਵਿਚ ਇਹ ਅਖਾਣ ਆਮ ਪ੍ਰਚਲਿਤ ਸੀ ਕਿ:

***"ਮੰਨੂੰ ਅਸਾਡੀ ਦਾਤਰੀ, ਅਸੀਂ ਮੰਨੂੰ ਦੇ ਸੋਏ।***
***ਜਿਉਂ ਜਿਉਂ ਮੰਨੂੰ ਵੱਢਦਾ, ਅਸੀਂ ਦੂਣ ਸਵਾਏ ਹੋਏ।***

## ਹਵਾਲੇ


1. ਗੰਡਾ ਸਿੰਘ, *ਸਰਦਾਰ ਜੱਸਾ ਸਿੰਘ ਆਹਲੂਵਾਲੀਆ*, ਪੰਜਾਬੀ ਯੂਨੀਵਰਸਿਟੀ ਪਟਿਆਲਾ, 1969, ਪੰਨਾ 22
2. ਉਹੀ, ਪੰਨਾ 22
3. ਉਹੀ, ਪੰਨਾ 25-26
4. ਉਹੀ, ਪੰਨਾ 40
5. ਉਹੀ, ਪੰਨਾ 43




SikhBookClub.Com

# ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਰਾਜ-ਪ੍ਰਬੰਧ ਦਾ ਆਦਰਸ਼

*—ਸ. ਤਲਵਿੰਦਰ ਸਿੰਘ ਬੁੱਟਰ ਕਲਾਂ*

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸਿੱਖ ਪੰਥ ਦੇ ਇੱਕੋ-ਇਕ ਅਜਿਹੇ ਜਥੇਦਾਰ ਹੋਏ ਹਨ, ਜਿਨ੍ਹਾਂ ਨੂੰ ਲਾਹੌਰ ਅਤੇ ਦਿੱਲੀ ਦੇ ਤਖ਼ਤ 'ਤੇ ਬੈਠਣ ਦਾ ਮਾਣ ਹਾਸਲ ਹੋਇਆ। ਉਹ ਅਠਾਰ੍ਹਵੀਂ ਸਦੀ ਦੇ ਸਿੱਖ ਪੰਥ ਦੇ ਬਿਖੜੇ ਸਮਿਆਂ ਵਿਚ ਆਗੂ ਜਥੇਦਾਰਾਂ ਵਿੱਚੋਂ ਇਕ ਸਨ, ਜਿਨ੍ਹਾਂ ਨੇ ਬੇਹੱਦ ਸੰਕਟ ਭਰੇ ਹਾਲਾਤ 'ਚ ਪੰਥ ਨੂੰ ਨਾ-ਸਿਰਫ਼ ਅਗਵਾਈ ਦਿੱਤੀ, ਬਲਕਿ ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ 'ਸਰਬੱਤ ਦੇ ਭਲੇ 'ਤੇ ਆਧਾਰਿਤ' ਖਾਲਸਾ ਰਾਜ ਦੇ ਝੰਡੇ ਲਾਹੌਰ ਅਤੇ ਦਿੱਲੀ ਦੇ ਤਖ਼ਤ 'ਤੇ ਝੁਲਾਉਣ ਦੇ ਕੀਰਤੀਮਾਨ ਵੀ ਸਥਾਪਿਤ ਕੀਤੇ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਸਿੱਖ ਪੰਥ ਨੂੰ 30 ਸਾਲ ਦੇ ਲੱਗਭਗ, 1753 ਈ. ਤੋਂ ਲੈ ਕੇ 1783 ਈ. ਤਕ ਅਗਵਾਈ ਦਿੱਤੀ, ਜਦੋਂ ਪੰਜਾਬ 'ਤੇ ਕਬਜ਼ਾ ਜਮਾਉਣ ਲਈ ਅਹਿਮਦਸ਼ਾਹ ਅਬਦਾਲੀ, ਮੁਗ਼ਲਾਂ ਅਤੇ ਮਰਾਠਿਆਂ ਦਰਮਿਆਨ ਖ਼ੂਨੀ ਸੰਘਰਸ਼ ਵਿਚ ਪੰਜਾਬ ਦੇ ਲੋਕਾਂ ਦੀ ਹਾਲਤ 'ਸ੍ਹਾਨਾਂ ਦੇ ਭੇੜ 'ਚ ਮਲ੍ਹਿਆਂ ਦਾ ਨਾਸ' ਵਾਲੀ ਹੋ ਰਹੀ ਸਨ। ਮੁਗ਼ਲ ਹਾਕਮਾਂ ਦੇ ਜਬਰ ਜ਼ੁਲਮ ਨੂੰ ਠੱਲਣ ਅਤੇ ਦੁਰਾਨੀਆਂ ਦੇ ਹੱਲਿਆਂ ਨੂੰ ਰੋਕਣ ਲਈ ਸਿੱਖ ਪੰਥ ਦੀ ਇਕ ਮਜ਼ਬੂਤ ਜਥੇਬੰਦੀ ਦੀ ਲੋੜ ਮਹਿਸੂਸ ਕਰਦਿਆਂ ਨਵਾਬ ਕਪੂਰ ਸਿੰਘ ਵੱਲੋਂ 'ਦਲ ਖਾਲਸਾ' ਦੀ ਸਥਾਪਨਾ ਕਰ ਕੇ ਇਸ ਦੇ ਪਹਿਲੇ ਜਥੇਦਾਰ ਸਰਬਸੰਮਤੀ ਨਾਲ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਚੁਣਿਆ ਗਿਆ। ਉਨ੍ਹਾਂ ਦੇ ਅਧੀਨ ਹੀ 11 ਮਿਸਲਾਂ ਹੋਂਦ ਵਿਚ ਆਈਆਂ, ਜਿਨ੍ਹਾਂ ਵਿੱਚੋਂ ਇਕ ਮਿਸਲ ਆਹਲੂਵਾਲੀਆ ਦੇ ਮੁਖੀ ਵੀ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਸਨ। (ਬਾਰ੍ਹਵੀਂ ਮਿਸਲ ਫੂਲਕੀਆਂ ਇਨ੍ਹਾਂ ਤੋਂ ਵੱਖਰੀ ਹੈ, ਜਿਸ ਦਾ ਬਾਨੀ ਮਹਾਰਾਜਾ ਆਲਾ ਸਿੰਘ ਪਟਿਆਲਾ ਸੀ।) 'ਦਲ ਖਾਲਸਾ' ਅਤੇ 'ਮਿਸਲਾਂ' ਦੀ ਅਗਵਾਈ ਕਰਦਿਆਂ ਆਪਣੀ ਸਿਆਣਪ ਅਤੇ ਤਾਕਤ ਸਦਕਾ ਲਾਹੌਰ ਅਤੇ ਦਿੱਲੀ ਦੇ ਤਖ਼ਤਾਂ 'ਤੇ ਕਬਜ਼ਾ ਕਰ ਕੇ ਪਤਝੜ ਮਗਰੋਂ ਬਹਾਰ ਵਰਗੀ ਪੰਥ ਦੀ ਬਾਦਸ਼ਾਹਤ ਕਾਇਮ ਕਰਨ ਸਦਕਾ ਹੀ ਜੱਸਾ ਸਿੰਘ ਆਹਲੂਵਾਲੀਆ ਨੂੰ ਅੱਜ 'ਸੁਲਤਾਨ-ਉਲ-ਕੌਮ' ਵਜੋਂ ਯਾਦ ਕੀਤਾ ਜਾਂਦਾ ਹੈ।



SikhBookClub.Com

ਦੁਰਾਨੀ ਹਮਲਾਵਰਾਂ ਅਤੇ ਮੁਗ਼ਲ ਹੁਕਮਰਾਨਾਂ ਨੂੰ ਭਜਾਉਣ ਲਈ ਇਲਾਕਿਆਂ 'ਤੇ ਕਬਜ਼ਿਆਂ ਦੀਆਂ ਮੁਹਿੰਮਾਂ 'ਤੇ ਚੜ੍ਹਾਈ ਅਤੇ ਲੜਾਈ ਵੇਲੇ ਸਾਰੀਆਂ ਮਿਸਲਾਂ ਦੇ ਮੁਖੀ ਸਰਦਾਰ ਆਪਣਾ ਇਕ ਆਗੂ ਮਿੱਥ ਲੈਂਦੇ ਸਨ, ਜੋ ਬਹਾਦਰੀ, ਨਿਮਰਤਾ ਅਤੇ ਪੰਥ ਸੇਵਾ ਵਿਚ ਉੱਘਾ ਹੁੰਦਾ ਸੀ। ਇਹ ਮਾਣ ਅਤੇ ਪਦਵੀ ਨਵਾਬ ਕਪੂਰ ਸਿੰਘ ਤੋਂ ਬਾਅਦ ਆਮ ਤੌਰ 'ਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਬਖ਼ਸ਼ੀ ਜਾਂਦੀ ਸੀ। ਡਾ. ਗੰਡਾ ਸਿੰਘ ਲਿਖਦੇ ਹਨ, ਗੁਰੂ ਸਾਹਿਬ ਦੇ ਦੇਹਾਂਤ ਤੋਂ ਬਾਅਦ ਖਾਲਸਾ ਜੀ ਦੇ ਪਹਿਲੇ ਜਰਨੈਲ ਬਾਬਾ ਬੰਦਾ ਸਿੰਘ ਨੂੰ ਸਰਹਿੰਦ (ਮਾਲਵੇ) ਅਤੇ ਚੜ੍ਹਦੇ ਪੰਜਾਬ ਦੇ ਚੋਖੇ ਹਿੱਸੇ ਵਿੱਚੋਂ ਟਾਕਰੇ 'ਤੇ ਖਾਲਸੇ ਨੂੰ ਉਸ ਵੇਲੇ ਪੂਰੀ ਅਤੇ ਪੱਕੀ ਸਫਲਤਾ ਨਹੀਂ ਸੀ ਹੋਈ, ਜਿਸ ਲਈ ਉਨ੍ਹਾਂ ਨੂੰ ਪੰਜਾਹ ਵਰ੍ਹੇ ਹੋਰ ਘੋਲ ਕਰਨਾ ਪਿਆ, ਬੇਸ਼ੁਮਾਰ ਕੁਰਬਾਨੀਆਂ ਦੇਣੀਆਂ ਪਈਆਂ, ਤਰ੍ਹਾਂ-ਤਰ੍ਹਾਂ ਦੇ ਤਸੀਹੇ ਝੱਲਣੇ ਪਏ, ਸੱਤ ਕਤਲ-ਏ-ਆਮਾਂ ਅਤੇ ਦੋ ਘੱਲੂਘਾਰਿਆਂ ਵਿੱਚੋਂ ਲੰਘਣਾ ਪਿਆ ਤਾਂ ਕਿਧਰੇ ਸਰਦਾਰ ਜੱਸਾ ਸਿੰਘ ਦੀ ਮੋਹਰੇਦਾਰੀ ਵਿਚ 'ਦਲ ਖਾਲਸਾ' ਅਤੇ 'ਮਿਸਲਾਂ' ਦੇ ਸਰਦਾਰਾਂ ਦੀਆਂ ਘਾਲਾਂ ਦੇ ਸਿੱਟੇ ਵਜੋਂ ਪੰਜਾਬ ਨੂੰ ਮੁਗ਼ਲਾਂ ਦੇ ਜ਼ੁਲਮ ਅਤੇ ਦੁਰਾਨੀਆਂ ਦੇ ਕਹਿਰ ਤੋਂ ਅਜ਼ਾਦੀ ਮਿਲੀ।

ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਰਾਜਸੀ ਪ੍ਰਬੰਧ ਦੀ ਗੱਲ ਕਰਨੀ ਹੋਵੇ ਤਾਂ 'ਦਲ ਖਾਲਸਾ' ਅਤੇ 'ਸਿੱਖ ਮਿਸਲਾਂ' ਦੇ ਮੋਹਰੀ ਹੋਣ ਦੀ ਹੈਸੀਅਤ 'ਚ ਉਹ ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਗੁਰਮਤਿ ਦੀ ਆਦਰਸ਼ਕ ਰਾਜ ਪ੍ਰਣਾਲੀ 'ਹਲੇਮੀ ਰਾਜ' ਨੂੰ ਸਥਾਪਿਤ ਕਰਨ ਲਈ ਹਮੇਸ਼ਾ ਯਤਨਸ਼ੀਲ ਰਹੇ। ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਪੰਜਾਬ ਨੂੰ ਸਭ ਤੋਂ ਵੱਡੀ ਦੇਣ ਦੇਸੀ ਅਤੇ ਵਿਦੇਸ਼ੀ ਜ਼ਾਲਮ, ਧਾੜਵੀਆਂ ਅਤੇ ਜਾਬਰਾਂ ਦੇ ਹਮਲਿਆਂ ਤੋਂ ਨਿਜ਼ਾਤ ਦਿਵਾਉਣਾ ਸੀ। ਉਨ੍ਹਾਂ ਦੇ ਰਾਜ ਪ੍ਰਬੰਧ ਵਿਚਲੀ ਧਰਮ-ਨਿਰਪੇਖਤਾ ਦੀ ਮਹਿਮਾ ਕਰਨੋਂ ਕੋਈ ਵੀ ਇਤਿਹਾਸਕਾਰ ਰਹਿ ਨਹੀਂ ਸਕਿਆ। ਇਤਿਹਾਸਕਾਰ ਸੁਮੰਤ ਧਮੀਜਾ 'ਪੰਜਾਬ ਦਾ ਜੱਸਾ ਸਿੰਘ ਆਹਲੂਵਾਲੀਆ' ਵਿਚ ਲਿਖਦਾ ਹੈ ਕਿ, ਜੱਸਾ ਸਿੰਘ ਦਾ ਵਿਚਾਰ ਸੀ ਕਿ ਸਮਾਜ ਵਧੇਰੇ ਉਦਾਰਵਾਦੀ ਹੋਣਾ ਚਾਹੀਦਾ ਹੈ, ਜਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿਚ ਸੀ।

7 ਅਕਤੂਬਰ, 1753 ਈ. ਨੂੰ ਪੰਥ ਦੇ ਆਗੂ ਨਵਾਬ ਕੰਪੂਰ ਸਿੰਘ ਅਕਾਲ ਚਲਾਣਾ ਕਰ ਗਏ। ਬੰਦੂਕ ਦੇ ਇਕ ਪੁਰਾਣੇ ਜ਼ਖ਼ਮ ਦੇ ਕਾਰਨ, ਸ੍ਰੀ ਅੰਮ੍ਰਿਤਸਰ ਵਿਚ ਅੰਤਮ ਸਵਾਸ ਲੈਣ ਤੋਂ ਪਹਿਲਾਂ 6 ਅਕਤੂਬਰ ਨੂੰ ਉਨ੍ਹਾਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਬੁਲਾਇਆ ਅਤੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਫ਼ੌਲਾਦੀ ਚੋਬ ਦੇ ਕੇ ਖ਼ਾਲਸੇ ਦੀ ਸੇਵਾ ਕਰਨ ਦਾ ਬਚਨ ਕੀਤਾ। ਇਸ ਤੋਂ ਬਾਅਦ 10 ਅਪ੍ਰੈਲ, 1754 ਈ. ਨੂੰ ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਸਜੇ ਸਰਬੱਤ ਖਾਲਸਾ ਵਿਚ ਸਰਦਾਰ ਜੱਸਾ ਸਿੰਘ



SikhBookClub.Com

ਆਹਲੂਵਾਲੀਆ ਨੂੰ ਰਸਮੀ ਤੌਰ 'ਤੇ ਨਵਾਬ ਕਪੂਰ ਸਿੰਘ ਦੀ ਥਾਂ ਖ਼ਾਲਸੇ ਦਾ ਰਾਜਸੀ ਅਤੇ ਧਾਰਮਿਕ ਜਥੇਦਾਰ ਥਾਪ ਦਿੱਤਾ ਗਿਆ। ਇਸ ਤਰ੍ਹਾਂ ਉਹ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਚੌਥੇ ਮੁਖੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੀ ਰਹੇ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਜਿੱਥੇ ਖਾਲਸਾ ਪੰਥ ਦੇ ਉੱਚ-ਪਦਵੀ ਦੇ ਰਾਜਸੀ ਆਗੂ ਸਨ, ਉੱਥੇ ਉਨ੍ਹਾਂ ਦਾ ਜ਼ਿਆਦਾ ਪ੍ਰਭਾਵ ਇਕ ਧਾਰਮਿਕ ਜਥੇਦਾਰ ਦੀ ਹੈਸੀਅਤ ਵਿਚ ਸੀ। ਨਿੱਤਨੇਮ ਅਤੇ ਸਿਮਰਨ ਹੀ ਉਨ੍ਹਾਂ ਦੇ ਆਤਮਿਕ ਅਤੇ ਸਰੀਰਕ ਬਲ ਦਾ ਸਰੋਤ ਸੀ। ਨਵਾਬ ਕਪੂਰ ਸਿੰਘ ਤੋਂ ਬਾਅਦ ਆਪ ਦੀ ਬੜੀ ਵੱਡੀ ਮਾਨਤਾ ਸੀ ਅਤੇ ਵੱਡੇ-ਵੱਡੇ ਸਰਦਾਰ ਇਨ੍ਹਾਂ ਦੇ ਜਥੇ ਤੋਂ ਅੰਮ੍ਰਿਤ ਛਕਣਾ ਆਪਣਾ ਸੁਭਾਗ ਸਮਝਦੇ ਸਨ। ਜੇ ਕੋਈ ਵੀ ਸਿੱਦਕ ਨਾਲ ਅੰਮ੍ਰਿਤ ਛਕਣ ਲਈ ਆਉਂਦਾ ਤਾਂ ਆਪ ਖ਼ੁਦ ਪੰਜ ਪਿਆਰਿਆਂ 'ਚ ਸ਼ਾਮਲ ਹੋ ਕੇ ਅੰਮ੍ਰਿਤ ਛਕਾਉਂਦੇ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਆਪਣੇ ਧਰਮ-ਕਰਮ ਅਤੇ ਨਿੱਤਨੇਮ ਵਿਚ ਪ੍ਰਪੱਕ ਸਨ। ਪੰਜਾਬ 'ਚ ਦੇਸੀ-ਵਿਦੇਸ਼ੀ ਹਮਲਾਵਰਾਂ ਦੀ ਆਮਦ ਨੂੰ ਡੱਕਾ ਲਾਉਣ ਵਾਲੀ ਖਾਲਸਾ ਫ਼ੌਜ 'ਦਲ ਖਾਲਸਾ' ਵਿਚ ਸ਼ਾਮਲ ਕਰਨ ਤੋਂ ਪਹਿਲਾਂ ਉਹ ਸਾਰਿਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਦੇ ਚਰਨੀਂ ਲਾਉਂਦੇ ਸਨ। ਮਿਸਲਾਂ ਦੇ ਮੁਖੀ ਸਰਦਾਰਾਂ ਨੂੰ ਵੀ ਹੁਕਮ ਸੀ ਕਿ ਆਪੋ-ਆਪਣੇ ਡੇਰੇ 'ਚ 'ਆਸਾ ਦੀ ਵਾਰ' ਦਾ ਕੀਰਤਨ ਜ਼ਰੂਰ ਨੇਮ ਨਾਲ ਕਰਵਾਇਆ ਜਾਵੇ। ਗੁਰੂ-ਘਰ ਦੀ ਮਰਯਾਦਾ ਅਨੁਸਾਰ ਜੱਸਾ ਸਿੰਘ ਆਹਲੂਵਾਲੀਆ ਵੱਲੋਂ ਸਦਾ-ਬਰਤ (ਲੰਗਰ) ਚੱਲਦਾ ਰੱਖਿਆ ਗਿਆ, ਜਿੱਥੇ ਹਰ ਅਭਿਲਾਖੀ ਨੂੰ ਬਿਨਾਂ ਕਿਸੇ ਵਿਤਕਰੇ ਤੋਂ ਪਰਸ਼ਾਦਾ ਮਿਲਦਾ।

'ਦਲ ਖਾਲਸਾ' ਦੇ ਸਿੰਘ ਤਨਖ਼ਾਹਦਾਰ ਨੌਕਰ ਨਹੀਂ ਸਨ। ਉਹ ਗੁਰੂ ਅਤੇ ਧਰਮ ਦੇ ਨਾਂਅ 'ਤੇ ਪੰਥ ਅਤੇ ਦੇਸ਼ ਪ੍ਰੇਮ ਦੀ ਸੇਵਾ ਲਈ ਆਪਣੀ ਇੱਛਾ ਤੇ ਦ੍ਰਿੜ੍ਹਤਾ ਨਾਲ ਦਲ 'ਚ ਸ਼ਾਮਲ ਹੁੰਦੇ ਸਨ। ਉੱਥੇ ਕਿਸੇ ਊਚ-ਨੀਚ ਜਾਂ ਜਾਤ-ਪਾਤ ਦਾ ਕੋਈ ਵਿਤਕਰਾ ਨਹੀਂ ਸੀ। ਖਾਲਸਾ ਪੰਥ ਦੀ ਇਸ ਅਨੁਸ਼ਾਸਨਬੱਧ ਫ਼ੌਜ ਵਿਚ ਸ਼ਾਮਲ ਹੋਣ ਵੇਲੇ ਅੰਮ੍ਰਿਤ ਛਕਣਾ ਇਸ ਵਾਸਤੇ ਵੀ ਜ਼ਰੂਰੀ ਹੁੰਦਾ ਸੀ ਤਾਂ ਜੋ ਇੱਕੋ ਬਾਟੇ 'ਚੋਂ ਖੰਡੇ ਦੀ ਪਾਹੁਲ ਛਕ ਕੇ ਪਿਛਲੇ ਧਰਮ, ਕੁਲ, ਕਿਰਤ, ਜਾਤ-ਪਾਤ ਅਤੇ ਊਚ-ਨੀਚ ਦੇ ਸਾਰੇ ਫਰਕ ਖ਼ਤਮ ਕਰਕੇ ਸਤਿ-ਗੁਰਮਤਿ-ਆਦਰਸ਼ ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ਅਨੁਸਾਰ ਸਾਰੇ ਵਾਲੰਟੀਅਰ ਇਕਮਿਕ ਅਤੇ ਇਕ ਜਾਨ ਹੋ ਕੇ ਸੇਵਾ ਦੇ ਮੈਦਾਨ 'ਚ ਨਿੱਤਰ ਸਕਣ। ਇਸ ਤਰ੍ਹਾਂ ਸਮਾਜ ਪ੍ਰਬੰਧ ਨੂੰ ਵੀ ਜਾਤ-ਪਾਤ, ਧਰਮ ਅਤੇ ਫ਼ਿਰਕੇ 'ਤੇ ਆਧਾਰਿਤ ਵੰਡ-ਵਿਤਕਰਿਆਂ ਤੋਂ ਬਾਹਰ ਨਿਕਲਣ ਦੀ ਪ੍ਰੇਰਨਾ ਮਿਲੀ ਅਤੇ ਸਾਰੇ ਧਰਮਾਂ ਤੇ ਫ਼ਿਰਕਿਆਂ ਦੇ ਲੋਕ ਭਾਈਚਾਰਕ ਸਦਭਾਵਨਾ ਨਾਲ ਰਹਿਣ ਲੱਗੇ।



SikhBookClub.Com

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਇਲਾਕਿਆਂ ਦੇ ਪ੍ਰਬੰਧ 'ਚ ਜਿਵੇਂ ਸਿੱਖ ਕਾਰਦਾਰ ਸਨ, ਉਸੇ ਤਰ੍ਹਾਂ ਹੀ ਹਿੰਦੂ ਅਤੇ ਮੁਸਲਮਾਨ ਵੀ ਸਨ। ਦੀਵਾਨ ਰਾਮਜਸ ਦੀ ਲਿਖਤ ਅਨੁਸਾਰ ਮੁਸਲਮਾਨਾਂ ਨੂੰ ਆਪਣੇ ਧਰਮ ਦੀਆਂ ਰਸਮਾਂ ਰੀਤਾਂ ਕਰਨ ਦੀ ਪੂਰੀ ਖੁੱਲ੍ਹ ਸੀ। ਇਹੀ ਕਾਰਨ ਸੀ ਕਿ ਮੁਸਲਮਾਨ ਉਨ੍ਹਾਂ ਦੇ ਨਾਂਅ 'ਤੇ ਜਾਨ ਦੇਣਾ ਆਪਣੀ 'ਸ਼ਹਾਦਤ' ਸਮਝਦੇ ਸਨ। ਹਰ ਫ਼ਿਰਕੇ ਦੇ ਮੁਸਲਮਾਨ ਹਰ ਮਹਿਕਮੇ ਵਿਚ ਉਸੇ ਤਰ੍ਹਾਂ ਹੀ ਨੌਕਰ ਸਨ, ਜਿਵੇਂ ਕਿ ਹਿੰਦੂ ਜਾਂ ਸਿੱਖ। ਉਹ ਕਿਸੇ ਨੂੰ ਕਿਸੇ ਦੂਜੇ ਦੇ ਧਰਮ 'ਚ ਦਖ਼ਲ ਨਹੀਂ ਦੇਣ ਦਿੰਦੇ ਸਨ ਅਤੇ ਨਾ ਹੀ ਧਰਮ ਦੀ ਆੜ ਵਿਚ ਕਿਸੇ ਦਾ ਦਿਲ ਦੁਖਾਉਣ ਦੀ ਕਿਸੇ ਨੂੰ ਆਗਿਆ ਸੀ। ਇਸ ਤਰ੍ਹਾਂ ਸਾਰੇ ਪੰਜਾਬ ਵਿਚ ਜਿੱਥੇ-ਜਿੱਥੇ ਵੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਰਾਜ ਸੀ, ਉੱਥੇ ਧਰਮ ਦੇ ਨਾਂਅ 'ਤੇ ਕੋਈ ਵੰਡ-ਵਿਤਕਰਾ ਨਹੀਂ ਸੀ ਅਤੇ ਸਮਾਜ 'ਚ ਪੂਰੀ ਤਰ੍ਹਾਂ ਬਰਾਬਰਤਾ, ਸ਼ਾਂਤੀ ਅਤੇ ਸਦਭਾਵਨਾ ਸੀ।

ਪੰਜਾਬ 'ਚ 'ਦਲ ਖਾਲਸਾ' ਦੇ ਹੱਲੇ ਕੇਵਲ ਦੇਸ਼ ਨੂੰ ਮੁਗ਼ਲ ਜਾਬਰਾਂ ਦੇ ਜ਼ੁਲਮੀ ਰਾਜ ਅਤੇ ਅਫ਼ਗਾਨਾਂ ਦੇ ਇੱਥੇ ਆਪਣੀ ਹਕੂਮਤ ਕਾਇਮ ਕਰਨ ਦੇ ਯਤਨਾਂ ਵਿਰੁੱਧ ਹੁੰਦੇ ਸਨ ਤਾਂ ਜੋ ਦੇਸ਼ ਆਜ਼ਾਦ ਹੋ ਕੇ ਸੁਖੀ ਵੱਸ ਸਕੇ। ਜਮਨਾ ਪਾਰ ਗੰਗ-ਦੁਆਬ ਵਿਚ ਹੱਲੇ ਅਹਿਮਦਸ਼ਾਹ ਦੁਰਾਨੀ ਦੇ ਹਿੰਦੁਸਤਾਨ 'ਚ ਬੈਠੇ ਏਜੰਟ ਨਜੀਬੁ-ਦੌਲਾ ਦੀ ਤਾਕਤ ਨੂੰ ਕਮਜ਼ੋਰ ਕਰਨ ਲਈ ਕੀਤੇ ਜਾਂਦੇ ਸਨ, ਤਾਂ ਜੋ ਉਸ ਦੀ ਮੁਖ਼ਬਰੀ, ਸ਼ਹਿ ਅਤੇ ਸਹਾਇਤਾ ਨਾਲ ਪੰਜਾਬ ਵਿਚ ਵਿਦੇਸ਼ੀ ਹਕੂਮਤ ਮਜ਼ਬੂਤ ਹੋ ਕੇ ਪੈਰ ਨਾ ਜਮਾ ਸਕੇ। ਰਾਜਸਥਾਨ ਵਿਚ ਵੀ ਖਾਲਸਾ ਫ਼ੌਜਾਂ ਸ਼ਰਨ ਆਏ ਜਾਟਾਂ ਦੀ ਸਹਾਇਤਾ ਲਈ ਜਾਂਦੀਆਂ ਸਨ। ਬਿਨਾਂ ਵਜ੍ਹਾ ਤੋਂ ਜਾਂ ਕੇਵਲ ਲੁੱਟ-ਮਾਰ ਦੀ ਨੀਅਤ ਨਾਲ ਖ਼ਾਲਸਾ ਫ਼ੌਜਾਂ ਹਮਲੇ ਨਹੀਂ ਕਰਦੀਆਂ ਸਨ।

ਮਿਸਲਾਂ ਵਿਚ ਵੰਡ ਕੇ ਸਿੰਘ ਫ਼ੌਜਾਂ ਮੁਗ਼ਲਾਂ ਕੋਲੋਂ ਇਲਾਕੇ ਖੋਂਹਦੀਆਂ ਅਤੇ ਪਿੰਡਾਂ ਨੂੰ ਪਰਾਈ ਜਾਬਰ ਸਰਕਾਰ ਤੋਂ ਸੁਰੱਖਿਆ ਦਿੰਦੀਆਂ। ਹਮਲਾ ਕਰਨ ਤੋਂ ਪਹਿਲਾਂ ਮਿਸਲਾਂ ਦੇ ਰੂਪ ਵਿਚ ਖਾਲਸਾ ਫ਼ੌਜਾਂ 'ਰਾਖੀ' ਪ੍ਰਵਾਨ ਕਰਨ ਲਈ ਕਹਿੰਦੀਆਂ ਸਨ, ਜਿਸ ਲਈ ਉਸ ਇਲਾਕੇ ਜਾਂ ਪਿੰਡ ਨੂੰ ਸਿਰਫ਼ ਨਾਂ-ਮਾਤਰ 2 ਤੋਂ 5 ਫ਼ੀਸਦੀ ਤਕ ਮਾਮਲਾ ਦੇਣਾ ਪੈਂਦਾ ਸੀ। ਜਦੋਂ ਕੋਈ ਇਲਾਕਾ ਸਿੰਘ ਸਰਦਾਰਾਂ ਦੀ 'ਰਾਖੀ' ਵਿਚ ਆ ਜਾਂਦਾ ਤਾਂ ਨਾ-ਸਿਰਫ਼ ਲੋਕਾਂ ਨੂੰ ਵਿਦੇਸ਼ੀ ਧਾੜਵੀਆਂ ਦੇ ਹਮਲਿਆਂ ਤੋਂ ਹੀ ਸੁਰੱਖਿਆ ਮਿਲਦੀ, ਬਲਕਿ ਕਿਸੇ ਵੀ ਦੂਜੀ ਮਿਸਲ ਦਾ ਮੁਖੀ ਸਰਦਾਰ ਵੀ ਉੱਥੇ ਕਿਸੇ ਤਰ੍ਹਾਂ ਦਾ ਦਖ਼ਲ ਨਹੀਂ ਦਿੰਦਾ ਸੀ। ਇਤਿਹਾਸਕਾਰ ਕਰਨਲ ਪੋਲੀਅਰ ਲਿਖਦਾ ਹੈ ਕਿ ਗੰਗ ਦੁਆਬੇ ਦੇ ਬਹੁਤ ਸਾਰੇ ਜ਼ਿਮੀਂਦਾਰ ਖਾਲਸਾ ਜੀ ਦੀ 'ਰਾਖੀ' ਵਿਚ ਆ ਕੇ ਹੱਲੇ ਤੋਂ ਸੌਖੇ ਹੀ ਬਚ ਜਾਂਦੇ ਸਨ। ਗ਼ੁਲਾਮ ਮੁਹੱਈ-ਉ-ਦੀਨ (ਬੂਟੇ ਸ਼ਾਹ) 'ਤਾਰੀਖ਼-ਏ-ਪੰਜਾਬ' ਵਿਚ ਲਿਖਦਾ ਹੈ ਕਿ ਭਾਵੇਂ ਦਸ ਸਵਾਰਾਂ ਦਾ ਛੋਟੇ ਤੋਂ ਛੋਟਾ ਸਰਦਾਰ ਵੀ ਕਿਸੇ ਥਾਂ ਨੂੰ ਆਪਣੀ 'ਰਾਖੀ' ਵਿਚ ਲੈ ਲੈਂਦਾ ਤਾਂ ਕੋਈ ਵੱਡੇ ਤੋਂ ਵੱਡੇ ਪੰਜ ਸੌ ਜਾਂ ਵੱਧ ਸਵਾਰਾਂ ਵਾਲਾ



SikhBookClub.Com

ਸਰਦਾਰ ਵੀ ਉੱਥੇ ਕੋਈ ਦਖ਼ਲ ਨਹੀਂ ਸੀ ਦਿੰਦਾ। ਇਸ ਤਰ੍ਹਾਂ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਮਿਸਲਾਂ ਵਿਚ ਇਲਾਕਿਆਂ ਦੀ ਵੰਡ ਅਤੇ 'ਰਾਖੀ' ਪ੍ਰਬੰਧ ਲੋਕਾਂ ਨੂੰ ਭੈਅ-ਰਹਿਤ, ਸਾਵਾਂ, ਅਮਨ-ਪੂਰਵਕ, ਸੁਰੱਖਿਅਤ ਅਤੇ ਜਥੇਬੰਦਕ ਰਾਜ ਪ੍ਰਬੰਧ ਦੇਣ ਦੀ ਸੁਚੱਜੀ ਵਿਵਸਥਾ ਸੀ।

ਮਿਸਲਾਂ ਦੇ ਰੂਪ 'ਚ ਜਿੱਥੇ-ਜਿੱਥੇ ਖਾਲਸਾ ਫ਼ੌਜਾਂ ਕਬਜ਼ੇ ਕਰਦੀਆਂ ਸਨ, ਉੱਥੇ ਜ਼ਿਮੀਂਦਾਰਾਂ ਨਾਲ ਉਨ੍ਹਾਂ ਦਾ ਬੜਾ ਚੰਗਾ ਸਲੂਕ ਹੁੰਦਾ। ਰਈਅਤ ਬੜੀ ਖ਼ੁਸ਼ ਅਤੇ ਖ਼ੁਸ਼ਹਾਲ ਹੁੰਦੀ ਸੀ। ਬੂਟੇ ਸ਼ਾਹ ਅਨੁਸਾਰ, ਮਾਮਲਾ ਹਾਲਾਤ ਦੇ ਮੁਤਾਬਕ ਇਕ ਤਿਹਾਈ ਤੋਂ ਦਸਵੇਂ ਹਿੱਸੇ ਤਕ ਲਿਆ ਜਾਂਦਾ ਸੀ, ਜਿਸ ਵਿੱਚੋਂ ਬਹੁਤ ਕੁਝ ਸਿੱਖ ਅਤੇ ਹਿੰਦੂ ਧਰਮ ਅਸਥਾਨਾਂ ਅਤੇ ਮੁਸਲਮਾਨਾਂ ਦੀਆਂ ਦਰਗਾਹਾਂ, ਮਕਬਰਿਆਂ, ਮਸੀਤਾਂ ਆਦਿ ਨੂੰ ਜਾਗੀਰਾਂ ਜਾਂ ਖ਼ੈਰਾਤ ਵਜੋਂ ਦੇ ਦਿੰਦੇ ਸਨ। ਇਸ ਤੋਂ ਬਿਨਾਂ ਸਿੰਘ ਸਰਦਾਰ ਆਪਣੇ ਵੱਲੋਂ ਪਿੰਡ ਅਤੇ ਜ਼ਮੀਨ; ਸਾਧਾਂ ਦੇ ਡੇਰਿਆਂ, ਹਿੰਦੂ ਧਰਮਸ਼ਾਲਾ, ਮੁਸਲਮਾਨ ਮਦਰੱਸਿਆਂ ਅਤੇ ਖ਼ਾਨਗਾਹਾਂ ਦੇ ਨਾਂਅ 'ਤੇ ਪੱਕੀ ਤਰ੍ਹਾਂ ਲਗਾ ਦਿੰਦੇ ਸਨ।

ਉਨ੍ਹਾਂ ਦੇ ਇਲਾਕਿਆਂ ਵਿਚ ਹਲਵਾਹਕਾਂ ਅਤੇ ਕੰਮੀਆਂ ਲਈ ਪੂਰੀ ਤਰ੍ਹਾਂ ਖੁੱਲ੍ਹ ਅਤੇ ਅਜ਼ਾਦੀ ਸੀ। ਮੁਸੀਬਤ ਵੇਲੇ ਜੇ ਕੋਈ ਵਾਪਾਰੀ ਸ਼ਾਹੂਕਾਰ ਅਤੇ ਹਟਵਾਣੀਏ ਉਨ੍ਹਾਂ ਦੀ 'ਰਾਖੀ' ਵਿਚ ਆ ਜਾਂਦੇ ਸਨ ਜਾਂ ਪੱਕੀ ਤਰ੍ਹਾਂ ਉਨ੍ਹਾਂ ਦੇ ਇਲਾਕੇ ਵਿਚ ਆ ਵੱਸਦੇ ਸਨ ਤਾਂ ਉਨ੍ਹਾਂ ਦੀ ਹਰ ਪ੍ਰਕਾਰ ਰੱਖਿਆ ਕੀਤੀ ਜਾਂਦੀ ਸੀ। ਬਾਹਰ ਦੇ ਲੜਾਈ-ਝਗੜਿਆਂ ਦਾ ਉਨ੍ਹਾਂ 'ਤੇ ਕੋਈ ਅਸਰ ਨਹੀਂ ਪੈਣ ਦਿੱਤਾ ਜਾਂਦਾ ਸੀ। ਇਤਿਹਾਸਕਾਰ ਫ੍ਰੈਂਕਲਿਨ ਅਤੇ ਜਾਰਜ ਥੋਮਸ ਲਿਖਦੇ ਹਨ ਕਿ, ਹਰ ਸਰਦਾਰ ਨੂੰ ਆਪਣੇ ਇਲਾਕੇ ਵਿਚ ਪੂਰੇ-ਪੂਰੇ ਅਖ਼ਤਿਆਰ ਸਨ ਅਤੇ ਉਹ ਆਪਣੀ ਅਬਾਦੀ ਨੂੰ ਵਧਾਉਣ ਅਤੇ ਆਰਥਿਕ ਉੱਨਤੀ ਲਈ ਹਿੰਦੁਸਤਾਨ ਦੇ ਹੋਰ ਇਲਾਕਿਆਂ ਤੋਂ ਆਉਣ ਵਾਲਿਆਂ ਨੂੰ ਖੁੱਲ੍ਹੇ ਦਿਲ ਨਾਲ 'ਜੀ ਆਇਆਂ' ਆਖਦਾ ਅਤੇ ਸਹੂਲਤਾਂ ਦਿੰਦਾ ਸੀ। ਇਸ ਲਈ ਸਿੱਖ ਇਲਾਕਿਆਂ ਵਿਚ ਰਾਜ ਭਾਵੇਂ ਇਕ ਮਿਸਲ ਦੇ ਸਰਦਾਰ ਦੀ ਮਰਜ਼ੀ ਅਨੁਸਾਰ ਹੁੰਦਾ ਸੀ, ਪਰ ਆਲੇ-ਦੁਆਲੇ ਦੇ ਹੋਰ ਬਹੁਤ ਸਾਰੇ ਰਾਜਾਂ ਨਾਲੋਂ ਸਖ਼ਤੀ ਹੋਣ ਦੀ ਬਹੁਤ ਘੱਟ ਗੁੰਜਾਇਸ਼ ਸੀ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਇਹ ਯਕੀਨੀ ਬਣਾਉਂਦਾ ਸੀ ਕਿ 'ਦਲ ਖਾਲਸਾ' ਦੀ ਅਗਵਾਈ ਹੇਠ 'ਮਿਸਲਾਂ ਦੇ ਰਾਜ' ਵਿਚ ਪਰਜਾ ਨਾਲ ਧਰਮ ਦੇ ਆਧਾਰ 'ਤੇ ਕੋਈ ਪੱਖਪਾਤ ਅਤੇ ਊਚ-ਨੀਚ ਨਾ ਕੀਤੀ ਜਾਵੇ। ਉਨ੍ਹਾਂ ਨੇ ਇਹ ਵੀ ਹੁਕਮ ਜਾਰੀ ਕੀਤਾ ਕਿ ਹਾਰੇ ਹੋਏ ਦੁਸ਼ਮਣ ਨੂੰ ਵੀ ਮਾਰਿਆ ਨਾ ਜਾਵੇ। ਇਸਤਰੀਆਂ ਪ੍ਰਤੀ ਉਨ੍ਹਾਂ ਦਾ ਵਿਹਾਰ ਬਹੁਤ ਹੀ ਉੱਚ ਇਖ਼ਲਾਕੀ ਅਤੇ ਸੂਰਬੀਰਾਂ ਵਾਲਾ ਸੀ। ਇਤਿਹਾਸਕਾਰ ਹਰੀ ਰਾਮ ਗੁਪਤਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਮਿਸਲ ਰਾਜ ਦੇ ਵਤੀਰੇ ਦੀ ਤਰਜ਼ਮਾਨੀ ਕਰਦਾ ਕਹਿੰਦਾ ਹੈ,'ਮੁਸਲਮਾਨਾਂ ਜਾਂ ਮਰਾਠਿਆਂ ਦੀਆਂ ਲਿਖੀਆਂ ਸਾਰੀਆਂ ਹੀ ਸਮਕਾਲੀ ਲਿਖਤਾਂ



SikhBookClub.Com

ਵਿਚ ਇਕ ਵੀ ਅਜਿਹੀ ਮਿਸਾਲ ਨਹੀਂ ਆਉਂਦੀ ਜਿੱਥੇ ਕਿਸੇ ਸਿੱਖ ਨੇ ਕਿਸੇ ਇਸਤਰੀ 'ਤੇ ਉਂਗਲ ਉਠਾਈ ਹੋਵੇ।'

ਸਤੰਬਰ 1761 ਵਿਚ ਸ਼ੁਕਰਚੱਕੀਆ, ਕਨੱਈਆ ਅਤੇ ਭੰਗੀ ਮਿਸਲਾਂ ਦੀਆਂ ਫ਼ੌਜਾਂ ਨੂੰ ਨਾਲ ਲੈ ਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਲਾਹੌਰ ਦੇ ਅਫ਼ਗਾਨ ਸੂਬੇਦਾਰ ਖ਼ਵਾਜਾ ਉਬੇਦ ਖ਼ਾਨ ਨੂੰ ਗੁਜਰਾਂਵਾਲਾ ਨੇੜੇ ਲੱਕ-ਤੋੜਵੀਂ ਹਾਰ ਦਿੱਤੀ ਅਤੇ ਲਾਹੌਰ ਤਕ ਉਸ ਦਾ ਪਿੱਛਾ ਕਰ ਕੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਪੰਜਾਬ ਦੀ ਰਾਜਧਾਨੀ ਲਾਹੌਰ 'ਤੇ ਕਬਜ਼ਾ ਕਰਨ ਪਿੱਛੋਂ ਸਾਰੇ ਪੰਜਾਬ 'ਤੇ ਖਾਲਸੇ ਦਾ ਰਾਜ ਕਾਇਮ ਹੋ ਗਿਆ। ਇਸ ਦੌਰਾਨ ਜਿੱਥੇ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ 'ਸੁਲਤਾਨ-ਉਲ-ਕੌਮ' ਪੰਥ ਦੇ ਬਾਦਸ਼ਾਹ ਦੀ ਪਦਵੀ ਨਾਲ ਨਿਵਾਜਿਆ ਗਿਆ, ਉੱਥੇ ਜੱਸਾ ਸਿੰਘ ਨੇ ਸ਼ੁਕਰਾਨੇ ਵਜੋਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਅ 'ਤੇ ਖ਼ਾਲਸਾ ਜੀ ਦਾ ਸਿੱਕਾ ਜਾਰੀ ਕੀਤਾ।

ਹੁਣ ਖਾਲਸਾ ਜੀ ਨੇ ਗੁਰੂ ਦੀ ਬਖ਼ਸ਼ੀ ਤੇਗ਼ ਨਾਲ ਦੇਸ਼ ਨੂੰ ਜਰਵਾਣਿਆਂ ਦੇ ਪੰਜੇ ਵਿੱਚੋਂ ਛੁਡਵਾ ਕੇ ਅਜ਼ਾਦ ਕਰ ਲਿਆ ਸੀ। ਅਮਨ-ਅਮਾਨ ਕਾਇਮ ਕਰ ਕੇ ਜਨਤਾ ਨੂੰ ਸੁਖੀ ਵੱਸਣ ਅਤੇ ਰੱਜ ਕੇ ਰੋਟੀ ਖਾ ਸਕਣ ਦਾ ਸਮਾਂ ਲਿਆ ਦਿੱਤਾ। ਖੇਤੀਬਾੜੀ ਅਤੇ ਕਾਰ-ਵਿਹਾਰ ਵਿਚ ਵਾਧਾ ਕਰ ਕੇ ਦੇਗ਼ਾਂ ਭਰਪੂਰ ਹੋਣ ਦੇ ਸਾਧਨ ਪੈਦਾ ਕਰ ਦਿੱਤੇ ਸਨ। ਰਾਜ ਪ੍ਰਾਪਤ ਹੋ ਜਾਣ 'ਤੇ ਵੀ ਖਾਲਸਾ ਜੀ ਨੂੰ ਹਉਮੈਂ ਨਹੀਂ ਆਈ। ਮਨ ਨੀਵਾਂ ਅਤੇ ਮੱਤ ਉੱਚੀ ਰਹੀ।

11 ਮਾਰਚ, 1783 ਈ. ਨੂੰ ਖਾਲਸਾ ਜੀ ਨੇ ਦਿੱਲੀ ਫਤਿਹ ਕਰ ਕੇ ਲਾਲ ਕਿਲ੍ਹੇ 'ਤੇ ਖਾਲਸਈ ਨਿਸ਼ਾਨ ਸਾਹਿਬ ਲਹਿਰਾ ਦਿੱਤਾ। ਦਿੱਲੀ ਦਾ ਤਖ਼ਤ ਖਾਲਸਾ ਪੰਥ ਦੇ ਅਧੀਨ ਕਰਨ ਤੋਂ ਬਾਅਦ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਸਰਦਾਰ ਬਘੇਲ ਸਿੰਘ ਨੂੰ ਦਿੱਲੀ ਵਿਚਲੇ ਗੁਰੂ ਸਾਹਿਬਾਨ ਦੀ ਚਰਨ-ਛੋਹ ਪ੍ਰਾਪਤ, ਸੱਤ ਵੱਡੇ ਗੁਰਦੁਆਰਾ ਸਾਹਿਬਾਨ ਦੀ ਉਸਾਰੀ ਕਰਾਉਣ ਦੀ ਜ਼ਿੰਮੇਵਾਰੀ ਸੌਂਪੀ। ਤਿੰਨ ਲੱਖ ਰੁਪਏ ਜੋ ਦਿੱਲੀ ਦੇ ਸ਼ਹਿਨਸ਼ਾਹ ਵੱਲੋਂ ਨਜ਼ਰਾਨੇ ਵਜੋਂ ਮਿਲੇ ਸਨ, ਫ਼ੌਜ ਵਿਚ ਵੰਡਣ ਪਿੱਛੋਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਆਪ ਪੰਜਾਬ ਵਾਪਸ ਆ ਗਏ ਅਤੇ ਇਸੇ ਦੌਰਾਨ ਆਏ ਸਭ ਤੋਂ ਭਿਆਨਕ ਕਾਲ ਕਾਰਨ ਦੁਖੀ ਹੋਏ ਆਪਣੇ ਲੋਕਾਂ ਦੀ ਸੇਵਾ ਵਿਚ ਲੱਗ ਗਏ, ਕਿਉਂਕਿ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਮੁੱਖ ਮੰਤਵ ਪਰਜਾ ਨੂੰ ਗੁਰਮਤਿ ਅਨੁਸਾਰੀ 'ਹਲੇਮੀ ਰਾਜ' ਪ੍ਰਬੰਧ ਦੇਣ ਤੋਂ ਅਗਲਾ ਉਦੇਸ਼ ਗੁਰੂ ਸਾਹਿਬਾਨ ਦੇ ਇਤਿਹਾਸਿਕ ਅਸਥਾਨਾਂ 'ਤੇ ਗੁਰਦੁਆਰਾ ਸਾਹਿਬਾਨ ਦੀ ਉਸਾਰੀ ਕਰਨਾ ਸੀ। ਪੰਜਾਬ ਵਿਚ ਵੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਖਾਲਸਾ ਜੀ ਦਾ ਰਾਜ ਕਾਇਮ ਕਰਨ ਤੋਂ ਬਾਅਦ ਸ੍ਰੀ ਅਨੰਦਪੁਰ ਸਾਹਿਬ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਅਤੇ ਹੋਰਨਾਂ ਇਤਿਹਾਸਿਕ ਗੁਰ-ਅਸਥਾਨਾਂ ਦੀ ਸੁੰਦਰ ਸੇਵਾ ਕਰਵਾਈ



SikhBookClub.Com

ਅਤੇ ਮੁਗ਼ਲਾਂ ਦੇ ਦਮਨ ਤੋਂ ਬਾਅਦ ਪੰਥ ਨੂੰ ਮੁੜ ਜਾਹ-ਓ-ਜਲਾਲ ਵਿਚ ਲੈ ਆਂਦਾ। ਸ੍ਰੀ ਅਨੰਦਪੁਰ ਸਾਹਿਬ ਵਿਚ ਕਿਲ੍ਹਾ, ਅਨੰਦਗੜ੍ਹ ਦੀ ਬਾਉਲੀ ਪੁਨਰ-ਸੁਰਜੀਤ ਕਰਵਾਈ। ਸ੍ਰੀ ਅੰਮ੍ਰਿਤਸਰ ਸਰਦਾਰ ਜੱਸਾ ਸਿੰਘ ਦੇ ਦਿਲ ਦੇ ਬਹੁਤ ਨੇੜੇ ਸੀ, ਜਿਸ ਕਰਕੇ ਇਸ ਗੁਰੂ ਨਗਰੀ ਦਾ ਉਨ੍ਹਾਂ ਨੇ ਬਹੁਤ ਵਿਕਾਸ ਕੀਤਾ।

ਸਪੱਸ਼ਟ ਹੁੰਦਾ ਹੈ ਕਿ 'ਦਲ ਖਾਲਸਾ' ਦੇ ਝੰਡੇ ਹੇਠਾਂ ਮਿਸਲ ਰਾਜ ਦੀ ਅਗਵਾਈ ਕਰਦਿਆਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਸਾਹਮਣੇ ਸੱਤਾ ਦਾ ਆਦਰਸ਼ ਦੁਨੀਆ 'ਤੇ ਆਪਣੀ ਪ੍ਰਭੁਤਾ ਜਾਂ ਨਿੱਜ-ਤਾਕਤ ਦਾ ਡੰਕਾ ਵਜਾਉਣਾ ਨਹੀਂ ਸੀ, ਬਲਕਿ ਵਾਹਿਗੁਰੂ ਦੇ ਓਟ-ਆਸਰੇ ਨਾਲ ਪਰਜਾ ਨੂੰ ਜ਼ੁਲਮੀ ਰਾਜ ਦੀ ਗ਼ੁਲਾਮੀ ਤੋਂ ਮੁਕਤ ਕਰਵਾ ਕੇ ਗੁਰਮਤਿ ਅਨੁਸਾਰੀ ਆਦਰਸ਼ਕ ਰਾਜ ਪ੍ਰਬੰਧ ਦੀ ਛਤਰ-ਛਾਇਆ ਹੇਠਾਂ ਲਿਆਉਣਾ ਸੀ, ਜਿਸ ਦਾ ਸੰਕਲਪ ਸ੍ਰੀ ਗੁਰੂ ਅਰਜਨ ਦੇਵ ਜੀ 'ਸਿਰੀਰਾਗੁ' ਅੰਦਰ ਇਉਂ ਰੂਪਮਾਨ ਕਰਦੇ ਹਨ:

**ਹੁਣਿ ਹੁਕਮੁ ਹੋਆ ਮਿਹਰਵਾਣ ਦਾ॥ ਪੈ ਕੋਇ ਨ ਕਿਸੈ ਰਞਾਣਦਾ॥**
**ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥੧੩॥**

*(ਪੰਨਾ ੭੪)*

ਆਖ਼ਰਕਾਰ ਅਫ਼ਗਾਨਾਂ ਦੇ ਟਾਕਰੇ 'ਤੇ ਸਿੰਘਾਂ ਦੀ ਤਾਕਤ ਇੰਨੀ ਜ਼ਬਰਦਸਤ ਹੋ ਗਈ ਸੀ ਕਿ ਅਹਿਮਦਸ਼ਾਹ ਦੁਰਾਨੀ ਵੀ ਹਾਰ ਮੰਨ ਗਿਆ। ਉਸ ਦੀ ਸੰਨ 1772 ਈ. ਵਿਚ ਮੌਤ ਹੋ ਜਾਣ ਤੋਂ ਬਾਅਦ ਉਸ ਦੇ ਪੁੱਤਰ ਤੈਮੂਰ ਨੂੰ ਹਾਰ ਖਾ ਕੇ ਸਾਰਾ ਪੰਜਾਬ ਸਿੰਘਾਂ ਲਈ ਛੱਡਣਾ ਪਿਆ। ਸਮਕਾਲੀ ਅੰਗਰੇਜ਼ ਇਤਿਹਾਸਕਾਰ ਜਾਰਜ ਫ਼ੌਰਸਟਰ ਦਾ ਖ਼ਿਆਲ ਸੀ ਕਿ, 'ਜੇ ਕਿਧਰੇ ਸਿੱਖ ਸਰਦਾਰ ਇਕ ਸੁਭਾਵਕ ਵੈਰੀ ਨੂੰ ਸੋਧਣ ਦੀ ਥਾਂ ਘਰ ਵਿਚ ਵੱਧਦੇ ਅਸਰਾਂ ਦਾ ਬਹੁਤਾ ਫ਼ਿਕਰ ਨਾ ਕਰਨ, ਤਾਂ ਸੌਖੇ ਹੀ ਇਸ ਨਤੀਜੇ 'ਤੇ ਪੁੱਜਿਆ ਜਾ ਸਕਦਾ ਹੈ ਕਿ ਉਹ ਛੇਤੀ ਹੀ ਹਿੰਦੁਸਤਾਨ ਵਿੱਚੋਂ, ਜਿੱਥੇ ਕਿਧਰੇ ਵੀ ਕੋਈ ਅਫ਼ਗਾਨ ਰਾਜ ਦਾ ਨਿਸ਼ਾਨ ਬਾਕੀ ਹੈ, ਉਸ ਨੂੰ ਵੀ ਖ਼ਤਮ ਕਰ ਦੇਣਗੇ।'

ਇਸ ਤਰ੍ਹਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਨਿੱਗਰ ਅਗਵਾਈ ਵਾਲਾ 'ਦਲ ਖਾਲਸਾ' ਦਾ ਮਿਸਲ ਰਾਜ ਪ੍ਰਬੰਧ ਉਨ੍ਹਾਂ ਨੂੰ ਇਤਿਹਾਸ ਵਿਚ ਦੇਸ਼ ਅਤੇ ਧਰਮ ਦੇ ਰਾਖੇ ਦਾ ਸਥਾਨ ਦਿਵਾ ਗਿਆ। ਮੁਗ਼ਲਾਂ ਅਤੇ ਦੁਰਾਨੀਆਂ ਤੋਂ ਪੰਜਾਬ ਨੂੰ ਅਜ਼ਾਦ ਕਰਵਾ ਕੇ ਸਿੱਖ ਮਿਸਲਾਂ ਦੇ ਰਾਜ ਦੀ ਸਫਲਤਾ ਦਾ ਵੱਡਾ ਕਾਰਨ ਦਲ ਖਾਲਸਾ ਅਤੇ ਸਿੱਖ ਮਿਸਲਾਂ ਦੇ ਆਦਰਸ਼ ਦੀ ਸਵੱਛਤਾ, ਸਰਬ-ਸਾਂਝੀਵਾਲਤਾ ਵਾਲੇ ਗੁਰੂ ਸਾਹਿਬਾਨ ਦੇ ਆਦਰਸ਼ ਲਈ ਵਚਨਬੱਧਤਾ, ਜਨਤਾ ਦੇ ਦੁਖ-ਦਰਦ ਨੂੰ ਸਮਝਣਾ ਅਤੇ ਦੂਰ ਕਰਨ ਦੀ ਇੱਛਾ ਅਤੇ ਹਰ ਪ੍ਰਕਾਰ ਦੀਆਂ ਔਕੜਾਂ ਨੂੰ ਵਾਹਿਗੁਰੂ ਦੇ ਭਾਣੇ ਵਿਚ ਖਿੜੇ ਮੱਥੇ ਪ੍ਰਵਾਨ ਕਰਨ ਦੀ ਸੰਕਲਪ-ਸ਼ਕਤੀ ਸੀ। ਇਸ ਜਜ਼ਬੇ ਨੂੰ ਜਥੇਬੰਦ ਅਤੇ ਅਨੁਸ਼ਾਸਨਬੱਧ ਕਰਨ ਦਾ ਸਿਹਰਾ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਲਿਆਕਤ ਨੂੰ ਹੀ ਜਾਂਦਾ ਹੈ।



SikhBookClub.Com

# ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਸਮੇਂ ਦਾ ਰਾਖੀ ਪ੍ਰਬੰਧ

*—ਗਿਆਨੀ ਸੁਰਿੰਦਰ ਸਿੰਘ ਨਿਮਾਣਾ*

ਕੋਈ ਵੀ ਸਿਸਟਮ ਜਾਂ ਪ੍ਰਬੰਧ ਸਮੇਂ ਤੇ ਹਾਲਾਤ ਦੀਆਂ ਜ਼ਰੂਰਤਾਂ 'ਚੋਂ ਪੈਦਾ ਹੁੰਦਾ ਹੈ। ਮਨੁੱਖੀ ਸਮਾਜ ਦਾ ਸਮੂਹ ਸੰਸਾਰ ਚ ਇਕ ਹੌਲੀ-ਹੌਲੀ ਉਪਜਿਆ ਸਿਸਟਮ ਦਾ ਪ੍ਰਬੰਧ ਹੈ। ਸੰਸਾਰ ਵਿਚ ਹੌਲੀ-ਹੌਲੀ ਪਿੰਡਾ, ਸ਼ਹਿਰਾਂ, ਜ਼ਿਲ੍ਹਿਆਂ, ਸੂਬਿਆਂ, ਦੇਸ਼ਾਂ ਦੀ ਇਕ ਸੰਰਚਨਾ ਹੋਂਦ 'ਚ ਆਈ। ਹਰੇਕ ਨਵੀਂ ਸਰਕਾਰ ਆਪਣੇ ਨਵੇਂ ਪ੍ਰਬੰਧ ਦੁਆਰਾ ਆਪਣੀ ਰਿਆਇਆ ਨੂੰ ਕੁਝ ਨਵਾਂ ਪੂਰਬਲੀ ਸਰਕਾਰ ਨਾਲੋਂ ਵਧੇਰੇ ਲੋਕ-ਹਿੱਤੂ ਪ੍ਰਬੰਧ ਦੇਣ ਦਾ ਦਾਅਵਾ ਕਰਦੀ ਹੈ। ਇਹ ਗੱਲ ਅਲੱਗ ਹੈ ਕਿ ਪਾਰਖੂ ਅੱਖ ਰੱਖਣ ਵਾਲੇ ਦਾਨਿਸ਼ਮੰਦ ਉਸ ਨਵੇਂ ਪ੍ਰਬੰਧ ਸਬੰਧੀ ਆਪਣਾ ਸਹੀ ਜਾਇਜ਼ਾ ਲਾਉਂਦੇ ਹਨ। ਕੋਈ ਵੀ ਸਮਾਜਿਕ, ਰਾਜਨੀਤਿਕ ਆਰਥਿਕ ਪ੍ਰਬੰਧ ਉਹੀ ਚੰਗੇਰਾ ਹੋ ਸਕਦਾ ਹੈ ਜੋ ਲੋਕ-ਹਿੱਤਾਂ ਦਾ ਵੱਧ ਤੋਂ ਵੱਧ ਖਿਆਲ ਰੱਖਦਾ ਹੈ।

ਪੰਜਾਬ ਸਮੇਤ ਭਾਰਤ ਭੂਖੰਡ ਵਿਚ ਸਦੀਆਂ ਤਕ ਰਾਜਨੀਤਿਕ ਅਸਥਿਰਤਾ, ਸਮਾਜਿਕ ਨਾ-ਬਰਾਬਰੀ ਤੇ ਧਾਰਮਿਕ ਤੌਰ 'ਤੇ ਕਰਮ-ਕਾਂਡ ਪ੍ਰਧਾਨ ਜਨ-ਸਾਧਾਰਨ ਦੇ ਹਿੱਤਾਂ ਦੀ ਘੋਰ ਅਣਦੇਖੀ ਕਰਨ, ਉਸ ਨੂੰ ਜ਼ੁਲਮ-ਜਬਰ, ਧੌਂਸ ਨਾਲ ਦਬਾ ਕੇ ਰੱਖਣ ਅਤੇ ਉਸ ਦੇ ਆਰਥਿਕ ਸਾਧਨਾਂ ਨੂੰ ਲੁੱਟਣ-ਖੋਹਣ ਦਾ ਇਕ ਵਰਤਾਰਾ ਚੱਲਦਾ ਰਿਹਾ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੁਆਰਾ ਚਲਾਏ ਸੱਚ ਆਧਾਰਿਤ ਧਰਮ ਦੇ ਕਾਇਮ ਹੋਣ ਨਾਲ ਇਸ ਗਲਤ ਵਰਤਾਰੇ ਦਾ ਇਕ ਉਸਾਰੂ ਬਦਲ ਪ੍ਰਸਤੁਤ ਕੀਤਾ ਗਿਆ। ਦਸਵੇਂ ਗੁਰੂ ਜੀ ਦੁਆਰਾ ਥਾਪੇ ਬਾਬਾ ਬੰਦਾ ਸਿੰਘ ਬਹਾਦਰ ਨੇ ਜਦੋਂ ਮੁਖਲਿਸਗੜ ਨੂੰ ਆਪਣੀ ਰਾਜਧਾਨੀ ਬਣਾ ਕੇ ਪਹਿਲਾ ਲੋਕ-ਹਿਤੈਸ਼ੀ ਰਾਜਨੀਤਿਕ ਪ੍ਰਬੰਧ ਕਾਇਮ ਕੀਤਾ ਤਾਂ ਇਸ 'ਚ ਵਾਹੀ-ਕਾਰਾਂ ਨੂੰ ਜ਼ਮੀਨ ਦੇ ਮਾਲਕ ਬਣਾ ਕੇ ਇਨਕਲਾਬੀ ਕਦਮ ਪੁੱਟਿਆ। ਇਸ ਤੋਂ ਮਗਰੋਂ ਫਿਰ ਗੁਰੂ ਦੇ ਬਹਾਦਰ ਸਿੰਘਾਂ ਨੇ ਸਿੱਖ ਮਿਸਲਾਂ ਨੂੰ ਪੰਜਾਬ ਦੀ ਧਰਤੀ 'ਤੇ ਲਿਆਂਦਾ। ਸਿੱਖ ਮਿਸਲਾਂ 'ਚੋਂ ਜੋ ਕੁੱਲ ਬਾਰ੍ਹਾਂ ਸਨ, ਇਕ ਆਹਲੂਵਾਲੀਆ ਮਿਸਲ ਦੇ ਪ੍ਰਤਾਪੀ ਆਗੂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਲੱਗਭਗ



SikhBookClub.Com

ਅਠਾਰ੍ਹਵੀਂ ਸਦੀ ਦੇ ਅੱਧ 'ਚ ਮੁਗ਼ਲਾਂ ਅਫ਼ਗਾਨਾਂ ਦੇ ਅਨਿਆਂਕਾਰੀ ਪ੍ਰਬੰਧ ਰੂਪੀ ਲਗਾਨ ਅਤੇ ਗ਼ੈਰ-ਜ਼ਿੰਮੇਵਾਰੀ ਵਾਲੀ ਰਾਜਨੀਤਿਕ ਅਸਥਿਰਤਾ ਵਾਲੇ ਸਿਸਟਮ ਦੀ ਥਾਂ ਇਕ ਲੋਕ-ਹਿਤਕਾਰੀ ਸਿਸਟਮ 'ਰਾਖੀ ਪ੍ਰਬੰਧ' ਕਾਇਮ ਕੀਤਾ।

ਇਤਿਹਾਸਿਕ ਸਰੋਤ ਪੁਸਤਕਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਜਦੋਂ ਸਿੰਘ ਆਪ ਮੱਲਾਂ ਮਾਰਨ ਅਤੇ ਕਬਜ਼ੇ ਕਰਨ ਲਈ ਜਥੇ ਅਤੇ ਮਿਸਲਾਂ ਬਣਾ ਕੇ ਨਿਕਲੇ ਤਾਂ ਉਨ੍ਹਾਂ ਦਾ ਉਦੇਸ਼ ਮੁੱਖ ਤੌਰ 'ਤੇ ਪੰਜਾਬ ਦੇ ਪਿੰਡਾਂ ਤੋਂ ਪੁਰਾਣੀ ਅੱਤਿਆਚਾਰੀ ਸਰਕਾਰ ਨੂੰ ਉਠਾਉਣਾ ਸੀ। ਉਹ ਪਿੰਡਾਂ ਦੀ ਅਸਲ ਰਾਖੀ, ਰੱਖਿਆ-ਸੁਰੱਖਿਆ ਯਕੀਨੀ ਬਣਾਉਣਾ ਲੋਚਦੇ ਸਨ। ਪਰਾਈ ਸਰਕਾਰ ਉਠਾਉਣ ਵੇਲੇ ਗੁਰੂ ਆਸ਼ੇ ਨੂੰ ਸਾਹਮਣੇ ਰੱਖਣ ਵਾਲੇ ਮਿਸਲਦਾਰ ਸਿੱਖ ਸਰਦਾਰਾਂ ਨੇ ਪ੍ਰਸਪਰ ਇਕੱਤ੍ਰਤਾਵਾਂ ਕਰ ਕੇ ਇਹ ਮਤੇ ਕੀਤੇ ਕਿ ਜਿਹੜਾ ਵੀ ਕੋਈ ਸਿੱਖ ਸਰਦਾਰ ਬੇਗਾਨੀ ਭਾਵ ਬਦੇਸ਼ੀ ਮੂਲ ਦੇ ਹਮਲਵਰਾਂ/ਹਾਕਮਾਂ ਦੁਆਰਾ ਕਬਜ਼ੇ ਹੇਠ ਆਏ ਪਿੰਡਾਂ ਜਾਂ ਇਲਾਕੇ ਉੱਪਰ ਕਬਜ਼ਾ ਕਰੇ ਉਹ ਉੱਥੋਂ ਦੇ ਲੋਕਾਂ ਦੀ ਹਰ ਪ੍ਰਕਾਰ ਰਾਖੀ ਕਰਨ ਦੀ ਜ਼ਿੰਮੇਵਾਰੀ ਆਪਣੇ 'ਤੇ ਲਵੇ। ਸਪਸ਼ਟ ਰੂਪ 'ਚ ਉਸ ਦੇ ਲੋਕਾਂ ਦੀ ਉਹ ਲੁੱਟ ਕਰਨਾ ਤਾਂ ਦੂਰ ਰਿਹਾ, ਰੱਖਿਆ ਕਰਨਗੇ। ਦੂਸਰੀ ਗੱਲ ਜੇਕਰ ਕੋਈ ਇਲਾਕਾ ਕਿਸੇ ਸਿੱਖ ਮਿਸਲ ਚ ਸਵੈਇੱਛਿਕ ਰੂਪ 'ਚ ਸ਼ਾਮਲ ਹੋਣਾ ਚਾਹੇ ਤਾਂ ਉਸ ਨੂੰ ਉਹੀ ਮਿਸਲ ਅਪਣਾਵੇ। ਦੂਸਰੇ ਮਿਸਲਦਾਰ ਸਿੱਖ ਉਸ ਨੂੰ ਸਵੀਕਾਰ ਕਰਨ ਭਾਵ ਮਾਨਤਾ ਦੇਣ। ਸੰਬੰਧਿਤ ਇਲਾਕੇ ਜਾਂ ਪਿੰਡ ਦੇ ਵਾਹੀ ਕਰਨ ਵਾਲੇ ਜਾਂ ਜ਼ਮੀਨ ਦੀ ਮਾਲਕੀ ਰੱਖਣ ਵਾਲੇ ਸੰਬੰਧਿਤ ਮਿਸਲ ਨੂੰ ਹਾੜੀ ਸਾਉਣੀ ਦੀਆਂ, ਸਾਲ 'ਚ ਹੋਣ ਵਾਲੀਆਂ ਦੋਨਾਂ ਫ਼ਸਲਾਂ ਦੀ ਉਪਜ ਦਾ ਪੰਜਵਾਂ ਹਿੱਸਾ ਦੇਣਾ ਹੋਵੇਗਾ, ਉਸ ਨੂੰ ਵੀ ਇਹ ਪ੍ਰਣ ਨਿਭਾਉਣਾ ਹੋਵੇਗਾ। ਇੱਥੇ ਇਹ ਉਲੇਖ ਕਰਨਾ ਯੋਗ ਹੋਵੇਗਾ ਕਿ ਕੋਈ ਵੀ ਸਰਕਾਰ ਕਰ (ਟੈਕਸ) ਆਪਣੀ ਰਿਆਇਆ ਕੋਲੋਂ ਹੀ ਪ੍ਰਾਪਤ ਕਰਦੀ ਹੈ ਅਤੇ ਉਸ ਦੀ ਆਮਦਨ ਦੇ ਜ਼ਰੀਏ ਜਾਂ ਸਾਧਨ ਜ਼ਰੂਰ ਹੋਣੇ ਚਾਹੀਦੇ ਹਨ ਅਤੇ ਉਹ ਉਨ੍ਹਾਂ ਧਿਰਾਂ ਤੋਂ ਮਿਲ ਸਕਦੇ ਹਨ, ਜੋ ਕਰ ਭਰਨ ਦੀ ਸਮਰੱਥਾ ਵੀ ਰੱਖਦੇ ਹੋਣ। ਇਹ ਯਾਦ ਰਹੇ ਕਿ ਉਸ ਸਮੇਂ ਆਰਥਿਕ ਵਿਵਸਥਾ ਮੁੱਖ ਤੌਰ 'ਤੇ ਖੇਤੀਬਾੜੀ ਆਧਾਰਿਤ ਹੀ ਸੀ।

'ਰਾਖੀ ਪ੍ਰਬੰਧ' ਨੂੰ ਅਰੰਭ ਅਤੇ ਲਾਗੂ ਕਰਨ ਵੇਲੇ ਦੂਰਅੰਦੇਸ਼ ਤੇ ਸਰਬ-ਸਾਂਝੇ ਸਿੱਖ ਮਿਸਲਦਾਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਇਹ ਅਸੂਲ ਸਭ ਸਿੱਖ ਮਿਸਲਾਂ ਉੱਪਰ ਲਾਗੂ ਕੀਤਾ ਕਿ ਆਪਣੇ ਅਧੀਨ ਪਿੰਡਾਂ ਜਾਂ ਇਲਾਕੇ ਦੀ ਸਭ ਤਰ੍ਹਾਂ ਦੇ ਗੈਰ-ਸਮਾਜਿਕ ਤੱਤਾਂ ਭਾਵ ਕਿ ਚੋਰਾਂ-ਧਾੜਵੀਆਂ, ਡਾਕੂਆਂ ਤੇ ਲੁਟੇਰਿਆਂ ਤੋਂ ਲੋਕਾਂ ਦੀ ਰਾਖੀ ਕਰਨਾ ਪੱਕੀ ਜ਼ਿੰਮੇਵਾਰੀ ਹੋਵੇਗੀ, ਜਿਸ ਤੋਂ ਦੌੜਿਆ ਜਾਂ ਮੂੰਹ ਨਹੀਂ ਸੀ ਮੋੜਿਆ ਜਾ ਸਕਦਾ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੁਆਰਾ ਸੋਚੇ ਵਿਚਾਰੇ ਇਸ ਪ੍ਰਬੰਧ ਨੂੰ ਸਮੂਹ ਸਿੱਖ ਸਰਦਾਰਾਂ ਨੇ ਖੁਸ਼ੀ-ਖੁਸ਼ੀ ਸਿਰ ਮੱਥੇ ਮੰਨਿਆ, ਕਿਉਂਕਿ ਇਸੇ 'ਚ ਉਨ੍ਹਾਂ ਨੂੰ ਗੁਰੂ ਦੀ ਖੁਸ਼ੀ



SikhBookClub.Com

ਲੱਭਦੀ ਮਹਿਸੂਸ ਹੁੰਦੀ ਸੀ। ਉਹ ਗੁਰੂ ਦੀ ਉੱਚੀ-ਸੁੱਚੀ ਬਾਣੀ ਪੜ੍ਹਨ ਵਾਲੇ ਅਤੇ ਅਕਾਲ ਪੁਰਖ ਦਾ ਨਾਮ ਜਪਣ ਵਾਲੇ ਅਤੇ ਗੁਰੂ-ਹੁਕਮਾਂ ਅਨੁਸਾਰ ਅਮਲ ਕਰਨ ਵਾਲੇ ਸਮਰਪਿਤ ਸਿੱਖ ਵੀ ਤਾਂ ਸਨ।

ਇਹ ਉਲੇਖਯੋਗ ਹੈ ਕਿ ਇਹ ਰਾਖੀ ਪ੍ਰਬੰਧ ਉਸ ਸਮੇਂ ਦੇ ਸ਼ਾਸਕਾਂ ਅਤੇ ਪਰਜਾ ਵਿਚਕਾਰ ਇਕ ਸੁਖਾਵਾਂ ਸਮਝੌਤਾ ਸੀ। ਇਹ ਇਕ ਇਤਿਹਾਸਿਕ ਸਮਝੌਤਾ ਸਾਬਤ ਹੋਇਆ। ਇਸ ਦੇ ਲਾਗੂ ਹੋਣ ਨਾਲ ਅਨਿਸਚਤਤਾ, ਹਮਲਿਆਂ, ਲੁੱਟਮਾਰ ਦੀ ਸਦੀਆਂ ਤੋਂ ਤੁਰੀ ਆ ਰਹੀ ਗਲਤ ਵਿਵਸਥਾ ਅਲੋਪ ਹੋਣ ਲੱਗੀ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਸਰਪ੍ਰਸਤੀ ਤੇ ਨਿਰਮਲ ਅਗਵਾਈ 'ਚ ਸਮੂਹ ਸਿੱਖ ਮਿਸਲਾਂ ਅਤੇ ਮਿਸਲਦਾਰਾਂ ਦੀ ਕਾਰਗੁਜ਼ਾਰੀ ਦੀ ਨਿਗਰਾਨੀ ਵੀ ਰੱਖੀ ਜਾਂਦੀ ਰਹੀ। ਸਿੱਖ ਮਿਸਲਦਾਰਾਂ 'ਚ ਪ੍ਰਸਪਰ ਗਲਤ-ਫਹਿਮੀ ਉਤਪੰਨ ਹੋਣ ਦੀ ਹਾਲਤ 'ਚ ਇਸ ਗਲਤ-ਫਹਿਮੀ ਨੂੰ ਸਰਦਾਰ ਸਾਹਿਬ ਦੁਆਰਾ ਦੂਰ ਕੀਤਾ ਜਾਂਦਾ। ਇਤਿਹਾਸਿਕ ਸਰੋਤ ਦੱਸਦੇ ਹਨ ਕਿ "ਬਾਬਾ ਜੱਸਾ ਸਿੰਘ ਵੱਖ-ਵੱਖ ਸਰਦਾਰਾਂ ਦੀਆਂ ਫ਼ਰਦਾਂ ਬਣਾ ਲਿਆ ਕਰਦੇ ਸਨ ਅਤੇ ਜਦੋਂ ਕੋਈ ਸਰਦਾਰ ਕਿਸੇ ਅਜਿਹੇ ਥਾਂ ਦਾ ਜ਼ਿਕਰ ਕਰਦਾ ਸੀ ਜੋ ਪਹਿਲਾਂ ਹੀ ਕਿਸੇ ਹੋਰ ਨੇ ਮੱਲ ਲਈ ਹੁੰਦੀ ਸੀ ਤਾਂ ਬਾਬਾ ਜੱਸਾ ਸਿੰਘ ਉਸ ਨੂੰ ਕਹਿ ਦਿੰਦੇ ਸਨ ਕਿ "ਯਿਹ ਤੁਮਹਾਰੀ ਮਿਸਲ ਮੇਂ ਨਹੀਂ ਜਾ ਸਕਤਾ, ਪਹਲੇ ਹੀ ਅਮਕੇ ਸਰਦਾਰ ਕੀ ਮਿਸਲ ਮੇਂ ਹੈ।" ਤਾਂ ਉਹ 'ਸਤਿ ਬਚਨ' ਕਹਿ ਕੇ ਚੁੱਪ ਕਰ ਜਾਂਦਾ ਸੀ ਤੇ ਕੋਈ ਬਹਿਸ ਨਹੀਂ ਸੀ ਕਰਦਾ ਤੇ ਨਾ ਹੀ ਕੋਈ ਜ਼ਿੱਦ।"1

ਸਿੱਖ ਇਤਿਹਾਸ ਦੀ ਇਸ ਅਜ਼ੀਮ ਸ਼ਖ਼ਸੀਅਤ ਉੱਪਰ ਸ੍ਰੀ ਸੁਮੰਤ ਧਮੀਜਾ ਨੇ ਇਕ ਵੱਡ-ਆਕਾਰੀ ਖੋਜ ਭਰਪੂਰ ਪੁਸਤਕ ਲਿਖੀ ਹੈ, ਜਿਸ 'ਚ ਇਸ ਸਿੱਖ ਸ਼ਖ਼ਸੀਅਤ ਦੁਆਰਾ ਲਿਆਂਦੇ ਗਏ ਰਾਖੀ ਪ੍ਰਬੰਧ ਸਬੰਧੀ ਵੀ ਕੁਝ ਵੇਰਵੇ ਪ੍ਰਸਤੁਤ ਕੀਤੇ ਹਨ। ਉਨ੍ਹਾਂ ਦਾ ਇਹ ਵਿਚਾਰ ਹੈ ਕਿ ਆਹਲੂਵਾਲੀਆ ਸਿੱਖ ਸਰਦਾਰ ਅਠਾਰ੍ਹਵੀਂ ਸਦੀ ਦੇ ਦੂਜੇ ਅੱਧ ਦੇ ਸ਼ੁਰੂ 'ਚ ਦਿੱਲੀ ਦੀ ਮੁਗ਼ਲ ਸਲਤਨਤ 'ਚ ਘਰੇਲੂ ਖਾਨਾਜੰਗੀ ਅਤੇ ਅਬਦਾਲੀ ਦੇ ਅਪਣੇ ਮੂਲ ਦੇਸ਼ ਈਰਾਨ 'ਚ ਫਸੇ ਹੋਣ ਕਰਕੇ ਰਾਖੀ ਪ੍ਰਬੰਧ ਲਿਆਉਣ ਵੱਲ ਧਿਆਨ ਦਿੱਤਾ ਗਿਆ। ਦੂਸਰੇ ਸ਼ਬਦਾਂ 'ਚ ਉਨ੍ਹਾਂ ਨੇ ਮੈਦਾਨ ਸਾਫ ਵੇਖ ਕੇ ਸਿੱਖ ਮਿਸਲਾਂ ਦੇ ਵਿਕਾਸ ਤੇ ਵਿਗਾਸ ਹਿੱਤ ਸ਼ਾਂਤਮਈ ਅਨੁਕੂਲ ਸਮਾਂ ਮਿਲ ਜਾਣ ਕੇ ਇਹ ਸਮਾਂ ਲੇਖੇ ਲਾਇਆ। ਸ੍ਰੀ ਧਮੀਜਾ ਹੋਰਾਂ ਦਾ ਇਹ ਵਿਚਾਰ ਮੰਨਣ ਯੋਗ ਹੈ ਕਿ ਇਹ ਉੱਚਿਤ ਸਮੇਂ ਦੀ ਪੂਰੀ ਸਦਵਰਤੋਂ ਸੀ। ਇਸ ਸਮੇਂ ਦਰਅਸਲ ਜਨਤਾ ਨੂੰ ਅਮਨ-ਚੈਨ ਦੀ ਲੋੜ ਸੀ ਕਿਉਂਕਿ ਮੁਗ਼ਲ ਅਤੇ ਅਫ਼ਗਾਨ ਸ਼ਾਸਕਾਂ ਨੇ ਉਨ੍ਹਾਂ ਦਾ ਹਰ ਪੱਖੋਂ ਨੱਕ 'ਚ ਦਮ ਕੀਤਾ ਹੋਇਆ ਸੀ। ਧਮੀਜਾ ਜੀ ਦੇ ਇਹ ਸ਼ਬਦ ਉਲੇਖ ਯੋਗ ਹਨ ਕਿ:

"ਜੱਸਾ ਸਿੰਘ ਦੀ ਸ਼ਕਤੀ ਹੁਣ ਕੁਝ ਇਲਾਕਿਆਂ 'ਚ ਵਧ ਗਈ ਸੀ ਜਿਸ ਕਾਰਨ ਉਹ ਹੁਣ ਰਾਖੀ ਦੁਆਰਾ (ਇਕ ਚੌਥ ਵਰਗੀ ਵਿਵਸਥਾ ਜੋ ਮਰਾਠਿਆਂ ਨੇ



SikhBookClub.Com

ਚਲਾਈ ਸੀ, ਜਿਹੜੀ ਸ਼ਾਇਦ ਪਹਿਲਾਂ ਆਲਾ ਸਿੰਘ ਨੇ ਵੀ ਪਟਿਆਲਾ ਵੱਲ ਵਰਤੀ ਸੀ), ਸੁਰੱਖਿਆ ਪ੍ਰਦਾਨ ਕਰ ਸਕਦਾ ਸੀ। ਜਿਸ ਦੁਆਰਾ ਮਾਲ ਅਫਸਰਾਂ, ਚੋਰਾਂ, ਡਾਕੂਆਂ, ਲੁਟੇਰਿਆਂ ਅਤੇ ਆਪਣੇ ਧਰਮ ਦੇ ਲੋਕਾਂ ਦੇ ਡਰ ਤੋਂ ਰਾਖੀ ਕੀਤੀ ਜਾਂਦੀ ਸੀ, ਉਹ ਆਪਣੀ ਉਪਜ ਦਾ ਪੰਜਵਾਂ ਹਿੱਸਾ ਹਰ ਫ਼ਸਲ (ਹਾੜੀ ਅਤੇ ਸਾਉਣੀ) 'ਤੇ ਦਿੰਦੇ ਸਨ।"

ਸਮੁੱਚੇ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੁਆਰਾ ਲਿਆਂਦਾ ਗਿਆ 'ਰਾਖੀ ਪ੍ਰਬੰਧ' ਉਸ ਸਮੇਂ ਦੇ ਹਾਲਾਤ 'ਚ ਇਕ ਬੇਹੱਦ ਲੋੜੀਂਦਾ ਅਤੇ ਲੋਕ-ਹਿੱਤਕਾਰੀ ਸਮਾਜਿਕ-ਆਰਥਿਕ ਪ੍ਰਬੰਧ ਸੀ ਜਿਹੜਾ ਰਾਜ ਬਣਾਉਣ ਵਾਲੇ ਸਿੱਖ ਸਰਦਾਰਾਂ ਅਤੇ ਉਨ੍ਹਾਂ ਦੀ ਪਰਜਾ ਦੋਨਾਂ ਵਾਸਤੇ ਲਾਭਕਾਰੀ ਸਿਸਟਮ ਸੀ।

## ਸਹਾਇਕ ਪੁਸਤਕਾਂ:


1. ਸ੍ਰੀ ਸੁਮੰਤ ਧਮੀਜਾ, *ਪੰਜਾਬ ਦਾ ਜੱਸਾ ਸਿੰਘ ਆਹਲੂਵਾਲੀਆ 1718-1783, ਭਾਰਤ ਦਾ ਮਹਾਂ ਨਾਇਕ* (ਅਨੁਵਾਦ), ਨਿਊ ਦਿੱਲੀ।
2. ਡਾ. ਹਰਬੰਸ ਕੌਰ ਸਾਗੂ, ਬਾਬਾ ਜੱਸਾ ਸਿੰਘ ਆਹਲੂਵਾਲੀਆ (ਲੇਖ), *ਖ਼ਾਲਸਾ ਸਮਾਚਾਰ*, ਨਵੀਂ ਦਿੱਲੀ, ਜਨਵਰੀ 2018




SikhBookClub.Com

# 18ਵੀਂ ਸਦੀ ਦਾ ਸਿੱਖ ਸੰਘਰਸ਼ : ਦਾਰਸ਼ਨਿਕ-ਇਤਿਹਾਸਿਕ ਪਹਿਲੂ

*—ਡਾ. ਗੁਰਤੇਜ ਸਿੰਘ ਠੀਕਰੀਵਾਲਾ*

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੁਆਰਾ ਚਲਾਇਆ ਨਿਰਮਲ ਪੰਥ (ਸਿੱਖ ਪੰਥ) ਆਪਣੀ ਮੌਲਿਕਤਾ ਕਾਰਨ ਜਗਤ ਵਿਚ ਵਿਲੱਖਣ ਤੇ ਨਿਆਰਾ ਤਾਂ ਹੈ ਹੀ, ਕੁਝ ਸਿਧਾਂਤਕ ਅਮਲ ਇਸ ਤਰ੍ਹਾਂ ਦੇ ਹਨ ਜਿਨ੍ਹਾਂ ਵਰਗਾ ਹੋਰ ਮਿਲਣਾ ਮੁਸ਼ਕਲ ਹੈ। ਸ੍ਰੀ ਗੁਰੂ ਪਾਤਸ਼ਾਹ ਨੇ ਪਾਰਬ੍ਰਹਮ ਦੀ ਆਗਿਆ ਪਾ ਕੇ ਸੰਪੂਰਨ ਸੱਚ ਤੇ ਦੈਵੀ ਗੁਣਾਂ ਭਰਪੂਰ ਨਾਮ ਪ੍ਰਧਾਨ, ਵੱਡ ਪ੍ਰਤਾਪੀ, 'ਗੁਰਮੁਖ ਪੰਥ' ਧਰਮ ਦਾ ਰਾਜ ਚਲਾਉਣ ਲਈ ਸਥਾਪਿਤ ਕੀਤਾ। ਇਸ ਦੇ ਮੁਕਾਬਲੇ ਵੇਦਿਕ ਤੇ ਕਤੇਬਕ ਵਿਚਾਰਧਾਰਾਵਾਂ ਪਿਛਾਂਹ ਰਹਿ ਜਾਂਦੀਆਂ ਹਨ:

**ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥**

*(ਪੰਨਾ ੯੬੬)*

**ਚਾਰਿ ਵਰਨਿ ਇਕ ਵਰਨਿ ਕਰਿ ਵਰਨ ਅਵਰਨ ਸਾਧਸੰਗੁ ਜਾਪੈ।**
**ਛਿਅ ਰੁਤੀ ਛਿਅ ਦਰਸਨਾ ਗੁਰਮੁਖਿ ਦਰਸਨੁ ਸੂਰਜੁ ਥਾਪੈ।**
**ਬਾਰਹ ਪੰਥ ਮਿਟਾਇ ਕੈ ਗੁਰਮੁਖਿ ਪੰਥ ਵਡਾ ਪਰਤਾਪੈ।**
**ਵੇਦ ਕਤੇਬਹੁ ਬਾਹਰਾ ਅਨਹਦ ਸਬਦੁ ਅਗੰਮ ਅਲਾਪੈ।**
**ਪੈਰੀ ਪੈ ਪਾ ਖਾਕ ਹੋਇ ਗੁਰਸਿਖਾ ਰਹਰਾਸਿ ਪਛਾਪੈ।**
**ਮਾਇਆ ਵਿਚਿ ਉਦਾਸੁ ਕਰਿ ਆਪੁ ਗਵਾਏ ਜਪੈ ਅਜਾਪੈ।**
**ਲੰਘ ਨਿਕਥੈ ਵਰੈ ਸਰਾਪੈ॥** *(ਵਾਰ ੨੩:੧੯)*

ਉਪਰੋਕਤ ਹਵਾਲਿਆਂ ਤੋਂ ਸਿੱਖ ਪੰਥ ਦੇ ਵੱਡੇ ਪਰਤਾਪ ਅਤੇ ਅਨਮਤਾਂ ਤੋਂ ਨਿਆਰੇਪਣ ਦਾ ਦਰਸ਼ਨ ਹੁੰਦਾ ਹੈ। ਨਿਆਰੇਪਣ ਦੀ ਇਹ ਜੁਗਤ ਆਤਮਿਕ ਤੇ ਲੌਕਿਕ ਦੋਹਾਂ ਪੱਧਰਾਂ 'ਤੇ ਇਕਸਾਰ ਬਰਕਰਾਰ ਰਹਿੰਦੀ ਹੈ। ਇਸੇ ਨਿਰਮਲ ਜੁਗਤ ਦੇ ਵਰਤਾਰੇ ਲਈ ਛੇਵੇਂ ਪਾਤਸ਼ਾਹ ਜੀ ਨੇ ਮੀਰੀ ਅਤੇ ਪੀਰੀ ਦੇ ਇਕ ਆਦਰਸ਼ ਵਾਲੇ ਦੋ-ਧਾਰਾਵੀ ਸਿਧਾਂਤ ਨੂੰ ਪ੍ਰਗਟ ਕੀਤਾ। ਇਕ ਗੱਲ ਸਾਨੂੰ ਵਧੇਰੇ ਸਪਸ਼ਟ ਕਰਨੀ ਜ਼ਰੂਰੀ ਹੈ ਕਿ ਮੀਰੀ-ਪੀਰੀ ਦੀ ਜੁਗਤ ਕੇਵਲ ਕਿਸੇ ਸਮਕਾਲੀ ਲੋੜ ਜਾਂ ਤਤਕਾਲੀ ਕਾਰਨ ਦੀ ਵਜ੍ਹਾ ਨਹੀਂ ਸੀ। ਇਹ ਪੂਰਵ ਨਿਸ਼ਚਿਤ ਵਰਤਾਰਾ



SikhBookClub.Com

ਸੀ। ਇਹ ਸਿੱਖ ਧਰਮ ਦੇ 'ਏਕ ਜੋਤ ਤੇ ਜੁਗਤ' ਦੇ ਸਿਧਾਂਤ ਅਨੁਸਾਰ ਗੁਰੂ ਸਾਹਿਬਾਨ ਦੁਆਰਾ ਸਮੇਂ-ਸਮੇਂ 'ਤੇ ਵਰਤਾਈ ਜਾਣ ਵਾਲੀ ਦੈਵੀ ਜੁਗਤ ਦਾ ਹਿੱਸਾ ਸੀ। ਜਿਸ ਦੇ ਸਿਧਾਂਤਕ ਬੀਜ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਵੇਲੇ ਤੋਂ ਹੀ ਸਨ। ਭਾਈ ਗੁਰਦਾਸ ਜੀ ਦੀ ਗਿਆਰ੍ਹਵੀਂ ਵਾਰ ਦਾ ਟੀਕਾ ਕਰਦਿਆਂ ਭਾਈ ਮਨੀ ਸਿੰਘ ਜੀ ਨੇ ਇਸ ਪੂਰਵ ਨਿਸ਼ਚਿਤ ਜੁਗਤ ਦਾ ਭਾਵਪੂਰਤ ਵਰਣਨ ਕੀਤਾ ਹੈ ਕਿ ਭਾਈ ਸੀਗਾਰੂ ਅਤੇ ਭਾਈ ਜੈਤਾ ਜੀ ਸੂਰਬੀਰ ਤੇ ਪਰਉਪਕਾਰੀ ਜੀਵੜਿਆਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬੇਨਤੀ ਕੀਤੀ ਕਿ "ਹੇ ਮਾਲਕ! ਕਦੇ ਨੂਰਦੀਨ, ਕਦੀ ਕੁਲੀ ਖਾਨ ਤੇ ਕਦੀ ਬੀਰਬਲ ਗੁਰੂ-ਘਰ 'ਤੇ ਹੱਲਾ ਕਰਦੇ ਤੇ ਡਰਾਵੇ ਦਿੰਦੇ ਹਨ। ਸਾਨੂੰ ਆਗਿਆ ਬਖਸ਼ੋ ਕਿ ਅਸੀਂ ਵੀ ਸ਼ਸਤਰ ਪਹਿਨ ਜੂਝੀਏ।" ਉਸ ਸਮੇਂ ਗੁਰੂ ਸਾਹਿਬ ਨੇ ਫੁਰਮਾਇਆ ਕਿ "ਅਸਾਂ ਜੋ ਸ਼ਸਤ੍ਰ ਪਕੜਨੇ ਹੈਨਿ ਸੋ ਗੁਰੂ ਹਰਗੋਬਿੰਦ ਰੂਪ ਧਾਰ ਪਕੜਨੇ ਹੈਨਿ, ਸਮਾਂ ਕਲਜੁਗ ਦਾ ਵਰਤਣਾ ਹੈ। ਸਸਤ੍ਰ ਦੀ ਵਿਦਿਆ ਕਰ ਮੀਰ ਦੀ ਮੀਰੀ ਖਿਚ ਲੈਣੀ ਹੈ ਅਤੇ ਸਬਦ ਦੀ ਪ੍ਰੀਤ ਸਮਝ ਕਰ ਪੀਰ ਦੀ ਪੀਰੀ ਖਿਚ ਲੈਣੀ ਹੈ।"[1]

ਮੀਰੀ-ਪੀਰੀ ਦੇ ਉਕਤ ਪ੍ਰਸੰਗ ਵਿਚ ਸੰਗਠਨ ਦੇ ਸਿੱਖ ਕਿਰਦਾਰ ਨੂੰ ਸਮਝਣ ਲਈ ਵੀ ਇਸ ਦੇ ਮੂਲ ਸੋਮੇ 'ਤੇ ਕੇਂਦਰਿਤ ਹੋਣਾ ਜ਼ਰੂਰੀ ਹੀ ਨਹੀਂ, ਸਗੋਂ ਇਸ ਤੋਂ ਬਾਕੀ ਕਿਰਦਾਰਾਂ ਦੀ ਸੀਮਾਵਾਂ ਦੀ ਨਿਸ਼ਾਨਦੇਹੀ ਵੀ ਹੁੰਦੀ ਹੈ। ਸੰਗਠਨ ਦੇ ਕਿਰਦਾਰ ਤੇ ਹੋਂਦ ਬਾਰੇ ਦੋ ਖਿਆਲ ਵਿਚਰ ਰਹੇ ਹਨ। ਇਕ ਅਨੁਸਾਰ ਸੰਗਠਨ, ਮਨੁੱਖ ਦੀਆਂ ਸਮਾਜਿਕ-ਰਾਜਨੀਤਿਕ ਲੋੜਾਂ ਲਈ ਮਨੁੱਖੀ ਸਮੂਹ ਦੇ ਯਤਨ ਦੀ ਇਕ ਵਕਤੀ ਪੈਦਾਵਾਰ ਹੈ। ਇਸ ਧਾਰਨਾ ਦੇ ਸਮਾਜੀ ਗਠਬੰਧਨ ਸਿਧਾਂਤ ਅਨੁਸਾਰ ਮਨੁੱਖ ਬੁਨਿਆਦੀ ਤੌਰ 'ਤੇ ਵਿਅਕਤੀਵਾਦੀ ਹੈ, ਪਰ ਵਕਤੀ ਲੋੜਾਂ ਖਾਤਰ ਉਹ ਆਪਣੀ ਵਿਅਕਤੀਗਤ ਅਜ਼ਾਦੀ ਨੂੰ ਕੁਝ ਹਦ ਤਕ ਛੱਡ ਕੇ ਸਮਾਜੀ ਬੰਧਨ ਦਾ ਇਕ ਸੰਗਠਨ ਘੜਦਾ ਹੈ। ਇਸ ਪ੍ਰਕਾਰ ਦੇ ਸੰਗਠਨ ਦਾ ਕਿਰਦਾਰ ਕਿਰਤਮ ਹੈ, ਦੈਵੀ ਨਹੀਂ। ਦੂਸਰਾ ਵਿਚਾਰ ਇਸ ਦੇ ਐਨ ਉਲਟ ਹੈ। ਉਸ ਅਨੁਸਾਰ ਸੰਗਠਨ, ਜਥੇਬੰਦੀ, ਕਿਰਤਮ ਨਹੀਂ ਸਗੋਂ ਪੂਰਵ-ਨਿਸ਼ਚਿਤ, ਧੁਰ ਕੀ ਬਣਤਰ ਦੇ ਰੂਪ ਵਿਚ ਮਨੁੱਖ ਨੂੰ ਪ੍ਰਾਪਤ ਇਕ ਬਖ਼ਸ਼ਿਸ ਹੈ। ਇਸ ਦਾ ਭਾਵ ਇਹ ਹੈ ਕਿ ਹਲਤ-ਮੁਖੀ ਤੇ ਪਲਤ-ਮੁਖੀ ਸੰਗਠਨ 'ਧੁਰ ਕੀ ਬਣਤਰ' ਹਨ। ਇਹ ਕਿਰਤਮ ਨਹੀਂ, ਜਿਸ ਨੂੰ ਮਨੁੱਖ ਜਦੋਂ ਚਾਹੇ ਤਿਆਗ ਦੇਵੇ ਜਾਂ ਸੰਗਠਨ ਮਰਿਯਾਦਾ ਤੇ ਸੰਗਠਨ ਕਰਤਵ ਤੋਂ ਪਰ੍ਹੇ ਹਟ ਸਕੇ। ਸਿੱਖ ਜਥੇਬੰਦੀ ਦੀ ਪ੍ਰਕਿਰਤੀ 'ਧੁਰ ਕੀ ਬਣਤਰ' ਵਾਲੀ ਹੈ।

ਪੀਰੀ ਅਤੇ ਮੀਰੀ ਦੀ ਜੁਗਤ ਵਿਚ ਇਕ ਕੜੀ 'ਸ਼ਹਾਦਤ' ਦੀ ਹੈ, ਜਿਸ ਨੇ ਸਬਰ ਦੇ ਆਤਮਿਕ ਗੁਣ ਦੀ ਪੁਠ ਨਾਲ ਸਾਮੂਹਿਕ ਮਾਨਵੀ ਆਪੇ (Self) ਨੂੰ ਗੁਰੂ ਲਿਵ ਵਿਚ ਇਸ ਕਦਰ ਅਭੇਦ ਕੀਤਾ ਕਿ ਜੀਵਨ ਦੇ ਅਰਥ ਪਹਿਲਾ 'ਮਰਣੁ ਕਬੂਲਿ ਜੀਵਣ ਕੀ ਛਡਿ ਆਸ' ਦੇ ਸ਼ੁਭ ਅਮਲ ਵਾਲੇ ਹੋ ਨਿਬੜੇ।



SikhBookClub.Com

ਲੇਕਿਨ 'ਸ਼ਹਾਦਤ' ਨਾਲ ਹੀ ਧਰਤੀ ਉਤਲੇ ਜ਼ੁਲਮ ਤੇ ਅਨਿਆਂ ਦਾ ਮੁਕੰਮਲ ਖਾਤਮਾ ਨਾ ਹੋਣ 'ਤੇ ਜ਼ੁਲਮ ਨੂੰ ਮੈਦਾਨ-ਏ-ਜੰਗ ਲਲਕਾਰਨ ਦਾ ਹੋਰ ਵਧੇਰੇ ਇਨਕਲਾਬੀ ਵਿਚਾਰ ਸਿੱਖ ਸ਼ਹਾਦਤ ਦੇ ਸੰਕਲਪ ਨੂੰ ਨਵੇਂ ਤੇ ਵਿਸਤ੍ਰਿਤ ਅਰਥ ਦੇ ਕੇ ਇਸ ਨੂੰ ਰਾਜਸੀ ਤੇ ਸਮਾਜੀ ਤਬਦੀਲੀ ਦਾ ਇਕ ਵਾਹਦ ਸੂਤਰਧਾਰ ਬਣਾਉਣ ਵੱਲ ਕਦਮ ਸੀ। ਇਸ ਪ੍ਰਸੰਗ ਵਿਚ ਇਹ ਕਹਿਣਾ ਉੱਚਿਤ ਹੈ ਕਿ ਸਿੱਖ ਧਰਮ ਅਨੁਸਾਰ ਜੇ ਸ਼ਮਸ਼ੀਰ ਚੁੱਕਣਾ ਪਹਿਲਾ ਕਦਮ ਨਹੀਂ ਤਾਂ ਕੇਵਲ ਸ਼ਹਾਦਤ ਦੇਣ ਦਾ ਇਕ ਮਾਤਰ ਅਮਲ ਵੀ ਸਿੱਖ ਫ਼ਲਸਫ਼ੇ ਦੇ ਸੰਪੂਰਨ ਮੀਰੀ ਗੁਣਾਂ ਦੀ ਸਮੁੱਚੀ ਪ੍ਰਤੀਨਿਧਤਾ ਨਹੀਂ ਕਰਦਾ। ਇਸ ਵਿਚਾਰ ਦੀ ਪੁਸ਼ਟੀ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਉਪਰੰਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸ਼ਸਤਰ ਧਾਰਨ ਕਰਨ ਦੇ ਘਟਨਾਕ੍ਰਮ ਵੱਡੀਆਂ ਉਦਾਹਰਨਾਂ ਹਨ।

ਧਰਮ ਤੇ ਰਾਜ ਦੇ ਮਸਲੇ ਵਿਚ ਇਕ ਵੱਡੀ ਸਮੱਸਿਆ ਨਿਰਪੱਖਤਾ ਦੀ ਹੈ। ਜੇਕਰ ਅਸੀਂ ਵੱਖ-ਵੱਖ ਧਰਮਾਂ ਦੇ ਰਾਜ ਸਿਧਾਂਤਾਂ ਨੂੰ ਵਾਚੀਏ ਤਾਂ ਸਿਖੀ ਤੇ ਨਿਰਪੱਖਤਾ ਦਾ ਸੰਬੰਧ ਸੁਚਜੇ ਢੰਗ ਨਾਲ ਸਪਸ਼ਟ ਹੋ ਜਾਵੇਗਾ। ਬੁਨਿਆਦੀ ਨੁਕਤਾ ਹਲਤਮੁਖੀ (ਮੀਰੀ) ਤੇ ਪਲਤਮੁਖੀ (ਪੀਰੀ) ਪ੍ਰਭੁਤਾ ਦੇ ਆਪਸੀ ਸੰਬੰਧ ਦਾ ਹੈ। ਈਸਾਈ ਰਾਜ ਵਿਧਾਨ ਦਾ ਇਕ ਪ੍ਰਮੁੱਖ ਰੂਪ ਅਜਿਹਾ ਰਿਹਾ ਹੈ, ਜਿਸ ਵਿਚ ਪੋਪ ਹਲਤਮੁਖੀ ਪ੍ਰਭੁਤਾ ਨੂੰ ਪਲਤਮੁਖੀ ਪ੍ਰਭੁਤਾ ਦੇ ਅਧੀਨ ਕਰਦਾ ਹੋਇਆ ਆਪਣੇ ਆਪ ਨੂੰ ਦੁਨਿਆਵੀ ਹਾਕਮਾਂ ਤੋਂ ਉੱਪਰ ਸਦਾਉਂਦਾ ਤੇ ਆਪਣੀ ਈਨ ਮਨਾਉਂਦਾ ਸੀ। ਮੁਸਲਿਮ ਰਾਜ ਵਿਧਾਨ ਵਿਚ ਹਲਤਮੁਖੀ ਤੇ ਪਲਤਮੁਖੀ ਪ੍ਰਭੁਤਾ ਦੋਵੇਂ ਇਕ ਵਿਅਕਤੀ (ਖ਼ਲੀਫ਼ਾ) ਉੱਤੇ ਕੇਂਦਰਿਤ ਸਨ। ਕਲਾਸਕੀ ਹਿੰਦੂ ਰਾਜ ਵਿਧਾਨ ਵਿਚ ਅਧਿਆਤਮਿਕ ਪ੍ਰਭੁਤਾ ਪ੍ਰੋਹਿਤ ਸ਼੍ਰੇਣੀ (ਬ੍ਰਾਹਮਣ) ਰਾਹੀਂ ਅਮਲ ਵਿਚ ਆਉਂਦੀ ਸੀ, ਜੋ ਅੰਦਰੋਂ ਰਾਸ਼ਟਰ ਦੇ ਤਾਣੇ ਪੇਟੇ ਨੂੰ ਪ੍ਰਭਾਵਿਤ ਕਰਦੀ ਸੀ। ਉਪਰੋਕਤ ਰਾਜ ਸਿਧਾਂਤਾਂ ਦੇ ਉਲਟ ਸਿੱਖ ਰਾਜ ਸਿਧਾਂਤ ਦੇ ਆਦਰਸ਼ਕ ਰੂਪ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਅਧਿਆਤਮਿਕ ਪ੍ਰਭੁਤਾ ( spiritual sovereignty) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਿੱਤੀ ਗਈ ਅਤੇ ਦੁਨਿਆਵੀ ਪ੍ਰਭੂਤਾ (temporal sovereignty) ਪੰਜ ਪਿਆਰਿਆਂ ਰਾਹੀਂ ਖਾਲਸਾ-ਪੰਥ ਨੂੰ ਪ੍ਰਦਾਨ ਕੀਤੀ ਗਈ। ਇਸ ਤਰ੍ਹਾਂ ਹਲਤਮੁਖੀ ਤੇ ਪਲਤਮੁਖੀ ਪ੍ਰਭੁਤਾ ਨੂੰ ਅਲਗ-ਅਲਗ (ਪਰ ਅੰਤਰ-ਸੰਬੰਧਿਤ) ਕਰ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਰਾਜ ਸਿਧਾਂਤ ਨੂੰ ਅਰੰਭ ਤੋਂ ਹੀ ਸੈਕੂਲਰ ਰੂਪ ਦਿੱਤਾ। ਮੀਰੀ ਤੇ ਪੀਰੀ ਦੀਆਂ ਦੋ ਪਰ ਅੰਤਰ-ਸੰਬੰਧਿਤ ਕਿਰਪਾਨਾਂ ਦਾ ਵੀ ਇਹੋ ਅਰਥ ਹੈ। ਦੋਵੇਂ ਇਕ-ਦੂਜੇ ਦੀਆਂ ਪੂਰਕ ਹਨ। ਇਕ ਦੂਸਰੇ ਤੋਂ ਸ਼ਕਤੀ ਪ੍ਰਾਪਤ ਕਰਦੀਆਂ ਹਨ, ਕਿਉਂਕਿ ਸੈਕੂਲਰ ਦਾ ਅਰਥ ਅਧਰਮੀ ਹੋਣਾ ਨਹੀਂ।[2]

ਸੋ ਮੀਰੀ-ਪੀਰੀ ਅਤੇ ਸ਼ਹਾਦਤ ਦੇ ਸੰਕਲਪਾਂ ਦੀ ਰੋਸ਼ਨੀ ਵਿਚ ਸਿੱਖ



SikhBookClub.Com

ਧਰਮ ਨੇ ਜਿੱਥੇ ਜਬਰ ਜ਼ੁਲਮ ਦੇ ਟਾਕਰੇ ਲਈ ਮਾਰਗ-ਦਰਸ਼ਨ ਕੀਤਾ, ਉੱਥੇ ਸਬਰ ਦੀ ਸਿਖਰ ਦਾ ਦਰਸ਼ਨ ਵੀ ਕਰਵਾਇਆ ਹੈ। 18ਵੀਂ ਸਦੀ ਦੇ ਸੰਗਠਨਾਤਮਿਕ ਸਿੱਖ ਸੰਘਰਸ਼ ਵਿਚ ਵੀ ਇਹ ਦੋਵੇਂ ਸਿੱਖ ਰਵਾਇਤਾਂ 'ਸਰਬੱਤ ਖਾਲਸਾ' ਰਾਹੀਂ ਗੁਰਮਤੇ ਦੇ ਰਾਜਸੀ ਅਮਲ ਵਿਚ ਬਾਦਸਤੂਰ ਜਾਰੀ ਰਹੀਆਂ। 18ਵੀਂ ਸਦੀ ਦਾ ਸਿੱਖ ਇਤਿਹਾਸ ਇਸ ਦੀ ਭਰਪੂਰ ਗਵਾਹੀ ਭਰਦਾ ਹੈ।

**ਸਰਬੱਤ ਖਾਲਸਾ ਅਤੇ ਗੁਰਮਤਾ:** ਸਰਬੱਤ ਖਾਲਸਾ ਦੇ ਦੂਹਰੇ ਸ਼ਾਬਦਿਕ ਅਰਥ ਹਨ। ਇਹ ਇਕ ਸੰਕਲਪ ਵੀ ਹੈ ਅਤੇ ਸੰਸਥਾ ਵੀ। ਸੰਕਲਪਾਤਮਿਕ ਤੌਰ 'ਤੇ ਖਾਲਸਾ ਸੰਗਤ ਦਾ ਹੀ ਵਿਸਥਾਰ ਹੈ, ਜਿਸ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਹਿਮਾ ਕੀਤੀ ਗਈ ਹੈ, ਕਿਉਂਕਿ ਇਸ ਵਿਚ ਪਰਮਾਤਮਾ ਆਪ ਵਸਦਾ ਪ੍ਰਤੀਤ ਕੀਤਾ ਗਿਆ ਹੈ। ਇਨ੍ਹਾਂ ਅਰਥਾਂ ਵਿਚ ਸਰਬੱਤ ਖਾਲਸਾ ਇਕ ਰਹੱਸਾਤਮਿਕ ਹੋਂਦ ਹੈ, ਜੋ ਸਮੁੱਚੇ ਸਿੱਖ ਜਗਤ ਨੂੰ ਜੋੜਨ ਵਾਲੀ ਸ਼ਕਤੀ ਹੈ। ਇਕ ਹੋਰ ਇਤਿਹਾਸਿਕ ਅਰਥਾਂ ਵਿਚ ਸਰਬੱਤ ਖਾਲਸਾ, ਖਾਲਸਾ ਗਣਰਾਜ ਦੀ ਸਮੁੱਚੀ ਇੱਛਾ ਸ਼ਕਤੀ ਦੀ ਨੁਮਾਇੰਦਗੀ ਕਰਦਾ ਹੈ, ਜਿਸ ਨੂੰ ਕੋਈ ਵੀ ਸਿੱਖ ਮੰਨਣ ਤੋਂ ਇਨਕਾਰੀ ਨਹੀਂ ਹੋ ਸਕਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸੱਦਿਆ ਇਕੱਠ ਸਰਬ-ਉੱਚ ਹੈ, ਜਿਸ ਕੋਲ ਵਿਚਾਰ ਕਰਨ ਅਤੇ ਫਿਰ ਅੱਗੇ ਸਰਬੱਤ ਖਾਲਸਾ ਦੁਆਰਾ ਲਏ ਗਏ ਫੈਸਲਿਆਂ ਨੂੰ ਲਾਗੂ ਕਰਨ ਦੀਆਂ ਸ਼ਕਤੀਆਂ ਹਨ। ਇਕ ਸੰਸਥਾ ਵਜੋਂ ਸਰਬੱਤ ਖਾਲਸਾ ਸਿੱਖ ਇਤਿਹਾਸ ਦੀ ਅਤਿ ਭਿਆਨਕ ਸਮੇਂ ਵਾਲੀ ਅਠਾਰ੍ਹਵੀਂ ਸਦੀ ਦੀਆਂ ਲੋੜਾਂ ਅਤੇ ਮਜ਼ਬੂਰੀਆਂ ਵਿੱਚੋਂ ਪੈਦਾ ਹੋਇਆ ਹੈ।

'ਗੁਰਮਤਾ' ਸਿੱਖ ਧਰਮ ਦੀਆਂ ਕੇਂਦਰੀ ਸੰਸਥਾਵਾਂ ਵਿੱਚੋਂ ਇਕ ਹੈ। ਮਤਾ ਸਰੂਪ ਇਹ ਨਿਰਣਾ ਗੁਰਬਾਣੀ ਉਪਦੇਸ਼ ਦੀ ਤਰਜ਼ 'ਤੇ ਸਿੱਖ ਧਰਮ ਦੇ ਸੰਸਥਾਗਤ ਅਤੇ ਪੰਥਕ ਸਰੋਕਾਰਾਂ ਦੀ ਸਾਮੂਹਿਕ ਪ੍ਰਵਾਨਗੀ ਦਾ ਲਖਾਇਕ ਹੈ। ਜਿਸ ਨੂੰ ਮੰਨਣਾ ਹਰ ਗੁਰਸਿੱਖ ਦਾ ਪਰਮ ਫ਼ਰਜ਼ ਹੈ। ਸਿੱਖ ਧਰਮ ਦੇ ਰਾਜਸੀ ਸਰੋਕਾਰਾਂ ਦੇ ਪ੍ਰਸੰਗ ਵਿਚ 'ਗੁਰਮਤਾ' ਸਿੱਖ ਪ੍ਰਭੂਸੱਤਾ ਦੀ ਤਰਜ਼ਮਾਨੀ ਕਰਦਾ ਹੈ। ਮੀਰੀ-ਪੀਰੀ ਦੇ ਦੋ-ਧਾਰਾਵੀ ਇਕ ਆਦਰਸ਼ ਵਾਲੇ ਸੰਕਲਪ ਨੇ ਸਿੱਖ ਧਰਮ ਵਿਚ ਜਿਹੜੇ ਮੌਲਿਕ ਚਿੰਨ੍ਹਾਂ, ਸਿਧਾਂਤਾਂ ਜਾਂ ਰਵਾਇਤਾਂ ਨੂੰ ਸਿਰਜਿਆ ਹੈ 'ਗੁਰਮਤਾ' ਉਨ੍ਹਾਂ ਵਿੱਚੋਂ ਇਕ ਹੈ। ਗੁਰਮਤੇ ਦੀ ਤਰਕ-ਸਿਧੀ ਇਸ ਨੁਕਤੇ ਵਿਚ ਹੈ ਕਿ ਇਹ ਖਾਲਸੇ ਵਿਚ ਵਿਦਮਾਨ ਸਮੁੱਚੀ ਅਧਿਕਾਰੀ ਸ਼ਕਤੀ ਦਾ ਪ੍ਰਤੀਕ ਹੈ। ਇਸ ਲਈ ਗੁਰਮਤੇ ਨੂੰ ਮੰਨਣਾ ਖਾਲਸੇ ਵਿਚ ਰਮ ਰਹੀ ਸੱਤਾ ਨੂੰ ਸਵੀਕਾਰ ਕਰਨਾ ਹੈ। ਸਿੱਖ ਮਤ ਦੇ ਪ੍ਰਕਾਸ਼ ਵਿਚ, ਸਿੱਖ ਲਹਿਰ ਦੇ ਵਿਗਾਸ ਵਿਚ ਅਤੇ ਸਿੱਖੀ ਦੀ ਕ੍ਰਾਂਤੀਕਾਰੀ ਰੂਪ ਰੇਖਾ ਘੜਨ ਵਿਚ 'ਗੁਰਮਤਾ' ਦੀ ਸੰਸਥਾ ਨੇ ਸ਼੍ਰੋਮਣੀ ਰੋਲ ਅਦਾ ਕੀਤਾ ਹੈ। ਗੁਰਮਤਾ ਇਕ ਰਾਜਸੀ ਸੰਸਥਾ ਹੈ, ਜਿਸ ਦਾ ਆਧਾਰ ਸਦਾਚਰਾਕ ਹੈ। ਇਹ ਸਿਖਾਂ ਨੇ ਕਾਮਨਵੈਲਥ ਦੇ ਰੂਪ ਵਿਚ ਢਲਣ ਦੀ ਅਵਸਥਾ ਵਿਚ 18ਵੀਂ ਸਦੀ



SikhBookClub.Com

ਵਿਚ ਭਾਰਤ ਵਿਚ ਸਥਾਪਿਤ ਕੀਤੀ ਤੇ ਇਸ ਦੀ ਵਰਤੋਂ ਕੀਤੀ। ਵਿਦਵਾਨਾਂ ਨੇ ਇਸ ਨੂੰ 'ਮਹਾਨ ਕਨਵੈਨਸ਼ਨ' 'ਜਨਰਲ ਅਸੈਂਬਲੀ' 'ਜਨਰਲ ਕੌਂਸਲ' ਜਾਂ ਸਿੱਖਾਂ ਦੀ 'ਰਾਸ਼ਟਰੀ ਇਕੱਤਰਤਾ' ਦੇ ਲਕਬਾਂ ਨਾਲ ਵੀ ਵਰਣਨ ਕੀਤਾ ਹੈ। ਗੁਰਮਤਾ ਇਹ ਸਭ ਕੁਝ ਤਾਂ ਸੀ ਹੀ ਪਰ ਇਹ ਉਪਰੋਕਤ ਲੱਛਣਾਂ ਦੇ ਸਮੂਹ ਤੋਂ ਇਲਾਵਾ ਬਹੁਤ ਕੁਝ ਹੋਰ ਵੀ ਹੈ।

ਗੁਰਮਤੇ ਦੇ ਮੂਲ ਅੰਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਉਪਦੇਸ਼ਾਂ ਵਿਚ ਵੀ ਮਿਲਦੇ ਹਨ। ਗੁਰਮਤੇ ਦੇ ਪੁਰਾਤਨ ਚਿੰਨ੍ਹ ਗੁਰੂ-ਕਾਲ ਵਿਚ ਲੱਭੇ ਜਾ ਸਕਦੇ ਹਨ। ਗੁਰੂ ਸਾਹਿਬ ਦੇ ਇਹ ਉਪਦੇਸ਼ ਕਿ ਸਭ ਸਿੱਖ ਇੱਕੋ-ਜਿਹੇ ਹਨ ਤੇ ਪੰਥ ਦਾ ਅਨਿੱਖੜ੍ਹ ਅੰਗ ਹਨ ਅਤੇ ਮੈਂ ਆਪ ਉਨ੍ਹਾਂ ਵਿਚ ਇਕ ਹਾਂ। ਦੂਸਰਾ ਕਿ ਜਦ ਖਾਲਸਾ ਇਕੱਤਰ ਹੁੰਦਾ ਹੈ ਤਾਂ ਗੁਰੂ ਨੂੰ ਉਨ੍ਹਾਂ ਵਿਚ ਹਾਜ਼ਰ ਸਮਝਿਆ ਜਾਵੇ। ਉਨ੍ਹਾਂ ਦਾ ਇਹ ਵੀ ਹੁਕਮ ਸੀ ਕਿ ਖਾਲਸਾ (ਸੰਗਤ) ਗੁਰੂ ਤੋਂ ਵੀ ਉੱਚਾ ਹੈ। ਇਸ ਤਰ੍ਹਾਂ ਖਾਲਸੇ ਦੀ ਸਾਵੀਂ, ਜੋੜਵੀਂ ਇੱਛਾ ਧਾਰਮਿਕ ਤੇ ਸੰਸਾਰਕ ਸਭ ਮਾਮਲਿਆਂ ਵਿਚ ਸਰਵੋਤਮ ਸੀ। ਇਸ ਤਰ੍ਹਾਂ ਗੁਰਮਤਾ ਖਾਲਸੇ ਦੀ ਜੁੜਵੀਂ ਸਾਂਝੀ ਇੱਛਾ ਜਾਂ ਮਤ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੀਆਂ ਦੋ ਘਟਨਾਵਾਂ ਇਕ ਅਨੰਦਪੁਰ ਸਾਹਿਬ ਦਾ ਕਿਲ੍ਹਾ ਖਾਲੀ ਕਰਨ ਸਮੇਂ ਦੀ ਅਤੇ ਦੂਸਰੀ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਵਿੱਚੋਂ ਨਿਕਲ ਜਾਣ ਦੀ, ਖਾਲਸੇ ਦੀ ਸਾਂਝੀ ਇੱਛਾ ਦਾ ਪ੍ਰਗਟਾਵਾ ਹਨ। ਜਿਸ ਦਾ ਗੁਰੂ ਸਾਹਿਬ ਨੇ ਸਤਿਕਾਰ ਕੀਤਾ ਸੀ। ਇਹ ਇਕ ਤਰ੍ਹਾਂ ਦੇ ਗੁਰਮਤੇ ਸਨ, ਜਿਹੜੇ ਖਾਲਸੇ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਾਸਤੇ ਇਨ੍ਹਾਂ ਥਾਵਾਂ ਨੂੰ ਛੱਡ ਕੇ ਜਾਣ ਹਿੱਤ ਕੀਤੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਿੱਛੋਂ ਗੁਰਮਤਾ ਪਿੱਛੇ ਪੈ ਗਿਆ ਸੀ। ਬਾਬਾ ਬੰਦਾ ਸਿੰਘ ਜੀ ਦੀ ਸ਼ਹਾਦਤ ਪਿੱਛੋਂ ਸਿੱਖਾਂ ਦੇ ਕਸ਼ਟ ਸਮੇਂ ਵੇਲੇ ਇਸ ਨੂੰ ਫਿਰ ਸੁਰਜੀਤ ਕੀਤਾ ਗਿਆ। ਅਸਲ ਵਿਚ ਗੁਰਮਤੇ ਦੀ ਆਮ ਵਰਤੋਂ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਪਿੱਛੋਂ ਹੀ ਸ਼ੁਰੂ ਹੋਈ ਸੀ। ਸ. ਰਤਨ ਸਿੰਘ (ਭੰਗੂ) ਅਨੁਸਾਰ ਖਾਲਸਾ ਮੁਲਕ ਲੁੱਟ ਕੇ ਸ੍ਰੀ ਅੰਮ੍ਰਿਤਸਰ ਆਉਂਦਾ ਹੁੰਦਾ ਸੀ ਅਤੇ ਦੀਵਾਲੀ ਤੇ ਵੈਸਾਖੀ ਨੂੰ ਮੇਲਾ ਲਗਾਇਆ ਜਾਂਦਾ ਸੀ। ਇੱਥੇ ਪਹੁੰਚ ਕੇ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਵਿਚ ਬੈਠ ਕੇ ਸਿੱਖ ਗੁਰਬਾਣੀ ਸੁਣਿਆ ਕਰਦੇ ਸਨ ਅਤੇ ਗੁਰੂ ਦੇ ਬਚਨਾਂ ਨੂੰ ਵਿਚਾਰਦੇ ਸਨ। ਫਿਰ ਅਕਾਲ ਬੁੰਗੇ 'ਤੇ ਚੜ੍ਹ ਕੇ ਬੈਠਦੇ ਸਨ। ਉੱਥੇ ਦੀਵਾਨ ਲਾ ਕੇ ਗੁਰਮਤੇ ਪਾਸ ਕਰਿਆ ਕਰਦੇ ਸਨ। ਇਸ ਤਰ੍ਹਾਂ ਸਰਬੱਤ ਖਾਲਸੇ ਦੀ ਅਦਾਲਤ ਲੱਗਦੀ ਸੀ। ਇਸ ਅਦਾਲਤ ਵਿਚ ਸਿੱਖ ਦੋਖੀਆਂ ਨੂੰ ਮਾਰਨ ਦੇ ਅਤੇ ਸਿੰਘਾਂ ਦੀ ਰੱਖਿਆ ਦੇ ਮਾਮਲੇ ਵਿਚਾਰੇ ਜਾਂਦੇ ਸਨ:

*ਮੁਲਕ ਲੁਟ ਅੰਮ੍ਰਿਤਸਰ ਆਵੇਂ। ਦੀਵਾਲੀ ਬਿਸਾਖੀ ਮੇਲਾ ਲਾਵੇਂ।*
*ਬੈਠ ਹਰਿਮੰਦਰ ਸੁਨੇ ਸੁ ਗਿਆਨ। ਗੁਰ ਬਚਨਨ ਪਰ ਲਾਵੇਂ ਧਯਾਨ।*



SikhBookClub.Com

*ਅਕਾਲ ਬੁੰਗੇ ਚੜ੍ਹ ਤਖਤੇ ਬਹਿ ਹੈਂ। ਲਾਇ ਦੀਵਾਨ ਗੁਰਮਤੇ ਮਤੈ ਹੈਂ।*
*ਸਰਬਤ ਖਾਲਸੇ ਹੋਏ ਅਦਾਲਤ। ਅਸਿਖਨ ਗਾਰ ਸਿੰਘਨ ਪ੍ਰਤਿਪਾਲਤ।*[3]

ਗੁਰਮਤੇ ਦੀ ਲੰਮੀ ਚੌੜੀ ਵਿਆਖਿਆ ਮੈਲਕਾਮ ਨੇ ਕੀਤੀ ਹੈ ਕਿ "ਸ੍ਰੀ ਅਕਾਲ ਤਖਤ ਦੇ ਸਾਹਮਣੇ ਜਦੋਂ ਮੁਖੀ ਆਗੂ ਬੈਠ ਜਾਂਦੇ ਸਨ... ਸਾਰੇ ਸਰਦਾਰ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ ਬੁਲਾ ਕੇ ਬੈਠਦੇ ਸਨ। ਸਰਬੱਤ ਸੰਗਤ ਉਠ ਕੇ ਅਰਦਾਸ ਕਰਦੀ, ਇਕ ਅਕਾਲੀ ਸਿੰਘ ਉੱਚੀ-ਉੱਚੀ ਬੋਲ ਕੇ ਅਰਦਾਸ ਕਰਦਾ। ਜਦੋਂ ਅਰਦਾਸ ਸਮਾਪਤ ਹੁੰਦੀ ਸੀ ਤਾਂ ਅਕਾਲੀ ਸੰਗਤ ਨੂੰ ਬੈਠ ਜਾਣ ਲਈ ਕਹਿੰਦਾ ਸੀ। ਫਿਰ ਸਾਰੇ ਬੈਠ ਜਾਂਦੇ ਸਨ ਅਤੇ ਕੜਾਹ ਪ੍ਰਸ਼ਾਦ ਛਕਿਆ ਜਾਂਦਾ ਸੀ। ਫਿਰ ਅਕਾਲੀ ਉੱਚੀ ਅਵਾਜ਼ ਵਿਚ ਕਹਿੰਦਾ ਸੀ "ਸਰਦਾਰ ਸਾਹਿਬਾਨ ਇਹ 'ਗੁਰਮਤਾ' ਹੈ। ਜਿਸ ਤੇ ਦੁਆਰਾ ਅਰਦਾਸ ਹੁੰਦੀ ਸੀ ਅਤੇ ਜੈਕਾਰੇ ਗਜਾਏ ਜਾਂਦੇ ਸਨ।[4]...

ਗੁਰਮਤੇ ਦੀ ਖੂਬਸੂਰਤ ਵਿਆਖਿਆ ਪ੍ਰਿੰਸੀਪਲ ਸਤਬੀਰ ਸਿੰਘ ਜੀ ਨੇ ਇਉਂ ਕੀਤੀ ਹੈ:

"ਸਿੱਖਾਂ ਦਾ ਇਕੱਠ ਸਰਬੱਤ ਖਾਲਸਾ ਕਹਿਲਾਉਂਦਾ ਹੈ। ਇਕੱਠੇ ਸਿੱਖ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਮਤਾ ਕਰਦੇ ਸਨ। ਮਤੇ ਸਰਬ-ਸੰਮਤੀ ਨਾਲ ਪਾਸ ਹੁੰਦੇ ਸਨ ਤੇ ਪਾਸ ਹੋ ਜਾਣ ਉਪਰੰਤ 'ਗੁਰਮਤਾ' ਕਿਹਾ ਜਾਂਦਾ ਸੀ। ਗੁਰੂ ਦਾ ਭਾਵ ਗੁਰੂ ਤੇ ਮਤੇ ਦਾ ਅਰਥ ਸੁਲਾਹ, ਰਾਇ ਜਾਂ ਨਸੀਹਤ ਹੈ। ਸਿੱਖ ਪਾਸ ਹੋਏ ਮਤੇ ਨੂੰ ਗੁਰੂ ਦੀ ਮਰਜ਼ੀ ਆਖ ਕੇ ਸਤਿਕਾਰਦੇ ਸਨ। ਹਰ ਕੋਈ ਸਿੱਖ ਗੁਰਮਤਾ ਉੱਤੇ ਹੱਸ ਕੇ ਫੁਲ ਚਾੜ੍ਹਦਾ ਸੀ। ਸਰਬੱਤ ਖਾਲਸਾ ਇਕੱਠਾ ਹੋਣ ਵੇਲੇ ਸਭ ਤੋਂ ਪਹਿਲਾਂ ਅਰਦਾਸਾ ਕੀਤਾ ਜਾਂਦਾ ਸੀ। ਅਰਦਾਸ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਾਕ ਲੈ ਕੇ ਕਿਸੇ ਇਕ ਸਿੱਖ ਦਾ ਨਾਂ ਪੇਸ਼ ਕੀਤਾ ਜਾਂਦਾ ਸੀ। ਉਸ ਵਿਅਕਤੀ ਨੂੰ ਜੋ ਸਭ ਮਨਜ਼ੂਰ ਕਰਦੇ ਸਨ ਤਾਂ ਜੈਕਾਰੇ ਨਾਲ ਪ੍ਰਵਾਨਗੀ ਦਿੱਤੀ ਜਾਂਦੀ ਸੀ। ਉਸ ਪ੍ਰਵਾਨ ਹੋਏ ਸਿੱਖ ਨੂੰ 'ਪਿਆਰਾ' ਕਿਹਾ ਜਾਂਦਾ ਸੀ। ਉਹ ਚੁਣਿਆ ਹੋਇਆ ਪਿਆਰਾ ਇਕ ਹੋਰ ਨਾਮ ਪੇਸ਼ ਕਰਦਾ ਸੀ ਤੇ ਸਾਰਿਆਂ ਦੀ ਸੰਮਤੀ ਹੋਣ 'ਤੇ ਉਸ ਨੂੰ ਵੀ ਪਿਆਰੇ ਦਾ ਦਰਜਾ ਦਿੱਤਾ ਜਾਂਦਾ ਸੀ। ਜੇ ਕਿਸੇ ਨੂੰ ਇਤਰਾਜ਼ ਹੁੰਦਾ ਸੀ ਤਾਂ ਉਸ ਦਾ ਇਤਰਾਜ਼ ਸੁਣ ਕੇ ਉੱਤਰ ਦਿੱਤਾ ਜਾਂਦਾ ਸੀ। ਤਸੱਲੀ ਨਾ ਹੋਣ ਦੀ ਸੂਰਤ ਵਿਚ ਉਸ ਨੂੰ ਹਟਾ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਦੋ ਪਿਆਰੇ ਰਲ ਕੇ ਤੀਜਾ ਨਾਮ ਪੇਸ਼ ਕਰਦੇ ਤੇ ਸੰਗਤ ਚੁਣਦੀ ਤੇ ਤਿੰਨ ਰਲ ਕੇ ਚੌਥਾ ਨਾਮ ਪੇਸ਼ ਕਰਦੇ ਤੇ ਚਾਰ ਰਲ ਕੇ ਪੰਜਵੇਂ ਦਾ ਨਾਮ ਪੇਸ਼ ਕਰਦੇ ਸਨ। ਇਹ ਪੰਜੇ ਸਰਬੱਤ ਖਾਲਸੇ ਦੇ ਸਤਿਕਾਰ ਦੇ ਪਾਤਰ ਹੁੰਦੇ ਸਨ। ਇਹ ਪੰਜੇ ਉੱਠ ਕੇ ਸ੍ਰੀ ਅਕਾਲ ਤਖਤ ਸਾਹਿਬ ਉੱਤੇ ਬੈਠ ਜਾਂਦੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਹੋ ਜਾਂਦੇ। ਇਸ ਕਾਰਵਾਈ ਪਿੱਛੋਂ ਸੰਗਤ ਵਿਚ ਕੋਈ ਸਿੱਖ ਮਤਾ ਜਾਂ ਤਜਵੀਜ਼ ਪੇਸ਼ ਕਰ ਸਕਦਾ ਸੀ। ਉਸ ਦੀ ਤਜਵੀਜ਼ ਉੱਤੇ ਵਿਚਾਰ ਹੁੰਦੀ ਸੀ ਤੇ



SikhBookClub.Com

ਫੈਸਲਾ ਕਰ ਕੇ ਮਤਾ ਪਾਸ ਕਰ ਦਿੱਤਾ ਜਾਂਦਾ। ਜੇ ਕੋਈ ਅੜਚਨ ਆ ਜਾਂਦੀ ਤਾਂ ਪੰਜ ਪਿਆਰੇ ਆਪਣਾ ਫੈਸਲਾ ਦੇ ਕੇ ਗੱਲ ਨਿਬੇੜ ਦਿੰਦੇ।"[5]

ਮਤਿਆਂ ਦਾ ਵਿਸ਼ਾ ਆਮ ਤੌਰ 'ਤੇ ਸਿੱਖ ਕੌਮ ਦੀ ਸਾਂਝੀ ਪਾਲਿਸੀ ਬਾਰੇ ਹੀ ਹੁੰਦਾ ਸੀ ਕਿ ਖਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਸਰਬੱਤ ਖਾਲਸੇ ਨੂੰ ਕੀ ਕਰਨਾ ਚਾਹੀਦਾ ਹੈ ; ਜਿਨ੍ਹਾਂ ਬੰਦਿਆਂ ਨੇ ਖਾਲਸੇ ਦੀ ਬਿਪਤਾ ਸਮੇਂ ਵਿਰੋਧਤਾ ਕੀਤੀ ਹੈ, ਉਨ੍ਹਾਂ ਨੂੰ ਦੰਡ ਦੇਣ ਬਾਰੇ; ਸਮੇਂ-ਸਮੇਂ ਅਨੁਸਾਰ ਕਿਸੇ ਨਵਾਬ ਜਾਂ ਹਾਕਮ ਦੇ ਖ਼ਿਲਾਫ਼ ਚੜ੍ਹਨ ਵਾਲੀ ਮੁਹਿੰਮ ਦਾ ਆਗੂ ਥਾਪਣ ਬਾਰੇ ; ਖਾਲਸਾ-ਪੰਥ ਨੂੰ ਵੱਖ-ਵੱਖ ਧੜਿਆਂ ਵਿਚ ਵੰਡਣ ਤੋਂ ਰੋਕਣ ਲਈ ਇਕ ਜਥੇਬੰਦੀ ਵਿਚ ਰੱਖਣ ਬਾਰੇ; ਸਰਕਾਰ ਨਾਲ ਗੱਲਬਾਤ ਕਰਨ ਸੰਬੰਧੀ, ਸਿੱਖ ਸਰਦਾਰਾਂ ਦੇ ਆਪਸੀ ਝਗੜੇ ਨਜਿੱਠਣ ਲਈ, ਕਿਸੇ ਸਿੱਖ ਸਰਦਾਰ ਵੱਲੋਂ ਕਿਸੇ ਕਿਸਮ ਦੀ ਪੰਥ ਪ੍ਰਤੀ ਹੋਈ ਅਵੱਗਿਆ ਦੀ ਸਜ਼ਾ ਦੇਣ ਬਾਰੇ, ਲੜਾਈ ਵਿੱਚੋਂ ਖੋਹਿਆ ਹੋਇਆ ਮਾਲ ਅਤੇ ਖੋਹੇ ਹੋਏ ਇਲਾਕਿਆਂ ਨੂੰ ਸਿੱਖ ਸਰਦਾਰਾਂ ਵਿਚ ਵੰਡਣ ਬਾਰੇ, ਖਾਲਸੇ ਦੀ ਹਕੂਮਤ ਤਹਿਤ ਜਾਰੀ ਕਰਨ ਵਾਲੇ ਸਿੱਕੇ ਦੀ ਇਬਾਰਤ ਬਾਰੇ, ਕਿਸੇ ਗ਼ੈਰ-ਸਿੱਖ ਦੇ ਖਾਲਸਾ ਪੰਥ ਦੀ ਸ਼ਰਨ ਆਏ ਨੂੰ ਉਸ ਦੀ ਰੱਖਿਆ ਕਰਨ ਬਾਰੇ, ਕਿਸੇ ਬਾਹਰਲੇ ਹਾਕਮ ਦੀ ਕਿਸੇ ਹੋਰ ਹਾਕਮ ਦੇ ਖ਼ਿਲਾਫ਼ ਫੌਜੀ ਜਾਂ ਮਾਲੀ ਸਹਾਇਤਾ ਕਰਨ ਬਾਰੇ ਆਦਿ ਵਿਸ਼ਿਆਂ 'ਤੇ ਗੁਰਮਤੇ ਕੀਤੇ ਜਾਂਦੇ ਸਨ।

ਅਠਾਰ੍ਹਵੀਂ ਸਦੀ ਦੇ ਮਹੱਤਵਪੂਰਨ ਗੁਰਮਤੇ: ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਿੱਛੋਂ ਹੋਏ ਪ੍ਰਮੁੱਖ ਗੁਰਮਤਿਆਂ ਦਾ ਬਿਉਰਾ ਇਸ ਤਰ੍ਹਾਂ ਹੈ :

(ੳ) ਸੰਨ 1733 ਈ. ਵਿਚ ਜਗੀਰ ਤੇ ਨਵਾਬੀ ਦਾ ਖ਼ਿਤਾਬ ਸਰਦਾਰ ਕਪੂਰ ਸਿੰਘ ਫੈਜਲਪੁਰੀਏ ਨੂੰ ਦੇਣ ਸੰਬੰਧੀ ਗੁਰਮਤੇ ਦੀ ਭਾਵਨਾ ਵਿਚ ਸਰਬ-ਸੰਮਤੀ ਦਾ ਨਿਰਣਾ ਸ੍ਰੀ ਅੰਮ੍ਰਿਤਸਰ ਦੇ ਇਕ ਭਰੇ ਦੀਵਾਨ ਵਿਚ ਹੋਇਆ।

(ਅ) 1739 ਈ. ਵਿਚ ਨਾਦਰਸ਼ਾਹ ਦੀ ਫੌਜ ਨੂੰ ਲੁੱਟਣ ਦਾ ਗੁਰਮਤਾ।

(ੲ) ਜੁਲਾਈ, 1745 ਈ. ਵਿਚ ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਦਾ ਬਦਲਾ ਲੈਣ ਸੰਬੰਧੀ ਗੁਰਮਤਾ।

(ਸ) 1747 ਈ. ਵਿਚ ਜਦ ਸਲਾਬਤ ਖਾਨ ਨੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨ ਲਈ ਸਿੱਖਾਂ 'ਤੇ ਪਾਬੰਦੀ ਲਾਈ ਤਾਂ ਇਸ ਦੇ ਰੋਸਮਈ ਪ੍ਰਤੀਕਰਮ ਵਜੋਂ ਸ੍ਰੀ ਦਰਬਾਰ ਸਾਹਿਬ ਦੀ ਮੁਕੰਮਲ ਸੁਤੰਤਰਤਾ ਹਿੱਤ ਕੀਤਾ ਗੁਰਮਤਾ।

(ਹ) 29 ਮਾਰਚ, 1748 ਈ. ਵਿਚ ਸ੍ਰੀ ਅੰਮ੍ਰਿਤਸਰ ਦੇ ਨੇੜੇ ਕੱਚੀ ਗੜ੍ਹੀ (ਰਾਮ ਰੌਣੀ) ਦੀ ਉਸਾਰੀ ਹਿੱਤ ਕੀਤਾ ਗੁਰਮਤਾ।

(ਕ) 7 ਨਵੰਬਰ, 1760 ਈ. ਦੀ ਦੀਵਾਲੀ ਨੂੰ ਲਾਹੌਰ 'ਤੇ ਕਬਜ਼ਾ ਕਰਨ ਦਾ ਗੁਰਮਤਾ।



SikhBookClub.Com

(ਖ) 27 ਅਕਤੂਬਰ, 1761 ਈ. ਨੂੰ ਅਹਿਮਦਸ਼ਾਹ ਅਬਦਾਲੀ ਦੇ ਸਹਾਇਕਾਂ ਨੂੰ ਸੋਧਣ ਦਾ ਗੁਰਮਤਾ।

(ਗ) 1762 ਈ. ਵਿਚ ਜੈਨ ਖ਼ਾਨ ਨੂੰ ਮਾਰਨ ਦਾ ਗੁਰਮਤਾ।

(ਘ) 17 ਅਕਤੂਬਰ, 1762 ਈ. ਨੂੰ ਅਹਿਮਦਸ਼ਾਹ ਅਬਦਾਲੀ ਨਾਲ ਟੱਕਰ ਲੈਣ ਦਾ ਗੁਰਮਤਾ।

(ਙ) 14 ਜਨਵਰੀ, 1764 ਈ. ਨੂੰ ਛੋਟੇ ਸਾਹਿਬਜ਼ਾਦਿਆਂ ਦੀ ਯਾਦਗਰ ਕਾਇਮ ਕਰਨ ਦਾ ਗੁਰਮਤਾ।

(ਚ) ਮਾਰਚ, 1764 ਈ. ਦੀ ਵੈਸਾਖੀ ਸਮੇਂ ਗੁਰਮਤਾ।

(ਛ) ਰਾਜਾ ਜਵਾਹਰ ਸਿੰਘ ਭਰਤਪੁਰ ਦੀ ਮਦਦ ਕਰਨ ਬਾਰੇ ਗੁਰਮਤਾ।

## ਗੁਰਮਤੇ ਦੀ ਗੌਰਵਤਾ

ਗੁਰਮਤੇ ਦੀ ਸੰਸਥਾ ਦਾ ਇਤਿਹਾਸ ਇਸ ਦੀ ਗੌਰਵਤਾ ਤੇ ਮਹਾਨਤਾ ਦਾ ਸੂਚਕ ਹੈ। ਗੁਰਮਤੇ ਦੇ ਦੈਵੀ ਅੰਸ਼ਾਂ ਦੀ ਸ਼ਮੂਲੀਅਤ ਨੇ ਸਿੱਖਾਂ ਵਿਚ ਇਸ ਨੂੰ ਗੁਰੂ ਦੇ ਹੁਕਮ ਵਜੋਂ ਪ੍ਰਵਾਨ ਚੜ੍ਹਾਇਆ। ਕਈ ਵਾਰ ਜਦੋਂ ਸਿੱਖ ਹਾਕਮਾਂ ਦੇ ਸਾਹਮਣੇ ਅਜਿਹੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਸਨ, ਜਿਨ੍ਹਾਂ ਦਾ ਸੰਬੰਧ ਵਿਸ਼ੇਸ਼ ਕਰ ਕੇ ਉਨ੍ਹਾਂ ਦੇ ਨਿੱਜੀ ਰਾਜਾਂ ਨਾਲ ਹੁੰਦਾ ਸੀ ਅਤੇ ਆਪਣੀ ਸਮੱਸਿਆ ਸਰਬੱਤ ਖਾਲਸੇ ਦੇ ਸਨਮੁਖ ਲਿਜਾਣ ਦੀ ਗੁੰਜਾਇਸ਼ ਨਹੀਂ ਸੀ ਹੁੰਦੀ, ਤਾਂ ਉਹ ਹਾਕਮ ਆਪਣੇ ਖੇਤਰ ਦੇ ਹੀ ਵਿਅਕਤੀਆਂ ਨੂੰ ਬੁਲਾ ਕੇ ਆਪਣੇ ਮਾਮਲੇ ਨਜਿੱਠ ਲੈਂਦੇ ਸਨ। ਸਥਾਨਕ ਗੁਰਮਤੇ ਦਾ ਵੀ ਉਹੀ ਭਾਵ ਤੇ ਮਹੱਤਵ ਹੁੰਦਾ ਸੀ ਜਿਹੜਾ ਕੌਮੀ ਗੁਰਮਤਿਆਂ ਦਾ ਸੀ। ਗੁਰਮਤੇ ਨੇ ਸਿੱਖਾਂ ਵਿਚ ਕੌਮੀ ਸਪਿਰਟ ਨੂੰ ਵਧੇਰੇ ਉਤਸ਼ਾਹਿਤ ਕੀਤਾ ਅਤੇ ਰਾਜਸੀ ਮੰਚ ਉੱਪਰ ਇਸ ਸੰਸਥਾ ਨੇ ਸਿੱਖਾਂ ਨੂੰ ਇਕ ਨਿਗਰ ਅੰਤਿਮ ਦਸਤਾਵੇਜ਼ ਮੁਹੱਈਆ ਕੀਤਾ। ਸਿੱਖ ਮਿਸਲਾਂ ਦੇ ਹਾਕਮਾਂ ਦੇ ਗੁਰਮਤੇ ਲਈ ਕਦੇ ਕਦਾਈਂ ਕੀਤੇ ਇਕੱਠਾਂ ਨੂੰ ਉਨ੍ਹਾਂ ਦੀ ਕੇਂਦਰੀ ਸਰਕਾਰ ਨਹੀਂ ਸਮਝ ਲੈਣਾ ਚਾਹੀਦਾ। ਇਨ੍ਹਾਂ ਇਕੱਠਾਂ ਨੂੰ ਸਰਦਾਰਾਂ ਉੱਪਰ ਰਾਜਸੀ ਜਾਂ ਸੈਨਿਕ ਅਧਿਕਾਰ ਨਹੀਂ ਸਨ। ਇਨ੍ਹਾਂ ਇਜਲਾਸਾਂ ਵਿਚ ਸਰਦਾਰਾਂ ਜਾਂ ਮਿਸਲਾਂ ਦੇ ਹਾਕਮਾਂ ਦੀ ਹਾਜ਼ਰੀ ਵੀ ਜ਼ਰੂਰੀ ਨਹੀਂ ਸੀ, ਲੇਕਿਨ ਸਰਬੱਤ਼ ਖਾਲਸਾ ਤੇ ਗੁਰਮਤੇ ਦੀ ਮਹੱਤਤਾ ਕਾਰਨ ਉਹ ਹਾਕਮ ਇਨ੍ਹਾਂ ਇਕੱਠਾਂ ਵਿਚ ਹਾਜ਼ਰ ਹੋਣਾਂ ਆਪਣਾ ਜ਼ਰੂਰੀ ਫਰਜ਼ ਸਮਝਦੇ ਸਨ, ਤਾਂ ਜੋ ਸਾਰੇ ਮਿਲ ਕੇ ਕੌਮ ਦੀ ਸਮੁੱਚੀ ਬਿਹਤਰੀ ਲਈ ਗੁਰਮਤੇ ਕਰ ਸਕਣ। ਕਹਿਣ ਦਾ ਭਾਵ ਗੁਰਮਤੇ ਦੀ ਬਹੁਪੱਖੀ ਕੌਮੀ ਮਹਾਨਤਾ ਨੇ ਸਿੱਖ ਸਰਦਾਰਾਂ ਨੂੰ ਉਸ ਨਾਲ ਇਸ ਕਦਰ ਵਚਨਬੱਧ ਕਰ ਦਿੱਤਾ ਸੀ ਕਿ ਉਹ ਗੁਰਮਤੇ ਨੂੰ ਕੇਂਦਰੀ ਸੰਸਥਾ ਵਜੋਂ ਸਵੀਕਾਰ ਕਰਨ ਲਗੇ। ਗੁਰਮਤੇ ਤੋਂ ਪਹਿਲਾਂ ਸਰਬੱਤ ਖਾਲਸਾ ਵਿਚ ਹਰ ਸਿੱਖ ਨੂੰ ਆਪਣੀ ਰਾਇ ਦੇਣ ਦੀ ਪੂਰੀ ਖੁਲ੍ਹ ਹੁੰਦੀ ਸੀ। ਭਾਵੇਂ ਗੁਰਮਤੇ ਨੂੰ ਲਾਗੂ ਕਰਨ ਲਈ ਕੋਈ ਵਿਸ਼ੇਸ਼ ਸਾਧਨ ਨਹੀਂ



SikhBookClub.Com

ਸੀ ਫਿਰ ਵੀ ਕਦੇ ਕੋਈ ਅਜਿਹਾ ਮੌਕਾ ਨਹੀਂ ਆਇਆ ਜਦੋਂ ਕਿਸੇ ਵਿਅਕਤੀ ਨੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੋਏ ਗੁਰਮਤੇ ਨੂੰ ਮੰਨਣ ਤੋਂ ਇਨਕਾਰ ਕੀਤਾ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕੀਤੇ ਗਏ ਫੈਸਲੇ ਨੂੰ ਇਕ ਧਾਰਮਿਕ ਹੁਕਮ ਸਮਝਿਆ ਜਾਂਦਾ ਸੀ ਅਤੇ ਇਸ ਹੁਕਮ ਦੀ ਸ਼ਕਤੀ ਕਿਸੇ ਸੈਨਿਕ ਡਿਕਟੇਟਰ ਨਾਲੋਂ ਵੀ ਕਿਤੇ ਵਡੇਰੀ ਸ਼ਕਤੀ ਸੀ। ਸਿੱਖ ਆਪਣੀ ਜਾਨ ਦੇ ਕੇ ਵੀ ਗੁਰਮਤੇ ਦੁਆਰਾ ਜਾਰੀ ਹੁਕਮ ਦੀ ਪਾਲਣਾ ਕਰਦੇ ਸਨ। ਉਹ ਜਾਣਦੇ ਸਨ ਕਿ ਸਰਬੱਤ ਖਾਲਸੇ ਵਿਚ ਪਾਸ ਹੋਏ ਗੁਰਮਤੇ ਨੂੰ ਗੁਰੂ ਦੀ ਆਤਮਿਕ ਸ਼ਕਤੀ ਪ੍ਰਾਪਤ ਸੀ। ਸਿੱਖ ਕੌਮ ਦਾ ਇਹ ਸਾਦਾ ਜਿਹਾ ਪਰ ਆਤਮਿਕ ਨਿਸ਼ਚੈ ਭਰਪੂਰ ਸੰਵਿਧਾਨ ਖਾਲਸੇ ਨੂੰ ਔਖੇ ਸਮੇਂ ਵਿਚ ਬਚਾਈ ਰੱਖਣ ਅਤੇ ਕੌਮੀ ਉੱਨਤੀ ਲਈ ਬੜਾ ਸਹਾਈ ਸਿੱਧ ਹੋਇਆ। ਇਸ ਸੰਸਥਾ ਦੇ ਅੰਤ੍ਰੀਵ ਗੁਣਾਂ ਸਦਕਾ ਸਿੱਖ ਕੌਮ ਨੇ ਮਹਾਨ ਪ੍ਰਾਪਤੀਆਂ ਕੀਤੀਆਂ ਹਨ, ਜਿਸ ਵੇਲੇ ਭਾਰਤ ਅਤੇ ਗੁਆਂਢੀ ਦੇਸ਼ਾਂ ਦੇ ਲੋਕਾਂ ਨੂੰ ਬਰਾਬਰੀ ਦੇ ਅਧਿਕਾਰਾਂ ਦਾ ਸੁਪਨਾ ਵੀ ਨਹੀਂ ਸੀ ਆ ਸਕਦਾ। ਅਠਾਰ੍ਹਵੀਂ ਸਦੀ ਵਿਚ ਬਿਨਾ ਕਿਸੇ ਵਿਤਕਰੇ ਮਨੁੱਖੀ ਬਰਾਬਰੀ ਦੇ ਰਾਜਸੀ ਅਤੇ ਸਮਾਜਿਕ ਅਧਿਕਾਰਾਂ ਨੂੰ ਨਾ ਕੇਵਲ ਸਿਧਾਂਤ ਵਿਚ ਹੀ, ਸਗੋਂ ਅਮਲੀ ਰੂਪ ਵਿਚ ਗ੍ਰਹਿਣ ਕਰਨਾ ਸਿੱਖ ਕੌਮ ਦੀ ਅਦਭੁਤ ਪ੍ਰਾਪਤੀ ਸੀ। ਸਿੱਖ ਕੌਮ ਨੇ ਗੁਰਮਤਿਆਂ ਰਾਹੀਂ ਲੋਕਤੰਤਰੀ ਅਸੂਲਾਂ ਨੂੰ ਆਪਣੇ ਭਾਈਚਾਰਕ ਜੀਵਨ ਦਾ ਅਨਿੱਖੜਵਾਂ ਅੰਗ ਬਣਾ ਲਿਆ ਸੀ। ਕਿਤਨਾ ਸਮਾਂ ਪਹਿਲਾਂ ਸਿੱਖ ਆਪਣੇ ਫੈਸਲੇ ਸਰਬਸੰਮਤੀ ਨਾਲ ਕਰਦੇ ਸਨ। ਇਸ ਆਦਰਸ਼ ਦੀ ਪੂਰਤੀ ਅੱਜ ਤਕ ਸੰਸਾਰ ਦੇ ਕਿਸੇ ਵੀ ਦੇਸ਼ ਵਿਚ ਨਹੀਂ ਹੋਈ। ਗੁਰੂ ਸਾਹਿਬਾਨ ਦੀ ਮਿਹਰ ਸਦਕਾ ਜੋ ਕੁਝ ਸਿੱਖਾਂ ਨੇ ਗੁਰਮਤਿਆਂ ਰਾਹੀਂ ਸਮੁੱਚੀ ਕੌਮ ਲਈ ਪ੍ਰਾਪਤ ਕੀਤਾ ਹੈ ਉਸ ਦੀ ਮਿਸਾਲ ਸੰਸਾਰ ਦੇ ਇਤਿਹਾਸ ਵਿਚ ਕਿਤੇ ਨਹੀਂ ਮਿਲਦੀ। ਗੁਰਮਤੇ ਦੀ ਸੰਸਥਾ ਸਦਕਾ ਸਿੱਖਾਂ ਦਾ ਦੂਜਿਆਂ ਦੀਆਂ ਰਾਵਾਂ ਦੀ ਕਦਰ ਕਰਨਾ, ਪੰਥ ਦੇ ਫੈਸਲੇ ਨੂੰ ਨਿੱਜੀ ਫੈਸਲਿਆਂ ਤੇ ਨਿੱਜੀ ਹਿੱਤਾਂ ਤੋਂ ਉਚੇਰਾ ਸਮਝਣਾ ਅਤੇ ਹਰ ਕਿਸਮ ਦੀ ਕੁਰਬਾਨੀ ਦੇ ਕੇ ਵੀ ਗੁਰਮਤੇ ਦੀ ਪਾਲਣਾ ਕਰਨਾ ਅਤੇ ਗੁਰਮਤੇ ਦੇ ਵਿਰੋਧ ਕਰਨ ਦਾ ਹੌਂਸਲਾ ਤਕ ਨਾ ਕਰ ਸਕਣਾ ਅਤੇ ਉਸ ਨੂੰ ਗੁਰੂ ਦਾ ਹੁਕਮ ਸਮਝ ਕੇ ਖਿੜੇ ਮੱਥੇ ਪ੍ਰਵਾਨ ਕਰਨਾ ਗੁਰਮਤੇ ਦੀ ਅਨੂਠੀ ਮਹਾਨਤਾ ਤੇ ਗੌਰਵਤਾ ਦਾ ਸੂਚਕ ਹੈ।

**ਆਹਲੂਵਾਲੀਆ ਮਿਸਲ:** ਅਠਾਰ੍ਹਵੀਂ ਸਦੀ ਦੀਆਂ ਬਾਰ੍ਹਾਂ ਮਿਸਲਾਂ ਵਿੱਚੋਂ ਇਕ ਪ੍ਰਸਿੱਧ 'ਆਹਲੂਵਾਲੀਆ ਮਿਸਲ' ਸੀ, ਜੋ ਅਠਾਰ੍ਹਵੀਂ ਸਦੀ ਦੇ ਪਿਛਲੇ ਅੱਧ ਦੌਰਾਨ ਸ਼ਕਤੀਸ਼ਾਲੀ ਬਣੀ। ਇਸ ਦੀ ਸਥਾਪਨਾ ਨਵਾਬ ਕਪੂਰ ਸਿੰਘ ਜੀ ਦੀ ਸੱਜੀ ਬਾਂਹ ਵਜੋਂ ਜਾਣੇ ਜਾਂਦੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਕੀਤੀ ਸੀ ਅਤੇ ਇਸ ਦੀ ਰਾਜਧਾਨੀ ਕਪੂਰਥਲਾ ਨੂੰ ਬਣਾਇਆ ਗਿਆ। ਉਸ ਵੇਲੇ ਦੇ ਸਿੱਖ ਸੰਘਰਸ਼ ਦੀਆਂ ਕੌਮੀ ਗਤੀਵਿਧੀਆਂ ਵਿਚ ਆਹਲੂਵਾਲੀਆ ਮਿਸਲ ਅਤੇ



SikhBookClub.Com

ਜੱਸਾ ਸਿੰਘ ਆਹਲੂਵਾਲੀਆ ਦੀ ਭੂਮਿਕਾ ਤੇ ਸਫਲਤਾਵਾਂ ਪਿੱਛੇ ਸਰਬੱਤ ਖਾਲਸਾ ਤੇ ਗੁਰਮਤੇ ਦੀਆਂ ਸ਼ਕਤੀਆਂ ਆਧਾਰ ਬਣੀਆਂ। 'ਦਲ ਖਾਲਸਾ' ਦੇ ਜਥੇਬੰਦਕ ਢਾਂਚੇ ਨੇ ਪੰਥ ਦੀਆਂ ਇਨ੍ਹਾਂ ਦੋਵੇਂ ਕੇਂਦਰੀ ਸੰਸਥਾਵਾਂ ਦੀ ਗਤੀਸ਼ੀਲਤਾ ਨੂੰ ਜਿੱਥੇ ਸਮੇਂ ਦੇ ਹਾਣੀ ਹੋਣ ਦਾ ਵਿਸ਼ੇਸ਼ ਅਵਸਰ ਪ੍ਰਦਾਨ ਕੀਤਾ, ਉੱਥੇ ਇਕ ਜਥੇਦਾਰ ਵਜੋਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਰਾਜਸੀ ਕੁਸ਼ਲਤਾ ਨੂੰ ਨਿਖਾਰਿਆ ਅਤੇ ਇਕ ਯੋਗ ਆਗੂ ਵਜੋਂ ਪੰਥ ਪ੍ਰਵਾਨ ਚੜ੍ਹਾਇਆ। ਸਿੱਟੇ ਵਜੋਂ ਪੰਥ ਨੇ 'ਸੁਲਤਾਨ-ਉਲ-ਕੌਮ, 'ਫਖਰ-ਏ-ਕੌਮ' ਦੀ ਉਪਾਧੀ ਨਾਲ ਉਨ੍ਹਾਂ ਨੂੰ ਨਿਵਾਜਿਆ ਗਿਆ। ਸਰਦਾਰ ਜੱਸਾ ਸਿੰਘ ਦੀ ਹਰ ਸਫ਼ਲ ਮੁਹਿੰਮ ਨੇ ਤੁਰਕ ਦੁਰਾਨੀਆਂ ਨੇ ਹੌਸਲੇ ਪਸਤ ਕੀਤੇ ਤੇ ਪੰਥਕ ਜਜ਼ਬਿਆਂ ਦੀ ਤਰਜ਼ਮਾਨੀ ਕੀਤੀ। ਇਸ ਦੀਆਂ ਕੁਝ ਕੁ ਮਿਸਾਲਾਂ ਦੇਣੀਆਂ ਉੱਚਿਤ ਹੋਣਗੀਆਂ। 1748 ਈ. ਵਿਚ 'ਦਲ ਖਾਲਸਾ' ਦੇ ਜਥੇਦਾਰ ਚੁਣੇ ਜਾਣ ਉਪਰੰਤ ਨਵੰਬਰ 1753 ਈ. ਵਿਚ ਮੀਰ ਮੰਨੂੰ ਦੀ ਮੌਤ ਤੋਂ ਪੈਦਾ ਹੋਈ ਅਰਾਜਕਤਾ ਦਾ ਲਾਭ ਉਠਾਉਂਦਿਆਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਪੰਜਾਬ ਦਿਆਂ ਪਿੰਡਾਂ ਤੇ ਸ਼ਹਿਰਾਂ ਉੱਪਰ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ ਸੀ ਅਤੇ ਉੱਥੇ ਰਾਖੀ ਪ੍ਰਬੰਧ ਦੀ ਸਥਾਪਨਾ ਕੀਤੀ। ਫਿਰ ਜਦੋਂ ਅਹਿਮਦਸ਼ਾਹ ਦੁਰਾਨੀ ਨੇ 1762 ਈ. ਵਿਚ ਸਿੱਖਾਂ ਨੂੰ ਭਾਰੀ ਨੁਕਸਾਨ ਪਹੁੰਚਾਇਆ ਸੀ, ਤਾਂ ਸਰਦਾਰ ਜੱਸਾ ਸਿੰਘ ਨੇ 1764 ਈ. ਵਿਚ ਸਿੱਖਾਂ ਦੀ ਅਗਵਾਈ ਕਰ ਕੇ ਸਰਹਿੰਦ ਉੱਤੇ ਫਤਿਹ ਹਾਸਿਲ ਕੀਤੀ ਸੀ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ 'ਦਲ ਖਾਲਸਾ' ਦੀ ਜਥੇਬੰਦਕ ਇੱਕਮੁਠਤਾ ਤੇ ਸ਼ਕਤੀ ਲਈ 'ਸਰਬੱਤ ਖਾਲਸਾ' ਤੇ ਗੁਰਮਤੇ ਦੀ ਮਹੱਤਤਾ ਨੂੰ ਪਛਾਣਿਆ ਤੇ ਇਨ੍ਹਾਂ ਸੰਸਥਾਵਾਂ ਦੇ ਫ਼ੈਸਲਿਆਂ ਨੂੰ ਕੌਮੀ ਚੜ੍ਹਦੀ ਕਲਾ ਲਈ ਹਰ ਮੈਦਾਨ ਇਸਤੇਮਾਲ ਕੀਤਾ।

ਅਠਾਰ੍ਹਵੀਂ ਸਦੀ ਦੇ ਸਿੱਖ ਸੰਘਰਸ਼ ਦੇ ਦਾਰਸ਼ਨਿਕ ਤੇ ਇਤਿਹਾਸਿਕ ਪਰਿਪੇਖ ਦੇ ਸਾਰ ਵਜੋਂ ਕਿਹਾ ਜਾ ਸਕਦਾ ਹੈ ਕਿ ਮੀਰੀ-ਪੀਰੀ ਦੇ ਧਰਮ ਤੇ ਰਾਜਨੀਤੀ ਦੇ ਸੁਮੇਲ ਵਾਲੇ ਖ਼ੂਬਸੂਰਤ ਆਦਰਸ਼ ਦੀ ਪੂਰਤੀ ਹਿੱਤ ਸਿਰਜੇ ਅਮਲਾਂ ਵਿੱਚੋਂ ਸਰਬੱਤ ਖਾਲਸਾ ਅਤੇ ਗੁਰਮਤੇ ਦਾ ਪ੍ਰਸੰਗ ਭਾਵੇਂ ਪੰਥਕ ਜਾਂ ਰਾਜਸੀ ਹੈ, ਲੇਕਿਨ ਸਿੱਖੀ ਦੀ ਮੂਲ ਭਾਵਨਾ ਮੂਜਬ ਇਨ੍ਹਾਂ ਦੀ ਆਤਮਿਕ ਸੱਤਾ ਸਦੀਵੀ ਹੈ, ਜੋ ਗੁਰਸਿੱਖਾਂ ਨੂੰ ਇਨ੍ਹਾਂ ਨਾਲ ਪੂਰਨ ਤੌਰ 'ਤੇ ਵਚਨਬੱਧਤਾ ਬਖਸ਼ਦੀ ਹੈ। ਸਿੱਖਾਂ ਨੇ ਆਪਣੀਆਂ ਇਨ੍ਹਾਂ ਸੰਸਥਾ ਦੇ ਬਾਦਸਤੂਰ ਅਮਲ ਰਾਹੀਂ ਗੁਰਮਤਿ ਸਿਧਾਂਤਾਂ ਦਾ ਨਿਰੂਪਣ ਕੀਤਾ ਹੈ ਅਤੇ ਸਿੱਖ ਰਾਜਸੀ ਅਕਾਂਖਿਆ ਦੇ ਸ਼ੁੱਧ ਟੀਚਿਆਂ ਨੂੰ ਪ੍ਰਾਪਤ ਵੀ ਕੀਤਾ ਹੈ। ਗੁਰਮਤੇ ਦੀ ਸੰਸਥਾ ਨੇ ਸ੍ਰੀ ਅਕਾਲ ਤਖਤ ਸਾਹਿਬ ਗੌਰਵ ਨੂੰ ਵੀ ਵਧਾਇਆ ਹੈ ਅਤੇ ਸਰਬੱਤ ਖਾਲਸਾ ਦੀ ਜਥੇਬੰਦੀ ਵਿਚ ਵਿਸ਼ਵਾਸ ਹੋਰ ਪਕੇਰਾ ਕੀਤਾ ਹੈ। ਸਿੱਖਾਂ ਦੀਆਂ ਕੌਮੀ ਪ੍ਰਾਪਤੀਆਂ ਵਿਚ ਗੁਰਮਤੇ ਦਾ ਮਹੱਤਵਪੂਰਨ ਯੋਗਦਾਨ ਹੈ। ਇਹ ਮੀਰੀ-ਪੀਰੀ ਦੀ ਰਵਾਇਤ ਦਾ ਵਿਗਾਸ



SikhBookClub.Com

ਦੇ ਉੱਤਮ ਪੜਾਅ ਸਨ। ਸਿੱਖ ਕੌਮ ਦੀ ਸ਼ੁੱਧ ਰਾਜਸੀ ਪੁਨਰ-ਸੁਰਜੀਤੀ ਲਈ ਮੁੜ ਗੁਰਮਤੇ ਨੂੰ ਉਸ ਦੀ ਮੂਲ ਭਾਵਨਾ ਤੇ ਪੈਂਤੜੇਬਾਜ਼ੀ ਅਨੁਸਾਰ ਅਮਲ ਵਿਚ ਲਿਆਉਣਾ ਹੀ ਅਠਾਰ੍ਹਵੀਂ ਸਦੀ ਦੇ ਸਿੱਖ ਸੰਘਰਸ਼ ਦੇ ਅਧਿਐਨ ਦਾ ਉੱਤਮ ਫ਼ਲ ਹੋਵੇਗਾ। ਅਜਿਹਾ ਕਰਨ ਨਾਲ ਸਿੱਖਾਂ ਦੇ ਕੌਮੀ ਸਨਮਾਨ ਵਿਚ ਵੀ ਵਾਧਾ ਹੋਵੇਗਾ ਅਤੇ ਸਿੱਖਾਂ ਦੀ ਪੰਥਕ ਸ਼ਕਤੀ ਇਤਫ਼ਾਕ ਵੱਲ ਵਧੇਗੀ।

## ਹਵਾਲੇ ਅਤੇ ਟਿੱਪਣੀਆਂ:


1. ਪ੍ਰਿੰਸੀਪਲ ਸਤਬੀਰ ਸਿੰਘ, *ਸਿਧਾਂਤ ਤੇ ਸ਼ਤਾਬਦੀਆਂ*, ਪੰਨਾ 9.
2. ਡਾ. ਜਸਬੀਰ ਸਿੰਘ ਆਹਲੂਵਾਲੀਆ, *ਸਿੱਖ ਫ਼ਲਸਫ਼ੇ ਦੀ ਭੂਮਿਕਾ*, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ-2017, ਪੰਨਾ-11
3. ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼* (ਭਾਈ ਵੀਰ ਸਿੰਘ ਸੰਪਾਦਿਤ) 1962, ਪੰਨਾ-221, 222
4. ਜੋਹਨ ਮੈਲਕਮ, *ਏ ਸਕੈਚ ਆਫ ਦੀ ਸਿਖਸ*, ਲੰਡਨ, ਪੰਨਾ-120,23
5. ਸਤਿਬੀਰ ਸਿੰਘ, *ਸਾਡਾ ਇਤਿਹਾਸ* (ਭਾਗ ਦੂਜਾ) ਪੰਨਾ-243,244
6. ਡਾ. ਜੋਧ ਸਿੰਘ (ਮੁਖ ਸੰਪਾ.) *ਸਿੱਖ ਧਰਮ ਵਿਸ਼ਵ ਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008, ਪੰਨਾ 207





SikhBookClub.Com

# ਨੌਜਵਾਨ ਵਰਗ ਲਈ ਪ੍ਰੇਰਨਾਦਾਇਕ ਹੈ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਜੀਵਨ

*—ਸ. ਬਿਕਰਮਜੀਤ ਸਿੰਘ ਜੀਤ*

ਸੂਰਬੀਰਤਾ ਦੇ ਅੰਸ਼ ਸਿੱਖ ਕੌਮ ਦੀ ਰਗ-ਰਗ ਵਿਚ ਭਰੇ ਹੋਏ ਹਨ। ਇਸ ਕੌਮ ਦੇ ਬਾਸ਼ਿੰਦੇ ਆਪਣੇ ਗੁਰੂ ਸਾਹਿਬਾਨ ਦੇ ਦੱਸੇ ਮਾਰਗ ਉੱਤੇ ਚੱਲ ਕੇ ਜਿੱਥੇ ਖ਼ੁਦ ਆਪਣੇ ਜੀਵਨ ਨੂੰ ਆਦਰਸ਼ਮਈ ਬਣਾਉਂਦੇ ਹਨ, ਉੱਥੇ ਗੁਰਬਾਣੀ ਦਾ ਓਟਿ-ਆਸਰਾ ਲੈ ਕੇ ਸੰਸਾਰ ਵਿਚ ਵਿਚਰਦਿਆਂ ਹੋਇਆਂ ਆਦਰਸ਼ਮਈ ਸਮਾਜ ਸਿਰਜਣ ਲਈ ਵੀ ਯਤਨਸ਼ੀਲ ਰਹਿੰਦੇ ਹਨ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ, ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ, ਦਸਵੇਂ ਪਾਤਸ਼ਾਹ ਦੇ ਚਾਰ ਸਾਹਿਬਜ਼ਾਦੇ, ਮਾਤਾ ਗੁਜਰੀ ਜੀ ਅਤੇ ਅਨੇਕਾਂ ਸਿੰਘ-ਸੂਰਮੇ ਇਸ ਆਦਰਸ਼ ਦੇ ਪ੍ਰੇਰਨਾ-ਸ੍ਰੋਤ ਹਨ, ਜਿਨ੍ਹਾਂ ਨੇ ਹੱਕ-ਸੱਚ ਲਈ ਤੇ ਧਰਮ ਖਾਤਰ ਆਪਣੀਆਂ ਸ਼ਹੀਦੀਆਂ ਤਕ ਦਿੱਤੀਆਂ। ਇਨ੍ਹਾਂ ਮਹਾਨ ਸ਼ਖ਼ਸੀਅਤਾਂ ਨੇ ਜਿੱਥੇ ਸਿੱਖ ਕੌਮ ਦੀ ਸਿਧਾਂਤਕ ਅਗਵਾਈ ਕੀਤੀ, ਉੱਥੇ ਵਿਹਾਰਕ ਤੌਰ'ਤੇ ਉਸ ਨੂੰ ਅਮਲ ਵਿਚ ਲਿਆ ਕੇ ਸੰਸਾਰ ਦੇ ਸਾਹਮਣੇ ਮਿਸਾਲ ਵੀ ਦਿੱਤੀ।

ਗੁਰੂ-ਕਾਲ ਤੋਂ ਬਾਅਦ ਸਿੱਖਾਂ ਨੂੰ ਬੇਅੰਤ ਹਕੂਮਤੀ ਜਬਰ-ਓ-ਜ਼ੁਲਮ ਦਾ ਸ਼ਿਕਾਰ ਹੋਣਾ ਪਿਆ, ਪਰ ਸਿੱਖ ਕੌਮ ਨੇ ਆਪਣੇ ਗੁਰੂ ਤੋਂ ਮੁਖ਼ ਨਹੀਂ ਮੋੜਿਆ, ਬਲਕਿ ਹੋਰ ਦੂਣ-ਸਵਾਈ ਹੋ ਕੇ ਹਾਲਾਤ ਅਤੇ ਅੱਤਿਆਚਾਰਾਂ ਦਾ ਮੁਕਾਬਲਾ ਕੀਤਾ। ਅਨੇਕਾਂ ਸਿੱਖ-ਸੂਰਮਿਆਂ ਨੇ ਸਮੇਂ-ਸਮੇਂ ਕੌਮ ਦੀ ਅਗਵਾਈ ਕੀਤੀ। ਇਨ੍ਹਾਂ ਵਿਚ ਸਿੱਖ ਮਿਸਲ ਕਾਲ ਸਮੇਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਨਾਮ ਇਤਿਹਾਸ ਦੇ ਪੰਨਿਆਂ ਵਿਚ ਸੁਨਿਹਰੀ ਅੱਖਰਾਂ ਨਾਲ ਲਿਖਿਆ ਹੋਇਆ ਹੈ ਅਤੇ ਵਿਸ਼ੇਸ਼ ਜ਼ਿਕਰਯੋਗ ਹੈ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਸਮੁੱਚਾ ਜੀਵਨ ਆਦਰਸ਼ਮਈ ਜੀਵਨ ਰਿਹਾ ਹੈ। ਬੇਸ਼ਕ ਹਾਲਾਤ ਭਾਵੇਂ ਕੁਝ ਵੀ ਸਨ, ਪਰ ਸਰਦਾਰ ਜੱਸਾ ਸਿੰਘ ਸਦਾ ਹੀ ਗੁਰੂ ਦੀ ਸ਼ਰਨ ਦਾ ਓਟ ਆਸਰਾ ਲੈ ਕੇ ਭਗਤੀ ਤੇ ਸ਼ਕਤੀ ਦੇ ਸੁਮੇਲ ਵਿੱਚੋਂ ਸਾਡੇ ਸਾਹਮਣੇ ਆਉਂਦੇ ਹਨ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ 65-ਸਾਲਾ ਜੀਵਨ ਇਤਿਹਾਸ, ਸ਼ਖ਼ਸੀ ਗੁਣਾਂ ਅਤੇ ਕਿਰਦਾਰ 'ਤੇ ਜੇਕਰ ਕੇਵਲ



SikhBookClub.Com

ਇਕ ਝਾਤ ਮਾਰੀ ਜਾਵੇ ਤਾਂ ਇੱਕ ਗੱਲ ਪੱਕੇ ਤੌਰ 'ਤੇ ਕਹੀ ਜਾ ਸਕਦੀ ਹੈ ਕਿ ਬਚਪਨ ਤੋਂ ਲੈ ਕੇ ਅੰਤਮ ਸਮੇਂ ਤਕ ਹਰ ਹਾਲਤ ਵਿਚ ਸਿੱਖੀ ਉਨ੍ਹਾਂ ਦੇ ਅੰਗ-ਸੰਗ ਨਿੱਭਦੀ ਰਹੀ। ਉਹ ਮੈਦਾਨ-ਏ-ਜੰਗ ਵਿਚ ਜਿੱਥੇ ਇਕ ਬਹਾਦਰ, ਦਲੇਰ, ਨਿਡਰ ਸੂਰਮੇ ਸਨ, ਉੱਥੇ ਸ਼ਖ਼ਸੀ ਤੌਰ 'ਤੇ ਰੋਮ-ਰੋਮ ਤੋਂ ਗੁਰਮਤਿ ਨੂੰ ਪ੍ਰਣਾਏ ਹੋਏ ਪੂਰਨ ਰੂਪ ਵਿਚ 'ਗੁਰਮੁਖ' ਸਨ, ਕਿਉਂਕਿ ਇਕ ਗੁਰਮੁਖ ਵਿਅਕਤੀ ਹੀ ਗੁਰਬਾਣੀ ਦਾ ਓਟ ਆਸਰਾ ਲੈਂਦਿਆਂ ਹੋਇਆਂ ਆਪਣੇ ਅੰਦਰੋਂ ਵਿਕਾਰਾਂ ਨੂੰ ਖਤਮ ਕਰ ਕੇ, ਉਨ੍ਹਾਂ 'ਤੇ ਜਿੱਤ ਪ੍ਰਾਪਤ ਕਰਦਾ ਹੈ ਤੇ ਬਾਹਰਲੇ ਸਮਾਜਿਕ ਹਾਲਾਤ ਵਿਚ ਮਜ਼ਲੂਮ ਅਤੇ ਦੇਸ਼ ਕੌਮ ਦੀ ਰਾਖੀ ਕਰ ਸਕਣ ਦੇ ਸਮਰੱਥ ਹੁੰਦਾ ਹੈ। ਜਿਸਦੀਆਂ ਅਨੇਕਾਂ ਮਿਸਾਲਾਂ ਸਰਦਾਰ ਸਾਹਿਬ ਦੇ ਜੀਵਨ ਵਿੱਚੋਂ ਪ੍ਰਤੱਖ ਰੂਪ ਵਿਚ ਮਿਲਦੀਆਂ ਹਨ।

ਅਜੋਕੇ ਪਾਕਿਸਤਾਨ ਦੇ ਸੂਬੇ ਲਾਹੌਰ ਦੇ ਆਹਲੂ ਪਿੰਡ ਵਿਖੇ 3 ਮਈ, 1718 ਈ. ਨੂੰ ਸਰਦਾਰ ਬਦਰ ਸਿੰਘ ਦੇ ਘਰ ਪੈਦਾ ਹੋਏ ਜੱਸਾ ਸਿੰਘ ਦੇ ਪਿਤਾ ਕੇਵਲ 4 ਸਾਲ ਦੀ ਉਮਰ ਵਿਚ ਹੀ ਉਨ੍ਹਾਂ ਨੂੰ ਛੱਡ ਕੇ ਇਸ ਸੰਸਾਰ ਤੋਂ ਚਲੇ ਗਏ। ਬਾਲਕ ਜੱਸਾ ਸਿੰਘ ਦੀ ਮਾਤਾ ਰਹਿਤ-ਬਹਿਤ ਦੀ ਪੂਰਨ ਧਾਰਨੀ ਸੀ ਜੋਕਿ ਸਰਦਾਰ ਬਾਘ ਸਿੰਘ (ਪਿੰਡ ਹਲੋ ਸਾਧੋ) ਦੀ ਭੈਣ ਸੀ, ਉਹ ਧਾਰਮਿਕ ਗ੍ਰੰਥਾਂ ਦੀ ਚੰਗੀ ਵਾਕਫ ਸੀ, ਜੋਕਿ ਪੂਰਨ ਤੌਰ 'ਤੇ ਤਿਆਰ-ਬਰ-ਤਿਆਰ ਗੁਰਸਿੱਖ ਦੇ ਰੂਪ ਵਿਚ ਵਿਚਰ ਰਹੀ ਸੀ। ਸਰਦਾਰ ਜੱਸਾ ਸਿੰਘ ਦੀ ਮਾਤਾ ਜਿੱਥੇ ਸਵੇਰੇ-ਸ਼ਾਮ ਗੁਰਬਾਣੀ ਦਾ ਪਾਠ ਕਰਦੀ, ਉੱਥੇ ਕੀਰਤਨੀ ਚੌਂਕੀ ਲਗਾਉਣਾ ਵੀ ਉਨ੍ਹਾਂ ਦਾ ਰੋਜ਼ਾਨਾ ਦਾ ਨੇਮ ਸੀ। ਉਨ੍ਹਾਂ ਨੇ ਆਪਣੇ ਪਤੀ ਸਰਦਾਰ ਬਦਰ ਸਿੰਘ ਦੇ ਚਲਾਣੇ ਤੋਂ ਬਾਅਦ ਬਾਲਕ ਜੱਸਾ ਸਿੰਘ ਦੀ ਪਰਵਰਿਸ਼ ਪੂਰਨ ਰੂਪ 'ਚ ਗੁਰਮਤਿ ਆਸ਼ੇ ਅਨੁਸਾਰ ਕੀਤੀ।

ਇਤਿਹਾਸ ਗਵਾਹ ਹੈ ਕਿ ਸਿੱਖ ਕੌਮ-ਉੱਤੇ ਮੁਸ਼ਕਿਲ ਹਾਲਾਤ ਸਮੇਂ ਬਾਲਕ ਜੱਸਾ ਸਿੰਘ ਦੀ ਮਾਤਾ ਉਨ੍ਹਾਂ ਨੂੰ ਉਸ ਹਰੇਕ ਸਥਾਨ 'ਤੇ ਲੈ ਕੇ ਜਾਂਦੇ ਜਿੱਥੇ ਗੁਰਬਾਣੀ ਦਾ ਕੀਰਤਨ ਹੁੰਦਾ ਸੀ ਅਤੇ ਖ਼ੁਦ ਵੀ 'ਆਸਾ ਦੀ ਵਾਰ' ਦੀ ਚੌਂਕੀ ਲਗਾਉਂਦੇ।

ਹੁਣ ਸਰਦਾਰ ਜੱਸਾ ਸਿੰਘ ਦੇ ਬਚਪਨ ਦੇ ਇੰਨੇ ਕੁ ਜੀਵਨ ਉੱਪਰ ਹੀ ਵਰਤਮਾਨ ਦੇ ਸੰਦਰਭ ਵਿਚ ਜੇਕਰ ਅਸੀਂ ਗੱਲ ਕਰੀਏ ਕਿ ਸਰਦਾਰ ਜੱਸਾ ਸਿੰਘ ਦੀ ਸ਼ਖ਼ਸੀਅਤ ਨੂੰ ਘੜ੍ਹਨ ਵਾਲੀ ਸਭ ਤੋਂ ਪਹਿਲਾਂ ਉਨ੍ਹਾਂ ਦੀ ਮਾਂ ਸੀ, ਤਾਂ ਕੋਈ ਅੱਤ-ਕਥਨੀ ਜਾਂ ਹੈਰਾਨੀ ਵਾਲੀ ਗੱਲ ਨਹੀਂ ਹੋਵੇਗੀ। ਮਾਂ ਨੇ ਆਪਣੇ ਬੱਚੇ (ਸਰਦਾਰ ਜੱਸਾ ਸਿੰਘ) ਨੂੰ ਪਿਤਾ (ਸ. ਬਦਰ ਸਿੰਘ) ਦੇ ਚਲਾਣੇ ਤੋਂ ਬਾਅਦ ਜਿਸ ਤਰ੍ਹਾਂ ਦੇ ਗੁਰਮਤਿ ਅਨੁਸਾਰੀ ਸੰਸਕਾਰ ਦਿੱਤੇ, ਉਹ ਅੱਜ ਸਾਡੀਆਂ ਆਧੁਨਿਕ ਯੁੱਗ ਵਿਚ ਵਿਚਰ ਰਹੀਆਂ ਮਾਂਵਾਂ ਲਈ ਇਕ ਪ੍ਰੇਰਨਾ-ਸ੍ਰੋਤ ਅਤੇ ਹਲੂਣਾ ਹੈ। ਅੱਜ ਦੇ ਹਾਲਾਤ ਅਤੇ ਜਿਨ੍ਹਾਂ ਸਮਿਆਂ ਵਿਚ ਬਾਲਕ ਜੱਸਾ ਸਿੰਘ ਤੇ ਉਨ੍ਹਾਂ ਦੀ



SikhBookClub.Com

ਮਾਤਾ ਵਿਚਰੇ, ਉਨ੍ਹਾਂ ਹਾਲਾਤਾਂ ਵਿਚ ਬਹੁਤ ਫਰਕ ਹੈ। ਅੱਜ ਆਧੁਨਿਕਤਾ ਦੇ ਯੁੱਗ ਵਿਚ ਅਸੀਂ ਬਿਨਾ ਕੋਈ ਦੁਖ-ਤਕਲੀਫ ਝੱਲੇ ਹੀ ਗੁਰਮਤਿ ਨੂੰ ਤਿਲਾਂਜਲੀ ਦੇ ਕੇ ਗੁਰੂ ਦੀ ਦਿੱਤੀ ਸਿੱਖਿਆ ਨੂੰ ਮਨੋਂ ਵਿਸਾਰ ਰਹੇ ਹਾਂ, ਜਦਕਿ ਬਾਲਕ ਜੱਸਾ ਸਿੰਘ ਤੇ ਉਨ੍ਹਾਂ ਦੀ ਮਾਤਾ ਨੇ ਜਦ ਸਮਾਂ ਤੇ ਹਾਲਾਤ ਸਿੱਖਾਂ ਨੂੰ ਅਤਿਅੰਤ ਕਸ਼ਟ ਦੇਣ ਵਾਲੇ ਸਨ, ਉਸ ਸਮੇਂ ਵੀ ਸਿੱਖੀ ਨੂੰ ਕੇਸਾਂ-ਸੁਆਸਾਂ ਸੰਗ ਨਿਭਾਇਆ ਅਤੇ ਮਿਸਾਲ ਕਾਇਮ ਕੀਤੀ।

ਵਰਤਮਾਨ-ਕਾਲ ਦੌਰਾਨ ਵੱਡੀ ਗਿਣਤੀ ਵਿਚ ਸਾਡੀਆਂ ਮਾਤਾਵਾਂ-ਭੈਣਾਂ-ਬੀਬੀਆਂ ਜਿੱਥੇ ਖ਼ੁਦ ਅਖੌਤੀ ਆਧੁਨਿਕਤਾ ਤੇ ਚਮਕ-ਦਮਕ ਯੁੱਗ ਵਿਚ ਪ੍ਰਵੇਸ਼ ਕਰ ਰਹੀਆਂ ਹਨ, ਉੱਥੇ ਆਪਣੇ ਬੱਚਿਆਂ ਨੂੰ ਗੁਰਸਿੱਖੀ ਜੀਵਨ ਤੋਂ ਤੋੜਦੀਆਂ ਹੋਈਆਂ ਪ੍ਰਤੀਤ ਹੋ ਰਹੀਆਂ ਹਨ, ਕਿਉਂਕਿ ਜੇਕਰ ਇਕ ਮਾਤਾ ਹੀ ਆਪਣੇ ਬੱਚੇ ਨੂੰ ਜੱਸਾ ਸਿੰਘ ਦੀ ਮਾਤਾ ਵਾਂਗ ਗੁਰ ਇਤਿਹਾਸ, ਸਿੱਖ ਇਤਿਹਾਸ ਤੇ ਗੁਰਬਾਣੀ ਦੀ ਕਥਾ-ਵਾਰਤਾ ਨਹੀਂ ਸੁਣਾਵੇਗੀ, ਤਾਂ ਇਹ ਕੰਮ ਕਿਸੇ ਹੋਰ ਨੇ ਨਹੀਂ ਕਰਨਾ। ਦੂਜੇ ਪਾਸੇ ਪਿਤਾ ਦਾ ਵੀ ਇਹ ਫ਼ਰਜ਼ ਨਾਲੋਂ-ਨਾਲ ਬਣਦਾ ਹੈ ਕਿ ਉਹ ਵੀ ਆਪਣੇ ਰੋਜ਼ਮੱਰਾ ਦੇ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਬੱਚਿਆਂ ਨਾਲ ਗੁਰੂ ਸਾਹਿਬਾਨ, ਗੁਰ ਕੇ ਸਿੱਖਾਂ, ਗੁਰਬਾਣੀ ਆਦਿ 'ਤੇ ਬੱਚਿਆਂ ਨਾਲ ਵਿਚਾਰ-ਵਟਾਂਦਰਾ ਕਰੇ। ਬੇਸ਼ੱਕ ਇੱਥੇ ਆਧੁਨਿਕ ਉਪਕਰਨਾਂ ਦਾ ਸਹਾਰਾ ਲੈ ਲੈਣਾ ਕੋਈ ਮਾੜੀ ਗੱਲ ਨਹੀਂ, ਪਰੰਤੂ ਜੇਕਰ ਮਾਤਾ-ਪਿਤਾ ਆਪਣੇ ਬੱਚਿਆਂ ਦੀ ਪਰਵਰਿਸ਼ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਵਰਗੀ ਨਾ ਕਰਨਗੇ, ਤਾਂ ਕੁਝ ਕੁ ਹੀ ਦਹਾਕਿਆਂ ਬਾਅਦ ਸਾਡਾ ਧਰਮ ਤੇ ਸਾਡਾ ਇਤਿਹਾਸ ਸਾਥੋਂ ਕਈ ਸਵਾਲ ਪੁੱਛੇਗਾ, ਜਿਸ ਦਾ ਸਾਡੇ ਕੋਲ ਕੋਈ ਜਵਾਬ ਨਹੀਂ ਹੋਵੇਗਾ, ਪਰੰਤੂ ਜ਼ਿੰਮੇਵਾਰ ਅਸੀਂ ਖ਼ੁਦ ਹੋਵਾਂਗੇ। ਨਾਵਲਕਾਰ ਤ੍ਰਿਲੋਕ ਸਿੰਘ ਤੂਫਾਨ ਲਿਖਦੇ ਹਨ, "ਬੱਚੇ ਵਾਸਤੇ ਮਾਂ-ਬਾਪ ਦੀ ਸੰਗਤ ਬੱਚਿਆਂ ਵਾਸਤੇ ਇਕ ਸਕੂਲ ਹੈ। ਇਸ ਸਕੂਲ ਵਿੱਚੋਂ ਬੱਚੇ ਨੂੰ ਰਹਿਣੀ-ਬਹਿਣੀ, ਸਦਾਚਾਰ, ਪਿਆਰ ਤੇ ਦਲੇਰੀ ਆਦਿਕ ਚੰਗੇ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ।... ਸੱਚ ਹੈ ਜੇ ਮਾਂ-ਬਾਪ ਮਾੜੇ, ਝੂਠੇ ਅਤੇ ਅਸ਼ੁਭ ਗੁਣਾਂ ਵਾਲੇ ਹੋਣ ਤਾਂ ਬੱਚਾ ਵੀ ਜੀਵਨ-ਹੀਣ, ਕਪਟੀ, ਨਿਰਬਲ ਤੇ ਦੁਰਾਚਾਰੀ ਹੋਵੇਗਾ। ਮਾਂ-ਬਾਪ ਦੀਆਂ ਜੀਵਨ ਹਰਕਤਾਂ ਤੋਂ ਬੱਚਾ ਬਹੁਤੀ ਸਿੱਖਿਆ ਲੈਂਦਾ ਹੈ।"

ਆਧੁਨਿਕਤਾ ਅਤੇ ਪੱਛਮੀ ਸੱਭਿਆਚਾਰ ਅਪਣਾਉਣ ਦੀ ਦੌੜ ਕਾਰਨ ਜਿਸ ਤਰ੍ਹਾਂ ਸਾਥੋਂ ਕਈ ਤਰ੍ਹਾਂ ਦੇ ਸ਼ਖ਼ਸੀ ਗੁਣਾਂ ਦੇ ਆਧਾਰ ਵਿਸਰ ਰਹੇ ਹਨ, ਉਸ ਤੋਂ ਅਸੀਂ ਇਹ ਗੱਲ ਕਿਵੇਂ ਕਹਿ ਸਕਾਂਗੇ ਕਿ ਅਸੀਂ ਸ੍ਰੀ ਗੁਰੂ ਨਾਨਕ ਸਾਹਿਬ ਦੇ ਬਣਾਏ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਜਾਏ ਅਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਵਰਗੇ ਸਰਦਾਰਾਂ ਵੱਲੋਂ ਗੁਰੂ ਦੀ ਕਿਰਪਾ ਨਾਲ ਬਚਾਏ ਪੰਥ ਦੇ ਵਾਰਸ ਹਾਂ! ਇਹ ਗੱਲ ਸਾਨੂੰ ਬਹੁਤ ਹੀ ਠਰ੍ਹੰਮੇ, ਧੀਰਜ ਤੇ ਨਿਮਰਤਾ ਨਾਲ



SikhBookClub.Com

ਸੋਚਣੀ ਪਵੇਗੀ, ਸਾਨੂੰ ਆਤਮ-ਮੰਥਨ ਕਰਨਾ ਪਵੇਗਾ। ਇਹ ਕੋਈ ਰੌਲੇ-ਰੱਪੇ ਜਾਂ ਵਾਦ-ਵਿਵਾਦ ਦਾ ਵਿਸ਼ਾ ਨਹੀਂ, ਬਲਕਿ ਸਾਡੇ ਬੱਚੇ ਅਸਲ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਵਰਗੀਆਂ ਸ਼ਖ਼ਸੀਅਤਾਂ ਦੇ ਵਾਰਸ ਕਿਵੇਂ ਬਣਨ? ਸੋਚਣ ਤੇ ਸ੍ਵੈ-ਪੜਚੋਲ ਦਾ ਵਿਸ਼ਾ ਹੈ।

ਸਰਦਾਰ ਜੱਸਾ ਸਿੰਘ ਜਿਸ ਸਮੇਂ ਬਾਲ-ਅਵਸਥਾ ਵਿਚ ਸਨ ਤਾਂ ਉਸ ਸਮੇਂ ਮਾਤਾ ਸੁੰਦਰੀ ਜੀ ਇਸ ਜਗਤ 'ਤੇ ਮੌਜੂਦ ਸਨ। ਮਾਤਾ ਸੁੰਦਰੀ ਜੀ ਦੀ ਰਹਿਨੁਮਾਈ ਹੇਠ ਬਾਲਕ ਜੱਸਾ ਸਿੰਘ 6 ਸਾਲ ਦਿੱਲੀ ਰਹੇ ਅਤੇ ਮਾਤਾ ਜੀ ਕੋਲੋਂ ਗੁਰੂ ਦੀ ਸਿੱਖਿਆ ਹਾਸਲ ਕੀਤੀ। ਅਸੀਂ ਇਹ ਦੇਖਣਾ ਹੈ, ਕਿ ਸਾਡਾ ਬੱਚਾ ਇੱਕ ਦਿਨ ਵਿਚ ਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ) ਜੀ ਕੋਲ ਬੈਠ ਕੇ ਕਿੰਨਾ ਸਮਾਂ ਬਾਣੀ ਪੜ੍ਹਦਾ ਜਾਂ ਸੁਣਦਾ ਹੈ। ਉਹ ਆਪਣੇ ਬਚਪਨ ਵਿਚ ਕਿੰਨਾ ਸਮਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਵਾਂਗ ਕੀਰਤਨ ਕਰਨ ਦੇ ਸਮਰੱਥ ਹੈ, ਪਰ ਇੱਥੇ ਸ਼ਰਤ ਇਹ ਵੀ ਹੈ ਕਿ ਜੇਕਰ ਅੱਜ ਦੀ ਮਾਤਾ ਆਪਣੇ ਬੱਚੇ ਨੂੰ ਕੀਰਤਨ ਕਰਨ ਅਤੇ ਗੁਰਬਾਣੀ ਪੜ੍ਹਨ ਤੇ ਸੁਣਨ ਵੱਲ ਪ੍ਰੇਰੇਗੀ, (ਜਿਵੇਂ ਸਰਦਾਰ ਜੱਸਾ ਸਿੰਘ ਦੀ ਮਾਤਾ ਨੇ ਬਚਪਨ ਵਿਚ ਉਨ੍ਹਾਂ ਨੂੰ ਗੁਰਬਾਣੀ ਨਾਲ ਜੋੜਿਆ) ਤਾਂ ਹੀ ਸਾਡੇ ਬੱਚੇ ਗੁਰਸਿੱਖੀ ਦੀ ਭਾਵਨਾ, ਉੱਚੇ-ਸੁੱਚੇ ਕਿਰਦਾਰ ਅਤੇ ਸੱਚੇ, ਨਿਰਛਲ ਤੇ ਨਿਰਕਪਟ ਪੰਥ-ਪ੍ਰਸਤ ਤੇ ਚੰਗੇ ਆਗੂ ਬਣ ਸਕਣਗੇ। ਜੱਸਾ ਸਿੰਘ ਦੀ ਦਿੱਲੀ ਤੋਂ ਪੰਜਾਬ ਵਾਪਸੀ ਸਮੇਂ ਮਾਤਾ ਸੁੰਦਰੀ ਜੀ ਨੇ ਬੇਅੰਤ ਅਸੀਸਾਂ ਦਿੱਤੀਆਂ ਤੇ ਫੁਰਮਾਇਆ ਕਿ "ਬੇਟਾ ਸਾਹਿਬ ਇਕਬਾਲ ਹੋਗਾ" ਅਤੇ ਆਪਣੇ ਕੋਲੋਂ ਇਕ ਚਾਂਦੀ ਦਾ ਆਸਾ, ਕੀਮਤੀ ਪੋਸ਼ਾਕਾ ਆਦਿ ਦੇ ਕੇ ਪੰਥ-ਸੇਵਾ ਲਈ ਪ੍ਰੇਰਦੇ ਹੋਏ ਬੇਅੰਤ ਬਖ਼ਸ਼ਿਸ਼ਾਂ ਕੀਤੀਆਂ, ਉਂਵ ਹੀ ਜੇਕਰ ਅੱਜ ਸਾਡੀਆਂ ਮਾਤਾਵਾਂ, ਭੈਣਾਂ, ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਗੁਰੂ ਦੇ ਲੜ ਲਗਾ ਕੇ ਗੁਰੂ ਦੀ ਸਿੱਖਿਆ ਧਾਰਨ ਕਰਨ ਵੱਲ ਪ੍ਰੇਰਨਗੇ ਤਾਂ ਨਿਸ਼ਚਿਤ ਹੀ ਗੁਰੂ ਸਾਹਿਬ ਸਾਡੇ ਅਤੇ ਸਾਡੇ ਬੱਚਿਆਂ ਉੱਪਰ ਵੀ ਬੇਅੰਤ ਬਖ਼ਸ਼ਿਸ਼ਾਂ ਕਰਨਗੇ ਤੇ ਅਸੀਂ ਗੁਰੂ-ਮਿਹਰ ਤੇ ਗੁਰ-ਅਸੀਸਾਂ ਦੇ ਪਾਤਰ ਬਣਾਂਗੇ।

ਅੱਜ ਸਾਡੇ ਬੱਚਿਆਂ (ਖਾਸਕਰ ਨੌਜਵਾਨ ਪੀੜ੍ਹੀ ਨੂੰ ਲੋੜ ਹੈ ਮਾਮਾ ਸ. ਬਾਘ ਸਿੰਘ ਵਾਂਗ ਜਿਨ੍ਹਾਂ ਨੇ ਸਰਦਾਰ ਜੱਸਾ ਸਿੰਘ ਨੂੰ ਘੋੜ-ਸਵਾਰੀ ਤੇ ਸ਼ਸਤਰ ਵਿੱਦਿਆ ਸਿਖਾਈ), ਸ. ਕਪੂਰ ਸਿੰਘ ਵਰਗੇ ਉੱਚ-ਕਿਰਦਾਰ (ਉੱਚੀਆਂ-ਸੁੱਚੀਆਂ ਸ਼ਖ਼ਸੀਅਤਾਂ) ਤੋਂ ਸਿੱਖਿਆ ਲੈਣ ਦੀ। ਬੇਸ਼ੱਕ ਸਾਡੇ ਬੱਚੇ ਸਕੂਲਾਂ-ਕਾਲਜਾਂ ਵਿਚ ਆਪਣੇ ਅਧਿਆਪਕ ਸਾਹਿਬਾਨ, ਪ੍ਰੋਫ਼ੈਸਰ ਸਾਹਿਬਾਨ ਤੋਂ ਰੋਜ਼ਾਨਾ ਹੀ ਵੱਖ-ਵੱਖ ਪ੍ਰਕਾਰ ਤੇ ਵਿਸ਼ਿਆਂ ਦੀ ਸਿੱਖਿਆ ਲੈਂਦੇ ਹਨ, ਪਰੰਤੂ ਧਰਮ ਦੀ ਜਾਣਕਾਰੀ/ਸਿੱਖਿਆ ਕੇਵਲ ਚੰਗਾ (ਪਾਠੀ, ਗ੍ਰੰਥੀ, ਗੁਰਮਤਿ ਦਾ ਗਿਆਤਾ, ਕਥਾ-ਵਾਚਕ, ਧਾਰਮਿਕ ਅਧਿਆਪਕ ਆਦਿ) ਹੀ ਠੀਕ ਢੰਗ ਨਾਲ ਦੇ ਸਕਦਾ ਹੈ, ਕਿਉਂਕਿ ਜੇਕਰ ਸਰਦਾਰ ਜੱਸਾ ਸਿੰਘ ਸਰਦਾਰ ਕਪੂਰ ਸਿੰਘ ਵਰਗੀ ਸ਼ਖ਼ਸੀਅਤ



SikhBookClub.Com

ਦੀ ਰਹਿਨੁਮਾਈ ਪ੍ਰਾਪਤ ਨਾ ਕਰਦੇ, ਅੰਮ੍ਰਿਤ ਦੀ ਦਾਤ ਹਾਸਲ ਨਾ ਕਰਦੇ, ਉਨ੍ਹਾਂ ਪਾਸੋਂ ਨਿਮਰਤਾ, ਸਹਿਣਸ਼ੀਲਤਾ ਵਰਗੇ ਗੁਣਾਂ ਨੂੰ ਹੋਰ ਪ੍ਰਚੰਡ ਨਾ ਕਰਦੇ, ਤਾਂ ਸਰਦਾਰ ਜੱਸਾ ਸਿੰਘ ਦੀ ਕੌਮ ਅਤੇ ਪੰਥ-ਪ੍ਰਸਤੀ ਹੋਰ ਜ਼ਿਆਦਾ ਪ੍ਰਬਲ ਨਾ ਹੁੰਦੀ ਖਾਸ ਕਰਕੇ ਨਿਮਰਤਾ ਤੇ ਸਹਿਣਸ਼ੀਲਤਾ ਦੇ ਪੱਖ ਵਿਚ ਇਹ ਗੱਲ ਵਿਸ਼ੇਸ਼ ਜ਼ਿਕਰਯੋਗ ਹੈ ਕਿ ਜਦੋਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਬੋਲੀ ਵਿੱਚੋਂ ਦਿੱਲੀ ਦੀ ਬੋਲੀ-ਸ਼ੈਲੀ ਹਾਸਲ ਹੋਣ ਕਰਕੇ ਦੂਸਰੀਆਂ ਭਾਸ਼ਾਵਾਂ ਅਤੇ ਸਥਾਨਕ ਬੋਲੀ ਦੇ ਪ੍ਰਭਾਵ ਕਰਕੇ ਉਹ ਗੱਲਾਂ-ਗੱਲਾਂ ਵਿਚ 'ਹਮਕੋ, ਤੁਮਕੋ' (ਭਾਵ ਮੈਨੂੰ-ਤੁਹਾਨੂੰ) ਅਕਸਰ ਹੀ ਕਹਿ ਦਿਆ ਕਰਦੇ ਸਨ, ਜਿਸ ਕਾਰਨ ਜਥੇ ਦੇ ਦੂਸਰੇ ਸਿੰਘਾਂ ਨੇ ਸਰਦਾਰ ਜੱਸਾ ਸਿੰਘ ਦੀ ਅੱਲ ਹੀ 'ਹਮਕੋ, ਤੁਮਕੋ' ਪਾ ਦਿੱਤੀ ਸੀ ਤਾਂ ਸਰਦਾਰ ਜੱਸਾ ਸਿੰਘ ਨੇ ਇਸ ਦੀ ਸ਼ਿਕਾਇਤ ਨਵਾਬ ਕਪੂਰ ਸਿੰਘ ਜੀ ਪਾਸ ਕੀਤੀ, ਪਰ ਅੱਗੋਂ ਕਪੂਰ ਸਿੰਘ ਜੀ ਨੇ ਆਖਿਆ ਕਿ, "ਇਸ ਤੋਂ ਨਾਂਹ ਘਬਰਾਈਂ, ਇਹ ਗੁਰ-ਖਾਲਸਾ ਹੈ, ਜੋ ਮੇਰੇ ਵਰਗੇ ਲਿੱਦ ਚੁੱਕਣ ਵਾਲੇ ਨੂੰ ਨਵਾਬ ਬਣਾ ਸਕਦੇ ਹਨ ਤਾਂ ਤੇਰੇ ਵਰਗੇ ਦਾਣਾ-ਫੱਕਾ ਵੰਡਣ ਵਾਲੇ ਨੂੰ ਪਾਤਸ਼ਾਹ!"

ਇੱਥੇ ਇਹ ਵੀ ਗੱਲ ਦੱਸਣੀ ਬਣਦੀ ਹੈ ਕਿ ਜਦ ਨਵਾਬ ਕਪੂਰ ਸਿੰਘ ਨੇ ਸਰਦਾਰ ਜੱਸਾ ਸਿੰਘ ਨੂੰ ਉਨ੍ਹਾਂ ਦੇ ਮਾਮੇ ਸਰਦਾਰ ਬਾਘ ਸਿੰਘ ਪਾਸੋਂ ਲੈ ਕੇ ਆਪਣੇ ਕੋਲ ਰੱਖਣਾ ਚਾਹਿਆ ਤਾਂ ਪੜ੍ਹਿਆ-ਲਿਖਿਆ ਸੂਝਵਾਨ ਜਾਣ ਕੇ ਸਰਦਾਰ ਕਪੂਰ ਸਿੰਘ ਨੇ ਜੱਸਾ ਸਿੰਘ ਦੀ ਡਿਊਟੀ ਸਿੰਘਾਂ ਨੂੰ ਰਸਦ ਅਤੇ ਘੋੜਿਆਂ ਨੂੰ ਦਾਣਾ-ਫੱਕਾ ਆਦਿ ਦੇਣ 'ਤੇ ਨੀਯਤ ਕੀਤੀ ਸੀ। ਸੋ ਅਜਿਹੇ ਨਿਮਰਤਾ ਦੇ ਭਾਵ ਚੰਗੇ ਗੁਣਾਂ ਵਾਲੇ ਸ਼ਖ਼ਸ ਕੋਲੋਂ ਹੀ ਹਾਸਲ ਕੀਤੇ ਜਾ ਸਕਦੇ ਹਨ। ਸੇਵਾ ਭਾਵੇਂ ਘੋੜਿਆਂ ਨੂੰ ਦਾਣਾ-ਫੱਕਾ ਪਾਉਣ ਵਾਲੀ ਹੀ ਕਿਉਂ ਨਾ ਹੋਵੇ, ਸਾਡੇ ਬੱਚਿਆਂ ਨੂੰ ਅਜਿਹੀ ਨਿਮਰਤਾ ਵਾਲੇ ਗੁਣਾਂ ਸਹਿਣਸ਼ੀਲਤਾ ਅਤੇ ਸੇਵਾ-ਭਾਵਨਾ ਦੀ ਸਿੱਖਿਆ ਗੁਰਬਾਣੀ ਤੇ ਗੁਰਮਤਿ ਦੇ ਜਾਣਕਾਰਾਂ ਤੋਂ ਲੈਣੀ ਜ਼ਰੂਰੀ ਬਣਦੀ ਹੈ, ਤਾਂ ਹੀ ਉਹ ਸੇਵਾ-ਭਾਵ ਨਾਲ ਜੁੜ ਕੇ ਚੰਗੇ ਅਗਵਾਈ-ਕਰਤਾ ਬਣ ਸਕਦੇ ਹਨ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਕਈ ਮੁਹਿੰਮਾਂ ਵਿਚ ਭਾਗ ਲੈ ਕੇ ਪੰਥ ਦੀ ਵਾਗਡੋਰ ਸੰਭਾਲੀ ਅਤੇ ਪੰਥ ਨੂੰ ਸਮੇਂ-ਸਮੇਂ 'ਤੇ ਕਈ ਔਕੜਾਂ ਤੋਂ ਬਚਾਇਆ। ਜਦ ਨਾਦਰ ਸ਼ਾਹ ਨੇ ਹਮਲਾ ਕੀਤਾ ਤਾਂ ਸਰਦਾਰ ਕਪੂਰ ਸਿੰਘ ਦੀ ਅਗਵਾਈ ਹੇਠ ਸਰਦਾਰ ਜੱਸਾ ਸਿੰਘ ਨੇ ਨਾਦਰ ਸ਼ਾਹ ਨੂੰ ਸਿੱਖਾਂ ਦੀ ਸ਼ਕਤੀ ਦਾ ਅਹਿਸਾਸ ਕਰਾਇਆ। ਛੋਟੇ ਘੱਲੂਘਾਰੇ ਅਤੇ ਵੱਡੇ ਘੱਲੂਘਾਰੇ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਕਮਾਨ ਸੰਭਾਲੀ। 'ਦਲ ਖਾਲਸਾ' ਦੀ ਸਰਪ੍ਰਸਤੀ ਕਰਦੇ ਹੋਏ ਉਨ੍ਹਾਂ ਕਈ ਔਕੜਾਂ ਭਰੇ ਸਮਿਆਂ ਵਿੱਚੋਂ ਪੰਥ ਨੂੰ ਅਗਵਾਈ ਦਿੱਤੀ। ਅਬਦਾਲੀ ਦੇ ਹਰ ਹਮਲੇ ਦਾ ਮੂੰਹ-ਤੋੜ ਜਵਾਬ ਦਿੱਤਾ, ਪਰ ਸਭ ਤੋਂ ਵੱਡੀ ਗੱਲ ਇਹ ਵੀ ਸੀ ਕਿ ਉਨ੍ਹਾਂ ਸਿੱਖ ਕੌਮ 'ਤੇ ਹੋਏ ਹਮਲਿਆਂ, ਜੰਗਾਂ/ਯੁੱਧਾਂ ਸਮੇਂ ਆਪਣੇ ਨਿੱਤਨੇਮ ਤੇ ਗੁਰਬਾਣੀ ਕੀਰਤਨ ਨੂੰ ਕਦੇ ਵੀ ਨਹੀਂ ਖੁੰਝਾਇਆ।



SikhBookClub.Com

ਔਕੜਾਂ ਭਰੇ ਸਮਿਆਂ ਵਿਚ 'ਆਸਾ ਦੀ ਵਾਰ' ਦਾ ਕੀਰਤਨ ਰੋਜ਼ਾਨਾ ਕੀਤਾ। ਪਰੰਤੂ ਅੱਜ ਸਾਡੀ ਨਵੀਨ ਸਿੱਖ ਪੀੜੀ, ਨੌਜਵਾਨ ਬੱਚੇ-ਬੱਚੀਆਂ ਬਿਨਾ ਕਿਸੇ ਅਜਿਹੇ ਹਾਲਾਤ ਜਿਨ੍ਹਾਂ ਵਿਚ ਸਾਨੂੰ ਵਿਹਾਰਕ ਰੂਪ ਵਿਚ ਜੰਗਾਂ-ਯੁੱਧਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੋਵੇ, ਆਪਣੇ ਅੰਮ੍ਰਿਤ ਵੇਲੇ ਨੂੰ ਖੁੰਝਾਅ ਰਹੇ ਹਨ, ਨਿੱਤਨੇਮ ਨੂੰ ਵਿਸਾਰ ਰਹੇ ਹਨ, ਕੀਰਤਨ ਕਰਨਾ ਤਾਂ ਦੂਰ, ਜੇਕਰ ਕਿਸੇ ਟੀ. ਵੀ. ਚੈਨਲ 'ਤੇ ਕੀਰਤਨ ਚੱਲਦਾ ਵੀ ਹੋਵੇ ਤਾਂ ਉਸ ਨੂੰ ਅਣਗੌਲਿਆਂ ਕਰ ਕੇ ਕੁਝ ਹੋਰ ਦੇਖਣਾ ਪਸੰਦ ਕਰਦੇ ਹਨ। ਅੱਜ ਲੋੜ ਹੈ ਕਿ ਮਾਤਾ ਪਿਤਾ ਉਨ੍ਹਾਂ ਦੀ ਸੁਚੱਜੀ ਅਗਵਾਈ ਕਰ ਕੇ ਖ਼ੁਦ ਅੰਮ੍ਰਿਤ ਵੇਲੇ ਉੱਠ ਕੇ ਨਾਮ ਸਿਮਰਨ ਕਰਨ ਅਤੇ ਆਪਣੇ ਬੱਚਿਆਂ ਨੂੰ ਵੀ ਅੰਮ੍ਰਿਤ ਵੇਲੇ ਦੇ ਮਹੱਤਵ ਤੋਂ ਜਾਣੂ ਕਰਵਾ ਕੇ ਉਨ੍ਹਾਂ ਨੂੰ ਨਾਮ-ਬਾਣੀ ਨਾਲ ਜੋੜਨ। ਤਾਂ ਹੀ ਸਾਡੇ ਬੱਚੇ ਸਰਦਾਰ ਜੱਸਾ ਸਿੰਘ ਵਾਂਗ ਹਰ ਮੁਹਾਜ 'ਤੇ ਖੜ੍ਹੇ ਹੋ ਕੇ ਪੰਥ ਤੇ ਦੇਸ਼-ਕੌਮ ਅਗਵਾਈ ਕਰ ਸਕਣਗੇ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਧਰਮ ਦੇ ਨਾਲ-ਨਾਲ ਧਰਮ ਦੇ ਸਦਾਚਾਰਕ ਅਤੇ ਨੈਤਿਕ ਆਦਰਸ਼ਾਂ 'ਤੇ ਚੱਲ ਕੇ ਸਮਾਜ-ਸੇਵਾ ਦਾ ਕਾਰਜ ਵੀ ਕੀਤਾ। ਉਨ੍ਹਾਂ ਨੇ ਸਮਾਜ ਵਿਚ ਇਸਤਰੀਆਂ ਦਾ ਵਿਸ਼ੇਸ਼ ਸਤਿਕਾਰ ਕੀਤਾ। ਇਸ ਦੀ ਉਦਾਹਰਨ ਉਦੋਂ ਮਿਲਦੀ ਹੈ ਜਦ 1761 ਈ. ਵਿਚ ਅਹਿਮਦਸ਼ਾਹ ਅਬਦਾਲੀ ਨੇ ਹਿੰਦੁਸਤਾਨ 'ਤੇ ਹਮਲਾ ਕਰ ਕੇ ਇੱਥੋਂ ਬੇਅੰਤ ਧਨ-ਦੌਲਤ ਅਤੇ ਇੱਥੋਂ ਦੀਆਂ ਬਹੂ-ਬੇਟੀਆਂ ਨੂੰ ਗ਼ੁਲਾਮ ਬਣਾ ਕੇ ਆਪਣੇ ਨਾਲ ਕਾਬਲ ਲਿਜਾ ਰਿਹਾ ਸੀ, ਤਾਂ 'ਦਲ ਖਾਲਸਾ' ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਉਨ੍ਹਾਂ ਸਾਰੀਆਂ ਇਸਤਰੀਆਂ ਨੂੰ ਛੁਡਾ ਕੇ (ਬਾ-ਇੱਜ਼ਤ) ਉਨ੍ਹਾਂ ਨੂੰ ਵਾਪਸ ਉਨ੍ਹਾਂ ਦੇ ਘਰਾਂ ਵਿਚ ਪਹੁੰਚਾਇਆ। ਇੱਥੋਂ ਤਕ ਕਿ ਅਬਦਾਲੀ ਦਾ ਜਰਨੈਲ ਜਹਾਨ ਖ਼ਾਨ ਜਦ ਸਿੰਘਾਂ ਹੱਥੋਂ ਮਾਰ ਖ਼ਾ ਕੇ ਆਪਣੀ ਬੇਗ਼ਮ ਨੂੰ ਵੀ ਛੱਡ ਕੇ ਭੱਜ ਗਿਆ ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਹੋਰ ਸਿੰਘਾਂ ਨੇ ਬੇਗ਼ਮ ਨੂੰ ਬਾ-ਇੱਜ਼ਤ ਆਦਰ-ਸਤਿਕਾਰ ਨਾਲ ਜੰਮੂ ਪਹੁੰਚਾਇਆ। ਇਹ ਗੱਲ ਅੱਜ ਦੇ ਯੁੱਗ ਵਿਚ ਹੋਰ ਵੀ ਮਹੱਤਵਪੂਰਨ ਹੈ, ਜਦੋਂ ਕਿ ਅੱਜ ਦੇ ਮੰਡੀਕਰਨ ਦੇ ਯੁੱਗ ਅਤੇ ਪੱਛਮੀ ਪ੍ਰਭਾਵ ਨੇ ਇਸਤਰੀ ਦੇ ਸਤਿਕਾਰ ਨੂੰ ਕਈ ਪੱਖਾਂ ਤੋਂ ਘਟਾਇਆ ਹੈ, ਜਿਸ ਕਾਰਨ ਅਜੋਕੇ ਨੌਜਵਾਨ ਵਰਗ ਦੀ ਇਸਤਰੀ ਪ੍ਰਤੀ ਸੋਚ ਅਤੇ ਮਾਨਸਿਕ ਸਥਿਤੀ ਨੂੰ ਗ਼ਲਤ ਬਿਰਤੀਆਂ ਵੱਲ ਪ੍ਰੇਰਿਤ ਕੀਤਾ ਹੈ। ਗੁਰਮਤਿ ਦੀ ਦ੍ਰਿਸ਼ਟੀ ਤੋਂ ਪਰ ਬੇਟੀ ਕੋ ਬੇਟੀ ਜਾਨੈ ਪਰ ਇਸਤਰੀ ਕੋ ਮਾਤ ਬਖਾਨੈ ਵਾਲੀ ਸੋਚ ਸਾਡੇ ਅੰਦਰ ਤਾਂ ਹੀ ਪ੍ਰਬਲ ਹੋ ਸਕੇਗੀ ਜੇਕਰ ਅਸੀਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਵਰਗੀ ਸ਼ਖ਼ਸੀਅਤ ਨੂੰ ਆਪਣਾ ਆਦਰਸ਼ ਬਣਾਵਾਂਗੇ। ਇਸ ਨਾਲ ਸਮਾਜ ਵਿਚ ਡਿੱਗ ਰਹੀਂ ਇਸਤਰੀ ਦੀ ਦਸ਼ਾ ਨੂੰ ਉੱਚਾ ਚੁੱਕਣ ਵਿਚ ਵੀ ਬਲ ਮਿਲੇਗਾ।

ਸਰਦਾਰ ਜੱਸਾ ਸਿੰਘ ਵਰਗੀ ਸ਼ਖ਼ਸੀਅਤ ਨੇ ਪੰਥ ਪ੍ਰਤੀ ਜੋ ਬਹੁ-ਪ੍ਰਕਾਰੀ



SikhBookClub.Com

ਦੇਣਾਂ ਦਿੱਤੀਆਂ ਉਨ੍ਹਾਂ ਦੀ ਗੱਲ ਕਿਸੇ ਇਕ ਮਜਮੂਨ ਵਿਚ ਕਰਨੀ ਸੰਭਵ ਨਹੀਂ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਸੋਚ, ਸਿਰੜ, ਬਹਾਦਰੀ, ਦਲੇਰੀ, ਪੰਥ-ਪ੍ਰਸਤੀ, ਸੇਵਾ-ਭਾਵਨਾ, ਨਿਮਰਤਾ, ਗੁਰਸਿੱਖੀ, ਯੁੱਧ ਕਲਾ, ਰਣਨੀਤੀ, ਕੂਟਨੀਤੀ ਆਦਿ ਅਨੇਕਾਂ ਹੀ ਅਜਿਹੀਆਂ ਗੱਲਾਂ ਤੇ ਗੁਣ ਹਨ ਜੋ ਕਿ ਸਾਡੇ ਨੌਜਵਾਨ ਵਰਗ ਲਈ ਪ੍ਰੇਰਨਾਦਾਇਕ ਹਨ, ਪਰ ਸ਼ਰਤ ਇਹ ਹੈ ਕਿ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਜੀਵਨ ਨੂੰ ਪੜ੍ਹਿਆ-ਵਾਚਿਆ ਤੇ ਮਹਿਸੂਸ ਕੀਤਾ ਜਾਵੇ। ਅਜਿਹੇ ਕੌਮੀ ਆਗੂ ਦੇ ਅਸੀਂ ਵਾਰਸ ਤਾਂ ਹੀ ਬਣ ਸਕਦੇ ਹਾਂ ਜੇਕਰ ਅਸੀਂ ਖ਼ੁਦ ਅਜਿਹੇ ਨਾਇਕ ਨੂੰ ਸਮਝਣ ਦਾ ਯਤਨ ਕਰੀਏ ਅਤੇ ਆਪਣੇ ਬੱਚਿਆਂ ਨੂੰ ਸਮਝਾਈਏ। ਗੱਲੀਂ-ਬਾਤੀਂ ਭਾਵੇਂ ਅਸੀਂ ਜਿੰਨੇ ਮਰਜੀ ਗੁਣਗਾਨ ਕਰ ਲਈਏ, ਪਰ ਅਸਲ ਗੱਲ ਉਦੋਂ ਹੀ ਬਣੇਗੀ ਜਦ ਅਸੀਂ ਆਪਣਾ ਜੀਵਨ ਅਜਿਹੇ ਨਾਇਕ ਨੂੰ ਦਿਲੀ ਭਾਵਨਾ ਨਾਲ ਸਮਰਪਿਤ ਕਰਾਂਗੇ।

ਭਾਵੇਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ 20 ਅਕਤੂਬਰ, 1783 ਈ. ਨੂੰ ਸ੍ਰੀ ਅੰਮ੍ਰਿਤਸਰ ਵਿਖੇ ਅਕਾਲ ਚਲਾਣਾ ਕਰ ਗਏ, ਪਰ ਪੰਥਕ-ਕਾਰਜਾਂ ਕਰਕੇ ਉਨ੍ਹਾਂ ਨੂੰ ਅਸੀਂ ਆਪਣੀਆਂ ਸਿਮ੍ਰਤੀਆਂ ਵਿਚ ਸਦਾ ਲਈ ਵਸਾਇਆ ਹੋਇਆ ਹੈ।



SikhBookClub.Com

# ਦਿੱਲੀ ਫ਼ਤਹਿ ਪਿੱਛੋਂ ਜੱਥੇਦਾਰ ਬਾਬਾ ਜੱਸਾ ਸਿੰਘ ਜੀ ਆਹਲੂਵਾਲੀਆ ਦੀ ਤਾਜ਼ਪੋਸ਼ੀ

*-ਸ. ਭਗਵਾਨ ਸਿੰਘ ਜੌਹਲ*

ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਅਤੇ ਦਲ ਖ਼ਾਲਸਾ ਦੇ ਮਹਾਨ ਜਰਨੈਲ ਬਾਬਾ ਜੱਸਾ ਸਿੰਘ ਜੀ ਆਹਲੂਵਾਲੀਆ ਨੂੰ ਯੁੱਧਵੀਰ, ਧਰਮਵੀਰ ਤੇ ਕਰਮਯੋਗੀ ਵਜੋਂ ਸਿੱਖ ਇਤਿਹਾਸ ਵਿਚ ਜਿਹੜਾ ਸਤਿਕਾਰ ਮਿਲਿਆ, ਉਹ ਵਿਰਲੇ ਜਰਨੈਲਾਂ ਨੂੰ ਹੀ ਮਿਲ ਸਕਿਆ। ਜਦੋਂ ਸਿੰਘਾਂ ਨੇ ਇਸ ਮਹਾਨ ਜਰਨੈਲ ਦੀ ਅਗਵਾਈ ਵਿਚ ਅਤੇ ਬਾਬਾ ਬਘੇਲ ਸਿੰਘ ਦੀ ਕਮਾਨ ਥੱਲੇ ਦਿੱਲੀ ਫ਼ਤਹਿ ਕਰ ਕੇ ਲਾਲ ਕਿਲ੍ਹੇ 'ਤੇ ਕੇਸਰੀ ਨਿਸ਼ਾਨ ਸਾਹਿਬ ਝੁਲਾਇਆ ਤਾਂ ਬਾਬਾ ਜੱਸਾ ਸਿੰਘ ਜੀ ਆਹਲੂਵਾਲੀਆ ਨੂੰ ਸਿੱਖ ਕੌਮ ਵੱਲੋਂ ਸੁਲਤਾਨ-ਉਲ-ਕੌਮ ਦਾ ਐਲਾਨ ਕਰਦਿਆਂ ਤਾਜ਼ਪੋਸ਼ੀ ਕੀਤੀ ਗਈ। ਇਸ ਮਹਾਨ ਜਰਨੈਲ ਦਾ ਜਨਮ ਲਾਹੌਰ ਦੇ ਨੇੜੇ ਪਿੰਡ ਆਹਲੂ ਵਿਖੇ ਸ. ਬਦਰ ਸਿੰਘ ਦੇ ਗ੍ਰਹਿ ਵਿਖੇ 3 ਮਈ, 1718 ਈ. ਵਿਚ ਹੋਇਆ। ਬਾਬਾ ਜੱਸਾ ਸਿੰਘ ਜੀ ਅਜੇ ਚਾਰ ਵਰ੍ਹੇ ਦੀ ਬਾਲ ਵਰੇਸ ਵਿਚ ਸਨ ਜਦੋਂ ਉਨ੍ਹਾਂ ਦੇ ਪਿਤਾ ਸ. ਬਦਰ ਸਿੰਘ ਗੁਰੂ ਚਰਨਾਂ ਵਿਚ ਜਾ ਬਿਰਾਜੇ। ਇਨ੍ਹਾਂ ਦੀ ਮਾਤਾ ਜੋ ਸਿੱਖ ਧਰਮ ਵਿਚ ਅਥਾਹ ਸ਼ਰਧਾ ਰੱਖਦੀ ਸੀ, ਨੇ ਆਪਣੇ ਸਕੇ ਭਾਈ ਸ. ਭਾਗ ਸਿੰਘ ਦੀ ਸਹਾਇਤਾ ਨਾਲ ਆਪਣੇ ਬੱਚੇ ਬਾਬਾ ਜੱਸਾ ਸਿੰਘ ਜੀ ਨੂੰ ਦਿੱਲੀ ਵਿਖੇ ਮਾਤਾ ਸੁੰਦਰੀ ਜੀ ਦੀ ਸੇਵਾ ਵਿਚ ਭੇਜ ਦਿੱਤਾ। ਇਸ ਪ੍ਰਕਾਰ ਇਸ ਬੱਚੇ ਦੀ ਪਾਲਣਪੋਸ਼ਣ ਪੰਥ ਮਾਤਾ ਸੁੰਦਰ ਕੌਰ ਜੀ ਦੀ ਦੇਖ-ਰੇਖ ਹੇਠ ਹੋਇਆ। ਇਸ ਦੌਰਾਨ ਬਾਬਾ ਜੱਸਾ ਸਿੰਘ ਜੀ ਨੇ ਉਸ ਸਮੇਂ ਦੇ ਮੁਖੀ ਸਿੱਖਾਂ ਦਾ ਜਿੱਥੇ ਪਿਆਰ ਪ੍ਰਾਪਤ ਕੀਤਾ, ਨਾਲ ਹੀ ਚੰਗੀ ਜਾਣ-ਪਹਿਚਾਣ ਵੀ ਬਣਾ ਲਈ।

ਹੁਣ ਜਦੋਂ ਭਰ ਜਵਾਨੀ ਵਿਚ ਮਾਤਾ ਜੀ ਪਾਸੋਂ ਵਿਦਾਇਗੀ ਪ੍ਰਾਪਤ ਕੀਤੀ ਤਾਂ ਉਨ੍ਹਾਂ ਨੇ ਬਾਬਾ ਜੱਸਾ ਸਿੰਘ ਜੀ ਦੇ ਕਰਮਯੋਗੀ ਤੇ ਧਰਮੀ ਜੀਵਨ ਨੂੰ ਦੇਖਦਿਆਂ ਭਵਿੱਖ ਵਿਚ ਸਿੱਖ ਜਗਤ ਦੀ ਅਗਵਾਈ ਕਰਨ ਲਈ ਇਸ ਸਿਦਕੀ ਸਿੱਖ ਯੋਧੇ ਨੂੰ ਇੱਕ ਕ੍ਰਿਪਾਨ, ਇੱਕ ਤੀਰ ਦਾ ਭੱਥਾ, ਇੱਕ ਖਿਲਅਤ, ਇੱਕ ਗੁਰਜ, ਇੱਕ ਢਾਲ, ਇੱਕ ਕਮਾਨ ਅਤੇ ਇੱਕ ਚਾਂਦੀ ਦੀ ਚੋਬ ਬਖ਼ਸ਼ਿਸ਼ ਵਜੋਂ ਦੇ ਕੇ ਨਿਵਾਜਿਆ। ਆਪਣੇ ਦਲੇਰ ਸੁਭਾਅ ਅਤੇ ਤੀਖਣ ਬੁੱਧੀ ਵਰਗੇ ਮਹਾਨ ਗੁਣਾਂ



SikhBookClub.Com

ਸਦਕਾ ਬੁੱਢਾ ਦਲ ਦੇ ਮੁਖੀ ਅਤੇ ਮਹਾਨ ਸਿੱਖ ਜਰਨੈਲ ਨਵਾਬ ਬਾਬਾ ਕਪੂਰ ਸਿੰਘ ਦੀ ਨੇੜਤਾ ਹਾਸਲ ਕਰ ਲਈ। 1748 ਈ. ਵਿਚ ਨਵਾਬ ਬਾਬਾ ਕਪੂਰ ਸਿੰਘ ਦੀ ਬਹਾਦਰ ਸਿੱਖ ਸੈਨਾ ਦੇ ਸੂਰਬੀਰ ਯੋਧਿਆਂ ਨੇ ਬਾਬਾ ਜੱਸਾ ਸਿੰਘ ਜੀ ਦੀ ਅਗਵਾਈ ਵਿਚ ਅਹਿਮਦ ਸ਼ਾਹ ਅਬਦਾਲੀ ਦੇ ਵੱਡੇ ਲਸ਼ਕਰ ਨੂੰ ਨੂਰਦੀਨ ਦੀ ਸਰਾਂ ਅਤੇ ਵੈਰੋਵਾਲ ਨੇੜੇ ਘੇਰ ਕੇ ਗੁਰੀਲੇ ਢੰਗ ਦੇ ਹਮਲੇ ਕਰ ਕੇ ਭਾਜੜਾਂ ਪਾ ਦਿੱਤੀਆਂ। ਅੰਮ੍ਰਿਤਸਰ ਦੇ ਮੁਗ਼ਲ ਹਾਕਮ ਸਲਾਬਤ ਖਾਨ ਨੂੰ ਹਰਾ ਕੇ ਵੱਖ-ਵੱਖ ਜਥਿਆਂ ਵਿਚ ਵੰਡੇ ਸਿੱਖਾਂ ਦੀ ਨਜ਼ਰ ਵਿਚ ਇਕ ਸੁਲਝੇ ਹੋਏ ਸਿੱਖ ਜਰਨੈਲ ਵਜੋਂ ਸਤਿਕਾਰ ਪ੍ਰਾਪਤ ਕੀਤਾ। ਇਸ ਦੇ ਨਾਲ ਹੀ ਨਵਾਬ ਬਾਬਾ ਕਪੂਰ ਸਿੰਘ ਦੀ ਅਗਵਾਈ ਹੇਠ ਸਰਬੱਤ ਖ਼ਾਲਸੇ ਦੇ ਜੁੜੇ ਇਕੱਠ ਵਿਚ ਸਿੱਖਾਂ ਦੇ 65 ਜੱਥਿਆਂ ਨੂੰ ਇਕੱਠੇ ਕਰਕੇ 11 ਮਿਸਲਾਂ (12 ਵੀਂ ਮਿਸਲ ਫੂਲਕੀਆ ਤੋਂ ਬਿਨਾਂ) ਵਿਚ ਵੰਡ ਕੇ ਪਹਿਲੇ ਜਰਨੈਲ ਬਾਬਾ ਜੱਸਾ ਸਿੰਘ ਜੀ ਆਹਲੂਵਾਲੀਆ ਨੂੰ ਥਾਪਿਆ ਗਿਆ। ਨਵਾਬ ਬਾਬਾ ਕਪੂਰ ਸਿੰਘ ਦੇ ਅਕਾਲ ਚਲਾਣੇ ਤੋਂ ਪਿੱਛੋਂ ਬਾਬਾ ਜੱਸਾ ਸਿੰਘ ਜੀ ਸਿੱਖ ਕੌਮ ਦੀ ਸਮੁੱਚੀ ਸੈਨਿਕ ਸ਼ਕਤੀ, ਜੁਝਾਰੂ ਯੋਧਿਆਂ ਅਤੇ ਦਲ ਪੰਥ ਬੁੱਢਾ ਦਲ ਦੇ ਮੁਖੀ ਜਰਨੈਲ ਬਣੇ।

ਇਸ ਤੋਂ ਠੀਕ ਇੱਕ ਮਹੀਨੇ ਬਾਅਦ ਲਾਹੌਰ ਦੇ ਸੂਬੇਦਾਰ ਮੀਰ ਮੰਨੂੰ ਦੀ ਮੌਤ ਤੋਂ ਪਿੱਛੋਂ ਮੱਧ ਪੰਜਾਬ ਵਿਚ ਆਪਣਾ ਦਬਦਬਾ ਕਾਇਮ ਕਰ ਲਿਆ। 1757 ਈ. ਵਿਚ ਅਹਿਮਦ ਸ਼ਾਹ ਦੁਰਾਨੀ ਵੱਲੋਂ ਲਾਹੌਰ ਦੇ ਸੂਬੇਦਾਰ ਤੈਮੂਰ ਦੀ ਫ਼ੌਜ ਉੱਤੇ ਹਮਲਾ ਕਰਕੇ ਕਰਤਾਪੁਰ ਤੋਂ ਲੁੱਟ ਦਾ ਸਮਾਨ ਲੈ ਕੇ ਜਾਂਦੇ ਨੂੰ ਘੇਰ ਕੇ ਸਾਰਾ ਕੀਮਤੀ ਸਮਾਨ, ਧਨ ਦੌਲਤ ਖੋਹ ਲਿਆ। ਹੁਣ ਜਦੋਂ ਦੁਰਾਨੀ ਮੁੜ ਹਿੰਦੁਸਤਾਨ ਉੱਤੇ ਪੰਜਵਾਂ ਹਮਲਾ ਕਰਕੇ 1761 ਈ. ਵਿਚ ਮਰਹੱਟਿਆਂ ਨੂੰ ਹਰਾ ਕੇ ਵਾਪਸ ਅੰਮ੍ਰਿਤਸਰ ਦੇ ਕੋਲੋਂ ਲੰਘ ਰਿਹਾ ਸੀ ਤਾਂ ਦੁਰਾਨੀਆਂ ਦੀ ਫ਼ੌਜ ਉਪਰ ਜਥੇਦਾਰ ਬਾਬਾ ਜੱਸਾ ਸਿੰਘ ਜੀ ਨੇ ਭਾਰੀ ਸਿੱਖ ਲਸ਼ਕਰ ਨਾਲ ਹਮਲਾ ਕਰ ਕੇ 2200 ਹਿੰਦੂ ਜਵਾਨ ਲੜਕੀਆਂ ਅਤੇ ਔਰਤਾਂ ਜੋ ਉਹ ਹਿੰਦੁਸਤਾਨ ਤੋਂ ਬੰਦੀ ਬਣਾ ਕੇ ਲਿਜਾ ਰਿਹਾ ਸੀ, ਨੂੰ ਛੁਡਵਾ ਕੇ ਘਰੋ-ਘਰੀਂ ਪਹੁੰਚਾਇਆ। ਹੁਣ ਬਾਬਾ ਜੱਸਾ ਸਿੰਘ ਜੀ ਦੀ ਅਗਵਾਈ ਵਿਚ ਖ਼ਾਲਸੇ ਨੇ ਜਮਨਾ ਪਾਰ ਦੇ ਇਲਾਕਿਆਂ ਉੱਤੇ ਸਖ਼ਤ ਹਮਲੇ ਕਰ ਕੇ ਦਿਲੀ ਤਕ ਮੁੜ ਸਿੱਖ ਸ਼ਕਤੀ ਦੀ ਧਾਂਕ ਜਮਾਈ। ਹੁਣ ਜਦੋਂ ਮੁੜ ਦੁਰਾਨੀ 1765 ਈ. ਵਿਚ ਹਿੰਦੁਸਤਾਨ 'ਤੇ ਚੜ੍ਹ ਕੇ ਆਇਆ ਤਾਂ ਉਹ ਸਿੱਖ ਸ਼ਕਤੀ ਤੋਂ ਘਬਰਾਉਂਦਾ ਸੀ। ਉਸ ਨੇ ਸਿੱਖਾਂ ਨਾਲ ਸਮਝੌਤਾ ਕਰ ਕੇ ਸ਼ਾਂਤੀ ਕਾਇਮ ਕਰਨ ਦਾ ਯਤਨ ਕੀਤਾ ਪਰ ਮਹਾਨ ਜਰਨੈਲ ਬਾਬਾ ਜੱਸਾ ਸਿੰਘ ਜੀ ਆਹਲੂਵਾਲੀਏ ਨੇ ਉਸ ਦੀ ਇਸ ਸੁਲਾਹ ਨੂੰ ਪੂਰੀ ਤਰ੍ਹਾਂ ਠੁਕਰਾ ਦਿੱਤਾ। ਹੁਣ ਬਾਬਾ ਜੱਸਾ ਸਿੰਘ ਜੀ ਨੇ ਦੁਆਬੇ ਦਾ ਬਹੁਤ ਸਾਰਾ ਇਲਾਕਾ ਫਤਹਿ ਕਰ ਕੇ 1774 ਈ. ਵਿਚ ਕਪੂਰਥਲਾ ਨੂੰ ਰਾਜਧਾਨੀ ਬਣਾ ਕੇ ਰਿਆਸਤ ਕਾਇਮ ਕੀਤੀ। 1779 ਈ. ਵਿਚ ਦਿੱਲੀ ਦੇ ਸੂਬੇਦਾਰ ਅਬਦੁੱਲ ਅਹਿਮਦ ਖਾਨ ਨੇ ਪਟਿਆਲੇ ਦੇ



SikhBookClub.Com

ਰਾਜੇ ਸ. ਅਮਰ ਸਿੰਘ ਉੱਤੇ ਹਮਲਾ ਕੀਤਾ ਤਾਂ ਬਾਬਾ ਜੱਸਾ ਸਿੰਘ ਜੀ ਨੇ ਫ਼ੌਜ ਸਮੇਤ ਸ. ਅਮਰ ਸਿੰਘ ਦੀ ਸਹਾਇਤਾ ਕੀਤੀ। ਆਖ਼ਰ ਉੱਤਰੀ ਭਾਰਤ ਦੇ ਵੱਡੇ ਇਲਾਕੇ ਵਿਚ ਫਤਹਿ ਦੇ ਝੰਡੇ ਝੁਲਾ ਕੇ ਦਿੱਲੀ ਦੇ ਲਾਲ ਕਿਲ੍ਹੇ ਉਪਰ ਵੀ ਕੇਸਰੀ ਪਰਚਮ ਲਹਿਰਾਇਆ। 18ਵੀਂ ਸਦੀ ਵਿਚ ਮਹਾਨ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਜੇ ਕਿਸੇ ਸਿੱਖ ਜਰਨੈਲ ਨੂੰ ਸੁਨਹਿਰੀ ਹਰਫਾਂ ਵਿਚ ਯਾਦ ਕੀਤਾ ਜਾਂਦਾ ਹੈ ਤਾਂ ਇਹ ਮਾਣ ਕੇਵਲ ਬਾਬਾ ਜੱਸਾ ਸਿੰਘ ਜੀ ਆਹਲੂਵਾਲੀਏ ਨੂੰ ਹੀ ਮਿਲਦਾ ਹੈ। ਪਟਿਆਲਾ ਪਤੀ ਮਹਾਰਾਜਾ ਅਮਰ ਸਿੰਘ ਨੇ ਇਨ੍ਹਾਂ ਦੇ ਹੱਥੋਂ ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਖੰਡੇ ਦੀ ਪਾਹੁਲ ਪ੍ਰਾਪਤ ਕੀਤੀ। ਸਿੱਖ ਕੌਮ ਦਾ ਇਹ ਮਹਾਨ ਜਰਨੈਲ 20 ਅਕਤੂਬਰ, 1783 ਈ. ਨੂੰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਿਆ। ਉਸ ਸਮੇਂ ਦੇ ਮੁਖੀ ਸਿੱਖਾਂ ਨੇ ਇਨ੍ਹਾਂ ਦੀ ਯਾਦਗਾਰ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਨਜ਼ਦੀਕ ਬਣਾਈ। ਅੱਜ ਇਸ ਮਹਾਨ ਜਰਨੈਲ ਦੇ ਜੀਵਨ ਦੀ ਗਾਥਾ ਸੰਸਾਰ ਵਿਚ ਵੱਸਦੇ ਹਰ ਸਿੱਖ ਨੂੰ ਰਾਜਸੱਤਾ ਦੀ ਪ੍ਰਾਪਤੀ ਵੱਲ ਤੋਰਦੀ ਹੈ, ਤਾਂ ਜੋ ਸਿੱਖ ਧਰਮ ਦੀ ਵਿਲੱਖਣ ਸੋਚ ਅਤੇ ਸਿਧਾਂਤ ਨੂੰ ਸੰਸਾਰ ਭਰ ਵਿਚ ਵੱਸਦੇ ਹਰ ਬਸ਼ਰ ਤਕ ਪਹੁੰਚਾ ਸਕੀਏ ।



SikhBookClub.Com

# ਆਦਰਸ਼ ਮਾਂ ਦੇ ਸਪੂਤ:
# ਸਰਦਾਰ ਜੱਸਾ ਸਿੰਘ ਆਹਲੂਵਾਲੀਆ

*—ਸ. ਰਾਜਵਿੰਦਰ ਸਿੰਘ ਜੋਗਾ*

ਵਡੇਰਿਆਂ ਦਾ ਇਤਿਹਾਸ ਕੌਮਾਂ ਦੀ ਜਿੰਦ-ਜਾਨ ਹੁੰਦਾ ਹੈ। ਇਹ ਇਤਿਹਾਸ ਜੀਵਨੀ ਰੂਪ ਵਿਚ ਪੜ੍ਹਾਇਆ ਜਾਵੇ ਭਾਵੇਂ ਸਾਖੀ ਰੂਪ ਵਿਚ ਸੁਣਾਇਆ ਜਾਵੇ, ਉਹ ਆਉਣ ਵਾਲੀਆਂ ਪੀੜ੍ਹੀਆਂ ਨੂੰ ਜ਼ਰੂਰ ਸੇਧਾਂ ਪ੍ਰਦਾਨ ਕਰਦਾ ਹੈ। ਬੱਚਿਆਂ ਨੂੰ ਕਹਾਣੀਆਂ ਸੁਣਨ ਦਾ ਬਹੁਤ ਸ਼ੌਕ ਹੁੰਦਾ ਹੈ। ਜੇਕਰ ਸੁਣਾਉਣ ਵਾਲਾ ਸੁਚੱਜਾ ਹੋਵੇ, ਤਾਂ ਬੱਚਾ ਭੁੱਖ ਤੇ ਨੀਂਦ ਦੀ ਪਰਵਾਹ ਨਾ ਕਰਦਾ ਹੋਇਆ ਵੀ ਕਹਾਣੀ ਸੁਣਨ ਨੂੰ ਤਰਜੀਹ ਦਿੰਦਾ ਹੈ। ਬੱਚੇ ਦਾ ਮਨ ਸ਼ੀਸ਼ੇ ਦੀ ਤਰ੍ਹਾਂ ਸਾਫ ਹੁੰਦਾ ਹੈ। ਉਸ ਉੱਪਰ ਜੋ ਉਕਰਿਆ ਜਾਵੇ ਉਸ ਦਾ ਪ੍ਰਕਾਸ਼ ਦਿਸ ਪੈਂਦਾ ਹੈ। ਇਸ ਕਰਕੇ ਬੱਚਿਆਂ ਨੂੰ ਪਹਿਲੀ ਉਮਰ ਤੋਂ ਹੀ ਵਡੇਰਿਆਂ ਦਾ ਇਤਿਹਾਸ ਪੜ੍ਹਾਉਣਾ ਚਾਹੀਦਾ, ਤਾਂ ਕਿ ਉਨ੍ਹਾਂ ਉੱਪਰ ਇਸ ਦਾ ਅਮਿੱਟ ਅਸਰ ਹੋਵੇ। ਸ. ਕਰਮ ਸਿੰਘ ਹਿਸਟੋਰੀਅਨ ਲਿਖਦੇ ਹਨ ਕਿ 'ਮਰੇ ਹੋਏ ਦਿਲ ਆਪਣੇ ਵੱਡਿਆਂ ਦੇ ਕਾਰਨਾਮੇ ਪੜ੍ਹ ਕੇ ਜੀਉਂ ਪੈਂਦੇ ਹਨ ਅਤੇ ਆਪਣੇ ਆਪ ਨੂੰ ਫਿਟਕਾਰ ਫਿਟਕਾਰ ਕੇ ਸੰਵਰਨ ਤੇ ਲੱਕ ਬੰਨ੍ਹਦੇ ਹਨ।' ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ, ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ਭਾਵ ਵਡੇਰਿਆਂ ਦੀਆਂ ਕਹਾਣੀਆਂ ਪੁੱਤਰ ਨੂੰ ਸਪੁੱਤਰ ਬਣਾ ਦਿੰਦੀਆਂ ਹਨ। ਇਤਿਹਾਸ ਵਿਚ ਬੇਅੰਤ ਉਦਾਹਰਨਾਂ ਹਨ ਕਿ ਕਿਸ ਤਰ੍ਹਾਂ ਇਕ ਸਾਧਾਰਨ ਬੱਚਾ ਪੁਰਖਿਆਂ ਦੀਆਂ ਕਹਾਣੀਆਂ ਸੁਣ ਕੇ ਇਕ ਵਿਸ਼ੇਸ਼ ਬਣ ਜਾਂਦਾ ਹੈ। ਇੱਥੇ ਮੇਰਾ ਭਾਵ ਸਿਰਫ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੋਂ ਹੈ। ਜਿਹੜੇ ਸਿੱਖ ਕੌਮ ਦੇ ਮਹਾਨ ਯੋਧੇ, 'ਦਲ ਖਾਲਸਾ' ਜਥੇਬੰਦੀ ਦੇ ਉਤਰਾ-ਅਧਿਕਾਰੀ ਅਤੇ ਗੁਰੂ ਪੰਥ ਦੇ ਸਿਰਮੌਰ ਜਥੇਦਾਰ ਹੋ ਕੇ 'ਸੁਲਤਾਨ-ਉਲ-ਕੌਮ' ਦਾ ਖ਼ਿਤਾਬ ਪ੍ਰਾਪਤ ਕਰਦਿਆਂ ਆਪਣਾ ਨਾਂ ਇਸ ਦੁਨੀਆ ਵਿਚ ਸਥਾਪਿਤ ਕਰ ਗਏ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਮਹਾਨ ਸੂਰਬੀਰ, ਸੁਘੜ ਨੀਤੀਵਾਨ ਅਤੇ ਉੱਚੇ ਇਖ਼ਲਾਕ ਵਾਲੀਆਂ ਬੇਅੰਤ ਖੂਬੀਆਂ ਦੀ ਸ਼ਖ਼ਸੀਅਤ ਦੇ ਮਾਲਕ ਸਨ। ਉਨ੍ਹਾਂ ਨੇ ਸਿੱਖ ਪੰਥ ਵਿਚ ਬਹੁਤ ਸੇਵਾ ਕੀਤੀ। 'ਤਾਰੀਖ-ਏ-ਪੰਜਾਬ' ਦਾ



SikhBookClub.Com

ਕਰਤਾ ਕਨ੍ਹੱਈਆ ਲਾਲ ਲਿਖਦਾ ਹੈ ਕਿ "ਇਕ ਵਾਰ ਜਦ ਅਹਿਮਦਸ਼ਾਹ ਦੁਰਾਨੀ ਕਾਬਲ ਨੂੰ ਪਰਤ ਕੇ ਜਾ ਰਿਹਾ ਸੀ ਤੇ ਆਪਣੇ ਨਾਲ ਹਿੰਦੁਸਤਾਨੀ ਹਿੰਦੂ ਇਸਤਰੀਆਂ ਕੈਦ ਕਰ ਕੇ ਲੈ ਜਾ ਰਿਹਾ ਸੀ ਤਾਂ ਇਹ ਗੱਲ ਸਿੱਖਾਂ ਨੂੰ ਬਹੁਤ ਭੈੜੀ ਲੱਗੀ, ਪਰ ਕਿਸੇ ਦਾ ਹੌਂਸਲਾ ਨਹੀਂ ਸੀ ਕਿ ਬਾਦਸ਼ਾਹ ਪਾਸੋਂ ਉਨ੍ਹਾਂ ਕੈਦੀ ਇਸਤਰੀਆਂ ਨੂੰ ਛੁਡਵਾ ਸਕੇ। ਉਸ ਵੇਲੇ ਸਰਦਾਰ ਜੱਸਾ ਸਿੰਘ ਨੇ ਦਲੇਰੀ ਕੀਤੀ ਅਤੇ ਅਹਿਮਦਸ਼ਾਹ ਦੀ ਫ਼ੌਜ ਉੱਤੇ ਆਪਣੀ ਫ਼ੌਜ ਲੈ ਕੇ ਜਾ ਟੁੱਟਿਆ ਤੇ ਸਾਰੀਆਂ ਇਸਤਰੀਆਂ ਛੁਡਵਾ ਲਿਆਇਆ ਤੇ ਹਰ ਇਕ ਨੂੰ ਖ਼ਰਚ ਆਦਿ ਦੇ ਕੇ ਘਰੋਂ-ਘਰੀਂ ਪਹੁੰਚਾ ਦਿੱਤਾ। ਸਰਦਾਰ ਜੱਸਾ ਸਿੰਘ ਦਾ ਇਹ ਅਜਿਹਾ ਨੇਕ ਕੰਮ ਸੀ, ਜਿਸ ਨਾਲ ਉਸ ਦੀ ਸਾਰੇ ਪੰਜਾਬ ਵਿਚ ਧੁੰਮ ਮੱਚ ਗਈ ਤੇ ਹਰ ਇਕ ਦੇ ਦਿਲ ਵਿਚ ਉਸ ਦੀ ਬਹਾਦਰੀ ਤੇ ਦਲੇਰੀ ਦਾ ਸਿੱਕਾ ਜੰਮ ਗਿਆ।[1]" 1748 ਈ. ਵਿਚ ਕਈ ਸਾਲਾਂ ਬਾਅਦ ਸ੍ਰੀ ਅੰਮ੍ਰਿਤਸਰ ਵਿਚ ਵੈਸਾਖੀ ਦਾ ਸ਼ੁਭ ਦਿਹਾੜਾ ਮਨਾਉਣ ਲਈ ਖਾਲਸੇ ਨੇ ਵੱਖ-ਵੱਖ ਥਾਵਾਂ 'ਤੇ ਖਿੰਡੇ-ਪੁੰਡੇ ਜਥਿਆਂ ਨੂੰ ਵੈਸਾਖੀ ਮਨਾਉਣ ਦੀ ਖ਼ਬਰ ਦੇਣ ਲਈ ਘੋੜੇ ਦੌੜਾ ਦਿੱਤੇ। ਡਾ. ਗੰਡਾ ਸਿੰਘ ਲਿਖਦੇ ਹਨ ਕਿ 'ਕਈ ਮੁੱਦਤ ਪਿੱਛੋਂ ਆਪਣੀ ਸ਼ਾਨ ਦਾ ਇਹ ਪਹਿਲਾ ਵੈਸਾਖੀ ਦਾ ਮੇਲਾ ਸੀ। ਵਰ੍ਹਿਆਂ ਪਿੱਛੋਂ ਸਿੰਘਾਂ ਨੇ ਰੱਜ-ਰੱਜ ਭਰਾਵਾਂ ਅਤੇ ਗੁਰਧਾਮਾਂ ਦੇ ਦਰਸ਼ਨ ਕੀਤੇ। ਵਿਚਾਰਾਂ-ਵਿਚਾਰਾਂ ਵਿਚ ਸਰਦਾਰ ਜੱਸਾ ਸਿੰਘ ਨੇ ਕਿਹਾ ਕਿ ਖਾਲਸਾ ਕਦੋਂ ਤਕ ਨੱਸ ਭੱਜ ਕੇ ਜੰਗਲਾਂ-ਬੇਲਿਆਂ ਅਤੇ ਪਹਾੜੀ ਖੱਡਾਂ ਵਿਚ ਲੁਕ-ਛੁਪ ਕੇ ਗੁਜ਼ਾਰਾ ਕਰੇਗਾ। ਕੋਈ ਗੜ੍ਹੀ ਜਾਂ ਕਿਲ੍ਹਾ ਕੋਟ ਰਚ ਕੇ ਪੱਕੀ ਤਰ੍ਹਾਂ ਪੈਰ ਜਮਾਉਣੇ ਚਾਹੀਦੇ ਹਨ। ਇਹ ਤਜਵੀਜ਼ ਸਭ ਨੇ ਪ੍ਰਵਾਨ ਕਰ ਲਈ ਅਤੇ ਸੋਚ ਹੋਣ ਲੱਗੀ ਕਿ ਗੜ੍ਹੀ ਰਚੀ ਕਿੱਥੇ ਜਾਏ। ਕਈ ਵਿਚਾਰਾਂ ਹੋਈਆਂ ਜਿਨ੍ਹਾਂ ਵਿਚ ਸਰਦਾਰ ਸੁੱਖਾ ਸਿੰਘ ਮਾੜੀ-ਕੰਬੋ ਵਾਲੇ ਅਤੇ ਕੁਝ ਹੋਰ ਸਿਦਕੀ ਸਿੰਘਾਂ ਨੇ ਕਿਹਾ ਕਿ "ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਨੂੰ ਛੱਡ ਕੇ ਹੋਰ ਕਿਧਰ ਜਾਣਾ ਹੈ? ਇੱਥੇ ਹੀ ਕਿਲ੍ਹਾ ਰਚਿਆ ਜਾਏ। ਜੇ ਜੀਵੀਏ ਤਾਂ ਗੁਰੂ ਕੀ ਗੋਦੇ, ਜੇ ਮਰੀਏ ਤਾਂ ਹਰਿ ਕੇ ਦੁਆਰੇ।[2]" ਇਸ ਤੋਂ ਬਾਅਦ ਮੁਖੀ ਸਿੱਖਾਂ ਨੇ ਇੱਥੇ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਂ ਉੱਤੇ ਰਾਮ ਰਾਉਣੀ ਇਕ ਮੋਟੀ ਦੀਵਾਰ (ਕੰਧ) ਬਣਾਉਣ ਲਈ ਗੁਰਮਤਾ ਕੀਤਾ। ਜਿੱਥੇ ਗੁਰੂ ਸਾਹਿਬ ਨੇ ਖੂਹੀ ਲਗਵਾਈ ਸੀ ਉਸ ਥਾਂ ਨੀਂਹ ਰੱਖੀ ਗਈ। ਇਸ ਦੀਵਾਰ ਉੱਪਰ ਕਈ ਉੱਚੇ-ਉੱਚੇ ਬੁਰਜ ਬਣਵਾਏ ਗਏ। ਇਨ੍ਹਾਂ ਬੁਰਜਾਂ ਵਿਚ ਬੈਠ ਕੇ ਦੁਸ਼ਮਣ ਨੂੰ ਦੂਰੋਂ ਵੇਖਿਆ ਜਾ ਸਕਦਾ ਸੀ। ਇਸ ਤੋਂ ਇਲਾਵਾ ਇਸ ਦੇ ਬਾਹਰ ਵਾਲੇ ਪਾਸੇ ਇਕ ਖਾਈ ਖੁਦਵਾਈ ਗਈ। ਇਹ ਸਾਰਾ ਕੁਝ ਥੋੜੇ ਸਮੇਂ ਵਿਚ ਹੀ ਹੋ ਗਿਆ, ਕਿਉਂਕਿ ਰਾਜ ਮਿਸਤਰੀ ਤੇ ਮਜ਼ਦੂਰ ਸਭ ਸਿੱਖਾਂ ਵਿਚ ਹੀ ਮੌਜੂਦ ਸਨ। ਗੁਰੂ-ਘਰ ਦੀ ਸੇਵਾ ਨੂੰ ਜਾਣਦੇ ਹੋਏ ਸਿੱਖ ਵਧ-ਚੜ੍ਹ ਕੇ ਹਿੱਸਾ ਲੈ ਰਹੇ ਸਨ। ਸਿੱਖ ਸੰਗਤ ਵਿਚ ਛੋਟੇ-ਵੱਡੇ ਦਾ ਕਿਸੇ ਨੂੰ ਖਿਆਲ ਨਹੀਂ ਸੀ। ਉਹ ਸਿਰਫ ਗੁਰੂ ਦੀ ਸੇਵਾ ਨੂੰ ਪ੍ਰਮੁੱਖ ਰੱਖਦੇ ਸਨ।[3] ਇਸ ਤਰ੍ਹਾਂ ਜੱਸਾ ਸਿੰਘ ਵੀ



SikhBookClub.Com

ਸਾਧਾਰਨ ਸਿੱਖ ਵਾਂਗ ਸੇਵਾ ਵਿਚ ਤੱਤਪਰ ਰਹਿੰਦਾ ਸੀ। ਇਹ ਸਾਰਾ ਕੁਝ ਸਿੱਖ ਪੰਥ ਦੀਆਂ ਉਕਤ ਸੇਵਾਵਾਂ ਨਿਭਾਉਣਾ ਕਿੱਥੋਂ ਸਿੱਖਿਆ? ਇਸ ਪਿੱਛੇ ਇਕ ਆਦਰਸ਼ ਮਾਂ ਦੀ ਪਰਵਰਿਸ਼ (ਪਾਲਣ-ਪੋਸ਼ਣ) ਨੇ ਕੰਮ ਕੀਤਾ।

ਸਰਦਾਰ ਜੱਸਾ ਸਿੰਘ ਦੀ ਜੀਵਨ ਸਿਰਜਣਾ ਵਿਚ ਉਨ੍ਹਾਂ ਦੀ ਮਾਤਾ ਦਾ ਅਹਿਮ ਯੋਗਦਾਨ ਸੀ। ਇਸ ਗੱਲ ਦਾ ਇਤਿਹਾਸ ਗਵਾਹ ਹੈ ਕਿ ਮਾਂ ਆਪਣੀ ਔਲਾਦ (ਬੱਚਿਆਂ) ਨੂੰ ਜੋ ਚਾਹੇ ਬਣਾ ਸਕਦੀ ਹੈ। ਮਾਂ ਆਪਣੇ ਬੱਚੇ ਨੂੰ ਚਾਹੇ ਤਾਂ ਸੂਰਮਾ, ਯੋਧਾ, ਭਗਤ ਜਾਂ ਚੋਰ, ਡਾਕੂ ਬਣਾ ਸਕਦੀ ਹੈ। ਬੱਚੇ ਦਾ ਜੀਵਨ ਉਸ ਦੀ ਪਰਵਰਿਸ਼ 'ਤੇ ਆਧਾਰਿਤ ਹੁੰਦਾ ਹੈ। ਸਭ ਤੋਂ ਪਹਿਲਾਂ ਉਹ ਘਰ ਵਿਚ ਆਪਣੀ ਮਾਂ ਫਿਰ ਹੋਰ ਪਰਵਾਰ ਅਤੇ ਸਮਾਜ ਦੀ ਸੰਗਤ ਮਾਣਦਾ ਹੈ। ਸਰਦਾਰ ਜੱਸਾ ਸਿੰਘ ਦੇ ਪੁਰਖੇ ਗੁਰੂ-ਘਰ ਦੇ ਬਹੁਤ ਸ਼ਰਧਾਲੂ ਸਨ। ਉਨ੍ਹਾਂ ਨੂੰ ਗੁਰਸਿੱਖੀ ਨਾਲ ਬੜਾ ਪਿਆਰ ਸੀ। ਸਰਦਾਰ ਜੱਸਾ ਸਿੰਘ ਦੀ ਛੋਟੀ ਉਮਰ ਹੀ ਸੀ, ਕਿ ਪਿਤਾ ਦੀ ਮੌਤ ਹੋ ਗਈ। ਪਿਤਾ ਦੀ ਮੌਤ ਤੋਂ ਬਾਅਦ ਜੱਸਾ ਸਿੰਘ ਨੇ ਆਪਣੀ ਮਾਤਾ ਤੋਂ ਹੀ ਦੁਨਿਆਵੀ ਵਲ ਸਿੱਖੇ। ਉਨ੍ਹਾਂ ਨੇ ਆਪਣੀ ਆਦਰਸ਼ ਮਾਂ ਦੇ ਨਾਲ-ਨਾਲ ਮਾਤਾ ਸੁੰਦਰੀ ਜੀ ਦੀ ਸੰਗਤ ਵੀ ਰੱਜ ਕੇ ਮਾਣੀ। ਚੰਗੇ ਭਾਗਾਂ ਕਰਕੇ ਸਰਦਾਰ ਜੱਸਾ ਸਿੰਘ ਨੂੰ ਤਾਂ ਦੋ ਆਦਰਸ਼ ਮਾਤਾਵਾਂ ਦਾ ਪਿਆਰ ਤੇ ਆਸ਼ੀਰਵਾਦ ਮਿਲਿਆ। ਮਾਤਾ ਸੁੰਦਰੀ ਜੀ ਨੇ ਗੁਰਮੁਖੀ ਦੀ ਵਿੱਦਿਆ ਦਿੱਤੀ। ਜੱਸਾ ਸਿੰਘ ਸੰਗਤ ਵਿਚ ਬੈਠ ਕੇ ਬੜੇ ਧਿਆਨ-ਪੂਰਵਕ ਕੀਰਤਨ ਸੁਣਦਾ। ਇਨ੍ਹਾਂ ਨੂੰ ਕੀਰਤਨ ਨਾਲ ਬਹੁਤ ਪਿਆਰ ਸੀ। ਇਸ ਕਰਕੇ ਕੀਰਤਨ ਦੀ ਦਾਤ ਛੇਤੀ ਹੀ ਪ੍ਰਾਪਤ ਕਰ ਲਈ। ਸੰਗਤ ਵਿਚ ਦੋਤਾਰੇ ਨਾਲ ਕੀਰਤਨ ਦੀ ਹਾਜ਼ਰੀ ਭਰਦੇ। ਕੀਰਤਨ ਵਿਚ ਇੰਨਾ ਪਿਆਰ ਉਨ੍ਹਾਂ ਦੀ ਮਾਤਾ ਦਾ ਗੁਰਸਿੱਖੀ ਮਾਰਗ ਵਿਚ ਜੀਵਨ ਜੀਉਣ ਕਰਕੇ ਸੀ। ਡਾ. ਜੀਤ ਸਿੰਘ ਸੀਤਲ ਸਰਦਾਰ ਜੱਸਾ ਸਿੰਘ ਦੇ ਪਰਵਾਰ ਬਾਰੇ ਲਿਖਦੇ ਹਨ ਕਿ "ਪਿਤਾ ਸ. ਬਦਰ ਸਿੰਘ ਦੇ ਮਰਨ ਪਿੱਛੋਂ ਉਸ ਦੀ ਪਤਨੀ ਤੇ ਪੁੱਤਰ ਰਹਿ ਗਏ। ਮਾਂ ਪੁੱਤਰ ਦਾ ਬਹੁਤ ਪਿਆਰ ਸੀ। ਇਹ ਮਾਤਾ, ਸਿੰਘ ਘਰ ਦੀ ਬੇਟੀ; ਜਿਸ ਨੂੰ ਉਸ ਦੇ ਪਿਤਾ ਨੇ ਗੁਰਮੁਖੀ ਅੱਖਰ ਪੜ੍ਹਾ ਦਿੱਤੇ ਸਨ ਤੇ ਗੁਰਬਾਣੀ ਕੰਠ ਕਰਵਾ ਦਿੱਤੀ ਸੀ। ਉਹ ਸੌਹਰਿਓਂ ਪੇਕਿਓਂ ਦੋਹਾਂ ਧਿਰਾਂ ਤੋਂ ਸਿੱਖਣੀ ਸੀ। ਉਹ ਪੋਥੀ ਹਮੇਸ਼ਾ ਆਪਣੇ ਗਾਤਰੇ ਵਿਚ ਪਾਈ ਰੱਖਦੀ ਅਤੇ ਜਿੱਥੇ ਕਿਧਰੇ ਸਿੰਘਾਂ ਦੀ ਸੰਗਤ ਹੁੰਦੀ, ਉੱਥੇ ਪੁੱਜ ਕੇ ਸ਼ਬਦ ਕੀਰਤਨ ਦੀ ਚੌਂਕੀ ਕਰਦੀ।[4]" ਸੰਝ ਸਮੇਂ ਨਿੱਤ ਸੋਦਰੁ ਦਾ ਪਾਠ ਕਰਦੀ। ਉਹ ਦੁਤਾਰਾ ਫੜ ਕੇ ਕੀਰਤਨ ਕਰਦੀ।' ਸ. ਰਤਨ ਸਿੰਘ (ਭੰਗੂ) ਲਿਖਦੇ ਹਨ:

***ਜਹਾਂ ਖਾਲਸੇ ਲਾਇ ਦੀਵਾਨ। ਜਾਇ ਕਰੈ ਸ਼ਬਦ ਚੌਕੀ ਗਾਨ।***

ਸਰਦਾਰ ਜੱਸਾ ਸਿੰਘ ਨੂੰ ਆਪਣੀ ਮਾਤਾ ਨਾਲ ਕੀਰਤਨ ਕਰਦਿਆਂ ਨਵਾਬ ਕਪੂਰ ਸਿੰਘ ਜੀ ਨੇ ਵੇਖਿਆ ਤੇ ਉਹ ਬਹੁਤ ਪ੍ਰਸੰਨ ਹੋਏ। ਮਾਤਾ ਜੀ ਨੂੰ ਬੇਨਤੀ ਕਰ ਕੇ ਜੱਸਾ ਸਿੰਘ ਨੂੰ ਆਪਣੇ ਨਾਲ ਲੈ ਆਏ। ਮਾਤਾ ਸੁੰਦਰੀ ਜੀ ਨੇ ਜੱਸਾ



SikhBookClub.Com

ਸਿੰਘ ਨੂੰ ਪਿਆਰ ਭੇਟਾ ਵਿਚ ਇਕ ਕਿਰਪਾਨ, ਇਕ ਢਾਲ, ਤੀਰਾਂ ਦਾ ਭੱਥਾ ਅਤੇ ਚਾਂਦੀ ਦੀ ਚੋਭ ਦੇ ਕੇ ਨਿਵਾਜਿਆ। ਆਪ ਨੇ ਨਵਾਬ ਕਪੂਰ ਸਿੰਘ ਜੀ ਤੋਂ ਖੰਡੇ-ਬਾਟੇ ਦੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਸ਼ਸਤਰ ਵਿੱਦਿਆ ਤੇ ਸੇਵਾ ਦੇ ਗੁਣਾਂ ਵਿਚ ਨਿਪੁੰਨਤਾ ਹਾਸਲ ਕੀਤੀ।

ਐਸੇ ਮਹਾਨ ਸੂਰਬੀਰ ਯੋਧੇ ਦਾ ਅਤੀਤ ਕੀ ਸੀ? ਇਕ ਸਾਧਾਰਨ ਨਬਾਲਗ ਨੂੰ ਮਾਂ ਨੇ ਗੁਰਮਤਿ ਦੀ ਰੋਸ਼ਨੀ ਵਿਚ ਆਪਣੀ ਸੁਯੋਗ ਅਗਵਾਈ ਦੇ ਕੇ ਸਿੱਖ ਕੌਮ ਵਿਚ 'ਸੁਲਤਾਨ-ਉਲ-ਕੌਮ' ਦੇ ਖ਼ਿਤਾਬ ਨਾਲ ਨਿਵਾਜਣਯੋਗ ਬਣਾਇਆ। ਇਹ ਸੀ- ਆਦਰਸ਼ ਮਾਤਾ ਦਾ ਸਪੂਤ: ਸਰਦਾਰ ਜੱਸਾ ਸਿੰਘ ਆਹਲੂਵਾਲੀਆ। ਅੱਜ ਲੋੜ ਹੈ ਸਾਡੀਆਂ ਮਾਤਾਵਾਂ ਨੂੰ ਅਜਿਹੀ ਮਾਤਾ ਤੋਂ ਸੇਧ ਲੈਣ ਦੀ ਕਿ ਉਨ੍ਹਾਂ ਵੱਲੋਂ ਆਪਣੇ ਪੁੱਤਰ ਦੇ ਜੀਵਨ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਵਿਚ ਕਿੰਨਾ ਯੋਗਦਾਨ ਸੀ। ਅਜਿਹੀ ਆਰਦਸ਼ ਮਾਤਾ ਦੀਆਂ ਯਾਦਾਂ ਨੂੰ ਤਾਜ਼ਾ ਕਰ ਕੇ ਉਨ੍ਹਾਂ ਦੀ ਪਵਿੱਤਰ ਸੋਚ, ਪੁੱਤਰ ਦੀ ਕੁਰਬਾਨੀ ਦੇ ਸ਼ਾਨਦਾਰ ਇਤਿਹਾਸ ਤੋਂ ਪ੍ਰੇਰਨਾ ਲੈ ਕੇ ਭਵਿੱਖ ਵਿਚ ਕੌਮੀ ਹੀਰਿਆਂ ਦੀ ਸਿਰਜਣਾ ਕਰ ਸਕਦੇ ਹਾਂ।

## ਹਵਾਲੇ ਅਤੇ ਟਿੱਪਣੀਆਂ:


1. ਕਨ੍ਹੱਈਆ ਲਾਲ, *ਤਾਰੀਖ਼-ਏ-ਪੰਜਾਬ*, ਅਨੁਵਾਦਕ ਜੀਤ ਸਿੰਘ ਸੀਤਲ, ਪੰਨਾ 95.
2. ਡਾ. ਗੰਡਾ ਸਿੰਘ, *ਸਰਦਾਰ ਜੱਸਾ ਸਿੰਘ ਆਹਲੂਵਾਲੀਆ*, ਪੰਨੇ 65-66.
3. *ਸਰਦਾਰ ਜੱਸਾ ਸਿੰਘ ਆਹਲੂਵਾਲੀਆ* (ਹਿੰਦੀ), ਭਾਸ਼ਾ ਵਿਭਾਗ, ਪੰਜਾਬ, ਪੰਨੇ 29-30.
4. *ਗੁਰਮਤਿ ਪ੍ਰਕਾਸ਼*, ਅਕਤੂਬਰ 1983, ਪੰਨੇ 44-45.





SikhBookClub.Com

# ਰਾਮ ਸੁਖ ਰਾਓ ਅਨੁਸਾਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਰਾਜਾ ਜਵਾਹਰ ਸਿੰਘ ਭਰਤਪੁਰੀਏ ਨਾਲ ਸੰਬੰਧ

*—ਡਾ. ਕੁਲਵਿੰਦਰ ਸਿੰਘ*

'ਦਲ ਖਾਲਸਾ' ਦੇ ਸਰਵੋਤਮ ਆਗੂ ਤੇ ਰਿਆਸਤ ਕਪੂਰਥਲਾ ਦੇ ਬਾਨੀ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਜੀਵਨ ਤੇ ਪ੍ਰਾਪਤੀਆਂ ਨੂੰ ਜਾਣਨ ਤੇ ਸਮਝਣ ਵਾਸਤੇ ਰਾਮ ਸੁਖ ਰਾਓ ਦੁਆਰਾ ਰਚਿਤ 'ਜੱਸਾ ਸਿੰਘ ਬਿਨੋਦ' ਬਹੁਤ ਹੀ ਮਹੱਤਵਪੂਰਨ ਗ੍ਰੰਥ ਹੈ। ਇਸ ਗ੍ਰੰਥ ਦੀ ਰਚਨਾ ਸਰਦਾਰ ਫਤਿਹ ਸਿੰਘ ਆਹਲੂਵਾਲੀਏ ਦੇ ਰਾਜ ਕਾਲ (1801-1837 ਈ.) ਦੌਰਾਨ ਹੋਈ ਸੀ। ਇਹ ਗ੍ਰੰਥ ਦੀ ਇਕ ਕਾਪੀ ਪੰਜਾਬ ਸਟੇਟ ਆਰਕਾਈਵਜ਼, ਪਟਿਆਲਾ ਵਿਖੇ ਖਰੜਾ ਨੰ: ਐਮ/772 ਅਧੀਨ ਸੁਰੱਖਿਅਤ ਹੈ। ਰਾਮ ਸੁਖ ਰਾਓ ਦੇ ਪਰਵਾਰਿਕ ਪਿਛੋਕੜ ਅਤੇ ਮੁੱਢਲੇ ਜੀਵਨ ਬਾਰੇ ਗਿਆਤ ਸੋਮਿਆਂ ਤੋਂ ਸਾਨੂੰ ਕੋਈ ਪਤਾ ਨਹੀਂ ਲਗਦਾ। ਉਸ ਦੀਆਂ ਲਿਖਤਾਂ ਵਿਚ ਆਈਆਂ ਗਵਾਹੀਆਂ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਉਹ ਨੌਕਰੀ ਦੀ ਤਲਾਸ਼ ਵਿਚ ਸੰਮਤ 1841 (1790 ਈ.) ਦੇ ਆਲੇ-ਦੁਆਲੇ, ਸਰਦਾਰ ਭਾਗ ਸਿੰਘ ਆਹਲੂਵਾਲੀਏ ਦੇ ਦਰਬਾਰ ਵਿਚ ਹਾਜ਼ਰ ਹੋਇਆ ਸੀ। ਸਰਦਾਰ ਭਾਗ ਸਿੰਘ ਨੇ ਉਸ ਨੂੰ ਕੁੰਵਰ ਫਤਿਹ ਸਿੰਘ ਦਾ ਅਧਿਆਪਕ ਨਿਯੁਕਤ ਕੀਤਾ ਸੀ।[1] ਹਿੰਦੂ ਸਮਾਜਕ ਵਰਣ-ਵੰਡ ਅਨੁਸਾਰ ਰਾਮ ਸੁਖ ਰਾਓ ਬ੍ਰਾਹਮਣ ਸੀ ਤੇ ਵੈਸ਼ਨਵ ਮੱਤ ਦਾ ਧਾਰਨੀ ਸੀ। ਫ਼ਾਰਸੀ, ਉਰਦੂ, ਸੰਸਕ੍ਰਿਤ, ਬ੍ਰਜ, ਗੁਰਮੁਖੀ ਆਦਿ ਭਾਸ਼ਾਵਾਂ ਦਾ ਉਹ ਚੰਗਾ ਗਿਆਤਾ ਸੀ। ਆਪਣੀ ਲਿਆਕਤ, ਮਿਹਨਤ ਤੇ ਦਿਆਨਤਦਾਰੀ ਦੇ ਦਮ 'ਤੇ ਹੀ ਉਹ ਆਹਲੂਵਾਲੀਏ ਸਰਦਾਰਾਂ (ਸਰਦਾਰ ਭਾਗ ਸਿੰਘ ਤੇ ਫਤਿਹ ਸਿੰਘ), ਦਾ ਸਨਮਾਨਯੋਗ ਦਰਬਾਰੀ ਬਣ ਗਿਆ ਸੀ। ਸੰਭਵਤਾ, ਉਸ ਦੀ ਲਿਆਕਤ ਨੂੰ ਮੁੱਖ ਰੱਖਦਿਆਂ ਸਰਦਾਰ ਫਤਿਹ ਸਿੰਘ ਨੇ ਉਸ ਨੂੰ ਆਹਲੂਵਾਲੀਏ ਘਰਾਣੇ ਦਾ ਇਤਿਹਾਸ ਲਿਖਣ ਵਾਸਤੇ ਨਿਯੁਕਤ ਕੀਤਾ ਸੀ। ਫਲਸਰੂਪ, ਰਾਮ ਸੁਖ ਰਾਓ ਨੇ ਆਹਲੂਵਾਲੀਏ ਰਾਜਿਆਂ ਬਾਰੇ ਤਿੰਨ ਗ੍ਰੰਥ: ਜੱਸਾ ਸਿੰਘ ਬਿਨੋਦ, ਭਾਗ ਸਿੰਘ ਚੰਦ੍ਰੋਦਯ ਤੇ ਸ੍ਰੀ ਫਤਿਹ ਸਿੰਘ ਪ੍ਰਤਾਪ ਪ੍ਰਭਾਕਰ ਲਿਖੇ। ਇਨ੍ਹਾਂ ਗ੍ਰੰਥਾਂ ਦੀਆਂ



SikhBookClub.Com

ਹੱਥ-ਲਿਖਤਾਂ ਪੰਜਾਬ ਸਟੇਟ ਆਰਕਾਈਵਜ਼, ਪਟਿਆਲਾ ਵਿਖੇ ਉਪਲਬਧ ਹਨ।[2]

ਹਥਲੇ ਲੇਖ ਵਿਚ ਅਸੀਂ 'ਜੱਸਾ ਸਿੰਘ ਬਿਨੋਦ' ਵਿਚਲੀਆਂ ਗਵਾਹੀਆਂ ਦੇ ਆਧਾਰ 'ਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਰਾਜਾ ਜਵਾਹਰ ਸਿੰਘ ਭਰਤਪੁਰੀਏ ਨਾਲ ਸੰਬੰਧਾਂ ਬਾਰੇ ਚਰਚਾ ਕਰ ਰਹੇ ਹਾਂ।

ਰਾਮ ਸੁਖ ਰਾਓ ਅਨੁਸਾਰ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ 'ਦਲ ਖਾਲਸਾ' ਦੇ ਮੁਖੀ ਦੀ ਹੈਸੀਅਤ ਵਿਚ, 1760 ਈ. ਤੋਂ ਲੈ ਕੇ 1772 ਈ. ਤਕ, ਹਿੰਦੋਸਤਾਨ (ਗੰਗਾ ਜਮਨਾ ਦੁਆਬ), ਉੱਤੇ ਸੱਤ ਵਾਰ ਚੜ੍ਹਾਈ ਕੀਤੀ ਸੀ। 1760 ਈ. ਵਿਚ ਦਲ ਖਾਲਸਾ ਨੇ ਦੋ ਵਾਰ ਹਿੰਦੋਸਤਾਨ 'ਤੇ ਚੜ੍ਹਾਈ ਕੀਤੀ ਸੀ। ਪਹਿਲੀ ਵਾਰ ਨਜੀਬੁਦੌਲਾਂ ਦੇ ਵਿਰੁੱਧ ਤੇ ਦੂਸਰੀ ਵਾਰ ਰਾਜਾ ਸੂਰਜ ਮੱਲ ਭਰਤਪੁਰੀਏ ਦੀ ਮਦਦ ਕਰਨ ਹਿੱਤ। 1764- 65 ਈ. ਵਿਚ ਤੀਜੀ ਵਾਰ ਰਾਜਾ ਜਵਾਹਰ ਸਿੰਘ ਦੀ ਨਜੀਬੋਦੌਲਾ ਦੇ ਵਿਰੁੱਧ ਮਦਦ ਕਰਨ ਹਿੱਤ; 1765- 66 ਈ. ਵਿਚ ਚੌਥੀ ਵਾਰ ਨਜੀਬੁਦੌਲਾ ਦੇ ਸਹਿਯੋਗੀ ਪਠਾਨਾਂ ਨੂੰ ਦਬਾਉਣ ਅਤੇ ਰਾਜਪੁਤਾਨੇ ਦੇ ਰਾਜਿਆਂ (ਬੀਕਾਨੇਰ, ਜੈਪੁਰ ਆਦਿ) ਤੋਂ ਟਕੇ ਵਸੂਲਣ ਹਿੱਤ। ਪੰਜਵੀਂ ਵਾਰ 1766-67 ਈ. ਵਿਚ ਖਾਲਸਾ ਫੌਜਾਂ ਨੇ ਫਿਰ ਨਜੀਬੁਦੌਲਾ ਅਤੇ ਰਾਜਪੂਤ ਰਾਜਿਆਂ ਤੋਂ ਨਜਰਾਨੇ ਵਸੂਲਣ ਹਿੱਤ ਜਮਨਾ ਪਾਰ ਕੀਤੀ ਸੀ। ਛੇਵੀਂ ਮੁਹਿੰਮ (1768 ਈ.) ਦੌਰਾਨ ਖਾਲਸਾ ਦਲ ਨੇ ਦਿੱਲੀ ਦਾ ਆਲਾ-ਦੁਆਲਾ ਲੁੱਟਿਆ ਸੀ। 1771-72 ਈ. ਵਿਚ ਖਾਲਸਾ ਫੌਜਾਂ ਨੇ ਸੱਤਵੀਂ ਵਾਰ ਹਿੰਦੋਸਤਾਨ ਤੇ ਹਮਲਾ ਕੀਤਾ ਸੀ। ਰਾਮ ਸੁੱਖ ਅਨੁਸਾਰ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦਾ ਹਿੰਦੋਸਤਾਨ ਤੇ ਇਹ ਆਖਰੀ ਹਮਲਾ ਸੀ ਜਿਸਦਾ ਮੰਤਵ ਹਿੰਦੋਸਤਾਨ ਦੇ ਹਾਕਮਾਂ ਨੂੰ ਜਿਚ ਕਰਨਾ ਹੀ ਸੀ।

ਫਰਵਰੀ, 1764 ਈ. ਵਿਚ ਰਾਜਾ ਜਵਾਹਰ ਸਿੰਘ ਭਰਤਪੁਰੀਏ ਨੇ ਆਪਣੇ ਵਕੀਲ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਦਰਬਾਰ ਵਿਚ ਭੇਜੇ ਸਨ। ਇਨ੍ਹਾਂ ਵਕੀਲਾਂ ਰਾਹੀ ਰਾਜਾ ਜਵਾਹਰ ਸਿੰਘ ਨੇ ਦਲ ਖਾਲਸਾ ਦੇ ਮੁਖੀ ਨੂੰ ਬੇਨਤੀ ਕੀਤੀ ਸੀ ਕਿ ਉਹ ਨਜੀਬੁਦੌਲਾ ਤੋਂ ਆਪਣੇ ਬਾਪ ਰਾਜਾ ਸੂਰਜ ਮੱਲ ਦੀ ਮੌਤ ਦਾ ਬਦਲਾ ਲੈਣਾ ਚਾਹੁੰਦਾ ਹੈ ਤੇ ਖਾਲਸਾ ਦਲ ਇਸ ਕੰਮ ਵਿਚ ਉਸਦੀ ਮਦਦ ਕਰੇ। ਰਾਜਾ ਸੂਰਜ ਮੱਲ ਮੇਵਾਤ ਦੇ ਖਿੱਤੇ ਰਾਹੀਂ ਦਿੱਲੀ ਦੇ ਦੱਖਣ ਪੱਛਮ ਵੱਲ ਮੁਲਖਗੀਰੀ ਕਰ ਰਿਹਾ ਸੀ। ਇਸ ਖਿੱਤੇ ਵਿਚ ਬਲੋਚ ਸਰਦਾਰਾਂ ਦੀਆਂ ਕੁਝ ਬਸਤੀਆਂ ਸਨ, ਇਨ੍ਹਾਂ ਵਿਚ ਝੱਜਰ ਤੇ ਹਸਨ ਅਲੀ ਖਾਂ, ਬਹਾਦਰਗੜ੍ਹ ਤੇ ਤਾਜ ਮੁਹੰਮਦ ਖਾਂ ਬਲੋਚ, ਤਾਰੂ ਤੇ ਅਸਦਉਲਾ ਖਾਂ ਬਲੋਚ, ਫਰਖ ਨਗਰ ਤੇ ਮੂਸਵੀ ਖਾਂ ਬਲੋਚ ਰਾਜ ਕਰ ਰਹੇ ਸਨ। ਮੂਸਵੀ ਖਾਂ ਇਨ੍ਹਾਂ ਸਾਰੇ ਬਲੋਚ ਸਰਦਾਰਾਂ ਵਿੱਚੋਂ ਹਰ ਪੱਖੋਂ ਤਾਕਤਵਰ ਸੀ। ਸੂਰਜ ਮੱਲ ਦੀ ਰਾਜ ਵਿਸਥਾਰ ਦੀ ਨੀਤੀ ਤੋਂ ਡਰਦਿਆਂ ਇਨ੍ਹਾਂ ਬਲੋਚ ਸਰਦਾਰਾਂ ਨੇ ਨਜੀਬੁਦੌਲਾ ਦੀ ਅਧੀਨਗੀ ਕਬੂਲ ਕਰ ਲਈ ਸੀ। ਜਦ ਸੂਰਜ ਮੱਲ ਨੇ ਇਨ੍ਹਾਂ ਬਲੋਚ ਸਰਦਾਰਾਂ ਦੀਆਂ ਬਸਤੀਆਂ ਨੂੰ ਆਪਣੇ ਅਧੀਨ



SikhBookClub.Com

ਕਰਨਾ ਸ਼ੁਰੂ ਕੀਤਾ ਤਾਂ ਇਨ੍ਹਾਂ ਨੇ ਨਜੀਬੁਦੌਲਾ ਨੂੰ ਰਾਜਾ ਸੂਰਜ ਮੱਲ ਦੇ ਖ਼ਿਲਾਫ਼ ਲੜਾਈ ਵਿਚ ਮਦਦ ਕਰਨ ਲਈ ਬੇਨਤੀ ਕੀਤੀ। ਖੈਰ, ਨਜੀਬੁਦੌਲਾ ਦੀਆਂ ਫੌਜਾਂ ਦੇ ਬਲੋਚਾਂ ਦੀ ਸਹਾਇਤਾ ਲਈ ਪਹੁੰਚਣ ਤੋਂ ਪਹਿਲਾਂ ਹੀ ਲੜਾਈ ਦੌਰਾਨ 25 ਦਸੰਬਰ, 1763 ਈ. ਨੂੰ ਸੂਰਜ ਮੱਲ ਸੱਯਦ ਮੁਹੰਮਦ ਬਲੋਚ ਹੱਥੋਂ ਮਾਰਿਆ ਗਿਆ ਸੀ। ਉਪਰੰਤ, ਸੱਯਦ ਮੁਹੰਮਦ ਭੱਜ ਕੇ ਮੂਸਵੀ ਖਾਂ ਕੋਲ ਫਰਖ ਨਗਰ ਚਲਾ ਗਿਆ। ਜਵਾਹਰ ਸਿੰਘ ਨੇ ਫਰਖ ਨਗਰ 'ਤੇ ਹਮਲਾ ਕਰ ਕੇ ਮੂਸਵੀ ਖਾਂ ਨੂੰ ਕੈਦ ਕਰ ਲਿਆ। ਸੱਯਦ ਮੁਹੰਮਦ (ਸੈਦ ਖਾਂ) ਉੱਥੋਂ ਭੱਜ ਕੇ ਨਜੀਬੁਦੌਲਾ ਦੀ ਸ਼ਰਨ ਵਿਚ ਚਲਾ ਗਿਆ।[3]

ਹੁਣ ਰਾਜਾ ਜਵਾਹਰ ਸਿੰਘ ਪਾਸ ਦੋ ਵਿਕਲਪ ਸਨ: ਪਹਿਲਾ ਇਹ ਕਿ ਉਹ ਨਜੀਬੁਦੌਲਾ ਵੱਲੋਂ ਆਪਣੇ ਵਿਰੁੱਧ ਹੋਣ ਵਾਲੀ ਕਾਰਵਾਈ ਦਾ ਇੰਤਜ਼ਾਰ ਕਰੇ ਤੇ ਦੂਜਾ ਇਹ ਕਿ ਬਿਨਾ ਦੇਰੀ ਕੀਤਿਆਂ ਨਜੀਬੁਦੌਲਾ 'ਤੇ ਹਮਲਾ ਕਰ ਕੇ ਅਫ਼ਗਾਨਾਂ ਦੀ ਤਾਕਤ ਨੂੰ ਖ਼ਤਮ ਕੀਤਾ ਜਾਵੇ। ਸੋਚ ਵਿਚਾਰ ਉਪਰੰਤ ਉਸ ਨੇ ਦੂਸਰੇ ਵਿਕਲਪ ਨੂੰ ਚੁਣਿਆ ਤੇ ਨਜੀਬੁਦੌਲਾ 'ਤੇ ਚੜ੍ਹਾਈ ਕਰਨ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਪਰ ਉਸ ਨੂੰ ਆਪਣੀ ਤਾਕਤ ਦਾ ਵੀ ਸਹੀ ਸਹੀ ਅੰਦਾਜ਼ਾ ਸੀ, ਉਸ ਨੂੰ ਪਤਾ ਸੀ ਕਿ ਉਹ ਆਪਣੇ ਬਲਬੂਤੇ 'ਤੇ ਅਫ਼ਗਾਨਾਂ ਨਾਲ ਟੱਕਰ ਲੈਣ ਦੇ ਸਮਰੱਥ ਨਹੀਂ। ਸੋ ਉਸ ਨੇ ਮਰਹੱਟਿਆਂ ਤੋਂ ਮਦਦ ਲੈਣ ਤੋਂ ਇਲਾਵਾ ਖਾਲਸਾ ਫੌਜਾਂ ਦੀ ਮਦਦ ਲੈਣ ਵਾਸਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਪਾਸ ਹਰਜੀ ਮੱਲ ਰੇਬਾਰੀ ਨੂੰ ਭੇਜਿਆ।[5]

ਹਰਜੀ ਮੱਲ ਨੇ ਰਾਜਾ ਜਵਾਹਰ ਸਿੰਘ ਦੀ ਤਰਫੋਂ ਪੰਜ ਘੋੜੇ ਤੇ ਗਿਆਰ੍ਹਾਂ ਹਜ਼ਾਰ ਰੁਪਏ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਭੇਟ ਕੀਤੇ। ਮੁਲਾਕਾਤ ਦੌਰਾਨ ਹਰਜੀ ਮੱਲ ਨੇ ਸੈਦ ਖਾਂ ਬਲੋਚ (ਸੱਯਦ ਮੁਹੰਮਦ) ਹੱਥੋਂ ਰਾਜਾ ਸੂਰਜ ਮੱਲ ਦੇ ਮਾਰੇ ਜਾਣ ਦੀ ਸਾਰੀ ਵਿਥਿਆ ਸਰਦਾਰ ਸਾਹਿਬ ਨੂੰ ਦੱਸੀ। ਫਿਰ ਉਸ ਨੇ ਅਰਜ਼ ਕੀਤੀ ਕਿ ਰਾਜਾ ਜਵਾਹਰ ਸਿੰਘ ਨਜੀਬੁਦੌਲਾ ਦੇ ਖ਼ਿਲਾਫ਼ ਲੜਾਈ ਦੀ ਸੂਰਤ ਵਿਚ ਖਾਲਸਾ ਫੌਜਾਂ ਦੀ ਮਦਦ ਚਾਹੁੰਦੇ ਹਨ ਤੇ ਇਸ ਮਕਸਦ ਲਈ ਰਾਜਾ ਜੀ ਖੁਦ ਵੀ ਸਰਦਾਰ ਸਾਹਿਬ ਨੂੰ ਮਿਲਣਾ ਚਾਹੁੰਦੇ ਹਨ। ਸਰਦਾਰ ਸਾਹਿਬ ਨੇ ਫੁਰਮਾਇਆ ਕਿ ਉਨ੍ਹਾਂ ਨੂੰ ਰਾਜਾ ਸੂਰਜ ਮੱਲ ਦੇ ਮਾਰੇ ਜਾਣ ਦਾ ਬੇਹੱਦ ਅਫਸੋਸ ਹੈ। ਅਗਰ ਨਜੀਬੁਦੌਲਾ ਨੇ ਰਾਜਾ ਸੂਰਜ ਮੱਲ ਦੇ ਹਤਿਆਰੇ ਸੈਦ ਖਾਂ ਬਲੋਚ ਨੂੰ ਰਾਜਾ ਜਵਾਹਰ ਸਿੰਘ ਦੇ ਹਵਾਲੇ ਨਾ ਕੀਤਾ ਤਾਂ ਖਾਲਸਾ ਫੌਜਾਂ ਰਾਜਾ ਜਵਾਹਰ ਸਿੰਘ ਦੀ ਤਰਫੋਂ ਨਜੀਬੁਦੌਲਾ ਵਿਰੁੱਧ ਲੜਨ ਲਈ ਤਿਆਰ ਹਨ।[6]

ਹਰਜੀ ਮੱਲ ਤੋਂ ਪਿੱਛੋਂ ਰਾਜਾ ਜਵਾਹਰ ਸਿੰਘ ਦੇ ਦੋ ਮੁਸਾਹਿਬ, ਮਦਾਰੀ ਖਾਂ ਮੇਵਾਤੀਆ ਤੇ ਹਿੰਮਤਗਿਰ ਸਨਿਆਸੀ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਦਰਬਾਰ ਵਿਚ ਹਾਜ਼ਰ ਹੋਏ। ਇਨ੍ਹਾਂ ਨੇ ਰਾਜਾ ਜਵਾਹਰ ਸਿੰਘ ਵੱਲੋਂ ਵਧੀਆ ਕਿਸਮ ਦੇ ਦੋ ਘੋੜੇ ਸਰਦਾਰ ਸਾਹਿਬ ਨੂੰ ਭੇਟ ਕੀਤੇ। ਮੁਲਾਕਾਤ ਦੌਰਾਨ ਇਨ੍ਹਾਂ ਨੇ



SikhBookClub.Com

ਸਰਦਾਰ ਸਾਹਿਬ ਨੂੰ ਦੱਸਿਆ ਕਿ ਰਾਜਾ ਜਵਾਹਰ ਸਿੰਘ ਨੇ ਕਸਮ ਖਾਧੀ ਹੋਈ ਹੈ ਕਿ ਓਨਾ ਚਿਰ ਉਹ ਭਰਤਪੁਰ ਦੀ ਰਾਜਗੱਦੀ 'ਤੇ ਨਹੀਂ ਬੈਠੇਗਾ ਜਿੰਨਾ ਚਿਰ ਉਹ ਆਪਣੇ ਬਾਪ ਦੇ ਹਤਿਆਰੇ ਸੈਦ ਖਾਂ ਬਲੋਚ ਨੂੰ ਮੌਤ ਦੇ ਘਾਟ ਨਹੀਂ ਉਤਾਰ ਦਿੰਦਾ। ਇਨ੍ਹਾਂ ਵਕੀਲਾਂ ਨੇ ਇਹ ਵੀ ਕਿਹਾ ਕਿ ਅਗਰ ਸਰਦਾਰ ਸਾਹਿਬ ਰਾਜਾ ਜੀ ਦੇ ਮਨਸੂਬੇ ਨਾਲ ਸਹਿਮਤੀ ਪ੍ਰਗਟ ਕਰਦੇ ਹਨ ਤੇ ਅਫ਼ਗਾਨਾਂ ਦੇ ਖ਼ਿਲਾਫ਼ ਉਸ ਦੀ ਮਦਦ ਕਰਨ ਦੀ ਹਾਮੀ ਭਰਦੇ ਹਨ ਤਾਂ ਰਾਜਾ ਜੀ ਖ਼ੁਦ ਸਰਦਾਰ ਸਾਹਿਬ ਨਾਲ ਮੁਲਾਕਾਤ ਕਰਨ ਨੂੰ ਤਿਆਰ ਹਨ। ਆਹਲੂਵਾਲੀਏ ਸਰਦਾਰ ਨੇ ਇਨ੍ਹਾਂ ਵਕੀਲਾਂ ਨੂੰ ਕਿਹਾ ਕਿ ਉਹ ਰਾਜਾ ਜਵਾਹਰ ਸਿੰਘ ਦੀ ਨਜੀਬੁਦੌਲਾ ਖ਼ਿਲਾਫ਼ ਮਦਦ ਕਰਨ ਦੀ ਇੱਛਾ ਦੋ ਕਾਰਨਾਂ ਕਰਕੇ, ਰੱਖਦੇ ਹਨ। ਪਹਿਲਾ, ਇਹ ਕਿ ਨਜੀਬੁਦੌਲਾ ਨੇ ਰਾਜਾ ਜੀ ਦਾ ਬਾਪ ਮਾਰਿਆ ਹੈ ਅਤੇ ਦੂਜਾ ਉਸ ਨੇ ਆਪਣੇ ਵਾਅਦੇ ਤੋਂ ਘੱਟ ਰਕਮ, ਜੋ ਉਸ ਨੇ ਪਿਛਲੀ ਮੁਹਿੰਮ ਦੌਰਾਨ ਖਾਲਸਾ ਜੀ ਨੂੰ ਦੇਣੀ ਕੀਤੀ ਸੀ, ਦਿੱਤੀ ਹੈ। ਲਿਹਾਜ਼ਾ, ਉਹ ਜਵਾਹਰ ਸਿੰਘ ਦੇ ਨਜੀਬੁਦੌਲਾ ਦੇ ਖ਼ਿਲਾਫ਼ ਮਨਸੂਬੇ ਨਾਲ ਸਹਿਮਤ ਹਨ। ਜਵਾਹਰ ਸਿੰਘ ਦੇ ਵਕੀਲਾਂ ਨੂੰ ਰੁਖ਼ਸਤ ਕਰਨ ਤੋਂ ਪਹਿਲਾਂ ਆਹਲੂਵਾਲੀਏ ਸਰਦਾਰ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਕੋਇਲ (ਅਲੀਗੜ੍ਹ) ਜਾ ਰਹੇ ਹਨ ਤੇ ਰਾਜਾ ਜਵਾਹਰ ਸਿੰਘ ਵੀ ਉਨ੍ਹਾਂ ਨੂੰ ਉੱਥੇ ਹੀ ਮਿਲੇ।[7] ਰਾਮ ਸੁਖ ਰਾਓ ਦੱਸਦਾ ਹੈ ਕਿ ਜਦ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਕੋਇਲ ਪਹੁੰਚਿਆ ਤਾਂ ਜਵਾਹਰ ਸਿੰਘ ਨੇ ਫਿਰ ਹਿੰਮਤਗਿਰ ਸਨਿਆਸੀ; ਹਰਜੀ ਮੱਲ ਤੇ ਮਦਾਰੀ ਖਾਂ ਨੂੰ ਆਹਲੂਵਾਲੀਏ ਸਰਦਾਰ ਦੇ ਦਰਬਾਰ ਵਿਚ ਭੇਜਿਆ ਤੇ ਮੁਲਾਕਾਤ ਵਾਸਤੇ ਬੇਨਤੀ ਕੀਤੀ ਜੋ ਸਰਦਾਰ ਸਾਹਿਬ ਨੇ ਪ੍ਰਵਾਨ ਕਰ ਲਈ।[8]

ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਜਦ ਰਾਜਾ ਜਵਾਹਰ ਸਿੰਘ ਦੀ ਆਮਦ ਆਪਣੇ ਡੇਰੇ ਵੱਲ ਸੁਣੀ ਤਾਂ ਉਨ੍ਹਾਂ ਨੇ ਰਾਜਾ ਗਜਪਤਿ ਸਿੰਘ (ਜੀਂਦ) ਦੀ ਅਗਵਾਈ ਹੇਠ ਸਿੱਖ ਸਰਦਾਰਾਂ ਨੂੰ ਰਾਜਾ ਜੀ ਦੇ ਸਵਾਗਤ ਲਈ ਭੇਜਿਆ। ਰਾਜਾ ਜਵਾਹਰ ਸਿੰਘ ਨੇ ਘੋੜੇ ਤੇ ਤੋਹਫੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਭੇਟ ਕਰ ਕੇ ਗੱਲਬਾਤ ਕਰਨ ਦਾ ਮੁੱਢ ਬੱਧਾ। ਆਹਲੂਵਾਲੀਏ ਸਰਦਾਰ ਨੇ ਪਹਿਲਾਂ ਰਾਜਾ ਜਵਾਹਰ ਸਿੰਘ ਨਾਲ ਰਾਜਾ ਸੂਰਜ ਮੱਲ ਦੀ ਮੌਤ ਦਾ ਦੁੱਖ ਪ੍ਰਗਟ ਕੀਤਾ। ਜਵਾਬ ਵਜੋਂ ਰਾਜਾ ਜਵਾਹਰ ਸਿੰਘ ਨੇ ਸਰਦਾਰ ਸਾਹਿਬ ਨੂੰ ਕਿਹਾ, "ਰਾਜਾ, ਸੂਰਜ ਮੱਲ ਦੀ ਮੌਤ ਪਿੱਛੋਂ ਉਹ ਸਰਦਾਰ ਸਾਹਿਬ ਨੂੰ ਹੀ ਉਨ੍ਹਾਂ ਦੀ ਥਾਂ ਮੰਨਦਾ ਹੈ।" ਫਿਰ ਸੈਦ ਖਾਂ ਤੇ ਨਜੀਬੁਦੌਲਾ ਬਾਰੇ ਗੱਲਬਾਤ ਸ਼ੁਰੂ ਹੋਈ। ਰਾਮ ਸੁਖ ਰਾਓ ਅਨੁਸਾਰ ਗੱਲਬਾਤ ਦੌਰਾਨ ਰਾਜਾ ਜਵਾਹਰ ਸਿੰਘ ਨੇ ਸਰਦਾਰ ਸਾਹਿਬ ਨੂੰ ਕਿਹਾ ਕਿ ਅਗਰ ਆਪ ਕਹੋ ਤਾਂ ਮਰਹੱਟੇ ਸਰਦਾਰਾਂ ਨੂੰ ਨਜੀਬੁਦੌਲਾ ਖ਼ਿਲਾਫ਼ ਮੁਹਿੰਮ ਵਿਚ ਸ਼ਾਮਲ ਕੀਤਾ ਜਾਵੇ। ਜਵਾਬ ਵਿਚ ਆਹਲੂਵਾਲੀਏ ਸਰਦਾਰ ਨੇ ਕਿਹਾ ਕਿ ਜਦ ਨਜੀਬੁਦੌਲਾ ਨੂੰ ਆਪਣੇ ਖ਼ਿਲਾਫ਼ ਸਾਡੇ ਵੱਲੋਂ ਕੀਤੇ ਗੱਠਜੋੜ ਦਾ ਪਤਾ ਲੱਗੇਗਾ ਤਾਂ ਉਹ ਅਵੱਸ਼ ਹੀ ਪਠਾਣ ਸਰਦਾਰਾਂ ਤੇ ਬਾਦਸ਼ਾਹੀ ਨਵਾਬਾਂ ਦੀ



SikhBookClub.Com

ਮਦਦ ਲਵੇਗਾ। ਇਸ ਸੂਰਤ ਵਿਚ ਮਰਹੱਟਿਆਂ ਦੀ ਸਹਾਇਤਾ ਲੈਣੀ ਵਾਜਿਬ ਹੈ।[9] ਇੱਥੇ ਜਾਂ ਤਾਂ ਰਾਮ ਸੁਖ ਰਾਓ ਨੂੰ ਟੱਪਲਾ ਲੱਗਾ ਹੈ ਅਤੇ ਜਾਂ ਫਿਰ ਰਾਜਾ ਜਵਾਹਰ ਸਿੰਘ ਸਰਦਾਰ ਸਾਹਿਬ ਦੀ ਖੁਸ਼ਨੂਦੀ ਹਾਸਲ ਕਰਨ ਖਾਤਰ ਉਨ੍ਹਾਂ ਨੂੰ ਹਨੇਰੇ ਵਿਚ ਰੱਖ ਰਿਹਾ ਸੀ, ਕਿਉਂਕਿ ਖਾਲਸਾ ਫੌਜਾਂ ਦੀ ਮਦਦ ਲੈਣ ਤੋਂ ਪਹਿਲਾਂ ਹੀ ਰਾਜਾ ਜਵਾਹਰ ਸਿੰਘ ਨੇ ਮਰਹੱਟਾ ਸਰਦਾਰਾਂ ਨੂੰ ਨਜੀਬੁਦੌਲਾ ਦੇ ਖ਼ਿਲਾਫ਼ ਮੁਹਿੰਮ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੋਇਆ ਸੀ। ਫਲਸਰੂਪ, ਮਲਹਾਰ ਰਾਉ ਹੋਲਕਰ ਦੀ ਅਗਵਾਈ ਹੇਠ 20 ਹਜ਼ਾਰ ਮਰਹੱਟੇ ਸਿਪਾਹੀ ਦਿੱਲੀ ਦੇ ਨੇੜੇ ਨਵੰਬਰ 1764 ਈ. ਨੂੰ ਰਾਜਾ ਜਵਾਹਰ ਸਿੰਘ ਨਾਲ ਰਲ ਚੁੱਕੇ ਸਨ[10] ਅਸਲ ਵਿਚ, ਮਲਹਾਰ ਰਾਉ ਦੀ ਦੋਗਲੀ ਨੀਤੀ ਤੋਂ ਪ੍ਰੇਸ਼ਾਨ ਹੋ ਕੇ ਹੀ ਰਾਜਾ ਜਵਾਹਰ ਸਿੰਘ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਤੋਂ ਮਦਦ ਲੈਣ ਦੀ ਸੋਚੀ ਸੀ। ਖੈਰ, ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਰਾਜਾ ਜਵਾਹਰ ਸਿੰਘ ਨੂੰ ਉਸ ਦੀ ਮਦਦ ਕਰਨ ਦਾ ਭਰੋਸਾ ਦਿੱਤਾ ਤੇ ਤੋਹਫੇ ਦੇ ਕੇ ਉਸ ਨੂੰ ਰੁਖ਼ਸਤ ਕੀਤਾ। ਖਾਲਸਾ ਦਰਬਾਰ ਛੱਡਣ ਤੋਂ ਪਹਿਲਾਂ, ਰਾਜਾ ਜਵਾਹਰ ਸਿੰਘ ਨੇ ਇਕਵੰਜਾ ਹਜ਼ਾਰ ਰੁਪਏ ਆਹਲੂਵਾਲੀਏ ਸਰਦਾਰ ਨੂੰ ਭੇਟ ਕੀਤੇ। ਇਸ ਤੋਂ ਇਲਾਵਾ ਸਾਰੇ ਮੁਖੀ ਸਰਦਾਰਾਂ ਨੂੰ ਅੱਡ-ਅੱਡ ਅਤੇ ਨਿਹੰਗਾਂ ਤੇ ਰਬਾਬੀਆਂ ਨੂੰ ਬਹੁਤ ਸਾਰੇ ਰੁਪਏ ਭੇਟ ਕੀਤੇ। ਉਪਰੰਤ, ਰਾਜਾ ਜਵਾਹਰ ਸਿੰਘ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਕਿਹਾ ਕਿ ਮਰਹੱਟੇ ਸਰਦਾਰ, ਮਹਾਂ ਜੀ ਸਿੰਧੀਆ, ਰਾਘੋ ਜੀ, ਮਲਹਾਰ ਰਾਉ ਹੋਲਕਰ ਤੇ ਤੁਕੋ ਜੀ, ਚਾਹੁੰਦੇ ਹਨ ਕਿ ਮੁਲਾਕਾਤ ਉਨ੍ਹਾਂ ਦੇ ਡੇਰੇ ਹੀ ਹੋਵੇ। ਇਸ 'ਤੇ ਸਰਦਾਰ ਸਾਹਿਬ ਨੇ ਕਿਹਾ ਕਿ ਤਿੰਨਾਂ ਡੇਰਿਆਂ: ਮਰਹੱਟਿਆਂ, ਸਰਦਾਰ ਸਾਹਿਬ ਤੇ ਰਾਜਾ ਜਵਾਹਰ ਸਿੰਘ ਦੇ ਵਿਚਕਾਰ ਮੁਲਾਕਾਤ ਲਈ ਫਰਸ਼ ਤਿਆਰ ਕੀਤਾ ਜਾਵੇ ਤੇ ਅਜਿਹਾ ਹੀ ਹੋਇਆ। ਰਾਮ ਸੁਖ ਰਾਓ ਨੇ ਇਸ ਤਿੰਨ ਧਿਰੀ ਮੀਟਿੰਗ ਨੂੰ ਬੜੇ ਵਿਸਥਾਰ ਨਾਲ ਅੰਕਿਤ ਕੀਤਾ ਹੈ। ਪਰ ਇਸ ਸਾਰੀ ਤਫ਼ਸੀਲ ਦਾ ਸਿੱਟਾ ਇਹੀ ਸੀ ਕਿ ਤਿੰਨਾਂ ਮੁਖੀਆਂ ਨੇ ਨਜੀਬੁਦੌਲਾ ਖਿਲਾਫ ਸਾਂਝੇ ਤੌਰ 'ਤੇ ਲੜਣ ਦਾ ਵਾਅਦਾ ਕੀਤਾ ਅਤੇ ਇਸ ਮੁਹਿੰਮ ਨੂੰ ਸਫਲਤਾ-ਪੂਰਕ ਸਿਰੇ ਲਾਉਣ ਦੇ ਢੰਗ ਤਰੀਕਿਆਂ ਬਾਰੇ ਵੀ ਚਰਚਾ ਕੀਤੀ।[11]

ਆਪਣੇ ਵਿਰੁੱਧ ਤਿਕੋਣੇ ਗੱਠਜੋੜ ਦਾ ਪਤਾ ਜਦ ਨਜੀਬੁਦੌਲਾ ਨੂੰ ਲੱਗਾ ਤਾਂ ਉਸ ਨੇ ਬਿਨ੍ਹਾਂ ਦੇਰੀ ਕੀਤਿਆਂ ਦਿੱਲੀ ਦੇ ਬਾਦਸ਼ਾਹ ਦੀ ਸਹਿਮਤੀ ਨਾਲ ਦਿੱਲਾ ਰਾਮ ਨੂੰ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਦਰਬਾਰ ਵਿਚ ਭੇਜਿਆ। ਦਿੱਲਾ ਰਾਮ ਨੇ ਇਕ ਲੱਖ ਰੁਪਏ ਦੀ ਹੁੰਡੀ ਦਿੱਲੀ ਦੇ ਬਾਦਸ਼ਾਹ ਤੇ ਨਜੀਬੁਦੌਲਾ ਦੀ ਤਰਫੋਂ ਸਰਦਾਰ ਸਾਹਿਬ ਨੂੰ ਭੇਟ ਕੀਤੀ ਤੇ ਬੇਨਤੀ ਕੀਤੀ ਕਿ ਅਗਰ ਖਾਲਸਾ ਫੌਜਾਂ ਭਰਤਪੁਰੀਆਂ ਦੀ ਮਦਦ ਨਾ ਕਰਨ ਤਾਂ ਤਿੰਨ ਲੱਖ ਰੁਪਏ ਹੋਰ ਸਰਦਾਰ ਸਾਹਿਬ ਨੂੰ ਭੇਟ ਕੀਤੇ ਜਾਣਗੇ। ਦਿੱਲੀ ਦੇ ਬਾਦਸ਼ਾਹ ਤੇ ਨਜੀਬੁਦੌਲਾ ਦੀ ਇਸ ਪੇਸ਼ਕਸ਼ 'ਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਹਾਜ਼ਰ ਸਿੱਖ ਸਰਦਾਰਾਂ ਦੀ



SikhBookClub.Com

ਇਕ ਮੀਟਿੰਗ ਬੁਲਾਈ। ਇਸ ਮੀਟਿੰਗ ਵਿਚ ਕਾਫੀ ਵਿਚਾਰ-ਵਿਟਾਂਦਰੇ ਉਪਰੰਤ ਸਾਰੇ ਸਰਦਾਰਾਂ ਨੇ ਇਕ ਮੱਤ ਹੋ ਕੇ ਨਜੀਬ ਦੇ ਪ੍ਰਸਤਾਵ ਨੂੰ ਠੁਕਰਾ ਦਿੱਤਾ ਤੇ ਜਵਾਹਰ ਸਿੰਘ ਦੀ ਮਦਦ ਕਰਨ ਦੀ ਵਕਾਲਤ ਕੀਤੀ। ਆਖਰ, ਆਹਲੂਵਾਲੀਏ ਸਰਦਾਰ ਨੇ ਦਿੱਲਾ ਰਾਮ ਨੂੰ ਕਹਿ ਦਿੱਤਾ ਕਿ ਜਿੰਨਾ ਚਿਰ ਰਾਜਾ ਸੂਰਜ ਮੱਲ ਦਾ ਕਾਤਲ ਨਜੀਬੁਦੌਲਾ ਦੀ ਸ਼ਰਨ ਵਿਚ ਹੈ ਉਤਨੀ ਦੇਰ ਰਾਜਾ ਜਵਾਹਰ ਸਿੰਘ ਦੀ ਮਦਦ ਕਰਨ ਤੋਂ ਇਲਾਵਾ ਕਿਸੇ ਹੋਰ ਵਿਕਲਪ ਬਾਰੇ ਸੋਚ ਵੀ ਨਹੀਂ ਸਕਦੇ। ਸਰਦਾਰ ਸਾਹਿਬ ਨੇ ਇਹ ਵੀ ਕਿਹਾ ਕਿ ਸਾਡੀ ਸਾਂਝ ਰਾਜਾ ਸੂਰਜ ਮੱਲ ਨਾਲ ਸੀ, ਪੈਸਿਆਂ ਦੀ ਸਾਨੂੰ ਕੋਈ ਕਮੀ ਨਹੀਂ। ਸਰਦਾਰ ਸਾਹਿਬ ਨੇ ਦਿੱਲਾ ਰਾਮ ਨੂੰ ਕਿਹਾ ਕਿ ਉਹ ਰਾਜਾ ਜਵਾਹਰ ਸਿੰਘ ਨੂੰ ਉਸ ਦੀ ਮਦਦ ਕਰਨ ਦਾ ਵਚਨ ਦੇ ਚੁੱਕੇ ਹਨ, ਹਾਂ ਅਗਰ ਨਜੀਬੁਦੌਲਾ ਸੱਯਦ ਮੁਹੰਮਦ ਬਲੋਚ ਨੂੰ ਸਾਡੇ ਹਵਾਲੇ ਕਰ ਦੇਵੇ ਤਾਂ ਤੁਹਾਡੀ ਤੇ ਰਾਜਾ ਜੀ ਦੀ ਸੁਲਾਹ ਬਾਰੇ ਗੌਰ ਕੀਤਾ ਜਾ ਸਕਦਾ ਹੈ।[12] ਅਜੇ ਦਿੱਲਾ ਰਾਮ ਖਾਲਸਾ ਦਰਬਾਰ ਵਿਚ ਹੀ ਸੀ ਤਾਂ ਰਾਜਾ ਜਵਾਹਰ ਸਿੰਘ ਦੁਬਾਰਾ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਦਰਬਾਰ ਵਿਚ ਹਾਜ਼ਰ ਹੋਇਆ। ਉਸ ਨੇ ਸਰਦਾਰ ਸਾਹਿਬ ਨੂੰ ਬੇਨਤੀ ਕੀਤੀ ਕਿ ਅਗਰ ਖਾਲਸਾ ਜੀ ਨਜੀਬੁਦੌਲਾ ਤੇ ਬਾਦਸ਼ਾਹੀ ਅਮੀਰਾਂ ਦਾ ਸਾਥ ਦੇਣ ਲਈ ਰਜਾਮੰਦ ਹੋ ਗਏ ਤਾਂ ਉਸ ਦੀ ਮਿੱਟੀ ਪਲੀਤ ਹੋ ਜਾਵੇਗੀ। ਸਰਦਾਰ ਸਾਹਿਬ ਨੇ ਰਾਜੇ ਜਵਾਹਰ ਸਿੰਘ ਨੂੰ ਕਿਹਾ ਕਿ ਹੁਣ ਵਕੀਲਾਂ ਦੀਆਂ ਗੱਲਾਂ ਸੁਣਨ ਦਾ ਵਕਤ ਨਹੀਂ, ਤੁਸੀਂ ਜਾ ਕੇ ਲੜਾਈ ਦੀ ਤਿਆਰੀ ਕਰੋ। ਤੀਸਰੇ ਰੋਜ਼ ਨੂੰ ਫੌਜਾਂ ਕੂਚ ਕਰਨਗੀਆਂ ਅਤੇ ਜੇਕਰ ਬਾਦਸ਼ਾਹੀ ਫੌਜਾਂ ਨੇ ਨਜੀਬੁਦੌਲਾ ਦੀ ਮਦਦ ਕੀਤੀ ਤਾਂ ਉਨ੍ਹਾਂ ਨਾਲ ਵੀ ਲੜਾਈ ਆਵੱਸ਼ ਹੋਵੇਗੀ।[13]

ਜਦ ਦਿੱਲਾ ਰਾਮ ਨੇ ਜਾ ਕੇ ਨਜੀਬੁਦੌਲਾ ਨੂੰ ਸਰਦਾਰਾਂ ਦੀ ਸਭਾ ਵਿਚ ਹੋਈ ਗੱਲਬਾਤ ਦੱਸੀ ਤਾਂ ਨਜੀਬੁਦੌਲਾ ਬਹੁਤ ਘਬਰਾਇਆ। ਉਪਰੰਤ, ਉਸ ਨੇ ਬਾਦਸ਼ਾਹੀ ਅਮੀਰਾਂ ਤੇ ਰੁਹੇਲੇ ਸਰਦਾਰਾਂ ਨੂੰ ਆਪਣੀ ਮਦਦ ਵਾਸਤੇ ਸੱਦ ਲਿਆ ਤੇ ਨਾਲ ਹੀ ਆਪਣਾ ਏਲਚੀ ਕਾਬਲ ਰਵਾਨਾ ਕਰ ਦਿੱਤਾ ਤਾਂਕਿ ਅਹਿਮਦਸ਼ਾਹ ਅਬਦਾਲੀ ਨੂੰ ਇਸ ਸੰਕਟਮਈ ਸਥਿਤੀ ਬਾਰੇ ਦੱਸਿਆ ਜਾਵੇ ਤੇ ਉਸ ਦੀ ਮਦਦ ਵੀ ਹਾਸਲ ਕੀਤੀ ਜਾਵੇ। ਆਪਣੇ ਵੱਲੋਂ ਪੂਰੀ ਤਿਆਰੀ ਕਰ ਕੇ ਨਜੀਬੁਦੌਲਾ ਨੇ ਦਿੱਲੀ ਤੋਂ ਬਾਹਰ ਆਪਣੀਆਂ ਫੌਜਾਂ ਨਾਲ ਡੇਰਾ ਜਮਾ ਲਿਆ ਤਾਂਕਿ ਹਮਲਾਵਰਾਂ ਤੋਂ ਰਾਜਧਾਨੀ ਨੂੰ ਸੁਰੱਖਿਅਤ ਰੱਖਿਆ ਜਾ ਸਕੇ।[14]

ਨਵੰਬਰ, 1764 ਈ. ਨੂੰ ਸਰਦਾਰ ਜੱਸਾ ਸਿੰਘ ਆਹਲੂਵਾਲੀਏ, ਮਰਹੱਟਿਆਂ ਤੇ ਰਾਜਾ ਜਵਾਹਰ ਸਿੰਘ ਦੀਆਂ ਫੌਜਾਂ ਨੇ ਦਿੱਲੀ ਨੂੰ ਜਾ ਘੇਰਿਆ। ਮਰਹੱਟਿਆਂ ਨੇ ਦਿੱਲੀ ਦੇ ਉੱਤਰ ਵੱਲ ਤੇ ਖਾਲਸਾ ਫੌਜਾਂ ਨੇ ਦਿੱਲੀ ਦੇ ਉੱਤਰ-ਪੱਛਮ ਵੱਲ ਡੇਰੇ ਲਾ ਦਿੱਤੇ। ਰਾਜਾ ਜਵਾਹਰ ਸਿੰਘ ਨੇ ਆਪਣੀ ਫੌਜ ਨੂੰ ਤਿੰਨ ਹਿੱਸਿਆਂ ਵਿਚ ਵੰਡ ਕੇ ਇਕ ਹਿੱਸੇ ਨੂੰ ਜਮਨਾ ਦਰਿਆ ਦੇ ਪੂਰਬੀ ਕੰਢੇ 'ਤੇ, ਦੂਸਰੇ ਨੂੰ ਦਿੱਲੀ ਦੇ



SikhBookClub.Com

ਸਾਹਮਣੇ ਅਤੇ ਤੀਸਰੇ ਨੂੰ ਅਜਮੇਰੀ ਦਰਵਾਜ਼ੇ ਦੇ ਸਾਹਮਣੇ ਤਾਇਨਾਤ ਕਰ ਦਿੱਤਾ। ਜਦ ਦੋਹਾਂ ਪਾਸਿਆਂ ਤੋਂ ਫੌਜਾਂ ਆ ਡਟੀਆਂ ਤਾਂ ਬਾਦਸ਼ਾਹ ਸ਼ਾਹ ਆਲਮ ਨੇ ਆਪਣੇ ਤਰਫੋਂ ਅਮੀਰਾਂ ਨੂੰ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਪਾਸ ਭੇਜਿਆ। ਇਨ੍ਹਾਂ ਬਾਦਸ਼ਾਹੀ ਅਮੀਰਾਂ ਨੇ ਬੇਨਤੀ ਕੀਤੀ ਕਿ ਬਾਦਸ਼ਾਹ ਸਲਾਮਤ ਸਾਲਸੀ ਕਰਕੇ ਤੁਹਾਨੂੰ ਨਜੀਬੁਦੌਲਾ ਨਾਲ ਮੇਲ ਦੇਂਦੇ ਹਨ ਤੇ ਤੁਸੀਂ ਭਰਤਪੁਰੀਆਂ ਦੀ ਮਦਦ ਨਾ ਕਰੋ। ਆਹਲੂਵਾਲੀਏ ਸਰਦਾਰ ਨੇ ਬਾਦਸ਼ਾਹੀ ਅਮੀਰਾਂ ਨੂੰ ਇਹ ਕਹਿ ਕੇ ਵਾਪਸ ਭੇਜ ਦਿੱਤਾ ਕਿ ਜਦ ਤਕ ਨਜੀਬੁਦੌਲਾ ਸੈਦ ਖਾਂ ਬਲੋਚ ਨੂੰ ਉਨ੍ਹਾਂ ਦੇ ਹਵਾਲੇ ਨਹੀਂ ਕਰਦਾ ਉਦੋਂ ਤਕ ਕੋਈ ਗੱਲਬਾਤ ਉਸ ਨਾਲ ਨਹੀਂ ਹੋਵੇਗੀ।[15]

ਰਾਮ ਸੁਖ ਰਾਓ ਨੇ ਦੋਹਾਂ ਫੌਜਾਂ ਦਰਮਿਆਨ ਹੋਈਆਂ ਲੜਾਈਆਂ ਦਾ ਬਹੁਤ ਹੀ ਵਿਸਥਾਰ-ਪੂਰਵਕ ਵਰਣਨ ਕੀਤਾ ਹੈ। ਹਰੇਕ ਲੜਾਈ ਵਿਚ ਦੋਹਾਂ ਪਾਸਿਆਂ ਦੇ ਸਿਪਾਹੀਆਂ ਨੇ ਅਸਧਾਰਨ ਬੀਰਤਾ ਦਿਖਾਈ ਸੀ। ਪਰ ਜਵਹਾਰ ਸਿੰਘ ਦੀਆਂ ਤੇ ਖਾਲਸਾ ਫੌਜਾਂ ਨੇ ਅਫ਼ਗਾਨਾਂ ਨਾਲ ਹੋਈ ਹਰੇਕ ਮੁੱਠ-ਭੇੜ ਤੇ ਗਹਿਹੱਚ ਲੜਾਈ ਦੌਰਾਨ ਅਫ਼ਗਾਨ ਸਿਪਾਹੀਆਂ ਨਾਲੋਂ ਵੱਧ ਬਲਵਾਨਗੀ ਵਿਖਾਈ। ਉਦਾਹਰਨ ਵਜੋਂ ਪਹਿਲੇ ਦਿਨ ਦਿੱਲੀ ਦੇ ਪੱਛਮ ਵੱਲ ਦੋਹਾਂ ਫੌਜਾਂ ਦਰਮਿਆਨ ਗਹਿਗੱਚ ਲੜਾਈ ਹੋਈ। ਨਜੀਬੁਦੌਲਾ ਵੱਲੋਂ ਉਸ ਦਾ ਪੁੱਤਰ ਜਾਬਤਾ ਖਾਂ ਅਤੇ ਦਿੱਲੀ ਦੇ ਬਾਦਸ਼ਾਹ ਵੱਲੋਂ ਅਸਮਾਨ ਖਾਂ ਤੇ ਸੁਲਤਾਨ ਖਾਂ ਲੜ ਰਹੇ ਸਨ। ਇਨ੍ਹਾਂ ਦੇ ਖ਼ਿਲਾਫ਼ ਮਰਹੱਟੇ ਸਿਪਾਹੀ ਲੜ ਰਹੇ ਸਨ ਜਦਕਿ ਖਾਲਸਾ ਫੌਜਾਂ ਨਜੀਬੁਦੌਲਾ ਦੀਆਂ ਫੌਜਾਂ ਨਾਲ ਟੱਕਰ ਲੈ ਰਹੀਆਂ ਸਨ। ਲੜਾਈ ਸ਼ੁਰੂ ਹੋਣ ਤੋਂ ਪਹਿਲਾਂ ਆਹਲੂਵਾਲੀਏ ਸਰਦਾਰ ਨੇ, ਆਪਣੇ ਸਾਥੀ ਸਿੱਖ ਸਰਦਾਰਾਂ ਜਿਨ੍ਹਾਂ ਵਿਚ ਰਾਜਾ ਗਜਪਤਿ ਸਿੰਘ, ਕੁਸ਼ਾਲ ਸਿੰਘ ਸਿੰਘਪੁਰੀਆ, ਜਿਮੀਂਦਾਰ ਸਿੰਘ, ਸ਼ੁਕਰਚੱਕੀਆ ਆਦਿ ਸਨ, ਨੂੰ ਸੰਬੋਧਿਤ ਹੁੰਦਿਆਂ ਕਿਹਾ ਸੀ ਕਿ ਪਿਛਾਂਹ ਮੂੰਹ ਨਹੀਂ ਮੋੜਨਾ। ਖਾਲਸਾ ਫੌਜਾਂ ਤੇ ਅਫ਼ਗਾਨਾਂ ਦੌਰਾਨ ਹੋਈ ਘਮਸਾਨ ਦੀ ਜੰਗ ਵਿਚ ਦੋਹਾਂ ਪਾਸਿਆਂ ਤੋਂ ਕਾਫੀ ਜਾਨੀ ਨੁਕਸਾਨ ਹੋਇਆ। ਪਰ ਖਾਲਸਾ ਦਲ ਨਜੀਬੁਦੌਲਾ ਦੀਆਂ ਫੌਜਾਂ ਨੂੰ ਰਣਭੂਮੀ ਵਿੱਚੋਂ ਖਦੇੜਣ ਵਿਚ ਕਾਮਯਾਬ ਹੋਏ। ਉਧਰ ਮਰਹੱਟਿਆਂ ਤੇ ਅਫ਼ਗਾਨਾਂ ਦਰਮਿਆਨ ਹੋਈਆਂ ਝੜਪਾਂ ਵਿਚ ਵੀ ਦੋਹਾਂ ਪਾਸਿਆਂ ਤੋਂ ਕਾਫੀ ਜਾਨੀ ਨੁਕਸਾਨ ਹੋਇਆ। ਖਾਲਸਾ ਦਲ ਵਿੱਚੋਂ ਰਾਜਾ ਗਜਪਤਿ ਸਿੰਘ ਦੇ ਦੋ ਮੁਸਾਹਿਬ, ਕਰਮ ਸਿੰਘ ਤੇ ਤਾਰਾ ਸਿੰਘ, ਆਲਾ ਸਿੰਘ ਦੇ ਤਿੰਨ ਮੁਸਾਹਿਬ, ਮੱਜਾ ਸਿੰਘ ਤੇ ਵੀਰੂ ਸਿੰਘ ਦੇ ਬੇਟੇ ਤੋਂ ਇਲਾਵਾ ਬਹੁਤ ਸਾਰੇ ਸਿੰਘ ਮਾਰੇ ਗਏ ਤੇ ਜ਼ਖ਼ਮੀ ਵੀ ਹੋਏ। ਇਸ ਤਰ੍ਹਾਂ ਪਹਿਲੇ ਦਿਨ ਦੀ ਲੜਾਈ ਬਿਨਾ ਕਿਸੇ ਸਿੱਟੇ ਦੇ ਖ਼ਤਮ ਹੋਈ ਤੇ ਸ਼ਾਮ ਨੂੰ ਦੋਹਾਂ ਪਾਸਿਆਂ ਦੀਆਂ ਫੌਜਾਂ ਆਪੋ-ਆਪਣੇ ਡੇਰਿਆਂ ਨੂੰ ਚਲੀਆਂ ਗਈਆਂ।[16]

ਅਗਲੇ ਦਿਨ ਫਿਰ ਬਾਦਸ਼ਾਹ ਸ਼ਾਹ ਆਲਮ ਵੱਲੋਂ ਭੇਜੇ ਹੋਏ ਵਕੀਲ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਮਿਲੇ ਤੇ ਬੇਨਤੀ ਕੀਤੀ ਕਿ ਬਾਦਸ਼ਾਹ



SikhBookClub.Com

ਸਲਾਮਤ ਚਾਹੁੰਦੇ ਹਨ ਕਿ ਇਹ ਫਸਾਦ ਮਕੂਫ ਹੋਵੇ ਤਾਂ ਠੀਕ ਹੈ। ਇਸ ਵਿਚ ਸਰਦਾਰ ਸਾਹਿਬ ਨੂੰ ਵੀ ਨੇਕ ਨਾਮੀ ਮਿਲੇਗੀ। ਬਾਦਸ਼ਾਹ ਦੇ ਇਨ੍ਹਾਂ ਏਲਚੀਆਂ ਨੂੰ ਆਹਲੂਵਾਲੀਏ ਸਰਦਾਰ ਨੇ ਕਿਹਾ ਕਿ ਅਗਰ ਨਜੀਬੁਦੌਲਾ ਉਨ੍ਹਾਂ ਨੂੰ ਮਿਲੇ ਤੇ ਉਨ੍ਹਾਂ ਦੀਆਂ ਸਾਰੀਆਂ ਸ਼ਰਤਾਂ ਮਨਜ਼ੂਰ ਕਰੇ ਤਾਂ ਉਹ ਆਪਣਾ ਡੇਰਾ ਇੱਥੋਂ ਉਠਾ ਲੈਣਗੇ।[17]

ਬਾਦਸ਼ਾਹ ਦੇ ਏਲਚੀਆਂ ਨੂੰ ਦੋ ਟੂਕ ਜਵਾਬ ਦੇਣ ਉਪਰੰਤ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਰਾਜਾ ਜਵਾਹਰ ਸਿੰਘ ਨੂੰ ਕਿਹਾ ਉਹ ਆਪਣੇ ਤੋਪਖ਼ਾਨੇ ਨੂੰ ਨਜੀਬੁਦੌਲਾ ਦੇ ਤੋਪਖ਼ਾਨੇ ਦੇ ਬਰਾਬਰ ਬੀੜ ਕੇ ਆਪ ਉਸ ਦੀ ਨਿਗਰਾਨੀ ਕਰੇ। ਫਿਰ ਇਸ ਤਰਫ ਦੀਆਂ ਫੌਜਾਂ ਨੇ ਦਿੱਲੀ ਦੇ ਗਿਰਦ ਡੇਰੇ ਜਮਾ ਲਏ। ਮਰਹੱਟਿਆਂ ਦਾ ਡੇਰਾ ਜੈ ਸਿੰਘ ਪੁਰੇ ਸੀ ਜਦ ਕਿ ਖਾਲਸਾ ਦਲ ਦਾ ਸੀਤਾ ਰਾਮ ਦੀ ਸਰਾਂ ਵਿਚ। ਉਧਰ ਨਜੀਬੁਦੌਲਾ ਆਪਣੀਆਂ ਫੌਜਾਂ ਨਾਲ ਮਜਨੂੰ ਦੇ ਟਿੱਲੇ ਦੇ ਲਾਗੇ ਡਟਿਆ ਹੋਇਆ ਸੀ। ਰਾਮ ਸੁਖ ਰਾਓ ਦੱਸਦਾ ਹੈ ਕਿ ਚਾਰ ਦਿਨ ਤਕ ਦੋਹਾਂ ਤਰਫਾਂ ਤੋਂ ਫੌਜਾਂ ਆਪੋ-ਆਪਣੇ ਡੇਰਿਆਂ ਵਿਚ ਹੀ ਡਟੀਆਂ ਰਹੀਆਂ। ਪੰਜਵੇਂ ਰੋਜ਼ ਜਵਾਹਰ ਸਿੰਘ ਦੀਆਂ ਫੌਜਾਂ ਨੇ ਨਜੀਬੁਦੌਲਾ ਦੀਆਂ ਫੌਜਾਂ ਤੇ ਤੋਪਖ਼ਾਨੇ ਨਾਲ ਹਮਲਾ ਕਰ ਦਿੱਤਾ। ਉਧਰ ਮਰਹੱਟਿਆਂ ਤੇ ਨਜੀਬੁਦੌਲਾ ਦੀਆਂ ਫੌਜੀ ਟੁੱਕੜੀਆਂ ਵਿਚਕਾਰ ਝੜਪਾਂ ਸ਼ੁਰੂ ਹੋ ਗਈਆਂ। ਮਰਹੱਟੇ ਬੜੀ ਬਹਾਦਰੀ ਨਾਲ ਲੜੇ ਪਰ ਫਿਰ ਵੀ ਅਫ਼ਗਾਨਾਂ ਨੇ ਉਨ੍ਹਾਂ ਨੂੰ ਦਬਾ ਲਿਆ। ਜਦ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਮਰਹੱਟਿਆਂ ਦੀਆਂ ਫੌਜਾਂ ਦਾ ਹਾਲ ਵੇਖਿਆ ਤਾਂ ਉਹ ਝਟਪਟ ਮਲਹਾਰ ਰਾਉ ਹੋਲਕਰ ਦੀ ਮਦਦ ਤੇ ਜਾ ਪਹੁੰਚੇ। ਸਰਦਾਰ ਸਾਹਿਬ ਨੇ ਖੁਦ ਤੀਰਾਂ ਦੀ ਵਰਖਾ ਕਰ ਕੇ ਲੜਾਈ ਦਾ ਪਾਸਾ ਪਲਟ ਦਿੱਤਾ। ਮਰਹੱਟੇ ਸਰਦਾਰਾਂ ਨੇ ਆਹਲੂਵਾਲੀਏ ਸਰਦਾਰ ਦੀ ਮਦਦ ਤੇ ਤੀਰ-ਅੰਦਾਜ਼ੀ ਦੀ ਬਹੁਤ ਸਿਫਤ ਕੀਤੀ ਤੇ ਉਨ੍ਹਾਂ ਨੂੰ ਆਪਣੇ ਡੇਰੇ ਤਸ਼ਰੀਫ ਲਿਆਉਣ ਦਾ ਸੱਦਾ ਵੀ ਦਿੱਤਾ। ਐਨ ਉਸੇ ਵਕਤ ਰਾਜਾ ਜਵਾਹਰ ਸਿੰਘ ਵੀ ਉੱਥੇ ਪੁੱਜ ਗਿਆ। ਆਹਲੂਵਾਲੀਏ ਸਰਦਾਰ ਨੇ ਉਸ ਨੂੰ ਕਿਹਾ ਕਿ ਫਤਿਹ ਤੇ ਨਮੋਸ਼ੀ (ਹਾਰ) ਦਾ ਸਿਹਰਾ ਉਸੇ ਦੇ ਸਿਰ ਹੈ। ਇਸ ਲਈ ਤੈਨੂੰ ਖ਼ੁਦ ਸਾਰੇ ਮੋਰਚਿਆਂ ਦਾ ਧਿਆਨ ਰੱਖਣਾ ਚਾਹੀਦਾ ਹੈ। ਫਿਰ ਤਿੰਨਾਂ ਧਿਰਾਂ ਦੇ ਸਰਦਾਰਾਂ ਦਾ ਇਕੱਠ ਮਜਨੂੰ ਦੇ ਟਿੱਲੇ ਦੇ ਨਜ਼ਦੀਕ ਹੋਇਆ; ਇਸ ਇਕੱਠ ਵਿਚ ਇਹ ਮਤਾ ਪਾਸ ਹੋਇਆ ਕਿ ਅਗਲੀ ਲੜਾਈ ਨਜ਼ੀਬ ਦੇ ਡੇਰੇ ਲੜੀ ਜਾਵੇ। ਅਗਲੇ ਦਿਨ ਮਜਨੂੰ ਦੇ ਟਿੱਲੇ 'ਤੇ ਜਿੱਥੇ ਨਜੀਬ ਦੀਆਂ ਫੌਜਾਂ ਸਨ, 'ਤੇ ਹਮਲਾ ਹੋਇਆ। ਇਸ ਦਿਨ ਦੋਹਾਂ ਧਿਰਾਂ ਵੱਲੋਂ ਤੋਪਾਂ ਤੋਂ ਲੈ ਕੇ ਤੀਰਾਂ, ਤਲਵਾਰਾਂ ਤੇ ਨੇਜ਼ਿਆਂ ਦੀ ਵਰਤੋਂ ਹੋਈ। ਜਦ ਨਜ਼ੀਬ ਨੇ ਦੇਖਿਆ ਕਿ ਲੜਾਈ ਚਾਰ-ਚੁਫੇਰੇ ਚੱਲ ਰਹੀ ਹੈ ਤੇ ਉਸ ਦੀਆਂ ਫੌਜਾਂ ਦੀ ਪੇਸ਼ ਨਹੀਂ ਜਾ ਰਹੀ ਤਾਂ ਉਸ ਨੇ ਆਪਣੇ ਮੁਸਾਹਿਬ ਨੂੰ ਹੁਕਮ ਕੀਤਾ ਕਿ ਸ਼ਹਿਰ ਨੂੰ ਜਾਣ ਵਾਲੇ ਸਾਰੇ ਰਸਤਿਆਂ ਦੀ ਕਰੜੀ ਨਾਕਾਬੰਦੀ ਕੀਤੀ ਜਾਵੇ ਅਤੇ



SikhBookClub.Com

ਆਪ ਉਹ ਆਪਣੇ ਤੋਪਖ਼ਾਨੇ ਦੀ ਕਾਇਮੀ ਵਿਚ ਮਸ਼ਰੂਫ਼ ਹੋ ਗਿਆ। ਇਸ ਦਿਨ ਦੀ ਲੜਾਈ ਵਿਚ ਖਾਲਸਾ ਫ਼ੌਜਾਂ ਵੱਲੋਂ ਕੀਤੀ ਗਈ ਬੰਦੂਕਬਾਜ਼ੀ ਦੀ ਹਰ ਪਾਸਿਓਂ ਬਹੁਤ ਸ਼ਲਾਘਾ ਹੋਈ। ਸ਼ਾਮ ਨੂੰ ਡੇਰਿਆਂ ਵਿਚ ਪਹੁੰਚਕੇ ਸਰਦਾਰਾਂ ਨੇ ਇਸ ਫਤਿਹ ਦੀ ਖ਼ੁਸ਼ੀ ਮਨਾਈ।[18]

ਉਪਰੰਤ ਮਲਹਾਰ ਰਾਉ ਹੋਲਕਰ ਤੇ ਜਵਾਹਰ ਸਿੰਘ ਦੀਆਂ ਫੌਜਾਂ ਨੇ ਪੁਰਾਣੇ ਕਿਲ੍ਹੇ ਦੇ ਪੂਰਬ ਵੱਲ ਦਰਿਆ ਜਮਨਾ ਦੇ ਕੰਢੇ 'ਤੇ ਡੇਰੇ ਜਮਾ ਲਏ। ਨਜੀਬੁਦੌਲਾ ਨੇ ਅਮਾਨ ਖਾਂ ਦੀ ਕਮਾਨ ਹੇਠ ਆਪਣੀਆਂ ਫੌਜਾਂ ਨੂੰ ਬੁਲੰਦ ਬਾਗ ਵਿਚ ਤਾਇਨਾਤ ਕਰਕੇ ਆਪ ਕਰਮੂਦੀਨ ਦੇ ਮਹੱਲ ਵਿਚ ਜਾ ਬਿਰਾਜਿਆ; ਜਦਕਿ ਉਸ ਦੇ ਆਪਣੇ ਸਿਪਾਹੀ ਦਰਿਆ ਦੇ ਕੰਢੇ 'ਤੇ ਡਟ ਗਏ। ਖ਼ੈਰ, ਪਹਿਰ ਰਾਤ ਰਹਿੰਦਿਆਂ ਜਵਾਹਰ ਸਿੰਘ ਦੇ ਤੋਪਖ਼ਾਨੇ ਨੇ ਨਜ਼ੀਬ ਦੀਆਂ ਫੌਜਾਂ 'ਤੇ ਗੋਲੇ ਦਾਗਣੇ ਸ਼ੁਰੂ ਕਰ ਦਿੱਤੇ ਤਾਂ ਅਮਾਨ ਖਾਂ ਨੇ ਸੂਹੀਏ ਭੇਜ ਕੇ ਇਹ ਪਤਾ ਕਰਨ ਦੀ ਕੋਸ਼ਿਸ਼ ਕੀਤੀ ਕਿ ਗੋਲੇ ਕਿਸ ਪਾਸਿਓਂ ਆ ਰਹੇ ਹਨ, ਪਰ ਕਰੜੀ ਘੇਰਾਬੰਦੀ ਕਾਰਨ ਇਹ ਸੂਹੀਏ ਉਸ ਪਾਸੇ ਵੱਲ ਨਾ ਵਧ ਸਕੇ। ਉਪਰੰਤ, ਅਮਾਨ ਖਾਂ ਨੇ ਹੋਰ ਫੌਜੀ ਦਸਤੇ ਉਸ ਪਾਸੇ ਵੱਲ ਰਵਾਨਾ ਕੀਤੇ। ਇਨ੍ਹਾਂ ਫੌਜੀ ਦਸਤਿਆਂ ਵਿੱਚੋਂ ਬਹੁਤਿਆਂ ਦੇ ਘੋੜੇ ਤੇ ਹਥਿਆਰ ਸਿੰਘਾਂ ਨੇ ਖੋਹ ਲਏ ਤੇ ਇਹ ਸ਼ਹਿਰ ਵੱਲ ਭੱਜ ਉਠੇ। ਇਸ ਦਿਨ ਤਿੰਨ ਪਹਿਰ ਗਹਿਗੱਚ ਲੜਾਈ ਹੁੰਦੀ ਰਹੀ। ਦੋਹਾਂ ਪਾਸਿਆਂ ਤੋਂ ਬਹੁਤ ਹੀ ਜਾਨੀ ਨੁਕਸਾਨ ਹੋਇਆ। ਜਦ ਨਜੀਬ ਨੂੰ ਪਤਾ ਲੱਗਾ ਕਿ ਵਿਰੋਧੀ ਧਿਰ ਨੇ ਫੇਰੋਸ਼ਾਹ ਕੀ ਲੱਠ ਤੇ ਜੈ ਸਿੰਘ ਪੁਰਾ ਤੇ ਆਪਣਾ ਕਬਜ਼ਾ ਜਮਾ ਲਿਆ ਹੈ, ਤਾਂ ਉਸ ਨੇ ਆਪਣਾ ਤੋਪਖ਼ਾਨਾ ਸ਼ਹਿਰ ਦੇ ਨੇੜੇ ਲੈ ਆਂਦਾ। ਉਧਰ ਮਰਹੱਟੇ ਤੇ ਖਾਲਸਾ ਦਲ ਬੁਲੰਦ ਬਾਗ ਵਿਚ ਪਹੁੰਚਣ ਦਾ ਸਿਰਤੋੜ ਯਤਨ ਕਰ ਰਹੇ ਸਨ। ਮਰਹੱਟੇ ਸਰਦਾਰਾਂ ਨੇ ਇਹ ਮਤਾ ਪਕਾ ਰੱਖਿਆ ਸੀ ਕਿ ਭਾਵੇਂ ਕਿਤਨੇ ਵੀ ਜਵਾਨ ਉਨ੍ਹਾਂ ਦੇ ਮਾਰੇ ਜਾਣ ਬਾਗ ਦਾ ਦਰਮਿਆਨ ਦੇਖੇ ਬਿਨਾ ਪਿੱਛੇ ਨਹੀਂ ਮੁੜਨਾ। ਅਸਲ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਉਸ ਦਿਨ ਇਨ੍ਹਾਂ ਸਰਦਾਰਾਂ ਨੂੰ ਕਿਹਾ ਸੀ ਕਿ ਅਗਰ ਉਸ ਦਿਨ ਦੀ ਲੜਾਈ ਵਿਚ ਅਫ਼ਗਾਨ ਕਾਇਮ ਰਹੇ ਤਾਂ ਸਾਡੇ ਲਈ ਇਹ ਕੋਈ ਸ਼ੋਭਾ ਵਾਲੀ ਗੱਲ ਨਹੀਂ ਹੋਵੇਗੀ।[19] ਉਪਰੰਤ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਵੀ ਖਾਲਸਾ ਫੌਜਾਂ ਸਮੇਤ ਉਨ੍ਹਾਂ ਦੇ ਦਰਮਿਆਨ ਹੋ ਗਏ ਤੇ ਬੁਲੰਦ ਬਾਗ 'ਤੇ ਇਕ ਜ਼ੋਰਦਾਰ ਹੱਲਾ ਕਰ ਦਿੱਤਾ। ਫਲਸਰੂਪ ਦੋਹਾਂ ਪਾਸਿਆਂ ਦੀਆਂ ਫੌਜਾਂ ਦਰਮਿਆਨ ਬਹੁਤ ਹੀ ਘਮਸਾਨ ਮੱਚਿਆ। ਅਮਾਨ ਖਾਂ ਖੁਦ ਲੜਦਾ-ਲੜਦਾ ਆਪਣੇ ਸਾਰੇ ਸਿਪਾਹੀ ਮਰਵਾ ਬੈਠਾ। ਪਰ ਉਹ ਜ਼ਰਾ ਵੀ ਨਹੀਂ ਸੀ ਡੋਲਿਆ ਤੇ ਬੇਖੌਫ ਖਾਲਸਾ ਫੌਜਾਂ ਵੱਲ ਵਧਦਾ ਗਿਆ। ਆਖਰ ਉਸ ਨੇ ਸਰਦਾਰ ਸਾਹਿਬ ਸਾਹਿਬ ਸਿੰਘ ਨੂੰ ਇਕਲਵੰਜੇ ਖਲੋਤਾ ਵੇਖ ਕੇ ਉਸ 'ਤੇ ਤਲਵਾਰ ਨਾਲ ਹਮਲਾ ਕਰ ਦਿੱਤਾ। ਸਾਹਿਬ ਸਿੰਘ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦਾ ਬਹੁਤ ਹੀ ਨਜ਼ਦੀਕੀ ਸਾਥੀ ਸੀ। ਲੜਾਈ ਦੌਰਾਨ ਉਸ ਦਾ



SikhBookClub.Com

ਘੋੜਾ ਮਾਰਿਆ ਗਿਆ ਸੀ ਤੇ ਉਹ ਇਕ ਪਾਸੇ ਖੜਾ ਹੋ ਕੇ ਲੜਾਈ ਦਾ ਰੁਖ਼ ਵੇਖ ਰਿਹਾ ਸੀ। ਜਦ ਅਮਾਨ ਖਾਂ ਨੇ ਸਰਦਾਰ ਸਾਹਿਬ ਸਿੰਘ 'ਤੇ ਤਲਵਾਰ ਦਾ ਵਾਰ ਕੀਤਾ ਤਾਂ ਸਾਹਿਬ ਸਿੰਘ ਨੇ ਫੁਰਤੀ ਨਾਲ ਅਮਾਨ ਖਾਂ ਨੂੰ ਜੱਫਾ ਮਾਰ ਲਿਆ। ਇੰਨੇ ਨੂੰ ਹੋਰ ਸਿੰਘ ਵੀ ਸਾਹਿਬ ਸਿੰਘ ਦੀ ਮਦਦ ਲਈ ਪਹੁੰਚ ਗਏ ਤੇ ਉਨ੍ਹਾਂ ਨੇ ਅਮਾਨ ਖਾਂ ਨੂੰ ਗ੍ਰਿਫਤਾਰ ਕਰ ਲਿਆ। ਨਜ਼ਦੀਕ ਹੀ ਮਲਹਾਰ ਰਾਉ ਦਾ ਹਾਥੀ ਖੜ੍ਹਾ ਸੀ, ਸਿੰਘਾਂ ਨੇ ਅਮਾਨ ਖਾਂ ਨੂੰ ਉਸ ਹਾਥੀ 'ਤੇ ਬੈਠਾ ਦਿੱਤਾ ਤੇ ਮਲਹਾਰ ਰਾਉ ਦੇ ਸਿਪਾਹੀ ਉਸ ਨੂੰ ਮਲਹਾਰ ਰਾਉ ਦੇ ਕੈਂਪ ਵਿਚ ਲੈ ਗਏ। ਅਮਾਨ ਖਾਂ ਦੀ ਗ੍ਰਿਫਤਾਰੀ ਦੀ ਖ਼ਬਰ ਜਦ ਉਸ ਦੀਆਂ ਫੌਜਾਂ ਵਿਚ ਫੈਲੀ ਤਾਂ ਉਹ ਜੰਗ ਦੇ ਮੈਦਾਨ ਛੱਡ ਕੇ ਸ਼ਹਿਰ ਵੱਲ ਨੂੰ ਭੱਜ ਗਈਆਂ। ਜਦ ਇਸ ਸਾਰੇ ਮਾਮਲੇ ਦੀ ਖ਼ਬਰ ਨਜੀਬੂਦੌਲਾ ਨੂੰ ਮਿਲੀ ਤਾਂ ਉਸ ਨੇ ਆਪਣੇ ਸਿਪਾਹੀਆਂ ਨੂੰ ਸ਼ਹਿਰ ਦੀ ਕਾਇਮੀ ਕਰਨ ਦੇ ਹੁਕਮ ਦਿੱਤੇ। ਸ਼ਾਮ ਨੂੰ ਫੌਜਾਂ ਆਪੋ-ਆਪਣੇ ਡੇਰਿਆਂ ਨੂੰ ਹੱਟ ਗਈਆਂ।[20] ਇਸ ਉਪਰੰਤ ਨਜੀਬੂਦੌਲਾ ਨੇ ਆਪਣੇ ਏਲਚੀਆਂ ਨੂੰ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਕੈਂਪ ਵਿਚ ਭੇਜਿਆ। ਇਨ੍ਹਾਂ ਨੇ ਸਰਦਾਰ ਸਾਹਿਬ ਨੂੰ ਬੇਨਤੀ ਕੀਤੀ ਕਿ ਅਮਾਨ ਖਾਂ ਨੂੰ ਮਰਹੱਟਿਆਂ ਤੋਂ ਛਡਵਾ ਦੇਣ। ਸਰਦਾਰ ਸਾਹਿਬ ਨੇ ਉਨ੍ਹਾਂ ਨੂੰ ਤਸੱਲੀ ਕਰਵਾਈ ਕਿ ਉਹ ਅਮਾਨ ਖਾਂ ਨੂੰ ਛਡਵਾ ਕੇ ਨਜੀਬੂਦੌਲਾ ਪਾਸ ਭੇਜ ਦੇਣਗੇ।[21]

ਇਸੇ ਦੌਰਾਨ ਰਾਜਾ ਜਵਾਹਰ ਸਿੰਘ ਨੇ ਹਿੰਮਤ ਗਿਰ ਗੁਸਾਈ (ਸਨਿਆਸੀ) ਨੂੰ ਆਹਲੂਵਾਲੀਏ ਸਰਦਾਰ ਪਾਸ ਭੇਜਿਆ। ਹਿੰਮਤਗਿਰ ਨੇ ਰਾਜਾ ਜੀ ਵੱਲੋਂ ਬੇਨਤੀ ਕੀਤੀ ਕਿ ਅਮਾਨ ਖਾਂ ਨੂੰ ਰਾਜਾ ਜਵਾਹਰ ਸਿੰਘ ਦੇ ਹਵਾਲੇ ਕੀਤਾ ਜਾਵੇ। ਸਰਦਾਰ ਸਾਹਿਬ ਨੂੰ ਰਾਜਾ ਜਵਾਹਰ ਸਿੰਘ ਦੀ ਨੀਯਤ ਬਾਰੇ ਪਹਿਲਾਂ ਹੀ ਖ਼ਬਰ ਮਿਲ ਚੁੱਕੀ ਸੀ। ਇਸ ਕਰਕੇ ਉਨ੍ਹਾਂ ਨੇ ਹਿੰਮਤਗਿਰ ਨੂੰ ਕਿਹਾ ਕਿ ਇਹ ਵਾਜਿਬ ਨਹੀਂ। ਖੈਰ, ਸ਼ਾਮ ਨੂੰ ਇਤਿਹਾਦੀ ਫੌਜਾਂ ਦੇ ਮੁਖੀਆਂ ਦੀ ਇਕੱਤਰਤਾ ਮਜਨੂੰ ਦੇ ਟਿੱਲੇ ਵਿਖੇ ਹੋਈ, ਜਿਸ ਵਿਚ ਅਮਾਨ ਖਾਂ ਦੇ ਭਵਿੱਖ ਬਾਰੇ ਵਿਚਾਰ ਵਿਟਾਂਦਰਾ ਹੋਇਆ। ਜਵਾਹਰ ਸਿੰਘ ਦੀ ਮਨਸ਼ਾ ਸੀ ਕਿ ਅਮਾਨ ਖਾਂ ਨੂੰ ਉਸ ਦੇ ਹਵਾਲੇ ਕਰ ਦਿੱਤਾ ਜਾਵੇ ਤਾਂਕਿ ਉਹ ਉਸਨੂੰ ਮਾਰ ਕੇ ਆਪਣੇ ਬਾਪ ਦੀ ਮੌਤ ਦਾ ਬਦਲਾ ਲੈ ਸਕੇ। ਇਸ ਤੇ ਆਹਲੂਵਾਲੀਏ ਸਰਦਾਰ ਨੇ ਕਿਹਾ ਕਿ ਜੰਗੀ ਕੈਦੀ ਨੂੰ ਮਾਰਨਾ ਖਾਲਸੇ ਦੀ ਸ਼ਾਨ ਦੇ ਖ਼ਿਲਾਫ਼ ਹੈ, ਇਸ ਕਰਕੇ ਉਹ ਇਸਦੀ ਇਜਾਜ਼ਤ ਨਹੀਂ ਦੇਂਦੇ। ਮਲਹਾਰ ਰਾਉ ਦੀ ਮਨਸ਼ਾ ਸੀ ਕਿ ਅਮਾਨ ਖਾਂ ਨੂੰ ਯਰਗ ਮਾਲ ਦੇ ਤੌਰ 'ਤੇ ਵਰਤ ਕੇ ਨਜੀਬੂਦੌਲਾ ਕੋਲੋਂ ਉਸ ਦੀ ਰਿਹਾਈ ਦੇ ਇਵਜ਼ ਵਿਚ ਚੋਖੀ ਰਕਮ ਲਈ ਜਾਵੇ। ਸਰਦਾਰ ਜੱਸਾ ਸਿੰਘ ਜੀ ਇਸ ਵਿਚਾਰ ਨਾਲ ਸਹਿਮਤ ਨਹੀਂ ਸਨ। ਉਨ੍ਹਾਂ ਦੇ ਦੋ ਟੁਕ ਫੈਸਲਾ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਰੁਪਏ ਲੈਣੇ ਸਾਨੂੰ ਸ਼ੋਭਾ ਨਹੀਂ ਦਿੰਦਾ। ਬੇਹਤਰ ਇਹੀ ਹੋਵੇਗਾ ਕਿ ਅਮਾਨ ਖਾਂ ਨੂੰ ਉਸ ਦੇ ਡੇਰੇ ਪਹੁੰਚਾ ਦਿੱਤਾ ਜਾਵੇ। ਮਲਹਾਰ ਰਾਉ ਨੂੰ ਆਖਰ ਸਰਦਾਰ ਸਾਹਿਬ ਦੀ ਗੱਲ ਮੰਨਣੀ ਹੀ



SikhBookClub.Com

ਪਈ ਤੇ ਉਸ ਨੇ ਅਮਾਨ ਖਾਂ ਨੂੰ ਆਹਲੂਵਾਲੀਏ ਸਰਦਾਰ ਦੇ ਡੇਰੇ ਪਹੁੰਚਾ ਦਿੱਤਾ। ਸਰਦਾਰ ਸਾਹਿਬ ਨੇ ਹਰਦਾਸ ਸਿੰਘ ਦੀ ਅਗਵਾਈ ਹੇਠ ਕੁਝ ਸਿੰਘਾਂ ਦੀ ਨਿਗਰਾਨੀ ਹੇਠ ਅਮਾਨ ਖਾਂ ਨੂੰ ਨਜੀਬੁਦੌਲਾ ਦੇ ਡੇਰੇ ਪਹੁੰਚਾ ਦਿੱਤਾ। ਨਜੀਬ ਨੇ ਸਰਦਾਰ ਸਾਹਿਬ ਦੇ ਵਿਵਹਾਰ ਤੇ ਬਹਾਦਰੀ ਦੀ ਬਹੁਤ ਤਾਰੀਫ਼ ਕੀਤੀ ਤੇ ਹਰਦਾਸ ਸਿੰਘ ਨੂੰ ਮੁਰੱਸਾ ਜੇਵਰ (ਮੋਤੀਆਂ ਜੜਿਆ ਗਹਿਣਾ) ਤੇ ਘੋੜਾ ਦੇ ਕੇ ਵਿਦਾ ਕੀਤਾ। ਰਾਮ ਸੁਖ ਰਾਓ ਇਹ ਵੀ ਦੱਸਦਾ ਹੈ ਕਿ ਮੀਟਿੰਗ ਦੌਰਾਨ ਮਰਹੱਟੇ ਸਰਦਾਰਾਂ ਨੇ ਸਰਦਾਰ ਸਾਹਿਬ ਨੂੰ ਕਿਹਾ ਕਿ ਉਨ੍ਹਾਂ ਨੂੰ ਆਪਣੇ ਮੁਲਕ ਬਹੁਤ ਕੰਮ ਹੈ ਤੇ ਉਹ ਵਾਪਸ ਜਾਣਾ ਚਾਹੁੰਦੇ ਹਨ। ਇਸ ਕਰਕੇ ਜਿਤਨੀ ਵੀ ਜਲਦੀ ਹੋ ਸਕੇ ਨਜੀਬੁਦੌਲਾ ਨਾਲ ਫੈਸਲਾ ਕਰ ਲਵੇ।[22]

ਜਦ ਇਹ ਅਫ਼ਵਾਹ ਨਜੀਬੁਦੌਲਾ ਦੀ ਕੰਨੀਂ ਪਈ ਕਿ ਮਰਹੱਟੇ ਆਪਣੇ ਦੇਸ਼ ਵਾਪਸ ਜਾ ਰਹੇ ਹਨ ਤਾਂ ਉਸ ਨੇ ਜਵਾਹਰ ਸਿੰਘ ਤੇ ਫਿਰ ਹਮਲਾ ਕਰ ਦਿੱਤਾ। ਪਰ ਖਾਲਸਾ ਦਲ ਤੇ ਮਰਹੱਟੇ ਫਿਰ ਜਵਾਹਰ ਸਿੰਘ ਦੀ ਮਦਦ ਤੇ ਆ ਖਲੋਤੇ। ਨਤੀਜਤਨ, ਦੋਹਾਂ ਧਿਰਾਂ ਵਿਚਕਾਰ ਗਹਿ-ਗੱਚ ਲੜਾਈ ਹੋਈ। ਇਸ ਲੜਾਈ ਵਿਚ ਦੋਹਾਂ ਪਾਸਿਆਂ ਤੋਂ ਕਾਫੀ ਜਾਨੀ ਨੁਕਸਾਨ ਹੋਇਆ। ਉਪਰੰਤ, ਨਜੀਬ ਦੇ ਆਮੀਰਾਂ ਨੇ ਉਸ ਨੂੰ ਕਿਹਾ ਕਿ ਜਦ ਉਨ੍ਹਾਂ ਨੇ ਅਮਾਨ ਖਾਂ ਨੂੰ ਸਹੀ ਸਲਾਮਤ ਉਸ ਦੇ ਡੇਰੇ ਭੇਜ ਦਿੱਤਾ ਹੈ ਤੇ ਹੁਣ ਉਨ੍ਹਾਂ ਨਾਲ ਲੜਾਈ ਜਾਰੀ ਰੱਖਣੀ ਠੀਕ ਨਹੀਂ। ਅਮੀਰਾਂ ਦੀ ਇਸ ਸਲਾਹ ਨੂੰ ਨਜੀਬ ਨੇ ਇਹ ਕਹਿ ਕੇ ਟਾਲ ਦਿੱਤਾ ਕਿ ਅਹਿਮਦਸ਼ਾਹ ਅਬਦਾਲੀ ਕਾਬਲ ਤੋਂ ਰਵਾਨਾ ਹੋ ਚੁੱਕਾ ਹੈ ਤੇ ਉਨ੍ਹਾਂ ਨੂੰ ਸਿਰਫ ਵੀਹ ਦਿਨ ਹੋਰ ਇੰਤਜ਼ਾਰ ਕਰਨਾ ਚਾਹੀਦਾ ਹੈ। ਪਰ ਨਜੀਬ ਦੇ ਸਾਥੀ ਅਹਿਮਦਸ਼ਾਹ ਅਬਦਾਲੀ ਦਾ ਇੰਤਜ਼ਾਰ ਕਰਨ ਦੇ ਹੱਕ ਵਿਚ ਨਹੀਂ ਸਨ ਤੇ ਚਾਹੁੰਦੇ ਸਨ ਕਿ ਜਲਦੀ ਤੋਂ ਜਲਦੀ ਜਵਾਹਰ ਸਿੰਘ ਨਾਲ ਸੁਲਾਹ ਕਰ ਲਈ ਜਾਵੇ।[23] ਖੈਰ, ਇਨ੍ਹਾਂ ਦੀ ਸਲਾਹ ਦੀ ਪਰਵਾਹ ਨਾ ਕਰਦਿਆਂ ਨਜੀਬੁਦੌਲਾ ਨੇ ਅਗਲੇ ਦਿਨ ਫਿਰ ਜਵਾਹਰ ਸਿੰਘ ਦੀਆਂ ਫੌਜਾਂ 'ਤੇ ਹਮਲਾ ਕਰ ਦਿੱਤਾ। ਇਸ ਦਿਨ ਨਜੀਬੁਦੌਲਾ ਵੱਲੋਂ ਉਸ ਦਾ ਪੁੱਤਰ ਜਾਬਤਾ ਖਾਂ, ਸੁਲਤਾਨ ਖਾਂ ਅਤੇ ਬਾਦਸ਼ਾਹ ਸ਼ਾਹ ਆਲਮ ਦੇ ਨਵਾਬ ਫੌਜਾਂ ਦੀ ਅਗਵਾਈ ਕਰ ਰਹੇ ਸਨ, ਜਦ ਕਿ ਜਵਾਹਰ ਸਿੰਘ ਵੱਲੋਂ ਉਮਰਾਗਿਰ, ਹਿੰਮਤ ਬਹਾਦਰ, ਮਦਾਰੀ ਖਾਂ ਰਾਜਾ ਰਾਮ ਬਖਸ਼ੀ ਆਦਿ ਲੜੇ। ਮਰਹੱਟਾ ਫੌਜਾਂ ਤੇ ਖਾਲਸਾ ਦਲ ਵੀ ਜਵਾਹਰ ਸਿੰਘ ਦੇ ਨਾਲ ਹੀ ਅਫਗਾਨ ਫੌਜਾਂ ਨਾਲ ਲੜਿਆ। ਨਜੀਬੁਦੌਲਾ ਦੀਆਂ ਫੌਜਾਂ ਇਤਿਹਾਦੀ ਫੌਜਾਂ ਅੱਗੇ ਬਹੁਤੀ ਦੇਰ ਨਾ ਟਿਕ ਸਕੀਆਂ ਤੇ ਸ਼ਹਿਰ ਦੇ ਅੰਦਰ ਹੋ ਗਈਆਂ। ਪਹਾੜਗੰਜ ਤੇ ਸਬਜ਼ੀ ਮੰਡੀ 'ਤੇ ਕਬਜ਼ਾ ਕਰ ਕੇ ਸਿੰਘਾਂ ਨੇ ਇਸਦੇ ਇਰਦ-ਗਿਰਦ ਇਲਾਕੇ ਨੂੰ ਖੂਬ ਲੁੱਟਿਆ।[24] ਉਪਰੰਤ, ਦਿੱਲੀ ਸ਼ਹਿਰ ਦੀ ਐਨੀ ਤਕੜੀ ਨਾਕਾਬੰਦੀ ਕੀਤੀ ਕਿ ਨਾ ਕੋਈ ਚੀਜ਼ ਅੰਦਰ ਜਾ ਸਕੇ ਤੇ ਨਾ ਬਾਹਰ ਆ ਸਕੇ। ਇਸ ਨਾਕਾਬੰਦੀ ਨੇ ਸ਼ਹਿਰ ਵਾਸੀਆਂ ਦਾ ਜੀਣਾ ਦੁਭਰ ਕਰ ਦਿੱਤਾ। ਆਖਰ ਖਾਲਸਾ ਫੌਜਾਂ ਵੱਲੋਂ ਰੋਜ਼



SikhBookClub.Com

ਦੀ ਗੋਲਾਬਾਰੀ ਤੇ ਲੁੱਟ-ਖਸੁੱਟ ਤੋਂ ਤੰਗ ਆ ਕੇ ਸ਼ਹਿਰ ਵਾਸੀਆਂ ਦਾ ਇਕ ਵਫਦ ਬਾਦਸ਼ਾਹ ਦੇ ਹਜ਼ੂਰ ਪੇਸ਼ ਹੋਇਆ ਤੇ ਬੇਨਤੀ ਕੀਤੀ, ਬਾਦਸ਼ਾਹ ਸਲਾਮਤ! ਜਲਦੀ ਤੋਂ ਜਲਦੀ ਇਸ ਸੰਕਟ ਤੋਂ ਸ਼ਹਿਰ ਵਾਸੀਆਂ ਨੂੰ ਨਿਜਾਤ ਦਿਵਾਉਣ। ਫਲਸਰੂਪ, ਬਾਦਸ਼ਾਹ ਨੇ ਆਪਣੇ ਏਲਚੀਆਂ ਰਾਹੀਂ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਤੇ ਬਾਕੀ ਸਰਦਾਰਾਂ ਨੂੰ ਦਰਖ਼ਾਸਤ ਕੀਤੀ ਕਿ ਬਾਦਸ਼ਾਹ ਸਲਾਮਤ ਚਾਹੁੰਦੇ ਹਨ ਕਿ ਤੁਸੀਂ ਨਜੀਬ ਨਾਲ ਸੁਲਾਹ ਕਰ ਲਵੋ। ਤੁਸੀਂ ਆਪਣੀ ਤਰਫ਼ੋਂ ਕਿਸੇ ਸਰਦਾਰ ਨੂੰ ਭੇਜੋ ਤਾਂ ਨਜੀਬ ਖਾਂ ਮੁਲਾਕਾਤ ਲਈ ਆਵੇ। ਸਰਦਾਰਾਂ ਨੇ ਆਪਸ ਵਿਚ ਸਲਾਹ ਕਰ ਕੇ ਨਜੀਬੁਦੌਲਾ ਨਾਲ ਸੁਲਾਹ ਕਰਨ ਦਾ ਫੈਸਲਾ ਕਰ ਲਿਆ।[25] ਅਸਲ ਵਿਚ ਨਜੀਬੁਦੌਲਾ ਨੇ ਮਲਹਾਰ ਰਾਉ ਹੋਲਕਰ ਨੂੰ ਗੁਪਤ ਤੌਰ 'ਤੇ ਆਪਣੇ ਨਾਲ ਗੰਢ ਲਿਆ ਸੀ ਅਤੇ ਜਵਾਹਰ ਸਿੰਘ ਦੇ ਕੁਝ ਸਾਥੀ ਵੀ ਦਿਲੋਂ ਜਵਾਹਰ ਸਿੰਘ ਦੇ ਹਮਦਰਦੀ ਨਹੀਂ ਸਨ। ਇਸ ਕਰਕੇ ਜਵਾਹਰ ਸਿੰਘ ਤੇ ਮਰਹੱਟਿਆਂ ਨੇ ਬਾਦਸ਼ਾਹ ਦੇ ਇਸ ਪ੍ਰਸਤਾਵ ਨੂੰ ਝਟਪਟ ਮੰਨ ਲਿਆ ਸੀ।[26] ਖੈਰ, ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਰਾਜਾ ਗਜਪਤਿ ਸਿੰਘ ਮਨਸਾ ਸਿੰਘ ਆਦਿ ਨਾਲ ਕੁਝ ਹੋਰ ਸਰਦਾਰ ਨਜੀਬੁਦੌਲਾ ਵੱਲ ਭੇਜੇ ਜੋ ਉਸ ਨੂੰ ਲੈ ਕੇ ਆਏ। ਮੁਲਾਕਾਤ ਦੌਰਾਨ ਬਹੁਤ ਸਾਰੇ ਮੁੱਦਿਆਂ 'ਤੇ ਗੱਲਬਾਤ ਹੋਈ। ਜਵਾਹਰ ਸਿੰਘ ਦੀ ਨੀਯਤ ਸੀ ਕਿ ਨਜੀਬ ਹੁਣ ਉਨ੍ਹਾਂ ਦੇ ਘੇਰੇ ਵਿਚ ਹੈ ਤੇ ਉਸ ਨੂੰ ਖ਼ਤਮ ਕਰ ਦਿੱਤਾ ਜਾਵੇ, ਪਰ ਆਹਲੂਵਾਲੀਏ ਸਰਦਾਰ ਨੇ ਕਿਹਾ ਉਸ ਨੂੰ ਆਪ ਬੁਲਾਕੇ ਉਸ ਨਾਲ ਅਜਿਹਾ ਕਰਮ ਕਰਨਾ ਇਖ਼ਲਾਕੀ ਤੌਰ 'ਤੇ ਗਲਤ ਹੈ ਸੋ ਇਹ ਕਿਸੇ ਤਰ੍ਹਾਂ ਵੀ ਜਾਇਜ ਨਹੀਂ; ਖੈਰ, ਪੰਦਰ੍ਹਾਂ ਲੱਖ ਰੁਪਏ ਨਜੀਬੁਦੌਲਾ ਕੋਲੋਂ ਲੈ ਕੇ ਮਰਹੱਟਿਆਂ ਨੇ ਜਵਾਹਰ ਸਿੰਘ ਦਾ ਸਾਥ ਛੱਡ ਦਿੱਤਾ। ਜਵਾਹਰ ਸਿੰਘ ਨੂੰ ਉਨ੍ਹਾਂ ਦੇ ਇਸ ਵਤੀਰੇ ਤੇ ਬਹੁਤ ਰੰਜ ਹੋਇਆ। ਪਰ ਉਸ ਨੇ ਲਚਾਰਗੀ ਵੱਸ ਸਭ ਕੁਝ ਸਹਿ ਲਿਆ। ਆਹਲੂਵਾਲੀਏ ਸਰਦਾਰ ਨੇ ਜਵਾਹਰ ਸਿੰਘ ਨੂੰ ਦਿਲਾਸਾ ਦਿੱਤਾ ਤੇ ਕਿਹਾ ਕਿ ਜਦ ਹੁਣ ਸੁਲਾਹ ਹੋ ਗਈ ਹੈ ਤੇ ਖਾਲਸਾ ਫੌਜਾਂ ਦਾ ਉੱਥੇ ਰਹਿਣਾ ਮੁਨਾਸਬ ਨਹੀਂ। ਦੂਜਾ, ਖ਼ਬਰ ਹੈ ਕਿ ਅਹਿਮਦਸ਼ਾਹ ਅਬਦਾਲੀ ਪੰਜਾਬ ਪਹੁੰਚ ਗਿਆ ਹੈ ਸੋ ਖਾਲਸਾ ਫੌਜਾਂ ਲਈ ਵੀ ਪੰਜਾਬ ਦੀ ਖ਼ਬਰ ਲੈਣ ਵਾਸਤੇ ਇੱਥੋਂ ਕੂਚ ਕਰਨਾ ਜ਼ਰੂਰੀ ਹੈ। ਨਾਲ ਹੀ ਸਰਦਾਰ ਸਾਹਿਬ ਨੇ ਜਵਾਹਰ ਸਿੰਘ ਨੂੰ ਕਿਹਾ ਕਿ ਉਹ ਘਬਰਾਏ ਨਾ, ਖਾਲਸਾ ਦਲ ਉਸ ਦੇ ਨਾਲ ਹੈ ਤੇ ਬਾਕੀ ਦੇ ਸਾਰੇ ਕੰਮ ਉਸ ਦੇ ਫਿਰ ਕਰ ਦਿੱਤੇ ਜਾਣਗੇ। ਇਸ ਵਚਨ ਨਾਲ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਜਵਾਹਰ ਸਿੰਘ ਤੋਂ ਅਲਵਿਦਾ ਲਈ ਤੇ ਪੰਜਾਬ ਨੂੰ ਚਾਲੇ ਪਾ ਦਿੱਤੇ।[27]

## ਹਵਾਲੇ ਤੇ ਟਿੱਪਣੀਆਂ:

1. ਰਾਮ ਸੁਖ ਰਾਓ, *ਭਾਗ ਸਿੰਘ ਚੰਦ੍ਰੋਦਯ*, ਪੰਜਾਬ ਸਟੇਟ ਆਰਕਾਈਵਜ, ਪਟਿਆਲਾ, ਖਰੜਾ ਨੰ: 773, ਪੱਤਰੇ, 147 ਅ, 153 ਅ ਤੇ 161.



SikhBookClub.Com

2. *ਜੱਸਾ ਸਿੰਘ ਬਿਨੋਦ*, ਖਰੜਾ ਨੰ: 772; *ਭਾਗ ਸਿੰਘ ਚੰਦ੍ਰੋਦਯ*, ਖਰੜਾ ਨੰ: 773 ਤੇ ਸ੍ਰੀ ਫਤਿਹ ਸਿੰਘ ਪ੍ਰਤਾਪ ਪ੍ਰਭਾਕਰ, ਖਰੜਾ ਨੰ: 774.
3. ਉਹੀ, ਪੱਤਰਾ, 150 ਅ.
4. ਉਹੀ, ਪੱਤਰਾ, 151 ੳ.
5. ਉਹੀ, ਪੱਤਰਾ, 150 ੳ.
6. ਉਹੀ, ਪੱਤਰੇ 151 ੳ- 151 ਅ; ਅਸਲ ਵਿਚ ਜਵਾਹਰ ਸਿੰਘ ਆਹਲੂਵਾਲੀਏ ਸਰਦਾਰ ਨੂੰ ਜਨਵਰੀ, 1765 ਵਿਚ ਬਰਾਰੀ ਘਾਟ ਵਿਖੇ ਮਿਲਿਆ ਨਾ ਕਿ ਅਲੀਗੜ੍ਹ ਜਿਸ ਤਰ੍ਹਾਂ ਕਿ ਰਾਮ ਸੁਖ ਰਾਓ ਦਾਅਵਾ ਕਰਦਾ ਹੈ।
7. ਉਹੀ, ਪੱਤਰਾ, 151 ੳ.
8. ਉਹੀ, ਪੱਤਰਾ, 151 ਅ.
9. ਜਾਦੂ ਨਾਥ ਸਰਕਾਰ, *ਫਾਲ ਆਫ ਦਾ ਮੁਗ਼ਲ ਇੰਮਪਾਇਰ*, ਔਰੀਐਂਟ ਬਲੈਕ ਸਵੈਨ, ਦਿੱਲੀ, ਭਾਗ ਦੂਜਾ, ਪੰਨੇ, 329-33.
10. *ਜੱਸਾ ਸਿੰਘ ਬਿਨੋਦ*, ਪੱਤਰੇ, 152-ੳ-ਅ.
11. ਉਹੀ, ਪੱਤਰਾ, 152 ਅ.
12. ਉਹੀ।
13. ਉਹੀ, ਪੱਤਰੇ, 152 ਅ, 153 ੳ.
14. ਉਹੀ, ਪੱਤਰਾ, 153 ੳ.
15. ਉਹੀ, ਪੱਤਰੇ, 153 ਅ, 154 ੳ.
16. ਉਹੀ, ਪੱਤਰਾ, 154 ੳ.
17. ਉਹੀ, ਪੱਤਰੇ, 154 ਅ, 155 ੳ.
18. ਉਹੀ, ਪੱਤਰਾ, 156 ਅ.
19. ਉਹੀ, ਪੱਤਰਾ, 156 ਅ.
20. ਉਹੀ।
21. ਉਹੀ, ਪੱਤਰੇ, 157 ੳ, ਅ.
22. ਉਹੀ, ਪੱਤਰਾ, 157 ਅ.
23. ਉਹੀ, ਪੱਤਰੇ, 157 ਅ, 158 ੳ.
24. ਉਹੀ, ਪੱਤਰਾ, 158 ੳ.
25. ਜਾਦੂ ਨਾਥ ਸਰਕਾਰ, ਉਹੀ, ਪੰਨਾ 365.
26. *ਜੱਸਾ ਸਿੰਘ ਬਿਨੋਦ*, ਪੱਤਰੇ 158 ੳ, ਅ.
27. ਉਹੀ, ਪੱਤਰਾ, 158 ਅ.



SikhBookClub.Com

# ਇਤਿਹਾਸਿਕ ਸਰੋਤ: ਸ੍ਰੀ ਜੱਸਾ ਸਿੰਘ ਬਿਨੋਦ

*—ਡਾ. ਧਰਮ ਸਿੰਘ*

'ਸ੍ਰੀ ਜੱਸਾ ਸਿੰਘ ਬਿਨੋਦ' ਦਾ ਕਰਤਾ ਰਾਮ ਸੁਖ ਰਾਓ ਅਨੇਕਾਂ ਹੋਰਨਾਂ ਪੰਜਾਬੀ ਲੇਖਕਾਂ ਵਾਂਗ ਇਕ ਅਜਿਹਾ ਵਾਰਤਕਾਰ ਹੈ ਜਿਸ ਦੇ ਜੀਵਨ ਬਿਰਤਾਂਤ ਅਤੇ ਰਚਨਾਵਾਂ ਬਾਰੇ ਬਹੁਤੀ ਤਸੱਲੀਬਖਸ਼ ਜਾਣਕਾਰੀ ਪੰਜਾਬੀ ਸਾਹਿਤ ਇਤਿਹਾਸਾਂ, ਲੇਖਕ ਕੋਸ਼ਾਂ, ਪੰਜਾਬੀ ਸਾਹਿਤ ਕੋਸ਼ਾਂ ਜਾਂ ਕਿਸੇ ਹੋਰ ਸੋਮੇ ਤੋਂ ਪ੍ਰਾਪਤ ਨਹੀਂ ਹੁੰਦੀ। ਇਸ ਦਾ ਸ਼ਾਇਦ ਇਕ ਕਾਰਨ ਇਹ ਹੈ ਕਿ ਰਾਮ ਸੁਖ ਰਾਓ ਦੀਆਂ ਰਚਨਾਵਾਂ ਅਜੇ ਤਕ ਹੱਥ-ਲਿਖਤਾਂ ਦੇ ਰੂਪ ਵਿਚ ਹੀ ਪ੍ਰਾਪਤ ਹਨ ਅਤੇ ਇਹ ਵੀ ਕਿ ਇਹ ਮੂਲ ਰੂਪ ਵਿਚ ਪੰਜਾਬ ਦੇ ਇਤਿਹਾਸ ਨਾਲ ਸੰਬੰਧਿਤ ਹਨ। ਇਸੇ ਲਈ ਅਸੀਂ ਵੇਖਦੇ ਹਾਂ ਕਿ ਇਸ ਪਾਸੇ ਜੋ ਕੋਈ ਯਤਨ ਹੋਏ ਵੀ ਹਨ ਤਾਂ ਉਹ ਇਤਿਹਾਸਕਾਰਾਂ ਵੱਲੋਂ ਹੀ ਹੋਏ ਹਨ, ਪਰ ਵਾਰਤਕ ਵਿਚ ਲਿਖੇ ਹੋਣ ਕਰਕੇ ਇਹ ਗ੍ਰੰਥ ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਅਤੇ ਖੋਜਕਾਰਾਂ ਦੇ ਧਿਆਨ ਦੀ ਮੰਗ ਵੀ ਕਰਦੇ ਹਨ। ਰਾਮ ਸੁਖ ਰਾਓ ਸਬੰਧੀ ਜਾਣਕਾਰੀ ਦਾ ਮੁੱਖ ਸੋਮਾ ਉਸ ਦੀਆਂ ਰਚਨਾਵਾਂ ਦੀਆਂ ਅੰਦਰੂਨੀ ਗਵਾਹੀਆਂ ਹੀ ਹਨ।

ਰਾਮ ਸੁਖ ਰਾਓ ਆਪਣੀ ਜਾਣਕਾਰੀ ਇਕ ਬ੍ਰਾਹਮਣ ਵਜੋਂ ਕਰਾਉਂਦਾ ਹੈ। ਬ੍ਰਾਹਮਣਾਂ ਵਿੱਚੋਂ ਵੀ ਉਹ ਕ੍ਰਿਸ਼ਨ ਭਗਤ ਹੈ। ਰਾਮ ਸੁਖ ਰਾਓ ਰਿਆਸਤ ਕਪੂਰਥਲਾ ਦਾ ਸਰਕਾਰੀ ਇਤਿਹਾਸਕਾਰ ਸੀ ਅਤੇ ਇਸ ਰਿਆਸਤ ਦੇ ਸ਼ਾਸਕਾਂ, ਜਰਨੈਲਾਂ ਅਤੇ ਹੋਰ ਅਹਿਮ ਵਿਅਕਤੀਆਂ ਦੇ ਗੌਰਵ ਨੂੰ ਚਿਤਾਰਨਾ ਹੀ ਉਸ ਦਾ ਮੁੱਖ ਕੰਮ ਸੀ। ਰਿਆਸਤ ਕਪੂਰਥਲਾ ਵੱਲੋਂ ਉਸ ਨੂੰ ਜਾਗੀਰ, ਰੋਜ਼ੀਨਾ ਅਤੇ ਇਕ ਹਵੇਲੀ ਮਿਲੀ ਹੋਈ ਸੀ। ਰਾਮ ਸੁਖ ਰਾਓ ਸਰਦਾਰ ਫ਼ਤਿਹ ਸਿੰਘ ਆਹਲੂਵਾਲੀਆ ਦੇ ਸਮੇਂ ਰਿਆਸਤ ਦੀ ਨੌਕਰੀ ਵਿਚ ਆਇਆ ਸੀ ਅਤੇ ਉਸ ਨੂੰ ਬਾਲਕ ਫ਼ਤਿਹ ਸਿੰਘ ਦੀ ਪੜ੍ਹਾਈ ਦਾ ਜ਼ਿੰਮਾ ਸੌਂਪਿਆ ਗਿਆ ਸੀ। ਇਹ ਸ਼ਾਇਦ ਰਾਮ ਸੁਖ ਰਾਓ ਦੀ ਪੜ੍ਹਾਈ, ਸਿਖਲਾਈ ਦਾ ਨਤੀਜਾ ਸੀ ਕਿ ਫ਼ਤਿਹ ਸਿੰਘ ਆਹਲੂਵਾਲੀਆ ਆਪ ਵੀ ਸਾਹਿਤ ਰਚਨਾ ਕਰਨ ਲੱਗ ਪਿਆ ਸੀ। ਉਹ ਸਾਹਿਤਕਾਰਾਂ ਦੀ ਸਰਪ੍ਰਸਤੀ ਵੀ ਕਰਦਾ ਸੀ।

ਰਾਮ ਸੁਖ ਰਾਓ ਦੀਆਂ ਰਚਨਾਵਾਂ ਦੀ ਗਿਣਤੀ ਉਂਝ ਤਾਂ ਕਾਫੀ ਦੱਸੀ ਗਈ ਹੈ, ਪਰ ਉਸ ਦੀਆਂ ਤਿੰਨ ਰਚਨਾਵਾਂ ਅਤਿ ਅਹਿਮ ਹਨ। ਇਹ ਹਨ: 'ਸ੍ਰੀ ਜੱਸਾ



SikhBookClub.Com

ਸਿੰਘ ਬਿਨੋਦ', 'ਸ੍ਰੀ ਫਤਹਿ ਸਿੰਘ ਪ੍ਰਤਾਪ ਪ੍ਰਭਾਕਰ' ਅਤੇ 'ਸ੍ਰੀ ਭਾਗ ਸਿੰਘ ਚੰਦ੍ਰੋਦਯ'। ਕਹਿਣ ਦੀ ਲੋੜ ਨਹੀਂ ਕਿ ਇਨ੍ਹਾਂ ਤਿੰਨ੍ਹਾਂ ਵਿਚ ਲੇਖਕ ਨੇ ਕਪੂਰਥਲਾ ਰਿਆਸਤ ਦੇ ਤਿੰਨਾਂ ਰਾਜਿਆਂ ਦਾ ਕ੍ਰਮਵਾਰ ਅਤੇ ਵਿਸਥਾਰ ਨਾਲ ਇਤਿਹਾਸ ਲਿਖਣ ਦਾ ਉਪਰਾਲਾ ਕੀਤਾ ਹੈ, ਪਰ ਅਸੀਂ ਕੇਵਲ 'ਸ੍ਰੀ ਜੱਸਾ ਸਿੰਘ ਬਿਨੋਦ' ਬਾਰੇ ਹੀ ਸੰਖੇਪ ਚਰਚਾ ਕਰਨੀ ਹੈ। ਬਾਰ੍ਹਾਂ ਸਿੱਖ ਮਿਸਲਾਂ ਵਿਚ ਆਹਲੂਵਾਲੀਆ ਮਿਸਲ ਆਪਣੇ ਸੰਸਥਾਪਕ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਰੁਤਬੇ, ਆਦਰ-ਮਾਣ, ਬਾਹੁਬਲ, ਕੁਸ਼ਲ ਪ੍ਰਸ਼ਾਸਨ ਅਤੇ ਆਰਥਿਕ ਵਸੀਲਿਆਂ ਕਰਕੇ ਅਤਿ ਅਹਿਮ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਵਿਸਥਾਰ ਦੇ ਮੁੱਢਲੇ ਦਿਨਾਂ ਵਿਚ ਇਹ ਮਿਸਲ ਕਾਫੀ ਸ਼ਕਤੀਸ਼ਾਲੀ ਸੀ ਜਿਸ ਦਾ ਪ੍ਰਮਾਣ ਸਾਨੂੰ ਮਹਾਰਾਜਾ ਰਣਜੀਤ ਸਿੰਘ ਵੱਲੋਂ ਸ. ਫ਼ਤਿਹ ਸਿੰਘ ਆਹਲੂਵਾਲੀਆ ਨਾਲ ਕੀਤੀ ਦੋਸਤੀ ਦੀ ਸੰਧੀ ਵਿੱਚੋਂ ਮਿਲਦਾ ਹੈ। ਸ. ਫ਼ਤਿਹ ਸਿੰਘ ਆਹਲੂਵਾਲੀਆ, ਮਹਾਰਾਜਾ ਰਣਜੀਤ ਸਿੰਘ ਦੀ ਬਰਾਬਰੀ ਦਾ ਸ਼ਾਸਕ ਸੀ ਜਿਸ ਕਰ ਕੇ ਰਾਮ ਸੁਖ ਰਾਓ ਉਸ ਨੂੰ ਵੀ 'ਸਰਕਾਰ' ਪਦ ਨਾਲ ਯਾਦ ਕਰਦਾ ਹੈ।

'ਸ੍ਰੀ ਜੱਸਾ ਸਿੰਘ ਬਿਨੋਦ' ਗਦ ਅਤੇ ਪਦ ਵਿਚ ਲਿਖਿਆ ਗਿਆ ਇਕ ਵੱਡ-ਅਕਾਰੀ ਗ੍ਰੰਥ ਹੈ ਜਿਸ ਦੇ 250 ਪੱਤਰੇ ਅਥਵਾ 500 ਸਫੇ ਹਨ। ਸਾਰੇ ਗ੍ਰੰਥ ਨੂੰ ਲੇਖਕ ਨੇ ਚਾਰ ਖੰਡਾਂ ਵਿਚ ਵੰਡਿਆ ਹੈ ਅਤੇ ਅੱਗੇ ਹਰ ਖੰਡ ਉਪ-ਖੰਡਾਂ ਜਾਂ ਕਾਂਡਾਂ ਵਿਚ ਵੰਡਿਆ ਹੋਇਆ ਹੈ। ਸਾਰੇ ਗ੍ਰੰਥ ਦੇ ਕੁੱਲ 33 ਕਾਂਡ ਜਾਂ ਅਧਿਆਇ ਹਨ। ਸਭ ਤੋਂ ਪਹਿਲਾਂ ਮੰਗਲਾਚਰਣ ਹੈ, ਫਿਰ ਆਹਲੂਵਾਲੀਆ ਰਿਆਸਤ ਦੇ ਹੁਕਮਰਾਨਾਂ ਦੀ ਬੰਸਾਵਲੀ ਹੈ। ਰਾਮ ਸੁਖ ਰਾਓ ਇਨ੍ਹਾਂ ਹੁਕਮਰਾਨਾਂ ਨੂੰ ਚੰਦਰਬੰਸੀ ਰਾਜੇ ਕਹਿੰਦਾ ਹੈ। ਬੰਸਾਵਲੀ ਤਾਂ ਬਹੁਤ ਲੰਮੀ ਚੌੜੀ ਹੈ, ਪਰ ਅਸੀਂ ਕੇਵਲ ਪ੍ਰਸੰਗਾਨੁਕੂਲ ਥੋੜੀ ਜਿਹੀ ਹੀ ਦਰਜ ਕਰਦੇ ਹਾਂ। ਲੇਖਕ ਦੱਸਦਾ ਹੈ ਕਿ ਜੱਸਾ ਸਿੰਘ ਦੇ ਵੱਡੇ-ਵਡੇਰੇ ਜੈਸਲਮੇਰ ਤੋਂ ਉੱਠ ਕੇ ਬਠਿੰਡਾ ਅਤੇ ਲੱਖੀ ਜੰਗਲ ਵਿੱਚੋਂ ਹੁੰਦੇ ਹੋਏ ਲਾਹੌਰ ਦੇ ਆਲੇ-ਦੁਆਲੇ ਵੱਸ ਗਏ, ਜਿਨ੍ਹਾਂ ਵਿੱਚੋਂ ਇਕ ਪਿੰਡ 'ਆਹਲੂ' ਸੀ ਜਿਸ ਤੋਂ ਰਿਆਸਤ ਦਾ ਨਾਂ ਆਹਲੂਵਾਲੀਆ ਪ੍ਰਚਲਿਤ ਹੋਇਆ। ਇਹ ਬੰਸਾਵਲੀ ਹੈ ਗੰਡ੍ਹਾਸਦਰ ਸਿੰਘ੍ਹਗੁਰਪਾਲ ਸਿੰਘ੍ਹਦੇਵਾ ਸਿੰਘ੍ਹਗੁਰਬਖਸ਼ ਸਿੰਘ, ਸਦਰ ਸਿੰਘ ਅਤੇ ਬਦਰ ਸਿੰਘ, ਬਦਰ ਸਿੰਘ੍ਹਜੱਸਾ ਸਿੰਘ। ਜੱਸਾ ਸਿੰਘ ਦੀਆਂ ਦੋ ਹੀ ਧੀਆਂ ਕਰਮ ਕੌਰ ਅਤੇ ਸਦਾ ਕੌਰ ਸਨ। ਸੰਨ 1747 ਈ. ਵਿਚ ਇਕ ਲੜਕਾ ਵੀ ਪੈਦਾ ਹੋਇਆ ਜਿਸ ਦਾ ਨਾਮ ਕਰੋੜਾ ਸਿੰਘ ਰੱਖਿਆ ਗਿਆ, ਪਰ ਉਹ ਕੇਵਲ ਛੇ ਮਹੀਨੇ ਹੀ ਜੀਵਿਤ ਰਿਹਾ।

'ਸ੍ਰੀ ਜੱਸਾ ਸਿੰਘ ਬਿਨੋਦ ਗ੍ਰੰਥ' ਅਨੁਸਾਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ਬੈਸਾਖ ਸੁਦੀ 15, ਬਿਕ੍ਰਮੀ ਸੰਮਤ 1775 ਨੂੰ ਸਰਦਾਰ ਬਦਰ ਸਿੰਘ ਦੇ ਘਰ ਹੋਇਆ। ਉਹ ਕੇਵਲ ਚਾਰ ਸਾਲ ਦਾ ਹੀ ਸੀ ਜਦ ਉਸ ਦਾ ਪਿਤਾ ਚੱਲ ਵੱਸਿਆ। ਨਵਾਬ ਕਪੂਰ ਸਿੰਘ ਵੱਲੋਂ ਪਾਲਣ-ਪੋਸ਼ਣ ਅਤੇ



SikhBookClub.Com

ਸੰਗਤ ਕਰਕੇ ਸਰਦਾਰ ਜੱਸਾ ਸਿੰਘ ਵਿਚ ਬੀਰਤਾ, ਪ੍ਰਸ਼ਾਸਕੀ ਕੁਸ਼ਲਤਾ, ਅਗਵਾਈ, ਵਕਤ ਮੁਤਾਬਕ ਨੀਤੀ ਘੜਨ ਆਦਿ ਦੇ ਗੁਣ ਆ ਗਏ। ਮਾਤਾ ਸੁੰਦਰੀ ਜੀ ਦੇ ਆਸ਼ੀਰਵਾਦ ਸਦਕਾ ਸਿੱਖੀ ਵਿਚ ਪਰਿਪੱਕ ਸਨ ਅਤੇ ਇਸੇ ਕਰਕੇ ਪਟਿਆਲੇ ਦੇ ਮਹਾਰਾਜਾ ਅਮਰ ਸਿੰਘ ਨੇ ਇਨ੍ਹਾਂ ਦੇ ਜਥੇ ਪਾਸੋਂ ਹੀ ਅੰਮ੍ਰਿਤ-ਪਾਨ ਕੀਤਾ। ਅਹਿਮਦਸ਼ਾਹ ਅਬਦਾਲੀ ਅਠਾਰ੍ਹਵੀਂ ਸਦੀ ਦੇ ਪੰਜਾਬ ਇਤਿਹਾਸ ਦਾ ਇਕ ਅਜਿਹਾ ਪਾਤਰ ਹੈ, ਜਿਸ ਦੀਆਂ ਕਰੂਰ ਯਾਦਾਂ ਇੱਥੋਂ ਦੇ ਮਨਾਂ ਵਿਚ ਅੱਜ ਵੀ ਵੱਸੀਆਂ ਹੋਈਆਂ ਹਨ। ਅਬਦਾਲੀ ਨੂੰ ਟੱਕਰ ਦੇਣ , ਉਸ ਨਾਲ ਹਰ ਥਾਂ ਲੋਹਾ ਲੈਣ ਅਤੇ ਆਖਰਕਾਰ ਉਸ ਨੂੰ ਪੰਜਾਬ ਵਿੱਚੋਂ ਹਮੇਸ਼ਾ ਲਈ ਕੱਢ ਕੇ ਸਿੱਖ ਰਾਜ ਕਾਇਮ ਕਰਨ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਯੋਗਦਾਨ ਅਭੁੱਲ ਹੈ। 'ਸ੍ਰੀ ਜੱਸਾ ਸਿੰਘ ਬਿਨੋਦ' ਦੀ ਖੂਬੀ ਇਹ ਹੈ ਕਿ ਇਸ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਹਰ ਸਰਗਰਮੀ ਕ੍ਰਮਵਾਰ ਅਤੇ ਸੰਮਤ-ਬੱਧ ਕਰ ਕੇ ਬਿਆਨ ਕੀਤੀ ਗਈ ਹੈ। ਛੋਟੀਆਂ ਲੜਾਈਆਂ ਨੂੰ ਜੇ ਲਾਂਭੇ ਵੀ ਰੱਖ ਦੇਈਏ ਤਾਂ ਸਿੱਖ ਇਤਿਹਾਸ ਦੇ ਪਹਿਲੇ ਦੋਵੇਂ ਘੱਲੂਘਾਰੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸਮੇਂ ਵਿਚ ਹੀ ਹੋਏ। ਵੱਡੇ ਘੱਲੂਘਾਰੇ ਵਿਚ ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਬਾਈ ਜ਼ਖ਼ਮ ਸਰੀਰ ਉੱਪਰ ਲੱਗੇ। ਸ੍ਰੀ ਅੰਮ੍ਰਿਤਸਰ ਦੇ ਹਾਕਮ ਸਲਾਬਤ ਖਾਨ ਨੂੰ ਕਤਲ ਕਰ ਕੇ ਸ਼ਹਿਰ ਨੂੰ ਅਜ਼ਾਦ ਕਰਾਉਣਾ, ਜਲੰਧਰ ਦੇ ਹਾਕਮ ਅਦੀਨਾ ਬੇਗ ਨੂੰ ਸ਼ਿਕਸਤ ਦੇਣੀ ਆਦਿ ਸਰਦਾਰ ਜੱਸਾ ਸਿੰਘ ਦੇ ਕੁਝ ਹੋਰ ਅਹਿਮ ਕਾਰਨਾਮੇ ਹਨ। ਅਹਿਮਦਸ਼ਾਹ ਅਬਦਾਲੀ ਨੂੰ ਪੰਜਾਬ ਵਿੱਚੋਂ ਖਦੇੜਨ ਤੋਂ ਬਾਅਦ ਜੋ 'ਦਲ ਖਾਲਸਾ' ਬਣਿਆ, ਸਰਦਾਰ ਜੱਸਾ ਸਿੰਘ ਉਸ ਦੇ ਜਥੇਦਾਰ ਥਾਪੇ ਗਏ। ਦਲ ਖਾਲਸਾ ਦੇ ਇਕ ਵਰਗ 'ਬੁੱਢਾ ਦਲ' ਦੇ ਮੁਖੀ ਵੀ ਇਹੋ ਸਨ। ਇਨ੍ਹਾਂ ਸਾਰੀਆਂ ਪ੍ਰਾਪਤੀਆਂ ਸਦਕਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਕੌਮ ਵੱਲੋਂ 'ਸੁਲਤਾਨ-ਉਲ-ਕੌਮ' ਦਾ ਖ਼ਿਤਾਬ ਦਿੱਤਾ ਗਿਆ।

'ਸ੍ਰੀ ਜੱਸਾ ਸਿੰਘ ਬਿਨੋਦ' ਪੜ੍ਹਨ ਤੋਂ ਉਸ ਵੇਲੇ ਦੀ ਰਾਜਨੀਤੀ, ਸਮਾਜ-ਸੱਭਿਆਚਾਰ, ਰਾਜ-ਪ੍ਰਬੰਧ, ਗੁਆਂਢੀਆਂ ਨਾਲ ਸੰਬੰਧ ਅਤੇ ਕਈ ਹੋਰ ਅਹਿਮ ਪੱਖਾਂ ਬਾਰੇ ਜਾਣਕਾਰੀ ਮਿਲਦੀ ਹੈ, ਪਰ ਜਿਸ ਨੁਕਤੇ ਉੱਪਰ ਰਾਮ ਸੁਖ ਰਾਓ ਨੇ ਵਧੇਰੇ ਬਲ ਦਿੱਤਾ ਹੈ, ਉਹ ਹੈ ਸ੍ਰੀ ਹਰਿਮੰਦਰ ਸਾਹਿਬ ਦੀ ਪੁਨਰ-ਉਸਾਰੀ, ਸੇਵਾ-ਸੰਭਾਲ ਅਤੇ ਰਾਖੀ ਲਈ ਪੱਕੇ ਬੰਦੋਬਸਤ ਕਰਨਾ। ਜੇ ਇਹ ਪੱਖ ਲਿਆ ਜਾਵੇ ਕਿ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਸਮੁੱਚਾ ਜੀਵਨ ਹੀ ਗੁਰੂ-ਪੰਥ ਅਤੇ ਗੁਰੂ-ਘਰ ਨੂੰ ਹੀ ਸਮਰਪਿਤ ਸੀ ਤਾਂ ਅਤਿਕਥਨੀ ਨਹੀਂ ਹੋਵੇਗੀ। ਰਾਮ ਸੁਖ ਰਾਓ ਵੱਲੋਂ ਦਿੱਤੀ ਇਕ ਜਾਣਕਾਰੀ, ਉਦਾਹਰਨ ਵਜੋਂ ਅਸੀਂ ਪਾਠਕਾਂ ਨਾਲ ਜ਼ਰੂਰ ਸਾਂਝੀ ਕਰਨੀ ਚਾਹਾਂਗੇ। ਵੱਡੇ ਘੱਲੂਘਾਰੇ ਦੀ ਤਬਾਹੀ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਬੇਹੁਰਮਤੀ ਤੋਂ ਬਾਅਦ ਅਹਿਮਦਸ਼ਾਹ ਅਬਦਾਲੀ ਨੇ ਸ੍ਰੀ ਦਰਬਾਰ ਸਾਹਿਬ ਅਤੇ ਇਸ ਦੀ ਜ਼ਮੀਨ ਸਾਹਿਬ ਰਾਇ ਚੌਧਰੀ ਪਾਸ ਗਹਿਣੇ



SikhBookClub.Com

ਰੱਖ ਦਿੱਤੀ। ਸਰਦਾਰ ਜੱਸਾ ਸਿੰਘ ਨੇ ਬਾਕੀ ਸਿੱਖ ਸਰਦਾਰਾਂ ਨਾਲ ਰਲ ਕੇ ਸਭ ਤੋਂ ਪਹਿਲਾਂ ਇਹ ਖਲਾਸ ਕਰਾਉਣ ਦੀ ਸੋਚੀ। ਉਸ ਨੇ ਵਿਰੋਧੀਆਂ ਨਾਲ ਲੜੀਆਂ ਲੜਾਈਆਂ ਵਿੱਚੋਂ ਪ੍ਰਾਪਤ ਧਨ-ਦੌਲਤ 'ਚੋਂ ਸਾਹਿਬ ਰਾਇ ਚੌਧਰੀ ਨੂੰ ਉਸ ਦੀ ਬਣਦੀ ਰਕਮ ਚੁਕਾਈ ਅਤੇ ਸ੍ਰੀ ਹਰਿਮੰਦਰ ਸਾਹਿਬ ਅਤੇ ਜ਼ਮੀਨ ਦਾ ਕਬਜ਼ਾ ਲਿਆ। ਇੱਥੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਇਕ ਵਡਿਆਈ ਸਾਹਮਣੇ ਆਉਂਦੀ ਹੈ ਕਿ ਉਸ ਨੇ ਸਾਹਿਬ ਰਾਇ ਨਾਲ ਕੋਈ ਧੱਕਾ ਨਹੀਂ ਕੀਤਾ, ਉਸ ਦੀ ਰਕਮ ਦੇ ਕੇ ਕਬਜ਼ਾ ਲਿਆ। ਉਹ ਚਾਹੁੰਦਾ ਤਾਂ ਧੱਕਾ ਵੀ ਕਰ ਸਕਦਾ ਸੀ, ਪਰ ਉਸ ਦੇ ਗੁਰਮਤਿ ਸੰਸਕਾਰਾਂ ਨੇ ਉਸ ਨੂੰ ਅਜਿਹਾ ਨਾ ਕਰਨ ਦਿੱਤਾ।

ਸ੍ਰੀ ਹਰਿਮੰਦਰ ਸਾਹਿਬ ਦੀ ਪੁਨਰ-ਉਸਾਰੀ ਸਮੇਂ ਜਦ ਨੀਂਹ ਰੱਖਣ ਦੀ ਗੱਲ ਚੱਲੀ ਤਾਂ ਫਿਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਮਾਣ-ਪ੍ਰਤਿਸ਼ਠਾ ਅਤੇ ਗੁਣਾਂ ਕਰਕੇ, ਫਿਰ ਜ਼ਿੰਮੇਵਾਰੀ ਉਨ੍ਹਾਂ ਉੱਪਰ ਪਈ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਨੀਂਹ ਰੱਖ ਕੇ ਇਸ ਦੀ ਪੁਨਰ-ਉਸਾਰੀ, ਸਾਜ-ਸਜਾਵਟ ਅਤੇ ਹੋਰ ਕੰਮਾਂ ਲਈ ਭਾਈ ਦੇਸ ਰਾਜ ਨੂੰ ਨਿਯੁਕਤ ਕਰ ਦਿੱਤਾ ਅਤੇ ਉਹ ਸਮੇਂ-ਸਮੇਂ ਆਪ ਵੀ ਨਿਗਰਾਨੀ ਕਰਦੇ ਰਹੇ। ਇਮਾਰਤ ਦੀ ਉਸਾਰੀ ਮੁਕੰਮਲ ਹੋਣ 'ਤੇ ਵੀ ਸਰਦਾਰ ਜੱਸਾ ਸਿੰਘ ਇਸ ਤੋਂ ਬੇਨਿਆਜ਼ ਨਾ ਹੋਏ। ਜਦ ਮਿਸਲਦਾਰ ਸ੍ਰੀ ਅੰਮ੍ਰਿਤਸਰ ਵਿਚ ਇੱਕਠੇ ਹੁੰਦੇ ਤਾਂ ਸ੍ਰੀ ਦਰਬਾਰ ਸਾਹਿਬ ਵਿਖੇ ਦੀਪਮਾਲਾ ਕਰਨ, ਦੀਵਾਨ ਲਾਉਣ ਅਤੇ ਹੋਰ ਧਾਰਮਿਕ ਸਰਗਰਮੀਆਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਨਿਗਰਾਨੀ ਵਿਚ ਹੀ ਮੁਕੰਮਲ ਹੁੰਦੀਆਂ। ਰਾਮ ਸੁਖ ਰਾਓ ਆਹਲੂਵਾਲੀਆ ਨੂੰ ਇਕ ਵੱਡੇ ਨੇਤਾ ਵਜੋਂ ਤਾਂ ਪੇਸ਼ ਕਰਦਾ ਹੀ ਹੈ ਜਿਸ ਨੂੰ ਸਾਰੇ ਇੱਜ਼ਤ ਮਾਣ ਦਿੰਦੇ ਸਨ, ਪਰ ਉਹ ਤਾਂ ਇਸ ਤੋਂ ਅੱਗੇ ਜਾ ਕੇ, ਸ਼ਰਧਾ-ਵਸ ਪੰਥ ਦੇ ਮਾਲਕ ਤਕ ਕਹਿ ਜਾਂਦਾ ਹੈ। ਕਹਿਣ ਦਾ ਭਾਵ ਹੈ ਕਿ ਉਨ੍ਹੀਵੀਂ ਸਦੀ ਤਕ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਪੰਥ ਵਿਚ ਜੋ ਸਤਿਕਾਰ ਸੀ, ਰਾਮ ਸੁਖ ਰਾਓ ਉਸ ਦਾ ਇਕ ਪੁਰਾਣਾ ਚਿਤੇਰਾ ਜਾਂ ਗਵਾਹ ਹੈ।

ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਵਿਸਥਾਰ ਵਿਚ ਵੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਯੋਗਦਾਨ ਮੋਹਰੀ ਦਾ ਹੈ। ਇਹ ਸ਼ਹਿਰ ਕਿਉਂਕਿ ਸਾਰੇ ਸਿੱਖ ਸਰਦਾਰਾਂ ਲਈ ਪਵਿੱਤਰ ਸ਼ਹਿਰ ਸੀ, ਇਸ ਲਈ ਉਨ੍ਹਾਂ ਨੇ ਆਪਣੀ ਆਰਜੀ ਰਿਹਾਇਸ਼ ਲਈ ਕਟੜੇ ਵਸਾਏ ਅਤੇ ਬੂੰਗੇ ਬਣਵਾਏ। ਕਟੜਾ ਆਹਲੂਵਾਲੀਆ ਵਿਚ ਤਾਂ ਇਨ੍ਹਾਂ ਸਰਦਾਰਾਂ ਦੀ ਰਿਹਾਇਸ਼ ਹੈ ਹੀ ਸੀ, ਸਰਦਾਰ ਜੱਸਾ ਸਿੰਘ ਨੇ ਦੂਜੇ ਸਰਦਾਰਾਂ ਨੂੰ ਵੀ ਜ਼ਮੀਨ ਦੇ ਕੇ ਉਨ੍ਹਾਂ ਨੂੰ ਇੱਥੇ ਆਬਾਦ ਹੋਣ ਲਈ ਪ੍ਰੇਰਿਆ। ਵੱਡੇ ਘੱਲੂਘਾਰੇ ਦੇ ਫਲਸਰੂਪ ਉੱਜੜੇ ਸ੍ਰੀ ਅੰਮ੍ਰਿਤਸਰ ਦੇ ਮੁੜ-ਵਸੇਬੇ ਲਈ ਉਸੇ ਤਰ੍ਹਾਂ ਵੱਖ-ਵੱਖ ਤਰ੍ਹਾਂ ਦੇ ਵਪਾਰੀ ਅਤੇ ਮਿਸਲਦਾਰ ਇੱਥੇ ਲਿਆ ਕੇ ਵਸਾਏ।

ਰਾਮ ਸੁਖ ਰਾਓ ਦਾ ਬੁਨਿਆਦੀ ਸਰੋਕਾਰ ਜੱਸਾ ਸਿੰਘ ਆਹਲੂਵਾਲੀਆ



SikhBookClub.Com

ਦਾ ਇਤਿਹਾਸ ਲਿਖਣ ਵੱਲ ਹੈ, ਇਸ ਲਈ ਉਸ ਦਾ ਇਤਿਹਾਸ-ਸੰਕਲਪ ਬੜਾ ਸਪਸ਼ਟ, ਮੱਧਕਾਲੀ ਦ੍ਰਿਸ਼ਟੀ ਵਾਲਾ ਅਤੇ ਇਕ ਹੱਦ ਤਕ ਆਧੁਨਿਕ ਤਕਾਜ਼ੇ ਪੂਰੇ ਕਰਨ ਵਾਲਾ ਹੈ। ਇਤਿਹਾਸ ਲਿਖਣ ਵਿਚ ਤੱਥਾਂ ਦਾ ਮਹੱਤਵ ਸਰਬ-ਵਿਖਿਆਤ ਹੈ। ਤੱਥਾਂ ਤੋਂ ਬਿਨਾ ਇਤਿਹਾਸ ਲਿਖਿਆ ਜਾ ਸਕਦਾ। ਇਸ ਲਈ ਜਿੱਥੇ ਤੱਥ ਇਕੱਠੇ ਕਰਨੇ ਜ਼ਰੂਰੀ ਹਨ, ਉੱਥੇ ਉਨ੍ਹਾਂ ਦੀ ਪੜਤਾਲ ਜਾਂ ਤਸਦੀਕ ਵੀ ਓਨੀ ਹੀ ਅਹਿਮ ਹੈ। ਰਾਮ ਸੁਖ ਰਾਓ ਨੂੰ ਇਸ ਗੱਲ ਦਾ ਭਲੀ-ਭਾਂਤ ਇਲਮ ਹੈ, ਇਹੋ ਕਾਰਨ ਹੈ ਕਿ ਉਸ ਨੇ ਬੜੀ ਮਿਹਨਤ ਨਾਲ 'ਸ੍ਰੀ ਜੱਸਾ ਸਿੰਘ ਬਿਨੋਦ' ਲਈ ਤੱਥਾਂ ਦਾ ਇਕੱਤਰੀਕਰਨ ਹੀ ਨਹੀਂ ਕੀਤਾ, ਸਗੋਂ ਖੋਜ-ਪੜਤਾਲ ਤੋਂ ਬਾਅਦ ਹੀ ਉਨ੍ਹਾਂ ਨੂੰ ਸਵੀਕਾਰ ਕੀਤਾ ਹੈ। ਜਿਨ੍ਹਾਂ ਤੱਥਾਂ ਬਾਰੇ ਉਸ ਨੂੰ ਰਤਾ ਭਰ ਵੀ ਸ਼ੰਕਾ ਹੋਈ, ਉਸ ਨੇ ਆਪਣੇ ਆਦਮੀ ਭੇਜ ਕੇ ਮੋਹਤਬਰ ਵਿਅਕਤੀਆਂ ਰਾਹੀਂ ਉਨ੍ਹਾਂ ਦੀ ਤਸਦੀਕ ਕਰਵਾਈ। ਆਪਣੇ ਇਸ ਤਰਦੱਦ ਬਾਰੇ ਉਹ ਲਿਖਦਾ ਹੈ, "ਅਹਿਵਾਲ ਤਹਕੀਕ (ਖੋਜ) ਕਰਨ ਵਾਸਤੇ ਕੋਸਸ (ਕੋਸ਼ਿਸ਼) ਵਾਫਰ ਕਰੀ ਅਰ ਭਾਈ ਅਹਿਲਕਾਰ ਜੋ ਉਸ ਵਕਤ ਕੇ ਸਰਕਾਰ ਕੀ ਖਿਜਮਤ ਮੇਂ ਜੋ ਹਾਜਰ ਸੇ, ਉਨ ਸੇ ਭੀ ਪੁੱਛਿਆ ਅਰ ਜਿਤਨੀਆਂ ਕੁ ਹਕੀਕਤਾਂ ਮੁਯੱਸਰ ਹੁਈਆਂ ਸੋ ਲਿਖ ਦਈਆਂ।"

ਇਤਿਹਾਸ ਕਿਉਂ ਲਿਖਿਆ ਜਾਣਾ ਚਾਹੀਦਾ ਹੈ ਅਤੇ ਇਸ ਦੀ ਉਪਯੋਗਤਾ ਕੀ ਹੈ? ਇਸ ਦਾ ਰਾਮ ਸੁਖ ਰਾਓ ਪਾਸ ਇਕ ਨਿਸ਼ਚਿਤ ਜਵਾਬ ਹੈ। ਉਸ ਦਾ ਮਤ ਹੈ ਕਿ ਇਤਿਹਾਸ ਲਿਖਣ ਅਤੇ ਪੜ੍ਹਨ ਨਾਲ ਪੂਰਬਲੇ ਸ਼ਾਸਕਾਂ ਦੀਆਂ ਨੀਤੀਆਂ ਦੀ ਜਾਣਕਾਰੀ ਹੁੰਦੀ ਹੈ ਜਿਨ੍ਹਾਂ ਦੀ ਰੋਸ਼ਨੀ ਵਿਚ ਤਤਕਾਲੀ ਹਾਕਮ ਆਪਣੀਆਂ ਨੀਤੀਆਂ ਘੜ ਸਕਦੇ ਹਨ। 'ਸ੍ਰੀ ਜੱਸਾ ਸਿੰਘ ਬਿਨੋਦ' ਲਿਖਣ ਪਿੱਛੋਂ ਵੀ ਏਹੋ ਹੀ ਮਨੋਰਥ ਸੀ, ਹਾਲਾਂਕਿ ਰਾਮ ਸੁਖ ਰਾਓ ਦਾ ਆਪਣਾ ਕਾਰਜ-ਕਾਲ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਨਹੀਂ, ਸਗੋਂ ਪਿਛਲੇ ਹੁਕਮਰਾਨ ਸ. ਫ਼ਤਿਹ ਸਿੰਘ ਆਹਲੂਵਾਲੀਆ ਦਾ ਹੈ। 'ਸ੍ਰੀ ਜੱਸਾ ਸਿੰਘ ਬਿਨੋਦ' ਲਿਖਣ ਪਿੱਛੋਂ ਵੀ ਏਹੋ ਦਲੀਲ ਹੈ ਅਤੇ ਇਸ ਤੋਂ ਵੀ ਵੱਧ ਸਰਦਾਰ ਜੱਸਾ ਸਿੰਘ ਦਾ ਇਤਿਹਾਸ ਵਿਚ ਆਦਰਯੋਗ ਥਾਂ ਹੈ ਜਿਸ ਦੇ ਜ਼ਿਕਰ ਤੇ ਪਿੱਛੋਂ ਸ.ਫ਼ਤਿਹ ਸਿੰਘ ਅਤੇ ਸ. ਭਾਗ ਸਿੰਘ ਦੀ ਗੱਲ ਨਹੀਂ ਸੀ ਹੋ ਸਕਦੀ। ਰਾਮ ਸੁਖ ਰਾਓ ਦੇ ਦੱਸਣ ਮੁਤਾਬਿਕ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਇਤਿਹਾਸ ਲਿਖਣ ਪਿੱਛੋਂ ਵੀ ਸਰਦਾਰ ਫ਼ਤਿਹ ਸਿੰਘ ਆਹਲੂਵਾਲੀਆ ਦੀ ਪ੍ਰੇਰਨਾ ਹੀ ਕੰਮ ਕਰ ਰਹੀ ਸੀ। ਉਹ ਲਿਖਦਾ ਹੈ, "ਆਈਨ ਨੇ ਜਨਨੇ ਅਰ ਜਤਾਵਨੇ ਵਾਸਤੇ ਰਾਜਿਆਂ ਕੋ ਤਵਾਰੀਖਾਂ ਸੁਨਨੀਆਂ ਤੇ ਸੁਨਾਣਾਨੀਆਂ ਜੋਗ ਹੈ। ਤਿਨ ਕੇ ਬਨਾਉਨੇ ਤੇ ਜਿਮੀਨ ਕੇ ਪੜਦੇ ਪਰ ਨੇਕਨਾਮੀ ਰੋਸਨ ਹੋਣੀ ਹੈ। ਇਸ ਤੇ ਅਨੇਕ ਤਰ੍ਹਾਂ ਕੇ ਫਾਇਦੇ ਸਮਝ ਕੇ ਫਤੇ ਸਿੰਘ ਮਹਾਰਾਜ ਜੀ ਕੋ ਹੁਕਮ ਪਾਇ ਕੇ ਸ੍ਰੀ ਜੱਸਾ ਸਿੰਘ ਮਹਾਰਾਜ ਜੋ ਪੀਛੇ ਭਏ ਹੈ। ਤਿਨ ਕੀ ਤਹਕੀਕ ਕਰਵਾਇ ਕੇ ਅਬਲ ਤੇ ਹਕੀਕਤ ਕੁਝ ਕੁ ਰਹਤਾ ਹੈ।"



SikhBookClub.Com

ਰਾਮ ਸੁਖ ਰਾਓ ਕੋਲ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਇਤਿਹਾਸ ਲਿਖਣ ਦੀ ਆਪਣੀ ਦਲੀਲ ਅਤੇ ਮੰਤਵ ਹੈ। ਮੱਧਕਾਲੀ ਨਾਇਕਾਂ ਬਾਰੇ ਜਨ-ਮਾਨਸ ਅਤੇ ਲੇਖਕਾਂ ਦੀ ਪੱਕੀ ਧਾਰਨਾ ਸੀ ਕਿ ਇਹ ਕੋਈ ਸਾਧਾਰਨ ਨਹੀਂ ਸਗੋਂ ਅਸਧਾਰਨ ਵਿਅਕਤੀ ਹੀ ਹੋ ਸਕਦੇ ਹਨ ਜਿਨ੍ਹਾਂ ਦਾ ਗੌਰਵਮਈ ਪਿਛੋਕੜ ਸਦੀਆਂ ਨਹੀਂ, ਯੁੱਗਾਂ ਪੁਰਾਣਾ ਹੈ। ਇਸੇ ਲਈ ਉਹ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਬੰਸਾਵਲੀ ਉਲੀਕਣ ਲਈ ਚੰਦ੍ਰਮਾ ਤਕ ਜਾ ਪਹੁੰਚਦਾ ਹੈ। ਨਾਇਕ ਦੇ ਗੁਣਾਂ ਨੂੰ ਚਿਤਰਣ ਵਿਚ ਉਸ ਦੇ ਅਵਚੇਤਨ ਵਿਚ ਵੱਸਿਆ ਨਾਇਕ ਦਾ ਅਜਿਹਾ ਹੀ ਸੰਕਲਪ ਹੈ।

ਰਾਮ ਸੁਖ ਰਾਓ ਦਾ ਲਿਖਿਆ 'ਸ੍ਰੀ ਜੱਸਾ ਸਿੰਘ ਬਿਨੋਦ' ਮੂਲ ਰੂਪ ਵਿਚ ਇਤਿਹਾਸ ਦਾ ਵਾਰਤਕ ਵਿਚ ਲਿਖਿਆ ਗ੍ਰੰਥ ਹੈ। ਉਸ ਦੀ ਵਾਰਤਕ ਸ਼ੈਲੀ ਦਾ ਬਹੁਤ ਸੰਬੰਧ ਰਚਨਾ ਵਿਚਲੀ ਵਸਤੂ ਅਤੇ ਵੇਰਵਿਆਂ ਨਾਲ ਹੈ। ਇਸ ਗ੍ਰੰਥ ਦਾ ਪਹਿਲਾ ਗੁਣ ਇਸ ਦੀ ਅਧਿਆਇ ਵੰਡ ਅਤੇ ਸੰਗਠਿਤ ਤਰਤੀਬ ਹੈ। ਇਹ ਗੋਂਦ ਪਾਠਕ ਉੱਪਰ ਰਚਨਾ ਦੇ ਪ੍ਰਭਾਵ ਨੂੰ ਪਤਲਾ ਨਹੀਂ ਪੈਣ ਦਿੰਦਾ। ਰਾਮ ਸੁਖ ਰਾਓ ਵਿਸਥਾਰ ਪ੍ਰਸੰਗ ਅਤੇ ਵਿਆਖਿਆ-ਪਸੰਦ ਲੇਖਕ ਹੈ। ਸਰਦਾਰ ਜੱਸਾ ਸਿੰਘ ਦੇ ਜੀਵਨ ਦੇ ਇਕ-ਇਕ ਸਾਲ ਦੀ ਇਕ-ਇਕ ਘਟਨਾ ਨੂੰ ਪੇਸ਼ ਕਰਨਾ ਇਸੇ ਰੁਚੀ ਦਾ ਲਖਾਇਕ ਹੈ। ਗ੍ਰੰਥ ਉੱਪਰ ਟੀਕਾਕਾਰੀ ਦਾ ਪ੍ਰਭਾਵ ਵੀ ਪ੍ਰਤੱਖ ਹੈ। ਉਹ ਜਿੱਥੇ ਪਹਿਲਾਂ ਕੋਈ ਦੋਹਰਾ/ਸਵੈਯਾ ਜਾਂ ਕੋਈ ਛੰਦ ਦੇਂਦਾ ਹੈ ਅਤੇ ਨਾਲ ਹੀ ਬਾਰਤਾ ਲਿਖ ਕੇ ਉਸ ਦਾ ਅਰਥ ਵੀ ਦੇਣ ਦੀ ਕੋਸ਼ਿਸ਼ ਕਰਦਾ ਹੈ। ਕਈ ਭਾਸ਼ਾਵਾਂ ਵਿਚ ਨਿਪੁੰਨ ਹੋਣ ਕਾਰਨ ਅਤੇ ਤਤਕਾਲੀ ਸਾਹਿਤ ਦੇ ਭਾਸ਼ਾਈ ਮੁਹਾਵਰੇ ਦੀ ਜਾਣਕਾਰੀ ਹੋਣ ਕਾਰਣ ਰਾਮ ਸੁਖ ਰਾਓ ਦੀ ਭਾਸ਼ਾ ਅਤੇ ਸ਼ਬਦ-ਚੋਣ ਵੀ ਵਿਵਿਧ ਭਾਸ਼ਾਈ ਬਣ ਗਈ ਹੈ, ਜਦੋਂ ਉਹ ਭਾਰਤੀ ਦਰਸ਼ਨ ਦੇ ਛੇ ਦਰਸ਼ਨਾਂ ਅਤੇ ਕਲਾਸੀਕਲ ਸੰਗੀਤ ਦੀ ਗੱਲ ਕਰਦਾ ਹੈ ਤਾਂ ਉਸ ਦੀ ਭਾਸ਼ਾ ਸੰਸਕ੍ਰਿਤ ਨਾਲ ਲੱਦੀ ਜਾਂਦੀ ਹੈ ਅਤੇ ਦੂਜੇ ਪਾਸੇ ਜਦ ਉਹ ਫੌਜ, ਅਦਾਲਤੀ ਪ੍ਰਬੰਧ ਅਤੇ ਹੁਕਮਰਾਨ ਤਬਕੇ ਦੇ ਜਾਹ-ਓ-ਜਲਾਲ ਅਤੇ ਦਰਬਾਰੀ ਅਦਬ-ਅ-ਦਾਬ ਦੀ ਗੱਲ ਕਰਦਾ ਹੈ ਤਾਂ ਉਸ ਦੀ ਭਾਸ਼ਾ ਉੱਪਰ ਫ਼ਾਰਸੀ ਦਾ ਪ੍ਰਭਾਵ ਆ ਜਾਂਦਾ ਹੈ। ਪੰਜਾਬੀ ਅਤੇ ਇਸ ਦੀਆਂ ਉਪ ਬੋਲੀਆਂ, ਵਿਸ਼ੇਸ਼ ਕਰਕੇ ਦੁਆਬੀ ਦਾ ਰੰਗ ਵੀ ਵੇਖਣ ਨੂੰ ਮਿਲ ਜਾਂਦਾ ਹੈ। ਵਾਰਤਕ ਕਲਾ ਦੀ ਦ੍ਰਿਸ਼ਟੀ ਤੋਂ 'ਸ੍ਰੀ ਜੱਸਾ ਸਿੰਘ ਬਿਨੋਦ' ਪੂਰਬਲੀ ਧਾਰਮਿਕ ਵਾਰਤਕ ਨਾਲੋਂ ਭਿੰਨ ਹੈ। ਸਭ ਤੋਂ ਅਹਿਮ ਗੱਲ ਇਹ ਕਿ ਇਤਿਹਾਸ ਲੇਖਣ ਲਈ ਜਿਹੜਾ ਕੰਮ ਪਹਿਲਾਂ ਕਵਿਤਾ ਕੋਲੋਂ ਲਿਆ ਜਾਂਦਾ ਸੀ, ਇਸ ਕਾਲ ਵਿਚ ਵਾਰਤਕ ਕੋਲੋਂ ਲਿਆ ਜਾਣ ਲੱਗਾ। 'ਸ੍ਰੀ ਜੱਸਾ ਸਿੰਘ ਬਿਨੋਦ' ਇਤਿਹਾਸ ਅਤੇ ਸਾਹਿਤ, ਦੋਹਾਂ ਪੱਖਾਂ ਤੋਂ ਅਹਿਮ ਰਚਨਾ ਹੈ।



SikhBookClub.Com

# ਪੰਜਾਬੀ ਇਤਿਹਾਸਿਕ ਨਾਵਲਾਂ ਦੇ ਆਧਾਰ 'ਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਜੀਵਨ-ਚਿੰਤਨ

*-ਡਾ. ਸਰਵਣ ਸਿੰਘ ਹਸਨਪੁਰਾ*

ਪੰਜਾਬੀ ਸਾਹਿਤ ਵਿਚ ਇਤਿਹਾਸਿਕ ਨਾਵਲਾਂ ਦੀ ਲੰਮੀ-ਚੌੜੀ ਪਰੰਪਰਾ ਨਹੀਂ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਬਾਅਦ, ਬਾਬਾ ਬੰਦਾ ਸਿੰਘ ਬਹਾਦਰ, ਮਿਸਲ ਕਾਲ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੇ ਬਾਰੇ ਪੰਜਾਬੀ ਨਾਵਲਕਾਰਾਂ ਨੇ ਕੁਝ ਇਤਿਹਾਸਿਕ ਨਾਵਲ ਲਿਖੇ ਹਨ। ਇਨ੍ਹਾਂ ਨਾਵਲਕਾਰਾਂ ਵਿੱਚੋਂ ਭਾਈ ਵੀਰ ਸਿੰਘ, ਸ. ਚਰਨ ਸਿੰਘ ਸ਼ਹੀਦ, ਭਾਈ ਮੋਹਨ ਸਿੰਘ ਵੈਦ, ਸ. ਨਰਿੰਦਰਪਾਲ ਸਿੰਘ ਅਤੇ ਸ. ਸ. ਅਮੋਲ ਆਦਿ ਹਨ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਜੀਵਨ ਬਿਰਤਾਂਤ ਪੇਸ਼ ਕਰਨ ਲਈ ਉਨ੍ਹਾਂ ਦੇ ਜੀਵਨ ਬਾਰੇ ਲਿਖੇ ਗਏ ਦੋ ਅਹਿਮ ਨਾਵਲ 'ਵਾਲਹੁ ਨਿੱਕੀ' ਕ੍ਰਿਤ ਸ. ਨਰਿੰਦਰਪਾਲ ਸਿੰਘ ਅਤੇ 'ਬੰਦੀ ਛੋੜ ਬਾਦਸ਼ਾਹ' ਸਰਦਾਰ ਜੱਸਾ ਸਿੰਘ ਆਹਲੂਵਾਲੀਆ ਕ੍ਰਿਤ ਸ. ਸ. ਅਮੋਲ ਨੂੰ ਆਧਾਰ ਬਣਾਇਆ ਗਿਆ ਹੈ। ਦੋਵੇਂ ਨਾਵਲ 'ਮਿਸਲ ਕਾਲ' ਦੇ ਨਾਲ ਸੰਬੰਧਿਤ ਹਨ ਅਤੇ ਸਰਦਾਰ ਜੱਸਾ ਸਿੰਘ ਦੇ ਜੀਵਨ ਦੇ ਇਤਿਹਾਸਿਕ ਤੱਥਾਂ ਨੂੰ ਗਲਪ ਵਿਚ ਲਪੇਟ ਕੇ ਪੇਸ਼ ਕਰਦੇ ਹਨ। ਦੋਵੇਂ ਨਾਵਲ ਸਿੱਖ ਮਿਸਲਾਂ ਅਤੇ ਰਿਆਸਤਾਂ ਦੇ ਬਾਰੇ ਜਾਣਕਾਰੀ ਦੇਂਦੇ ਹਨ। ਦੋਹਾਂ ਨਾਵਲਾਂ ਦਾ ਪਲਾਟ ਕਿਸੇ ਇੱਕ ਘਟਨਾ ਦੇ ਨਾਲ ਸੰਬੰਧਿਤ ਨਹੀਂ ਹੈ, ਸਗੋਂ ਸਮੁੱਚੇ ਮਿਸਲ ਕਾਲ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਇਨ੍ਹਾਂ ਨਾਵਲਾਂ ਦੇ ਵਿਚ ਕੇਵਲ ਇਤਿਹਾਸਿਕ ਘਟਨਾ ਨੂੰ ਹੀ ਬਿਆਨ ਨਹੀ ਕੀਤਾ ਗਿਆ, ਸਗੋਂ ਉਸ ਸਮੇਂ ਦੀ ਸਮੁੱਚੀ ਰੂਹ ਨੂੰ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਨਾਵਲਾਂ ਦੇ ਵਿਚ ਮੁੱਖ ਪਾਤਰ- ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਚਰਿੱਤਰ ਨੂੰ ਇਸ ਤਰ੍ਹਾਂ ਘਟਨਾਵਾਂ ਦੇ ਨਾਲ ਸੰਬੰਧਿਤ ਕਰ ਕੇ ਪੇਸ਼ ਕੀਤਾ ਗਿਆ ਹੈ ਕਿ ਉਸ ਵੇਲੇ ਦੇ ਸਮੁੱਚੇ ਲੋਕਾਂ ਦੀ ਸੋਚ ਤੇ ਮਨੋਰਥ ਪ੍ਰਭਾਵਸ਼ਾਲੀ ਰੂਪ ਦੇ ਵਿਚ ਉਭਰਦੇ ਹਨ। ਇਨ੍ਹਾਂ ਨਾਵਲਾਂ ਦਾ ਨਾਇਕ ਇਤਿਹਾਸ-ਸਿਰਜਕ ਹੈ ਅਤੇ ਇਸ ਪ੍ਰਤੀ ਸੁਚੇਤ ਵੀ ਹੈ। ਪੰਜਾਬ ਦਾ ਸਾਰਾ ਇਤਿਹਾਸ ਗੜਬੜੀ ਭਰਿਆ ਹੈ। ਪੰਜਾਬ ਦੇ ਇਸ ਲੰਮੇ-ਚੌੜੇ ਇਤਿਹਾਸ ਦੇ ਦੌਰਾਨ ਕਈ ਰਾਜ ਆਏ ਅਤੇ ਕਈ ਰਾਜੇ ਗਏ, ਪਰ ਇਸ ਦੇ ਇਤਿਹਾਸ ਵਿਚ ਅਠਾਰ੍ਹਵੀਂ



SikhBookClub.Com

ਸਦੀ ਕਈ ਕਾਰਨਾਂ ਕਰ ਕੇ ਇਕ ਵੱਖਰਾ ਕਾਲ-ਖੰਡ ਹੈ। ਸ਼ੁਰੂ ਤੋਂ ਹੀ ਪੰਜਾਬ ਵਿਚ ਸੱਤਾ ਪ੍ਰਾਪਤ ਕਰਨ ਲਈ ਕਈ ਲੜਾਈਆਂ ਹੋਈਆਂ, ਪਰ ਸਿਧਾਂਤਾਂ ਲਈ ਸੰਘਰਸ਼ ਸਤਾਰ੍ਹਵੀਂ ਸਦੀ ਦੇ ਅੰਤ ਅਤੇ ਅਠਾਰ੍ਹਵੀਂ ਸਦੀ ਦੇ ਅਰੰਭ ਵਿਚ ਪਹਿਲੀ ਵਾਰ ਪੰਜਾਬ ਵਿਚ ਹੋਇਆ।

ਅਠਾਰ੍ਹਵੀਂ ਸਦੀ ਦੇ ਭਾਰਤੀ ਇਤਿਹਾਸ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਵਿਸ਼ੇਸ ਸਥਾਨ ਹੈ। ਅਠਾਰ੍ਹਵੀਂ ਸਦੀ ਵਿਚ ਖ਼ਾਲਸੇ ਦੀਆਂ ਅਫ਼ਗਾਨ ਹਮਲਾਵਰਾਂ ਵਿਰੁੱਧ ਮੁਹਿੰਮਾਂ, ਦਰਅਸਲ ਸਮੁੱਚੇ ਹਿੰਦੁਸਤਾਨ ਦੀਆਂ ਮੁਹਿੰਮਾਂ ਸਨ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਵਰਗਿਆਂ ਸੂਰਮਿਆਂ ਦੇ ਰਾਹੀਂ ਹੀ ਹਿੰਦੁਸਤਾਨ ਨੇ ਆਪਣੀ ਫ਼ੌਜੀ ਸ਼ਕਤੀ ਦਾ ਪ੍ਰਦਰਸ਼ਨ ਕੀਤਾ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਕਈ ਦਹਾਕਿਆਂ ਤਕ ਇਸ ਦੇ ਮੋਹਰੀ ਰਹੇ। ਸਰਦਾਰ ਜੱਸਾ ਸਿੰਘ ਦਾ ਜਨਮ ਸ. ਬਦਰ ਸਿੰਘ ਦੇ ਘਰ ਪਿੰਡ ਆਹਲੂ (ਲਾਹੌਰ) ਵਿਖੇ ਹੋਇਆ। ਜੱਸਾ ਸਿੰਘ ਦੇ ਜਨਮ 'ਤੇ ਪੂਰੇ ਪਿੰਡ ਵਿਚ ਬਹੁਤ ਖ਼ੁਸ਼ੀ ਮਨਾਈ ਗਈ, ਕਿਉਂਕਿ ਸ. ਬਦਰ ਸਿੰਘ ਦੇ ਘਰ ਇਹ ਪਹਿਲੀ ਸੰਤਾਨ ਵਿਆਹ ਤੋਂ ਘੱਟੋ-ਘੱਟ ਪੰਦਰ੍ਹਾਂ ਵਰ੍ਹਿਆਂ ਮਗਰੋਂ ਹੋਈ ਸੀ। ਦੂਸਰਾ ਕਾਰਨ ਇਹ ਸੀ ਕਿ ਸ. ਬਦਰ ਸਿੰਘ ਪਿੰਡ ਦਾ ਮਾਲਕ ਸੀ, ਬਾਕੀ ਸਭ ਉਸ ਦੇ ਮੁਜਾਰੇ ਸਨ। ਸ. ਬਦਰ ਸਿੰਘ ਦਾ ਪੂਰੇ ਇਲਾਕੇ ਵਿਚ ਬਹੁਤ ਰਸੂਖ ਸੀ। ਸ. ਬਦਰ ਸਿੰਘ ਦੇ ਪਿਤਾ ਸ. ਸਾਧੂ ਸਿੰਘ ਨੂੰ ਜਗੀਰ ਇਲਾਕੇ ਦੇ ਚੌਧਰੀ ਨੇ ਇਨਾਮ ਵਜੋਂ ਦਿੱਤੀ ਸੀ।[1] ਜੱਸਾ ਸਿੰਘ ਨੂੰ ਬਚਪਨ ਦੇ ਪਹਿਲੇ ਚਾਰ ਸਾਲ ਮਾਂ-ਪਿਉ ਦਾ ਬਹੁਤ ਲਾਡ ਤੇ ਪਿਆਰ ਮਿਲਿਆ। ਮਾਂ ਦਾ ਧਰਮੀਂ ਜੀਵਨ ਆਪ ਹੀ ਬੱਚੇ 'ਤੇ ਪ੍ਰਭਾਵ ਪਾਉਣ ਲੱਗ ਪਿਆ। ਉਹ ਬਹਿ ਕੇ ਬਾਣੀ ਪੜ੍ਹਦੀ ਤਾਂ ਜੱਸਾ ਸਿੰਘ ਆਪ ਹੀ ਉਸ ਦੀ ਗੋਦ ਵਿਚ ਬੈਠ ਕੇ ਸੁਣਦਾ ਰਹਿੰਦਾ। ਕੁਝ ਸਿਆਣਾ ਹੋ ਗਿਆ ਤਾਂ ਉਹ ਮਾਂ ਨੂੰ ਧਾਰਨਾ ਨਾਲ ਉੱਚੀ ਸੁਰ ਵਿਚ ਸ਼ਬਦ ਪੜ੍ਹਦਿਆਂ ਸੁਣਨ ਲਈ ਮਾਂ ਵਾਂਗ ਹੀ ਚੌਕੜੀ ਮਾਰ ਕੇ ਅਤੇ ਹੱਥ ਜੋੜ ਕੇ ਬੈਠਾ ਰਹਿੰਦਾ।[2]

ਸਰਦਾਰ ਜੱਸਾ ਸਿੰਘ ਦੀ ਉਮਰ ਕੇਵਲ ਚਾਰ ਸਾਲ ਦੀ ਹੀ ਸੀ ਕਿ ਉਸ ਦੇ ਪਿਤਾ ਸ. ਬਦਰ ਸਿੰਘ ਜੀ ਚੜ੍ਹਾਈ ਕਰ ਗਏ। ਲੌਡੇ ਵੇਲੇ ਉਨ੍ਹਾਂ ਦੇ ਪਿਤਾ ਦੀ ਲਾਸ਼ ਉਨ੍ਹਾਂ ਦੇ ਮਾਮਾ ਬਾਘ ਸਿੰਘ ਅਤੇ ਦੋ ਪਠਾਣ ਪਿੰਡ ਲੈ ਕੇ ਆਏ। ਇੱਥੇ 'ਬੰਦੀ ਛੋੜ ਬਾਦਸ਼ਾਹ' (ਸਰਦਾਰ ਜੱਸਾ ਸਿੰਘ ਆਹਲੂਵਾਲੀਆ) ਨਾਵਲ ਦੇ ਲੇਖਕ ਸ. ਸ. ਅਮੋਲ ਨੇ ਆਪਣੇ ਨਾਵਲ ਵਿਚ ਬੜਾ ਕਰੁਣਾਮਈ ਦ੍ਰਿਸ਼ ਪੇਸ਼ ਕੀਤਾ ਹੈ:-

> ਜੱਸਾ ਸਿੰਘ ਦੀ ਮਾਤਾ ਨੂੰ ਆਪਣੇ ਭਰਾ ਨੂੰ ਸਿਞਾਣਨ ਵਿਚ ਦੇਰ ਨਾ ਲੱਗੀ ਪਰ ਇਹ ਕੀ? ਨਾਲ ਹੀ ਉਸੇ ਵੇਲੇ ਉਸ ਦਾ ਇਸਤਰੀ ਦਿਲ ਧਕ-ਧਕ ਕਰ ਰਿਹਾ ਸੀ। ਡਿਉਢੀ ਵਿਚ ਖਲੋਤੇ ਗਲਵਕੜੀ ਵਿਚ ਲਈ ਭਰਾ ਨੇ ਭੈਣ ਨੂੰ ਘਿਘਿਆਉਂਦੀ ਅਵਾਜ ਵਿਚ ਕਿਹਾ, "ਭੈਣ,


SikhBookClub.Com

ਭਾਣਾ ਵਰਤ ਗਿਆ ਜੀਜਾ ਜੀ ਸ਼ਹੀਦ[3] ਹੋ ਗਏ।" ਨਾਲ ਆਇਆ ਘੋੜ-ਸਵਾਰ, ਸੱਚਮੁਚ ਪਠਾਣ ਸੀ। ਉਸ ਦੀਆਂ ਅੱਖਾਂ ਵਿਚ ਅੱਥਰੂ ਸਨ। ਉਹ ਕਹਿ ਰਿਹਾ ਸੀ, "ਬਹੁਤ ਬਹਾਦਰ, ਜਵਾਂ,ਖ਼ੁਦਾ ਪ੍ਰਸਤ।"

*(ਬੰਦੀ ਛੋੜ ਬਾਦਸ਼ਾਹ, ਪੰਨਾ ੩੫)*

ਪੰਜ-ਛੇ ਦਿਨ ਅਫਸੋਸ ਕਰਨ ਵਾਲੇ ਦੂਰੋਂ-ਨੇੜਿਉਂ ਆਉਂਦੇ ਰਹੇ। ਬਾਲ ਜੱਸਾ ਸਿੰਘ ਇਹ ਸਭ ਕੁਝ ਵੇਖਦਾ ਸੀ। ਉਸ ਨੂੰ ਸਮਝ ਨਹੀਂ ਸੀ ਆ ਰਹੀ। ਉਹ ਹੈਰਾਨ ਤੇ ਪ੍ਰੇਸ਼ਾਨ ਸੀ। ਉਹ ਆਪਣੀ ਮਾਂ ਨੂੰ ਬਾਪ ਦੇ ਕਿੱਥੇ ਚਲੇ ਜਾਣ ਬਾਰੇ ਪੁੱਛਦਾ ਹੈ:-

> ਜੱਸਾ ਸਿੰਘ ਨੇ ਪੁੱਛਿਆ -ਬੇਬੇ, ਬਾਪੂ ਕਿੱਥੇ ਐ? ਮਾਂ ਨੇ ਬਹੁਤ ਕਠਿਨਾਈ ਨਾਲ ਆਪਣੇ ਅੱਥਰੂ ਰੋਕੇ। ਪਰ ਅਵਾਜ਼ ਉਸ ਦਾ ਪਾਜ ਉਘਾੜ ਗਈ। ਉਸ ਨੇ ਕਿਹਾ, "ਪੁੱਤਰ, ਉਹ ਦੂਰ ਬਹੁਤ ਦੂਰ ਚਲੇ ਗਏ ਨੇ।"

ਸਮਾਂ ਨਾਂ ਦੇ ਵੈਦ ਨੇ ਆਪਣਾ ਕੰਮ ਅਰੰਭ ਦਿੱਤਾ। ਵਿਛੋੜੇ ਦੇ ਘਾਵ 'ਤੇ ਦਰਦ ਮੱਧਮ ਪੈਂਦੇ ਗਏ। ਜੀਵਨ ਆਪਣੀ ਚਾਲ ਚੱਲਦਾ ਰਿਹਾ। ਸ. ਬਾਘ ਸਿੰਘ ਆਪਣੀ ਭੈਣ ਅਤੇ ਭਣੇਵੇਂ ਜੱਸਾ ਸਿੰਘ ਨੂੰ ਪੇਕੇ ਪਿੰਡ ਹਲੋ ਸਾਧੋ ਲੈ ਗਿਆ। ਕੁਝ ਦਿਨਾਂ ਬਾਅਦ ਉਹ ਸ. ਜੱਸਾ ਸਿੰਘ ਨੂੰ ਮਾਤਾ ਸੁੰਦਰੀ ਜੀ ਦੇ ਕੋਲ ਦਿੱਲੀ ਲੈ ਗਏ। ਮਾਤਾ ਸੁੰਦਰੀ ਜੀ ਨੇ ਸੱਤ ਕੁ ਸਾਲ ਬਾਲ ਜੱਸਾ ਸਿੰਘ ਨੂੰ ਆਪਣੇ ਕੋਲ ਰੱਖਿਆ ਅਤੇ ਉਸ ਦੀ ਉੱਚਿਤ ਵਿੱਦਿਆ ਦਾ ਪ੍ਰਬੰਧ ਕੀਤਾ। ਮਾਤਾ ਸੁੰਦਰੀ ਜੀ ਖ਼ੁਦ ਜੱਸਾ ਸਿੰਘ ਦਾ ਬਹੁਤ ਖ਼ਿਆਲ ਰੱਖਦੇ ਸਨ ਅਤੇ ਉਸ ਨੂੰ ਬਹੁਤ ਕੀਮਤੀ ਅਤੇ ਨਵਾਬਾਂ ਵਰਗੇ ਕੱਪੜੇ ਪਹਿਨਾਉਂਦੇ ਸਨ।[4] ਇਕ ਦਿਨ ਜਦੋਂ ਜੱਸਾ ਸਿੰਘ ਦਾ ਉਸਤਾਦ ਬਜ਼ੁਰਗ ਗੱਤਕਾ ਸਿਖਾਉਣ ਵਾਲਾ ਮਾਤਾ ਜੀ ਨੂੰ ਆ ਕੇ ਦੱਸਦਾ ਹੈ ਕਿ ਜੱਸਾ ਸਿੰਘ ਦੀਆਂ ਬਾਹਾਂ ਦੇਵਤਿਆਂ ਦੀਆਂ ਬਾਹਾਂ ਵਾਂਗ ਗੋਡਿਆਂ ਤੋਂ ਹੇਠਾਂ ਤਕ ਪੁੱਜਦੀਆਂ ਨੇ ਤਾਂ ਇਸ 'ਤੇ ਮਾਤਾ ਸੁੰਦਰੀ ਜੀ ਬਹੁਤ ਵਿਸਮਾਦ ਵਿਚ ਆ ਜਾਂਦੇ ਹਨ:-

> ਹੈਰਾਨੀ ਭਰੀ ਖੁਸ਼ੀ ਦੇ ਨਾਲ ਮਾਤਾ ਸੁੰਦਰੀ ਦੇ ਨੇਤ੍ਰਾਂ ਵਿਚ ਹੰਝੂ ਲਿਸ਼ਕ ਪਏ। ਉਹ ਬੋਲੇ, ਭਰਾ ਜੀ ਸੱਚ ਏ। ਕਲਗੀਧਰ ਪਾਤਸ਼ਾਹ ਦੀਆਂ ਬਾਹਾਂ ਭੀ ਗੋਡਿਆਂ ਤੋਂ ਹੇਠਾਂ ਪੁੱਜਦੀਆਂ ਸਨ। ਇਸ ਦੇ ਮਾਤਾ ਪਿਤਾ ਸਦਾ ਸੱਚੇ ਪਾਤਸ਼ਾਹ ਦੇ ਧਿਆਨ ਵਿਚ ਰਹਿੰਦੇ ਸਨ। ਗੁਰੂ ਜੀ ਨੇ ਦੱਖਣ ਜਾਣ ਤੋਂ ਪਹਿਲਾਂ ਉਨ੍ਹਾਂ ਨੂੰ ਅਸੀਸ ਦਿੱਤੀ ਸੀ "ਵਾਹਿਗੁਰੂ ਤੁਹਾਨੂੰ ਪੁੱਤਰ ਬਖਸ਼ੇ।"

*(ਬੰਦੀ ਛੋੜ ਬਾਦਸ਼ਾਹ, ਪੰਨਾ ੪੮)*

ਮਾਤਾ ਜੀ ਦੀ ਆਗਿਆ ਲੈ ਕੇ ਸ. ਬਾਘ ਸਿੰਘ ਆਪਣੀ ਭੈਣ ਅਤੇ ਜੱਸਾ



SikhBookClub.Com

ਸਿੰਘ ਨੂੰ ਆਪਣੇ ਪਿੰਡ ਲੈ ਆਉਂਦਾ ਹੈ। ਫਿਰ ਸਰਦਾਰ ਜੱਸਾ ਸਿੰਘ ਨੂੰ ਨਵਾਬ ਕਪੂਰ ਸਿੰਘ ਦੀ ਸੰਗਤ ਪ੍ਰਾਪਤ ਹੋਈ। ਨਵਾਬ ਕਪੂਰ ਸਿੰਘ ਨੇ ਸਰਦਾਰ ਜੱਸਾ ਸਿੰਘ ਨੂੰ ਚਾਰ ਸਿੰਘਾਂ ਦੇ ਨਾਲ ਅੰਮ੍ਰਿਤ ਛਕਾਇਆ। ਸਰਦਾਰ ਜੱਸਾ ਸਿੰਘ ਕੁਝ ਚਿਰ ਮਾਤਾ ਸੁੰਦਰੀ ਜੀ ਕੋਲ ਦਿੱਲੀ ਰਹਿ ਕੇ ਆਏ ਸਨ, ਇਸ ਕਰਕੇ ਉਨ੍ਹਾਂ ਦੀ ਭਾਸ਼ਾ ਦੇ ਵਿਚ ਕਈ ਹਿੰਦੁਸਤਾਨੀ ਦੇ ਸ਼ਬਦ 'ਹਮ ਕੋ, ਤੁਮ ਕੋ' ਰਲ ਗਏ। ਇਸ 'ਤੇ ਸਿੱਖ ਸਿਪਾਹੀ ਉਸ ਨੂੰ ਮਜ਼ਾਕ ਨਾਲ 'ਹਮ ਕੋ, ਤੁਮ ਕੋ' ਬੋਲਣ ਲੱਗੇ। ਇਸ 'ਤੇ ਸਰਦਾਰ ਜੱਸਾ ਸਿੰਘ ਨੇ ਜਦੋਂ ਨਵਾਬ ਕਪੂਰ ਸਿੰਘ ਨੂੰ ਸ਼ਿਕਾਇਤ ਕੀਤੀ ਤਾਂ ਨਵਾਬ ਕਪੂਰ ਸਿੰਘ ਨੇ ਉਸ ਨੂੰ ਸਮਝਾਇਆ ਕਿ ਇਨ੍ਹਾਂ ਸਿੰਘਾਂ ਦੀ ਗੱਲ ਦਾ ਗੁੱਸਾ ਨਹੀਂ ਕਰੀਦਾ। ਇਹ ਗੁਰੂ ਦੀਆਂ ਲਾਡਲੀਆਂ ਫੌਜਾਂ ਨੇ—ਉਹ ਖੁਸ਼ ਹੁੰਦੇ ਨੇ ਤੇਰੇ ਨਾਲ ਹਾਸਾ-ਠੱਠਾ ਕਰ ਕੇ—ਹੱਸ ਛੱਡਿਆ ਕਰ। ਵੇਖ ਮੈਨੂੰ ਪੱਖਾ ਝੱਲਦੇ ਨੂੰ, ਇਨ੍ਹਾਂ ਨਵਾਬ ਬਣਾ ਦਿੱਤਾ ਏ ਖਵਰੇ ਕੱਲ ਨੂੰ ਤੈਨੂੰ ਬਾਦਸ਼ਾਹ ਬਣਾ ਦੇਣ।[5] ਉਸ ਦਿਨ ਅਰਦਾਸ ਤੋਂ ਪਿੱਛੋਂ ਨਵਾਬ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਨੂੰ ਨਾਲ ਲੈ ਕੇ ਖਲੋ ਗਏ ਅਤੇ ਉਨ੍ਹਾਂ ਸਿੰਘਾਂ ਨੂੰ ਕਿਹਾ:-

> "ਇਸ ਭੁਜੰਗੀ ਨੂੰ ਮਾਤਾ ਸੁੰਦਰੀ ਜੀ ਨੇ 6 ਵਰ੍ਹੇ ਆਪਣੇ ਕੋਲ ਰੱਖਿਆ ਤੇ ਬੱਚਿਆਂ ਵਾਂਗ ਪਿਆਰ ਕੀਤਾ ਹੈ। ਮੈਂ ਹੋਰ ਚਾਰ ਸਿੰਘਾਂ ਦੇ ਨਾਲ ਰਲ ਕੇ ਇਸ ਨੂੰ ਅੰਮ੍ਰਿਤ ਛਕਾਇਆ ਏ। ਇਸ ਦਾ ਨਾਂ ਜੱਸਾ ਸਿੰਘ ਹੈ। ਸਿੰਘਾਂ ਦਾ ਅੱਧਾ ਨਾਂ ਲੈਣਾ ਜਾਂ ਹੋਰ ਨਾਂ ਪਾਉਣਾ ਚੰਗਾ ਨਹੀਂ। ਇਹ ਤੁਹਾਡਾ ਭਰਾ ਏ, ਵੀਰ ਏ, ਫੇਰ ਗੁਰਮੁਖੀ-ਫ਼ਾਰਸੀ ਪੜ੍ਹਿਆ ਤੇ ਲੇਖਾ-ਪਤਾ ਜਾਣਦਾ ਏ। ਇਸ ਨੂੰ ਬਾਣੀ ਕੰਠ ਹੈ, ਬੜਾ ਸੋਹਣਾ ਤੇ ਰਸੀਲਾ ਕੀਰਤਨ ਕਰਦਾ ਹੈ।"

*(ਬੰਦੀ ਛੋੜ ਬਾਦਸ਼ਾਹ, ਪੰਨਾ ੧੭)*

ਇਸ ਤਰ੍ਹਾਂ ਨਵਾਬ ਕਪੂਰ ਸਿੰਘ ਦੇ ਕਹਿਣ 'ਤੇ ਸਿੰਘਾਂ ਨੇ ਸਰਦਾਰ ਜੱਸਾ ਸਿੰਘ ਨੂੰ ਪੁੱਠੇ ਅਤੇ ਅੱਧੇ ਨਾਂ ਦੇ ਨਾਲ ਬੁਲਾਉਣਾ ਬੰਦ ਕਰ ਦਿੱਤਾ ਅਤੇ ਬਹੁਤਿਆਂ ਨੇ ਉਸ ਨੂੰ ਬਾਦਸ਼ਾਹ ਆਖ ਕੇ ਬੁਲਾਉਣਾ ਸ਼ੁਰੂ ਕਰ ਦਿਤਾ। ਸਰਦਾਰ ਜੱਸਾ ਸਿੰਘ ਜਿਤਨਾ ਬਚਪਨ ਵਿਚ ਸੁੰਦਰ ਸੀ ਉਸ ਤੋਂ ਵੀ ਵੱਧ ਉਹ ਜਵਾਨੀ ਵੇਲੇ ਸੀ। ਸਰਦਾਰ ਜੱਸਾ ਸਿੰਘ ਦੀ ਸੁੰਦਰ ਦਿਖ ਦੀ ਉਦਾਹਰਨ ਵੇਖੀ ਜਾ ਸਕਦੀ ਹੈ:-

> "ਸਰਦਾਰ ਜੱਸਾ ਸਿੰਘ ਪਰ੍ਹੇ ਦੇ ਵਿਚ ਪੁੱਜਾ—ਆਪਣੇ ਘੋੜੇ ਉੱਤੇ ਸਰਦਾਰ ਜੱਸਾ ਸਿੰਘ ਬੜਾ ਸੋਹਣਾ ਸਜਿਆ ਹੋਇਆ। ਉਹਦੀ ਛਾਤੀ ਨਿਕਲੀ ਹੋਈ। ਉਹਦੀਆਂ ਬਾਹਾਂ ਐਨੀਆਂ ਲੰਮੀਆਂ ਕਿ ਜਰਾ ਉੜ ਕੇ ਵਧਾਏ ਤਾਂ ਘੋੜੇ ਦੇ ਸਾਰੇ ਮੂੰਹ ਉੱਤੇ ਫੇਰ ਲਏ। ਉਹਦੀਆਂ ਲੱਤਾਂ ਘੋੜੇ ਦੇ ਗੋਡਿਆਂ ਤਕ ਪਹੁੰਚਦੀਆਂ। ਉਹਦਾ ਮੁਖੜਾ ਹਸੂੰ-ਹਸੂੰ ਕਰਦਾ ਕਿ ਜਿਵੇਂ ਇਸ ਮੁਖੜੇ ਨੇ ਕੋਈ ਔਕੜ ਨਾ ਵੇਖੀ ਹੋਵੇ। ਰੰਗ ਪੱਕਾ ਪਰ



SikhBookClub.Com

ਰਸ ਭਿੰਨਾ। ਦਾੜ੍ਹੀ ਸਾਰੀ ਦੀ ਸਾਰੀ ਕਾਲੀ। ਸਰਦਾਰ ਦਾ ਸਮੁੱਚਾ ਪ੍ਰਭਾਵ ਤਰੇਲ ਨ੍ਹਾਤੀ ਪ੍ਰਭਾਤ ਵਰਗਾ। ਸੱਜਰਾ ਤੇ ਸੁਖਾਵਾਂ।

*(ਵਾਲਹੁ ਨਿੱਕੀ, ਪੰਨਾ ੩੧)*

ਸਰਦਾਰ ਜੱਸਾ ਆਹਲੂਵਾਲੀਆ ਨੇ ਬਹੁਤ ਸਾਰੀਆਂ ਲੜਾਈਆਂ, ਨਵਾਬ ਕਪੂਰ ਸਿੰਘ ਦੇ ਨਾਲ ਰਲ ਕੇ ਮੁਗ਼ਲਾਂ ਵਿਰੁੱਧ ਲੜੀਆਂ। ਸਰਦਾਰ ਜੱਸਾ ਸਿੰਘ ਬਹੁਤ ਬਹਾਦਰ ਜਰਨੈਲ ਸੀ। ਉਸ ਨੇ ਗੁਰੀਲਾ ਯੁੱਧ ਦੀ ਨੀਤੀ ਨੂੰ ਅਪਣਾਇਆ। ਉਹ ਆਪਣੀ ਕਾਬਲੀਅਤ ਕਰਕੇ ਸਰਬੱਤ ਖਾਲਸਾ ਦੇ ਰਾਹੀਂ 65 ਜਥਿਆਂ ਨੂੰ ਤੋੜ ਕੇ 'ਦਲ ਖਾਲਸਾ' ਦੇ ਮੁਖੀ ਬਣੇ। 1748 ਈ. ਨੂੰ ਸਾਰੀ ਕੌਮ ਦੀਆਂ 11 ਮਿਸਲਾਂ ਬਣਾਈਆਂ ਗਈਆਂ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਮਿਸਲ ਦੇ ਮੁਖੀ ਅਤੇ ਨਾਲ ਹੀ ਸਾਂਝੇ ਤੌਰ 'ਤੇ ਸਾਰੀਆਂ ਮਿਸਲਾਂ ਦੇ ਨੇਤਾ ਬਣੇ। ਨਵਾਬ ਕਪੂਰ ਸਿੰਘ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਖਾਲਸੇ ਦੀ ਸਰਦਾਰੀ ਬਖਸ਼ੀ। ਏਸੇ ਸਾਲ ਹੀ ਸ੍ਰੀ ਅੰਮ੍ਰਿਤਸਰ ਅੰਦਰ 'ਰਾਮ ਰੌਣੀ' ਨਾਂ ਦੀ ਕੱਚੀ ਗੜ੍ਹੀ ਦਾ ਨਿਰਮਾਣ ਕੀਤਾ ਗਿਆ।[6] ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ 'ਦਲ ਖਾਲਸਾ' ਨੇ ਦੀਵਾਨ ਕੌੜਾ ਮੱਲ ਨੂੰ ਮੁਲਤਾਨ ਦਾ ਸੂਬੇਦਾਰ ਬਣਨ ਵਿਚ ਮਦਦ ਕੀਤੀ। ਸਰਦਾਰ ਜੱਸਾ ਸਿੰਘ ਨੇ ਦੀਵਾਨ ਕੌੜਾ ਮੱਲ ਦੀ ਮਦਦ ਦੇ ਨਾਲ ਗੁਰਦੁਆਰਾ ਬਾਲ ਲੀਲਾ, ਨਨਕਾਣਾ ਸਾਹਿਬ ਵਿਖੇ ਬਣਵਾਇਆ ਅਤੇ ਬਹੁਤ ਸਾਰੇ ਹੋਰ ਗੁਰਦੁਆਰਾ ਸਾਹਿਬਾਨ ਦੀ ਮੁਰੰਮਤ ਕਰਵਾਈ।

1761 ਈ. ਵਿਚ ਅਬਦਾਲੀ ਪਾਣੀਪਤ ਵਿਖੇ ਮਰਹੱਟਿਆਂ ਦਾ ਸਾਰਾ ਮਾਲ- ਧਨ ਅਤੇ 2200 ਇਸਤਰੀਆਂ ਨੂੰ ਬੰਦੀ ਬਣਾ ਕੇ ਲਿਜਾ ਰਿਹਾ ਸੀ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਉਨ੍ਹਾਂ ਨੂੰ ਦਲ ਖਾਲਸੇ ਦੀ ਅਗਵਾਈ ਕਰ ਕੇ ਅਜ਼ਾਦ ਕਰਵਾਇਆ ਅਤੇ ਘਰੋਂ-ਘਰੀਂ ਪਹੁੰਚਾਇਆ। ਏਸੇ ਕਰਕੇ ਪੰਜਾਬ ਦੇ ਲੋਕਾਂ ਨੇ ਆਪ ਨੂੰ 'ਬੰਦੀ ਛੋੜ' ਦਾ ਖ਼ਿਤਾਬ ਦਿੱਤਾ। ਇਨ੍ਹਾਂ ਇਸਤਰੀਆਂ ਨੇ ਆਪ ਨੂੰ ਆਪਣੀ ਜਾਨ ਬਖ਼ਸ਼ਣ ਦੇ ਬਦਲੇ ਗਹਿਣਾ ਗੱਟਾ ਦੇਣਾ ਚਾਹਿਆ, ਪਰ ਸਰਦਾਰ ਜੱਸਾ ਸਿੰਘ ਨੇ ਕਿਹਾ:-

> "ਮਾਇਓ, ਭੈਣੋਂ! ਅਸੀਂ ਔਰਤਾਂ ਦੇ ਪੈਸੇ ਨੂੰ ਜ਼ਹਿਰ ਸਮਝਦੇ ਹਾਂ। ਨਾਲੇ ਜੋ ਹਾਰ ਗਿਆ; ਉਸ ਨੂੰ ਕੀ ਲੁੱਟਣਾ। ਸਰਕਾਰੀ ਲੁੱਟ ਨੂੰ ਅਸੀਂ ਜ਼ਰੂਰ ਲੁੱਟਦੇ ਹਾਂ ਪਰ ਪਿਛਲੇ ਸਾਰੇ ਵਕਤ ਵਿਚ ਮੇਰੇ ਭਰਾਵਾਂ ਨੇ ਕਦੇ ਕਿਸੇ ਮਾਈ, ਬੀਬੀ ਕੋਲੋਂ ਇੱਕ ਕੌੜੀ ਵੀ ਨਹੀਂ ਲਈ। ਤੁਹਾਡੀ ਪੱਤ ਆਬਰੂ ਦੀ ਰਖਵਾਲੀ ਮੇਰੇ ਜ਼ੁੰਮੇ ਹੈ। ਇਸ ਲਈ ਤੁਸੀਂ ਜਿੱਥੇ ਜਾਣਾ ਚਾਹੋ, ਰਖਵਾਲੀ ਵਿਚ ਤੁਹਾਨੂੰ ਰਾਜੀਬਾਜੀ ਉੱਥੇ ਪਹੁੰਚਾਉਣਾ ਅਸੀਂ ਆਪਣਾ ਇਖ਼ਲਾਕੀ ਫ਼ਰਜ਼ ਸਮਝਦੇ ਹਾ।"

***(ਬੰਦੀ ਛੋੜ ਬਾਦਸ਼ਾਹ, ਪੰਨਾ ੧੪੬)***

1761 ਈ. ਨੂੰ 'ਦਲ ਖਾਲਸਾ' ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ



SikhBookClub.Com

ਦੀ ਅਗਵਾਈ ਹੇਠ, ਲਾਹੌਰ ਸ਼ਹਿਰ ਨੂੰ ਘੇਰਾ ਪਾ ਲਿਆ। ਉਸ ਸਮੇਂ ਲਾਹੌਰ ਦਾ ਮੁਖੀ ਉਬੇਦ ਖਾਂ ਕਿਲ੍ਹੇ ਵਿਚ ਹੀ ਲੁਕਿਆ ਰਿਹਾ, ਪਰ ਦਲ ਖਾਲਸਾ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ। ਇਹ ਦਲ ਖਾਲਸੇ ਦੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਵੱਡੀ ਜਿੱਤ ਸੀ। ਕੌਮ ਨੇ ਆਪ ਨੂੰ 'ਸੁਲਤਾਨ-ਉਲ-ਕੌਮ' ਦੇ ਖ਼ਿਤਾਬ ਨਾਲ ਨਿਵਾਜਿਆ। ਜਿੱਤ ਦੀ ਖੁਸ਼ੀ ਵਿਚ ਸਰਦਾਰ ਜੱਸਾ ਸਿੰਘ ਨੇ ਨਵਾਂ ਸਿੱਕਾ ਜਾਰੀ ਕੀਤਾ ਜਿਸ ਉੱਪਰ ਅੰਕਿਤ ਸੀ: ਦੇਗ ਵ ਤੇਗ ਫਤਹ ਵ, ਨੁਸਰਤ ਬੇਦਰੰਗ। ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ। ਅਹਿਮਦਸ਼ਾਹ ਦੇ ਛੇਵੇਂ ਹਮਲੇ ਸਮੇਂ ਆਪ ਦੀ ਛਾਤੀ 'ਤੇ 22 ਫੱਟ ਲੱਗੇ। ਇਸ ਕਤਲ-ਏ-ਆਮ ਨੂੰ 'ਵੱਡਾ ਘੱਲੂਘਾਰਾ' ਕਹਿੰਦੇ ਹਨ। 1764 ਈ. ਵਿਚ ਖਾਲਸਾ ਫੌਜ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਸਰਹਿੰਦ 'ਤੇ ਹਮਲਾ ਕੀਤਾ। ਯੁੱਧ ਵਿਚ ਸਰਹਿੰਦ ਦਾ ਗਵਰਨਰ ਮਾਰਿਆ ਗਿਆ। ਸਰਹਿੰਦ ਦੀ ਲੁੱਟ ਤੋਂ ਜਿਹੜੇ ਪੈਸੇ ਆਪ ਦੇ ਹਿੱਸੇ ਆਏ ਸਨ ਉਹ ਆਪ ਨੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਸੇਵਾ ਵਿਚ ਲਾ ਦਿੱਤੇ। ਸਰਹਿੰਦ ਵਿਖੇ ਆਪ ਨੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਗੁਰਦੁਆਰਾ ਸਹਿਬ ਦੀ ਉਸਾਰੀ ਕਰਵਾਈ। ਸਰਦਾਰ ਜੱਸਾ ਸਿੰਘ ਨੇ ਕਪੂਰਥਲੇ ਉੱਪਰ ਹਮਲਾ ਕਰਨ ਉਪਰੰਤ ਉਸ ਨੂੰ ਆਪਣੀ ਰਾਜਧਾਨੀ ਬਣਾ ਲਿਆ। ਸਰਦਾਰ ਜੱਸਾ ਸਿੰਘ ਨੇ ਕਪੂਰਥਲੇ ਦੇ ਹਾਕਮ ਇਬਰਾਹੀਮ ਨੂੰ ਦੇਸ਼ ਨਿਕਾਲਾ ਨਾ ਦਿੱਤਾ, ਸਗੋਂ ਉਸ ਦਾ ਵਜ਼ੀਫਾ ਲਾ ਦਿੱਤਾ ਅਤੇ ਉਸ ਕੋਲੋਂ ਕਿਲ੍ਹਾ ਖਾਲੀ ਕਰਵਾ ਕੇ ਸ਼ਹਿਰ ਦੇ ਉਸ ਦੇ ਆਪਣੇ ਨਿੱਜੀ ਮਕਾਨ ਵਿਚ ਰਹਿਣ ਦੀ ਅਤੇ ਮਾਲ ਅਸਬਾਬ ਇੱਥੋਂ ਲੈ ਜਾਣ ਦੀ ਆਗਿਆ ਦੇ ਦਿੱਤੀ।[7] ਪੰਥ ਦੇ ਦੋ ਮਹਾਨ ਜਰਨੈਲ ਸਰਦਾਰ ਜੱਸਾ ਸਿੰਘ ਅਤੇ ਸਰਦਾਰ ਬਘੇਲ ਸਿੰਘ ਦੀ ਕਮਾਂਡ ਹੇਠ ਸਿੱਖਾਂ ਨੇ ਮਾਰਚ 1783 ਈ. ਨੂੰ ਲਾਲ ਕਿਲ੍ਹੇ ਉੱਤੇ ਕੇਸ਼ਰੀ ਨਿਸ਼ਾਨ ਲਹਿਰਾਇਆ। ਅਖੀਰਲੀ ਉਮਰ ਵਿਚ ਸਰਦਾਰ ਜੱਸਾ ਸਿੰਘ ਨੇ ਮੁੰਹਿਮਾਂ 'ਤੇ ਜਾਣਾ ਬੰਦ ਕਰ ਦਿੱਤਾ ਅਤੇ ਸ੍ਰੀ ਦਰਬਾਰ ਸਾਹਿਬ ਰਹਿਣਾ ਸ਼ੁਰੂ ਕਰ ਦਿੱਤਾ। ਅੰਤ ਅਕਤੂਬਰ 1783 ਈ. ਨੂੰ 18ਵੀਂ ਸਦੀ ਦੇ ਲਾਸਾਨੀ ਜਰਨੈਲ, 'ਸੁਲਤਾਨ-ਉਲ-ਕੌਮ' ਸਰਦਾਰ ਜੱਸਾ ਸਿੰਘ ਆਹਲੂਵਾਲੀਆ ਇਲਾਕੇ ਦਾ ਪ੍ਰਬੰਧ ਸ. ਭਾਗ ਸਿੰਘ ਨੂੰ ਸੌਂਪ ਕੇ ਸ੍ਰੀ ਅੰਮ੍ਰਿਤਸਰ ਵਿਖੇ ਅਕਾਲ ਚਲਾਣਾ ਕਰ ਗਏ। ਉਨਾਂ ਦਾ ਅੰਤਿਮ ਸਸਕਾਰ ਨੇੜੇ ਬਾਬਾ ਅਟੱਲ ਕੀਤਾ ਗਿਆ। ਜਿੱਥੇ ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ।[8]



SikhBookClub.Com

## ਹਵਾਲੇ ਅਤੇ ਟਿੱਪਣੀਆਂ

1. ਸ. ਸ. ਅਮੋਲ, *ਬੰਦੀ ਛੋੜ ਬਾਦਸ਼ਾਹ (ਸ. ਜੱਸਾ ਸਿੰਘ ਆਹਲੂਵਾਲੀਆ)*, ਪੰਨਾ 21
2. ਉਪਰੋਕਤ, ਪੰਨਾ 33
3. ਡਾ. ਗੰਡਾ ਸਿੰਘ ਅਤੇ ਹੋਰ ਸ੍ਰੋਤਾਂ ਨੇ ਅਕਾਲ ਚਲਾਣਾ ਕਰ ਗਏ ਜਾਂ ਚੜ੍ਹਾਈ ਕਰ ਗਏ ਲਿਖਿਆ ਹੈ।
4. ਉਹੀ, ਪੰਨਾ 60
5. ਉਹੀ, ਪੰਨਾ 16
6. ਉਹੀ, ਪੰਨਾ 87
7. ਉਹੀ, ਪੰਨਾ 167
8. ਉਹੀ, ਪੰਨਾ 172



SikhBookClub.Com

# ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀਆਂ ਪ੍ਰਾਪਤੀਆਂ ਅਤੇ ਖ਼ਿਤਾਬ

*-ਜਗਰੂਪ ਸਿੰਘ ਪ੍ਰੋਫ਼ੈਸਰ*

ਛੇਵੇਂ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਗੁਰੂ-ਚਰਨਾਂ ਨਾਲ ਜੁੜੇ ਗੁਰਸਿੱਖ ਪਰਵਾਰ ਦੀ ਪੀੜ੍ਹੀ ਵਿੱਚੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਸੀਸ ਨਾਲ ਪੈਦਾ ਹੋਏ ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਨੇ ਗੁਰੂ ਆਸ਼ੇ ਅਨੁਸਾਰ ਜੀਵਨ ਗੁਜ਼ਾਰਦਿਆਂ ਅਤੇ ਸਤਿਗੁਰੂ ਜੀ ਦੀ ਰਹਿਮਤ ਦੇ ਪਾਤਰ ਬਣਦਿਆਂ ਜੋ ਖ਼ਿਤਾਬ ਹਾਸਲ ਕੀਤੇ ਉਹ ਕਿਸੇ ਹੋਰ ਜਰਨੈਲ ਨੂੰ ਪ੍ਰਾਪਤ ਨਹੀਂ ਹੋਏ। ਉਨ੍ਹਾਂ ਨੇ ਜਦੋਂ ਸਿੱਖ ਕੌਮ ਦੀ ਵਾਗਡੋਰ ਸੰਭਾਲੀ ਉਸ ਸਮੇਂ ਮੁਗ਼ਲ ਹਕੂਮਤ ਨੇ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਹੋਏ ਸਨ। ਸਿੱਖ ਜੰਗਲਾਂ-ਬੇਲਿਆਂ ਅਤੇ ਪਹਾੜਾਂ ਵਿਚ ਰਹਿ ਰਹੇ ਸਨ ਉਨ੍ਹਾਂ ਦੀ ਪੰਜਾਬ ਨੂੰ ਸਭ ਤੋਂ ਵੱਡੀ ਦੇਣ ਇਹ ਹੈ ਕਿ ਸਿੱਖਾਂ ਦੇ ਇਸ ਸੰਕਟ ਮਈ ਸਮੇਂ ਵਿਚ ਏਸ਼ੀਆ ਦੇ ਸਭ ਤੋਂ ਵੱਡੇ ਹਮਲਾਵਰ ਅਬਦਾਲੀ ਦੇ ਸਾਮਰਾਜ ਨੂੰ ਤੋੜ ਕੇ ਪੰਜਾਬ ਵਿਚ ਖਾਲਸੇ ਦਾ ਰਾਜ ਸਥਾਪਿਤ ਕੀਤਾ। ਜੇ ਜਰਨੈਲਾਂ ਦਾ ਤੁਲਨਾਤਮਿਕ ਅਧਿਐਨ ਕਰੀਏ ਤਾਂ ਵਿਸ਼ਵ ਦੇ ਵੱਡੇ ਜਰਨੈਲਾਂ ਵਿਚ ਉਨ੍ਹਾਂ ਦਾ ਨਾਂ ਸ਼ਾਮਲ ਹੈ। ਉਨ੍ਹਾਂ ਦੀ ਇਹ ਵੀ ਖਾਸੀਅਤ ਹੈ ਕਿ ਸ਼ੁਰੂ ਤੋਂ ਲੈ ਕੇ ਜਿੰਨੀਆਂ ਵੀ ਜੰਗਾਂ ਉਨ੍ਹਾਂ ਲੜੀਆਂ ਉਹ ਕਿਸੇ ਵਿੱਚੋਂ ਨਹੀਂ ਹਾਰੇ। ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਦੀ ਸੁਚੱਜੀ ਅਗਵਾਈ ਸਿਆਣਪ ਅਤੇ ਦੂਰ-ਅੰਦੇਸ਼ੀ ਸੋਚ ਨੇ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਹੋਰ ਉਭਾਰਿਆ, ਜਿਸ ਸਦਕਾ ਉਨ੍ਹਾਂ ਅਨੇਕਾਂ ਪ੍ਰਾਪਤੀਆਂ ਤੇ ਖ਼ਿਤਾਬ ਹਾਸਲ ਕੀਤੇ।

**ਗੁਰੂ ਕਾ ਲਾਲ:-** ਗੁਰੂ ਕਾ ਲਾਲ ਦਾ ਖ਼ਿਤਾਬ ਇਨ੍ਹਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਅਸੀਸ ਨਾਲ ਜਨਮ ਤੋਂ ਹੀ ਪ੍ਰਾਪਤ ਹੋ ਗਿਆ। ਜਦੋਂ ਇਨ੍ਹਾਂ ਦੇ ਮਾਤਾ-ਪਿਤਾ ਗੁਰੂ ਜੀ ਦੀ ਸ਼ਰਨ ਵਿਚ ਸੇਵਾ ਭਾਵ ਲੈ ਕੇ ਹਾਜ਼ਰ ਹੋਏ ਅਤੇ ਸੰਤਾਨ ਪ੍ਰਾਪਤੀ ਲਈ ਜਾਚਨਾ ਕੀਤੀ ਤਾਂ ਗੁਰੂ ਜੀ ਨੇ ਫੁਰਮਾਇਆ ਤੁਹਾਡਾ ਪੁੱਤਰ 'ਗੁਰੂ ਕਾ ਲਾਲ' ਹੋਵੇਗਾ। ਸਾਧ-ਸੰਗਤ ਦੀ ਸੇਵਾ ਕਰੋ ਅਤੇ ਗੁਰੂ ਨਾਨਕ ਦਾ ਧਿਆਨ ਧਰੋ।

**ਮਹਾਨ ਕੀਰਤਨਕਾਰ:-** ਸਰਦਾਰ ਜੱਸਾ ਸਿੰਘ ਜੀ ਇੱਕ ਮਹਾਨ



SikhBookClub.Com

ਕੀਰਤਨਕਾਰ ਵੀ ਹੋਏ ਹਨ। ਕੀਰਤਨ ਦੀ ਦਾਤ ਇਨ੍ਹਾਂ ਨੂੰ ਘਰ ਵਿੱਚੋਂ ਹੀ ਪ੍ਰਾਪਤ ਹੋਈ। ਇਨ੍ਹਾਂ ਦੇ ਮਾਤਾ ਜੀ ਜਿੱਥੇ ਗੁਰਸਿੱਖੀ ਭਾਵਨਾ ਵਾਲੇ, ਨੇਕ ਆਚਰਨ, ਉੱਜਲ ਦੀਦਾਰ ਅਤੇ ਸਿਦਕਵਾਨ ਸਨ, ਉੱਥੇ ਦੁਤਾਰੇ ਨਾਲ ਸੁਬ੍ਹਾ-ਸ਼ਾਮ ਕੀਰਤਨ ਕਰਨਾ ਵੀ ਇਨ੍ਹਾਂ ਦਾ ਨਿੱਤਨੇਮ ਸੀ, ਜਿਸ ਦਾ ਇਨ੍ਹਾਂ ਦੇ ਜੀਵਨ ਉੱਤੇ ਬਹੁਤ ਪ੍ਰਭਾਵ ਪਿਆ। ਮਾਤਾ ਜੀ ਪਾਸੋਂ ਸਿੱਖਿਆ ਪ੍ਰਾਪਤ ਕਰ ਕੇ ਇਹ ਸੱਚੇ ਸਪੂਤ, ਮਹਾਨ ਸੂਰਬੀਰ ਯੋਧੇ ਹੋ ਨਿੱਬੜੇ। ਪਰਮਾਤਮਾ ਪਾਸੋਂ ਪ੍ਰਾਪਤ ਕੀਤੀ ਤੀਖਣ ਬੁੱਧੀ ਅਤੇ ਸੁਰੀਲੇ ਕੰਠ ਸਦਕਾ ਇਨ੍ਹਾਂ ਨੇ ਕੀਰਤਨ ਦੀ ਅਮੋਲਕ ਦਾਤ ਨੂੰ ਸਹਿਜੇ ਹੀ ਅਪਣਾਅ ਲਿਆ। ਇਨ੍ਹਾਂ ਦੇ ਸੁਰੀਲੇ ਕੀਰਤਨ ਤੇ ਗੁਰਬਾਣੀ ਦੇ ਪ੍ਰੇਮ ਨੇ ਮਾਤਾ ਸੁੰਦਰੀ ਜੀ ਦੇ ਦਿਲ 'ਤੇ ਵੀ ਡੂੰਘਾ ਅਸਰ ਪਾਇਆ, ਜਿਸ ਸਦਕਾ ਮਾਤਾ ਜੀ ਨੇ ਇਨ੍ਹਾਂ ਨੂੰ ਆਪਣੇ ਪੁੱਤਰਾਂ ਵਾਂਗ ਪਾਲਿਆ, ਸਿੱਖਿਆ ਦਿੱਤੀ ਅਤੇ ਬੇਅੰਤ ਅਸੀਸਾਂ ਨਾਲ ਨਿਵਾਜਿਆ।

**ਬੁੱਢਾ ਦਲ ਦੇ ਮੁਖੀ:-** ਨਵਾਬ ਕਪੂਰ ਸਿੰਘ ਨੇ ਸਾਰੇ ਸੈਨਿਕ ਸੰਗਠਨਾਂ ਨੂੰ ਦੋ ਦਲਾਂ ਵਿਚ ਵੰਡ ਦਿੱਤਾ, ਜਿਨ੍ਹਾਂ ਵਿਚ 'ਬੁੱਢਾ ਦਲ' ਅਤੇ 'ਤਰੁਣਾ ਦਲ' ਬਣਾਏ। ਬੁੱਢਾ ਦਲ ਦੇ ਹਿੱਸੇ ਗੁਰਧਾਮਾਂ ਦੀ ਦੇਖਭਾਲ ਅਤੇ ਧਰਮ ਪ੍ਰਚਾਰ ਸੀ। ਇਸ ਦਲ ਦੇ ਮੁਖੀ ਜਥੇਦਾਰ ਨਵਾਬ ਕਪੂਰ ਸਿੰਘ ਅਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਜੀ ਸਨ। ਦੇਖਣ ਵਾਲੀ ਗੱਲ ਇਹ ਹੈ ਕਿ ਸਰਦਾਰ ਜੱਸਾ ਸਿੰਘ ਨੂੰ ਬੁੱਢੇ ਦਲ ਵਿਚ ਸ਼ਾਮਲ ਹੀ ਨਹੀਂ ਕੀਤਾ, ਸਗੋਂ ਮੁਖੀ ਵਜੋਂ ਵੀ ਮਾਣ ਹਾਸਲ ਹੋਇਆ, ਕਿਉਂਕਿ ਛੋਟੀ ਉਮਰ ਵਿਚ ਹੀ ਉਹ ਤੀਖਣ ਬੁੱਧੀ ਅਤੇ ਦੂਰ-ਅੰਦੇਸ਼ੀ ਸੋਚ ਦੇ ਮਾਲਕ ਸਨ।

**ਦਲ ਖਾਲਸਾ ਦੇ ਮੁਖੀ:-** ਅਹਿਮਦਸ਼ਾਹ ਦੁਰਾਨੀ ਦੇ ਪਹਿਲੇ ਹਮਲੇ ਵੇਲੇ ਸਿੱਖਾਂ ਦੇ 65 ਜਥੇ ਬਣ ਗਏ ਸਨ। ਇਨ੍ਹਾਂ ਜਥਿਆਂ ਦੇ ਵੱਖਰੇ-ਵੱਖਰੇ ਸਰਦਾਰ ਸਨ, ਜੋ ਸਾਂਝੇ ਉਦੇਸ਼ਾਂ ਦੀ ਸਫਲਤਾ ਲਈ ਸਦਾ ਕੁਰਬਾਨੀਆਂ ਦੇਣ ਲਈ ਤਤਪਰ ਰਹਿੰਦੇ ਸਨ। 1748 ਈ. ਦੀ ਵੈਸਾਖੀ ਵਾਲੇ ਦਿਨ ਸਾਰੇ ਜਥੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਇਕੱਠੇ ਹੋਏ ਤਾਂ ਸਰਦਾਰ ਜੱਸਾ ਸਿੰਘ ਦੀ ਅਗਵਾਈ ਹੇਠ ਸਰਬੱਤ ਖਾਲਸੇ ਨੇ ਇਕੱਠੇ ਹੋਣ ਦਾ ਗੁਰਮਤਾ ਪਾਸ ਕੀਤਾ। ਸਿੱਖਾਂ ਦੀ ਇਸ ਸਾਂਝੀ ਜਥੇਬੰਦੀ ਦਾ ਨਾਂ 'ਦਲ ਖਾਲਸਾ' ਰੱਖਿਆ। ਦਲ ਖਾਲਸੇ ਦੇ ਮੁਖੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਬਣਾ ਕੇ ਉਸ ਨੂੰ ਪੰਥ ਦੇ ਸਾਰੇ ਧਾਰਮਿਕ ਸਮਾਜਿਕ ਅਤੇ ਫ਼ੌਜੀ ਮਸਲੇ ਨਜਿੱਠਣ ਦਾ ਅਧਿਕਾਰ ਦੇ ਦਿੱਤਾ।

**ਮਿਸਲਾਂ ਦੇ ਮੁਖੀ ਅਤੇ ਆਹਲੂਵਾਲੀਆ ਮਿਸਲ ਦੇ ਬਾਨੀ:-** ਨਵਾਬ ਕਪੂਰ ਸਿੰਘ ਜੀ 'ਦਲ ਖਾਲਸਾ' ਨੂੰ ਜਥੇਬੰਦ ਕਰਨ ਦੇ ਇੱਛੁਕ ਸਨ, ਤਾਂ ਜੋ ਜਥੇ ਦਾ ਮੁਖੀ ਆਗੂ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਨੀਯਤ ਕੀਤਾ ਜਾਵੇ, ਕਿਉਂਕਿ ਉਹ ਨਵਾਬ ਕਪੂਰ ਸਿੰਘ ਦੀ ਹਰ ਪ੍ਰੀਖਿਆ ਵਿਚ ਖਰਾ ਉਤਰਿਆ ਤੇ ਸਫਲ ਹੋਇਆ। ਹਰ ਕੋਈ ਉਸ ਦੀ ਬਹਾਦਰੀ ਦੀ ਦਾਦ ਦਿੰਦਾ ਸੀ। ਇਨ੍ਹਾਂ ਨੇ



SikhBookClub.Com

ਸਿੱਖਾਂ ਨੂੰ ਇਕ ਲੜੀ ਵਿਚ ਪਰੋ ਦਿੱਤਾ। ਏਕਤਾ ਹੋਣ ਕਾਰਨ ਖਾਲਸੇ ਦਾ ਆਦਰਸ਼ ਤੇ ਨਿਸ਼ਚਾ ਇੱਕੋ ਸੀ। ਸਾਰੇ ਸਿੱਖਾਂ ਨੂੰ 'ਮਿਸਲਾਂ' ਵਿਚ ਵੰਡ ਦਿੱਤਾ। ਇਨ੍ਹਾਂ ਮਿਸਲਾਂ ਦੇ ਆਪਣੇ-ਆਪਣੇ ਸਰਦਾਰ/ਜਥੇਦਾਰ ਸਨ, ਲੇਕਿਨ ਇਨ੍ਹਾਂ ਸਾਰਿਆਂ ਦੇ ਉੱਪਰ ਇਕ ਸ਼੍ਰੋਮਣੀ ਜਥੇਦਾਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਥਾਪਿਆ ਗਿਆ, ਜੋ ਸਾਰੀਆਂ ਮਿਸਲਾਂ ਦਾ ਮੁਖੀ ਸਰਦਾਰ ਹੋਇਆ। ਇਸ ਦੇ ਨਾਲ-ਨਾਲ ਇਹ ਆਪਣੀ ਆਹਲੂਵਾਲੀਆ ਮਿਸਲ ਦਾ ਵੀ ਬਾਨੀ ਹੋਇਆ।

**ਰਾਜਸੀ ਅਤੇ ਧਾਰਮਿਕ ਜਥੇਦਾਰ/ਨਵਾਬ:-** ਨਵਾਬ ਕਪੂਰ ਸਿੰਘ ਜੋ ਬੁੱਢਾ ਦਲ ਦੇ ਜਥੇਦਾਰ ਸਨ ਅਤੇ ਭਾਈ ਮਨੀ ਸਿੰਘ ਜੀ ਤੋਂ ਬਾਅਦ ਪੰਥ ਦੇ ਧਾਰਮਿਕ ਆਗੂ ਵੀ ਸਨ। ਸਰਦਾਰ ਜੱਸਾ ਸਿੰਘ ਜੀ ਇਨ੍ਹਾਂ ਦੇ ਅਨੁਸਾਰੀ ਹੀ ਧਰਮੀਂ ਸ਼ਖ਼ਸੀਅਤ ਸਨ। ਜਿਸ ਵੇਲੇ ਨਵਾਬ ਕਪੂਰ ਸਿੰਘ ਅੰਤਲੇ ਸਾਹਾਂ 'ਤੇ ਸਨ ਤਾਂ ਉਨ੍ਹਾਂ ਨੇ ਸਰਦਾਰ ਜੱਸਾ ਸਿੰਘ ਨੂੰ ਜੋ ਉਸ ਸਮੇਂ ਸ੍ਰੀ ਅੰਮ੍ਰਿਤਸਰ ਵਿਖੇ ਹੀ ਸਨ, ਬੁਲਾਇਆ ਅਤੇ ਦਸਮ ਪਿਤਾ ਦੀ ਫ਼ੌਲਾਦੀ ਚੋਬ ਦੇ ਕੇ ਖਾਲਸੇ ਦੀ ਸੇਵਾ ਕਰਨ ਦਾ ਬਚਨ ਕੀਤਾ। ਇਸ ਤੋਂ ਬਾਅਦ 10 ਅਪ੍ਰੈਲ, 1754 ਈ. ਨੂੰ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਦੀਵਾਨ ਸਜਿਆ। ਸਰਬੱਤ ਸੰਗਤਾਂ ਨੇ ਸਰਦਾਰ ਜੱਸਾ ਸਿੰਘ ਨੂੰ ਹਰ ਪ੍ਰਕਾਰ ਤੋਂ ਯੋਗ ਜਾਣ ਕੇ ਨਵਾਬ ਕਪੂਰ ਸਿੰਘ ਦੀ ਨਵਾਬੀ ਦਾ ਖ਼ਿਤਾਬ ਦੇ ਦਿੱਤਾ।

**ਬੰਦੀਆਂ ਨੂੰ ਛੁਡਾਉਣ ਵਾਲੇ ਬਾਦਸ਼ਾਹ:-** ਜਦੋਂ ਅਹਿਮਦਸ਼ਾਹ ਅਬਦਾਲੀ ਦੀਆਂ ਫ਼ੌਜਾਂ ਨੇ 2200 ਹਿੰਦੂ ਇਸਤਰੀਆਂ ਅਤੇ ਹੋਰ ਗ਼ੁਲਾਮਾਂ ਨੂੰ ਬੰਦੀ ਬਣਾ ਲਿਆ। ਜਿਨ੍ਹਾਂ ਹਿੰਦੂਆਂ ਦੀ ਪੁਕਾਰ ਅਤੇ ਫ਼ਰਿਆਦ ਵੱਲ ਕਿਸੇ ਨੇ ਵੀ ਧਿਆਨ ਨਹੀਂ ਦਿੱਤਾ, ਭਾਵੇਂ ਕਿ ਭਾਰਤ ਦੇਸ਼ ਵਿਚ ਹੋਰ ਕੌਮਾਂ ਜਿਵੇਂ ਕਿ ਰਾਜਪੂਤ, ਮਰਹੱਟੇ, ਜਾਟ ਆਦਿ ਸਨ, ਇਹ ਸਾਰੀਆਂ ਕੌਮਾਂ ਕੇਵਲ ਇਸ ਦਰਦ ਭਰੇ ਦ੍ਰਿਸ਼ ਨੂੰ ਦੇਖ ਰਹੀਆਂ ਸਨ; ਲੇਕਿਨ ਕਿਸੇ ਕੋਲ ਇਨ੍ਹਾਂ ਨੂੰ ਛਡਾਉਣ ਦਾ ਹੀਆ ਨਹੀਂ ਸੀ। ਜਦੋਂ ਕੁਝ ਹਿੰਦੂ ਆਗੂਆਂ ਨੇ 10 ਅਪ੍ਰੈਲ, 1761 ਦੀ ਵੈਸਾਖੀ 'ਤੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਪਾਸ ਫ਼ਰਿਆਦ ਕੀਤੀ ਕਿ ਸਾਡੀ ਮਦਦ ਕਰੋ ਤਾਂ ਉਨ੍ਹਾਂ ਨੇ ਉਸੇ ਵੇਲੇ ਖਾਲਸਾ ਫ਼ੌਜਾਂ ਨੂੰ ਹੁਕਮ ਲਗਾ ਦਿੱਤਾ ਅਤੇ ਐਲਾਨ ਕੀਤਾ ਕਿ ਜੇ ਅਬਦਾਲੀ ਸਿੰਘਾਂ ਦੇ ਹੁੰਦਿਆਂ ਪੰਜਾਬ ਦੀ ਧਰਤੀ ਤੋਂ ਹਿੰਦੁਸਤਾਨ ਦੀ ਅਜ਼ਮਤ ਲੁੱਟ ਕੇ ਲੈ ਗਿਆ ਤਾਂ ਇਹ ਠੀਕ ਨਹੀਂ ਹੋਵੇਗਾ। ਸਾਰੀਆਂ ਖਾਲਸਈ ਫ਼ੌਜਾਂ ਨੇ ਅੱਧੀ ਰਾਤ ਗੋਇੰਦਵਾਲ ਦੇ ਲਾਗੇ ਰੁਕੀ ਅਬਦਾਲੀ ਦੀ ਫੌਜ 'ਤੇ ਹੱਲਾ ਬੋਲ ਦਿੱਤਾ ਅਤੇ ਹਿੰਦੂ ਬਹੂ-ਬੇਟੀਆਂ ਨੂੰ ਬਚਾ ਲਿਆ। ਇਸ ਦੇ ਨਾਲ ਲੁੱਟਿਆ ਹੋਇਆ ਮਾਲ ਵੀ ਖੋਹ ਲਿਆ। ਇਨ੍ਹਾਂ ਬਹੂ-ਬੇਟੀਆਂ ਨੂੰ ਘਰੋ-ਘਰੀ ਪਹੁੰਚਾਇਆ, ਜਿਸ ਨਾਲ ਪੂਰੇ ਹਿੰਦੁਸਤਾਨ ਵਿਚ ਸਰਦਾਰ ਸਾਹਿਬ ਦੀ ਬੜੀ ਸੋਭਾ ਹੋਈ ਅਤੇ ਉਹ 'ਬੰਦੀਆਂ ਨੂੰ ਛੁਡਾਉਣ ਵਾਲੇ ਬਾਦਸ਼ਾਹ' ਨਾਲ ਪ੍ਰਸਿੱਧ ਹੋਏ।



SikhBookClub.Com

**ਸੁਲਤਾਨ-ਉਲ-ਕੌਮ:-** 27 ਅਕਤੂਬਰ, 1761 ਈ. ਨੂੰ ਸਰਬੱਤ ਖਾਲਸਾ ਦੀਵਾਲੀ ਦਾ ਤਿਉਹਾਰ ਮਨਾਉਣ ਲਈ ਸ੍ਰੀ ਅੰਮ੍ਰਿਤਸਰ ਪੁੱਜਾ। ਬੜਾ ਭਾਰੀ ਦੀਵਾਨ ਸਜਿਆ। ਉਸ ਦੀਵਾਨ ਵਿਚ ਇਕ ਇਤਿਹਾਸਿਕ ਗੁਰਮਤਾ ਪਾਸ ਹੋਇਆ ਕਿ ਨਵਾਬ ਜੱਸਾ ਸਿੰਘ ਆਹਲੂਵਾਲੀਆ ਦੀਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਖਾਲਸੇ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਉੱਚੀ ਤੋਂ ਉੱਚੀ ਪਦਵੀ 'ਸੁਲਤਾਨ-ਉਲ-ਕੌਮ', ਪੰਥ ਦਾ ਬਾਦਸ਼ਾਹ ਨਾਲ ਨਿਵਾਜਿਆ ਜਾਵੇ। ਉਸੇ ਦਿਨ ਜਦੋਂ ਖਾਲਸਈ ਫੌਜਾਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਲਾਹੌਰ 'ਤੇ ਜਿੱਤ ਹਾਸਲ ਕੀਤੀ ਤਾਂ ਖਾਲਸੇ ਦੀ ਇਹ ਪਹਿਲੀ ਰਾਜਸੀ ਫਤਿਹ ਸੀ। ਇਸ ਪ੍ਰਕਾਰ ਸਰਬੱਤ ਖਾਲਸੇ ਨੇ ਇਨ੍ਹਾਂ ਨੂੰ 'ਸੁਲਤਾਨ-ਉਲ-ਕੌਮ' ਦੀ ਪਦਵੀ, ਪੰਥ ਦਾ ਬਾਦਸ਼ਾਹ ਨਾਲ ਨਿਵਾਜਿਆ। ਇਸ ਕਰਕੇ ਆਮ ਲੋਕਾਂ ਵਿਚ ਇਹ ਵਿਸ਼ਵਾਸ ਬੱਝ ਗਿਆ ਕਿ ਪੰਜਾਬ ਦੇ ਸਹੀ ਰਾਖੇ ਅਤੇ ਹੁਕਮਰਾਨ ਸਿੱਖ ਹੀ ਹਨ ਨਾ ਕਿ ਕੋਈ ਹੋਰ ਤਾਕਤ। ਇਸ ਮੌਕੇ ਅਕਾਲ ਪੁਰਖ ਦਾ ਸ਼ੁਕਰਾਨਾ ਕਰਦੇ ਹੋਏ ਸਰਦਾਰ ਜੱਸਾ ਸਿੰਘ ਨੇ ਸ੍ਰੀ ਗੁਰੂ ਨਾਨਕ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਉਂ ਦਾ ਸਿੱਕਾ ਜਾਰੀ ਕੀਤਾ।

**ਗੁਰੂ ਕੀ ਚਾਦਰ:-** 14 ਜਨਵਰੀ, 1764 ਈ. ਵਿਚ ਸਰਹਿੰਦ ਦੀ ਜਿੱਤ ਵਿਚ ਸਿੰਘਾਂ ਨੂੰ ਕਾਫੀ ਧਨ ਹੱਥ ਲੱਗਾ। ਨੌਂ ਲੱਖ ਰੁਪਿਆ ਕੇਵਲ ਸਰਦਾਰ ਜੱਸਾ ਸਿੰਘ ਦੇ ਹੀ ਹਿੱਸੇ ਆਇਆ, ਪਰੰਤੂ ਸਰਦਾਰ ਜੱਸਾ ਸਿੰਘ ਜੀ ਨੇ ਇਸ ਵਿੱਚੋਂ ਇੱਕ ਪੈਸਾ ਵੀ ਆਪਣੇ ਲਈ ਨਹੀਂ ਰੱਖਿਆ ਅਤੇ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਦੀ ਗੱਲ ਤੋਰ ਗੁਰੂ ਦੇ ਨਾਉਂ ਦੀ ਚਾਦਰ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਵਿਛਾ ਪਹਿਲਾਂ ਆਪਣੇ ਵੱਲੋਂ ਸਾਰਾ ਨੌਂ ਲੱਖ ਢੇਰੀ ਕਰ ਦਿੱਤਾ ਤੇ ਫਿਰ ਹੋਰ ਸਰਦਾਰਾਂ ਅਤੇ ਸੰਗਤਾਂ ਪਾਸੋਂ ਜੋ ਧਨ ਇਕੱਠਾ ਹੋਇਆ ਉਸ ਸਾਰੀ ਜਮ੍ਹਾਂ ਹੋਈ ਰਕਮ ਨਾਲ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਦੀ ਸੇਵਾ ਕਰਵਾਈ।

**ਕਪੂਰਥਲਾ ਰਿਆਸਤ ਦੇ ਬਾਨੀ:-** ਸਰਦਾਰ ਜੱਸਾ ਸਿੰਘ ਸੁਭਾਅ ਦੇ ਅਤੀ ਸੰਤੋਖੀ ਅਤੇ ਗੁਰੂ 'ਤੇ ਅਟੁੱਟ ਵਿਸ਼ਵਾਸ ਰੱਖਣ ਵਾਲੇ ਸੀ। ਉਨ੍ਹਾਂ ਦੀ ਮਨਸ਼ਾ ਨਿੱਜੀ ਪੱਧਰ 'ਤੇ ਨਿੱਜ ਲਈ ਬਹੁਤੀਆਂ ਮੱਲਾਂ ਮਾਰਨ ਦੀ ਨਹੀਂ ਸੀ ਅਤੇ ਨਾ ਹੀ ਉਨ੍ਹਾਂ ਨੇ ਕਦੀ ਉੱਚ ਪਦਵੀ ਦਾ ਨਜਾਇਜ਼ ਫਾਇਦਾ ਉਠਾਇਆ। ਕਪੂਰਥਲਾ ਉਸ ਦੇ ਵੱਡਿਆਂ ਦੀ ਰਿਆਸਤ ਸੀ, ਇੱਥੇ ਵੀ ਉਨ੍ਹਾਂ ਨੇ ਰਾਇ ਇਬਰਾਈਮ ਨੂੰ ਹਰਾ ਸ਼ਹਿਰ ਅਤੇ ਕਿਲ੍ਹੇ 'ਤੇ ਕਬਜ਼ਾ ਕਰ ਇਸ ਨੂੰ ਆਪਣੀ ਰਿਆਸਤ ਦੀ ਰਾਜਧਾਨੀ ਬਣਾਇਆ।

**ਸਿੱਖ ਰਾਜ ਦੇ ਸੰਸਥਾਪਕ:-** ਨਵਾਬ ਕਪੂਰ ਸਿੰਘ ਜੀ ਪਾਸ ਰਹਿਣ ਕਰਕੇ ਅਤੇ ਹੋਰ ਮੁਖੀ ਸਰਦਾਰਾਂ ਦੀ ਸੰਗਤ ਵਿਚ ਇਨ੍ਹਾਂ ਨੂੰ ਸਿੱਖਾਂ ਦੇ ਸਮਾਜਿਕ, ਰਾਜਨੀਤਿਕ ਨਿਸ਼ਾਨਿਆਂ ਦੀ ਜਾਣਕਾਰੀ ਅਤੇ ਮਨੁੱਖੀ ਭਾਈਚਾਰੇ ਦਾ ਨਿਰਮਾਣ



SikhBookClub.Com

ਕਰਨਾ, ਜੋ ਪੂਰਨ ਰੂਪ ਵਿਚ ਨੈਤਿਕ ਹੋਵੇ ਦਾ ਗਿਆਨ ਹੋ ਗਿਆ ਸੀ। ਸਿੱਖ ਸਮਾਜ ਦੇ ਨਿਰਮਾਣ ਲਈ ਰਾਜਨੀਤਿਕ ਤਾਕਤ ਦੀ ਪ੍ਰਾਪਤੀ ਬਹੁਤ ਜ਼ਰੂਰੀ ਸੀ, ਜਿਸ ਲਈ ਮਾਨਵਤਾ ਦੀ ਸੇਵਾ ਅਤੇ ਜ਼ੁਲਮ ਦਾ ਨਾਸ਼ ਕਰਨ ਹਿੱਤ ਇਨ੍ਹਾਂ ਅਨੇਕਾਂ ਵਾਰ ਯੁੱਧ ਕਰ ਕੇ ਜਿੱਤਾਂ ਹਾਸਲ ਕੀਤੀਆਂ, ਇਨ੍ਹਾਂ ਵਿਚ ਖ਼ੈਬਰ ਤੋਂ ਜੰਮੂ ਤਕ ਅਤੇ ਸਿੰਧ ਤੋਂ ਤਿੱਬਤ ਦਿੱਲੀ ਤੇ ਉੱਤਰ ਪੱਛਮੀ ਭਾਰਤ ਦਾ ਰਾਜ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਲੀਡਰਸ਼ਿਪ ਥੱਲੇ ਸਿੱਖ ਰਾਜ ਵਜੋਂ ਸਥਾਪਿਤ ਹੋਇਆ, ਜਿਸ ਕਰਕੇ ਉਨ੍ਹਾਂ ਨੂੰ ਸਿੱਖ ਰਾਜ ਦਾ ਸੰਸਥਾਪਕ ਹੋਣ ਦਾ ਮਾਣ ਹਾਸਲ ਹੈ। ਇਨ੍ਹਾਂ ਸਾਰੀਆਂ ਜਿੱਤਾਂ ਵਿੱਚੋਂ ਪ੍ਰਾਪਤ ਮਾਲ-ਧਨ ਨੂੰ ਉਨ੍ਹਾਂ ਨੇ ਕਦੀ ਵੀ ਨਿੱਜੀ ਹਿੱਤਾਂ ਨਹੀਂ ਵਰਤਿਆ, ਬਲਕਿ ਗੁਰਧਾਮਾਂ ਦੀ ਉਸਾਰੀ ਤੇ ਸੇਵਾ-ਸੰਭਾਲ ਅਤੇ ਲੋੜਵੰਦ/ਜ਼ਰੂਰਤਮੰਦਾਂ ਦੀ ਸਹਾਇਤਾ ਤੇ ਭਲੇ ਲਈ ਹੀ ਵਰਤਿਆ, ਜਿਸ ਕਰਕੇ ਉਨ੍ਹਾਂ ਨੂੰ ਮਹਾਨ ਸੰਤੋਖੀ, ਦਾਨ ਵੀਰ, ਲੋਕ-ਨਾਇਕ ਵਜੋਂ ਵੀ ਜਾਣਿਆ ਜਾਂਦਾ ਹੈ।



SikhBookClub.Com

# ਸਰਦਾਰ ਜੱਸਾ ਸਿੰਘ ਦੀ ਸ਼ਖ਼ਸੀਅਤ

*—ਗੁਰਮੁਖ ਸਿੰਘ 'ਰਾਹੀ'*

ਸੁਲਤਾਨ-ਉਲ- ਕੌਮ ਸ. ਜੱਸਾ ਸਿੰਘ ਆਹਲੂਵਾਲੀਆ ਨੂੰ (ਘੋੜਿਆਂ ਨੂੰ ਦਾਣਾ ਫੱਕਾ ਵਰਤਾਉਣ ਵਾਲੇ ਇਕ ਗਰੀਬ ਸਿੱਖ ਨੂੰ) ਸਿੱਖ ਕੌਮ ਨੇ ਉਹ ਮਾਣ ਸਤਿਕਾਰ ਦਿੱਤਾ ਜੋ ਸਾਇਦ ਨਵਾਬ ਕਪੂਰ ਸਿੰਘ ਤੋਂ ਬਾਅਦ ਕਿਸੇ ਹੋਰ ਦੇ ਹਿੱਸੇ ਨਹੀਂ ਆਇਆ।

ਸ. ਜੱਸਾ ਸਿੰਘ ਆਹਲੂਵਾਲੀਆ ਦਾ ਜਨਮ 3 ਮਈ, 1718 ਈ. ਨੂੰ ਸ. ਬਦਰ ਸਿੰਘ ਦੇ ਘਰ ਆਹਲੂਵਾਲ ਜ਼ਿਲ੍ਹਾ ਲਾਹੌਰ ਵਿੱਚ ਹੋਇਆ। ਅਜੇ ਆਪ ਦੀ ਉਮਰ ਮਸਾਂ 5 ਸਾਲ ਦੀ ਹੀ ਹੋਈ ਸੀ ਕਿ ਅਚਾਨਕ ਹੀ ਪਿਤਾ ਸ. ਬਦਰ ਸਿੰਘ ਸੰਨ 1722 ਈ. ਸੰਮਤ 1779 ਨੂੰ ਪਤਨੀ ਤੇ ਬੱਚੇ ਨੂੰ ਛੱਡ ਇਸ ਫਾਨੀ ਸੰਸਾਰ ਤੋਂ ਸਦਾ ਲਈ ਕੂਚ ਕਰ ਗਏ। ਪਤੀ ਦੇ ਵਿਛੋੜਾ ਦੇ ਜਾਣ ਕਰਕੇ ਭਾਵੇਂ ਮਾਤਾ ਜੀ ਇਕੱਲੇ ਪੈ ਗਏ ਸਨ ਪਰ ਆਪ ਨੇ ਹੌਂਸਲਾ ਨਾ ਹਾਰਿਆ।ਜੱਸਾ ਸਿੰਘ ਤੇ ਆਪਣੀ ਮਾਤਾ ਦਾ ਗਹਿਰਾ ਪ੍ਰਭਾਵ ਪਿਆ। ਉਹ ਵੀ ਨਾਲ ਹੀ ਕੀਰਤਨ ਕਰਨ ਲੱਗ ਪਿਆ। ਇੰਝ ਸਿੱਖੀ ਦੀ ਪਾਨ ਘਰ ਤੋਂ ਹੀ ਚੜ੍ਹ ਗਈ। ਸ. ਜੱਸਾ ਸਿੰਘ ਜੀ ਦੀ ਮਾਤਾ ਜੋ ਕਿ ਇਕ ਸੁਘੜ-ਸਿਆਣੀ, ਗੁਰਮੁਖੀ ਪੜ੍ਹੀ ਲਿਖੀ, ਰਾਗ ਵਿਦਿਆ ਪ੍ਰਬੀਨ ਤੇ ਧਰਮ ਦੀ ਮੂਰਤ ਸੀ।ਉਹ ਗੁਰਬਾਣੀ ਦੀ ਪੋਥੀ ਸਦਾ ਆਪਣੇ ਨਾਲ ਗਾਤਰੇ ਰੱਖਦੀ ਸੀ।ਸਵੇਰ ਆਸਾ ਦੀ ਵਾਰ ਤੇ ਸ਼ਾਮ ਸੋਦਰੁ ਦੇ ਪਾਠ ਕਰਦੀ ਸੀ।ਇਸ ਤਰ੍ਹਾਂ ਉਸ ਨੂੰ ਬਹੁਤ ਸਾਰੀ ਗੁਰਬਾਣੀ ਕੰਠ ਹੋ ਗਈ ਸੀ ਅਤੇ ਦੂਰ-ਦੁਰੇਡੇ ਗੁਰਬਾਣੀ ਗਾਇਨ ਕਰਨ ਜਾਂਦੀ ਤਾਂ ਜੱਸਾ ਸਿੰਘ ਨੂੰ ਨਾਲ ਲਿਜਾਂਦੀ ਸੀ। ਭਾਈ ਰਤਨ ਸਿੰਘ ਭੰਗੂ 'ਸ੍ਰੀ ਗੁਰੂ ਪੰਥ ਪ੍ਰਕਾਸ਼' ਵਿੱਚ ਇਸ ਦਾ ਜ਼ਿਕਰ ਕਰਦੇ ਹਨ -

**ਗੁਰਬਾਣੀ ਤਿਸ ਕੰਠ ਘਨੇਰੀ। ਹੁਤੀ ਸਿੱਖਣੀ ਦੁਇ ਪਖ ਕੇਰੀ॥੪॥**
**ਪੋਥੀ ਰਾਖਤ ਗਾਤ੍ਰੈ ਪਾਇ। ਸਿੱਖ ਸੰਗਤ ਮੈਂ ਪਹੁੰਚੈ ਜਾਇ।**
**ਬਡੀ ਪ੍ਰਾਤ ਉਠ ਚੌਕੀ ਕਰੈ। ਸਮੈਂ ਸੰਝੈ ਭੀ ਸੋਦਰ ਪੜ੍ਹੈ॥੫॥**
**ਹਰ ਮੇਲੇ ਜਾਵੈ ਗੁਰਦੁਆਰ।ਖੁੰਝੈ ਨਹੀਂ ਵਹਿ ਗੁਰ ਕੀ ਕਾਰ।**
**ਜਹਾਂ ਖਾਲਸੋ ਲਾਇ ਦੀਵਾਨ। ਜਾਇ ਕਰੈ ਸ਼ਬਦ ਚੌਂਕੀ ਗਾਨ॥੮॥**

ਜਦੋਂ ਸੰਗ ਮਾਤਾ ਸੁੰਦਰ ਕੌਰ ਜੀ ਦੇ ਦਰਸ਼ਨਾਂ ਲਈ ਦਿੱਲੀ ਨੂੰ ਰਵਾਨਾ



SikhBookClub.Com

ਹੋਇਆ ਤਾਂ ਭਾਈ ਬਾਘ ਸਿੰਘ ਵੀ ਆਪਣੀ ਭੈਣ ਤੇ ਭਾਣਜੇ ਨੂੰ ਨਾਲ ਲੈ ਕੇ ਚੱਲ ਪਏ। ਦਿੱਲੀ ਵਿੱਚ ਗੁਰਮਤਿ ਦੀਆਂ ਵਿਚਾਰਾਂ ਹੁੰਦੀਆਂ, ਸੰਗਤਾਂ ਹਰ ਰੋਜ਼ ਗੁਰੂ ਮਹਿਲ ਮਾਤਾ ਜੀ ਤੋਂ ਬਖਸ਼ਸ਼ਾਂ ਨਾਲ ਝੋਲੀਆਂ ਭਰਦੀਆਂ। ਦੋਵੇਂ ਮਾਂ ਪੁੱਤ ਉਥੇ ਸੰਗਤਾਂ ਦੀ ਸੇਵਾ ਤੇ ਨਾਮ ਸਿਮਰਨ ਕਰਦੇ। ਸਵੇਰੇ ਸਾਮ ਨਿਤਨੇਮ ਤੇ ਗੁਰਬਾਣੀ ਦਾ ਮਨੋਹਰ ਕੀਰਤਨ ਕਰਦੇ। ਇਹਨਾਂ ਦੀ ਮਿੱਠੀ ਤੇ ਸੁਰੀਲੀ ਆਵਾਜ਼ ਸੁਣ ਮਾਤਾ ਸੁੰਦਰ ਕੌਰ ਜੀ ਨਾਮ ਬਾਣੀ ਨਾਲ ਜੁੜ ਜਾਂਦੇ। ਮਾਤਾ ਜੀ ਤੇ ਕੀਰਤਨ ਦਾ ਅਜਿਹਾ ਗਹਿਰਾ ਪ੍ਰਭਾਵ ਪਿਆ। ਤਾਂ ਮਾਤਾ ਜੀ ਨੇ ਦੋਹਾਂ ਨੂੰ ਕੁਝ ਚਿਰ ਲਈ ਦਿੱਲੀ ਰੁਕਣ ਦਾ ਕਹਿ ਦਿੱਤਾ। ਤਾਂ ਭਾਈ ਬਾਘ ਸਿੰਘ ਹੁਕਮ ਮੰਨ ਕੇ ਫਤਹਿ ਬੁਲਾ, ਉਹਨਾਂ ਨੂੰ ਉਥੇ ਛੱਡ ਆਪ ਪੰਜਾਬ ਆ ਗਏ। ਮਾਤਾ ਜੀ ਨੇ ਸ. ਜੱਸਾ ਸਿੰਘ ਨੂੰ ਪੁੱਤਰ ਬਣਾ ਕੇ ਪਾਲਿਆ, ਲਾਡ ਪਿਆਰ ਕੀਤਾ। ਪੜ੍ਹਾਈ ਲਿਖਾਈ ਦਾ ਯੋਗ ਪ੍ਰਬੰਧ ਕਰ ਦਿੱਤਾ। ਛੇਤੀ ਹੀ ਆਪ ਨੇ ਅਰਬੀ, ਫਾਰਸੀ, ਹਿੰਦੀ, ਸੰਸਕ੍ਰਿਤੀ ਦਾ ਗਿਆਨ ਪ੍ਰਾਪਤ ਕਰ ਹਿਸਾਬ ਕਿਤਾਬ ਵਿੱਚ ਮਾਹਿਰ ਹੋ ਗਏ। ਮਾਤਾ ਜੀ ਤੋਂ ਗੁਰਮੁਖੀ ਤੇ ਗੁਰਮਤਿ ਦੀ ਬਖਸ਼ਸ਼ ਪ੍ਰਾਪਤ ਕਰ ਲਈ। ਗੁਰਬਾਣੀ ਕੀਰਤਨ ਦੀ ਦਾਤ ਤਾਂ ਆਪਣੀ ਮਾਂ ਤੋਂ ਪਹਿਲਾਂ ਹੀ ਪ੍ਰਾਪਤ ਕਰ ਲਈ ਸੀ ਹੁਣ ਸੁਰਾਂ ਤੇ ਹੋਰ ਵੀ ਗੂੜ੍ਹਾ ਰੰਗ ਚੜ੍ਹ ਗਿਆ। ਮਾਤ ਜੀ ਦੀ ਗੋਦ ਦਾ ਨਿੱਘ ਮਾਣਦਿਆਂ ਗੁਰਬਾਣੀ ਦੇ ਗੁੱਝੇ ਭੇਦ ਤੇ ਗੁਰਮਤਿ ਦੇ ਰਹੱਸਾਂ ਨੂੰ ਸਮਝਿਆ। ਇਥੇ ਰਹਿਣ ਕਰਕੇ ਆਪ ਤੇ ਜਿਥੇ ਮੁਗਲਈ ਪ੍ਰਭਾਵ ਵੀ ਪਿਆ, ਮੁਗਲਈ ਰਾਜਨੀਤੀ ਨੂੰ ਨੇੜੇ ਹੋ ਤੱਕਿਆ ਤੇ ਸਮਝਿਆ ਵੀ। ਉਥੇ ਨਾਲ ਹੀ ਆਪ ਦੀ ਬੋਲੀ ਵੀ ਹਿੰਦੀ ਪੰਜਾਬੀ ਉਰਦੂ ਮਿਲਵੀਂ ਹੋ ਗਈ। ਮਾਤਾ ਜੀ ਵੀ ਸ. ਜੱਸਾ ਸਿੰਘ ਵਿੱਚ ਕੁਸ਼ਲ ਨੀਤੀਵਾਨ ਵਾਲੇ ਗੁਣਾਂ ਦੀ ਝਲਕ ਦੇਖ ਤੇ ਸਮਝ ਰਹੇ ਸਨ। ਇਕ ਦਿਨ ਮਾਮਾ ਭਾਈ ਬਾਘ ਸਿੰਘ ਹੱਲੋਵਾਲੀਆ ਜੋ ਬੁੱਢਾ ਦਲ ਵਿਚ ਨਵਾਬ ਕਪੂਰ ਸਿੰਘ ਦੀ ਕਮਾਂਡ ਅਧੀਨ ਪੰਥਕ ਸੇਵਾਵਾਂ ਨਿਭਾ ਰਹੇ ਸਨ, ਪੰਜਾਬ ਤੋਂ ਪਰਤ ਆਏ। ਇਨ੍ਹਾਂ ਦੇ ਸੰਤਾਨ ਨਹੀਂ ਸੀ ਹੋਈ। ਜੱਸਾ ਸਿੰਘ ਤੇ ਭੈਣ ਨਾਲ ਅਤਿ ਦਰਜ਼ੇ ਦਾ ਸਨੇਹ ਸੀ। ਇਨ੍ਹਾਂ ਆਪਣੀ ਭੈਣ ਤੇ ਜੱਸਾ ਸਿੰਘ ਨੂੰ ਨਾਲ ਲਿਜਾਣ ਦੀ ਅਰਜ਼ ਕੀਤੀ ਜੋ ਪ੍ਰਵਾਣ ਹੋ ਗਈ। ਮਾਤਾ ਜੀ ਨੇ ਆਗਿਆ ਦੇ ਸ. ਜੱਸਾ ਸਿੰਘ ਨੂੰ ਇਕ ਤਲਵਾਰ, ਇਕ ਢਾਲ, ਕਮਾਨ, ਤੀਰਾਂ ਦਾ ਭੱਥਾ, ਇਕ ਖਿਲਅਤ ਤੇ ਇਕ ਚਾਂਦੀ ਦੀ ਚੋਬ ਦੇ ਕੇ ਬਖਸ਼ਸ਼ ਕਰ ਦਿੱਤੀ, 'ਤੇਰੇ ਅੱਗੇ ਚੋਬਦਾਰ ਚਲਿਆ ਕਰਨਗੇ।' ਸੋ ਇਸ ਤਰ੍ਹਾਂ ਸ. ਜੱਸਾ ਸਿੰਘ ਜੀ ਦਿੱਲੀ ਵਿੱਚ ਸੱਤ ਸਾਲ ਮਾਤਾ ਜੀ ਦੀ ਗੋਦ ਦਾ ਨਿੱਘ ਮਾਣਦੇ ਰਹੇ। ਰਾਜ ਭਾਗ ਦੀਆਂ ਬਖਸ਼ਸ਼ਾਂ ਲੈ ਪੰਜਾਬ ਨੂੰ ਮਾਮਾ ਜੀ ਨਾਲ ਆ ਗਏ।

ਇਕ ਦਿਨ ਬਾਘ ਸਿੰਘ ਭਾਣਜੇ ਤੇ ਭੈਣ ਸਮੇਤ ਨਵਾਬ ਕਪੂਰ ਸਿੰਘ ਨੂੰ ਮਿਲਣ ਗਏ। ਸਵੇਰ ਦੇ ਦੀਵਾਨ ਵਿੱਚ ਜੱਸਾ ਸਿੰਘ ਤੇ ਮਾਤਾ ਨੇ ਦੁਤਾਰੇ ਨਾਲ ਰਸ-ਭਿੰਨੀ ਤੇ ਸੁਰੀਲੀ ਅਵਾਜ਼ ਨਾਲ ਆਸਾ ਦੀ ਵਾਰ ਦਾ ਕੀਰਤਨ ਕੀਤਾ। ਭਾਈ ਰਤਨ ਸਿੰਘ ਭੰਗੂ ਸ੍ਰੀ ਗੁਰੂ ਪੰਥ ਪ੍ਰਕਾਸ਼ ਵਿਚ ਬਿਆਨ ਕਰਦੇ ਹਨ:



SikhBookClub.Com

**ਕੀਤੀ ਚੌਂਕੀ ਪ੍ਰੇਮਹਿ ਲਾਇ। ਸੁਨੀ ਪੰਥ ਬਹੁ ਸਾਂਤ ਬ੍ਰਿਤਾਇ॥੯॥**

ਸੰਗਤਾਂ ਅਨੰਦਤ ਹੋ ਗਈਆਂ। ਨਵਾਬ ਕਪੂਰ ਸਿੰਘ ਦੇ ਆਪਣੇ ਕੋਈ ਸੰਤਾਨ ਨਹੀਂ ਸੀ। ਉਨ੍ਹਾਂ ਜੱਸਾ ਸਿੰਘ ਦੀ ਮੰਗ ਕਰ ਦਿੱਤੀ। ਮਾਤਾ ਨੇ ਆਪਣੇ ਧੰਨ ਭਾਗ ਜਾਣ ਕਰਕੇ ਹਾਂ ਕਰ ਦਿੱਤੀ। ਆਪ ਮਾਤਾ ਜੀ ਆਹਲੂਵਾਲ ਆ ਗਏ। ਨਵਾਬ ਕਪੂਰ ਸਿੰਘ ਜੀ ਨੇ ਜੱਸਾ ਸਿੰਘ ਨੂੰ ਅੰਮ੍ਰਿਤਪਾਨ ਕਰਵਾਇਆ। ਇਸ ਦੀ ਗਵਾਹੀ ਭਾਈ ਰਤਨ ਸਿੰਘ ਜੀ ਭੰਗੂ ਵੀ ਸ੍ਰੀ ਗੁਰੁ ਪੰਥ ਪ੍ਰਕਾਸ਼ ਵਿਚ ਭਰਦੇ ਹਨ-

**ਅਤਿ ਪ੍ਰਸੰਨ ਪੰਥ ਤਿਸ ਪਰ ਭਯੋ।**
**ਭਲੇ ਵਖਤ ਕਿਤ ਵਹੁ ਥੋ ਆਯੋ।**
**ਕਪੂਰ ਸਿੰਘ ਲਯੋ ਬਾਲ ਬੁਲਾਇ।**
**ਕੀਯੋ ਸਿੰਘ ਨਿਜ ਅੰਮ੍ਰਿਤ ਛਕਾਇ॥੧੦॥**
**ਮਾਤਾ ਭੀ ਉਸ ਹੁਇ ਖੁਸੀ ਦੀਨੀ ਬਾਂਹਿ ਫੜਾਇ।**
**ਭਲੇ ਭਾਗ ਉਸ ਕੇ ਭਏ ਰਹਯੋ ਨਿਬਾਬੈ ਪਾਹਿ॥੧੧॥**

ਯੋਗ ਸਿਆਣਾ ਤੇ ਹਿਸਾਬ-ਕਿਤਾਬ ਦਾ ਜਾਣੂ ਹੋਣ ਕਰਕੇ ਸਿੰਘਾਂ ਨੂੰ ਰਸ਼ਦ ਤੇ ਘੋੜਿਆਂ ਨੂੰ ਦਾਨਾ ਦੇਣ ਦੀ ਡਿਊਟੀ ਲਗਾ ਦਿੱਤੀ।

**ਨਿਬਾਬ ਮਿਹਰ ਜੱਸਾ ਸਿੰਘ ਆਈ। ਦਾਣੇ ਘੋੜਨ ਕਹਯੋ ਵਰਤਾਈ।**

*(ਭਾਈ ਰਤਨ ਸਿੰਘ ਭੰਗੂ ਸ੍ਰੀ ਗੁਰੁ ਪੰਥ ਪ੍ਰਕਾਸ਼)*

ਨਵਾਬ ਕਪੂਰ ਸਿੰਘ ਦਾ ਖ਼ਾਲਸਾ ਪੰਥ ਵਿੱਚ ਬਹੁਤ ਮਾਣ ਸਤਿਕਾਰ ਸੀ। ਉਨ੍ਹਾਂ ਦੇ ਔਲਾਦ ਨਹੀਂ ਸੀ। ਉਹਨਾਂ ਨੇ ਸ. ਜੱਸਾ ਸਿੰਘ ਨੂੰ ਗੋਦ ਲੈ ਲਿਆ। ਹੁਣ ਉਨ੍ਹਾਂ ਸ. ਜੱਸਾ ਸਿੰਘ ਨੂੰ ਆਪਣਾ ਸਹਾਇਕ ਬਣਾ ਲਿਆ। ਇਕ ਰਾਤ ਜਦੋਂ ਬੜੀ ਭਾਰੀ ਵਰਖਾ ਹੋ ਰਹੀ ਸੀ ਤਾਂ ਨਵਾਬ ਕਪੂਰ ਸਿੰਘ ਨੇ ਤਿੰਨ ਚਾਰ ਵਾਰ ਉਠ ਕੇ ਪੁਛਿਆ ਕਿ ਪਹਿਰੇ ਤੇ ਕੌਣ ਹੈ? ਤਾਂ ਹਰ ਵਾਰ ਅੱਗੋਂ ਜਵਾਬ ਮਿਲਿਆ ਕਿ ਜੀ ਜਨਾਬ ਮੈਂ ਹਾਂ। ਤਾਂ ਖੁਸ਼ ਹੋ ਕਿ ਨਵਾਬ ਨੇ ਕਿਹਾ, 'ਤੂੰ ਬਹੁਤ ਭਾਗਸ਼ਾਲੀ ਹੈਂ। ਤੈਨੂੰ ਹੋਰ ਵੀ ਭਾਗ ਲੱਗਣਗੇ। ਛੋਟੀ ਉਮਰੇ ਹੀ ਏਨੇ ਆਗਿਆਕਾਰੀ ਹੋ! ਇਸ ਦਿਨ ਤੋਂ ਨਵਾਬ ਕਪੂਰ ਸਿੰਘ ਦੇ ਦਿਲ ਵਿੱਚ ਸ. ਜੱਸਾ ਸਿੰਘ ਬਾਰੇ ਹੋਰ ਵੀ ਇੱਜਤ ਵੱਧ ਗਈ।

ਜਥੇ ਵਿੱਚ ਰਹਿਣ ਕਰਕੇ ਸ. ਜੱਸਾ ਸਿੰਘ ਯੁੱਧ ਵਿਦਿਆ, ਸ਼ਸਤਰ ਵਿਦਿਆ, ਤੀਰ-ਅੰਦਾਜ਼ੀ ਤੇ ਘੋੜਸਵਾਰੀ ਵਿੱਚ ਮਾਹਿਰ ਹੋ ਗਿਆ। ਉਚਾ-ਲੰਮਾ ਕਦ ਸਰੂ ਵਰਗਾ, ਛਾਤੀ ਚੌੜੀ ਫੌਲਾਦ ਵਰਗੀ, ਜੁਸ਼ੀਲੇ ਤੇ ਅਤ ਦਰਜ਼ੇ ਦੇ ਫੁਰਤੀਲੇ ਸਨ ਜੱਸਾ ਸਿੰਘ। ਕਾਫੀ ਸਮੇਂ ਤਕ ਜੱਸਾ ਸਿੰਘ ਜੀ ਇਹ ਸੇਵਾ ਨਿਭਾਉਂਦੇ ਰਹੇ। ਦਿੱਲੀ ਵਿੱਚ ਰਹਿਣ ਕਰਕੇ ਇਹਨਾਂ ਦੀ ਬੋਲੀ ਉਰਦੂ ਪੰਜਾਬੀ ਮਿਲਵੀਂ ਸੀ। ਹਿੰਦੀ ਪੰਜਾਬੀ ਆਪ ਰਲ ਗੱਡ ਕਰਕੇ ਬੋਲਦੇ ਸਨ। ਇਸੇ ਕਰਕੇ



SikhBookClub.Com

ਜਥੇ ਦੇ ਸਿੰਘਾਂ ਨੇ ਇਹਨਾਂ ਦੀ ਛੇੜ 'ਹਮਕੋ ਤੁਮਕੋ' ਪਾਈ ਸੀ। ਇਕ ਦਿਨ ਆਪ ਦਾਣਾ ਵਰਤਾਉਂਦਿਆਂ ਸਿੰਘਾਂ ਨਾਲ ਖਿਜ ਪਏ। ਰੋਣ-ਹਾਕੇ ਹੋ ਨਵਾਬ ਕਪੂਰ ਸਿੰਘ ਜੀ ਕੋਲ ਜਾ ਕੇ ਕਹਿਣ ਲੱਗੇ;

**ਮੈਥੋਂ ਦਾਨਾ ਵਰਤੇ ਨਾਹੀਂ। ਧੌਲ ਧਪੋ ਮੁਹਿ ਬਹੁਤ ਕਰਾਹੀਂ॥੧੩॥**

ਨਵਾਬ ਕਪੂਰ ਸਿੰਘ ਜੀ ਨੇ ਜੱਸਾ ਸਿੰਘ ਨੂੰ ਕੋਲ ਬਹਾ ਕਿ ਪਿਆਰ ਕੀਤਾ। ਸਿਰ ਤੇ ਹੱਥ ਧਰਿਆ ਤੇ ਕਿਹਾ:

**ਕਹੀ ਬਾਤ ਮੁਖ ਦਯੋ ਪਿਆਰ। ਤੁਧ ਦਾਣੋਂ ਦੇਣੈ ਬੱਗ ਹਜ਼ਾਰ॥੧੪॥**
**ਹਮ ਤੌਂ ਕੀਨੋ ਪੰਥ ਨਵਾਬੈ। ਤੇਰੈ ਕਰਿਯਗੁ ਪਤਿਸ਼ਾਹੀ ਤਾਬੈ।......**

*(ਸ੍ਰੀ ਗੁਰੂ ਪੰਥ ਪ੍ਰਕਾਸ਼)*

ਜੱਸਾ ਸਿੰਘ ਨੇ ਕਿਹਾ ਦੇਖ ਮੇਰੇ ਵਰਗੇ ਇਕ ਗਰੀਬ ਪੱਖਾ ਝੱਲਣ ਤੇ ਘੋੜਿਆਂ ਦੀ ਲਿੱਦ ਚੁੱਕਣ ਵਾਲੇ ਨੂੰ ਪੰਥ ਨਵਾਬੀ ਦੇ ਸਕਦਾ ਹੈ ਤਾਂ ਹੋ ਸਕਦਾ ਹੈ ਕਿ ਕਲ੍ਹ ਨੂੰ ਪੰਥ ਤੈਨੂੰ 'ਪਾਤਿਸ਼ਾਹ' ਬਣਾ ਦੇਵੇ। ਲਾਡਲੀਆਂ ਗੁਰੂ ਕੀਆਂ ਫੌਜ਼ਾਂ ਦਾ ਗੁੱਸਾ ਨਹੀਂ ਕਰੀਦਾ। ਤੇ ਕਿਹਾ-

**ਪੰਥ ਨਵਾਬੀ ਦੀਨੀ ਮੋ ਕੋ। ਪਾਤਿਸ਼ਾਹ ਕੀਨਾ ਮੈਂ ਤੋ ਕੋ।**
**ਕਰੋ ਪੰਥ ਕੀ ਸੇਵ ਕਮਾਲੈਂ। ਮਿਲੈ ਟਹਲ ਤੈ ਮਹਲ ਬਿਸਾਲੈਂ॥੨੨॥**

ਹੁਣ ਜੱਸਾ ਸਿੰਘ ਅੱਗੇ ਨਾਲੋਂ ਵੀ ਵੱਧ ਤਨੋ-ਮਨੋ ਸੇਵਾ ਕਰਨ ਲੱਗ ਪਏ। ਕਿਸੇ ਨੂੰ ਕੋਈ ਸ਼ਿਕਾਇਤ ਦਾ ਮੌਕਾ ਨਾ ਦਿੱਤਾ। ਓਧਰ ਪੰਥ ਨੇ ਨਵਾਬ ਕਪੂਰ ਸਿੰਘ ਦੇ ਬੋਲਾਂ ਨੂੰ ਇਲਾਹੀ ਫੁਰਮਾਨ ਜਾਣਿਆਂ ਤੇ ਸਾਰਾ ਪੰਥ ਹੀ ਜੱਸਾ ਸਿੰਘ ਨੂੰ ਪਾਤਿਸ਼ਾਹ ਕਹਿਣ ਲੱਗ ਪਿਆ। ਇਸ ਦੀ ਗਵਾਹੀ ਗਿਆਨੀ ਗਿਆਨ ਸਿੰਘ ਸ੍ਰੀ ਗੁਰ ਪੰਥ ਪ੍ਰਕਾਸ਼ ਵਿੱਚ ਇੰਝ ਭਰਦੇ ਹਨ;

**ਜਬਿ ਯਹਿ ਵਰ ਨਵਾਬ ਨੈ ਰਰਯੋ।**
**ਵਾਹ ਵਾਹ ਸਭਿ ਪੰਥ ਉਚਰਯੋ॥੨੮॥**
**ਜਸਾ ਸਿੰਘ ਕੋ ਉਸ ਦਿਨ ਤੈ ਤਬਿ।**
**ਲਗਯੋ ਕਹਨ ਪਾਤਿਸ਼ਾਹ ਪੰਥ ਸਭਿ।**

ਜੱਸਾ ਸਿੰਘ ਆਹਲੂਵਾਲੀਏ ਦਾ ਦੇਹਾਂਤ ਸੰਮਤ 1840 ਬਿਕਰਮੀ, 20 ਅਕਤੂਬਰ, 1783 ਈ. ਨੂੰ ਅੰਮ੍ਰਿਤਸਰ ਵਿਚ ਹੋਇਆ। ਆਪ ਦਾ ਇਕ ਲੜਕਾ ਤੇ ਦੋ ਲੜਕੀਆਂ ਸਨ; ਜੋ ਕਿ ਵਿਆਹੀਆਂ ਸਨ। ਅਤੇ ਲੜਕਾ ਬਾਲ ਵਰੇਸ ਉਮਰਾ ਵਿਚ ਹੀ ਕਾਲ ਵੱਸ ਹੋ ਗਿਆ ਸੀ ਸੋ ਰਿਆਸਤ ਦਾ ਮਾਲਕ ਭਤੀਜੇ ਭਾਗ ਸਿੰਘ ਨੂੰ ਨੀਯਤ ਕੀਤਾ।

ਸੋ ਅੱਜ ਵੀ ਕੌਮ ਨੂੰ ਸ. ਜੱਸਾ ਸਿੰਘ ਆਹਲੂਵਾਲੀਏ ਵਰਗੇ ਬਹਾਦਰ, ਦਲੇਰ ਨੀਤੀਵਾਨ ਜਰਨੈਲ ਦੀ ਲੋੜ ਹੈ। ਸਾਨੂੰ ਉਸ ਮਹਾਨ ਜਰਨੈਲ ਦੇ ਜੀਵਨ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ ਤਾਂ ਜੋ ਅਸੀਂ ਵੀ ਉਨ੍ਹਾਂ ਦੀਆਂ ਸਿਖਿਆਵਾਂ ਤੇ ਚਲ ਆਪਣਾ ਜੀਵਨ ਸਫਲਾ ਕਰ ਸਕੀਏ।



SikhBookClub.Com

# ਤਿਥਾਵਲੀ

੧੭੧੮ ਮਈ ੩ (ਬਸਾਖ ਸੁਦੀ ੧੫, ਸੰਮਤ ੧੭੭੫)- ਸ. ਜੱਸਾ ਸਿੰਘ ਆਹਲੂਵਾਲੀਏ ਦਾ ਜਨਮ।

੧੭੨੨ (ਸੰਮਤ ੧੭੭੯)- ਸ. ਜੱਸਾ ਸਿੰਘ ਦੇ ਪਿਤਾ ਸ. ਬਦਰ ਸਿੰਘ ਦਾ ਦੇਹਾਂਤ।

੧੭੨੩ (ਸੰਮਤ ੧੭੮੦ ਬਿਕਰਮੀ)- ਸ. ਜੱਸਾ ਸਿੰਘ ਅਤੇ ਉਸ ਦੀ ਮਾਤਾ ਦਿੱਲੀ ਗਏ।

੧੭੨੬ ਅਬਦੁਸਮੱਦ ਖ਼ਾਨ ਮੁਲਤਾਨ ਅਤੇ ਜ਼ਕਰੀਆ ਖ਼ਾਨ ਲਾਹੌਰ ਦੇ ਸੂਬੇਦਾਰ ਬਣਾਏ ਗਏ।

-- ਜੁਲਾਈ-ਅਗਸਤ (ਸਾਵਣ ਭਾਦੋਂ ਸੰਮਤ ੧੭੮੩)- ਪੰਜ ਲੱਖ ਰੁਪਇਆ ਖਾਲਸੇ ਦੇ ਹੱਥ ਲੱਗਾ।

-- ਸਤੰਬਰ (ਸੰਮਤ ੧੭੮੩, ਅੱਸੂ)- ਮੁਰਤਜ਼ਾ ਖ਼ਾਨ ਦੇ ਕਾਫ਼ਲੇ ਦੀ ਲੁੱਟ।

੧੭੨੭ (ਸੰਮਤ ੧੭੮੪)- ਸ਼ਾਹੀ ਘਰਾਣੇ ਦੇ ਮਾਲ 'ਤੇ ਛਾਪਾ।

੧੭੨੯ (੧੭੮੬ ਬਿਕਰਮੀ)- ਸ. ਜੱਸਾ ਸਿੰਘ ਅਤੇ ਉਸ ਦੀ ਮਾਤਾ ਦੀ ਦਿੱਲੀ ਤੋਂ ਵਾਪਸੀ।

੧੭੩੦ (ਸੰਮਤ ੧੭੮੭)- ਤਰੁਣਾ ਦਲ ਦਾ ਪੰਜ ਜਥਿਆਂ ਵਿਚ ਵੰਡਿਆ ਜਾਣਾ।

੧੭੩੨ (ਸੰਮਤ ੧੭੮੯)- ਸ. ਆਲਾ ਸਿੰਘ ਫੂਲਕੇ ਦਾ ਬਰਨਾਲੇ ਘਿਰ ਜਾਣਾ, ਖਾਲਸੇ ਨੇ ਸਹਾਇਤਾ ਕਰਨੀ।

੧੭੩੩ ਮਾਰਚ ੨੯ (ਸੰਮਤ ੧੭੯੦)- ਭਾਈ ਸੁਬੇਗ ਸਿੰਘ ਦਾ ਅੰਮ੍ਰਿਤਸਰ ਖਾਲਸੇ ਦੇ ਦੀਵਾਨ ਵਿਚ ਆਉਣਾ।

-- (ਸੰਮਤ ੧੭੯੦)- ਸ. ਕਪੂਰ ਸਿੰਘ ਨੂੰ ਨਵਾਬੀ ਖ਼ਿਲਤ ਮਿਲਣਾ।

੧੭੩੪ ਜੂਨ ੨੪ (ਹਾੜ ਸੁਦੀ ਪੰਜ, ਸੰਮਤ ੧੭੯੧ ਬਿਕਰਮੀ)- ਭਾਈ ਮਨੀ ਸਿੰਘ ਦੀ ਸ਼ਹੀਦੀ।

੧੭੩੪ (ਸੰਮਤ ੧੭੯੧)- ਦੀਵਾਨ ਦਰਬਾਰਾ ਸਿੰਘ ਦਾ ਦੇਹਾਂਤ।

੧੭੩੫ ਖਾਲਸੇ ਦੀ ਜਾਗੀਰ ਦਾ ਜ਼ਬਤ ਹੋਣਾ।

੧੭੩੬ (ਸੰਮਤ ੧੭੯੩)- ਦੀਵਾਨ ਲਖਪਤ ਰਾਏ ਅਤੇ ਮੁਖਲਸ ਖ਼ਾਨ ਦੀ ਸਿੰਘਾਂ ਵਿਰੁੱਧ ਚੜ੍ਹਾਈ।

੧੭੩੯ ਮੀਰ ਮੰਨੂ ਨੇ ਦੁਰਾਨੀ ਦੀ ਈਨ ਮੰਨ ਲਈ।



SikhBookClub.Com

-- ਜਨਵਰੀ- ਨਾਦਰ ਸ਼ਾਹ ਦਾ ਹੱਲਾ।

-- ਮਈ- ਖਾਲਸੇ ਨੇ ਨਾਦਰ ਸ਼ਾਹ ਦੀ ਲੁੱਟ ਦਾ ਮਾਲ ਖੋਹ ਲੈਣਾ।

੧੭੪੦ ਅਗਸਤ- ਮੱਸੇ ਰੰਘੜ ਨੂੰ ਸੋਧਨਾ।

੧੭੪੫ ਜੁਲਾਈ ੧, (ਸੰਮਤ ੧੮੦੨, ਸਾਵਨ ੧)- ਭਾਈ ਤਾਰੂ ਸਿੰਘ ਦੀ ਸ਼ਹੀਦੀ, ਜ਼ਕਰੀਆ ਖ਼ਾਨ ਦੀ ਮੌਤ।

੧੭੪੬ ਜਨਵਰੀ-ਫਰਵਰੀ (ਮਾਘ-ਫੱਗਣ ਸੰਮਤ ੧੮੦੨)- ਦੀਵਾਨ ਜਸਪਤ ਰਾਇ ਦਾ ਸਿੱਖ ਜਥੇ ਨੂੰ ਐਮਨਾਬਾਦ ਵੱਲ ਧਕਣਾ।

-- ਮਾਰਚ ਪਹਿਲਾ ਹਫਤਾ। ਲਾਹੌਰ ਦੇ ਸਿੱਖਾਂ ਦਾ ਫੜਿਆ ਜਾਣਾ।

-- ਮਾਰਚ ੧੦ (੧੨ ਚੇਤ ਸੰਮਤ ੧੮੦੨)- ਸਿੰਘਾਂ ਦਾ ਕਤਲ।

-- ਮਈ ਪਹਿਲੀ (੨ ਜੇਠ ਸੰਮਤ ੧੮੦੩)- ਛੋਟੇ ਘਲੂਘਾਰੇ ਦਾ ਵਾਪਰਨਾ।

-- ਨਵੰਬਰ- ਸ਼ਾਹ ਨਵਾਜ ਖ਼ਾਨ ਦਾ ਲਾਹੌਰ ਆਉਣਾ।

੧੭੪੭ ਮਾਰਚ ੧੩, (੧੨ ਰੱਬੀ-ਉਲ-ਅਵੱਲ ੧੧੬੦ ਹਿਜਰੀ)- ਯਾਹੀਆ ਖ਼ਾਨ ਦਾ ਕੈਦ ਕੀਤਾ ਜਾਣਾ।

-- ਮਾਰਚ ਦੇ ਤੀਜੇ ਹਫਤੇ ਦਾ ਅੰਤ ਜਾਂ ਚੌਥੇ ਦਾ ਅਰੰਭ। ਸਿੰਘਾਂ ਦਾ ਅੰਮ੍ਰਿਤਸਰ 'ਤੇ ਕਬਜ਼ਾ।

-- ਜੂਨ ੮-੯- ਨਾਦਰ ਸ਼ਾਹ ਕਤਲ ਕਰ ਦਿੱਤਾ ਗਿਆ।

੧੭੪੮ ਸਿੱਖਾਂ ਨੂੰ ਫੜਨ ਦਾ ਹੁਕਮ।

-- ਜਨਵਰੀ ੧੦- ਅਹਿਮਦਸ਼ਾਹ ਦੁਰਾਨੀ ਦਾ ਲਾਹੌਰ ਆਉਣਾ।

-- ਜਨਵਰੀ ੧੧-੧੨- ਸ਼ਾਹ ਨਵਾਜ਼ ਦਾ ਦਿੱਲੀ ਨੂੰ ਦੌੜ ਜਾਣਾ।

-- ਜਨਵਰੀ ੨੧-੨੨- ਖਾਲਸੇ ਦਾ ਨੂਰ ਦੀ ਸਰਾਇ 'ਤੇ ਹੱਲਾ।

-- ਫਰਵਰੀ ੧੯- ਅਹਿਮਦਸ਼ਾਹ ਦਾ ਲਾਹੌਰੋਂ ਦਿੱਲੀ ਨੂੰ ਕੂਚ।

-- ਮਾਰਚ ੧- ਅਹਿਮਦਸ਼ਾਹ ਦਾ ਸਤਲੁਜ ਪਾਰ ਕਰਨ।

-- ਮਾਰਚ ੪-੫- ਸ੍ਰੀ ਅਨੰਦਪੁਰ ਸਾਹਿਬ ਹੋਲੇ ਮਹੱਲੇ ਦਾ ਮੇਲਾ।

-- ਮਾਰਚ ੧੧- ਵਜ਼ੀਰ ਕਮੱਰੁਦੀਨ ਦਾ ਮਾਰਿਆ ਜਾਣਾ।

-- ਮਾਰਚ (ਦੂਸਰਾ ਹਫਤਾ)- ਰਾਜਾ ਗੁਰਦਿੱਤ ਮੱਲ ਨੂੰ ਭਾਂਜ।

-- ਮਾਰਚ ੧੭- ਅਹਿਮਦਸ਼ਾਹ ਦੀ ਸਰਹਿੰਦ ਤੋਂ ਵਾਪਸੀ।

੧੭੪੮ ਮਾਰਚ (ਤੀਸਰਾ ਹਫਤਾ)- ਅਦੀਨਾ ਬੇਗ ਦਾ ਖ਼ਾਨਪੁਰ ਅਤੇ ਸਿੰਘਾਂ ਦਾ ਅੰਮ੍ਰਿਤਸਰ ਚਲੇ ਜਾਣਾ- ਅਹਿਮਦਸ਼ਾਹ ਅਬਦਾਲੀ ਦੀ ਵਾਪਸੀ।

-- ਅਪ੍ਰੈਲ (ਵੈਸਾਖੀ)- ਰਾਮ ਰਾਉਣੀ ਦਾ ਰਚਨਾ।

-- ਅਪ੍ਰੈਲ ੧੧- ਸ਼ਾਹਜ਼ਾਦਾ ਅਹਿਮਦ ਅਤੇ ਮੀਰ ਮੰਨੂੰ ਦਾ ਸਰਹਿੰਦ ਟਿਕੇ ਰਹਿਣਾ, ਮੀਰ ਮੰਨੂੰ ਦਾ ਪੰਜਾਬ ਦਾ ਹਾਕਮ ਨੀਯਤ ਹੋਣਾ।

-- ਅਕਤੂਬਰ- ਰਾਮ ਰਾਉਣੀ ਦਾ ਘੇਰਾ।



SikhBookClub.Com

-- ਨਵੰਬਰ (ਮੱਘਰ ੧੮੦੫)- ਰਾਮ ਰਾਉਣੀ ਦਾ ਘੇਰਾ ਚੁੱਕਿਆ ਜਾਣਾ।

੧੭੪੯ ਸ੍ਰੀ ਅੰਮ੍ਰਿਤਸਰ ਵਿਚ ਦੀਪਮਾਲਾ ਦਾ ਮੇਲਾ।

-- ਸਤੰਬਰ-ਅਕਤੂਬਰ- ਮੁਲਤਾਨ ਦੀ ਮੁਹਿੰਮ।

੧੭੫੨ ਜਨਵਰੀ-ਮਾਰਚ- ਅਹਿਮਦਸ਼ਾਹ ਦੁਰਾਨੀ ਦਾ ਤੀਸਰਾ ਹੱਲਾ।

-- ਮਾਰਚ ੬- ਦੀਵਾਨ ਕੌੜਾ ਮੱਲ ਦਾ ਮਹਿਮੂਦ ਬੂਟੀ ਦੀ ਲੜਾਈ ਵਿਚ ਮਾਰਿਆ ਜਾਣਾ।

-- ਮਾਰਚ ੧੭੫੨ ਤੋਂ ਨਵੰਬਰ ੧੭੫੩- ਸਿੰਘਾਂ 'ਤੇ ਫਿਰ ਸਖ਼ਤੀ ਦੇ ਹੁਕਮ।

-- ਜੁਲਾਈ-ਅਗਸਤ- ਨਦੌਣ ਦੀ ਲੜਾਈ।

੧੭੫੩ ਫਰਵਰੀ ੧੮-੧੯- ਸ੍ਰੀ ਅਨੰਦਪੁਰ ਸਾਹਿਬ ਵਿਚ ਹੋਲੇ ਮਹੱਲੇ ਪਰ ਅਦੀਨਾ ਬੇਗ ਦਾ ਹੱਲਾ।

-- ਅਕਤੂਬਰ ੭ (ਅੱਸੂ ਸੁਦੀ ਸੰਮਤ ੧੮੧੦)- ਨਵਾਬ ਕਪੂਰ ਸਿੰਘ ਦਾ ਦੇਹਾਂਤ।

-- ਅਕਤੂਬਰ ੨੬- ਦੀਵਾਲੀ ਸ੍ਰੀ ਅੰਮ੍ਰਿਤਸਰ ਵਿਚ।

-- ਨਵੰਬਰ ੨- (ਸ਼ੁੱਕਰਵਾਰ ੫ ਮੁਹੱਰਮ ੧੧੬੭ ਹਿਜਰੀ)- ਮੀਰ ਮੰਨੂੰ ਦੀ ਸਿੰਘਾਂ ਪਰ ਚੜ੍ਹਾਈ।

-- ਨਵੰਬਰ ੪- ਮੀਰ ਮੰਨੂੰ ਦੀ ਮੌਤ।

੧੭੫੪ ਅਪ੍ਰੈਲ ੧੦ (ਸੰਮਤ ੧੮੧੧)- ਸ. ਜੱਸਾ ਸਿੰਘ ਆਹਲੂਵਾਲੀਏ ਦਾ ਆਗੂ ਚੁਣਿਆ ਜਾਣਾ।

-- ਮਈ- ਮੁਹੰਮਦ ਅਮੀਨ ਖ਼ਾਨ ਦੀ ਮੌਤ।

੧੭੫੫ ਅਪ੍ਰੈਲ, ਭਿਖਾਰੀ ਖ਼ਾਨ ਦਾ ਮਰਵਾਇਆ ਜਾਣਾ।

੧੭੫੬ ਫਰਵਰੀ, ਗਾਜ਼ੀ-ਉ-ਦੀਨ ਦਾ ਸਰਹਿੰਦ ਆਉਣਾ।

-- ਅਕਤੂਬਰ- ਅਹਿਮਦਸ਼ਾਹ ਦੁਰਾਨੀ ਨੇ ਏਲਚੀ ਦਿੱਲੀ ਭੇਜਣਾ।

-- ਨਵੰਬਰ ੨੫- ਲਾਹੌਰ 'ਤੇ ਦੁਰਾਨੀਆਂ ਦਾ ਕਬਜ਼ਾ।

-- ਦਸੰਬਰ ੨੦- ਅਹਿਮਦਸ਼ਾਹ ਦਾ ਖ਼ੁਦ ਲਾਹੌਰ ਪੁੱਜਣਾ।

੧੭੫੭ ਫਰਵਰੀ ੧੪- ਤੈਮੂਰ ਦਾ ਨਿਕਾਹ ਆਲਮਗੀਰ ਦੀ ਲੜਕੀ ਗੌਹਰ ਅਫ਼ਰੋਜ਼ ਨਾਲ ਹੋਣਾ।

-- ਮਾਰਚ ੧- ਜਹਾਨ ਖ਼ਾਨ ਮਥੁਰਾ ਪੁੱਜਾ।

੧੭੫੭ ਮਾਰਚ ੪- ਹੋਲੀ ਦੇ ਦਿਨ ਹਿੰਦੂਆਂ ਦਾ ਕਤਲ-ਏ-ਆਮ।

-- ਮਾਰਚ ੬- ਜਹਾਨ ਖ਼ਾਨ ਵੱਲੋਂ ਬਿੰਦ੍ਰਾਬਨ ਵਿਚ ਕਤਲ-ਏ-ਆਮ।

-- ਮਾਰਚ ੧੫- ਅਹਿਮਦਸ਼ਾਹ ਦਾ ਮਥੁਰਾ ਪਹੁੰਚਣਾ ਅਤੇ ਗੋਕਲ ਦੀ ਕਤਲ-ਏ-ਆਮ।

-- ਮਈ- ਦੁਰਾਨੀਆਂ ਵੱਲੋਂ ਸ੍ਰੀ ਦਰਬਾਰ ਸਾਹਿਬ ਦੀ ਬੇ-ਅਦਬੀ।

-- ਦਸੰਬਰ- ਮਾਹਲਪੁਰ ਦੀ ਲੜਾਈ ਵਿਚ ਖਾਲਸੇ ਦੀ ਜਿੱਤ।



SikhBookClub.Com

੧੭੫੭ ਦਸੰਬਰ-ਜਨਵਰੀ ੧੭੫੮- ਖ਼ੁਆਜਾ ਉਬੈਦੁੱਲਾ ਖ਼ਾਨ ਦੀ ਹਾਰ।

੧੭੫੮ ਜਨਵਰੀ- ਅਬਦੁਸਮਦ ਖ਼ਾਨ ਵੱਲੋਂ ਸਰਹਿੰਦ ਦੀ ਕਿਲ੍ਹੇਬੰਦੀ।

-- ਜਨਵਰੀ ੨੫ (ਚੇਤ ਵਦੀ ੧)- ਖਾਲਸੇ ਦਾ ਹੋਲੇ ਮਹੱਲੇ ਦੇ ਲਈ ਸ੍ਰੀ ਅਨੰਦਪੁਰ ਪੁੱਜਣਾ।

-- ਮਾਰਚ ੯- ਰਘੁਨਾਥ ਰਾਉ ਦਾ ਸਰਹਿੰਦ ਪੁੱਜਣਾ।

-- ਮਾਰਚ ੨੧ (ਫੱਗਣ ਸੁਦੀ ੧੨ ਸੰਮਤ ੧੮੧੪)- ਸਿੰਘਾਂ ਅਤੇ ਮਰਾਠਿਆਂ ਨੇ ਸਰਹਿੰਦ ਨੂੰ ਮਾਰਨਾ।

-- ਅਪ੍ਰੈਲ, ਮਿਰਜ਼ਾ ਜਾਨ ਦਾ ਅਹਿਮਦ ਖ਼ਾਨ ਅਤੇ ਸਾਲਿਹ ਖ਼ਾਨ ਨੂੰ ਕੈਦ ਕਰਨਾ।

-- ਅਪ੍ਰੈਲ-ਸਤੰਬਰ- ਅਦੀਨਾ ਬੇਗ ਦੀ ਹਕੂਮਤ।

-- ਅਪ੍ਰੈਲ ੧੯- ਤੈਮੂਰ ਸ਼ਾਹ ਅਤੇ ਜਹਾਨ ਖ਼ਾਨ ਦਾ ਲਾਹੌਰ ਖਾਲੀ ਕਰਨਾ।

-- ਅਪ੍ਰੈਲ ੨੦- ਅਦੀਨਾ ਬੇਗ, ਰਘੁਨਾਥ ਰਾਉ ਅਤੇ ਖਾਲਸੇ ਦਾ ਲਾਹੌਰ ਪਹੁੰਚਣਾ।

-- ਮਈ ੧੦- ਰਘੁਨਾਥ ਰਾਉ ਦਾ ਦਿੱਲੀ ਵੱਲ ਮੁੜਨਾ।

-- ਜੂਨ ੫- ਰਘੁਨਾਥ ਰਾਉ ਦਾ ਸੋਮਾਵਤੀ ਮੱਸਿਆ ਦੇ ਦਿਨ ਕੁਰਕਸ਼ੇਤਰ ਇਸ਼ਨਾਨ ਕਰਨਾ।

-- ਅਗਸਤ ਦਾ ਅੰਤ ਜਾਂ ਸ਼ੁਰੂ ਸਤੰਬਰ- ਗੁਲਸ਼ੇਰ ਖ਼ਾਨ ਦਾ ਮਾਰਿਆ ਜਾਣਾ।

-- ਸਤੰਬਰ- ਬਾਬਾ ਆਲਾ ਸਿੰਘ ਦਾ ਮੁਹੰਮਦ ਅਮੀਨ ਖ਼ਾਨ ਅਤੇ ਅਬਦੁਸਮੱਦ ਖ਼ਾਨ ਨੂੰ ਹਾਰ ਦੇਣਾ।

-- ਸਤੰਬਰ ੧੫- ਅਦੀਨਾ ਬੇਗ ਖ਼ਾਨ ਦਾ ਦੇਹਾਂਤ।

-- ਸਤੰਬਰ ਅੰਤਲੇ ਦਿਨ- ਨੂਰਦੀਨ ਬਾਮੇਜ਼ਈ ਦਾ ਸਿੰਧ ਸਾਗਰ ਵਿਚ ਦਾਖਲ ਹੋਣਾ।

-- ਨਵੰਬਰ- ਮਿਰਜ਼ਾ ਜਾਨ ਵੱਲੋਂ ਖਾਲਸੇ ਦੀ ਸਹਾਇਤਾ ਨਾਲ ਨੂਰੁੱਦੀਨ ਬਾਮੇਜ਼ਈ ਨੂੰ ਭਾਂਜ।

੧੭੫੯ ਮਾਰਚ- ਖਾਲਸਾ ਸਰਦਾਰਾਂ ਅਤੇ ਵਹੀਰ ਦਾ ਰਾਇਪੁਰ ਗੁਜਰਵਾਲ ਇਕੱਠੇ ਹੋਣਾ।

-- ਮਾਰਚ ੧੩-੧੪- ਸਿਦੀਕ ਬੇਗ ਦਾ ਸ੍ਰੀ ਅਨੰਦਪੁਰ ਸਾਹਿਬ ਮੇਲੇ 'ਤੇ ਧਾਵਾ।

-- ਅਕਤੂਬਰ- ਅਹਿਮਦਸ਼ਾਹ ਦੁਰਾਨੀ ਦਾ ਪੰਜਾਬ 'ਤੇ ਹਮਲਾ।

-- ਅਕਤੂਬਰ ੨੦- ਮਿਸਲਦਾਰ ਸਰਦਾਰਾਂ ਦਾ ਅਕਾਲ ਬੁੰਗੇ ਇਕੱਠੇ ਹੋਣਾ ਅਤੇ ਦੁਰਾਨੀ ਦਾ ਸਾਹਮਣਾ ਕਰਨ ਲਈ ਲਾਹੌਰ ਵੱਲ ਕੂਚ।

-- ਅਕਤੂਬਰ ੨੫- ਅਹਿਮਦਸ਼ਾਹ ਦੁਰਾਨੀ ਦਾ ਪੰਜਾਬ ਵੱਲ ਨੂੰ ਅਟਕ ਪਾਰ ਕਰਨਾ।

-- ਨਵੰਬਰ ੨੦- ਅਹਿਮਦਸ਼ਾਹ ਦਾ ਗੋਇੰਦਵਾਲੋਂ ਬਿਆਸਾ ਪਾਰ ਕਰਨਾ।

-- ਨਵੰਬਰ ੨੯- ਇਮਾਦੁਲ-ਮੁਲਕ ਗਾਜ਼ੀ-ਉ-ਦੀਨ ਦਾ ਬਾਦਸ਼ਾਹ ਆਲਮਗੀਰ ਨੂੰ ਮਰਵਾ ਦੇਣਾ।



SikhBookClub.Com

੧੭੬੦ ਈ. ਸਤੰਬਰ-ਅਕਤੂਬਰ- ਸਰ ਬੁਲੰਦ ਖ਼ਾਨ ਦਾ ਪੀਰ ਮੁਹੰਮਦ ਖ਼ਾਨ ਨੂੰ ਲਾਹੌਰ ਦਾ ਨਾਇਬ ਹਾਕਿਮ ਮੁਕੱਰਰ ਕਰਨਾ।

-- ਅਕਤੂਬਰ- ਖਾਲਸੇ ਦਾ ਰੁਸਤਮ ਖ਼ਾਨ ਸੱਦੋਜ਼ਈ ਨੂੰ ਕੈਦ ਕਰਨਾ ਅਤੇ ਵੀਹ ਲੱਖ ਨਜ਼ਰਾਨਾ ਲੈਣਾ।

-- ਨਵੰਬਰ- ਮੀਰ ਮੁਹੰਮਦ ਖ਼ਾਨ ਪਾਸੋਂ ੩੦ ਹਜ਼ਾਰ ਨਜ਼ਰਾਨਾ।

-- ਨਵੰਬਰ ੭- ਖਾਲਸੇ ਦਾ ਸ੍ਰੀ ਅੰਮ੍ਰਿਤਸਰ ਦਿਵਾਲੀ ਦੇ ਦਿਨ ਇਕੱਠ ਅਤੇ ਲਾਹੌਰ 'ਤੇ ਹੱਲੇ ਦਾ ਗੁਰਮਤਾ।

੧੭੬੧ ਖ਼ੁਆਜਾ ਉਬੈਦੁੱਲਾ ਦੀ ਮੌਤ।

-- ਜਨਵਰੀ ੧੪- ਪਾਣੀਪਤ ਦੀ ਤੀਸਰੀ ਲੜਾਈ।

-- ਜਨਵਰੀ ੨੯- ਅਹਿਮਦਸ਼ਾਹ ਦਾ ਸ਼ਾਹ ਆਲਮ ਨੂੰ ਦਿੱਲੀ ਦਾ ਬਾਦਸ਼ਾਹ ਪ੍ਰਵਾਨ ਕਰਨਾ।

-- ਮਾਰਚ ੧੩- ਅਹਿਮਦਸ਼ਾਹ ਦਾ ਆਪਣੀ ਅਗਾਊਂ ਫੌਜ ਅਤੇ ਪੇਸ਼ ਖੇਮਾ ਤੋਰਨਾ।

-- ਮਾਰਚ ੨੦- ਦੁਰਾਨੀ ਦਾ ਦਿੱਲੀ ਤੋਂ ਅਫ਼ਗਾਨਿਸਤਾਨ ਨੂੰ ਮੋੜਾ।

-- ਮਾਰਚ ੨੭- ਅਹਿਮਦਸ਼ਾਹ ਦਾ ਅੰਬਾਲੇ ਪਹੁੰਚਣਾ।

-- ਮਾਰਚ ੨੯- (੨੨ ਸ਼ਾਬਾਨ, ੧੧੭੪ ਹਿਜਰੀ)- ਅਹਿਮਦਸ਼ਾਹ ਦਾ ਵਾਪਸ ਸਰਹਿੰਦ ਪੁੱਜਣਾ। ਜ਼ੈਨ ਖ਼ਾਨ ਨੂੰ ਸਰਹਿੰਦ ਦਾ ਫੌਜਦਾਰ ਨਿਯਤ ਕਰਨਾ ਅਤੇ ਬਾਬਾ ਆਲਾ ਸਿੰਘ ਨੂੰ ਉਸ
ਦੇ ਕਬਜ਼ੇ ਹੇਠ ਇਲਾਕੇ ਦਾ ਹਾਕਮ ਪਰਵਾਨ ਕਰਨਾ।

-- ਅਪ੍ਰੈਲ ੧੦- ਸ. ਜੱਸਾ ਸਿੰਘ ਆਹਲੂਵਾਲੀਏ ਦਾ ਸ੍ਰੀ ਅੰਮ੍ਰਿਤਸਰ ਵੈਸਾਖੀ ਵਾਲੇ
ਦਿਨ ਹਿੰਦੂ ਜਨਾਨੀਆਂ ਨੂੰ ਛੁਡਾਉਣ ਦਾ ਫੈਸਲਾ।

-- ਅਪ੍ਰੈਲ ੨੯- ਅਹਿਮਦਸ਼ਾਹ ਦਾ ਲਾਹੌਰ ਪੁੱਜਣਾ, ਖ਼ੁਆਜਾ ਉਬੈਦ ਖ਼ਾਨ ਨੂੰ ਲਾਹੌਰ ਦਾ ਅਤੇ ਘੁਮੰਡ ਚੰਦ ਕਟੋਚ ਨੂੰ ਬਿਸਤ ਜਲੰਧਰ ਦਾ ਫੌਜਦਾਰ ਨਿਯਤ ਕਰਨਾ।

-- ਮਈ-ਜੂਨ- ਖਾਲਸੇ ਦਾ ਮਿਰਜ਼ੇ ਜਾਨ ਨੂੰ ਮਾਰਨਾ।

-- ਅਗਸਤ- ਨੂਰੁੱਦੀਨ ਬਾਮੇਜ਼ਈ ਦੀ ਚੜ੍ਹਤ ਸਿੰਘ ਵਿਰੁੱਧ ਨਿਸਫਲ ਮੁਹਿੰਮ।

-- ਸਤੰਬਰ- ਖ਼ੁਆਜਾ ਉਬੈਦ ਖ਼ਾਨ ਦੀ ਹਾਰ ਅਤੇ ਸਿੰਘਾਂ ਦਾ ਲਾਹੌਰ ਪਰ ਕਬਜ਼ਾ।

-- ਅਕਤੂਬਰ ੨੭- ਖਾਲਸੇ ਦਾ ਦਿਵਾਲੀ 'ਤੇ ਸ੍ਰੀ ਅੰਮ੍ਰਿਤਸਰ ਇਕੱਠੇ ਹੋਣਾ ਅਤੇ ਅਬਦਾਲੀ ਦੇ ਮੁਖਬਰਾਂ ਨੂੰ ਖ਼ਤਮ ਕਰਨ ਦਾ ਫੈਸਲਾ।

੧੭੬੨ ਜਨਵਰੀ- ਜੰਡਿਆਲੇ ਦਾ ਘੇਰਾ।

-- ਫਰਵਰੀ ੩- ਅਹਿਮਦਸ਼ਾਹ ਦਾ ਲਾਹੌਰ ਤੋਂ ਕੂਚ।



SikhBookClub.Com

-- ਫਰਵਰੀ ੪- ਅਹਿਮਦਸ਼ਾਹ ਦੁੱਰਾਨੀ ਦਾ ਜੈਨ ਖ਼ਾਨ ਨੂੰ ਸਿੱਖਾਂ ਤੇ ਪੰਜ ਫਰਵਰੀ ਨੂੰ ਅਗਿਉਂ ਹੱਲਾ ਕਰਨ ਦਾ ਹੁਕਮ ਦੇਣਾ।

-- ਫਰਵਰੀ ੫- (੧੧ ਰੱਜਬ, ੧੧੭੫ ਹਿਜਰੀ), ਜੈਨ ਖ਼ਾਨ ਦਾ ਫੌਜ ਲੈ ਕੇ ਚੜ੍ਹਨਾ ਅਤੇ ਕਾਸਿਮ ਖ਼ਾਨ ਬੜਾਇਚ ਨੂੰ ਸਿੰਘਾਂ ਪਰ ਹੱਲਾ ਕਰਨ ਦਾ ਹੁਕਮ; ਵੱਡਾ ਘੱਲੂਘਾਰਾ।

-- ਫਰਵਰੀ ੧੫- ਅਹਿਮਦਸ਼ਾਹ ਦਾ ਲਾਹੌਰ ਵੱਲ ਮੁੜ ਪੈਣਾ।

-- ਮਾਰਚ ੩- ਅਹਿਮਦਸ਼ਾਹ ਦਾ ਲਾਹੌਰ ਪੁੱਜਣਾ।

-- ਅਪ੍ਰੈਲ- ਅਹਿਮਦਸ਼ਾਹ ਵੱਲੋਂ ਸ੍ਰੀ ਦਰਬਾਰ ਸਾਹਿਬ ਦੀ ਬੇ-ਅਦਬੀ।

-- ਮਈ ੧੭- ਸ. ਜੱਸਾ ਸਿੰਘ ਦੀ ਜੈਨ ਖ਼ਾਨ ਨੂੰ ਹਾਰ, ਲਛਮੀ ਨਰਾਇਣ ਦੀ ਮੌਤ

-- ਅਗਸਤ ੨੫ ਤੋਂ ਸਤੰਬਰ ੨੪- ਖਾਲਸੇ ਦਾ ਮਹੀਨਾ ਭਰ ਪਾਣੀਪਤ ਟਿਕਿਆ ਰਹਿਣਾ।

-- ਸਤੰਬਰ ੨੪- ਦਲ ਖਾਲਸੇ ਦਾ ਉੱਤਰ ਵੱਲ ਮੋੜਾ।

-- ਅਕਤੂਬਰ ੧੬- ਅਹਿਮਦਸ਼ਾਹ ਅਬਦਾਲੀ ਦਾ ਅੰਮ੍ਰਿਤਸਰ ਪਹੁੰਚਣਾ।

-- ਅਕਤੂਬਰ ੧੭- ਖਾਲਸੇ ਦੀ ਦੁੱਰਾਨੀਆਂ ਨਾਲ ਲੜਾਈ ਅਤੇ ਅਬਦਾਲੀ ਦਾ ਰਾਤ ਦੇ ਹਨੇਰੇ ਵਿਚ ਲਾਹੌਰ ਨੂੰ ਕੂਚ।

-- ਦਸੰਬਰ ੧੨- ਅਹਿਮਦਸ਼ਾਹ ਅਬਾਦਲੀ ਦਾ ਲਾਹੌਰ ਤੋਂ ਦੇਸ ਨੂੰ ਮੁੜ ਪੈਣਾ।

੧੭੬੩ ਅਪ੍ਰੈਲ ੧੦- ਵੈਸਾਖੀ ਦੇ ਇਕੱਠ 'ਤੇ ਕਸੂਰ ਦੇ ਇਕ ਬ੍ਰਾਹਮਣ ਦੀ ਖਾਲਸੇ ਅੱਗੇ ਸ੍ਰੀ ਅੰਮ੍ਰਿਤਸਰ ਪੁਕਾਰ।

-- ਅਪ੍ਰੈਲ ੧੨-੧੩, ਖਾਲਸੇ ਦਾ ਕਸੂਰ 'ਤੇ ਹੱਲਾ।

-- ਅਪ੍ਰੈਲ, ਸ. ਜੱਸਾ ਸਿੰਘ ਦਾ ਕਾਠਗੜ੍ਹ ਅਤੇ ਗੜ੍ਹ-ਸ਼ੰਕਰ 'ਤੇ ਕਬਜ਼ਾ।

-- ਨਵੰਬਰ ੫- ਖਾਲਸੇ ਦਾ ਸਰਹਿੰਦ ਨੂੰ ਸੋਧਣ ਦਾ ਗੁਰਮਤਾ।

-- ਦਸੰਬਰ ੨੫- ਸੂਰਜਮੱਲ ਭਰਤਪੁਰੀਏ ਦੀ ਮੌਤ।

੧੭੬੪ ਜਨਵਰੀ- ਮਿਸਲਦਾਰ ਸਰਦਾਰਾਂ ਦਾ ਚਮਕੌਰ ਸਾਹਿਬ ਇਕੱਠ।

-- ਜਨਵਰੀ ੩੧- ਖਾਲਸੇ ਦਾ ਸਰਹਿੰਦ ਵੱਲ ਕੂਚ।

-- ਜਨਵਰੀ ੧੪- ਜੈਨ ਖ਼ਾਨ ਦਾ ਸਰਹਿੰਦ ਪਹੁੰਚਣ ਦਾ ਯਤਨ, ਜੈਨ ਖ਼ਾਨ ਦਾ ਮਾਰਿਆ ਜਾਣਾ ਅਤੇ ਦੁਰਾਨੀ ਹਕੂਮਤ ਦਾ ਖਾਤਮਾ। ਖਾਲਸੇ ਦਾ ਸਰਹੰਦ ਤੇ ਕਬਜਾ।

-- ਫਰਵਰੀ- ਤਰੁਣਾ ਦਲ ਦਾ ਜਲੰਧਰ ਦੁਆਬ 'ਤੇ ਕਬਜ਼ਾ।

-- ਫਰਵਰੀ- ਭਰਤਪੁਰੀਏ ਜਵਾਹਰ ਸਿੰਘ ਦੇ ਵਕੀਲਾਂ ਦਾ ਜਥਾ ਜੱਸਾ ਸਿੰਘ ਪਾਸ ਮਦਦ ਲਈ ਆਉਣਾ।

-- ਫਰਵਰੀ- (ਤੀਸਰਾ ਹਫਤਾ) ਸ. ਜੱਸਾ ਸਿੰਘ ਦੀ ਕਮਾਨ ਹੇਠਾ ਗੰਗ ਦੁਆਬ 'ਤੇ ਹੱਲਾ।



SikhBookClub.Com

-- ਫਰਵਰੀ ੨੦- ਸਹਾਰਨਪੁਰ 'ਤੇ ਕਬਜ਼ਾ।

-- ਅਗਸਤ ੨ (੨੨ ਸਾਵਨ ਸੰਮਤ ੧੮੨੧)- ਸ. ਬੁੱਢਾ ਸਿੰਘ ਦਾ ਸਰਹਿੰਦ ਦਾ ਪ੍ਰਬੰਧ ਸਰਹਿੰਦ ਬਾਬਾ ਆਲਾ ਸਿੰਘ ਨੂੰ ਦੇ ਦੇਣਾ।

-- ਅਕਤੂਬਰ- ਅਹਿਮਦਸ਼ਾਹ ਅਤੇ ਮੀਰ ਨਸੀਰ ਖ਼ਾਨ ਦਾ ਸਿੱਖਾਂ ਵਿਰੁੱਧ ਜਹਾਦ।

-- ਨਵੰਬਰ ੧੫-੧੬- ਜਵਾਹਰ ਸਿੰਘ ਦੀ ਨਜੀਬੁੱਦੌਲਾ ਨਾਲ ਟੱਕਰ।

-- ਨਵੰਬਰ ੩੦- ਅਹਿਮਦਸ਼ਾਹ ਦਾ ਸ੍ਰੀ ਅੰਮ੍ਰਿਤਸਰ ਪਹੁੰਚਣਾ।

-- ਦਸੰਬਰ ੧- ਸ. ਗੁਰਬਖਸ਼ ਸਿੰਘ ਦੇ ਜਥੇ ਦੀ ਸ਼ਹੀਦੀ।

-- ਦਸੰਬਰ ਦਾ ਆਖਰ ਜਾਂ ਜਨਵਰੀ ੧੭੬੫- ਸ. ਜੱਸਾ ਸਿੰਘ ਆਹਲੂਵਾਲੀਏ ਦਾ ਦਿੱਲੀ ਪਹੁੰਚਨਾ।

-- ਦਸੰਬਰ ੧੭੬੪-ਫਰਵਰੀ ੧੭੬੫- ਖਾਲਸਾ ਜਵਾਹਰ ਸਿੰਘ ਦੀ ਮਦਦ 'ਤੇ।

੧੭੬੫ ਜਨਵਰੀ-ਫਰਵਰੀ- ਮਰਾਠਿਆਂ ਦਾ ਨਜੀਬੁਦੌਲਾ ਨਾਲ ਸੁਲਾਹ ਕਰਨਾ।

-- ਫਰਵਰੀ ੪- ਸਬਜ਼ੀ ਮੰਡੀ ਵਿਚ ਖਾਲਸਾ ਅਤੇ ਰੁਹੇਲਿਆਂ ਦੀ ਲੜਾਈ ਅਤੇ ਰੁਹੇਲਿਆਂ ਦਾ ਪਿੱਛੇ ਹਟਣਾ।

-- ਮਾਰਚ- ਅਹਿਮਦਸ਼ਾਹ ਅਬਦਾਲੀ ਦਾ ਝਨਾਂ ਕੋਲ ਪੁੱਜਣਾ।

-- ਅਪ੍ਰੈਲ ੧੦- ਖਾਲਸੇ ਦਾ ਸ੍ਰੀ ਅੰਮ੍ਰਿਤਸਰ ਵੈਸਾਖੀ ਵਾਲੇ ਦਿਨ ਲਾਹੌਰ 'ਤੇ ਕਬਜ਼ਾ ਕਰਨ ਦਾ ਗੁਰਮਤਾ ਸੋਧਨਾ।

-- ਅਪ੍ਰੈਲ ੧੬ (ਬਸਾਖ ਵਦੀ ੧੧ ਸੰਮਤ ੧੮੨੨)- ਖਾਲਸੇ ਦਾ ਰਾਤ ਨੂੰ ਲਾਹੌਰ ਸ਼ਹਿਰ ਵਿਚ ਦਾਖ਼ਲ ਹੋ ਜਾਣਾ।

-- ਅਪ੍ਰੈਲ ੧੭- ਲਾਹੌਰ 'ਤੇ ਸਿੰਘਾਂ ਦਾ ਕਬਜ਼ਾ।

-- ਅਗਸਤ ੭- (ਭਾਦੋਂ ਵਦੀ ਛਠ, ਸੰਮਤ ੧੮੨੨)- ਬਾਬਾ ਆਲਾ ਸਿੰਘ ਦਾ ਚਲਾਣਾ ਕਰ ਜਾਣਾ।

-- ਸਤੰਬਰ- ਖਾਲਸਾ ਦਲ ਵੱਲੋਂ ਨਜੀਬੁਦੌਲਾ ਦੀ ਸਹਾਇਤਾ ਦਾ ਫੈਸਲਾ।

-- ਦਸੰਬਰ- ਸ਼ਾਮਲੀ ਦੀ ਮੁਹਿੰਮ ਦਾ ਪਿੱਛੇ ਪਾਉਣਾ ਅਤੇ ਖਾਲਸੇ ਦਾ ਜੈਪੁਰ ਦੀ ਹੱਦ ਵੱਲ ਤੁਰਨਾ।

੧੭੬੬ ਜਨਵਰੀ-ਮਾਰਚ-ਖਾਲਸੇ ਵੱਲੋਂ ਜਵਾਹਰ ਸਿੰਘ ਭਰਤਪੁਰੀਏ ਦੀ ਸਹਾਇਤਾ।

-- ਮਾਰਚ- ਰਾਣਾ ਗੋਹਦ ਦੀ ਸਹਾਇਤਾ।

-- ਮਾਰਚ ੧੩-੧੪- ਸਿੰਘਾਂ ਦਾ ਧੋਲਪੁਰ ਦੇ ਕਿਲ੍ਹੇ 'ਤੇ ਕਬਜ਼ਾ ਅਤੇ ਸੁਲਤਾਨ ਜੀ ਲੰਬਾਟੇ ਸਮੇਤ ਸਾਰੇ ਮਰਾਠੇ ਜਰਨੈਲਾਂ ਦਾ ਪਕੜਿਆ ਜਾਣਾ।

-- ਅਪ੍ਰੈਲ ੧੦- ਸ੍ਰੀ ਅੰਮ੍ਰਿਤਸਰ ਵੈਸਾਖੀ ਮਨਾਉਣਾ।

-- ਨਵੰਬਰ- ਅਹਿਮਦਸ਼ਾਹ ਦਾ ਸਿੰਧ ਦਰਿਆ ਪਾਰ ਕਰਨਾ।

-- ਦਸੰਬਰ ੪- ਅਹਿਮਦਸ਼ਾਹ ਦਾ ਗੁਜਰਾਤ ਪਹੁੰਚਣਾ।

-- ਦਸੰਬਰ ੧੦- ਅਬਦਾਲੀ ਦਾ ਗੁਜਰਾਤ ਤੋਂ ਚੱਲਣਾ।



SikhBookClub.Com

| | | |
|---|---|---|
| -- | ਦਸੰਬਰ ੨੯- ਅਹਿਮਦਸ਼ਾਹ ਦਾ ਲਾਹੌਰ ਤੋਂ ਚੱਲਣਾ। |
| ੧੭੬੭ | ਜਨਵਰੀ ੧- ਦੁਰਾਨੀ ਦਾ ਵੈਰੋਵਾਲ ਦੇ ਪਤਨ ਵੱਲ ਤਰ ਜਾਣਾ। |
| -- | ਜਨਵਰੀ ੧੫- ਅਹਿਮਦਸ਼ਾਹ ਦਾ ਮਿਸਲਦਾਰ ਸਰਦਾਰਾਂ ਨੂੰ ਸੁਲਾਹ ਲਈ ਸੱਦਾ। |
| -- | ਜਨਵਰੀ ੧੭- ਜਹਾਨ ਖ਼ਾਨ ਦਾ ਅਗਾਊਂ ਫੌਜ ਨਾਲ ਆਉਣਾ, ਪਿੰਡਾਂ ਨੂੰ ਲੁੱਟਣਾ। |
| -- | ਮਾਰਚ- ਸਿੰਘਾਂ ਦਾ ਮੁੜ ਲਾਹੌਰ 'ਤੇ ਕਬਜ਼ਾ। |
| -- | ਮਾਰਚ ੧੭- ਅਹਿਮਦਸ਼ਾਹ ਦੀ ਇਸਮਾਈਲਾਬਾਦ ਤੋਂ ਵਾਪਸੀ। |
| -- | ਮਾਰਚ ੧੮- ਅਹਿਮਦਸ਼ਾਹ ਦਾ ਮੁੜ ਸਰਹਿੰਦ ਪਹੁੰਚਣਾ। |
| -- | ਮਾਰਚ ੨੩- ਅਹਿਮਦਸ਼ਾਹ ਦਾ ਮਾਛੀਵਾੜੇ ਪਹੁੰਚਣਾ। |
| -- | ਅਪਰੈਲ ੧੦- ਸ੍ਰੀ ਅੰਮ੍ਰਿਤਸਰ ਵੈਸਾਖੀ ਦੇ ਮੇਲੇ 'ਤੇ ਖਾਲਸੇ ਦੇ ਇਕੱਠ ਦੀ ਖ਼ਬਰ। |
| -- | ਮਈ-ਜੂਨ- ਅਹਿਮਦਸ਼ਾਹ ਦੀ ਵਾਪਸੀ। |
| -- | ਮਈ ੧੧- ਨਜੀਬੁਦੌਲਾ ਦੀ ਅਹਿਮਦਸ਼ਾਹ ਤੋਂ ਛੁੱਟੀ ਲੈ ਕੇ ਘਰ ਵਾਪਸ ਮੁੜਨਾ। |
| -- | ਮਈ ੧੯- ਸਿੰਘਾਂ ਦਾ ਚੜ੍ਹਦਿਓਂ ਜਮੁਨਾ ਪਾਰ ਕਰ ਕੇ ਪੰਜਾਬ ਵੱਲ ਹਟ ਪੈਣਾ। |
| -- | ਅਕਤੂਬਰ ੨੨- ਖਾਲਸਾ ਜੀ ਦਾ ਪਾਣੀਪਤ ਦੇ ਮੈਦਾਨ ਵਿਚ ਉਤਰਨਾ। |
| -- | ਨਵੰਬਰ- ਸ਼ਾਹ ਆਲਮ ਨੂੰ ਦਿੱਲੀ ਬੁਲਾਉਣ ਦੀ ਸਲਾਹ। |
| -- | ਦਸੰਬਰ ੧੪- ਮਾਧੋ ਸਿੰਘ ਜੈਪੁਰੀਏ ਦਾ ਮਾਊਂਡ 'ਤੇ ਹਮਲਾ। |
| ੧੭੬੮ | ਜਨਵਰੀ- ਸ. ਜੱਸਾ ਸਿੰਘ ਦਾ ਸ਼ਾਹ ਆਲਮ ਨੂੰ ਵਾਪਸ ਆਉਣ ਲਈ ਚਿੱਠੀ ਲਿਖਣਾ। |
| -- | ਫਰਵਰੀ- ਮਾਧੋ ਸਿੰਘ ਦਾ ਜੱਟਾਂ ਦੇ ਇਲਾਕੇ 'ਤੇ ਫਿਰ ਧਾਵਾ। |
| -- | ਮਾਰਚ, ਨਜੀਬੁਦੌਲਾ ਦੀ ਜਾਬਿਤਾ ਖ਼ਾਨ ਨੂੰ ਪਗੜੀ ਦੇਣਾ। |
| ੧੭੬੯ | ਈਸਵੀ (ਸੰਮਤ ੧੮੨੬)- ਕੰਵਰ ਹਿੰਮਤ ਸਿੰਘ ਦਾ ਪਟਿਆਲੇ ਉੱਤੇ ਕਬਜ਼ਾ, ਅਹਿਮਦਸ਼ਾਹ ਦਾ ਮੁਸ਼ਕਲ ਨਾਲ ਗੁਜਰਾਤ ਤਕ ਆ ਸਕਣਾ। |
| ੧੭੭੦ | ਅਕਤੂਬਰ ੩੧- ਨਜੀਬੁੱਦੌਲਾ ਦਾ ਚਲਾਣਾ। |
| -- | ਨਵੰਬਰ- ਸ਼ਾਹ ਆਲਮ ਦੀ ਮਰਾਠਿਆਂ ਨਾਲ ਗੰਢ-ਤੁਪ। |
| ੧੭੭੧ | ਮਾਰਚ- ਸ਼ਾਹ ਆਲਮ ਦੀ ਮਰਾਠਿਆਂ ਨਾਲ ਗੱਲ-ਬਾਤ ਸਿਰੇ ਚੜ੍ਹਣਾ। |
| -- | ਅਪ੍ਰੈਲ ੧੩- ਸ਼ਾਹ ਆਲਮ ਦਾ ਅਲਾਹਾਬਾਦ 'ਤੇ ਚਲਣਾ। |
| ੧੭੭੨ | ਜਨਵਰੀ ੬- ਸ਼ਾਹ ਆਲਮ ਦਾ ਦਿੱਲੀ ਪਹੁੰਚਣਾ। |
| -- | ਅਕਤੂਬਰ ੨੩- ਅਹਿਮਦਸ਼ਾਹ ਅਬਦਾਲੀ ਦੀ ਮੌਤ। |



SikhBookClub.Com

੧੭੭੩ ਮਈ- ਅਬਦੁਲ-ਅਹਦ ਖ਼ਾਨ ਦਾ ਜਾਬਿਤਾ ਖ਼ਾਨ ਨਾਲ ਗੰਢ-ਤੁਪ ਕਰ ਕੇ ਮਿਰਜ਼ਾ ਨਜਫ਼ ਖ਼ਾਨ ਦੇ ਵਿਰੁੱਧ ਵਰਤਣ ਦਾ ਜਤਨ।

-- ਜੂਨ- ਮਿਰਜ਼ਾ ਨਜਫ ਦਾ ਬਖਸ਼ੀ-ਉਲ-ਮੁਮਾਲਿਕ ਨਿਯੁਕਤ ਹੋਣਾ।

੧੭੭੪ ਈਸਵੀ (ਸੰਮਤ ੧੮੩੧)- ਕੰਵਰ ਹਿੰਮਤ ਸਿੰਘ ਦਾ ਦੇਹਾਂਤ।

੧੭੭੫ ਈਸਵੀ- ਅਬਦੁਲ ਅਹਿਦ ਖ਼ਾਨ ਦਾ ਰਹੀਮਦਾਦ ਰੁਹੇਲੇ ਨੂੰ ਹਾਂਸੀ ਹਿਸਾਰ ਦਾ ਇਲਾਕਾ ਮਾਲਵੇ ਦੇ ਸਰਦਾਰਾਂ ਤੋਂ ਛੁਡਾਉਣ ਲਈ ਭੇਜਣਾ।

-- ਦਸੰਬਰ ੩੦- ਰਹੀਮ ਦਾਦ ਰੁਹੇਲੇ ਦੀ ਮੌਤ।

੧੭੭੬ ਮਾਰਚ ੪- ਖਾਲਸੇ ਦਾ ਜ਼ਾਬਿਤਾ ਖ਼ਾਨ ਨਾਲ ਮਿਲ ਕੇ ਕਾਸਿਮ ਖ਼ਾਨ ਨਾਲ ਟੱਕਰ- ਮਿਰਜ਼ਾ ਨਜਫ਼ ਦੇ ਭਰਾ ਅਬਦੁਲ ਕਾਸਿਮ ਦੀ ਮੌਤ।

੧੭੭੭ ਈਸਵੀ ਅਬਦੁਲ-ਅਹਦ ਖ਼ਾਨ ਦਾ ਜਾਬਿਤਾ ਖ਼ਾਨ ਦੇ ਵਿਰੁੱਧ ਫੌਜ ਭੇਜਣਾ।

-- ਜੂਨ ੮, ੧੧, ੧੩ ਅਤੇ ੨੩- ਜਾਬਿਤਾ ਖ਼ਾਨ ਵਿਰੁੱਧ ਹੋਈਆਂ ਲੜਾਈਆਂ ਦਾ ਭਾਰ ਖਾਲਸੇ ਸਿਰ।

-- ਸਤੰਬਰ ੧੪- ਮੁਗ਼ਲ ਫੌਜ ਦੇ ਟਾਕਰੇ ਤੇ ਜਾਬਿਤਾ ਖ਼ਾਨ ਦੀ ਜਲਾਲਾਬਾਦ ਪਾਸ ਹਾਰ।

੧੭੭੮ ਈਸਵੀ ਅਪ੍ਰੈਲ- ਜਾਬਿਤਾ ਖ਼ਾਨ ਦਾ ਆਪਣਾ ਇਲਾਕਾ ਲੈਣ ਦਾ ਨਿਸਫਲ ਜਤਨ।

-- ਸਤੰਬਰ- ਖਾਲਸੇ ਦਾ ਦਿੱਲੀ ਦੇ ਉੱਤਰ ਵੱਲ ਉਤਾਰਾ।

-- ਸਤੰਬਰ ੨੩- ਅਬਦੁਲ ਅਹਿਦ ਖ਼ਾਨ ਨੇ ਆਪਣੇ ਨਾਇਬ ਬਹਿਰਾਮ-ਕੁਲੀ ਖ਼ਾਨ ਨੂੰ ਸਿੱਖ ਸਰਦਾਰਾਂ ਨੂੰ ਮਿਲਣ ਲਈ ਘੱਲਣਾ।

-- ਸਤੰਬਰ ੨੮- ਨਜੀਬੁਦੌਲਾ ਦੇ ਛੋਟੇ ਪੁੱਤਰ ਮੱਲੂ ਖ਼ਾਨ ਨੂੰ ਨਜੀਬੱਦੌਲਾ ਦੂਸਰੇ ਦਾ ਖਿਤਾਬ ਮਿਲਣਾ।

-- ਸਤੰਬਰ ੨੯- ਅਬਦੁਲ-ਅਹਦ ਖ਼ਾਨ ਦਾ ਸਿੰਘਾਂ ਨੂੰ ਖੁਦ ਯਾਕੂਬ ਅਲੀ ਖ਼ਾਨ ਦੇ ਬਾਗ ਵਿਚ ਮਿਲਣਾ।

-- ਅਕਤੂਬਰ ੧ (ਅੱਸੂ ਸੁਦੀ ੧੦)- ਗੁਰੂ ਕੇ ਬੰਗਲਾ ਸਾਹਿਬ ਉੱਤੇ ਬਣੀ ਹੋਈ ਮਸੀਤ ਦਾ ਢਾਹੁਣਾ।

੧੭੭੯ ਅਪ੍ਰੈਲ- ਅਬਦੁਲ-ਅਹਦ ਦੀ ਬੇ-ਬਸੀ।

-- ਜੂਨ ੩- ਅਬਦੁਲ-ਅਹਦ ਖ਼ਾਨ ਦੀ ਸ਼ਹਜ਼ਾਦਾ ਫ਼ਰਖ਼ੰਦ ਬਖ਼ਤ ਨੂੰ ਨਾਲ ਲੈ ਕੇ ਮਾਲਵੇ ਦੇ ਸਿੱਖ ਸਰਦਾਰਾਂ ਵਿਰੁੱਧ ਚੜ੍ਹਾਈ।

-- ਸਤੰਬਰ ੧੨- ਸ. ਦੇਸੂ ਸਿੰਘ ਅਤੇ ਹੋਰ ਸਰਦਾਰਾਂ ਦਾ ਕੈਦ ਕੀਤਾ ਜਾਣਾ।

-- ਸਤੰਬਰ ੧੩- ਮਹਾਰਾਜਾ ਅਮਰ ਸਿੰਘ ਵੱਲੋਂ ਅਬਦੁਲ-ਅਹਦ ਖ਼ਾਨ ਨੂੰ ਪੰਜ ਲੱਖ ਰੁਪਏ ਦੀ ਪੇਸ਼ਕਸ਼।

-- ਸਤੰਬਰ ੨੩- ਸ਼ਾਹੀ ਫੌਜਾਂ ਦਾ ਸਰਸਵਤੀ ਪਾਰ ਕਰਨਾ।



SikhBookClub.Com

-- ਅਕਤੂਬਰ ੫- ਮਿਸਲਦਾਰ ਸਰਦਾਰਾਂ ਦਾ ਡੈਪੂਟੇਸ਼ਨ ਮਹਾਰਾਜਾ ਅਮਰ ਸਿੰਘ ਨੂੰ ਮਿਲਣਾ।

-- ਅਕਤੂਬਰ ੬- ਮਹਾਰਾਜੇ ਅਮਰ ਸਿੰਘ ਦਾ ਸ਼ਹਜਾਦੇ ਫਰਖੰਦਾ ਬਖਤ ਅਤੇ ਵਜ਼ੀਰ ਅਬਦੁਲ-ਅਹਦ ਖ਼ਾਨ ਨੂੰ ਮਿਲਣ ਲਈ ਤਿਆਰ ਹੋ ਪੈਣਾ।

-- ਅਕਤੂਬਰ ੭- ਇਕ ਮਾਮੂਲੀ ਜਿਹੀ ਲੜਾਈ।

-- ਅਕਤੂਬਰ ੧੪- ਸ਼ਾਹਜ਼ਾਦਾ ਫਰਖੰਦਾ ਬਖਤ ਅਤੇ ਵਜ਼ੀਰ ਅਬਦੁਲ-ਅਹਦ ਖ਼ਾਨ ਦਾ ਪਟਿਆਲੇ ਤੇ ਦਿੱਲੀ ਨੂੰ ਵਾਪਸ ਮੁੜਨਾ।

-- ਨਵੰਬਰ ੫- ਸ਼ਾਹਜਾਦੇ ਅਤੇ ਵਜ਼ੀਰ ਦਾ ਦਿੱਲੀ ਵਾਪਸ ਪਹੁੰਚਣਾ।

੧੭੮੦ (ਸੰਮਤ ੧੮੩੭)- ਰਾਇ ਇਬਰਾਹੀਮ ਦੇ ਇਲਾਕੇ 'ਤੇ ਦੁਬਾਰਾ ਕਬਜ਼ੇ ਦਾ ਵਿਚਾਰ।

੧੭੮੨ ਫਰਵਰੀ ੫- ਮਹਾਰਾਜਾ ਅਮਰ ਸਿੰਘ ਦਾ ਦੇਹਾਂਤ। (ਚੜ੍ਹਦਾ ਸੰਮਤ ੧੫੩੯) ਮਹਾਰਾਜਾ ਸਾਹਿਬ ਸਿੰਘ ਪਟਿਆਲੇ ਵਾਲੇ ਨੂੰ ਤਰਨ ਤਾਰਨ ਅੰਮ੍ਰਿਤ ਛਕਾਉਣਾ।

੧੭੮੩ ਅਕਤੂਬਰ- ਅਰੰਭ (ਕੱਤਕ ਸੰਮਤ ੧੮੪੦)- ਸਰਦਾਰ ਜੱਸਾ ਸਿੰਘ ਦਾ ਬੁੰਡਾਲੇ ਡੇਰਾ।

-- ਅਕਤੂਬਰ ੨੦ (੭ ਕੱਤਕ ਸੰਮਤ ੧੮੪੦)- ਸਰਦਾਰ ਜੱਸਾ ਸਿੰਘ ਦਾ ਦੇਹਾਂਤ।

(ਧੰਨਵਾਦ ਸਹਿਤ ਡਾ. ਗੰਡਾ ਸਿੰਘ ਦੀ ਪੁਸਤਕ
ਸ. ਜੱਸਾ ਸਿੰਘ ਆਹਲੂਵਾਲੀਆ ਤੋਂ ਉਦ੍ਰਿਤ)



SikhBookClub.Com

ISBN 819406522-4
9 788194 065227

₹200/-

SikhBookClub.Com